ਐਮ ਐਮ ਰਾਇਟੀਂਗਜ਼

ਸਾਡਾ ਪੰਜਾਬ®

(ਪੰਜਾਬ ਦੀ ਆਮ ਜਾਣਕਾਰੀ ਬਾਰੇ ਇਕ ਵਿਆਪਕ ਪੁਸਤਕ)

ਪਹਿਲਾ ਸੰਸਕਰਨ - 2020

ਮੁੱਖਬੰਧ:

ਗਿਰੀਸ਼ ਦਿਆਲਨ, ਆਈ.ਏ.ਐਸ

ਮੁਨੀਸ਼ ਸਿੰਦਲ

ਅਨੁਵਾਦਕ: ਗਗਨਜੋਤ ਕੌਰ

Scanned by CamScanner

ਸਾਰਣੀ ਲੜੀ

1.1	ਪੰਜਾਬ ਬਾਰੇ ਆਮ ਜਾਣਕਾਰੀ	1
1.2	ਭੂਗੋਲਿਕ ਬਣਤਰ	2
1.3	ਪ੍ਰਬੰਧਕੀ ਇਕਾਈਆਂ	2
1.4	ਜਨਗਣਨਾ 2011	3
1.5	ਜਿਲ੍ਹੇ ਵਾਰ ਅੰਕੜੇ	4
1.6	ਰਾਜ ਦੀ ਆਮਦਨ	5
1.7	ਖੇਤੀਬਾੜੀ	5
1.8	ਮੈਡੀਕਲ ਅਤੇ ਸਿਹਤ	5
1.9	ਬੈਂਕਾਂ	6
1.10	ਪਸ਼ੂ ਪਾਲਣ	6
1.11	ਉਦਯੋਗ	6
1.12	ਫੁਟਕਲ	6
1.13	ਪੰਜਾਬ ਵਿੱਚ ਸਟੇਟ ਯੂਨੀਵਰਸਿਟੀਆਂ	6
1.14	ਪੰਜਾਬ ਵਿੱਚ ਕੇਂਦਰੀ ਯੂਨੀਵਰਸਿਟੀ	7
1.15	ਪੰਜਾਬ ਵਿੱਚ ਡੀਮਡ ਯੂਨੀਵਰਸਿਟੀਆਂ	7
1.16	ਪੰਜਾਬ ਵਿੱਚ ਨਿਜੀ ਯੂਨੀਵਰਸਿਟੀਆਂ	7
1.17	ਪੰਜਾਬ ਵਿੱਚ ਰਾਸ਼ਟਰੀ ਮਹੱਤਤਾ ਵਾਲੇ ਇੰਸਟੀਚਿਊਟ	7
1.18	ਪੰਜਾਬ ਦੇ ਰਾਜਪਾਲ	8
1.19	ਪੰਜਾਬ ਦੇ ਮੁੱਖ ਮੰਤਰੀ	9
1.20	ਲੋਕਸਭਾ ਮੈਂਬਰ	10
1.21	ਰਾਜਸਭਾ ਮੈਂਬਰ	10
1.22	ਪੰਜਾਬ ਕੈਬਨਿਟ (ਮੰਤਰੀਆਂ ਦੀ ਕੌਂਸਲ)	11
2.1	ਜਿਲ੍ਹਿਆਂ ਦੀ ਖੇਤਰੀ ਵੰਡ	15
2.2	ਦਰਿਆਵਾਂ ਦੇ ਪ੍ਰਾਚੀਨ ਨਾਮ	16
2.3	ਦਰਿਆ ਅਤੇ ਸੀਮਾਵਰਤੀ ਜ਼ਿਲ੍ਹੇ	18
2.4	ਮਿੱਟੀ ਅਤੇ ਸਬੰਧਿਤ ਖੇਤਰ	28
4.1	ਗੁਰੂ ਨਾਨਕ ਦੇਵ ਜੀ	47
4.2	ਗੁਰੂ ਅੰਗਦ ਦੇਵ ਜੀ	48
4.3	ਗੁਰੂ ਅਮਰ ਦਾਸ ਜੀ	51

Scanned by CamScanner

4.4	ਗੁਰੂ ਰਾਮ ਦਾਸ ਜੀ	53
4.5	ਗੁਰੂ ਅਰਜਨ ਦੇਵ ਜੀ	55
4.6	ਗੁਰੂ ਹਰਗੋਬਿੰਦ ਜੀ	57
4.7	ਗੁਰੂ ਹਰਿ ਰਾਏ ਜੀ	58
4.8	ਗੁਰੂ ਹਰਕ੍ਰਿਸ਼ਨ ਜੀ	59
4.9	ਗੁਰੂ ਤੇਗ ਬਹਾਦੁਰ ਜੀ	61
4.10	ਪੰਜ ਪਿਆਰੇ	63
4.11	ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲੜੇ ਯੁੱਧ	65
4.12	ਗੁਰੂ ਗੋਬਿੰਦ ਸਿੰਘ ਜੀ	67
4.13	ਪੰਜ ਤਖ਼ਤ	71
4.14	ਸਿੱਖ ਮਿਸਲਾਂ ਅਤੇ ਉਹਨਾਂ ਦੇ ਸੰਸਥਾਪਕ	76
4.15	ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ	78
4.16	ਮਹਾਰਾਜਾ ਰਣਜੀਤ ਸਿੰਘ	80
4.17	ਪਹਿਲਾ ਐਂਗਲੋ - ਸਿੱਖ ਯੁੱਧ ਦੌਰਾਨ ਲੜੀਆਂ ਲੜਾਈਆਂ (1845-46)	84
4.18	ਦੂਜੇ ਐਂਗਲੋ ਸਿੱਖ ਯੁੱਧ ਦੌਰਾਨ ਲੜੀਆ ਲੜਾਈਆਂ (1848-49)	85
7.1	ਚੰਡੀਗੜ੍ਹ ਦੇ ਚੀਫ ਕਮਿਸ਼ਨਰ	112
7.2	ਚੰਡੀਗੜ੍ਹ ਦਾ ਪ੍ਰਸ਼ਾਸਕ	112
7.3	ਚੰਡੀਗੜ੍ਹ ਬਾਰੇ ਆਮ ਜਾਣਕਾਰੀ	113
9.1	ਡਿਵੀਜ਼ਨਾਂ ਅਤੇ ਸਬੰਧਿਤ ਜਿਲ੍ਹੇ	117
9.2	ਜ਼ਿਲਾ ਫਰੀਦਕੋਟ	119
9.3	ਜ਼ਿਲ੍ਹਾ ਬਠਿੰਡਾ	121
9.4	ਜ਼ਿਲ੍ਹਾ ਮਾਨਸਾ	122
9.5	ਜ਼ਿਲ੍ਹਾ ਫਿਰੋਜ਼ਪੁਰ	124
9.6	ਜ਼ਿਲ੍ਹਾ ਫ਼ਾਜ਼ਿਲਕਾ	125
9.7	ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ	126
9.8	ਜ਼ਿਲ੍ਹਾ ਮੋਗਾ	127
9.9	ਜ਼ਿਲ੍ਹਾ ਪਟਿਆਲਾ	129
9.10	ਜ਼ਿਲ੍ਹਾ ਸੰਗਰੂਰ	131
9.11	ਜ਼ਿਲ੍ਹਾ ਬਰਨਾਲਾ	132
9.12	ਜ਼ਿਲ੍ਹਾ ਫਤਿਹਗੜ੍ਹ ਸਾਹਿਬ	134
9.13	ਜ਼ਿਲ੍ਹਾ ਲੁਧਿਆਣਾ	135

Scanned by CamScanner

ਜ਼ਿਲ੍ਹਾ ਜਲੰਧਰ	137
ਜ਼ਿਲ੍ਹਾ ਹੁਸ਼ਿਆਰਪੁਰ	138
ਜ਼ਿਲ੍ਹਾ ਗੁਰਦਾਸਪੁਰ	140
ਜ਼ਿਲ੍ਹਾ ਪਠਾਨਕੋਟ	140
ਜ਼ਿਲ੍ਹਾ ਕਪੂਰਥਲਾ	142
ਜ਼ਿਲ੍ਹਾ ਅੰਮ੍ਰਿਤਸਰ	145
ਜ਼ਿਲ੍ਹਾ ਤਰਨ ਤਾਰਨ	146
ਜ਼ਿਲ੍ਹਾ ਰੂਪਨਗਰ	150
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ	151
ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ	152
ਗਣਨਾ ਦਾ ਇਤਿਹਾਸ	153
ਚੋਣਵੇਂ ਦੇਸ਼ ਦੀ ਜਨਸੰਖਿਆ	154
ਗਣਨਾ ਵਿੱਚ ਦਸ਼ਕ ਵਾਧਾ	155
ਭਾਰਤੀ ਅੰਕੜੇ	155
ਭਾਰਤ ਦੇ ਅਧਿਕਤਮ / ਨਿਊਨਤਮ ਰਾਜ ਅਤੇ ਕੇਂਦਰੀ ਸ਼ਾਸ਼ਤ ਪ੍ਰਦੇਸ਼	156
ਪੰਜਾਬ ਦੇ ਅੰਕੜੇ	158
ਜ਼ਿਲ੍ਹੇ ਵਾਰ ਅੰਕੜੇ	159
ਕੁੱਲ ਰਾਜ ਮੁੱਲ ਵਾਧਾ ਵਿੱਚ ਖੇਤਰੀ ਹਿੱਸਾ (ਸਥਿਰ ਕੀਮਤਾਂ 'ਤੇ)	161
ਪੰਜਾਬ ਵਿੱਚ ਪ੍ਰਸਿੱਧ ਉਦਯੋਗਿਕ ਯੂਨਿਟ	190
ਪੰਜਾਬ ਵਿਚ ਜ਼ਿਲ੍ਹਾ ਅਨੁਸਾਰ ਸਾਖ਼ਰਤਾ ਦਰ	198
ਗਰੀਬੀ ਦਰਜਾਬੰਦੀ	211
ਬੇਰੁਜਗਾਰੀ ਦਰ: ਪੰਜਾਬ ਬਨਾਮ ਭਾਰਤ (2011-12)	214
ਪ੍ਰਸਿੱਧ ਲੇਖਕ ਅਤੇ ਉਹਨਾਂ ਦੀਆਂ ਮੁੱਖ ਰਚਨਾਵਾਂ	251
ਅਖਬਾਰ ਅਤੇ ਉਹਨਾਂ ਦੇ ਮੁੱਖ ਸੰਪਾਦਕ	253
ਖੋਜ਼ ਪੱਤਰ ਅਤੇ ਪ੍ਰਕਾਸ਼ਿਤ ਕਰਨ ਵਾਲੀਆਂ ਯੂਨੀਵਰਸਟੀਆਂ	253
ਪੰਜਾਬੀ ਭਾਸ਼ਾ ਵਿੱਚ ਸਾਹਿਤ ਅਕਾਦਮੀ ਪੁਰਸਕਾਰ ਜੇਤੂ	254
ਪੰਜਾਬ ਦੇ ਮੇਲੇ ਅਤੇ ਤਿਉਹਾਰ	263
ਮਰਦਾਂ ਦੇ ਗਹਿਣੇ	274
ਔਰਤਾਂ ਦੇ ਗਹਿਣੇ	274
ਪੰਜਾਬ ਦੇ ਪ੍ਰਸਿੱਧ ਗੁਰਦੁਆਰੇ	278

Scanned by CamScanner

ਪਾਠ 1

ਰਾਜ ਦੀ ਰੂਪ ਰੇਖਾ

ਸਾਰਣੀ 1.1

ਆਮ ਜਾਣਕਾਰੀ

ਉਤਪਤੀ	1 ਨਵੰਬਰ, 1966
ਰਾਜਧਾਨੀ	ਚੰਡੀਗੜ੍ਹ
ਸੀਮਾਵਾਂ	ਅੰਤਰ ਰਾਸ਼ਟਰੀ – ਪਾਕਿਸਤਾਨ, ਰਾਸ਼ਟਰੀ – ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ
ਰਾਜਪਸ਼ੂ	ਕਾਲਾ ਹਿਰਨ
ਰਾਜ ਪੰਛੀ	ਬਾਜ਼
ਰਾਜ ਦਰਖ਼ਤ	ਬੋਹੜ
ਰਾਜ ਭਾਸ਼ਾ	ਪੰਜਾਬੀ
ਰਾਜ ਜਲ ਜੀਵ	ਇੰਡਸ ਰਿਵਰ ਡੋਲਫਿਨ
ਸੈਕਟਰੀਏਟ	ਚੰਡੀਗੜ੍ਹ
ਉੱਚ-ਅਦਾਲਤ	ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ
ਪੰਜਾਬ ਦਾ ਪਹਿਲਾ ਰਾਜਪਾਲ	ਚੰਦੂ ਲਾਲ ਮਾਧਵ ਲਾਲ ਤ੍ਰਿਵੇਦੀ
ਪੈਪਸੂ (PEPSU) ਦਾ ਪਹਿਲਾ ਰਾਜਪ੍ਰਮੁੱਖ	ਪਟਿਆਲਾ ਦਾ ਮਹਾਰਾਜਾ ਯਾਦਵਿੰਦਰ ਸਿੰਘ
ਪੰਜਾਬ ਦਾ ਪਹਿਲਾ ਮੁੱਖ-ਮੰਤਰੀ	ਡਾ. ਗੋਪੀ ਚੰਦ ਭਾਰਗਵ
ਪੈਪਸੂ (PEPSU) ਦਾ ਪਹਿਲਾ ਮੁੱਖ-ਮੰਤਰੀ	ਗਿਆਨ ਸਿੰਘ ਰਾਰੇਵਾਲਾ
ਪਹਿਲਾ ਮੁੱਖ ਜੱਜ (ਉੱਚ ਅਦਾਲਤ)	ਜਸਟਿਸ ਰਾਮ ਲਾਲ
ਪਹਿਲਾ ਸਪੀਕਰ (ਵਿਧਾਨ ਸਭਾ)	ਕਪੂਰ ਸਿੰਘ
ਪੰਜਾਬ ਦਾ ਪਹਿਲਾ ਲੋਕਪਾਲ	ਜਸਟਿਸ (ਰਿਟਾ) ਐਸ ਐਸ ਸੋਢੀ
ਸਿੱਖ ਗੁਰਦੁਆਰਾ ਪਰਬੰਧਕ ਕਮੇਟੀ (S.G.P.C) ਦਾ ਪਹਿਲਾ ਪ੍ਰਧਾਨ	• ਸੁੰਦਰ ਸਿੰਘ ਮਜੀਠਿਆ (ਦਸੰਬਰ, 1920) • ਬਾਬਾ ਖ਼ੜਕ ਸਿੰਘ (ਸਿੱਖ ਗੁਰਦੁਆਰਾ ਐਕਟ, 1925 ਲਾਗੂ ਹੋਣ ਤੋਂ ਬਾਅਦ)
ਵਰਤਮਾਨ ਮੁੱਖ ਮੰਤਰੀ	ਕੈਪਟਨ ਅਮਰਿੰਦਰ ਸਿੰਘ
ਵਰਤਮਾਨ ਰਾਜਪਾਲ	ਵੀ.ਪੀ ਸਿੰਘ ਬਦਨੋਰ

Scanned by CamScanner

ਵਰਤਮਾਨ ਸਪੀਕਰ (ਵਿਧਾਨ ਸਭਾ)	ਰਾਣਾ ਕੇ.ਪੀ. ਸਿੰਘ
ਵਰਤਮਾਨ ਉਪ ਸਪੀਕਰ (ਵਿਧਾਨ ਸਭਾ)	ਅਜੈਬ ਸਿੰਘ ਭੱਟੀ
S.G.P.C ਦਾ ਵਰਤਮਾਨ ਪ੍ਰਧਾਨ	ਭਾਈ ਗੋਬਿੰਦ ਸਿੰਘ ਲੋਂਗੋਵਾਲ
ਲੋਕਪਾਲ ਪੰਜਾਬ	ਖ਼ਾਲੀ

ਸਾਰਣੀ 1.2

ਭੂਗੋਲਿਕ ਬਣਤਰ

ਭੂਗੋਲਿਕ ਖੇਤਰਫ਼ਲ	
ਕੁੱਲ	50,362 ਵਰਗ ਕਿ. ਮੀ.
ਪੇਂਡੂ	48,265 ਵਰਗ ਕਿ. ਮੀ. (96%)
ਸ਼ਹਿਰੀ	2,097 ਵਰਗ ਕਿ. ਮੀ. (4%)
ਅਕਸ਼ਾਸ਼	29°30'ਉੱਤਰ to 32°32' ਉੱਤਰ
ਲੰਬਕਾਰ	73°55' ਪੂਰਬ to 76°50'ਪੂਰਬ
ਜੰਗਲੀ ਖੇਤਰ	2442 ਵਰਗ ਕਿ.ਮੀ. (4.84%)
ਉਚਾਈ	180-300 ਮੀਟਰ
ਔਸਤਨ ਵਰਖਾ	493.0 ਮਿ.ਮੀ.

ਸਾਰਣੀ 1.3

ਪ੍ਰਬੰਧਕੀ ਇਕਾਈਆਂ

ਡਵੀਜ਼ਨਾਂ	5
ਜਿਲੇ	22
2 ਨਵੇਂ ਬਣੇ ਜਿਲੇ	ਪਠਾਨਕੋਟ (ਗੁਰਦਾਸਪੁਰ ਵਿਚੋਂ) ਅਤੇ ਫਾਜ਼ਿਲਕਾ (ਫਿਰੋਜ਼ਪੁਰ ਵਿਚੋਂ)
ਸਬ ਡਵੀਜ਼ਨਾਂ/ਤਹਿਸੀਲਾਂ	91 **ਨਵੀਆਂ ਬਣੀਆਂ ਨੌਂ ਤਹਿਸੀਲਾਂ:** **1. ਦਿੜਬਾ (ਜ਼ਿਲ੍ਹਾ ਸੰਗਰੂਰ)** **2. ਮਜੀਠਾ (ਜ਼ਿਲ੍ਹਾ ਅੰਮ੍ਰਿਤਸਰ)** **3. ਭਿਖੀਵਿੰਡ (ਜ਼ਿਲ੍ਹਾ ਤਰਨਤਾਰਨ)** **4. ਮੋਰਿੰਡਾ (ਜ਼ਿਲ੍ਹਾ ਰੂਪਨਗਰ)** **5. ਦੂਧਾ ਸਾਧਾਂ (ਜ਼ਿਲ੍ਹਾ ਪਟਿਆਲਾ)** **6. ਕਲਾਨੌਰ (ਜ਼ਿਲ੍ਹਾ ਗੁਰਦਾਸਪੁਰ)** **7. ਅਹਿਮਦਗੜ੍ਹ (ਜ਼ਿਲ੍ਹਾ ਸੰਗਰੂਰ)** **8. ਭਵਾਨੀਗੜ੍ਹ (ਜ਼ਿਲ੍ਹਾ ਸੰਗਰੂਰ)** **9. ਦੀਨਾਨਗਰ (ਜ਼ਿਲ੍ਹਾ ਸੰਗਰੂਰ)**
ਰਾਜ ਵਿਧਾਨ ਸਭਾ	ਇੱਕ ਸਦਨੀ

Scanned by CamScanner

ਸਬ ਤਹਿਸੀਲਾਂ	81
ਬਲਾਕ	150
ਕਸਵੇ (ਇੱਕ ਲੱਖ ਤੋਂ ਵੱਧ ਅਬਾਦੀ)	143
ਸ਼ਹਿਰ	74
ਆਬਾਦ ਪਿੰਡ	12581
ਜਿਲਾ ਪਰਿਸ਼ਦਾਂ	22
ਮਿਊਸੀਪਲ ਕਮੇਟੀਆਂ	166
ਨਗਰ ਸੁਧਾਰ ਟਰੱਸਟ	23
ਨਗਰ ਨਿਗਮ	13 (ਅਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ, ਬਠਿੰਡਾ, ਮੋਹਾਲੀ, ਫਗਵਾੜਾ, ਪਠਾਨਕੋਟ, ਮੋਗਾ ਹੁਸ਼ਿਆਰਪੁਰ, ਬਟਾਲਾ, ਕਪੁਰਥਲਾ ਅਤੇ ਅਬੋਹਰ
ਲੋਕ ਸਭਾ ਹਲਕੇ	13
ਰਾਜ ਸਭਾ ਹਲਕੇ	7
ਵਿਧਾਨ ਸਭਾ ਹਲਕੇ	117

ਸਾਰਣੀ 1.4

ਜਨਗਣਨਾ 2011

ਕੁੱਲ ਜਨ ਸੰਖਿਆ	277.43 ਲੱਖ
ਪੁਰਸ਼ ਜਨ ਸੰਖਿਆ	146.39 ਲੱਖ (52.8%)
ਇਸਤਰੀ ਜਨ ਸੰਖਿਆ	131.04 ਲੱਖ (47.2%)
ਪੇਂਡੂ ਜਨ ਸੰਖਿਆ	173.44 ਲੱਖ
ਕੁਲ ਜਨ ਸੰਖਿਆ ਦੀ ਪੇਂਡੂ ਜਨ ਸੰਖਿਆ ਪ੍ਰਤੀਸ਼ਤ	62.52%
ਸ਼ਹਿਰੀ ਜਨ ਸੰਖਿਆ	103.99 ਲੱਖ
ਕੁੱਲ ਜਨ ਸੰਖਿਆ ਦੀ ਸ਼ਹਿਰੀ ਜਨ ਸੰਖਿਆ ਪ੍ਰਤੀਸ਼ਤ	37.48%
ਘਣਤਾ	551 ਪ੍ਰਤੀ ਵਰਗ ਮੀਟਰ
ਲਿੰਗ ਅਨੁਪਾਤ	895
ਬਾਲਕ ਲਿੰਗ ਅਨੁਪਾਤ	846
ਸਾਖ਼ਰ ਅਬਾਦੀ	18707137
ਸਾਖ਼ਰਤਾ ਦਰ	75.8%
ਪੁਰਸ਼ ਸਾਖ਼ਰਤਾ	80.4%
ਇਸਤਰੀ ਸਾਖ਼ਰਤਾ	70.7%
ਅਨੁਸੂਚਿਤ ਜਾਤੀ ਜਨਸੰਖਿਆ	8860179
ਕੁਲ ਆਬਾਦੀ ਨਾਲ ਅਨੁਸੂਚਿਤ ਜਾਤੀਆਂ ਦੀ ਆਬਾਦੀ ਨਾਲ ਪ੍ਰਤੀਸ਼ਤਤਾ	31.94%

Scanned by CamScanner

ਧਰਮ ਅਨੁਸਾਰ ਜਨਸੰਖਿਆ	
ਸਿੱਖ	57.69%
ਹਿੰਦੂ	38.49%
ਮੁਸਲਿਮ	1.93%
ਇਸਾਈ	1.26%
ਜੈਨ	0.16%
ਬੋਧੀ	0.12%
ਹੋਰ ਧਰਮ	0.04%
ਕੋਈ ਵਿਸ਼ੇਸ਼ ਧਰਮ ਨਹੀਂ	0.31%

ਸ੍ਰੋਤ: ਭਾਰਤ ਦੀ ਜਨਗਣਨਾ 2011

ਸਾਰਣੀ 1.5

ਜ਼ਿਲ੍ਹੇ ਵਾਰ ਅੰਕੜੇ

ਸਭ ਤੋਂ ਵੱਧ ਸਾਖਰ ਜ਼ਿਲ੍ਹਾ	ਹੁਸ਼ਿਆਰਪੁਰ (84.6%)
ਸਭ ਤੋਂ ਘੱਟ ਸਾਖਰ ਜ਼ਿਲ੍ਹਾ	ਮਾਨਸਾ (61.8%)
ਸਭ ਤੋਂ ਵੱਧ ਜਨ ਸੰਖਿਆ ਵਾਲਾ ਜ਼ਿਲ੍ਹਾ	ਲੁਧਿਆਣਾ (34.99 ਲੱਖ)
ਸਭ ਤੋਂ ਘੱਟ ਜਨ ਸੰਖਿਆ ਵਾਲਾ ਜ਼ਿਲ੍ਹਾ	ਬਰਨਾਲਾ (5.96 ਲੱਖ)
ਸਭ ਤੋਂ ਵੱਡਾ ਜ਼ਿਲ੍ਹਾ (ਖੇਤਰਫਲ ਪੱਖੋਂ)	ਲੁਧਿਆਣਾ
ਸਭ ਤੋਂ ਛੋਟਾ ਜ਼ਿਲ੍ਹਾ (ਖੇਤਰਫਲ ਪੱਖੋਂ)	ਐਸ.ਏ.ਐਸ. ਨਗਰ (ਮੋਹਾਲੀ)
ਸਭ ਤੋਂ ਵੱਧ ਲਿੰਗ ਅਨੁਪਾਤ	ਹੁਸ਼ਿਆਰਪੁਰ (961 ਪ੍ਰਤੀ 1000 ਪੁਰਸ਼)
ਸਭ ਤੋਂ ਘੱਟ ਲਿੰਗ ਅਨੁਪਾਤ	ਬਠਿੰਡਾ (868 ਪ੍ਰਤੀ 1000 ਪੁਰਸ਼)
ਸਭ ਤੋਂ ਵੱਧ ਬਾਲਕ ਲਿੰਗ ਅਨੁਪਾਤ	ਐਸ.ਬੀ.ਐਸ ਨਗਰ (ਨਵਾਂ ਸ਼ਹਿਰ) (885 ਪ੍ਰਤੀ 1000 ਪੁਰਸ਼)
ਸਭ ਤੋਂ ਘੱਟ ਬਾਲਕ ਲਿੰਗ ਅਨੁਪਾਤ	ਤਰਨ ਤਾਰਨ (820 ਪ੍ਰਤੀ 1000 ਪੁਰਸ਼)
ਸੱਭ ਤੋਂ ਵੱਧ ਵੱਸੋਂ ਘਣਤਾ ਵਾਲਾ ਜ਼ਿਲ੍ਹਾ	ਲੁਧਿਆਣਾ (978 ਵਿਅਕਤੀ/ਵਰਗ ਕਿ.ਮੀ.)
ਸੱਭ ਤੋਂ ਘੱਟ ਵੱਸੋ ਘਣਤਾ ਵਾਲਾ ਜ਼ਿਲ੍ਹਾ	ਮੁਕਤਸਰ ਸਾਹਿਬ (348 ਵਿਅਕਤੀ/ਵਰਗ ਕਿ.ਮੀ.)
ਜਨ ਸੰਖਿਆ ਵਿੱਚ ਵੱਧ ਤੋਂ ਵੱਧ ਦਸ਼ਕ ਵਾਧਾ	ਐਸ.ਏ.ਐਸ. ਨਗਰ (ਮੋਹਾਲੀ)
ਜਨ ਸੰਖਿਆ ਵਿੱਚ ਘੱਟ ਤੋਂ ਘੱਟ ਦਸ਼ਕ ਵਾਧਾ	ਐਸ.ਬੀ.ਐਸ ਨਗਰ (ਨਵਾਂ ਸ਼ਹਿਰ)
ਜਿਆਦਾ ਪੜ੍ਹੇ ਲਿਖੇ (ਪੁਰਸ਼ਾ ਵਿੱਚ)	ਹੁਸ਼ਿਆਰਪੁਰ
ਘੱਟ ਪੜ੍ਹੇ ਲਿਖੇ ਅਧਿਕਤਮ ਪੁਰਸ਼ ਸਾਖਰਤਾ ਵਾਲਾ ਜ਼ਿਲ੍ਹਾ	ਮਾਨਸਾ
ਅਧਿਕਤਮ ਇਸਤਰੀ ਸਾਖਰਤਾ ਵਾਧਾ ਜ਼ਿਲ੍ਹਾ	ਹੁਸ਼ਿਆਰਪੁਰ
ਨਿਊਨਤਮ ਇਸਤਰੀ ਸਾਖਰਤਾ ਵਾਲਾ ਜ਼ਿਲ੍ਹਾ	ਮਾਨਸਾ
ਪੰਜਾਬ ਵਿੱਚ ਇਕੋ ਇੱਕ ਤਹਿਸੀਲ - ਜਿੱਥੇ ਸ਼ਹਿਰੀ ਅਬਾਦੀ ਨਹੀਂ ਹੈ	ਖਡੂਰ ਸਾਹਿਬ

ਸ੍ਰੋਤ: ਭਾਰਤ ਦੀ ਜਨਗਣਨਾ 2011

Scanned by CamScanner

ਸਾਰਣੀ 1.6

ਰਾਜ ਦੀ ਆਮਦਨ

ਵਿਕਾਸ ਦਰ	2016-17 (ਆਰਜੀ): 7.16% 2017-18 (ਤੁਰੰਤ): 6.27% 2018-19 (ਐਡਵਾਂਸ): 5.93%
ਕੁਲ ਰਾਜ ਘਰੇਲੂ ਉਤਪਾਦ (ਪ੍ਰਚਲਤ ਕੀਮਤਾਂ 'ਤੇ)	2016-17 (ਆਰਜੀ): ₹ 429666 ਕਰੋੜ 2017-18 (ਤੁਰੰਤ): ₹ 475554 ਕਰੋੜ 2018-19 (ਐਡਵਾਂਸ): ₹ 518291 ਕਰੋੜ
ਕੁੱਲ ਰਾਜ ਘਰੇਲੂ ਉਤਪਾਦ (ਸਥਿਰ 2011-12 ਕੀਮਤਾਂ 'ਤੇ)	2016-17 (ਆਰਜੀ): ₹ 353697 ਕਰੋੜ 2017-18 (ਤੁਰੰਤ): ₹ 375890 ਕਰੋੜ 2018-19 (ਐਡਵਾਂਸ): ₹ 398170 ਕਰੋੜ
ਪ੍ਰਤੀ ਵਿਅਕਤੀ ਆਮਦਨ (ਪ੍ਰਚਲਤ ਕੀਮਤਾਂ 'ਤੇ)	2016-17 (ਆਰਜੀ): ₹ 105894 2017-18 (ਤੁਰੰਤ): ₹ 111019 2018-19 (ਐਡਵਾਂਸ): ₹ 116315
ਗਰੀਬੀ ਰੇਖਾ ਹੇਠ ਅਬਾਦੀ (ਰੰਗਰਾਜਨ ਮੈਥਲਡੋਲਜੀ)	ਕੁੱਲ 11.3% (2011-12) ਪੇਂਡੂ 7.4% ਸ਼ਹਿਰੀ 17.6%
ਔਸਤਨ ਮਹੀਨਾਵਾਰ ਪ੍ਰਤੀ ਵਿਅਕਤੀ ਖਰਚਾ ਰਾਸ਼ਟਰੀ ਨਮੂਨਾ ਸਰਵੇਖਣ 68ਵੇਂ ਰਾਊਂਡ ਮੁਤਾਬਕ	ਪੇਂਡੂ ₹ 2345 ਅਤੇ ਸ਼ਹਿਰੀ ₹ 2794

ਸ੍ਰੋਤ: ਪੰਜਾਬ ਦਾ ਆਰਥਿਕ ਸਰਵੇਖਣ 2017-18

ਸਾਰਣੀ 1.7

ਖੇਤੀਬਾੜੀ

ਨਿਰੋਲ ਬੀਜਿਆ ਰਕਬਾ	4125000 ਹੈਕਟੇਅਰ
ਕੁੱਲ ਬੀਜਿਆ ਰਕਬਾ	7825000 ਹੈਕਟੇਅਰ
ਫਸਲੀ ਘਣਤਾ	189%

ਸ੍ਰੋਤ: ਪੰਜਾਬ ਦਾ ਆਰਥਿਕ ਸਰਵੇਖਣ 2018-19

ਸਾਰਣੀ 1.8

ਮੈਡੀਕਲ ਅਤੇ ਸਿਹਤ

ਜਨਮ ਸਮੇਂ ਅਨੁਮਾਨਤ (2016-20)	ਪੁਰਸ਼: 70.8 ਸਾਲ ਇਸਤਰੀ: 73.8 ਸਾਲ
ਜਨਮ ਦਰ (01-09-2016)	14.9 ਪ੍ਰਤੀ ਹਜ਼ਾਰ ਸਲਾਨਾ
ਮੌਤ ਦਰ (01-09-2016)	6.0 ਪ੍ਰਤੀ ਹਜ਼ਾਰ ਸਲਾਨਾ
ਸਿਸੂ ਮੌਤ ਦਰ (2015-16)	23 ਪ੍ਰਤੀ ਹਜ਼ਾਰ ਜਨਮ ਸਲਾਨਾ
ਮਾਤਰੀ ਮੌਤ ਦਰ (ਐਸ ਆਰ ਐਸ 2015)	122 ਪ੍ਰਤੀ ਹਜ਼ਾਰ ਜਨਮ ਸਲਾਨਾ
ਬਾਲ ਲਿੰਗ ਅਨੁਪਾਤ	846
ਹਸਪਤਾਲ (2017)	98

Scanned by CamScanner

ਕਮਿਊਨਿਟੀ ਹੈਲਥ ਸੈਂਟਰ (2017)	151
ਡਿਸਪੈਂਨਸਰੀਆਂ (2017)	1409
ਪ੍ਰਾਇਮਰੀ ਹੈਲਥ ਸੈਂਟਰ (2017)	495
ਐਯੁਰਵੈਦਿਕ ਅਤੇ ਯੂਨਾਨੀ ਸੰਸਥਾਵਾਂ (2017)	529
ਹੋਮਿਓਪੈਥਿਕ ਸੰਸਥਾਵਾਂ (2017)	111
ਮੈਡੀਕਲ ਸੰਸਥਾਵਾਂ ਵਿੱਚ ਬੈਡਾਂ ਦੀ ਗਿਣਤੀ (2017)	22892

ਸ੍ਰੋਤ: ਪੰਜਾਬ ਦਾ ਆਰਥਿਕ ਸਰਵੇਖਣ 2018-19

ਸਾਰਣੀ 1.9

ਬੈਂਕਾਂ

ਭਾਰਤੀ ਵਪਾਰਕ ਬੈਂਕ	6715

ਸ੍ਰੋਤ: ਪੰਜਾਬ ਦਾ ਆਰਥਿਕ ਸਰਵੇਖਣ 2018-19

ਸਾਰਣੀ 1.10

ਪਸ਼ੂ ਪਾਲਣ

ਵੈਟਰਨਰੀ ਹਸਪਤਾਲ	1367
ਕੁਲ ਪਸ਼ੂ ਧੰਨ (ਪਸ਼ੂ- ਗਣਨਾ-2012)	8117000

ਸ੍ਰੋਤ: ਪੰਜਾਬ ਦਾ ਆਰਥਿਕ ਸਰਵੇਖਣ 2018-19

ਸਾਰਣੀ 1.11

ਉਦਯੋਗ

ਫੈਕਟਰੀਆਂ ਦੀ ਗਿਣਤੀ	12521
ਨਿਸਚਿਤ ਪੂੰਜੀ	4387855 ਲੱਖ

ਸ੍ਰੋਤ: ਐਨੂਅਲ ਸਰਵੇ ਆਫ ਇੰਡਸਟਰੀਜ਼ (ਏ .ਐਸ .ਆਈ) 2015-16

ਸਾਰਣੀ 1.12

ਫੁਟਕਲ

ਪੁਲਿਸ ਘਰ	577
ਡਾਕਘਰ	3870
ਦੂਰਭਾਸ਼ ਕੇਂਦਰ	1435

ਸ੍ਰੋਤ: ਪੰਜਾਬ ਦਾ ਆਰਥਿਕ ਸਰਵੇਖਣ 2018-19

ਸਾਰਣੀ 1.13

ਪੰਜਾਬ ਵਿੱਚ ਸਟੇਟ ਯੂਨੀਵਰਸਿਟੀਆਂ

1.	ਪੰਜਾਬ ਯੂਨੀਵਰਸਿਟੀ	ਚੰਡੀਗੜ੍ਹ
2.	ਪੰਜਾਬੀ ਯੂਨੀਵਰਸਿਟੀ	ਪਟਿਆਲਾ
3.	ਗੁਰੂ ਨਾਨਕ ਦੇਵ ਯੂਨੀਵਰਸਿਟੀ	ਅੰਮ੍ਰਿਤਸਰ
4.	ਗੁਰੂ ਅੰਗਦ ਦੇਵ ਯੂਨੀਵਰਸਿਟੀ ਆਫ ਵੈਟਰਨਰੀ ਅਤੇ ਐਨੀਮਲ ਸਾਇੰਸਇਜ਼	ਲੁਧਿਆਣਾ
5.	ਪੰਜਾਬ ਖੇਤੀਬਾੜੀ ਯੂਨੀਵਰਸਿਟੀ	ਲੁਧਿਆਣਾ
6.	ਪੰਜਾਬ ਟੈਕਨੀਕਲ ਯੂਨੀਵਰਸਿਟੀ	ਜਲੰਧਰ
7.	ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਇਜ਼	ਫਰੀਦਕੋਟ
8.	ਗੁਰੂ ਰਵਿਦਸ ਅਯੁਰਵੇਦ ਯੂਨੀਵਰਸਿਟੀ	ਹੁਸ਼ਿਆਰਪੁਰ
9.	ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ	ਪਟਿਆਲਾ

Scanned by CamScanner

10.	ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ	ਬਠਿੰਡਾ
11.	ਮਹਾਰਾਜਾ ਭੂਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ	ਪਟਿਆਲਾ

ਸਾਰਣੀ 1.14

ਪੰਜਾਬ ਵਿੱਚ ਕੇਂਦਰੀ ਯੂਨੀਵਰਸਿਟੀ

12.	ਸੈਂਟਰਲ ਯੂਨੀਵਰਸਿਟੀ ਆਫ ਪੰਜਾਬ	ਬਠਿੰਡਾ

ਸਾਰਣੀ 1.15

ਪੰਜਾਬ ਵਿੱਚ ਡੀਮਡ ਯੂਨੀਵਰਸਿਟੀਆਂ

13.	ਸੰਤ ਲੋਂਗੋਵਾਲ ਇੰਸਟੀਚਿਊਟ ਆਫ਼ ਇੰਜਨੀਅਰਿੰਗ ਅਤੇ ਟੈਕਨਾਲੋਜੀ (ਸਲਾਂਟਿਟ)	ਲੋਂਗੋਵਾਲ, ਸੰਗਰੂਰ
14.	ਥਾਪਰ ਇੰਸਟੀਚਿਊਟ ਇੰਜਨੀਅਰਿੰਗ ਐਂਡ ਟੈਕਨਾਲੋਜੀ	ਪਟਿਆਲਾ

ਸਾਰਣੀ 1.16

ਪੰਜਾਬ ਵਿੱਚ ਨਿਜੀ ਯੂਨੀਵਰਸਿਟੀਆਂ

15.	ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ	ਜਲੰਧਰ
16.	ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ	ਫਤਿਹਗੜ੍ਹ ਸਾਹਿਬ
17.	ਗੁਰੂ ਕਾਸ਼ੀ ਯੂਨੀਵਰਸਿਟੀ	ਤਲਵੰਡੀ ਸਾਬੋ
18.	ਡੀ.ਏ.ਵੀ. ਯੂਨੀਵਰਸਿਟੀ	ਜਲੰਧਰ
19.	ਆਦੇਸ਼ ਯੂਨੀਵਰਸਿਟੀ	ਬਠਿੰਡਾ, ਮੁਕਤਸਰ
20.	ਚੰਡੀਗੜ੍ਹ ਯੂਨੀਵਰਸਿਟੀ	ਘੜੂੰਆਂ (ਮੋਹਾਲੀ)
21.	ਚਿਤਕਾਰਾ ਯੂਨੀਵਰਸਿਟੀ	ਰਾਜਪੁਰਾ
22.	ਦੇਸ਼ ਭਗਤ ਯੂਨੀਵਰਸਿਟੀ	ਮੰਡੀ ਗੋਬਿੰਦਗੜ੍ਹ
23.	ਰਾਇਤ ਬਾਹਰਾ ਯੂਨੀਵਰਸਿਟੀ	ਖਰੜ
24.	ਰਿਮਟ ਯੂਨੀਵਰਸਿਟੀ	ਮੰਡੀ ਗੋਬਿੰਦਗੜ੍ਹ
25.	ਅਕਾਲ ਯੂਨੀਵਰਸਿਟੀ	ਤਲਵੰਡੀ ਸਾਬੋ
26.	ਜੀ.ਐਨ.ਏ. ਯੂਨੀਵਰਸਿਟੀ	ਫਗਵਾੜਾ
27.	ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਯੂਨੀਵਰਸਿਟੀ	ਜਲੰਧਰ
28.	ਸੀ.ਟੀ. ਯੂਨੀਵਰਸਿਟੀ	ਲੁਧਿਆਣਾ
29.	ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ ਹੈਲਥ ਸਾਇੰਸਇੰਜ਼	ਅੰਮ੍ਰਿਤਸਰ

ਸਾਰਣੀ 1.17

ਪੰਜਾਬ ਵਿੱਚ ਰਾਸ਼ਟਰੀ ਮਹੱਤਤਾ ਵਾਲੇ ਇੰਸਟੀਚਿਊਟ

1.	ਡਾ. ਬੀ.ਆਰ.ਅੰਬੇਦਕਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ (NIT)	ਜਲੰਧਰ
2.	ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਐਜੂਕੇਸ਼ਨ ਐਂਡ ਰਿਸਰਚ (IISER)	ਮੋਹਾਲੀ
3.	ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ (IIT)	ਰੋਪੜ
4.	ਨੈਸ਼ਨਲ ਇੰਸਟੀਚਿਊਟ ਆਫ਼ ਫਾਰਮਾਸਿਊਟਿਕਲ, ਐਜੂਕੇਸ਼ਨ ਐਂਡ ਰਿਸਰਚ (NIPER)	ਮੋਹਾਲੀ

Scanned by CamScanner

ਸਾਰਣੀ 1.18

ਪੰਜਾਬ ਦੇ ਰਾਜਪਾਲ

ਲੜੀ ਨੰ:	ਰਾਜਪਾਲ ਦਾ ਨਾਂ	ਕਦੋਂ ਤੋਂ	ਕਦੋਂ ਤੱਕ
1.	ਸ੍ਰੀ ਚੰਦੂ ਲਾਲ ਮਾਧਵ ਲਾਲ ਤ੍ਰਿਵੇਦੀ	15- 08 -1947	11- 03- 1953
2.	ਸ੍ਰੀ ਚੰਦੇਸ਼ਵਰ ਪ੍ਰਸਾਦ ਨਰਾਇਣ ਸਿੰਘ	11 – 03 – 1953	15 – 09 – 1958
3.	ਨਰਾਹਰ ਵਿਸ਼ਨੂੰ ਗਡਗਿਲ	15 – 09 – 1958	01 – 10 – 1962
4.	ਪਤੋਮ ਥਾਨੂੰ ਪੀਲਾਈ	01 – 10 – 1962	04 – 05 – 1964
5.	ਹਾਫਿਜ਼ ਮੁਹੰਮਦ ਇਬਰਾਹਿਮ	04 – 05 – 1964	01 – 09 – 1965
6.	ਸਰਦਾਰ ਉੱਜਲ ਸਿੰਘ	01 – 09 – 1965	26 – 06 – 1966
7.	ਧਰਮ ਵੀਰਾ	26 – 06 – 1966	01 – 06 – 1967
8.	ਮੇਹਰ ਸਿੰਘ	01 – 06 – 1967	16 – 10 – 1967
9.	ਦਾਦਾ ਸਾਹਿਬ ਚਿੰਤਾਨਾਨੀ ਪਾਵੇਤ	16 – 10 – 1967	21 – 05 – 1973
10.	ਮਹੇਂਦਰ ਮੋਹਨ ਚੌਧਰੀ	21 – 05 – 1973	01 – 09 – 1977
11.	ਰਣਜੀਤ ਸਿੰਘ ਨਰੂਲਾ	01 – 09 – 1977	24 – 09 – 1977
12.	ਜੈਸੁਖ ਲਾਲ ਹਾਥੀ	24 – 09 – 1977	26 – 08 – 1981
13.	ਅਮਿਨੂਦੀਨ ਅਹਿਮਦ ਖਾਨ	26 – 08 – 1981	21 – 04 – 1982
14.	ਮੈਰੀ ਚੰਨਾ ਰੈਡੀ	21 – 04 – 1982	07 – 02 – 1983
15.	ਐਸ.ਐਸ ਸੰਧਾਵਲੀਆਂ	07 – 02 – 1983	21 – 02 – 1983
16.	ਆਨੰਤ ਪਰਸਾਦ ਸ਼ਰਮਾ	21 – 02 – 1983	10 – 10 – 1983
17.	ਭੈਰਵ ਦੱਤ ਪਾਂਡੇ	10 – 10 – 1983	03 – 07 – 1984
18.	ਕੇਰਸ਼ਪ ਤਹਿਮੁਰਸਪ ਸਤਾਰਾਵਾਲਾ	03 – 07 – 1984	14 – 03 – 1985
19.	ਅਰਜਨ ਸਿੰਘ	14 – 03 – 1985	14 – 11 – 1985
20.	ਹੋਕਿਸ਼ੇ ਸੀਮਾ	14 – 11 – 1985	26 – 11 – 1985
21.	ਸ਼ੰਕਰ ਦਿਆਲ ਸ਼ਰਮਾ	26 – 11 – 1985	02 – 04 – 1986
22.	ਸਿਧਾਰਥ ਸ਼ੰਕਰ ਰਾਏ	02 – 04 – 1986	08 – 12 – 1989
23.	ਨਿਰਮਲ ਮੁਖ਼ਰਜੀ	08 – 12 – 1989	14 – 06 – 1990
24.	ਵਰੇਂਦਰ ਵਰਮਾਂ	14 – 06 – 1990	18 – 12 – 1990
25.	ਜਨਰਲ ਓਮ ਪ੍ਰਕਾਸ਼ ਮਲੋਹਤਰਾ	18 – 12 – 1990	07 – 08 – 1991
26.	ਸੁਰੇਂਦਰ ਨਾਥ	07 – 08 – 1991	09 – 07 – 1994
27.	ਸੁਧਾਕਰ ਪੰਡਿਤ ਰਾਓ ਕੁਰਦੁਕਰ	09 – 07 – 1994	18 – 09 – 1994
28.	ਲੈਫਟੀਨੈਂਟ ਜਨਰਲ ਬੀ.ਕੇ.ਐਨ. ਛਿੱਬੜ	18 – 09 – 1994	27 – 11 – 1999
29.	ਲੈਫਟੀਨੈਂਟ ਜਨਰਲ ਜੇ.ਐਫ.ਆਰ. ਜੈਕੋਬ	27 – 11 – 1999	08 – 05 – 2003

Scanned by CamScanner

30.	ਓਮ ਪ੍ਰਕਾਸ਼ ਵਰਮਾ	08 – 05 – 2003	03 – 11 – 2004
31.	ਅਖਲੁਕਰ ਰਹਿਮਾਨ ਕੀਦਵੇਈ	03 – 11 – 2004	16 – 11 – 2004
32.	ਜਨਰਲ ਸੁਨਿੱਥ ਫਰਾਸਿਸ ਰੋਡਰਿੰਜ਼ਜ	16 – 11 – 2004	22 – 01 – 2010
33.	ਸ਼ਿਵ ਰਾਜ ਪਾਟਿਲ	22 – 01 – 2010	21 – 01 – 2015
34.	ਕਪਤਾਨ ਸਿੰਘ ਸੋਲੰਕੀ	21 – 01 – 2015	22-08-2016
35.	ਵੀ.ਪੀ. ਸਿੰਘ ਬਦਲੌਰ	22-08-2016	ਚਲਦਾ

ਸਾਰਣੀ 1.19

ਪੰਜਾਬ ਦੇ ਮੁੱਖ ਮੰਤਰੀ

ਲੜੀ ਨੰ:	ਮੁੱਖ ਮੰਤਰੀ ਦਾ ਨਾਂ	ਪਾਰਟੀ (ਦਲ)	ਕਾਰਜਕਾਲ
1.	ਗੋਪੀ ਚੰਦ ਭਾਰਗਵ	ਕਾਂਗਰਸ	15 - 08 - 1947 ਤੋਂ 13 - 04 - 1949
2.	ਭੀਮ ਚੰਦ ਸੱਚਰ	ਕਾਂਗਰਸ	13 - 04 - 1949 ਤੋਂ 18 - 10 - 1949
3.	ਗੋਪੀ ਚੰਦ ਭਾਰਗਵ	ਕਾਂਗਰਸ	18 - 10 - 1949 ਤੋਂ 20 - 06 - 1951
4.	ਰਾਸ਼ਟਰਪਤੀ ਰਾਜ	-	20 - 06 - 1951 ਤੋਂ 17 - 04 - 1952
5.	ਭੀਮ ਸੇਨ ਸੱਚਰ	ਕਾਂਗਰਸ	17 - 04 - 1952 ਤੋਂ 23 - 01 - 1956
6.	ਪ੍ਰਤਾਪ ਸਿੰਘ ਕੈਰੋਂ	ਕਾਂਗਰਸ	23 - 01 - 1956 ਤੋਂ 21 - 06 - 1964
7.	ਗੋਪੀ ਚੰਦ ਭਾਰਗਵ	ਕਾਂਗਰਸ	21 - 06 - 1964 ਤੋਂ 06 - 07 - 1964
8.	ਰਾਮ ਕਿਸ਼ਨ	ਕਾਂਗਰਸ	06 - 07 - 1964 ਤੋਂ 05 - 07 - 1966
9.	ਰਾਸ਼ਟਰਪਤੀ ਰਾਜ	-	05 - 07 - 1966 ਤੋਂ 01 - 11 - 1966
10.	ਗਿਆਨੀ ਗੁਰਮੁੱਖ ਸਿੰਘ ਮੁਸਾਫਿਰ	ਕਾਂਗਰਸ	01 - 11 - 1966 ਤੋਂ 08 - 03 - 1967
11.	ਜਸਟਿਸ ਗੁਰਨਾਮ ਸਿੰਘ	ਸ਼੍ਰੋਮਣੀ ਅਕਾਲੀ ਦਲ	08 - 03 - 1967 ਤੋਂ 25 - 11 - 1967
12.	ਲਛਮਣ ਸਿੰਘ ਗਿੱਲ	ਸ਼੍ਰੋਮਣੀ ਅਕਾਲੀ ਦਲ	25 - 11 - 1967 ਤੋਂ 23 - 08 - 1968
13.	ਰਾਸ਼ਟਰਪਤੀ ਰਾਜ		23 - 08 - 1968 ਤੋਂ 17 - 02 - 1969
14.	ਜਸਟਿਸ ਗੁਰਨਾਮ ਸਿੰਘ	ਸ਼੍ਰੋਮਣੀ ਅਕਾਲੀ ਦਲ	17 - 02 - 1969 ਤੋਂ 27 - 03 - 1970
15.	ਪ੍ਰਕਾਸ਼ ਸਿੰਘ ਬਾਦਲ	ਸ਼੍ਰੋਮਣੀ ਅਕਾਲੀ ਦਲ	27 - 03 - 1970 ਤੋਂ 14 - 06 - 1971
16.	ਰਾਸ਼ਟਰੀ ਰਾਜ	-	14 - 06 - 1971 ਤੋਂ 17 - 03 - 1972
17.	ਗਿਆਨੀ ਜੈਲ ਸਿੰਘ	ਕਾਂਗਰਸ	17 - 03 - 1972 ਤੋਂ 30 - 04 - 1977
18.	ਰਾਸ਼ਟਰੀ ਰਾਜ	-	30 - 04 - 1977 ਤੋਂ 20 - 06 - 1977
19.	ਪ੍ਰਕਾਸ਼ ਸਿੰਘ ਬਾਦਲ	ਸ਼੍ਰੋਮਣੀ ਅਕਾਲੀ ਦਲ	20 - 06 - 1977 ਤੋਂ 17 - 02 - 1980
20.	ਰਾਸ਼ਟਰੀ ਰਾਜ	-	17 - 02 - 1980 ਤੋਂ 06 - 06 - 1980
21.	ਦਰਬਾਰਾ ਸਿੰਘ	ਕਾਂਗਰਸ	06 - 06 - 1980 ਤੋਂ 10 - 10 - 1983
22.	ਰਾਸ਼ਟਰੀ ਰਾਜ	-	10 - 10 - 1983 ਤੋਂ 29 - 09 - 1985

Scanned by CamScanner

23.	ਸੁਰਜੀਤ ਸਿੰਘ ਬਰਨਾਲਾ	ਸ਼੍ਰੋਮਣੀ ਅਕਾਲੀ ਦਲ	29 - 09 - 1985 ਤੋਂ 11 - 06 - 1987
24.	ਰਾਸ਼ਟਰੀ ਰਾਜ	-	11 - 06 - 1987 ਤੋਂ 25 - 02 - 1992
25.	ਬੇਅੰਤ ਸਿੰਘ	ਕਾਂਗਰਸ	25 - 02 - 1992 ਤੋਂ 31 - 08 - 1995
26.	ਹਰਚਰਨ ਸਿੰਘ ਬਰਾੜ	ਕਾਂਗਰਸ	31 - 08 - 1995 ਤੋਂ 21 - 01 - 1996
27.	ਰਜਿੰਦਰ ਕੌਰ ਭੱਠਲ	ਕਾਂਗਰਸ	21 - 01 - 1996 ਤੋਂ 12 - 02 - 1997
28.	ਪ੍ਰਕਾਸ਼ ਸਿੰਘ ਬਾਦਲ	ਸ਼੍ਰੋਮਣੀ ਅਕਾਲੀ ਦਲ	12 - 02 - 1997 ਤੋਂ 26 - 02 - 2002
29.	ਕੈਪਟਨ ਅਮਰਿੰਦਰ ਸਿੰਘ	ਕਾਂਗਰਸ	26 - 02 - 2002 ਤੋਂ 01 - 03 - 2007
30.	ਪ੍ਰਕਾਸ਼ ਸਿੰਘ ਬਾਦਲ	ਸ਼੍ਰੋਮਣੀ ਅਕਾਲੀ ਦਲ	01 - 03 - 2007 ਤੋਂ 06 - 03 - 2012
31.	ਪ੍ਰਕਾਸ਼ ਸਿੰਘ ਬਾਦਲ	ਸ਼੍ਰੋਮਣੀ ਅਕਾਲੀ ਦਲ	06 - 03 - 2012 ਤੋਂ 16-03-2017
32.	ਕੈਪਟਨ ਅਮਰਿੰਦਰ ਸਿੰਘ	ਕਾਂਗਰਸ	16-03-2017 ਤੋਂ ਹੁਣ ਤੱਕ

ਸਾਰਣੀ 1.20

ਲੋਕ ਸਭਾ ਦੇ ਮੈਂਬਰ

ਲੜੀ ਨੰ:	ਮੈਂਬਰ ਦਾ ਨਾਂ	ਪਾਰਟੀ	ਲੋਕ ਸਭਾ ਹਲਕਾ
1.	ਗੁਰਜੀਤ ਸਿੰਘ ਔਜਲਾ	ਆਈ.ਐਨ.ਸੀ.	ਅੰਮ੍ਰਿਤਸਰ
2.	ਜਸਬੀਰ ਸਿੰਘ ਗਿੱਲ	ਆਈ.ਐਨ.ਸੀ.	ਖਡੂਰ ਸਾਹਿਬ
3.	ਸੰਤੋਖ ਸਿੰਘ ਚੌਧਰੀ	ਆਈ.ਐਨ.ਸੀ.	ਜਲੰਧਰ (ਐਸ.ਸੀ.)
4.	ਸੋਮ ਪ੍ਰਕਾਸ਼	ਬੀ.ਜੇ.ਪੀ.	ਹੁਸ਼ਿਆਰਪੁਰ (ਐਸ.ਸੀ.)
5.	ਮਨੀਸ਼ ਤਿਵਾੜੀ	ਆਈ.ਐਨ.ਸੀ.	ਆਨੰਦਪੁਰ ਸਾਹਿਬ
6.	ਰਵਨੀਤ ਸਿੰਘ ਬਿਟੂ	ਆਈ.ਐਨ.ਸੀ.	ਲੁਧਿਆਣਾ
7.	ਅਮਰ ਸਿੰਘ	ਆਈ.ਐਨ.ਸੀ.	ਫਤਿਹਗੜ੍ਹ ਸਾਹਿਬ (ਐਸ.ਸੀ.)
8.	ਮੁੰਹਮਦ ਸਦੀਕ	ਆਈ.ਐਨ.ਸੀ.	ਫਰੀਦਕੋਟ (ਐਸ.ਸੀ.)
9.	ਸਖਬੀਰ ਸਿੰਘ ਬਾਦਲ	ਸ਼੍ਰੋਮਣੀ ਅਕਾਲੀ ਦਲ	ਫਿਰੋਜ਼ਪੁਰ
10.	ਹਰਸਿਮਰਤ ਕੌਰ ਬਾਦਲ	ਸ਼੍ਰੋਮਣੀ ਅਕਾਲੀ ਦਲ	ਬਠਿੰਡਾ
11.	ਭਗਵੰਤ ਮਾਨ	ਆਮ ਆਦਮੀ ਪਾਰਟੀ	ਸੰਗਰੂਰ
12.	ਪਰਨੀਤ ਕੌਰ	ਆਈ.ਐਨ.ਸੀ.	ਪਟਿਆਲਾ
13.	ਸਨੀ ਦਿਉਲ	ਬੀ.ਜੇ.ਪੀ.	ਗੁਰਦਾਸਪੁਰ

ਸਾਰਣੀ 1.21

ਰਾਜ ਸਭਾ ਦੇ ਮੈਂਬਰ

ਲੜੀ ਨੰ:	ਮੈਂਬਰ ਦਾ ਨਾਂ	ਪਾਰਟੀ
1.	ਪ੍ਰਤਾਪ ਸਿੰਘ ਬਾਜਵਾ	ਆਈ.ਐਨ.ਸੀ.
2.	ਬਲਵਿੰਦਰ ਸਿੰਘ ਭੂੰਦੜ	ਸ਼੍ਰੋ.ਅ.ਦ.
3.	ਸੁਖਦੇਵ ਸਿੰਘ ਢੀਂਡਸਾ	ਸ਼੍ਰੋ.ਅ.ਦ.

Scanned by CamScanner

4.	ਸ਼ਮਸ਼ੇਰ ਸਿੰਘ ਦੂਲੋਂ	ਆਈ.ਐਨ.ਸੀ.
5.	ਨਰੇਸ਼ ਗੁਜਰਾਲ	ਸ਼੍ਰੋ.ਅ.ਦ.
6.	ਸ਼ਵੇਤ ਮਲਿਕ	ਬੀ.ਜੇ.ਪੀ.
7.	ਅੰਬਿਕਾ ਸੋਨੀ	ਆਈ.ਐਨ.ਸੀ.

ਸਾਰਣੀ 1.22

ਪੰਜਾਬ ਕੈਬਨਿਟ (ਮੰਤਰੀਆਂ ਦੀ ਕੌਂਸਲ)

ਨਾਮ	ਵਿਭਾਗ
ਮੁੱਖ ਮੰਤਰੀ:	
ਕੈਪਟਨ ਅਮਰਿੰਦਰ ਸਿੰਘ	ਪ੍ਰਸ਼ਾਸਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਜ਼ਮੀਨ ਅਤੇ ਪਾਣੀ ਦੀ ਸੰਭਾਲ, ਸ਼ਹਿਰੀ ਹਵਾਬਾਜ਼ੀ ਵਿਭਾਗ, ਆਬਕਾਰੀ ਅਤੇ ਕਰ ਵਿਭਾਗ, ਆਮ ਪ੍ਰਸ਼ਾਸਨ ਵਿਭਾਗ, ਗ੍ਰਹਿ ਮਾਮਲੇ ਅਤੇ ਜਸਟਿਸ, ਹੋਸਪਿਟੈਲਿਟੀ, ਰੱਖਿਆ ਸੇਵਾਵਾਂ ਭਲਾਈ ਵਿਭਾਗ, ਨਿਵੇਸ਼ ਪ੍ਰੋਤਸਾਹਨ ਵਿਭਾਗ, ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਕਾਨੂੰਨੀ ਅਤੇ ਵਿਧਾਨਕ ਮਾਮਲੇ ਵਿਭਾਗ, ਪ੍ਰਸੋਨਲ ਵਿਭਾਗ, ਵਾਤਾਵਰਣ, ਜਾਗਰੂਕਤਾ ਵਿਭਾਗ, ਜੰਗਲੀ ਜੀਵ, ਵਿਗਿਆਨ ਤਕਨਾਲੋਜੀ, ਊਰਜਾ ਵਿਭਾਗ ਅਤੇ ਨਵੀਨ ਅਤੇ ਨਵਿਆਉਣਯੋਗ ਊਰਜਾ ਅਤੇ ਸੂਚਨਾ ਤਕਨਾਲੋਜੀ ਵਿਭਾਗ।
ਕੈਬਨਿਟ ਮੰਤਰੀ:	
ਬ੍ਰਹਮ ਮਹਿੰਦਰਾ	ਸਥਾਨਕ ਸਰਕਾਰ ਵਿਭਾਗ, ਸੰਸਦੀ ਮਾਮਲੇ ਵਿਭਾਗ, ਚੋਣ ਵਿਭਾਗ ਅਤੇ ਸ਼ਿਕਾਇਤ ਨਿਵਾਰਨ ਵਿਭਾਗ।
ਮਨਪ੍ਰੀਤ ਸਿੰਘ ਬਾਦਲ	ਵਿੱਤ ਵਿਭਾਗ, ਯੋਜਨਾਬੰਦੀ ਅਤੇ ਪ੍ਰੋਗਰਾਮ ਲਾਗੂ ਵਿਭਾਗ।
ਓਮ ਪ੍ਰਕਾਸ਼ ਸੋਨੀ	ਮੈਡੀਕਲ ਸਿੱਖਿਆ ਤੇ ਖੋਜ ਵਿਭਾਗ, ਫੂਡ ਪ੍ਰੋਸੈਸਿੰਗ ਅਤੇ ਫਰੀਡਮ ਫਾਇਟਰ ਭਲਾਈ ਵਿਭਾਗ।
ਸਾਧੂ ਸਿੰਘ ਧਰਮਸੋਤ	ਜੰਗਲਾਤ ਵਿਭਾਗ, ਛਪਾਈ ਅਤੇ ਲਿਖਣ ਸਮੱਗਰੀ ਵਿਭਾਗ ਅਤੇ ਐਸ.ਸੀ. ਅਤੇ ਬੀ. ਸੀ. ਭਲਾਈ ਵਿਭਾਗ।
ਤ੍ਰਿਪਤ ਰਜਿੰਦਰ ਸਿੰਘ ਬਾਜਵਾ	ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ ਅਤੇ ਉੱਚ ਸਿੱਖਿਆ।
ਚਰਨਜੀਤ ਸਿੰਘ ਚੰਨੀ	ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਰੋਜ਼ਗਾਰ ਜਨਰੇਸ਼ਨ ਵਿਭਾਗ ਅਤੇ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਵਿਭਾਗ।
ਅਰੁਣਾ ਚੌਧਰੀ	ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਵਿਭਾਗ।
ਰਜ਼ੀਆ ਸੁਲਤਾਨਾ	ਟ੍ਰਾਂਸਪੋਰਟ ਵਿਭਾਗ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ।
ਰਾਣਾ ਗੁਰਮੀਤ ਸਿੰਘ ਸੋਢੀ	ਖੇਡਾਂ ਅਤੇ ਯੁਵਾ ਸੇਵਾਵਾਂ ਵਿਭਾਗ ਅਤੇ ਐਨ.ਆਰ.ਆਈ. ਮਾਮਲੇ ਵਿਭਾਗ।
ਸੁਖਜਿੰਦਰ ਸਿੰਘ ਰੰਧਾਵਾ	ਸਹਿਕਾਰਤਾ ਵਿਭਾਗ ਅਤੇ ਜੇਲ ਵਿਭਾਗ।
ਸੁਖਵਿੰਦਰ ਸਿੰਘ ਸਰਕਾਰੀਆ	ਹਾਊਸਿੰਗ ਅਤੇ ਸ਼ਹਿਰੀ ਵਿਕਾਸ ਵਿਭਾਗ, ਜਲ ਸਰੋਤ ਅਤੇ ਖਾਣਾਂ ਅਤੇ ਭੂ-ਵਿਗਿਆਨ।

Scanned by CamScanner

ਗੁਰਪ੍ਰੀਤ ਸਿੰਘ ਕਾਂਗੜ	ਮਾਲ ਅਤੇ ਪੁਨਰਵਾਸ ਵਿਭਾਗ।
ਬਲਬੀਰ ਸਿੰਘ ਸਿੱਧੂ	ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਅਤੇ ਕਿਰਤ ਵਿਭਾਗ।
ਵਿਜੈ ਇੰਦਰ ਸਿੰਗਲਾ	ਲੋਕ ਨਿਰਮਾਣ ਵਿਭਾਗ ਅਤੇ ਸਿੱਖਿਆ ਵਿਭਾਗ।
ਸੁੰਦਰ ਸ਼ਾਮ ਅਰੋੜਾ	ਉਦਯੋਗ ਅਤੇ ਵਣਜ ਵਿਭਾਗ।
ਭਰਤ ਭੂਸ਼ਨ ਆਸ਼ੂ	ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ।

Scanned by CamScanner

ਪਾਠ – 2

ਪੰਜਾਬ ਦਾ ਭੂਗੋਲ

2.1 ਭੂਮਿਕਾ:

ਪੰਜਾਬ ਭਾਰਤ ਦੇ ਉੱਤਰ-ਪੱਛਮ ਭਾਗ ਵਿੱਚ ਸਥਿਤ ਹੈ। ਇਹ 29° 30' ਉੱਤਰ ਤੋਂ 32° 32' ਉੱਤਰੀ ਅਕਸ਼ਾਸ਼ ਅਤੇ 73° 55' ਪੂਰਬ ਤੋਂ 76° 50' ਪੂਰਬ ਦੇਸ਼ਾਂਤਰ ਤੱਕ ਫੈਲਿਆ ਹੋਇਆ ਹੈ। ਇਸ ਦੇ ਉੱਤਰ ਅਤੇ ਦੱਖਣ ਵਿਚਲੀ ਦੂਰੀ ਲਗਭਗ 335 ਕਿਲੋਮੀਟਰ ਹੈ ਅਤੇ ਪੂਰਬ ਅਤੇ ਪੱਛਮ ਵਿਚਲੀ ਦੂਰੀ ਲਗਭਗ 300 ਕਿਲੋਮੀਟਰ ਹੈ।

ਪੱਛਮ ਵਿੱਚ ਪਾਕਿਸਤਾਨ ਨਾਲ ਇਸ ਦੀ ਅੰਤਰ ਰਾਸ਼ਟਰੀ ਹੱਦ ਲੱਗਦੀ ਹੈ। ਉੱਤਰ ਵਿੱਚ ਇਸ ਦੇ ਗਿਰਦ ਜੰਮੂ ਕਸ਼ਮੀਰ, ਪੂਰਬ ਵਿੱਚ ਹਿਮਾਚਲ ਪ੍ਰਦੇਸ਼ ਅਤੇ ਦੱਖਣ ਵਿੱਚ ਹਰਿਆਣਾ ਅਤੇ ਰਾਜਸਥਾਨ ਹਨ। ਪੰਜਾਬ, ਭਾਰਤ ਦੇ ਉੱਤਰੀ ਮੈਦਾਨੀ ਖੇਤਰ ਦਾ ਪੱਛਮੀ ਭਾਗ ਹੈ। ਉੱਤਰੀ ਮੈਦਾਨੀ ਖੇਤਰ ਨੂੰ ਸਤਲੁਜ-ਗੰਗਾ ਮੈਦਾਨ ਵੀ ਕਿਹਾ ਜਾਂਦਾ ਹੈ।

ਇਸ ਦਾ ਆਕਾਰ ਤਿਕੋਣਾ ਹੈ। ਇਸ ਦਾ ਆਧਾਰ, ਦੱਖਣੀ ਦਿਸ਼ਾ ਵਿੱਚ ਹਰਿਆਣੇ ਨਾਲ ਲੱਗਦਾ ਹੈ। ਪੱਛਮੀ ਹਿੱਸੇ ਨਾਲ ਪਾਕਿਸਤਾਨ ਦੀ ਸੀਮਾ ਲੱਗਦੀ ਹੈ ਅਤੇ ਪੂਰਬੀ ਭਾਗ ਨਾਲ ਹਿਮਾਚਲ ਪ੍ਰਦੇਸ਼ ਦੀ ਹੱਦ ਲੱਗਦੀ ਹੈ। ਇਸ ਦਾ ਸਿਖਰ, ਉੱਤਰੀ ਦਿਸ਼ਾ ਵਿੱਚ ਜ਼ਿਲ੍ਹਾ ਪਠਾਨਕੋਟ ਦੇ ਬਲਾਕ ਧਾਰਕਲਾਂ ਵਿੱਚ ਪੈਂਦਾ ਹੈ।

ਪੰਜਾਬ, ਭਾਰਤ ਦੇ ਛੋਟੇ ਰਾਜਾਂ ਵਿੱਚੋਂ ਇਕ ਹੈ ਜਿਸ ਦਾ ਖੇਤਰਫਲ 50,362 ਵਰਗ ਕਿਲੋਮੀਟਰ ਹੈ, ਜੋ ਕਿ ਦੇਸ਼ ਦੇ ਕੁੱਲ ਭੂਗੋਲਿਕ ਖੇਤਰ ਦਾ 1.54% ਹੈ। ਭਾਰਤ ਦੇ 29 ਪ੍ਰਾਂਤਾਂ ਵਿੱਚੋਂ, ਆਕਾਰ ਦੇ ਅਧਾਰ ਤੇ ਪੰਜਾਬ 18ਵੇਂ ਨੰਬਰ ਤੇ ਆਉਂਦਾ ਹੈ।

2.2 ਭੂਗੋਲਿਕ ਰੂਪ ਰੇਖਾ:

ਭਾਵੇਂ ਪੰਜਾਬ ਦੇ ਭੂਗੋਲਿਕ ਨਕਸ਼ੇ ਤੇ ਸਰਸਰੀ ਨਜ਼ਰ ਮਾਰੀਏ ਤਾਂ ਅਜਿਹਾ ਲੱਗਦਾ ਹੈ ਕਿ ਪੰਜਾਬ ਮੁੱਖ ਤੌਰ ਤੇ ਦਰਿਆਵਾਂ ਰਾਹੀਂ ਆਈ ਮਿੱਟੀ ਦੇ ਬਣੇ ਮੈਦਾਨਾਂ ਦਾ ਬਣਿਆ ਹੋਇਆ ਹੈ ਪਰ ਡੂੰਘੀ ਪੜਤਾਲ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਪੂਰਾ ਪ੍ਰਾਂਤ ਦਰਿਆਈ ਮਿੱਟੀ ਦਾ ਪੱਧਰਾ ਮੈਦਾਨ ਨਹੀਂ ਹੈ। ਇਹ ਮੈਦਾਨ, ਪੂਰਬ ਅਤੇ ਉੱਤਰ-ਪੂਰਬ ਵਿੱਚ ਪਹਾੜੀਆਂ ਦਾ ਰੂਪ ਲੈਂਦਾ ਹੈ ਅਤੇ ਦੱਖਣ ਪੱਛਮ ਵਿੱਚ ਉੱਚਾ-ਨੀਵਾਂ ਹੋ ਜਾਂਦਾ ਹੈ। ਅਜਿਹਾ ਇਸ ਖੇਤਰ ਵਿੱਚ ਮੌਜੂਦ ਰੇਤ ਦੇ ਟਿੱਲਿਆਂ ਕਾਰਨ ਹੁੰਦਾ ਹੈ। ਸਮੁੱਚੇ ਪੰਜਾਬ ਨੂੰ ਹੇਠ ਲਿਖੀਆਂ ਧਰਾਤਲ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ:

1. ਸ਼ਿਵਾਲਿਕ ਪਹਾੜੀਆਂ
2. ਕੰਢੀ ਖੇਤਰ
3. ਦਰਿਆਈ ਮਿੱਟੀ ਦੇ ਮੈਦਾਨ
4. ਟਿੱਲਿਆਂ ਵਾਲੇ ਖੇਤਰ

1. **ਸ਼ਿਵਾਲਿਕ ਪਹਾੜੀਆਂ**: ਪੰਜਾਬ ਦਾ ਇਹ ਪਹਾੜੀ ਇਲਾਕਾ, ਜਿਸ ਦੀ ਚੌੜਾਈ 5 ਤੋਂ 12 ਕਿਲੋਮੀਟਰ ਹੈ, ਰਾਜ ਦੇ

Scanned by CamScanner

ਉੱਤਰ-ਪੂਰਬੀ ਸਿਰੇ ਤੇ ਹੈ। ਇਹ ਇਲਾਕਾ ਪੰਜ ਜਿਲ੍ਹਿਆਂ ਦੇ ਪੂਰਬੀ ਭਾਗਾਂ ਵਿੱਚੋਂ ਦੀ ਹੋ ਕੇ ਲੰਘਦਾ ਹੈ। ਇਹ ਪੰਜ ਜਿਲ੍ਹੇ ਹਨ - ਗੁਰਦਾਸਪੁਰ, ਪਠਾਨਕੋਟ, ਹੁਸ਼ਿਆਰਪੁਰ, ਨਵਾਂ ਸ਼ਹਿਰ ਅਤੇ ਰੂਪ ਨਗਰ।

ਇਹ ਇੱਕ ਦੀਵਾਰ ਦੀ ਤਰ੍ਹਾਂ ਉੱਤਰ-ਪੱਛਮ ਤੋਂ ਦੱਖਣ-ਪੂਰਬ ਵੱਲ ਨੂੰ ਗੁਜ਼ਰਦਾ ਹੋਇਆ, ਹਿਮਾਲਿਆ ਪਰਬਤਾਂ ਨੂੰ ਮੈਦਾਨਾਂ ਨਾਲੋਂ ਵੱਖ ਕਰਦਾ ਹੈ। ਇਹਨਾਂ ਦੀ ਉਚਾਈ ਸਮੁੰਦਰ ਤਲ ਤੋਂ ਲਗਭਗ 400-700 ਮੀਟਰ ਹੈ।

ਮੈਦਾਨਾਂ ਵੱਲ ਇਹਨਾਂ ਪਰਬਤਾਂ ਦੀ ਢਾਲ ਮੱਧਮ ਹੈ, ਜਦੋਂ ਕਿ ਹਿਮਾਚਲ ਵੱਲ ਨੂੰ ਪੈਂਦੇ ਇਹਨਾ ਪਰਬਤਾਂ ਦੀ ਢਾਲ ਤੇਜ਼ ਹੈ।

2. **ਕੰਢੀ ਖੇਤਰ:** ਸਿਵਾਲਿਕ ਪਹਾੜੀਆਂ, ਆਪਣੇ ਪੱਛਮ ਵਿੱਚ ਅਤੇ ਆਪਣੇ ਪੂਰਬ ਵਿੱਚ ਰੂਪ ਨਗਰ ਦੇ ਨੂਰਪੁਰ ਬੇਦੀ ਬਲਾਕ ਵਿੱਚ, ਅਣਉਪਜਾਊ ਅਤੇ ਖੁਰਦਰੀ ਮਿੱਟੀ ਵਿੱਚ ਬਦਲ ਜਾਂਦੀਆਂ ਹਨ, ਜਿਸ ਨੂੰ ਕਿ ਉੱਚੀ-ਭੂਮੀ ਦੇ ਮੈਦਾਨ ਅਰਥਾਤ ਕੰਢੀ ਕਿਹਾ ਜਾਂਦਾ ਹੈ।

ਸਹੀ ਅਰਥਾਂ ਵਿੱਚ ਕੰਢੀ ਖੇਤਰ ਪਠਾਨਕੋਟ, ਹੁਸ਼ਿਆਰਪੁਰ, ਰੋਪੜ ਅਤੇ ਚੰਡੀਗੜ੍ਹ ਦੇ ਪੂਰਬੀ ਭਾਗਾਂ ਵਿੱਚ ਸਥਿਤ ਹੈ। ਵਿਚਕਾਰ ਕਿਤੇ-ਕਿਤੇ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਹੜ੍ਹਾਂ ਵਾਲੇ ਮੈਦਾਨ ਆਉਂਦੇ ਹਨ। ਇਸ ਵਿੱਚ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਨਵਾਂ ਸ਼ਹਿਰ ਜਿਲ੍ਹਿਆਂ ਦੇ ਹਿੱਸੇ ਸ਼ਾਮਿਲ ਹਨ।

ਚੋਆਂ ਅਤੇ ਖੱਡਾਂ ਕਾਰਨ ਇਹ ਖੇਤਰ ਬੁਰੀ ਤਰ੍ਹਾਂ ਵਿਛੇਦਿਤ ਹੋ ਚੁੱਕਿਆ ਹੈ। ਖੁਰਦਰੇ, ਮੁਸਾਮਦਾਰ ਅਤੇ ਮੋਟੇ ਕਣਾਂ ਦੇ ਭੰਡਾਰਾਂ ਕਾਰਨ, ਕਈ ਚੋਅ ਬਿਨਾਂ ਕਿਸੇ ਨਦੀ ਜਾਂ ਦਰਿਆ ਵਿੱਚ ਮਿਲੇ ਬਗੈਰ ਹੀ ਇਸ ਖੇਤਰ ਵਿੱਚ ਲੁਪਤ ਹੋ ਜਾਂਦੇ ਹਨ। ਇਹ ਇਲਾਕਾ ਇੱਕ ਪਤਲੇ ਅਤੇ ਲੰਮੇ ਖੇਤਰ ਦੇ ਰੂਪ ਵਿੱਚ ਸ਼ਿਵਾਲਿਕ ਪਹਾੜੀਆਂ ਦੇ ਨਾਲ-ਨਾਲ ਪੂਰੇ ਰਾਹ, ਵੱਖ-ਵੱਖ ਨਾਵਾਂ ਹੇਠ ਲੰਘਦਾ ਹੈ, ਜਿਵੇਂ ਕਿ ਕੰਢੀ, ਘਾਰ ਅਤੇ ਚੰਗਾਰ।

ੳ) **ਕੰਢੀ:** ਇਹ ਖੇਤਰ ਲਗਭਗ ਸਮੁੰਦਰ ਤਲ ਤੋਂ 300-400 ਮੀਟਰ ਦੀ ਉਚਾਈ ਤੇ ਹੈ।

ਅ) **ਚੰਗਾਰ:** ਰੂਪਨਗਰ ਜਿਲ੍ਹੇ ਦੇ ਬਲਾਕ, ਅਨੰਦਪੁਰ ਸਾਹਿਬ ਵਿੱਚ ਕੰਢੀ ਨੂੰ ਹੀ ਚੰਗਾਰ ਦਾ ਨਾਮ ਦਿੱਤਾ ਜਾਂਦਾ ਹੈ। ਇਹ ਖੇਤਰ ਸਤਲੁਜ ਦਰਿਆ ਦੇ ਖੱਬੇ ਪਾਸੇ ਫੈਲਿਆ ਹੋਇਆ ਹੈ। ਪੂਰਬੀ ਦਿਸ਼ਾ ਵਿੱਚ, ਨੰਗਲ ਰੋਪੜ ਸੜਕ ਤੇ ਇਸ ਦੀ ਉਚਾਈ ਇੱਕਦਮ ਵਧਦੀ ਜਾਂਦੀ ਹੈ।

ੲ) **ਘਾਰ:** ਸ਼ਿਵਾਲਿਕ ਦੇ ਪੱਛਮ ਵਿੱਚ ਪੈਂਦੀ ਇਹ ਉਚੀ ਅਤੇ ਅਨੁਛੇਦਿਤ ਭੂਮੀ ਨੂੰ ਰੋਪੜ ਜਿਲ੍ਹੇ ਅਤੇ ਸਿਰਸਾ ਨਦੀ ਦੇ ਦੱਖਣ ਵਿੱਚ ਘਾਰ ਕਿਹਾ ਜਾਂਦਾ ਹੈ। ਸ਼ਿਵਾਲਿਕ ਦੇ ਪੂਰਵ ਮੁਖੀ ਭਾਗ ਵਿੱਚ, ਨੂਰਪੁਰ ਬੇਦੀ ਬਲਾਕ ਦੇ ਪੱਛਮੀ ਭਾਗ ਨੂੰ ਵੀ ਘਾਰ ਦਾ ਨਾਮ ਦਿੱਤਾ ਜਾਂਦਾ ਹੈ।

3. **ਦਰਿਆਈ ਮਿੱਟੀ ਦੇ ਮੈਦਾਨ:** ਪੰਜਾਬ ਦੇ ਇਹ ਮੈਦਾਨ, ਮਹਾਨ ਸਿੰਧ-ਗੰਗਾ ਮੈਦਾਨਾਂ ਦੇ ਹੀ ਭਾਗ ਹਨ, ਜੋ ਕਿ ਹਿਮਾਲਾ ਉੱਚਾ ਉਠ ਜਾਣ ਕਾਰਨ ਨੀਵੇਂ ਰਹਿ ਗਏ ਹਨ। ਪੰਜਾਬ ਦੇ ਇਹ ਮੈਦਾਨ ਸਮੁੰਦਰੀ ਤਲ ਤੋਂ ਲਗਭਗ 180-300 ਮੀਟਰ ਦੀ ਉਚਾਈ ਤੇ ਹਨ। ਸ਼ਿਵਾਲਿਕ ਪਹਾੜੀਆਂ ਨੇੜੇ ਇਹ ਉਚਾਈ ਵੱਧ ਹੈ ਅਤੇ ਹੌਲੀ ਹੌਲੀ ਇਹ ਢਲਾਨ ਘੱਟਦੀ ਜਾਂਦੀ ਹੈ। ਰੂਪਨਗਰ, ਹੁਸ਼ਿਆਰਪੁਰ, ਨਵਾਂ ਸ਼ਹਿਰ ਅਤੇ ਗੁਰਦਾਸਪੁਰ ਜਿਲ੍ਹੇ ਸਮੁੰਦਰ ਤਲ ਤੋਂ 270-300 ਮੀਟਰ ਦੀ ਉਚਾਈ ਤੇ ਹਨ। ਮੱਧ ਪੰਜਾਬ ਦੀ ਸਮੁੰਦਰ ਤਲ ਤੋਂ ਉਚਾਈ 230-270 ਮੀਟਰ ਹੈ। ਬਾਕੀ ਜਿਲ੍ਹਿਆਂ ਦੀ ਉਚਾਈ ਸਮੁੰਦਰ ਤਲ ਤੋਂ 230 ਮੀਟਰ ਤੋਂ ਘੱਟ ਹੀ ਹੈ।

ਭੂਮੀ ਦੀ ਢਲਾਨ ਪੂਰਬ ਤੋਂ ਪੱਛਮ ਵੱਲ ਨੂੰ ਹੈ। ਇਹ ਢਲਾਣ ਪੂਰਬੀ ਖੇਤਰਾਂ ਵਿੱਚ, ਪੱਛਮੀ ਖੇਤਰਾਂ ਨਾਲੋਂ ਵੱਧ ਪਾਈ ਜਾਂਦੀ ਹੈ। ਇਹ ਇਲਾਕਾ, ਰਾਜ ਦੇ ਕੁੱਲ ਖੇਤਰਫਲ ਦਾ 70% ਭਾਗ ਹੈ।

Scanned by CamScanner

ਇਸ ਭਾਗ ਵਿੱਚ ਤਿੰਨ ਜਾਣੇ ਪਹਿਚਾਣੇ ਖੇਤਰ ਆਉਂਦੇ ਹਨ:

1. ਮਾਝਾ (ਅੱਪਰ ਬਾਰੀ ਦੁਆਬ)
2. ਦੁਆਬਾ (ਬਿਸਤ ਜਲੰਧਰ ਦੁਆਬ)
3. ਮਾਲਵਾ (ਪੱਧਰੀ ਜਮੀਨ ਵਾਲੇ ਇਲਾਕੇ)

ਮਾਝਾ (ਅੱਪਰ ਬਾਰੀ ਦੁਆਬ): ਇਹ ਖੇਤਰ ਚਾਰ ਜਿਲ੍ਹਿਆਂ ਵਿੱਚ ਫੈਲਿਆ ਹੋਇਆ ਹੈ: ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ ਅਤੇ ਤਰਨਤਾਰਨ। ਇਸ ਦੇ ਪੱਛਮ ਵਿੱਚ ਰਾਵੀ, ਪੂਰਬ ਵਿੱਚ ਬਿਆਸ ਅਤੇ ਦੱਖਣ ਵਿੱਚ ਸਤਲੁਜ ਦਰਿਆ ਵਗਦੇ ਹਨ।

ਦੁਆਬਾ (ਬਿਸਤ ਜਲੰਧਰ ਦੁਆਬ): ਉੱਤਰ ਪੱਛਮ ਵਿੱਚ ਦਰਿਆ ਬਿਆਸ ਅਤੇ ਦੱਖਣ ਵਿੱਚ ਦਰਿਆ ਸਤ੍ਰਲੁਜ ਵਿਚਲੇ ਇਸ ਤਿਕੋਣੇ ਖੇਤਰ ਨੂੰ ਦੁਆਬਾ ਕਿਹਾ ਜਾਂਦਾ ਹੈ। ਇਸ ਦੀ ਢਲਾਣ ਦੱਖਣ ਤੋਂ ਪੱਛਮ ਵੱਲ ਨੂੰ ਹੈ। ਇਹ ਲਗਭਗ ਪੱਧਰੀ ਜਮੀਨ ਹੈ। ਇਸ ਖੇਤਰ ਦੀ ਮਿੱਟੀ ਉਪਜਾਊ ਕਿਸਮ ਦੀ ਹੈ। ਇਹ ਖੇਤਰ 4 ਜਿਲ੍ਹਿਆਂ ਵਿੱਚ ਫੈਲਿਆ ਹੋਇਆ ਹੈ: ਕਪੂਰਥਲਾ, ਜਲੰਧਰ, ਹੁਸ਼ਿਆਰਪੁਰ (ਪੱਛਮੀ ਭਾਗ) ਅਤੇ ਨਵਾਂ ਸ਼ਹਿਰ।

ਮਾਲਵਾ (ਪੱਧਰੀ ਜਮੀਨ ਵਾਲੇ ਇਲਾਕੇ): ਇਹ ਖੇਤਰ, ਉੱਤਰ ਵਿੱਚ ਦਰਿਆ ਸਤਲੁਜ ਅਤੇ ਦੱਖਣ ਵਿੱਚ ਦਰਿਆ ਘੱਗਰ ਵਿਚਲਾ ਖੇਤਰ ਹੈ। ਇਸ ਦੀ ਢਲਾਣ ਦੱਖਣ-ਪੱਛਮੀ ਹੈ। ਮਾਲਵਾ ਖੇਤਰ ਪੰਜਾਬ ਦਾ ਸੱਭ ਤੋਂ ਵੱਧ ਖੇਤਰ ਵਿੱਚ ਫੈਲਿਆ ਹੋਇਆ ਹੈ ਅਤੇ ਇਹ 14 ਜਿਲ੍ਹਿਆਂ ਫਿਰੋਜ਼ਪੁਰ, ਫਰੀਦਕੋਟ, ਫਾਜ਼ਿਲਕਾ, ਬਠਿੰਡਾ, ਬਰਨਾਲਾ, ਸੰਗਰੂਰ, ਮਾਨਸਾ, ਪਟਿਆਲਾ, ਮੋਹਾਲੀ, ਮੋਗਾ, ਮੁਕਤਸਰ, ਲੁਧਿਆਣਾ, ਰੂਪਨਗਰ ਅਤੇ ਫਤਿਹਗੜ੍ਹ ਸਾਹਿਬ ਵਿੱਚ ਫੈਲਿਆ ਹੋਇਆ ਹੈ।

ਸਾਰਣੀ 2.1

ਜਿਲ੍ਹਿਆਂ ਦੀ ਖੇਤਰੀ ਵੰਡ

ਮਾਝਾ (4 ਜਿਲ੍ਹੇ)	ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ ਅਤੇ ਤਰਨ ਤਾਰਨ
ਦੁਆਬਾ (4 ਜਿਲ੍ਹੇ)	ਕਪੂਰਥਲਾ, ਜਲੰਧਰ, ਹੁਸ਼ਿਆਰਪੁਰ (ਪੱਛਮੀ ਭਾਗ) ਅਤੇ ਨਵਾਂ ਸ਼ਹਿਰ
ਮਾਲਵਾ (14 ਜਿਲ੍ਹੇ)	ਫਿਰੋਜ਼ਪੁਰ, ਫਰੀਦਕੋਟ, ਫਾਜਿਲਕਾ, ਬਠਿੰਡਾ, ਬਰਨਾਲਾ, ਸੰਗਰੂਰ, ਮਾਨਸਾ, ਪਟਿਆਲਾ, ਮੋਹਾਲੀ, ਮੋਗਾ, ਮੁਕਤਸਰ, ਲੁਧਿਆਣਾ, ਰੂਪਨਗਰ ਅਤੇ ਫਤਿਹਗੜ੍ਹ ਸਾਹਿਬ

4. **ਰੇਤਲੇ ਟਿੱਬਿਆਂ ਵਾਲੇ ਖੇਤਰ:** ਪੰਜਾਬ ਦੇ ਦੱਖਣ-ਪੱਛਮੀ ਖੇਤਰ ਵਿੱਚ ਅਰਧ-ਖੁਸ਼ਕ ਜਲਵਾਯੂ ਹੈ ਅਤੇ ਇਸ ਖੇਤਰ ਦੀ ਸੀਮਾ ਰਾਜਸਥਾਨ ਦੇ ਥਾਰ ਮਾਰੂਥਲ ਨਾਲ ਲੱਗਦੀ ਹੈ। ਇਸ ਖੇਤਰ ਵਿੱਚ ਥਾਂ-ਥਾਂ ਰੇਤ ਦੇ ਟਿੱਲੇ ਮਿਲਦੇ ਹਨ। ਭਾਵੇਂ ਸਾਰਾ ਇਲਾਕਾ ਪੱਧਰਾ ਹੈ ਪਰ ਰੇਤ ਦੇ ਟਿੱਬਿਆਂ ਅਤੇ ਵੱਟਾਂ ਦੀ ਬਹੁਤਾਤ ਹੈ।

ਇਸ ਖੇਤਰ ਵਿੱਚ ਬਠਿੰਡਾ, ਫਰੀਦਕੋਟ, ਫਿਰੋਜ਼ਪੁਰ, ਮਾਨਸਾ, ਮੁਕਤਸਰ, ਸੰਗਰੂਰ ਅਤੇ ਪਟਿਆਲਾ ਜ਼ਿਲ੍ਹਿਆਂ ਦੇ ਭਾਗ ਆਉਂਦੇ ਹਨ। ਕਿਹਾ ਜਾਂਦਾ ਹੈ ਕਿ ਇਹ ਖੇਤਰ ਸਤਲੁਜ ਅਤੇ ਘੱਗਰ ਦਰਿਆਵਾਂ ਅਤੇ ਉਹਨਾਂ ਦੀਆਂ ਉਪਸ਼ਾਖਾਵਾਂ ਵੱਲੋਂ ਭੂ-ਖੋਰ ਪ੍ਰਕਿਰਿਆ ਅਤੇ ਕੁਰੇਦੇ ਤੱਤਾਂ ਦੇ ਹਵਾ ਨਾਲ ਇੱਕਤਰਿਤ ਹੋ ਜਾਣ ਕਾਰਨ ਹੋਂਦ ਵਿੱਚ ਆਏ। ਮੂਲ ਰੂਪ ਵਿੱਚ ਇਹਨਾਂ ਨੂੰ 'ਟਿੱਬੇ' ਕਿਹਾ ਜਾਂਦਾ ਹੈ।

ਇਹਨਾਂ ਵਿੱਚੋਂ ਵਧੇਰੇ ਟਿੱਬੇ ਸਥਿਰ ਹਨ ਅਤੇ ਕਈਆਂ ਨੂੰ ਖੇਤੀਬਾੜੀ ਆਦਿ ਲਈ ਪੱਧਰ ਕਰ ਦਿੱਤਾ ਗਿਆ ਹੈ। ਇਸ ਸਾਰੇ ਖੇਤਰ ਦੀ ਸਮੁੰਦਰ ਤਲ ਤੋਂ ਉਚਾਈ ਪੂਰਬ ਵਿੱਚ ਲਗਭਗ 220 ਮੀਟਰ ਅਤੇ ਲਗਭਗ ਪੱਛਮ ਵਿੱਚ 183 ਮੀਟਰ ਹੈ।

Scanned by CamScanner

2.3 ਪੰਜਾਬ ਦੀ ਜਲ-ਨਿਕਾਸ ਪ੍ਰਣਾਲੀ:

ਪੰਜਾਬ ਦੀ ਧਰਤੀ ਨੂੰ ਰਿਗਵੇਦ ਅਨੁਸਾਰ 'ਸੱਤ ਸਿੰਧੂ (ਦਰਿਆਵਾਂ)' ਦਾ ਪਾਣੀ ਲੱਗਦਾ ਹੈ ਅਤੇ ਇਹਨਾਂ ਸੱਤ ਦਰਿਆਵਾਂ ਵਿੱਚ ਸਿੰਧੂ, ਇਸ ਦੀਆਂ ਪੰਜ ਸ਼ਾਖਾਵਾਂ ਅਤੇ ਦਰਿਆ ਸਰਸਵਤੀ ਆਉਂਦੇ ਹਨ। ਮਹਾਭਾਰਤ ਅਨੁਸਾਰ ਪੰਜਾਬ ਦੀ ਧਰਤੀ ਨੂੰ ਪੰਜ ਦਰਿਆਵਾਂ ਦਾ ਪਾਣੀ ਲੱਗਦਾ ਹੈ: ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜਿਹਲਮ ਅਤੇ ਛੇਵਾਂ ਦਰਿਆ ਸਿੰਧੂ ਨੂੰ ਮੰਨਿਆ ਜਾਂਦਾ ਹੈ। ਪੁਰਾਤਨ ਵੇਦਾਂ ਵਿੱਚ ਪੰਜਾਬ ਨੂੰ 'ਪੰਚਨਦ' ਅਰਥਾਤ 'ਪੰਜ ਦਰਿਆਵਾਂ ਦੀ ਧਰਤੀ' ਦਾ ਨਾਮ ਦਿੱਤਾ ਗਿਆ ਹੈ। ਜਦੋਂ ਇੱਥੇ ਯੂਨਾਨੀ ਲੋਕਾਂ ਦਾ ਰਾਜ ਆਇਆ ਤਾਂ ਇਸ ਖੇਤਰ ਨੂੰ 'ਪੈਂਨਟੋਪੋਟੈਮੀਆ' ਦਾ ਨਾਮ ਦਿੱਤਾ ਗਿਆ ਜਿਸ ਦਾ ਭਾਵ ਯੂਨਾਨੀ ਭਾਸ਼ਾ ਵਿੱਚ 'ਪੰਜ ਦਰਿਆਵਾਂ ਦਾ ਦੇਸ਼' ਹੀ ਸੀ।

ਪੰਜਾਬ ਸ਼ਬਦ, ਦੋ ਫਾਰਸ਼ੀ ਸ਼ਬਦਾਂ ਪੰਜ ਅਤੇ ਆਬ (ਪਾਣੀ) ਅਰਥਾਤ ਪੰਜ ਦਰਿਆਵਾਂ ਦਾ ਪਾਣੀ ਤੋਂ ਬਣਿਆ। ਇੱਥੋਂ ਇਹ ਪਤਾ ਲੱਗਦਾ ਹੈ ਕਿ ਪੰਜਾਬ ਦੀ ਇਹ ਖੁਸਕਿਸ਼ਮਤੀ ਰਹੀ ਕਿ ਇੱਥੇ 5 ਬਾਰਾਂਮਾਸੀ ਦਰਿਆ-ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜਿਹਲਮ ਵੱਗਦੇ ਹਨ। ਪਰ 1947 ਦੀ ਵੰਡ ਮਗਰੋਂ, ਪੰਜਾਬ ਵਿੱਚ ਕੇਵਲ 3 ਬਾਰਹਮਾਂਸੀ ਦਰਿਆ-ਸਤਲੁਜ, ਬਿਆਸ ਅਤੇ ਰਾਵੀ ਹੀ ਰਹਿ ਗਏ। (ਬਾਕੀ ਦੋ ਦਰਿਆ ਹੁਣ ਪਾਕਿਸਤਾਨੀ ਪੰਜਾਬ ਵਿੱਚ ਹਨ)।

ਦਰਿਆਵਾਂ ਦੇ ਪ੍ਰਾਚੀਨ ਨਾਮ	
ਸਤਲੁਜ	ਸਤਲੁੱਤਰੀ
ਬਿਆਸ	ਵਿਪਾਸ਼
ਰਾਵੀ	ਪਰੁਸ਼ਨੀ
ਚਨਾਬ	ਆਸਿਕਣੀ
ਜਿਹਲਮ	ਤੜਵ੍ਤਵ੍
ਇੰਡਸ	ਸਿੰਧੂ
ਸਰਸਵਤੀ	ਸਰੁਸਤੀ

ਪੰਜਾਬ ਵਿੱਚ ਦੋ ਭਾਂਤ ਦੇ ਦਰਿਆ ਵਹਿੰਦੇ ਹਨ। ਇਹ ਹਨ:

1. **ਸਦਾਬਹਾਰ / ਬਾਰਾਂਮਾਸੀ (ਜਿੰਨ੍ਹਾਂ ਵਿੱਚ ਸਦਾ ਪਾਣੀ ਰਹਿੰਦਾ ਹੈ)**
2. **ਮੌਸਮੀ**

ਬਾਰਾਂਮਾਸੀ ਦਰਿਆ:

ਰਾਵੀ, ਸਤਲੁਜ ਅਤੇ ਬਿਆਸ, ਪੰਜਾਬ ਦੇ ਸਦਾਬਹਾਰ ਦਰਿਆ ਹਨ, ਜਿੰਨ੍ਹਾਂ ਦੀ ਉਤਪਤੀ ਦਾ ਸ੍ਰੋਤ ਪੰਜਾਬ ਤੋਂ ਬਾਹਰ, ਹਿਮਾਚਲ ਪ੍ਰਦੇਸ਼ ਅਤੇ ਤਿੱਬਤ ਵਿੱਚ ਹੈ।

1. ਸਤਲੁਜ ਦਰਿਆ:

ਦਰਿਆ ਸਤਲੁਜ ਦੀ ਉਤਪੱਤੀ ਰਾਕਾ ਝੀਲ ਨੇੜੇ ਮਾਨਸਰੋਵਰ ਗਲੇਸ਼ੀਅਰ ਤੋਂ, ਤਿੱਬਤ ਵਿੱਚ 4555 ਮੀਟਰ ਦੀ ਉਚਾਈ ਤੋਂ ਹੁੰਦੀ ਹੈ, ਜਿੱਥੇ ਇਸ ਨੂੰ ਲੈਗਚਿਨ ਖੰਮਬਾਬ ਦਾ ਨਾਮ ਦਿੱਤਾ ਜਾਂਦਾ ਹੈ। ਇਹ ਕੈਲਾਸ਼ ਪਰਬਤ ਦੀ ਦੱਖਣੀ ਢਲਾਣ ਦੇ ਨਾਲ-ਨਾਲ, ਦੱਖਣ-ਪੱਛਮੀ ਦਿਸ਼ਾ ਵਿੱਚ ਵਹਿੰਦਾ ਹੈ। ਸ਼ਿਪਕੀ-ਲਾ ਦੱਰੇ ਵਿਚੋਂ ਦੀ ਹੁੰਦਾ ਹੋਇਆ ਇਹ ਹਿਮਾਚਲ ਪ੍ਰਦੇਸ਼ ਦੀ ਕਨਾਵਰ ਵਾਦੀ ਵਿੱਚ ਚਲਾ ਜਾਂਦਾ ਹੈ। ਇਸ ਮਗਰੋਂ ਇਹ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਬਿਲਾਸਪੁਰ ਵਿੱਚ ਚਲਾ ਜਾਂਦਾ ਹੈ।

ਹਿਮਾਚਲ ਪ੍ਰਦੇਸ਼ ਵਿੱਚੋਂ ਦੀ ਵਹਿੰਦਾ ਹੋਇਆ, ਇਹ ਭਾਖੜਾ ਨੇੜੇ ਨੈਣਾਂ ਦੇਵੀ ਪਹਾੜੀਆਂ ਨੂੰ ਕੱਟਦਾ ਹੈ। ਭਾਖੜਾ ਉੱਪਰ ਹੀ ਵਿਸ਼ਵ ਦਾ ਦੂਜਾ ਸਭ ਤੋਂ ਵੱਡਾ ਡੈਮ ਬਣਾਇਆ ਗਿਆ ਹੈ। ਭਾਖੜਾ ਦੀਆਂ ਤੰਗ ਨਦੀ ਘਾਟੀਆਂ ਨੂੰ ਪਾਰ ਕਰਦਾ ਹੋਇਆ, ਜ਼ਿਲ੍ਹਾ ਰੋਪੜ ਵਿੱਚ ਨੰਗਲ ਨੇੜੇ ਇਹ ਪੰਜਾਬ ਦੇ ਮੈਦਾਨਾਂ ਵਿੱਚ ਆ ਜਾਂਦਾ ਹੈ। ਰੋਪੜ ਤੋਂ 160 ਕਿਲੋਮੀਟਰ ਤੱਕ ਪ੍ਰਵਾਹ ਨਾਲ ਵਹਿੰਦਾ ਇਹ ਦਰਿਆ ਜ਼ਿਲ੍ਹਾ ਤਰਨਤਾਰਨ ਵਿੱਚ ਹਰੀਕੇ ਨੇੜੇ ਬਿਆਸ ਦਰਿਆ ਵਿੱਚ ਮਿਲ ਜਾਂਦਾ ਹੈ। ਇੱਥੇ ਇਹ ਦੱਖਣ-ਪੱਛਮੀ ਦਿਸ਼ਾ ਵਿੱਚ ਚਲਾ ਜਾਂਦਾ ਹੈ ਅਤੇ ਰਾਵੀ-ਚਨਾਬ ਅਤੇ ਜਿਹਲਮ ਵਿਚ ਜਾ ਰਲਦਾ ਹੈ। ਰਾਵੀ, ਚਨਾਬ ਅਤੇ ਜਿਹਲਮ ਦੇ ਸਮੂਹ ਨੂੰ 'ਤ੍ਰਿਮਾਬ' ਅਰਥਾਤ ਤਿੰਨ ਦਰਿਆ ਵੀ ਕਿਹਾ ਜਾਂਦਾ ਹੈ। ਸਤਲੁਜ-ਬਿਆਸ ਅਤੇ ਤ੍ਰਿਮਾਬ (ਰਾਵੀ, ਚਨਾਬ ਅਤੇ ਜਿਹਲਮ) ਦੇ ਸੰਗਮ ਨੂੰ ਪੰਚਨਦ (ਪੰਜ ਦਰਿਆ) ਕਿਹਾ ਜਾਂਦਾ ਹੈ।

Scanned by CamScanner

ਇਹ ਪੂਰਵਵਰਤੀ ਦਰਿਆ, ਫਿਰੋਜ਼ਪੁਰ ਤੋਂ ਫਾਜ਼ਿਲਕਾ ਲਗਭਗ 120 ਕਿਲੋਮੀਟਰ ਦੇ ਘੇਰੇ ਵਿੱਚ, ਭਾਰਤ- ਪਾਕਿਸਤਾਨ ਦੀ ਅੰਤਰਰਾਸ਼ਟਰੀ ਹੱਦ ਦੀ ਨਿਸ਼ਾਨਦੇਹੀ ਕਰਦਾ ਹੈ। ਮੋਟੇ ਤੌਰ ਤੇ ਇਹ ਪੰਜਾਬ ਨੂੰ ਦੋ ਭਾਗਾਂ ਵਿੱਚ ਵੰਡਦਾ ਹੈ, ਉੱਤਰੀ ਭਾਗ ਅਤੇ ਦੱਖਣੀ ਭਾਗ। ਭਾਖੜਾ-ਨੰਗਲ ਬਹੁਮੁਖੀ ਯੋਜਨਾ ਦੇ ਅੰਤਰਗਤ ਆਉਂਦੀਆਂ ਨਦੀਆਂ ਨੂੰ ਪਾਣੀ ਮੁਹੱਈਆ ਕਰਨ ਕਾਰਨ ਇਹ ਦਰਿਆ ਵਧੇਰੇ ਮਹੱਤਵਪੂਰਨ ਹੈ।

- ਹਿਮਾਚਲ ਪ੍ਰਦੇਸ਼ ਵਿੱਚ ਸਤਲੁਜ ਦਰਿਆ ਦੇ ਕੰਢੇ ਵਸੇ ਸ਼ਹਿਰ ਹਨ: ਬਿਲਾਸਪੁਰ, ਰਾਮਪੁਰ, ਕੁੰਮਹਾਰਸੇਨ, ਤਰੰਦਾ, ਕਲਪਾ ਅਤੇ ਨਾਮਗਯਾ।
- ਪੰਜਾਬ ਵਿੱਚ ਦਰਿਆ ਸਤਲੁਜ ਦੇ ਕੰਢੇ ਵਸੇ ਸ਼ਹਿਰ ਹਨ: ਰੋਪੜ, ਫਿਲੌਰ, ਹਰੀਕੇ ਅਤੇ ਫਿਰੋਜ਼ਪੁਰ।

2. ਬਿਆਸ ਦਰਿਆ:

ਬਿਆਸ ਦਰਿਆ ਕੁੱਲੂ ਵਿਖੇ ਰੋਹਤਾਂਗ ਦੱਰੇ ਨੇੜੇ ਸਮੁੰਦਰ ਤਲ ਤੋਂ ਲਗਭਗ 4000 ਮੀਟਰ ਦੀ ਉਚਾਈ ਤੇ ਬਿਆਸ ਕੁੰਡ ਵਿੱਚੋਂ ਨਿਕਲਦਾ ਹੈ। ਕੁੱਲੂ ਵਾਦੀ ਵਿੱਚ ਦੀ ਹੁੰਦਾ ਹੋਇਆ ਇਹ ਦਰਿਆ ਕਟੀ ਅਤੇ ਲਾਰਜੀ ਨੇੜੇ ਧੌਲਾਧਾਰ ਦੀਆਂ ਤੰਗ ਵਾਦੀਆਂ ਵਿੱਚ ਜਾ ਵਹਿੰਦਾ ਹੈ। ਹੇਠਾਂ ਵੱਲ ਨੂੰ ਵਹਿੰਦੇ ਹੋਏ ਇਹ ਕਾਂਗੜਾ ਵਾਦੀ ਵਿੱਚੋਂ ਦੀ ਹੁੰਦਾ ਹੋਇਆ, ਤਲਵਾੜਾ ਨੇੜੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚੋਂ ਦੀ, ਪੰਜਾਬ ਦੇ ਮੈਦਾਨਾਂ ਵਿੱਚ ਆ ਜਾਂਦਾ ਹੈ। ਇਸ ਖੇਤਰ ਵਿਚਲੀਆਂ ਕਈ ਖੱਡਾਂ ਅਤੇ ਚੋਅ, ਬਿਆਸ ਦਰਿਆ ਵਿੱਚ ਜਾ ਮਿਲਦੇ ਹਨ। ਮੀਰਥਲ ਨੇੜੇ ਨਦੀ ਚੱਕੀ ਇਸ ਵਿੱਚ ਮਿਲ ਜਾਂਦੀ ਹੈ। ਅੰਤ ਵਿੱਚ ਇਹ ਕਪੂਰਥਲਾ ਅਤੇ ਅੰਮ੍ਰਿਤਸਰ ਵਿੱਚੋਂ ਲੰਘਦਾ ਹੈ ਅਤੇ ਜ਼ਿਲ੍ਹਾ ਤਰਨਤਾਰਨ ਵਿੱਚ ਹਰੀਕੇ ਲਾਗੇ ਸਤਲੁਜ ਦਰਿਆ ਵਿੱਚ ਮਿਲ ਜਾਂਦਾ ਹੈ। ਸਤਲੁਜ ਦਰਿਆ ਵਿੱਚ ਮਿਲਣ ਤੋਂ ਪਹਿਲਾ ਇਹ ਲਗਭਗ 460 ਕਿਲੋਮੀਟਰ ਦੀ ਦੂਰੀ ਤੈਅ ਕਰ ਲੈਂਦਾ ਹੈ।

- ਬਿਆਸ ਦਰਿਆ ਦੀਆਂ ਖੱਬੇ ਹੱਥੀਂ ਸ਼ਾਖਾਵਾਂ ਹਨ: ਪਾਰਬਤੀ, ਸੁਕੇਤਰੀ।
- ਬਿਆਸ ਦਰਿਆ ਦੀਆਂ ਸੱਜੇ ਹੱਥੀਂ ਸ਼ਾਖਾਵਾਂ ਹਨ: ਊਹਲ, ਲੰਬਾਦੁਗ, ਗਜ ਅਤੇ ਚੱਕੀ।
- ਹਿਮਾਚਲ ਪ੍ਰਦੇਸ਼ ਵਿੱਚ ਬਿਆਸ ਦਰਿਆ ਕੰਢੇ ਵਸੇ ਸ਼ਹਿਰ- ਮਨਾਲੀ, ਨਗਰ, ਕੁੱਲੂ, ਮੰਡੀ।
- ਪੰਜਾਬ ਵਿੱਚ ਬਿਆਸ ਦਰਿਆ ਕੰਢੇ ਵਸਿਆ ਸ਼ਹਿਰ-ਹਰੀਕੇ
- ਪ੍ਰਸਿੱਧ ਗੁਰਦੁਆਰਾ ਮਨੀਕਰਨ ਸਾਹਿਬ ਵੀ ਇਸੇ ਦਰਿਆ ਦੀ ਸ਼ਾਖਾ ਪਾਰਬਤੀ ਦੇ ਕੰਢੇ ਤੇ ਬਣਿਆ ਹੋਇਆ ਹੈ।
- ਤਲਵਾੜਾ ਤੋਂ ਕੁਝ ਹੀ ਕਿਲੋਮੀਟਰ ਦੇ ਫਾਸਲੇ ਤੇ ਬਿਆਸ ਦਰਿਆ ਉੱਪਰ ਪੌਂਗ ਡੈਮ ਦਾ ਨਿਰਮਾਣ ਕੀਤਾ ਗਿਆ ਹੈ, ਜਿਸ ਦਾ ਉਦੇਸ਼ ਪਣ-ਬਿਜਲੀ ਪੈਦਾ ਕਰਨਾ ਹੈ।
- ਕੰਢੀ ਨਹਿਰ ਅਤੇ ਮੁਕੇਰੀਆਂ ਦੀ ਜਲਧਾਰਾ ਵੀ ਦਰਿਆ ਬਿਆਸ ਵਿੱਚੋਂ ਹੀ, ਤਲਵਾੜਾ ਨੇੜੇ ਬਣਾਈਆਂ ਗਈਆਂ ਹਨ।

3. ਰਾਵੀ ਦਰਿਆ:

ਰਾਵੀ ਦਰਿਆ ਦੀ ਉਤਪਤੀ, ਰੋਹਤਾਂਗ ਦਰੇ ਦੇ ਪੱਛਮ ਵਿੱਚ, ਹਿਮਾਚਲ ਪ੍ਰਦੇਸ਼ ਦੀਆਂ ਕੁੱਲੂ ਦੀਆਂ ਪਹਾੜੀਆਂ ਵਿੱਚੋਂ, ਲੱਗਭਗ 4100 ਮੀਟਰ ਦੀ ਉਚਾਈ ਤੋਂ ਹੁੰਦੀ ਹੈ। ਇਹ ਪੀਰ ਪੰਜਲ ਪਹਾੜੀਆਂ ਦੀ ਪੱਛਮੀ ਢਲਾਣ ਵਿੱਚ ਅਤੇ ਧੌਲਾਧਾਰ ਪਹਾੜੀਆਂ ਦੀ ਉੱਤਰੀ ਢਲਾਣ ਵਿੱਚ ਵਹਿੰਦਾ ਹੈ। ਹਿਮਾਚਲ ਪ੍ਰਦੇਸ਼ ਦੀ ਚੰਬਾ ਵਾਦੀ ਵਿੱਚ ਵਹਿੰਦਾ ਇਹ ਦਰਿਆ, ਚੰਬਾ ਸੀਮਾ ਨੇੜੇ ਚੌਂਧ ਪਿੰਡ ਵਿੱਚੋਂ ਦੀ ਪੰਜਾਬ ਵਿੱਚ ਆ ਜਾਂਦਾ ਹੈ।

ਦੱਖਣ-ਪੱਛਮ ਦਿਸ਼ਾ ਵਿੱਚ ਵਹਿੰਦਾ ਹੈ ਅਤੇ ਇਹ ਦਰਿਆ ਭਾਰਤ-ਪਾਕਿ ਸਰਹੱਦ ਦੇ ਨਾਲ-ਨਾਲ ਵਹਿੰਦਾ ਹੈ ਅਤੇ ਇਹ ਪਠਾਨਕੋਟ, ਗੁਰਦਾਸਪੁਰ ਅਤੇ ਅੰਮ੍ਰਿਤਸਰ ਜਿਲ੍ਹਿਆਂ ਵਿੱਚ ਵਹਿਣ ਮਗਰੋਂ ਪਾਕਿਸਤਾਨ ਵਿੱਚ ਚਲਾ ਜਾਂਦਾ ਹੈ। ਪਾਕਿਸਤਾਨ ਵਿੱਚ ਸਰਾਇ ਸਿੱਧੂ ਨੇੜੇ, ਰੰਗਪੁਰ ਤੋਂ ਥੋੜੀ ਉਚਾਈ ਤੇ ਇਹ ਦਰਿਆ ਚਨਾਬ ਵਿੱਚ ਰਲ ਜਾਂਦਾ ਹੈ। ਉਹ ਥਾਂ ਜਿੱਥੇ ਦਰਿਆ

Scanned by CamScanner

ਾਵੀ, ਜਿਹਲਮ ਅਤੇ ਚਨਾਬ ਦੇ ਸੰਗਮ ਵਿੱਚ ਰਲਦਾ ਹੈ, ਉਸ ਥਾਂ ਨੂੰ ਤ੍ਰਿਮਾਬ' ਦਾ ਨਾਮ ਦਿੱਤਾ ਜਾਂਦਾ ਹੈ।

- ਰਾਵੀ ਦਰਿਆ ਦੀਆਂ ਸ਼ਾਖਾਵਾਂ: ਉੱਝ, ਜਲਾਲੀਆ ਨਦੀ ਅਤੇ ਸੱਕੀ ਕਿਰਨ ਨਾਲਾ।

ਜਲ ਗ੍ਰਸਤ ਖੇਤਰ ਦੇ ਦਰਿਆ
ਪਹਿਲਾ ਸਭ ਤੋਂ ਵੱਡਾ ਦਰਿਆ- ਸਤਲੁਜ
ਦੂਜਾ ਸਭ ਤੋਂ ਵੱਡਾ ਦਰਿਆ -ਬਿਆਸ
ਤੀਜਾ ਸਭ ਤੋਂ ਵੱਡਾ ਦਰਿਆ -ਰਾਵੀ

- ਅੱਪਰਬਾਰੀ ਦੁਆਬ ਨਹਿਰੀ ਪ੍ਰਣਾਲੀ ਦਾ ਹੈੱਡ ਵਰਕਸ ਮਾਧੋਪੁਰ ਵਿਖੇ ਸਥਿਤ ਹੈ।
- ਥੀਨ ਬੰਨ੍ਹ (ਰਣਜੀਤ ਸਾਗਰ ਡੈਮ), ਪਣ ਬਿਜਲੀ ਦੇ ਉਤਪਾਦਨ ਲਈ ਮਾਧੋਪੁਰ ਵਿਖੇ ਨਦੀ ਦੇ ਉਪਰੀ ਭਾਗ ਵਿੱਚ ਬਣਾਇਆ ਗਿਆ ਹੈ।
- ਥੀਨ ਬੰਨ੍ਹ ਤੋਂ ਹੇਠਾਂ, ਪਣ ਬਿਜਲੀ ਉਤਪਾਦਨ ਲਈ ਸ਼ਾਹਪੁਰ ਕੰਢੀ ਪ੍ਰਾਜੈਕਟ ਨਿਰਮਾਣਹੇਤੂ ਹੈ ਅਤੇ ਇਥੋਂ ਹੀ ਜੰਮੂ-ਕਸ਼ਮੀਰ ਦੇ ਪ੍ਰਾਤਾਂ ਲਈ ਸਿੰਜਾਈ ਲਈ ਲੋੜੀਂਦਾ ਪਾਣੀ ਲਿਆ ਜਾਣਾ ਹੈ।

ਮੌਸਮੀ ਦਰਿਆ:

1. ਦਰਿਆ ਘੱਗਰ:

ਇਹ ਇੱਕ ਮੌਸਮੀ ਦਰਿਆ ਹੈ, ਜੋ ਮੌਨਸੂਨ ਵਿੱਚ ਹੀ ਵਹਿੰਦਾ ਹੈ। ਇਹ ਹਿਮਾਚਲ ਦੀਆਂ ਨੀਵੀਆਂ ਢਲਾਣਾਂ ਵਿੱਚੋਂ, ਜ਼ਿਲ੍ਹਾ ਸਿਰਮੌਰ ਦੇ ਸਾਰਾਹਾਨ ਇਲਾਕੇ ਅਤੇ ਹਿਮਾਚਲ ਦੇ ਸੋਲਨ ਜਿਲ੍ਹੇ ਦੇ ਦਾਗਸਈ ਇਲਾਕੇ ਵਿੱਚੋਂ ਨਿਕਲਦਾ ਹੈ। ਪਿੰਜੋਰ ਅਤੇ ਹਰਿਆਣਾ ਦੀਆਂ ਮੋਰਨੀ ਪਹਾੜੀਆਂ ਵਿੱਚੋਂ ਹੁੰਦਾ ਹੋਇਆ ਚੰਡੀਗੜ੍ਹ ਦੀ ਤੰਗ ਨਦੀ ਘਾਟੀ ਵਿੱਚ ਜਾ ਡਿੱਗਦਾ ਹੈ। ਫਿਰ ਇਹ ਦੱਖਣ-ਪੱਛਮੀ ਦਿਸ਼ਾ ਵਿੱਚ ਵਹਿੰਦਾ ਹੋਇਆ, ਪਟਿਆਲਾ, ਸੰਗਰੂਰ ਅਤੇ ਮਾਨਸਾ ਜਿਲ੍ਹਿਆਂ ਦੇ ਦੱਖਣੀ ਭਾਗਾਂ ਵਿੱਚੋਂ ਲੰਘਦਾ ਹੈ। ਇਸ ਤੋਂ ਅੱਗੇ, ਇਸ ਨਦੀ ਨੂੰ 'ਹਾਕਰਾ' ਕਿਹਾ ਜਾਂਦਾ ਹੈ ਜੋ ਕਿ ਰਾਜਸਥਾਨ ਦੇ ਗੰਗਾਨਗਰ ਜਿਲ੍ਹੇ ਵਿੱਚ ਹਨੂੰਮਾਨਗੜ੍ਹ ਲਾਗੇ ਲੁਪਤ ਹੋ ਜਾਂਦੀ ਹੈ।

5-8 ਕਿਲੋਮੀਟਰ ਚੌੜੇ ਇਸ ਨਦੀ-ਤਲ ਵਿੱਚ ਜਮ੍ਹਾਂ ਹੋਈ ਚਿਕਨੀ ਮਿੱਟੀ ਤੋਂ ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਇਹ ਮੈਦਾਨ, ਉੱਤਰ-ਪੂਰਬ ਵੱਲ ਵਹਿੰਦੇ ਦਰਿਆ ਸਤਲੁਜ ਅਤੇ ਪੂਰਬ ਵੱਲ ਵਹਿੰਦੇ ਦਰਿਆ ਯਮੁਨਾ ਵੱਲੋਂ ਲਿਆਂਦੀ ਚਿਕਨੀ ਮਿੱਟੀ ਨਾਲ ਬਣੇ ਹਨ। ਪਰ ਪੁਰਾਤਨ ਸਮੇਂ ਵਿੱਚ ਹੋਈਆਂ ਭੂਗੋਲਿਕ, ਜਲਵਾਯੂ ਅਤੇ ਸਰੰਚਨਾਤਮਿਕੀ ਤਬਦੀਲੀਆਂ ਕਾਰਨ, ਸਤਲੁਜ ਦਰਿਆ ਉੱਤਰ ਪੱਛਮ ਵੱਲ ਅਤੇ ਯਮੁਨਾ ਦਰਿਆ ਪੂਰਬ ਵੱਲ ਨੂੰ ਮੁੜ ਗਿਆ। ਇਸੇ ਕਾਰਨ ਘੱਗਰ ਦਰਿਆ ਸੁੱਕ ਗਿਆ ਅਤੇ ਪਾਣੀ ਦੀ ਲਗਾਤਾਰ ਕਮੀ ਕਾਰਨ ਇਹ ਇੱਕ ਮੌਸਮੀ ਦਰਿਆ ਬਣ ਗਿਆ। ਕੁਝ ਲੋਕ ਇਸ ਨੂੰ ਲੁਪਤ ਹੋਈ ਸਰਸਵਤੀ ਵੀ ਆਖਦੇ ਹਨ।

ਸਾਰਣੀ 2.3

ਕੀ ਤੁਸੀਂ ਜਾਣਦੇ ਹੋ
ਪੰਜਾਬ ਦੇ 9 ਜ਼ਿਲ੍ਹੇ ਸਤਲੁਜ ਦਰਿਆ ਸਰਹੱਦ ਨਾਲ ਲਗਦੇ ਹਨ- ਰੂਪਨਗਰ, ਨਵਾਂ ਸ਼ਹਿਰ, ਜਲੰਧਰ, ਕਪੂਰਥਲਾ, ਤਰਨਤਾਰਨ, ਲੁਧਿਆਣਾ, ਮੋਗਾ, ਫਿਰੋਜ਼ਪੁਰ ਅਤੇ ਫਾਜ਼ਿਲਕਾ।
ਪੰਜਾਬ ਦੇ 3 ਜ਼ਿਲ੍ਹੇ ਰਾਵੀ ਦਰਿਆ ਦੇ ਨਾਲ ਲੱਗਦੇ ਹਨ- ਅੰਮ੍ਰਿਤਸਰ, ਪਠਾਨਕੋਟ ਅਤੇ ਗੁਰਦਾਸਪੁਰ।
ਪੰਜਾਬ ਦੇ 6 ਜਿਲ੍ਹੇ ਬਿਆਸ ਦਰਿਆ ਸਰਹੱਦ ਨਾਲ ਲੱਗਦੇ ਹਨ- ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਹੁਸ਼ਿਆਰਪੁਰ ਅਤੇ ਕਪੂਰਥਲਾ।

Scanned by CamScanner

2.4 ਪੰਜਾਬ ਦਾ ਜਲਵਾਯੂ:

ਕਿਸੇ ਸਥਾਨ ਦੇ ਲੰਮੇ ਸਮੇਂ ਤੋਂ ਸਥਾਈ, ਔਸਤਨ ਵਾਤਾਵਰਨ ਹਾਲਾਤਾਂ ਨੂੰ ਉੱਥੇ ਦੀ ਜਲਵਾਯੂ ਕਿਹਾ ਜਾਂਦਾ ਹੈ। ਮੁੱਖ ਜਲਵਾਯੂ ਤੱਤ, ਜੋ ਕਿਸੇ ਸਥਾਨ ਦੇ ਵਾਤਾਵਰਨ ਨੂੰ ਪ੍ਰਭਾਵਿਤ ਕਰਦੇ ਹਨ, ਇਸ ਪ੍ਰਕਾਰ ਹਨ- ਵਰਖਾ, ਤਾਪਮਾਨ, ਨਮੀ, ਵਾਯੂ ਦਬਾਵ, ਹਵਾ, ਬੱਦਲ ਅਤੇ ਧੁੱਪ। ਪੰਜਾਬ ਦੀ ਊਸ਼ਣਕਟੀਬੰਧੀ ਮਹਾਂਦੀਪੀ ਸਥਿਤੀ ਹੋਣ ਕਾਰਨ, ਇੱਥੇ ਇਸੇ ਕਿਸਮ ਦੀ ਜਲਵਾਸੂ ਪਾਈ ਜਾਂਦੀ ਹੈ। ਰੁੱਤਾਂ ਵਿੱਚ ਤਬਦੀਲੀ ਨਾਲ ਹੀ ਵਾਤਾਵਰਨ ਤਬਦੀਲੀ ਨਜ਼ਰ ਆਉਂਦੀ ਹੈ। ਮੌਸਮ ਅਤੇ ਭੂਗੋਲ ਵਿਗਿਆਨੀ ਮੁੱਖ ਤੌਰ ਤੇ ਤਿੰਨ ਰੁੱਤਾਂ ਅਤੇ ਪਰਿਵਰਤਨ ਕਾਲ ਦੌਰਾਨ ਪੰਜਾਬ ਵਿੱਚ ਦੋ ਰੁੱਤਾਂ ਮੰਨਦੇ ਹਨ।

1. ਮੁੱਖ ਰੁੱਤਾਂ:

1) ਗਰਮ ਅਤੇ ਖੁਸ਼ਕ ਮੌਸਮ (ਗਰਮੀ ਰੁੱਤ) (ਮੱਧ ਅਪ੍ਰੈਲ ਤੋਂ ਜੂਨ ਦੇ ਅੰਤ ਤੱਕ)

2) ਵਰਖਾ ਰੁੱਤ (ਜੁਲਾਈ ਦੇ ਆਰੰਭ ਤੋਂ ਸਤੰਬਰ ਦੇ ਅੰਤ ਤੱਕ)

3) ਸਰਦ ਰੁੱਤ (ਦਸੰਬਰ ਦੇ ਆਰੰਭ ਤੋਂ ਫਰਵਰੀ ਦੇ ਅੰਤ ਤੱਕ) ਅਤੇ

2. ਪਰਿਵਰਤਨ ਕਾਲੀਨ ਰੁੱਤਾਂ:

4) ਪੱਤਝੜ (ਅਕਤੂਬਰ ਤੋਂ ਨਵੰਬਰ ਦੇ ਅੰਤ ਤੱਕ)

5) ਬਸੰਤ (ਮਾਰਚ ਤੋਂ ਅਪ੍ਰੈਲ ਦੇ ਮੱਧ ਤੱਕ)

ਰੁੱਤਾਂ ਦੀ ਸਮਾਂ-ਪ੍ਰਤੀਬੱਧਤਾ ਵਿੱਚ ਸਾਲਾਨਾ ਤਬਦੀਲੀਆਂ ਹੋ ਸਕਦੀਆਂ ਹਨ।

1) ਗਰਮ ਅਤੇ ਖੁਸ਼ਕ ਮੌਸਮ:

ਪੰਜਾਬ ਵਿੱਚ ਗਰਮ ਅਤੇ ਖੁਸ਼ਕ ਮੌਸਮ ਮੱਧ ਅਪ੍ਰੈਲ ਤੋਂ ਜੂਨ ਦੇ ਅੰਤ ਤੱਕ ਰਹਿੰਦਾ ਹੈ। ਇਹ ਪੰਜਾਬ ਵਿੱਚੋਂ ਅੱਤ ਗਰਮੀ ਦਾ ਮੌਸਮ ਹੈ। 21 ਮਾਰਚ ਪਿੱਛੋਂ (ਵਿਸੁਵੀ), ਸੂਰਜ ਦੇ ਉੱਤਰੀ ਦਿਸ਼ਾ ਵਿੱਚ ਕਰਕ ਰੇਖਾ ਵੱਲ ਜਾਣ ਕਾਰਨ, ਤਾਪਮਾਨ ਵੱਧਣਾ ਸ਼ੁਰੂ ਹੋ ਜਾਂਦਾ ਹੈ।

ਮਈ ਤੋਂ ਜੂਨ ਤੱਕ ਗਰਮ ਅਤੇ ਖੁਸ਼ਕ ਹਵਾਵਾਂ ਜਿੰਨ੍ਹਾਂ ਨੂੰ 'ਲੂ' ਆਖਦੇ ਹਨ, ਸਾਰੀ ਦੁਪਿਹਰ ਚਲਦੀਆਂ ਹਨ ਜਿਸ ਕਾਰਨ ਤਾਪਮਾਨ ਬਹੁਤ ਵੱਧ ਜਾਂਦਾ ਹੈ। ਇਹ ਬਹੁਤ ਗਰਮ ਅਤੇ ਲੂਹ ਦੇਣ ਵਾਲੀਆਂ ਹਵਾਵਾਂ ਹਨ।

ਇਸ ਸਮੇਂ, ਇਸ ਖੇਤਰ ਵਿੱਚ ਵਾਯੂ-ਦਬਾਅ ਨਿਊਨਤਮ ਹੁੰਦਾ ਹੈ। ਊਸ਼ਣ ਮਹਾਂਦੀਪੀ ਹਵਾਵਾਂ ਇਸ ਖੇਤਰ ਨੂੰ ਘੇਰ ਲੈਂਦੀਆਂ ਹਨ। ਇਹ ਗਰਮ ਹਵਾ ਜੋ ਦੱਖਣ ਪੱਛਮੀ ਏਸ਼ੀਆਂ ਤੋਂ ਉਠਦੀ ਹੈ, ਪੰਜਾਬ ਵਿੱਚੋਂ ਲੰਘਦਿਆਂ ਹੋਰ ਵੀ ਗਰਮ ਹੋ ਜਾਂਦੀ ਹੈ। ਇਹ ਹਵਾ, ਜਦੋਂ ਪੰਜਾਬ ਦੇ ਘੱਟ ਦਬਾਅ ਵਾਲੇ ਖੇਤਰ ਦੇ ਗੇੜ੍ਹ ਵਿੱਚ ਆਉਂਦੀ ਹੈ ਤਾਂ ਬਹੁਤ ਤੇਜ਼ ਹੋ ਜਾਂਦੀ ਹੈ ਅਤੇ ਜਿਸ ਕਾਰਨ ਰੇਤੀਲੀ ਹਨੇਰੀਆਂ ਆਉਂਦੀਆਂ ਹਨ। ਬਹੁਤ ਵਾਰ ਇਹ ਰੇਤੀਲੀ ਭਰੀ ਹਨੇਰੀਆਂ ਖੇਤਾਂ ਵਿਚਲੀਆਂ ਫਸਲਾਂ ਨੂੰ ਵੀ ਨੁਕਸਾਨ ਪਹੁੰਚਾਉਂਦੀਆਂ ਹਨ।

ਇਸ ਗਰਮ ਅਤੇ ਖੁਸ਼ਕ ਮੌਸਮ ਵਿੱਚ, ਪੰਜਾਬ ਘੱਟ ਦਬਾਅ ਦਾ ਖੇਤਰ ਬਣ ਜਾਂਦਾ ਹੈ। ਜਿਸ ਕਾਰਨ ਦੱਖਣ ਪੱਛਮੀ ਮੌਨਸੂਨ ਪੌਣਾਂ ਜੂਨ ਦੇ ਅੰਤ ਤੱਕ ਇੱਥੇ ਪਹੁੰਚ ਜਾਂਦੀਆਂ ਹਨ।

2) ਵਰਖਾ ਰੁੱਤ:

ਜੂਨ ਦੇ ਅੰਤ ਤੱਕ, ਪੰਜਾਬ ਘੱਟ ਦਬਾਅ ਦਾ ਖੇਤਰ ਬਣ ਜਾਂਦਾ ਹੈ ਅਤੇ ਦੇਸ਼ ਵਿੱਚ ਸਭ ਤੋਂ ਪਹਿਲਾਂ ਦੱਖਣ-ਪੱਛਮੀ ਮੌਨਸੂਨ ਪੌਣਾਂ ਇੱਥੇ ਹੀ ਪਹੁੰਚਦੀਆਂ ਹਨ। ਪੰਜਾਬ ਵਿੱਚ, ਅਰਬ ਸਾਗਰ ਅਤੇ ਬੰਗਾਲ ਦੀ ਖਾੜੀ ਤੋਂ ਉਠੀਆਂ ਮੌਨਸੂਨ ਪੌਣਾਂ ਮਿਲ ਜਾਂਦੀਆਂ ਹਨ ਅਤੇ ਪੰਜਾਬ ਦੇ ਪੂਰਬੀ ਪਹਾੜੀ ਖੇਤਰਾਂ ਵਿੱਚ ਦਰਮਿਆਨੀ ਕਿਸਮ ਦੀ ਵਰਖਾ ਕਰਦੀਆਂ ਹਨ। ਵਰਖਾ ਦੀ

Scanned by CamScanner

ਮਾਰਚ, ਪੱਛਮ ਅਤੇ ਦਖਣ ਪੱਛਮ ਵੱਲ ਦੇ ਪਹਾੜਾਂ ਖੇਤਰ ਵਿੱਚ ਘੱਟਦੀ ਜਾਂਦੀ ਹੈ।

ਮਾਰਚ ਮਹੀਨੇ ਤੋਂ ਹੀ ਪੱਛਮੀ ਵਿਘਨ ਦੇ ਪਹਾੜਾਂ ਖੇਤਰ ਵਿੱਚ ਘੱਟਦੀ ਜਾਂਦੀ ਹੈ। ਪਹਿਲੀ ਵਰਖਾ ਮਾਰਚ ਦੇ ਹੀ ਦਿਨਾਂ ਵਿੱਚ ਸੋਹਣੀ ਦੀਆਂ ਦਿਨਾਂ ਮੌਸਮ ਪੋਹ ਦਾ ਪੰਜਾਬ ਦੀ ਆਰਥਿਕਤਾ ਤੇ ਡੂੰਘਾ ਅਸਰ ਹੈ।

ਤਾਪਮਾਨ ਦੀ ਵਿਆਪਕੀ ਸ਼ੁਰੂ ਹੁੰਦੀ ਹੈ ਅਤੇ ਨਵਾਂ ਖੇਤਰੀ ਸਾਲ ਆਰੰਭ ਹੁੰਦਾ ਹੈ।

ਤਾਪਮਾਨ ਦੀ ਵਿਆਪਕੀ ਸ਼ੁਰੂ ਹੁੰਦੀ ਹੈ ਅਤੇ ਨਵਾਂ ਖੇਤਰੀ ਸਾਲ ਆਰੰਭ ਹੁੰਦਾ ਹੈ। ਇਕਾਨ ਹੋਣੀ ਤਾਪਮਾਨ ਕੁਝ ਹੀ ਸਮੇਂ ਵਿੱਚ ਹਦੀ ਭਰੀ ਹੋ ਉਠਦੀ ਹੈ। ਤਾਪਮਾਨ ਵਿੱਚ ਖਿਚੇ ਆਣ ਆ ਜਾਂਦੀ ਹੈ ਅਤੇ ਇਕਾਨ ਹੋਣੀ ਤਾਪਮਾਨ ਕੁਝ ਹੀ ਸਮੇਂ ਵਿੱਚ ਹਦੀ ਭਰੀ ਹੋ ਉਠਦੀ ਹੈ। ਹਵਾ ਵਾ ਦੇ ਤਾਪਮਾਨਾਂ ਹੁੰਦੀ ਹੈ ਅਤੇ ਇਹ ਸਮੇਂ ਕੁਦਰਤ ਆਪਣੇ ਸੁੰਦਰਤਾ ਦੀ ਚਰਮ ਸੀਮਾ ਤੇ ਹੁੰਦੀ ਹੈ।

3) ਸਰਦ ਰੁੱਤ:

ਪੰਜਾਬ ਅਤੇ ਭਾਰਤ ਦੇ ਹੋਰਨਾ ਉਤਰੀ ਭਾਗ ਵਿੱਚ ਸਰਦ ਰੁੱਤ ਨਵੰਬਰ ਦੇ ਮੱਧ ਤੋਂ ਸ਼ੁਰੂ ਹੁੰਦੀ ਹੈ। ਉਤਰੀ ਮੈਦਾਨਾਂ ਵਿੱਚ ਦਸੰਬਰ ਅਤੇ ਜਨਵਰੀ ਸਭ ਤੋਂ ਠੰਡੇ ਮਹੀਨੇ ਹਨ। ਔਸਤਨ ਤਾਪਮਾਨ ਪੰਜਾਬ ਵਿੱਚ 21°C ਤੋਂ ਹੇਠਾਂ ਹੀ ਰਹਿੰਦਾ ਹੈ। ਰਾਤ ਸਮੇਂ ਤਾਪਮਾਨ ਹੋਰ ਘੱਟ ਜਾਂਦਾ ਹੈ ਅਤੇ ਕਈ ਵਾਰ ਪੰਜਾਬ ਵਿੱਚ ਜਮਾਂਦੀ ਦਰਜੇ ਤੇ ਪਹੁੰਚ ਜਾਂਦਾ ਹੈ।

ਇਸ ਮੌਸਮ ਵਿੱਚ ਪੰਜਾਬ ਵਿੱਚ ਅਣਹੋਂਦ ਹੇਠ ਦੇ ਮੁੱਖ ਕਾਰਨ ਹਨ:

ਉ) ਪੰਜਾਬ, ਸਮੁੰਦਰ ਤੋਂ ਕਾਫੀ ਦੂਰ ਹੋਣ ਕਾਰਨ, ਸਮੁੰਦਰੀ ਪਾਣੀ ਪੰਜਾਬ ਦੀ ਜਲਵਾਯੂ ਨੂੰ ਸੰਤੁਲਿਤ ਕਰਨ ਦੇ ਅਸਮਰਥ ਹੈ। ਇਹੀਂ ਹੈ ਕਿਤੇ ਕਾਰਨ ਇਥੇ ਮਹਾਦੀਪੀ ਜਲਵਾਯੂ ਦਾ ਮੌਸਮ ਪਾਇਆ ਜਾਂਦਾ ਹੈ।

ਅ) ਦਰਦਰੀ ਵਿੱਚ, ਕੋਮਲਮੌਸਮ ਜਲਵਾਯੂ ਅਤੇ ਤੁਫਾਨੀਮੌਸਮਾਤ ਦੇ ਅਣੁਚਿਤੀਆਂ ਠੰਢੀਆਂ ਹਵਾਵਾਂ ਆਪਣੇ ਨਾਲ ਗਰਦ ਅਤੇ ਧੁੰਦ ਲੈ ਕੇ ਆਉਂਦੀਆਂ ਹਨ।

ਸਰਦੀਆਂ ਵਿੱਚ ਉਤਰ-ਪੂਰਬੀ ਮੌਨਸੂਨ ਪੌਣ ਭਾਰਤੀ ਉਪਮਹਾਦੀਪ ਵਿੱਚ ਵਰਖਾ ਨਹੀਂ ਕਰਦੀਆਂ ਕਿਉਂਕਿ ਹੁਣ ਉਹ ਕਰੀਬੀ ਖੇਤਰ ਤੋਂ ਸਮੁੰਦਰ ਵੱਲ ਨੂੰ ਚਲੀਆਂ ਜਾਂਦੀਆਂ ਹਨ। ਅਜਿਹਾ ਉਹਨਾਂ ਦੇ ਪ੍ਰਤੀ-ਚੱਕਰਵਾਤੀ ਰੋਤ ਕਾਰਨ ਵੀ ਹੁੰਦਾ ਹੈ। ਪਰ ਕੁਝ ਮੌਸਮ ਸੰਬੰਧਕ ਚੱਕਰਵਾਤ ਕਾਰਨ, ਜੋ ਭੂਮੱਧ ਸਾਗਰ 'ਚੋਂ ਉਠਦੇ ਹਨ, ਕਾਰਨ ਪੰਜਾਬ ਵਿੱਚ ਕੁਝ ਵਰਖਾ ਹੋ ਜਾਂਦੀ ਹੈ। ਭਾਵੇਂ ਇਹ ਵਰਖਾ ਕਾਫੀ ਘੱਟ ਜਾਂਦੀ ਹੈ ਪਰ ਹਾੜੀ ਦੀਆਂ ਫਸਲਾਂ ਲਈ ਕਾਫੀ ਲਾਹੇਵੰਦ ਸਾਬਿਤ ਹੁੰਦੀ ਹੈ।

4) ਖੁਸ਼ਕ ਰੁੱਤ:

ਭਾਰਤ ਵਿਚ ਪੰਜਾਬ ਉਹ ਪਹਿਲਾ ਰਾਜ ਹੈ ਜਿਥੇ ਸਰਦਰਤ ਵਿੱਚ ਮੌਨਸੂਨ ਪੌਣਾਂ ਮੁਤ ਜਾਂਦੀਆਂ ਹਨ। ਸੋ ਨਵੰਬਰ ਮਹੀਨੇ ਦੇ ਅੰਤ ਤੱਕ ਮੌਸਮ ਵਿੱਚ ਲਗਾਤਾਰ ਤਬਦੀਲੀ ਘਟੀ ਜਾਂਦੀ ਹੈ। ਦਿਨ ਪਰਿਵਰਤਨ ਕਾਲ ਦੌਰਾਨ ਮੌਸਮ ਖੁਸ਼ਕ ਰਹਿੰਦਾ ਹੈ। ਦਿਨ ਵੇਲੇ ਤਾਪਮਾਨ ਵੀਹ ਹੁੰਦਾ ਹੈ ਪਰ ਰਿਤ ਮੌਸਮ ਦੌਰਾਨ ਰਾਤ ਸੁਹਾਵਣੀ ਹੋ ਜਾਂਦੀ ਹੈ।

5) ਬਸੰਤ ਰੁੱਤ:

ਮਾਰਚ ਸ਼ੁਰੂ ਹੁੰਦੇ ਹੀ ਤਾਪਮਾਨ ਦਿਨੋਂਦਿਨ ਵੰਧਣਾ ਸ਼ੁਰੂ ਹੋ ਜਾਂਦਾ ਹੈ ਅਤੇ ਠੰਢ ਖਤਮ ਹੋ ਜਾਂਦੀ ਹੈ। ਮੱਧ ਮਾਰਚ ਤੱਕ ਪੱਛਮੀ ਖਲਾ ਦੀ ਤੀਵਰਤਾ ਵੀ ਘੱਟ ਜਾਂਦੀ ਹੈ। ਵਰਖਾ ਦੇ ਨਾਲ-ਨਾਲ ਗੜੇ ਵੀ ਪੈ ਸਕਦੇ ਹਨ, ਜੋ ਕਿ ਖੜੀਆਂ ਫਸਲਾਂ ਲਈ ਨੁਕਸਾਨ ਦੇਹ ਸਾਬਿਤ ਹੁੰਦੇ ਹਨ। ਮਾਰਚ ਦੇ ਅੰਤ ਵਿੱਚ ਹਵਾ ਗਰਮ ਅਤੇ ਖੁਸ਼ਕ ਹੋ ਜਾਂਦੀ ਹੈ ਅਤੇ ਅਪ੍ਰੈਲ ਦੇ ਸ਼ੁਰੂ ਵਿੱਚ ਆ ਕਰੀ ਇਹ ਮੌਸਮੀ ਤਬਦੀਲੀ ਕਾਫੀ ਤੇਜ਼ ਹੁੰਦੀ ਹੈ। ਅਪ੍ਰੈਲ ਦੇ ਅੰਤ ਤੱਕ ਗਰਮ ਰੁੱਤ ਵੀ ਆਰੰਭ ਹੋ ਜਾਂਦੀ ਹੈ।

Scanned by CamScanner

2.5 ਵਣ:

ਰਾਜ ਦਾ ਅੰਕਿਤ ਵਣ ਖੇਤਰ 2,442 ਵਰਗ ਕਿਲੋਮੀਟਰ ਹੈ ਜੋ ਕਿ ਰਾਜ ਦੇ ਭੂਗੋਲਿਕ ਖੇਤਰਫਲ ਦਾ 4.84% ਹੈ। ਇਸ ਵਿੱਚ ਰਾਖਵੇ ਵਣ 1.43%, ਸੁਰੱਖਿਅਤ ਵਣ 36.87% ਅਤੇ ਅਵਵਰਗੀਕ੍ਰਿਤ ਵਣ 61.70% ਹਨ।

ਘਣਤਾ ਅਨੁਸਾਰ ਵਣ ਖੇਤਰ (ਜ਼ਿਲ੍ਹੇ ਵਾਰ) ਇਸ ਪ੍ਰਕਾਰ ਹਨ:

ਪਹਿਲਾ: ਹੁਸ਼ਿਆਰਪੁਰ (34%)

ਦੂਜਾ: ਰੋਪੜ (24%)

ਤੀਜਾ: ਨਵਾਂਸ਼ਹਿਰ (15%)

ਚੌਥਾ: ਗੁਰਦਾਸਪੁਰ (10%)

ਇਹਨਾਂ ਚਾਰ ਜ਼ਿਲ੍ਹਿਆਂ ਵਿੱਚ ਜ਼ਿਵਾਲਿਕ ਪਹਾੜੀਆਂ ਹਨ। ਇਥੇ ਉੱਤਮ ਦਰਜੇ ਦੀ ਵਰਖਾ ਹੁੰਦੀ ਹੈ। ਇਨ੍ਹਾਂ ਜ਼ਿਲ੍ਹਿਆਂ 'ਚ ਕਾਫ਼ੀ ਸਾਰੇ ਮੌਸਮੀ ਚੋਅ ਹਨ। ਇਨ੍ਹਾਂ ਜ਼ਿਲ੍ਹਿਆਂ 'ਚ ਜ਼ਿਆਦਾ ਜ਼ਮੀਨ ਖੇਤੀ ਲਈ ਯੋਗ ਨਹੀ ਹੈ ਅਤੇ ਜ਼ਮੀਨ ਵਿਚ ਵਧੇਰੇ ਨਮੀ ਸੋਖਣ ਦੀ ਸਮਰੱਥਾ ਹੈ।

- ਕੇਂਦਰੀ ਜ਼ਿਲ੍ਹੇ ਜਿਵੇਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਿੱਚ ਵਣ ਖੇਤਰ ਦੀ ਔਸਤ ਘਣਤਾ ਕਾਫ਼ੀ ਘੱਟ ਹੈ।
- ਪੰਜਾਬ ਦੇ ਦੱਖਣ ਪੰਛਮੀ ਮੈਦਾਨਾਂ ਜਿਵੇਂ ਸੰਗਰੂਰ, ਮੋਗਾ, ਫਰੀਦਕੋਟ, ਬਠਿੰਡਾ, ਮਾਨਸਾ, ਮੁਕਤਸਰ, ਫਾਜ਼ਿਲਕਾ ਅਤੇ ਫਿਰੋਜ਼ਪੁਰ ਵਿੱਚ ਵਣ ਦੀ ਘਣਤਾ ਨਾਮਾਤਰ ਹੈ (2% ਤੋਂ ਹੇਠਾਂ)।

ਪੰਜਾਬ ਦੇ ਸੁਰੱਖਿਅਤ ਖੇਤਰ:

ਸੁਰੱਖਿਅਤ ਖੇਤਰ ਉਹ ਖੇਤਰ ਹਨ ਜਿੱਥੇ ਮਨੁੱਖੀ ਦਖਲ ਅਤੇ ਕੁਦਰਤੀ ਸਰੋਤਾਂ ਦਾ ਲੋਭਣ ਸੀਮਿਤ ਹੈ। 340 ਵਰਗ ਕਿ.ਮੀ. ਦਾ ਇਹ ਖੇਤਰ, 13 ਜੰਗਲੀ ਜੀਵ ਸੈਂਕਚੂਰੀਆਂ, 4 ਰੱਖਿਆ ਸ਼ਰਣ ਸਥੱਲ ਅਤੇ 3 ਕਮਿਊਨਿਟੀ ਰਿਜ਼ਰਵ ਅੰਤਰਗਤ ਸੁਰੱਖਿਅਤ ਰੱਖਿਆ ਜਾ ਰਿਹਾ ਹੈ। ਪੰਜਾਬ ਵਿੱਚ ਕੁੱਲ 21 ਤਰਭੂਮੀ ਖੇਤਰ ਹਨ। ਜਿੰਨਾਂ ਵਿੱਚੋਂ 12 ਕੁਦਰਤੀ ਅਤੇ 9 ਮਨੁੱਖ-ਨਿਰਮਿਤ ਹਨ।

ਪੰਜਾਬ ਦੇ ਤਰਭੂਮੀ ਖੇਤਰ:

ਤਰਭੂਮੀ ਖੇਤਰ, ਵਾਤਾਵਰਨ ਦਾ ਉਹ ਹਿੱਸਾ ਹਨ, ਜਿੱਥੇ ਜਲੀ, ਉਪ-ਜਲੀ ਅਤੇ ਥਲੀ ਵਿਸ਼ੇਸ਼ ਗੁਣ ਮਿਲਦੇ ਹਨ। ਇਹ ਖੇਤਰ ਜਲਵਾਯੂ, ਮਿੱਟੀ ਦੀ ਕਿਸਮ, ਪਾਣੀ ਦੀ ਰਸਾਇਣਿਕ ਬਣਤਰ, ਭੂਗੋਲਿਕ ਸਥਿਤੀ, ਜਲ ਵਿਗਿਆਨ ਅਤੇ ਕਈ ਹੋਰਨਾਂ ਤੱਤਾਂ ਦੇ ਵੱਖਰੇ ਹੋਣ ਕਾਰਨ, ਇੱਕ ਦੂਜੇ ਤੋਂ ਕਾਫ਼ੀ ਵੱਖਰੇ ਹੁੰਦੇ ਹਨ।

1971 ਵਿੱਚ ਹੋਈ ਰਾਮਸਰ ਕਨਵੈਨਸ਼ਨ ਵਿੱਚ ਦਿੱਤੀ ਗਈ ਪਰਿਭਾਸ਼ਾ ਅਨੁਸਾਰ ਤਰਭੂਮੀ ਖੇਤਰ ਦਲਦਲੀ ਭੂਮੀ ਦੇ ਥਲੀ ਜਾਂ ਜਲੀ, ਕੁਦਰਤੀ ਜਾਂ ਬਨਾਵਟੀ, ਸਥਾਈ ਜਾਂ ਅਸਥਾਈ, ਵਗਦੇ ਜਾਂ ਖੜ੍ਹੇ ਪਾਣੀ ਵਾਲੇ, ਤਾਜ਼ੇ ਜਾਂ ਖਾਰੇ ਪਾਣੀ ਵਾਲੇ ਇਲਾਕੇ ਹਨ ਜਿੰਨ੍ਹਾਂ ਦੀ ਡੂੰਘਾਈ 6 ਮੀਟਰ ਤੋਂ ਘੱਟ ਹੈ।

ਪੰਜਾਬ ਵਿੱਚ 12 ਕੁਦਰਤੀ ਅਤੇ 9 ਮਨੁੱਖ-ਨਿਰਮਿਤ ਤਰਭੂਮੀ ਖੇਤਰ ਹਨ। ਇਹਨਾਂ ਵਿੱਚ ਤਿੰਨ ਖੇਤਰਾਂ ਨੂੰ ਰਾਮਸਰ ਸਥਲ ਐਲਾਨਿਆ ਜਾ ਚੁੱਕਾ ਹੈ। ਇਹ ਸਥਲ ਹਨ: ਹਰੀਕੇ, ਕਾਂਜਲੀ ਅਤੇ ਰੋਪੜ। ਦੋ ਸਥਲਾਂ ਰਣਜੀਤ ਸਾਗਰ ਅਤੇ ਨੰਗਲ

Scanned by CamScanner

ਨੂੰ ਰਾਸ਼ਟਰੀ ਤਰਭੂਮੀ ਸਥਲ ਐਲਾਨਿਆ ਗਿਆ ਹੈ।

ਮਹੱਤਤ ਦੇ ਅਧਾਰ ਤੇ ਪੰਜਾਬ ਦੇ ਤਰਭੂਮੀ ਖੇਤਰਾਂ ਨੂੰ ਹੇਠ ਲਿਖੇ ਅਨੁਸਾਰ ਵਰਗੀਕ੍ਰਿਤ ਕੀਤਾ ਗਿਆ ਹੈ:

ੳ) ਅੰਤਰਰਾਸ਼ਟਰੀ ਮਹੱਤਵ ਦੇ ਤਰਭੂਮੀ ਖੇਤਰ (ਰਾਮਸਰ ਸਥਲ)

ਅ) ਰਾਸ਼ਟਰੀ ਮਹੱਤਵ ਦੇ ਤਰਭੂਮੀ ਖੇਤਰ

ੲ) ਰਾਜ ਦੇ ਤਰਭੂਮੀ ਖੇਤਰ

ਸ) ਹੋਰ ਸ਼ਨਾਖਤ ਕੀਤੇ ਤਰਭੂਮੀ ਖੇਤਰ

ੳ) ਅੰਤਰ ਰਾਸ਼ਟਰੀ ਮਹੱਤਵ ਦੇ ਤਰਭੂਮੀ ਖੇਤਰ (ਰਾਮਸਰ ਸਥਲ):

ਪੰਜਾਬ ਵਿੱਚ ਤਿੰਨ ਰਾਮਸਰ ਸਥਲ ਹਨ:

1. **ਹਰੀਕੇ ਤਰਭੂਮੀ ਖੇਤਰ:** ਇਸ ਨੂੰ ਹਰੀਕੇ ਪੱਤਣ ਵੀ ਕਿਹਾ ਜਾਂਦਾ ਹੈ ਅਤੇ ਇਹ ਉਤਰੀ ਭਾਰਤ ਦੀ ਸਭ ਤੋਂ ਵੱਡੀ ਤਾਜ਼ੇ ਪਾਣੀ ਦੀ ਤਰਭੂਮੀ ਹੈ ਜੋ ਕਿ ਪੰਜਾਬ ਦੇ ਤਰਨਤਾਰਨ ਜਿਲ੍ਹੇ ਵਿੱਚ ਸਥਿਤ ਹੈ। ਇਹ 1952 ਵਿੱਚ ਸਤਲੁਜ-ਬਿਆਸ ਦੇ ਸੰਗਮ ਤੇ ਬੰਨ੍ਹ ਬਣਨ ਮਗਰੋਂ ਹੋਂਦ ਵਿੱਚ ਆਈ। ਇਹ ਖੇਤਰ 1990 ਵਿੱਚ ਅੰਤਰਰਾਸ਼ਟਰੀ ਤਰਭੂਮੀ ਸੰਸਥਾ ਜੋ ਕਿ ਯੂ.ਐਨ.ਡੀ.ਪੀ. (ਯੂਨਾਇਟਿਡ ਨੈਸ਼ਨਲ ਡਿਵੈਲਪਮੈਂਟ ਪ੍ਰੋਗਰਾਮ) ਦੇ ਅੰਤਰਗਤ ਆਉਂਦੀ ਹੈ, ਵੱਲੋਂ ਰਾਮਸਰ ਸਥਲ ਐਲਾਨਿਆ ਗਿਆ। ਪੰਜਾਬ ਸਰਕਾਰ ਨੇ ਵੀ ਹਰੀਕੇ ਨੂੰ 1982 ਵਿੱਚ ਜੰਗਲੀ-ਜੀਵ ਸੈਂਕਚੁਰੀ ਐਲਾਨਿਆ। ਇਹ ਇੱਕ ਮਾਨਵ ਨਿਰਮਿਤ, ਜਲੀ ਅਤੇ ਝੀਲ ਸਬੰਧਿਤ ਤਰਭੂਮੀ ਖੇਤਰ ਹੈ।
2. **ਕਾਂਜਲੀ ਤਰਭੂਮੀ ਖੇਤਰ:** ਇਹ ਮਾਨਵ ਨਿਰਮਿਤ ਤਾਜੇ ਪਾਣੀ ਦੀ ਤਰਭੂਮੀ ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਵਿੱਚ ਸਥਿਤ ਹੈ। ਇਹ ਤਰਭੂਮੀ ਖੇਤਰ ਬਿਆਸ ਦਰਿਆ ਦੀ ਸ਼ਾਖਾ, ਬੇਈ ਦਰਿਆ ਉਪਰ, ਹਿੰਟਰਲੈਂਡ ਨੂੰ ਸਿੰਚਾਈ ਸਾਧਨ ਉਪਲੱਭਧ ਕਰਵਾਉਣ ਖਾਤਿਰ 1970 ਵਿੱਚ ਬਣਾਏ ਬੰਨ੍ਹ ਦੌਰਾਨ ਹੋਂਦ ਵਿੱਚ ਆਈ। 1988 ਵਿੱਚ ਇਸ ਨੂੰ ਰਾਸ਼ਟਰੀ ਮਹੱਤਵ ਦੀ ਤਰਭੂਮੀ ਮੰਨਿਆ ਗਿਆ ਅਤੇ 2002 ਵਿੱਚ ਰਾਮਸਰ ਕਨਵੈਨਸ਼ਨ ਵੱਲੋਂ ਇਸ ਖੇਤਰ ਨੂੰ ਅੰਤਰ ਰਾਸ਼ਟਰੀ ਪੱਧਰ ਦੀ ਤਰਭੂਮੀ ਵੱਜੋਂ ਨਿਵਾਜਿਆ ਗਿਆ। ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਇਸ ਥਾਂ ਦੀ ਵਿਲੱਖਣ ਸਮਾਜਿਕ ਅਤੇ ਧਾਰਮਿਕ ਮਹੱਤਤਾ ਹੈ।
3. **ਰੋਪੜ ਤਰਭੂਮੀ ਖੇਤਰ:** ਇਹ ਇੱਕ ਜਲੀ, ਸਮੁੰਦਰੀ ਕਿਸਮ ਦੀ, ਮਨੁੱਖ ਦੁਆਰਾ ਨਿਰਮਿਤ ਤਰਭੂਮੀ ਖੇਤਰ ਹੈ। ਜੋ 1887 ਵਿੱਚ ਰੋਪੜ ਨੇੜੇ ਸਤਲੁਜ ਦਰਿਆ ਤੇ ਬੰਨ੍ਹ ਬਣਨ ਮਗਰੋਂ ਹੋਂਦ ਵਿੱਚ ਆਇਆ। 1996 ਵਿੱਚ ਇਸ ਨੂੰ ਰਾਸ਼ਟਰੀ ਮਹੱਤਵ ਦੀ ਤਰਭੂਮੀ ਮੰਨਿਆ ਗਿਆ। 2002 ਵਿੱਚ ਇਸ ਨੂੰ ਰਾਮਸਰ ਸਥਲ ਘੋਸ਼ਿਤ ਕੀਤਾ ਗਿਆ।

ਅ) ਰਾਸ਼ਟਰੀ ਮਹੱਤਵ ਦੇ ਤਰਭੂਮੀ ਸਥਲ:

ਪੰਜਾਬ ਵਿੱਚ ਰਾਸ਼ਟਰੀ ਮਹੱਤਵ ਦੇ ਦੋ ਤਰਭੂਮੀ ਸਥਲ ਹਨ:

1. **ਰਣਜੀਤ ਸਾਗਰ ਤਰਭੂਮੀ:-** ਰਣਜੀਤ ਸਾਗਰ ਦਰਿਆ ਰਾਵੀ ਤੇ ਗੁਰਦਾਸਪੁਰ ਵਿਚਲੇ ਮਾਧੋਪੁਰ ਨੇੜੇ ਬਣੇ ਡੈਮ ਤੇ ਬਣਿਆ ਹੋਇਆ ਹੈ। ਇਹ ਮਨੁੱਖ-ਨਿਰਮਿਤ, ਜਲੀ, ਸਮੁੰਦਰੀ ਅਤੇ ਤਾਜੇ ਪਾਣੀ ਵਾਲਾ ਤਰਭੂਮੀ ਸਥਲ ਹੈ। 2006 ਵਿੱਚ ਇਸ ਨੂੰ ਰਾਸ਼ਟਰੀ ਮਹੱਤਵ ਦਾ ਤਰਭੂਮੀ ਸਥਲ ਘੋਸ਼ਿਤ ਕੀਤਾ ਗਿਆ।
2. **ਨੰਗਲ ਤਰਭੂਮੀ:-** ਨੰਗਲ ਬੰਨ੍ਹ ਦਰਿਆ ਸਤਲੁਜ ਤੇ ਭਾਖੜਾ ਬੰਨ੍ਹ ਤੋਂ ਕਰੀਬਨ 13 ਕਿਲੋਮੀਟਰ ਹੇਠਾਂ ਸਤਲੁਜ ਦਰਿਆ ਤੇ

Scanned by CamScanner

ਬਣਾਇਆ ਗਿਆ ਹੈ। ਇਹ ਇੱਕ ਲੰਮੀ ਅਤੇ ਬਨਾਵਟੀ ਝੀਲ ਬਣਾਉਂਦਾ ਹੈ। ਜਿਸ ਨੂੰ ਨੰਗਲ ਝੀਲ ਦੇ ਨਾਮ ਨਾਲ ਜਾਣਿਆ ਜਾਂਦਾ ਹੈ। 2008 ਵਿੱਚ ਇਸ ਨੂੰ ਰਾਸ਼ਟਰੀ ਮਹੱਤਵ ਦੀ ਤਰਭੂਮੀ ਘੋਸ਼ਿਤ ਕੀਤਾ ਗਿਆ। ਮਨੁੱਖ-ਨਿਰਮਿਤ ਇਸ ਤਰਭੂਮੀ ਨੂੰ 2009 ਵਿੱਚ ਜੰਗਲੀ-ਜੀਵ ਸੈਂਕਚੁਰੀ ਵੀ ਘੋਸ਼ਿਤ ਕੀਤਾ ਗਿਆ।

ੲ) ਰਾਜ ਦੇ ਤਰਭੂਮੀ ਖੇਤਰ:

ਪੰਜਾਬ ਵਿੱਚ ਹੇਠ ਲਿਖੇ 5 ਤਰਭੂਮੀ ਖੇਤਰ ਹਨ:

1. **ਜਸਤਰਵਾਲ ਤਰਭੂਮੀ:-** ਇਹ ਇੱਕ ਕੁਦਰਤੀ ਤਰਭੂਮੀ, ਸਥਲ ਹੈ, ਜੋ ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ, ਸ਼ਹਿਰ ਅਜਨਾਲਾ ਵਿਖੇ ਹਰਚਾ ਛੀਨਾ ਬਲਾਕ ਵਿੱਚ ਪੈਂਦਾ ਹੈ।
2. **ਕਾਹਨੂੰਵਾਲ ਛੰਬ ਤਰਭੂਮੀ:-** ਇਹ ਕੁਦਰਤੀ ਤਰਭੂਮੀ ਸਥਲ, ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਸਥਿਤ ਹੈ।
3. **ਕੇਸੋਪੁਰ ਮਿਆਨੀ ਤਰਭੂਮੀ:-** ਇਹ ਕੁਦਰਤੀ ਤਰਭੂਮੀ ਸਥਲ, ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਸਥਿਤ ਹੈ।
4. **ਮੰਡ-ਭਾਰਥਲਾ ਤਰਭੂਮੀ:-** ਇਹ ਕੁਦਰਤੀ ਤਰਭੂਮੀ, ਨਵਾਂ ਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਜਿਲ੍ਹੇ ਵਿੱਚ ਸਥਿਤ ਹੈ।
5. **ਧੋਲਬਾਹਾ ਕੁੰਡ:-** ਮਨੁੱਖ ਨਿਰਮਿਤ ਇਹ ਤਰਭੂਮੀ, ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਥਿਤ ਹੈ।

ਸ) ਹੋਰ ਸ਼ਨਾਖਤ ਕੀਤੇ ਤਰਭੂਮੀ ਖੇਤਰ:

1. **ਅਲੀਵਾਲੀ ਕੋਟਲੀ:** ਇਹ ਕੁਦਰਤੀ ਤਰਭੂਮੀ ਸਥਲ ਹੈ, ਜੋ ਪੰਜਾਬ ਦੇ ਜਿਲ੍ਹਾ ਅੰਮ੍ਰਿਤਸਰ ਵਿੱਚ ਸਥਿਤ ਹੈ।
2. **ਬਰੇਟਾ:** ਇਹ ਕੁਦਰਤੀ ਤਰਭੂਮੀ ਸਥਲ ਹੈ, ਜੋ ਪੰਜਾਬ ਦੇ ਜ਼ਿਲ੍ਹਾ ਮਾਨਸਾ ਵਿੱਚ ਸਥਿਤ ਹੈ।
3. **ਨਰਾਇਣਗੜ੍ਹ ਤੇਰਕਿਆਨਾ:** ਇਹ ਕੁਦਰਤੀ ਤਰਭੂਮੀ ਹੈ, ਜੋ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਥਿਤ ਹੈ।
4. **ਸੀਤਲ ਸਾਗਰ:** ਇਹ ਕੁਦਰਤੀ ਤਰਭੂਮੀ ਹੈ, ਜੋ ਪੰਜਾਬ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਥਿਤ ਹੈ।
5. **ਰਬਾਬਸਰ:** ਇਹ ਕੁਦਰਤੀ ਤਰਭੂਮੀ ਹੈ, ਜੋ ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਵਿੱਚ ਸਥਿਤ ਹੈ।
6. **ਲੁਬਾਨਾ:** ਇਹ ਕੁਦਰਤੀ ਤਰਭੂਮੀ ਹੈ, ਜੋ ਪੰਜਾਬ ਦੇ ਜ਼ਿਲ੍ਹਾ ਪਟਿਆਲਾ ਵਿੱਚ ਸਥਿਤ ਹੈ।
7. **ਲਹਿਲ ਕਲਾਂ:** ਇਹ ਕੁਦਰਤੀ ਤਰਭੂਮੀ ਹੈ, ਜੋ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਵਿੱਚ ਸਥਿਤ ਹੈ।
8. **ਗੋਬਿੰਦਗੜ੍ਹ ਖੋਖਰ:** ਇਹ ਕੁਦਰਤੀ ਤਰਭੂਮੀ ਹੈ, ਜੋ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਵਿੱਚ ਸਥਿਤ ਹੈ।
9. **ਹੁਸੈਨੀਵਾਲਾ ਕੁੰਡ:** ਇਹ ਮਨੁੱਖ-ਨਿਰਮਿਤ ਤਰਭੂਮੀ ਹੈ, ਜੋ ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਸਥਿਤ ਹੈ।
10. **ਮੈਲੀ ਡੈਮ:** ਇਹ ਮਨੁੱਖ-ਨਿਰਮਿਤ ਤਰਭੂਮੀ ਹੈ, ਜੋ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਥਿਤ ਹੈ।
11. **ਮੈਨਗਰੋਅਲ ਡੈਮ:** ਇਹ ਮਨੁੱਖ ਨਿਰਮਿਤ ਤਰਭੂਮੀ ਹੈ, ਜੋ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਥਿਤ ਹੈ।

ਪੰਜਾਬ ਦੀਆਂ ਜੰਗਲੀ ਜੀਵ ਸੈਂਕਚੁਰੀਆਂ:

ਜੰਗਲੀ ਜੀਵ ਸੈਂਕਚੁਰੀਆਂ ਉਹ ਖੇਤਰ ਹਨ ਜਿੰਨ੍ਹਾਂ ਦੀ ਬਨਸਪਤੀ, ਜੀਵ, ਭੂਗੋਲਿਕ ਵਾਤਾਵਰਨ ਅਤੇ ਭੂ ਆਕ੍ਰਿਤੀ ਵਿਗਿਆਨ ਦੀ ਕੁਦਰਤੀ ਜਾਂ ਵਿਗਿਆਨਕ ਮਹੱਤਤਾ ਹੈ। ਸੈਂਕਚੁਰੀਆਂ ਬਣਾਉਣ ਦਾ ਉਦੇਸ਼ ਪਸ਼ੂਆਂ ਦੀ ਰੱਖਿਆ, ਉਹਨਾਂ ਦੇ ਪ੍ਰਜਣਨ ਵਿੱਚ ਸਹਾਇਤਾ, ਉਹਨਾਂ ਦੇ ਪ੍ਰਜਣਨ ਅਤੇ ਸਬੰਧਿਤ ਵਾਤਾਵਰਨ ਵਿੱਚ ਵਾਧਾ ਅਤੇ ਵਿਕਾਸ ਕਰਨਾ ਹੈ। ਸੈਂਕਚੁਰੀਆਂ ਵਿੱਚ ਰਹਿ ਰਹੇ ਲੋਕਾਂ ਦੇ ਅਧਿਕਾਰਾਂ ਵਿੱਚੋਂ ਕੁਝ ਅਧਿਕਾਰ ਹੀ ਮੂਲ ਰੂਪ ਵਿੱਚ ਪ੍ਰਵਾਨਿਤ ਹਨ। ਪੰਜਾਬ ਵਿੱਚ ਹੇਠ ਲਿਖੀਆਂ

Scanned by CamScanner

ਨਡਾਲਨ ਵਿੱਚ ਸਥਿਤ ਹੈ।

ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਥਿਤ ਹੈ।

ਜ਼ਿਲ੍ਹਾ ਦੇ ਸ਼ਹਿਰ ਅਬੋਹਰ ਵਿੱਚ ਸਥਿਤ ਹੈ ਅਤੇ ਕਾਲੇ ਹਿਰਨ ਕਾਰਨ

ਲਾ ਵਿੱਚ, ਪਟਿਆਲਾ-ਡਕਾਲਾ ਸੜਕ ਤੇ ਸਥਿਤ ਹੈ।

ਇਹ ਜ਼ਿਲ੍ਹਾ ਪਟਿਆਲਾ ਵਿੱਚ, ਪਟਿਆਲਾ-ਸਮਾਣਾ-ਸੁਨਾਮ ਸੜਕ ਤੇ

ਜ਼ਿਲ੍ਹਾ ਪਟਿਆਲਾ ਵਿੱਚ, ਪਟਿਆਲਾ ਦੇਵੀਗੜ੍ਹ ਸੜਕ ਤੇ ਸਥਿਤ ਹੈ।

ਰੱਖਿਆ ਸ਼ਰਣ ਸਥਲ:

ਰੱਖਿਆ ਸ਼ਰਣ-ਸਥਲ ਰਾਜ ਸਰਕਾਰਾਂ ਵੱਲੋਂ ਕਿਸੇ ਵੀ ਅਜਿਹੇ ਖੇਤਰ ਵਿੱਚ ਘੋਸਿਤ ਕੀਤੇ ਜਾ ਸਕਦੇ ਹਨ, ਜੋ ਇਲਾਕਾ ਸਰਕਾਰ ਦੇ ਅੰਤਰਗਤ ਆਉਂਦਾ ਹੋਵੇ, ਖਾਸ ਤੌਰ ਤੇ ਜੋ ਖੇਤਰ ਰਾਸ਼ਟਰੀ ਪਾਰਕ ਅਤੇ ਸੈਂਕਚੁਰੀਆਂ ਦੇ ਨੇੜੇ ਹੋਣ ਜਾਂ ਇੱਕ ਸੁਰੱਖਿਅਤ ਸਥਲ ਨੂੰ ਦੂਜੇ ਨਾਲ ਜੋੜਦੇ ਹੋਣ। ਅਜਿਹੀ ਘੋਸਣਾ ਉਸ ਇਲਾਕੇ ਦੇ ਮੂਲ ਨਿਵਾਸੀਆਂ ਨਾਲ ਸਲਾਹ ਮਸ਼ਵਰੇ ਮਗਰੋਂ ਹੀ ਕੀਤੀ ਜਾਣੀ ਚਾਹੀਦੀ ਹੈ। ਸਰਣ ਸਥਲਾਂ ਦਾ ਮੰਤਵ ਉਥੋਂ ਦੇ ਜੀਵ, ਬਨਸਪਤੀ, ਉਹਨਾਂ ਦੇ ਆਵਾਸ ਸਥਾਨ, ਉਥੋਂ ਦੇ ਵ੃ਕ-ਖੇਤਰ ਅਤੇ ਜਲ ਖੇਤਰ ਨੂੰ ਸੁਰੱਖਿਅਤ ਰੱਖਣਾ ਹੈ। ਇਹਨਾਂ ਸਰਣ ਸਥਲਾਂ ਅੰਦਰ ਰਹਿੰਦੇ ਲੋਕਾਂ ਦੇ ਮੂਲ ਅਧਿਕਾਰ ਕਿਸੇ ਵੀ ਰੂਪ ਵਿੱਚ ਪ੍ਰਭਾਵਿਤ ਨਹੀਂ ਹੁੰਦੇ।

ਸਮੂਹਿਕ ਰੱਖਾਂ:

ਸਮੂਹਿਕ ਰੱਖਾਂ ਰਾਜ ਸਰਕਾਰਾਂ ਵੱਲੋਂ ਕਿਸੇ ਵੀ ਨਿਜਕਤੀਗਤ ਜਾਂ ਸਮੂਹਿਕ ਜਮੀਨ ਤੇ, ਜੋ ਕਿ ਕਿਸੇ ਰਾਸ਼ਟਰੀ ਪਾਰਕ, ਰੱਖ ਜਾਂ ਪਸ਼ੂ ਸਰਣ ਸਥਲ ਅੰਤਰਗਤ ਨਹੀਂ ਆਉਂਦੀਆਂ, ਜਿੱਥੇ ਕਿਸੇ ਨਿਜਕਤੀ ਵਿਸ਼ੇਸ਼ ਜਾਂ ਸਮੂਹ ਨੇ ਜੰਗਲੀ ਜੀਵਾਂ ਅਤੇ ਉਹਨਾਂ ਦੇ ਆਵਾਸ ਸਥਲ ਦੀ ਸਾਂਭ ਸੰਭਾਲ ਅਤੇ ਰੱਖਿਆ ਲਈ ਉਦਮ ਕੀਤਾ ਹੋਵੇ, ਘੋਸਿਤ ਕੀਤੀਆਂ ਜਾ ਸਕਦੀਆਂ ਹਨ। ਇਹਨਾਂ ਰੱਖਾਂ ਦਾ ਉਦੇਸ਼ ਉਥੋਂ ਦੀ ਬਨਸਪਤੀ, ਜੀਵ ਜੰਤੂਆਂ, ਰਵਾਇਤੀ ਅਤੇ ਸੱਭਿਆਚਾਰਕ ਕਦਰਾਂ ਕੀਮਤਾਂ ਦੀ ਸੰਭਾਲ ਕਰਨਾ ਹੈ। ਸਮੂਹਿਕ ਰੱਖਾਂ ਵਿੱਚ ਰਹਿ ਰਹੇ ਲੋਕਾਂ ਦੇ ਮੂਲ ਅਧਿਕਾਰ ਕਿਸੇ ਵੀ ਰੂਪ ਵਿੱਚ ਪ੍ਰਭਾਵਿਤ ਨਹੀਂ ਹੁੰਦੇ।

Scanned by CamScanner

13. **ਨੰਗਲ ਜੰਗਲੀ ਜੀਵ ਸੈਂਕਚੁਰੀ:** ਇਸ ਨੂੰ 2009 ਵਿੱਚ ਅੰਕਿਤ ਕੀਤਾ ਗਿਆ ਅਤੇ ਇਹ ਜ਼ਿਲ੍ਹਾ ਰੋਪੜ ਵਿੱਚ ਸਥਿਤ ਹੈ।

ਪੰਜਾਬ ਦਾ ਚਾਰ ਰੱਖਿਆ ਸ਼ਰਣ ਸਥਲ:

1. **ਰੱਖ ਸਰਾਏ ਅਮਾਨਤ ਖਾਨ ਰੱਖਿਆ ਸ਼ਰਣ ਸਥਲ:** ਇਹ ਜ਼ਿਲ੍ਹਾ ਤਰਨਤਾਰਨ ਵਿੱਚ ਸਥਿਤ ਹੈ।
2. **ਬਿਆਸ ਦਰਿਆ ਰੱਖਿਆ ਸ਼ਰਣ ਸਥਲ:** 52 ਹੈਡ ਤਲਵਾਰਾ ਤੋਂ ਹਰੀਕੇ ਬੈਰੇਜ਼ ਤੱਕ ਰਾਵੀ ਦਰਿਆ ਦਾ ਖੇਤਰ।
3. **ਰਣਜੀਤ ਸਾਗਰ ਡੈਮ ਰੱਖਿਆ ਸ਼ਰਣ ਸਥਲ:** ਜੋ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਥਿਤ ਹੈ।
4. **ਰੋਪੜ ਤਰਭੂਮੀ ਰੱਖਿਆ ਸ਼ਰਣ ਸਥਲ:** ਜੋ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਥਿਤ ਹੈ।

ਪੰਜਾਬ ਦੀਆਂ ਤਿਨ ਸਮੂਹਿਕ ਰੱਖਾਂ (ਜੋ ਕਿ ਦੇਸ਼ ਵਿੱਚ ਸਭ ਤੋਂ ਪਹਿਲਾਂ 2007 ਵਿੱਚ ਅੰਕਿਤ ਕੀਤੀਆਂ ਗਈਆਂ):

1. **ਕੇਸ਼ੋਪੁਰ ਛੰਭ ਸਮੂਹਿਕ ਰੱਖ:** ਜੋ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਸਥਿਤ ਹੈ।
2. **ਲਲਵਾਨ ਸਮੂਹਿਕ ਰੱਖ:** ਜੋ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਥਿਤ ਹੈ।
3. **ਸਿਸਵਾਨ ਸਮੂਹਿਕ ਰੱਖ:** ਜੋ ਕਿ ਜ਼ਿਲ੍ਹਾ ਐਸ ਏ ਐਸ ਨਗਰ ਵਿੱਚ ਸਥਿਤ ਹੈ।

ਪੰਜਾਬ ਦੇ ਪਸ਼ੂ ਸ਼ਰਣ ਸਥਲ:

1. **ਮਹਿੰਦਰ ਚੌਧਰੀ ਪਸ਼ੂ ਸਥਲ ਜਾਂ ਛੱਤ ਬੀੜ ਚਿੜਿਆ ਘਰ:** ਇਹ ਜੀਵ ਸਥਲ ਜੀਰਕਪੁਰ ਨੇੜੇ ਸਥਿਤ ਹੈ ਜਿੱਥੇ ਸੈਂਕੜੇ ਵੱਖ-ਵੱਖ ਤਰ੍ਹਾਂ ਦੇ ਪੰਛੀ, ਦੁੱਧਾਧਾਰੀ ਅਤੇ ਰੇਂਗਣ ਵਾਲੇ ਜੀਵ ਹਨ। ਇਸ ਚਿੜੀਆ ਘਰ ਦਾ ਮੁੱਖ ਆਕਰਸ਼ਣ ਇੱਥੋਂ ਦੀ ਸ਼ੇਰ ਸਫਾਰੀ ਹੈ।
2. **ਲੁਧਿਆਣਾ ਚਿੜੀਆਘਰ (ਚੀਤਾ ਸਫਾਰੀ):** ਇਹ ਜ਼ਿਲ੍ਹਾ ਲੁਧਿਆਣਾ ਵਿੱਚ ਸਥਿਤ ਹੈ।
3. **ਛੋਟਾ ਚਿੜੀਆ ਘਰ (ਹਿਰਨ ਪਾਰਕ, ਨੀਲੋਂ):** ਇਹ ਜ਼ਿਲ੍ਹਾ ਲੁਧਿਆਣਾ ਵਿੱਚ ਸਥਿਤ ਹੈ।
4. **ਛੋਟਾ ਚਿੜੀਆ ਘਰ (ਹਿਰਨ ਪਾਰਕ, ਬੀੜ ਮੋਤੀ ਬਾਗ):** ਇਹ ਜ਼ਿਲ੍ਹਾ ਪਟਿਆਲਾ ਵਿੱਚ ਸਥਿਤ ਹੈ।
5. **ਛੋਟਾ ਚਿੜੀਆਂ ਘਰ (ਹਿਰਨ ਪਾਰਕ, ਬੀੜ ਤਲਾਬ):** ਇਹ ਜ਼ਿਲ੍ਹਾ ਬਠਿੰਡਾ ਵਿੱਚ ਸਥਿਤ ਹੈ।

ਜੀਵ ਗ੍ਰਹਿਣ ਯੋਜਨਾ :

ਪੰਜਾਬ ਸਰਕਾਰ ਦੁਆਰਾ, ਸਾਰੀਆਂ ਹੀ ਪੰਜ ਜੀਵ ਰੱਖਾਂ ਲਈ ਜੀਵ ਗ੍ਰਹਿਣ ਯੋਜਨਾ ਆਰੰਭ ਕੀਤੀ ਗਈ ਹੈ, ਜਿਸ ਅਧੀਨ ਕੋਈ ਵੀ ਟਰੱਸਟ, ਸੰਗਠਨ ਜਾਂ ਵਿਅਕਤੀ ਵਿਸ਼ੇਸ ਕੁਝ ਮਹੀਨਿਆਂ ਜਾਂ ਸਾਲ ਲਈ ਕਿਸੇ ਵੀ ਪਸ਼ੂ ਜਾਂ ਪੰਛੀ ਨੂੰ ਗੋਦ ਲੈ ਸਕਦਾ ਹੈ। ਬਦਲੇ ਵਿੱਚ ਉਸ ਨੂੰ ਨਾਮਾਤਰ ਫੀਸ ਅਧਿਕਾਰੀਆਂ ਕੋਲ ਜਮ੍ਹਾਂ ਕਰਵਾਉਣੀ ਹੋਵੇਗੀ ਤਾਂ ਜੋ ਇਸ ਫੀਸ ਨਾਲ ਜੰਤੂਆ ਦੀ ਖਾਧ ਖੁਰਾਕ, ਸਫ਼ਾਈ ਅਤੇ ਉਚਿਤ ਸਿਹਤ-ਸੰਭਾਲ ਕੀਤੀ ਜਾ ਸਕੇ।

Scanned by CamScanner

2.6 ਪੰਜਾਬ ਵਿੱਚ ਮਿੱਟੀ ਦੀਆਂ ਕਿਸਮਾਂ:

'ਮਿੱਟੀ' ਸ਼ਬਦ ਪ੍ਰਾਚੀਨ ਰੋਮ ਦੀ ਭਾਸ਼ਾ (ਲਾਤੀਨੀ) ਦੇ ਸ਼ਬਦ 'ਸੋਲਮ' ਤੋਂ ਬਣਿਆ ਹੈ ਜਿਸ ਦਾ ਅਰਥ ਹੈ 'ਜ਼ਮੀਨ'। ਮਿੱਟੀ, ਜ਼ਮੀਨ ਦੀ ਸਭ ਤੋਂ ਉਪਰਲੀ ਤਹਿ ਹੈ ਜਿਸ ਵਿੱਚ ਕਈ ਖਣਿਜ ਪਦਾਰਥ, ਪੱਥਰਾਂ ਦੇ ਟੁੱਟੇ-ਫੁੱਟੇ ਅੰਸ਼, ਅਤੇ ਜੈਵਿਕ ਮਾਦਾ ਜੋ ਕਿ ਦੰਦਾਨਾਂ ਦੀ ਟੁੱਟ-ਭੱਜ, ਬਨਸਪਤੀ ਅਤੇ ਜੀਵ ਜੰਤੂਆਂ ਦੇ ਗਲਣ ਸੜਨ ਤੋਂ ਉਤਪੰਨ ਹੁੰਦਾ ਹੈ, ਇਹ ਮੁੱਖ ਤੌਰ ਤੇ ਮੌਸਮੀ ਅਤੇ ਜੈਵਿਕ ਤੱਤਾਂ ਕਾਰਨ ਲੰਮੇ ਸਮੇਂ ਤੋਂ ਚੱਲ ਰਹੀ ਪ੍ਰਕਿਰਿਆ ਕਾਰਨ ਹੁੰਦਾ ਹੈ। ਮਿੱਟੀ ਦੇ ਕਣਾਂ ਵਿੱਚ ਹਵਾ ਅਤੇ ਪਾਣੀ ਵੀ ਹੁੰਦਾ ਹੈ। ਪੰਜਾਬ ਦੇ ਮੈਦਾਨ, ਇੰਡੇ-ਗੰਗਾ ਨਿਕਾਸੀ ਪ੍ਰਣਾਲੀ ਵਿੱਚ ਪੈਂਦੇ ਹਨ। ਇਹ ਹਿਮਾਲਿਆ ਤੋਂ ਲਿਆਂਦੀ ਦਰਿਆਈ ਮਿੱਟੀ ਦੇ ਜਮ੍ਹਾਂ ਹੋਣ ਨਾਲ ਬਣੇ ਹਨ।ਇਸ ਉਪਰਲੀ ਪਰਤ ਵਿਚਲੇ ਮਾਦੇ ਦੀ ਅਸਲ ਬਣਤਰ ਵਿੱਚ ਮੌਜੂਦਾ ਜਲਵਾਯੂ ਦੇ ਕਾਰਨ ਬਦਲਾਅ ਆ ਗਿਆ ਹੈ।

ਪੌਣ-ਪਾਣੀ, ਬਣਤਰ-ਸ਼ੈਲੀ, ਭੂਗੋਲਿਕ ਸਥਿਤੀ ਅਤੇ ਖੋਰ ਪ੍ਰਕ੍ਰਿਆ ਦੇ ਆਧਾਰ ਤੇ, ਪੰਜਾਬ ਵਿੱਚ ਮਿੱਟੀ ਦੀਆਂ ਹੇਠ ਲਿਖੀਆਂ ਕਿਸਮਾਂ ਮਿਲਦੀਆਂ ਹਨ :

1. **ਹੜ੍ਹਾਂ ਦੇ ਮੈਦਾਨ ਜਾਂ ਬੇਤ ਮਿੱਟੀ:** ਇਹ ਕਈ ਦਰਿਆਵਾਂ, ਨਦੀਆਂ ਅਤੇ ਚੋਆਂ ਰਾਹੀਂ ਲਿਆਂਦੀ ਮਿੱਟੀ ਨਾਲ ਬਣੇ ਮੈਦਾਨ ਹਨ। ਇਹ ਖਾਦਰ ਕਿਸਮ ਦੀ ਮਿੱਟੀ ਹੈ ਜੋ ਚਿਰਕਾਰ ਤੋਂ, ਨਿਰੰਤਰ ਆ ਰਹੇ ਹੜ੍ਹਾਂ ਕਾਰਨ ਇਕੱਠੀ ਹੋ ਗਈ ਹੈ। ਅਜਿਹੀ ਮਿੱਟੀ ਸਤਲੁਜ, ਰਾਵੀ, ਬਿਆਸ ਅਤੇ ਘੱਗਰ ਦਰਿਆਵਾ ਦੇ ਦੋਹਾਂ ਕੰਢਿਆਂ ਦੇ ਨਾਲ-ਨਾਲ, ਇਕ ਲੰਮੀ ਪੇਟੀ ਦੇ ਰੂਪ ਵਿੱਚ ਫੈਲੀ ਹੋਈ ਹੈ। ਪੰਜਾਬ ਵਿੱਚ, ਬੇਤ ਮਿੱਟੀ ਦਾ ਕਾਫੀ ਚੌੜਾ ਖੇਤਰ ਹੈ ਜੋ ਕਿ ਸਤਲੁਜ ਦਰਿਆ ਦੇ ਪੱਛਮੀ ਕੰਢੇ ਦੇ ਨਾਲ-ਨਾਲ ਦੱਖਣ ਪੱਛਮੀ ਦਿਸ਼ਾ ਵਿੱਚ, ਰੋਪੜ ਤੋਂ ਫਾਜ਼ਿਲਕਾ ਵੱਲ ਨੂੰ ਫੈਲਿਆ ਹੋਇਆ ਹੈ। ਜੀਰਾ ਅਤੇ ਮੋਗਾ ਤਹਿਸੀਲਾਂ ਵਿੱਚ ਇਹ ਵਧੇਰੇ ਮਾਤਰਾ ਵਿਚ ਹੈ।

ਭੌਤਿਕ ਅਤੇ ਰਸਾਇਣਿਕ ਬਣਤਰ: ਇਹਨਾਂ ਦਾ ਰੰਗ ਹਲਕੇ ਪੀਲੇ ਤੋਂ ਪੀਲਾ ਭੂਰਾ ਹੈ। ਇਹ ਉੱਤਮ ਨਿਕਾਸ ਵਾਲੀਆਂ, ਡੂੰਘੀਆਂ, ਘੱਟ ਜੈਵਿਕ ਮਾਦੇ ਵਾਲੀਆਂ ਮਿੱਟੀਆਂ ਹਨ, ਜਿਨ੍ਹਾਂ ਦੀ ਬਣਤਰ ਸ਼ੈਲੀ ਕਾਫੀ ਵੱਖਰੀ ਹੈ। ਹੜ੍ਹਾਂ ਕਾਰਨ ਇਹ ਗਿੱਲੀ ਅਤੇ ਤਹਿਦਾਰ ਹੈ।ਇਸ ਮਿੱਟੀ ਦਾ ਖਾਰੀ ਅੰਗ 7.0 ਤੋਂ 8.4 ਤੱਕ ਹੈ ਅਤੇ ਅਜਿਹੀ ਮਿੱਟੀ ਕਣਕ, ਚੌਲ, ਗੰਨੇ ਅਤੇ ਸਬਜ਼ੀਆਂ ਦੀ ਖੇਤੀ ਲਈ ਉੱਤਮ ਹੈ।

2. **ਚੀਕਣੀ ਮਿੱਟੀ:** ਇਹ ਰਾਜ ਦੀ ਸਭ ਤੋਂ ਉਪਜਾਊ ਜ਼ਮੀਨ ਹੈ। ਇਸ ਮਿੱਟੀ ਵਿੱਚ ਮੁਖ ਤੌਰ ਤੇ ਕਣਕ ਅਤੇ ਚੌਲ ਦੀ ਖੇਤੀ ਹੁੰਦੀ ਹੈ। ਮਿੱਟੀ ਦੀ ਇਹ ਕਿਸਮ ਜ਼ਿਲ੍ਹਾ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ ਦੀ ਨਕੋਦਰ ਤਹਿਸੀਲ, ਤਹਿਸੀਲ ਫਗਵਾੜਾ ਅਤੇ ਜ਼ਿਲ੍ਹਾ ਕਪੂਰਥਲਾ ਦੇ ਕੇਂਦਰੀ ਭਾਗਾਂ ਵਿੱਚ ਮਿਲਦੀ ਹੈ। ਮਾਲਵਾ ਖੇਤਰ ਵਿੱਚ ਇਹ ਮਿੱਟੀ ਪਟਿਆਲਾ, ਨਾਭਾ, ਸੰਗਰੂਰ, ਮੋਗਾ, ਬਠਿੰਡਾ ਅਤੇ ਮੁਕਤਸਰ ਜਿਲ੍ਹਿਆਂ ਵਿੱਚ ਮਿਲਦੀ ਹੈ। ਚੋਆਂ ਅਤੇ ਨਾਲਿਆਂ ਵਿੱਚ ਆਏ ਹੜ੍ਹਾਂ ਅਤੇ ਅਧਿਕ ਸਿੰਚਾਈ ਨੇ ਪੱਛਮੀ ਅੰਮ੍ਰਿਤਸਰ, ਦੱਖਣ ਪੱਛਮੀ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦੀ ਮਿੱਟੀ ਨੂੰ ਕੁਝ ਹੱਦ ਤੱਕ ਪ੍ਰਭਾਵਿਤ ਕੀਤਾ ਹੈ।

ਭੌਤਿਕ ਅਤੇ ਰਸਾਇਣਿਕ ਬਣਤਰ: ਇਹ ਡੂੰਘੀ ਬਾਰੀਕ ਕਣਾਂ ਵਾਲੀ ਮਿੱਟੀ ਹੈ ਜੋ ਅਰਧਨਮੀ ਅਤੇ ਗਰਮ ਵਾਤਾਵਰਨ ਵਿੱਚ ਵਿਕਸਿਤ ਹੁੰਦੀ ਹੈ। ਇਸ ਮਿੱਟੀ ਦਾ ਖਾਰ ਅੰਗ 7.8 ਤੋਂ 8 ਤੱਕ ਹੈ।

3. **ਰੇਤਲੀ ਮਿੱਟੀ:** ਇਹ ਖੁਸ਼ਕ ਮਿੱਟੀ, ਅਰਧ ਖੁਸ਼ਕ ਅਤੇ ਗਰਮ ਜਲਵਾਯੂ ਵਿੱਚ, ਜਿੱਥੇ ਵਰਖਾ 30 ਸੈ.ਮੀ. ਤੋਂ 50 ਸੈ.ਮੀ. ਦੇ ਦਰਮਿਆਨ ਹੁੰਦੀ ਹੈ, ਵਿੱਚ ਵਿਕਸਿਤ ਹੁੰਦੀ ਹੈ। ਇਹ ਮਿੱਟੀ ਪੰਜਾਬ ਦੇ ਦੱਖਣ-ਪੱਛਮੀ ਅਤੇ ਪੱਛਮੀ ਮੱਧ ਪੰਜਾਬ ਵਾਲੇ ਹੋਸਿਆਂ ਜਿਵੇਂ ਕਿ ਜ਼ਿਲ੍ਹਾ ਬਠਿੰਡਾ, ਮਾਨਸਾ, ਸੰਗਰੂਰ, ਪਟਿਆਲਾ, ਫਿਰੋਜ਼ਪੁਰ ਦੇ ਦੱਖਣੀ ਭਾਗ, ਜ਼ਿਲ੍ਹਾ ਮੁਕਤਸਰ ਅਤੇ ਜ਼ਿਲ੍ਹਾ ਲੁਧਿਆਣਾ ਦੇ ਕੁਝ ਹਿੱਸਿਆਂ ਵਿੱਚ ਮਿਲਦੀ ਹੈ।

Scanned by CamScanner

ਭੌਤਿਕ ਅਤੇ ਰਸਾਇਣਿਕ ਬਣਤਰ: ਇਸ ਮਿੱਟੀ ਦਾ ਰੰਗ ਪੀਲਾ ਤੋਂ ਸਲੇਟੀ ਹੁੰਦਾ ਹੈ। ਸਲੇਟੀ ਰੰਗ, ਇਸ ਵਿੱਚ ਜੈਵਿਕ ਮਾਦੇ ਦੀ ਘਾਟ ਨੂੰ ਦਰਸਾਉਂਦਾ ਹੈ। ਇਸ ਮਿੱਟੀ ਵਿੱਚ ਨਾਈਟ੍ਰਜੋਨ, ਫਾਸਫੋਰਸ ਅਤੇ ਪੋਟਾਸ਼ੀਅਮ ਤੱਤਾਂ ਦੀ ਵੀ ਘਾਟ ਹੁੰਦੀ ਹੈ। ਇਸ ਦਾ ਖਾਰ ਅੰਗ 7.8 ਤੋਂ 8.5 ਹੈ। ਇਸ ਮਿੱਟੀ ਦੀ ਬਣਤਰ-ਸ਼ੈਲੀ ਰੇਤਲੀ, ਚਿਕਨੀ ਤੋਂ ਚਿੱਕੜ ਵਰਗੀ ਹੋ ਸਕਦੀ ਹੈ। ਇਹ ਮਿੱਟੀ ਘੱਟ ਤੋਂ ਦਰਮਿਆਨੀ ਕਿਸਮ ਦੀ ਉਪਜਾਊ ਮਿੱਟੀ ਹੈ। ਉੱਚਿਤ ਸਿੰਜਾਈ ਸਾਧਨਾ ਨਾਲ ਇਸ ਵਿੱਚ ਨਰਮਾ, ਨਿੰਬੂ, ਤੇਲ ਬੀਜ, ਕਣਕ ਅਤੇ ਹੋਰ ਚਾਰੇ ਵਾਲੀਆਂ ਫਸਲਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ।

4. ਮਾਰੂਥਲੀ ਮਿੱਟੀ: ਇਹ ਕਿਸਮ ਖੁਸ਼ਕ ਅਤੇ ਗਰਮ ਜਲਵਾਯੂ ਖੇਤਰ ਦੀ ਹੈ, ਜਿੱਥੇ ਵਰਖਾ 30 ਸੈ.ਮੀ. ਤੋਂ ਘੱਟ ਹੋਵੇ। ਇਹ ਮਿੱਟੀ ਅਬੋਹਰ ਦੇ ਖੁਸ਼ਕ ਖੇਤਰਾਂ, ਜ਼ਿਲ੍ਹਾ ਫਿਰੋਜ਼ਪੁਰ ਦੀ ਤਹਿਸੀਲ ਜੀਰਾ, ਮੁਕਤਸਰ, ਬਠਿੰਡਾ, ਮਾਨਸਾ, ਸੰਗਰੂਰ ਦੇ ਕੁਝ ਹਿੱਸਿਆਂ ਅਤੇ ਜ਼ਿਲ੍ਹਾ ਲੁਧਿਆਣਾ ਵਿੱਚ ਮਿਲਦੀ ਹੈ।

ਭੌਤਿਕ ਅਤੇ ਰਸਾਇਣਿਕ ਬਣਤਰ: ਇਹ ਖੁਸ਼ਕ ਮਿੱਟੀ ਦੀ ਕਿਸਮ ਹੈ ਅਤੇ ਇਸ ਵਿੱਚ ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ ਵਰਗੇ ਤੱਤਾਂ ਦੀ ਵੀ ਕਮੀ ਹੁੰਦੀ ਹੈ। ਇਸ ਦਾ ਖਾਰ ਅੰਗ 7.5 ਤੋਂ 8.5 ਹੈ। ਘੱਟ ਵਰਖਾ ਅਤੇ ਵਧੇਰੇ ਵਾਸ਼ਪੀਕਰਨ ਕਾਰਨ, ਇਹ ਮਿੱਟੀ ਕੱਲਰ ਕਿਸਮ ਦੀ ਹੁੰਦੀ ਹੈ। ਮਿੱਟੀ ਦਾ ਰੰਗ ਪੀਲਾ ਤੋਂ ਹਲਕਾ ਭੂਰਾ ਹੋ ਸਕਦਾ ਹੈ। ਇਹ ਮਿੱਟੀ ਨਰਮਾ, ਮੋਠ, ਨਿੰਬੂ, ਕਣਕ, ਬਾਜਰਾ ਅਤੇ ਸੋਣੀ ਦੇ ਚਾਰੇ ਦੀਆਂ ਫਸਲਾਂ ਲਈ ਲਾਭਦਾਇਕ ਹੈ। ਇਹ ਮਿੱਟੀ ਹਵਾ ਨਾਲ ਉੱਡ ਕੇ ਆਈ ਰੇਤ ਦੀ ਪਰਤ ਨਾਲ ਢੱਕੀ ਹੁੰਦੀ ਹੈ। '

5. ਕੰਢੀ ਮਿੱਟੀ: ਇਹ ਮਿੱਟੀ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂ ਸ਼ਹਿਰ ਅਤੇ ਰੋਪੜ ਜਿਲ੍ਹਿਆਂ ਦੇ ਕੁਝ ਖੇਤਰਾਂ ਵਿੱਚ ਮਿਲਦੀ ਹੈ।

ਭੌਤਿਕ ਅਤੇ ਰਸਾਇਣਿਕ ਬਣਤਰ: ਇਹ ਮਿੱਟੀ, ਰੇਤੀਲੀ, ਰੇਤਲੀ ਚੀਕਣੀ ਜਾਂ ਦਲਦਲੀ ਕਿਸਮ ਦੀ ਹੋ ਸਕਦੀ ਹੈ। ਸ਼ਿਵਾਲਿਕ ਪਹਾੜੀਆਂ ਦੇ ਪੂਰਬ ਵਿੱਚ, ਇਹ ਮਿੱਟੀ ਦਾਣੇਦਾਰ ਅਤੇ ਮੋਟੀ ਹੋ ਜਾਂਦੀ ਹੈ ਅਤੇ ਇਸ ਵਿੱਚ ਕੰਕਰ ਅਤੇ ਬਜਰੀ ਦੀ ਬਹੁਤਾਤ ਹੋ ਜਾਂਦੀ ਹੈ। ਇਹ ਜ਼ਮੀਨ ਘੱਟ ਉਪਜਾਊ ਕਿਸਮ ਦੀ ਹੁੰਦੀ ਹੈ ਅਤੇ ਸ਼ਿਵਾਲਿਕ ਪਹਾੜੀਆਂ ਵਿੱਚੋਂ ਨਿਕਲਦੇ ਚੋਆਂ ਦੁਆਰਾ ਜਮ੍ਹਾਂ ਕੀਤੀ ਗਈ ਹੈ।

6. ਸਿਰੋਜ਼ੈਮ ਮਿੱਟੀ: ਰਾਜ ਦੇ 25% ਖੇਤਰ ਵਿੱਚ ਇਹ ਮਿੱਟੀ ਹੈ। ਇਹ ਮਿੱਟੀ ਮਾਲਵਾ ਖੇਤਰ ਵਿੱਚ ਜ਼ਿਲ੍ਹਾ ਲੁਧਿਆਣਾ, ਜ਼ਿਲ੍ਹਾ ਸੰਗਰੂਰ ਦੇ ਉੱਤਰੀ ਅਤੇ ਕੇਂਦਰੀ ਹਿੱਸਿਆਂ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਰਾਜਪੁਰਾ, ਜ਼ਿਲ੍ਹਾ ਪਟਿਆਲਾ ਅਤੇ ਜ਼ਿਲ੍ਹਾ ਫਰੀਦਕੋਟ ਵਿੱਚ ਮਿਲਦੀ ਹੈ। ਇਹ ਮਿੱਟੀ ਦੁਆਬਾ ਅਤੇ ਮਾਲਵਾ ਖੇਤਰ ਵਿੱਚ ਮੁਕੇਰਿਆਂ ਤੋਂ ਟਾਂਡਾ ਅਤੇ ਨਕੋਦਰ ਬਲਾਕਾਂ ਵਿੱਚ ਲੰਮੀ ਪੱਟੀ ਦੇ ਰੂਪ ਵਿੱਚ ਪਾਈ ਜਾਂਦੀ ਹੈ।

ਭੌਤਿਕ ਅਤੇ ਰਸਾਇਣਿਕ ਬਣਤਰ: ਇਹ ਮਿੱਟੀ ਸਲੇਟੀ ਰੰਗ ਦੀ ਹੁੰਦੀ ਹੈ। ਇਸ ਵਿੱਚ ਜੈਵਿਕ-ਤੱਤਾਂ ਦੀ ਘਾਟ ਹੁੰਦੀ ਹੈ। ਇਹ ਮਿੱਟੀ ਰੇਤਲੀ ਤੇ ਚਿੱਕੜ ਜਾਂ ਕਪਰੀਲੀ ਹੁੰਦੀ ਹੈ। ਇਸ ਮਿੱਟੀ ਦਾ ਖਾਰ ਅੰਗ 7.8 ਤੋਂ 8.5 ਹੈ। ਇਹ ਮਿੱਟੀ ਪੰਜਾਬ ਦੇ ਅਰਧ ਖੁਸ਼ਕ ਖੇਤਰਾਂ ਵਿੱਚ ਜਿੱਥੇ ਵਰਖਾ 50 ਸੈ.ਮੀ. ਤੋਂ 70 ਸੈ.ਮੀ. ਤੱਕ ਹੋਵੇ, ਮਿਲਦੀ ਹੈ ਅਤੇ ਔਸਤਨ ਤਾਪਮਾਨ 24°C ਤੋਂ 25°C ਤੱਕ ਹੁੰਦਾ ਹੈ। ਇਸ ਮਿੱਟੀ ਵਿੱਚ ਘਾਹ ਅਤੇ ਬਨਸਪਤੀ ਮਿਲਦੀ ਹੈ। ਉੱਚਿਤ ਸਿੰਜਾਈ ਮਾਤਰਾ ਨਾਲ ਇਸ ਮਿੱਟੀ ਵਿੱਚ ਕਣਕ ਦਾ ਉਤਪਾਦਨ ਵਧੇਰੇ ਹੁੰਦਾ ਹੈ।

7. ਸਲੇਟੀ ਭੂਰੀ ਪੌਡਜ਼ੋਲਿਕ ਅਤੇ ਜੰਗਲੀ ਖੇਤਰ ਦੀ ਮਿੱਟੀ: ਇਹ ਕੰਕਰਾਂ ਅਤੇ ਬਜਰੀ, ਵਾਲੀ ਰੇਤਲੀ ਮਿੱਟੀ ਹੈ ਜੋ ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂ ਸ਼ਹਿਰ ਅਤੇ ਰੋਪੜ ਜਿਲ੍ਹਿਆਂ ਵਿੱਚ ਮਿਲਦੀ ਹੈ।

ਭੌਤਿਕ ਅਤੇ ਰਸਾਇਣਿਕ ਬਣਤਰ: ਇਹ ਮਿੱਟੀ ਘੱਟ ਤਾਪਮਾਨ ਵਾਲੇ ਖੇਤਰ ਵਿੱਚ ਵਗਦੇ ਪਾਣੀ ਦੀ ਦੁਬਾਰਾ ਖੋਰ ਕਿਰਿਆ

Scanned by CamScanner

ਕਾਰਨ ਬਣਦੀ ਹੈ। ਇਹ ਮਿੱਟੀ ਝਾੜੀਆਂ ਅਤੇ ਪੱਤਝੜੀ ਜੰਗਲਾਂ, ਤੇਜ਼ ਢਲਾਣਾਂ ਅਤੇ ਕੱਟ-ਫੱਟ ਵਾਲੇ ਭੂਗੋਲਿਕ ਖੇਤਰਾਂ ਵਿੱਚ ਮਿਲਦੀ ਹੈ। ਇਸ ਦਾ ਰੰਗ ਭੂਰਾ-ਲਾਲ ਤੋਂ ਕਾਲਾ-ਭੂਰਾ ਰੰਗ ਹੋ ਸਕਦਾ ਹੈ।

8. **ਚੀਕਨੀ ਅਤੇ ਖਾਰੀ ਮਿੱਟੀ:** ਇਹ ਮਿੱਟੀ ਫਾਜ਼ਿਲਕਾ, ਫਿਰੋਜ਼ਪੁਰ, ਮੁਕਤਸਰ ਅਤੇ ਫਰੀਦਕੋਟ ਜਿਲ੍ਹਿਆਂ ਵਿੱਚ ਮਿਲਦੀ ਹੈ। ਚੀਕਨੀ ਮਿੱਟੀ ਵਾਲੇ ਸਾਰੇ ਖੇਤਰ ਬੀਕਾਨੇਰ, ਅਬੋਹਰ, ਬਠਿੰਡਾ, ਘੱਘਰ, ਸਰਹਿੰਦ ਨਦੀ ਦੀ ਕੋਟਲਾ ਸ਼ਾਖਾ ਅਤੇ ਭਾਖੜਾ ਨਦੀ ਦੇ ਨੇੜਲੇ ਸਾਰੇ ਖੇਤਰਾਂ ਵਿੱਚ ਪਾਈ ਜਾਂਦੀ ਹੈ।

ਭੌਤਿਕ ਅਤੇ ਰਸਾਇਣਿਕ ਬਣਤਰ: ਇਸ ਖਾਰੀ ਮਿੱਟੀ ਵਿੱਚ ਘੁਲਣਸ਼ੀਲ ਨਮਕ ਦੀ ਮਾਤਰਾ (0.2% ਤੋਂ ਜ਼ਿਆਦਾ) ਕਾਫੀ ਵੱਧ ਹੁੰਦੀ ਹੈ। ਜਿਸ ਕਾਰਨ ਪੌਦੇ ਇਸ ਨੂੰ ਸੋਖ ਨਹੀਂ ਸਕਦੇ। ਇਸ ਮਿੱਟੀ ਦਾ ਖਾਰ ਅੰਗ 7.3 ਤੋਂ 8.5 ਹੈ ਅਤੇ ਇਹ ਮਿੱਟੀ ਉਦਾਸੀਨ ਰਸਾਇਣਕ ਕਿਰਿਆ ਕਰਦੀ ਹੈ। ਮਿੱਟੀ ਵਿੱਚ ਸੋਡੀਅਮ ਦੀ ਮਾਤਰਾ ਬਾਕੀ ਤੱਤਾਂ ਨਾਲੋਂ 15% ਵੱਧ ਹੈ ਅਤੇ ਖਾਰ ਅੰਗ 8.5 ਤੋਂ ਵੀ ਵੱਧ ਹੈ ਅਤੇ ਇਹ ਖਾਰੀ ਕਿਰਿਆ ਕਰਦੀ ਹੈ।

ਸਾਰਣੀ 2.4

ਮਿੱਟੀ ਦਾ ਨਾਂ	ਖੇਤਰ (ਜਿੱਥੇ ਮਿੱਟੀ ਪਾਈ ਜਾਂਦੀ ਹੈ)
ਹੜਾਂ ਦੇ ਮੈਦਾਨ ਜਾਂ ਬੇਟ ਮਿੱਟੀ	ਜਿਹੜੀ ਸਤਲੁਜ ਦਰਿਆ ਦੇ ਪੱਛਮੀ ਕਿਨਾਰੇ ਦੇ ਨਾਲ ਨਾਲ ਦੱਖਣ-ਪੱਛਮੀ ਦਿਸ਼ਾ ਵਿੱਚ, ਰੋਪੜ ਤੋਂ ਫਾਜਿਲਕਾ ਵੱਲ ਅਤੇ ਜੀਰਾ ਅਤੇ ਮੋਗਾ ਤਹਿਸੀਲਾਂ ਵਿੱਚ ਮਿਲਦੀ ਹੈ।
ਚੀਕਨੀ ਮਿੱਟੀ	ਜਿਲ੍ਹਾ ਨਵਾਂ ਸ਼ਹਿਰ, ਜਿਲ੍ਹਾ ਜਲੰਧਰ ਦੀ ਨਕੋਦਰ ਤਹਿਸੀਲ, ਫਗਵਾੜਾ ਤਹਿਸੀਲ ਅਤੇ ਜਿਲ੍ਹਾ ਕਪੂਰਥਲਾ ਦਾ ਕੇਂਦਰੀ ਭਾਗ, ਜਿਲ੍ਹਾ ਪਟਿਆਲਾ, ਸੰਗਰੂਰ, ਬਠਿੰਡਾ, ਅਤੇ ਮੁਕਤਸਰ ਦੇ ਨਾਲ-ਨਾਲ ਨਾਭਾ, ਮੋਗਾ ਵਿੱਚ ਮਿਲਦੀ ਹੈ।
ਰੇਤਲੀ ਮਿੱਟੀ	ਬਠਿੰਡਾ, ਮਾਨਸਾ, ਸੰਗਰੂਰ, ਪਟਿਆਲਾ, ਫਿਰੋਜਪੁਰ ਦਾ ਦੱਖਣੀ ਭਾਗ, ਜਿਲ੍ਹਾ ਮੁਕਤਸਰ ਅਤੇ ਜਿਲ੍ਹਾ ਲੁਧਿਆਣਾ ਦੇ ਕੁਝ ਭਾਗਾਂ ਵਿਚ ਇਹ ਮਿੱਟੀ ਮਿਲਦੀ ਹੈ।
ਸਿਰੋਜ਼ੈਮ ਮਿੱਟੀ	ਤਰਨ ਤਾਰਨ ਅਤੇ ਪੱਟੀ ਤਹਿਸੀਲ, ਮੁਕੇਰੀਆਂ ਅਤੇ ਟਾਂਡਾ ਤਹਿਸੀਲ (ਹੁਸ਼ਿਆਰਪੁਰ), ਨਕੋਦਰ ਅਤੇ ਫਿਲੋਰ ਤਹਿਸੀਲ (ਜਲੰਧਰ), ਜਿਲ੍ਹਾ ਫਤਿਹਗੜ੍ਹ ਸਾਹਿਬ, ਰਾਜਪੁਰਾ ਅਤੇ ਪਟਿਆਲਾ ਤਹਿਸੀਲ (ਪਟਿਆਲਾ)
ਮਾਰੂਥਲੀ ਮਿੱਟੀ	ਤਹਿਸੀਲ ਅਬੋਹਰ ਅਤੇ ਜੀਰਾ (ਫਿਰੋਜਪੁਰ), ਮੁਕਤਸਰ, ਬਠਿੰਡਾ, ਮਾਨਸਾ, ਸੰਗਰੂਰ ਅਤੇ ਲੁਧਿਆਣਾ ਦੇ ਕੁਝ ਭਾਗਾਂ ਵਿੱਚ ਇਹ ਮਿੱਟੀ ਮਿਲਦੀ ਹੈ।
ਕੰਢੀ ਮਿੱਟੀ	ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂ ਸ਼ਹਿਰ ਅਤੇ ਰੋਪੜ ਜਿਲ੍ਹਿਆਂ ਵਿੱਚ
ਜੰਗਲੀ ਮਿੱਟੀ	ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂ ਸ਼ਹਿਰ ਅਤੇ ਰੋਪੜ ਜਿਲ੍ਹਿਆਂ ਵਿੱਚ
ਖਾਰੀ ਮਿੱਟੀ	ਫਾਜ਼ਿਲਕਾ, ਬਠਿੰਡਾ, ਫਿਰੋਜ਼ਪੁਰ, ਮੁਕਤਸਰ ਅਤੇ ਫਰੀਦਕੋਟ ਜਿਲ੍ਹਿਆਂ ਵਿੱਚ ਇਹ ਮਿੱਟੀ ਪਾਈ ਜਾਂਦੀ ਹੈ।

Scanned by CamScanner

2.7 ਪੰਜਾਬ ਦੇ ਖਣਿਜ ਪਦਾਰਥ:

ਖਣਿਜ, ਕੁਦਰਤੀ ਰੂਪ ਵਿੱਚ ਮੌਜੂਦ ਅਜੈਵਿਕ ਤੱਤ ਹਨ, ਜਿੰਨ੍ਹਾਂ ਦੀ ਵਿਸ਼ੇਸ਼ ਰਸਾਇਣਿਕ ਬਣਤਰ ਅਤੇ ਭੌਤਿਕ ਗੁਣ ਹਨ। ਪੰਜਾਬ ਦੀ ਮਿੱਟੀ ਨਵ ਨਿਰਮਿਤ ਹੈ ਅਤੇ ਇਸ ਵਿੱਚ ਮੌਜੂਦ ਖਣਿਜ ਤੱਤ ਮੁੱਖ ਤੌਰ ਤੇ ਹਿਮਾਲਿਆ ਦੀਆਂ ਚੱਟਾਨਾਂ ਤੋਂ ਆਏ ਹਨ। ਵਿਸ਼ਵ ਵਿੱਚ ਪਾਏ ਜਾਂਦੇ ਖਣਿਜ ਤੱਤ ਮੁੱਖ ਤੌਰ ਤੇ ਮੈਗਮਈ ਚੱਟਾਨਾਂ ਅਤੇ ਰੂਪਾਂਤਰਿਤ ਚੱਟਾਨਾਂ ਤੋਂ ਆਏ ਹਨ। ਪਰ ਪੰਜਾਬ ਦੀ ਭੂਗੋਲਿਕ ਬਣਤਰ ਮੁੱਖ ਤੌਰ ਤੇ ਦਰਿਆਈ ਮਿੱਟੀ ਨਾਲ ਬਣੀ ਹੈ। ਤਹਿਦਾਰ ਚੱਟਾਨਾਂ ਮੁੱਖ ਤੌਰ ਤੇ ਰੇਤ, ਬਜਰੀ, ਕੰਕਰ ਅਤੇ ਚਿਕਨੀ ਮਿੱਟੀ ਦੀਆਂ ਬਣੀਆਂ ਹਨ। ਜਿਸ ਕਾਰਨ ਪੰਜਾਬ ਵਿੱਚ ਖਣਿਜ ਪਦਾਰਥਾਂ ਦੀ ਘਾਟ ਹੈ।

ਪੰਜਾਬ ਦੇ ਖਣਿਜ ਪਦਾਰਥਾਂ ਵਿੱਚ ਰੇਤ, ਬਜਰੀ ਅਤੇ ਪੱਥਰ ਹਨ, ਜੋ ਕਿ ਮੁੱਖ ਤੌਰ ਤੇ ਹੁਸ਼ਿਆਰਪੁਰ, ਨਵਾਂਸ਼ਹਿਰ, ਗੁਰਦਾਸਪੁਰ, ਪਠਾਨਕੋਟ, ਜਲੰਧਰ, ਫਿਰੋਜ਼ਪੁਰ ਅਤ ਫਾਜ਼ਿਲਕਾ ਜਿਲ੍ਹਿਆਂ ਵਿੱਚ ਮਿਲਦੇ ਹਨ।

Scanned by CamScanner

ਦਾ ਪੁਰਾਤਨ ਇਤਿਹਾਸ

ਾਰੰਭ ਲਿਖਣ ਕਲਾ ਤੋਂ ਸ਼ੁਰੂ ਹੁੰਦਾ ਹੈ ਅਤੇ ਇਹ ਇੱਕ ਇਤਿਹਾਸਕਾਰ ਦੇ ਜੀਵਨ ਦਾ ਕਾਰਜ ਖੇਤਰ ਹੈ। ਜੋ ਹੋਲਾਂ ਵਾਪਰਿਆ, ਉਸ ਨੂੰ ਪੂਰਵ ਇਤਿਹਾਸ ਯਾ ਆਦਿ ਇਤਿਹਾਸ ਦਾ ਨਾਮ ਦਿੱਤਾ ਜਾਂਦਾ ਹੈ ਜੋ ਕਿ ਇੱਕ ਾਨੀ ਦਾ ਕਾਰਜ ਖੇਤਰ ਹੈ।

ਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪੁਰਾਤਨ ਮਨੁੱਖ ਆਪਣੀ ਹੋਂਦ ਲਈ ਕੁਦਰਤ ਤੇ ਨਿਰਭਰ ਸੀ ਸਿਰਜਨਾਤਮਿਕ ਕ੍ਰਿਆਵਾਂ ਲਈ ਪੱਥਰਾਂ ਤੇ ਨਿਰਭਰ ਸੀ। ਦੂਸਰੇ ਸ਼ਬਦਾਂ ਵਿੱਚ ਪੂਰਵ ਇਤਿਹਾਸ ਪੱਥਰ ਤ ਦਾ ਅਧਿਐਨ ਕਰਦਾ ਹੈ।

ਇਹਾਸ ਵਿੱਚ ਬਾਅਦ ਵਿੱਚ ਪੱਥਰ ਨਾਲ ਧਾਤਾਂ ਦੀ ਵੀ ਵਰਤੋਂ ਹੋਣ ਲੱਗੀ। ਜਿਸ ਨੇ ਪੱਥਰ ਕਾਲ ਤੋਂ ਬਾਅਦ ਾ ਅਤੇ ਮਗਰੋਂ ਕਾਂਸੀ ਯੁੱਗ ਦੇਖਿਆ।

ਇਤਿਹਾਸਿਕ ਪੰਜਾਬ:

ਮਨੁੱਖੀ ਸੱਭਿਅਤਾ ਦਾ ਸਭ ਤੋਂ ਪਹਿਲਾ ਯੁੱਗ ਮੰਨਿਆ ਜਾਂਦਾ ਹੈ। ਸੰਪੂਰਨ ਪੱਥਰ ਯੁੱਗ ਨੂੰ ਤਿੰਨ ਭਾਗਾਂ ਵਿੱਚ ਕਦਾ ਹੈ।

ਥਰ ਯੁੱਗ (ਪੈਲੀਓਲਿਥਿਕ ਯੁੱਗ)

ਯੁੱਗ (ਮੀਸੋਲਿਥਿਕ ਯੁੱਗ)

ਥਰ ਯੁੱਗ (ਨੀਓਲਿਥਿਕ ਯੁੱਗ)

ਪੱਥਰ ਯੁੱਗ (ਪੈਲੀਓਲਿਥਿਕ ਯੁੱਗ):

ਟੀ ਖੇਤਰ ਜਿਵੇਂ ਕੋਹਲੀ ਅਤੇ ਪੋਠੋਹਰ, ਪੂਰਵ ਕਾਲ ਵਿੱਚ, ਪੁਰਾਤਨ ਮਨੁੱਖ ਦਾ ਆਵਾਸ ਸਥਲ ਸਨ। ਅਜਿਹਾ 50,000 ਸਾਲ ਪੂਰਵ ਹੋਇਆ। ਇਸ ਦੇ ਲੋਕ ਸ਼ਿਕਾਰੀ ਅਤੇ ਭੋਜਨ ਇੱਕਠਾ ਕਰਨ ਵਾਲੇ ਸਨ। ਉਹਨਾਂ ਨੂੰ ਤੋਂ ਅਤੇ ਖੇਤੀ ਬਾਰੇ ਕੋਈ ਗਿਆਨ ਨਹੀਂ ਸੀ। ਉਹ ਕੱਚੇ ਪੱਥਰ ਦੀ ਵਰਤੋਂ ਕਰਿਆ ਕਰਦੇ ਸਨ।

ਵੰਚ ਦੇਸ਼ ਦੀ ਵੰਡ ਮਗਰੋਂ, ਭਾਰਤ ਦੇ ਸਾਰੇ ਪ੍ਰਚੀਨ ਪੱਥਰ-ਯੁੱਗ ਸਥਲ ਪਾਕਿਸਤਾਨ ਵਿੱਚ ਚਲੇ ਗਏ। ਪਰ ਮਾਂ ਦੀ ਨਿਰੰਤਰ ਘਾਲਣਾ ਸਦਕਾ, ਪੰਜਾਬ ਵਿੱਚ ਵੀ ਕਈ ਪੱਥਰ ਯੁੱਗ ਨਾਲ ਸਬੰਧਿਤ ਸਥਲ ਮਿਲੇ: ਤ, ਦੌਲਤਪੁਰ, ਢੌਲਬਾਹਾ, ਢੇਰਮਾਜਰਾ, ਢਾਂਗ, ਢਾਡੀ, ਮੇਰਹਨਵਾਲਾ, ਨਾਲਾਗੜ੍ਹ, ਪੀਰਥਨ, ਖੋਖਰਾ-ਕਾ-ਚੋਆ, ਰਾ ਅਤੇ ਸਿਰਸਾ।

ਮੰਨਿਆ ਜਾਂਦਾ ਹੈ ਕਿ ਚੰਡੀਗੜ੍ਹ ਦੇ ਨੇੜਲੇ ਖੇਤਰ ਵਿੱਚ ਇੱਕ ਵੱਡੀ ਝੀਲ ਹੋਇਆ ਕਰਦੀ ਸੀ ਜਿੱਥੇ ਹਾਥੀਆਂ ਦੇ

Scanned by CamScanner

ਭੁੰਡ ਟਹਿਲਿਆ ਕਰਦੇ ਸਨ। ਇਸ ਖੇਤਰ ਵਿੱਚ ਜੰਗਲੀ ਜੀਵ ਜਿਵੇਂ ਕਿ ਗੈਂਡਾ ਆਦਿ ਵੀ ਇਸ ਖੇਤਰ ਵਿੱਚ ਨਿਰਵਾਹ ਕਰਦੇ ਸਨ। ਗੁਫਾਵਾਂ ਵਿੱਚ ਰਹਿੰਦੇ ਆਦਿ-ਮਾਨਵ ਇਹਨਾਂ ਜੀਵਾਂ ਦਾ ਹੀ ਸ਼ਿਕਾਰ ਕਰਿਆ ਕਰਦੇ ਸਨ।

2. ਮੱਧ ਪੱਥਰ ਯੁੱਗ (ਮੀਜ਼ੋਲਿਥਿਕ ਯੁੱਗ):

ਇਸ ਯੁੱਗ ਵਿੱਚ ਛੋਟੇ ਅਤੇ ਮਹੀਨ ਹਥਿਆਰ ਬਣਨੇ ਆਰੰਭ ਹੋ ਗਏ ਸਨ। ਹਾਲਾਂਕਿ ਪੰਜਾਬ ਵਿੱਚ ਅਜਿਹਾ ਕੋਈ ਸਥਲ ਨਹੀਂ ਲੱਭ ਸਕਿਆ।

3. ਨਵੀਨ ਪੱਥਰ ਯੁੱਗ (ਨੀਓਲਿਥਿਕ ਯੁੱਗ):

ਇਸ ਯੁੱਗ ਦੌਰਾਨ ਹੀ ਮਾਨਵ ਨੇ ਖੇਤੀ ਅਤੇ ਪਸ਼ੂ-ਪਾਲਣ ਸਿੱਖਿਆ। ਭੋਜਨ ਨੂੰ ਸੁਰੱਖਿਅਤ ਰੱਖਣ ਲਈ, ਇਸ ਮਾਨਵ ਨੇ ਮਿੱਟੀ ਦੇ ਬਰਤਨ ਬਨਾਉਣੇ ਆਰੰਭ ਕਰ ਦਿੱਤੇ। ਇਸੇ ਯੁੱਗ ਵਿੱਚ ਹੀ ਅੱਗ ਦੀ ਖੋਜ ਹੋਈ, ਕੱਚੀ ਮਿੱਟੀ ਦੇ ਭਾਂਡੇ ਬਣਨੇ ਸ਼ੁਰੂ ਹੋਏ, ਤੂੜੀ ਅਤੇ ਘਾਹ ਦੇ ਘਰ ਬਣਦੇ ਸਨ। ਇਸ ਯੁੱਗ ਦੇ ਮਨੁੱਖ ਨੂੰ ਪੌਦੇ ਦੇ ਰੇਸ਼ੇ ਅਤੇ ਪਸ਼ੂ ਦੇ ਵਾਲ ਤੋਂ ਕੱਪੜਾ ਬਣਾਉਣਾ ਆ ਗਿਆ ਸੀ।

ਪਰ ਪੰਜਾਬ ਵਿੱਚ ਇਸ ਯੁੱਗ ਬਾਰੇ ਕੋਈ ਵਧੇਰੇ ਜਾਣਕਾਰੀ ਨਹੀਂ ਮਿਲਦੀ। 1963 ਤੱਕ ਪੰਜਾਬ ਵਿੱਚ, ਅਜਿਹੇ ਕਿਸੇ ਸਥਲ ਬਾਰੇ ਪਤਾ ਨਹੀਂ ਸੀ। 1963 ਵਿੱਚ ਰੋਰ ਅਤੇ ਦਿੱਬਰ, ਜੋ ਕਿ ਬਿਆਸ ਬਾਣ-ਗੰਗਾ ਵਾਦੀ ਵਿੱਚ ਪੈਂਦੇ ਹਨ, ਥਾਵਾਂ ਤੇ ਨਵੇਂ ਪੱਥਰ ਯੁੱਗ ਨਾਲ ਸਬੰਧਿਤ ਕੁਝ ਪਾਲਿਸ਼ ਹੋਏ ਪੱਥਰ ਮਿਲੇ।

3.3 ਆਦਿ ਇਤਿਹਾਸਿਕ ਪੰਜਾਬ:

ਇਸ ਯੁੱਗ ਵਿੱਚ ਪੱਥਰ ਯੁੱਗ, ਧਾਤ ਯੁੱਗ ਨਾਲ ਮਿਲ ਗਿਆ। ਧਾਤਾਂ ਵਿੱਚ ਸਭ ਤੋਂ ਪਹਿਲਾਂ ਤਾਂਬੇ ਦੀ ਖੋਜ ਹੋਈ। ਹੋਰ ਸਖਤ ਧਾਤਾਂ ਬਣਾਉਣ ਦੀ ਕੋਸ਼ਿਸ਼ ਵਿੱਚ, ਮਨੁੱਖ ਨੇ ਤਾਂਬੇ ਅਤੇ ਕਲਈ ਦੇ ਸੁਮੇਲ ਨਾਲ ਪਿੱਤਲ ਵਿਕਸਿਤ ਕੀਤਾ। ਉਤਰੀ ਭਾਰਤ ਵਿੱਚ, ਪੱਥਰ ਯੁੱਗ ਮਗਰੋਂ ਤਾਂਬਾ ਅਤੇ ਪਿੱਤਲ ਯੁੱਗ ਆਏ ਅਤੇ ਦੱਖਣੀ ਭਾਰਤ ਵਿੱਚ ਪੱਥਰ ਯੁੱਗ ਮਗਰੋਂ ਲੋਹ-ਯੁੱਗ ਦੀ ਸ਼ੁਰੂਆਤ ਹੋਈ। ਇਸ ਤਰਾਂ ਦੋਹਾਂ ਹੀ ਹਾਲਾਤਾਂ ਵਿੱਚ ਧਾਤਾਂ ਦੇ ਨਾਲ-ਨਾਲ ਪੱਥਰਾਂ ਦੀ ਵਰਤੋਂ ਵੀ ਜਾਰੀ ਰਹੀ।

ਪੰਜਾਬ ਦੀ ਧਰਤੀ ਪੁਰਾਤਨ ਇਤਿਹਾਸਿਕ ਸੱਭਿਅਤਾਵਾਂ ਦਾ ਪੰਘੂੜਾ ਵੀ ਰਹੀ। ਇਸ ਯੁੱਗ ਦੇ ਲੋਕ ਮੂਲ ਰੂਪ ਵਿੱਚ ਖੇਤੀਬਾੜੀ ਪ੍ਰਜਾਤੀਆਂ ਨਾਲ ਸਬੰਧਿਤ ਸਨ ਅਤੇ ਉਸ ਸਮੇਂ ਮਿੱਟੀ ਦੀਆਂ ਵਸਤਾਂ ਨਾਲ ਸਬੰਧਿਤ ਉਦਯੋਗ ਵੀ ਕਾਫੀ ਵਿਕਸਿਤ ਸੀ। ਆਪਣੇ ਹਥਿਆਰ ਬਣਾਉਣ ਲਈ ਉਹ ਤਾਂਬੇ ਅਤੇ ਪਿੱਤਲ ਤੋਂ ਬਿਨਾਂ ਪੱਥਰਾਂ ਦੀ ਵਰਤੋਂ ਵੀ ਕਰਿਆ ਕਰਦੇ ਸਨ।

ਇਹ ਮਾਨਵ, ਪੱਥਰ ਅਤੇ ਤਾਂਬੇ ਦੇ ਉਪਕਰਣ ਵਰਤਿਆ ਕਰਦੇ ਸਨ। ਉਹਨਾਂ ਨੇ ਹਲ ਅਤੇ ਗੱਡੇ ਦੀ ਖੋਜ ਕੀਤੀ। ਉਹ ਮਿੱਟੀ ਦੇ ਬਣੇ ਕੱਚੇ ਮਕਾਨਾਂ ਵਿੱਚ ਰਹਿੰਦੇ ਸਨ। ਉਹ ਹੱਥ ਨਿਰਮਿਤ ਭਾਂਡੇ ਵਰਤਿਆ ਕਰਦੇ ਸਨ ਅਤੇ ਤਾਂਬੇ ਅਤੇ ਪਿੱਤਲ ਦੇ ਗਹਿਣੇ ਪਾਉਂਦੇ ਸਨ। ਉਹਨਾਂ ਨੇ ਕਣਕ ਅਤੇ ਜੌਆਂ ਦੀ ਖੇਤੀ ਸ਼ੁਰੂ ਕਰਨ ਤੇ ਨਾਲ-ਨਾਲ ਬਲਦਾਂ ਨੂੰ ਵੀ ਪਾਲਣਾ ਆਰੰਭ ਕਰ ਦਿੱਤਾ ਸੀ।ਖੋਜੀਆਂ ਨੇ ਅਜਿਹਾ ਮੰਨਿਆ ਹੈ ਕਿ ਚੰਡੀਗੜ੍ਹ ਖੇਤਰ ਦੇ ਨੇੜੇ-ਤੇੜੇ ਇਸ ਯੁੱਗ ਦੇ ਲੋਕਾਂ ਦਾ ਵਸੇਬਾ ਸੀ।

ਹੜੱਪਾ ਸੱਭਿਅਤਾ:

ਹੜੱਪਾ ਦੀ ਸੱਭਿਅਤਾ ਪਿੱਤਲ ਯੁੱਗ ਨਾਲ ਸਬੰਧ ਰੱਖਦੀ ਹੈ, ਇਸ ਕਾਰਨ ਇਸ ਨੂੰ ਪਿੱਤਲ ਯੁੱਗ ਦੀ ਸੱਭਿਅਤਾ ਵੀ ਕਿਹਾ ਜਾਂਦਾ ਹੈ। ਇਸ ਸੱਭਿਅਤਾ ਦਾ ਮੁੱਖ ਪ੍ਰਵਾਨਿਤ ਕਾਲ 2500 ਬੀ.ਸੀ. ਤੋਂ 1750 ਬੀ.ਸੀ. ਹੈ। ਇਸ ਵਿਕਸਿਤ ਸੱਭਿਅਤਾ ਨੂੰ

Scanned by CamScanner

ਜੋ ਪੰਜਾਬ ਵਿੱਚ ਆਰੀਅਨ ਲੋਕਾਂ ਦੇ ਆਉਣ ਤੋਂ ਪਹਿਲਾ ਆਈ, ਨੂੰ ਇੰਡਸ ਘਾਟੀ ਦੀ ਸੱਭਿਅਤਾ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਸੱਭਿਅਤਾ ਦੇ ਸਭ ਤੋਂ ਪੁਰਾਣੇ ਸਥਲ ਇੰਡਸ ਦਰਿਆ ਅਤੇ ਉਸ ਦੀਆਂ ਸਾਖਾਵਾਂ ਤੇ ਮਿਲੇ ਹਨ, ਸੋ ਇਸੇ ਕਾਰਨ ਇਸ ਨੂੰ ਇੰਡਸ ਘਾਟੀ ਦੀ ਸੱਭਿਅਤਾ ਵੀ ਕਿਹਾ ਜਾਂਦਾ ਹੈ।

1921 ਵਿੱਚ ਸ੍ਰੀ ਦਯਾ ਰਾਮ ਸਾਹਨੀ ਨੇ ਪੱਛਮੀ ਪੰਜਾਬ ਦੇ ਜਿਲ੍ਹੇ ਮਿੰਟਗੁਮਰੀ ਵਿੱਚ ਹੜੱਪਾ ਨੇੜੇ ਖੁਦਾਈ ਕਾਰਜ ਆਰੰਭ ਕੀਤਾ। ਸੋ ਇਸ ਨੂੰ ਹੜੱਪਾ ਦੀ ਸੱਭਿਅਤਾ ਦਾ ਨਾਮ ਵੀ ਦਿੱਤਾ ਜਾਂਦਾ ਹੈ। 1922 ਵਿੱਚ ਡਾ. ਆਰ.ਡੀ. ਬੈਨਰਜੀ ਨੇ ਸਿੰਧੂ (ਪਾਕਿਸਤਾਨ) ਦੇ ਲਰਕਾਨਾ ਜਿਲ੍ਹੇ ਵਿੱਚ ਮਹਿੰਜਦੜੋ ਵਿਖੇ ਅਜਿਹੇ ਹੀ ਇੱਕ ਹੋਰ ਸਥਲ ਦੀ ਖੋਜ ਕੀਤੀ।

ਹੜੱਪਾ ਸੱਭਿਆ ਦਾ ਆਧਾਰ ਅਰਬ ਸਾਗਰ ਦੇ ਕੰਢੇ ਵਸੇ ਸੁੱਤਕਾਂਜੀਡੋਰ ਦੇ 1000 ਮੀਲ, ਕਰਾਚੀ ਦੇ ਪੱਛਮ ਵਿੱਚ 300 ਮੀਲ ਤੋਂ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿੱਚ ਵਸੇ ਰੂਪ ਨਗਰ ਤੱਕ ਸੀ। ਇਹ ਸੱਭਿਅਤਾ ਸਿੰਧੂ, ਬਲੋਚਿਸਥਾਨ, ਪੰਜਾਬ, ਹਰਿਆਣਾ, ਰਾਜਸਥਾਨ, ਗੁਜਰਾਤ, ਪੱਛਮੀ ਉਤਰ ਪ੍ਰਦੇਸ਼ ਅਤੇ ਉੱਤਰੀ ਮਹਾਂਰਾਸ਼ਟਰ ਦੇ ਕੁੱਝ ਭਾਗਾਂ ਵਿੱਚ ਫੈਲੀ ਹੋਈ ਸੀ।

ਹੜੱਪਾ ਅਤੇ ਮਹਿੰਜਦੜੋ ਦੀ ਖੋਜ ਮਗਰੋਂ ਕਈ ਹੋਰ ਸ਼ਹਿਰ ਜਿਵੇਂ ਚੌਹਿੰਦੜੋ (ਸਿੰਧ, ਪਾਕਿਸਤਾਨ), ਲੋਥਲ (ਗੁਜਰਾਤ), ਕਾਲੀਬੰਗਾ (ਰਾਜਸਥਾਨ), ਬੰਨਾਵਾਲੀ (ਹਰਿਆਣਾ), ਧੋਲਾਵੀਰਾ (ਗੁਜਰਾਤ), ਸੁੱਤਕਾਂਜੀਡੋਰ (ਪਾਕਿਸਤਾਨ), ਸੁਰਕੋਤਦਾ (ਗੁਜਰਾਤ), ਰੰਗਪੁਰ (ਗੁਜਰਾਤ) ਰੋਜਡੀ (ਗੁਜਰਾਤ), ਆਲਮਗੀਰਪੁਰ (ਉੱਤਰ ਪ੍ਰਦੇਸ਼) ਆਦਿ ਵੀ ਖੋਜੇ ਗਏ।

ਸਿੰਧੂ ਘਾਟੀ ਸੱਭਿਅਤਾ ਨਾਲ ਸੰਬੰਧਿਤ, ਪੰਜਾਬ ਵਿਚਲੇ ਮਹੱਤਵਪੂਰਨ ਸਥਲ ਹਨ:

1. **ਰੂਪਨਗਰ:** ਰੂਪਨਗਰ ਵਿੱਚ ਦਰਿਆ ਸਤਲੁਜ ਦੇ ਕੰਢੇ ਤੇ, ਫੈਲੀ ਇੱਕ ਚੋਤੀ ਮਮਟੀ ਦੀ ਵਾਈ.ਡੀ. ਸ਼ਰਮਾ ਨੇ 1952-53 ਵਿੱਚ ਖੁਦਾਈ ਕੀਤੀ। ਰੂਪਨਗਰ ਵਿੱਚੋਂ ਮਿਲੇ ਹੜੱਪਾ ਸੱਭਿਅਤਾ ਦੇ ਅਵਸ਼ੇਸ਼ 2000 ਬੀ.ਸੀ. ਤੋਂ 1500 ਬੀ.ਸੀ. ਸਮੇਂ ਦੇ ਦੌਰਾਨ ਦੇ ਹਨ। ਇਸ ਵਿੱਚ ਕੁਝ ਮਿੱਟੀ ਦੇ ਬਰਤਨ, ਮੋਤੀ, ਵੰਗਾ ਅਤੇ ਮੋਹਰਾਂ ਦੇ ਨਾਲ-ਨਾਲ ਇੱਕ ਸ਼ਮਸਾਨ ਘਾਟ ਵੀ ਮਿਲਿਆ ਹੈ।
2. **ਕੋਟਲਾ ਨਿਹੰਗ ਖਾਂ (ਜ਼ਿਲ੍ਹਾ ਰੂਪਨਗਰ):** ਜ਼ਿਲ੍ਹਾ ਰੂਪਨਗਰ ਵਿੱਚ ਕੋਟਲਾ ਨਿਹੰਗ ਖਾਂ ਵਿੱਚ ਇਹ ਪੁਰਾਤਨਯੁੱਗ ਸਥਲ 1929 ਵਿੱਚ ਖੋਜਿਆ ਗਿਆ।
3. **ਧੀਰ ਮਾਜਰਾ (ਜ਼ਿਲ੍ਹਾ ਰੂਪ ਨਗਰ):** ਬਿਖੁਨ ਜਾਂ ਧੀਰ ਮਾਜਰਾ ਨਾਮ ਦਾ ਇਹ ਸਥਲ ਰੂਪਨਗਰ ਤੋਂ 8 ਕਿਲੋਮੀਟਰ ਉਤਰ-ਪੂਰਬ ਦਿਸ਼ਾ ਵੱਲ ਹੈ।
4. **ਬਾਰਾ (ਜ਼ਿਲ੍ਹਾ ਰੂਪਨਗਰ):** ਰੂਪਨਗਰ ਤੋਂ 8 ਕਿਲੋਮੀਟਰ ਦੂਰ ਬਾਰਾ ਲਾਗੇ ਇੱਕ ਟਿਲੇ ਤੋਂ ਪੁਰਾਤਨ ਹੜੱਪਾ ਸੱਭਿਅਤਾ ਦੇ ਅਵਸ਼ੇਸ਼ ਮਿਲੇ ਹਨ।
5. **ਰੋਹੀੜਾ (ਤਹਿਸੀਲ ਅਹਿਮਦਗੜ, ਜ਼ਿਲ੍ਹਾ ਸੰਗਰੂਰ):** ਅਹਿਮਦਗੜ ਤੋਂ 6 ਕਿਲੋਮੀਟਰ ਦੂਰ, ਇੱਕ ਟਿਲੇ ਤੇ ਦਰਿਆ ਸਤਲੁਜ ਦੀ ਢਲਾਨ ਦੇ ਨਾਲ-ਨਾਲ ਖੁਦਾਈ ਕੀਤੀ ਗਈ, ਜਿੱਥੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਘਰ ਕਾਫੀ ਵਿਸ਼ਾਲ ਹੋਇਆ ਕਰਦੇ ਸਨ ਅਤੇ 1:2:4 ਦੇ ਅਨੁਪਾਤ ਵਿੱਚ ਇੱਟਾਂ ਦੇ ਬਣੇ ਹੋਏ ਸਨ। ਇਸ ਥਾਂ ਤੋਂ ਲਾਖ ਦੇ ਮੋਤੀ ਅਤੇ ਮਾਲਾਵਾਂ ਆਦਿ ਬਰਾਮਦ ਹੋਏ ਹਨ।
6. **ਸੰਘੋਲ (ਜ਼ਿਲ੍ਹਾ ਫਤਿਹਗੜ੍ਹ ਸਾਹਿਬ):** ਸੰਘੋਲ ਵਿੱਚ ਹੋਈਆਂ ਖੁਦਾਈਆਂ ਤੋਂ ਇਹ ਪਤਾ ਲੱਗਦਾ ਹੈ ਕਿ ਪੁਰਾਤਨ ਹੜੱਪਾ ਸੱਭਿਅਤਾ ਇੱਥੇ ਹੀ ਪ੍ਰਫੁੱਲਿਤ ਹੋਈ। ਲਾਖ ਦੀਆਂ ਬਣੀਆਂ ਕਈ ਮੂਰਤੀਆਂ ਵੀ ਇੱਥੋਂ ਬਰਾਮਦ ਕੀਤੀਆਂ ਗਈਆਂ। ਇੱਥੋਂ ਮਿਲੇ ਬਰਤਨ ਅਤੇ ਤਾਂਬੇ ਦੀਆਂ ਚੀਜਾਂ ਕਾਫੀ ਹੱਦ ਤੱਕ ਰੂਪਨਗਰ ਅਤੇ ਚੰਡੀਗੜ੍ਹ ਵਿੱਚੋਂ ਮਿਲੀਆਂ ਵਸਤਾਂ ਨਾਲ ਮੇਲ ਖਾਂਦੀਆਂ ਹਨ। ਜਿੱਥੋਂ ਪਤਾ ਲੱਗਦਾ ਹੈ ਕਿ ਦੋਹਾਂ ਥਾਵਾਂ ਤੇ ਇੱਕ ਹੀ ਕਿਸਮ ਦੀ ਸੱਭਿਅਤਾ ਹੋਂਦ ਵਿੱਚ ਸੀ।
7. **ਸਨੇਤ (ਜ਼ਿਲ੍ਹਾ ਲੁਧਿਆਣਾ):** ਇਹ ਲੁਧਿਆਣਾ ਤੋਂ ਕਰੀਬਨ 6 ਕਿਲੋਮੀਟਰ ਦੀ ਦੂਰੀ ਤੇ ਹੈ। ਮੌਜੂਦਾ ਪਿੰਡ ਇੱਕ ਉੱਚੀ

Scanned by CamScanner

ਮਮਟੀ ਤੇ ਬਣਿਆ ਹੋਇਆ ਹੈ। ਜਦੋਂ ਸਿਕੰਦਰ 1878-79 ਵਿੱਚ ਇੱਥੇ ਆਇਆ, ਉਸ ਸਮੇਂ ਇਸ ਦੀ ਉਚਾਈ 1750×1200 ਫੁੱਟ ਸੀ। ਪੁਰਾਤਨ ਕਾਲ ਵਿੱਚ ਸਨੇਤ ਇੱਕ ਵੱਡਾ ਸ਼ਹਿਰ ਸੀ। ਇਸ ਥਾਂ ਤੋਂ ਬਹੁਤਾਤ ਵਿੱਚ ਮੁਹਰਾਂ, ਸਿੱਕੇ, ਸਿੱਕੇ ਬਣਾਉਣ ਵਾਲੇ ਸਾਂਚੇ, ਮਨੁੱਖ ਅਤੇ ਜੀਵਾਂ ਦੀਆਂ ਲਾਖ ਦੀਆਂ ਮੂਰਤੀਆਂ ਇਕੱਠੀਆਂ ਕੀਤੀਆਂ ਗਈਆਂ ਹਨ।

ਉਪਰੋਕਤ ਥਾਵਾਂ ਤੋਂ ਬਿਨਾਂ, ਪੰਜਾਬ ਵਿੱਚ ਹੋਰਨਾਂ ਥਾਵਾਂ ਜਿਵੇਂ ਮਾਨਸਾ ਅਤੇ ਬਠਿੰਡਾ ਜਿਲ੍ਹਿਆਂ ਵਿੱਚ ਵੀ ਖੁਦਾਈਆਂ ਕੀਤੀਆਂ ਗਈਆਂ। ਇਹਨਾਂ ਖੁਦਾਈਆਂ ਤੋਂ ਹੀ ਇਹ ਪ੍ਰਮਾਣ ਮਿਲਦਾ ਹੈ ਕਿ ਪੁਰਾਤਨ ਕਾਲ ਵਿੱਚ ਪੰਜਾਬ ਵਿੱਚ ਹੜੱਪਾ ਸੱਭਿਅਤਾ ਪ੍ਰਫੁੱਲਿਤ ਹੋਈ।

3.4 ਆਰੀਅਨਾਂ ਦਾ ਆਗਮਨ:

1500 ਬੀ.ਸੀ. ਵਿੱਚ ਆਰੀਅਨ ਲੋਕਾਂ ਦਾ ਪੰਜਾਬ ਦੀ ਮਿੱਟੀ ਤੇ ਆਗਮਨ, ਪ੍ਰਾਚੀਨ ਭਾਰਤੀ (ਇੰਡਸ) ਸ਼ਹਿਰਾਂ ਦੇ ਵਿਨਾਸ਼ ਦੌਰਾਨ ਹੋਇਆ। ਇਹ ਲੋਕ ਪੰਜਾਬ ਵਿੱਚ ਉੱਤਰ-ਪੱਛਮ ਤੋਂ ਆਏ ਸਨ। ਆਰੀਅਨ ਲੋਕਾਂ ਅਤੇ ਉਹਨਾਂ ਤੋਂ ਪਹਿਲਾਂ ਇੱਥੇ ਵੱਸ ਚੁੱਕੇ ਲੋਕਾਂ ਵਿਚਾਲੇ ਸੰਘਰਸ਼ ਦੌਰਾਨ ਆਰੀਅਨ ਲੋਕਾਂ ਦੀ ਜਿੱਤ ਹੋਈ ਅਤੇ ਉਹ ਪੰਜਾਬ ਦੇ ਮੈਦਾਨਾਂ ਤੇ ਕਾਬਜ਼ ਹੋ ਗਏ। ਪਰ ਉਹ ਮਹਿਲਾਂ, ਆਲੀਸ਼ਾਨ ਮਕਾਨਾਂ ਜਾਂ ਸ਼ਹਿਰਾਂ ਵਿੱਚ ਨਹੀਂ ਰਹਿੰਦੇ ਸਨ। ਉਹਨਾਂ ਨੇ ਆਪਣੇ ਆਪ ਨੂੰ ਪਿੰਡਾਂ ਵਿੱਚ ਸਥਾਪਿਤ ਕੀਤਾ।

ਆਰੀਅਨ ਲੋਕਾਂ ਦਾ ਮਸ਼ਹੂਰ ਗ੍ਰੰਥ ਰਿਗਵੇਦ, ਰਿਸ਼ੀਆਂ ਦੁਆਰਾ ਪੰਜਾਬ ਵਿੱਚ ਦਰਿਆਵਾਂ ਦੇ ਕੰਢੇ ਹੀ ਰਚਿਆ ਗਿਆ। ਵੇਦਾਂ ਤੋਂ ਬਿਨਾਂ ਇਸ ਕਾਲ ਵਿੱਚ ਰਮਾਇਣ, ਮਹਾਂਭਾਰਤ ਅਤੇ ਭਗਵਤ ਗੀਤਾ ਵਰਗੇ ਗ੍ਰੰਥਾਂ ਦੀ ਰਚਨਾ ਹੋਈ। ਮੰਨਿਆ ਜਾਂਦਾ ਹੈ ਕਿ ਰਮਾਇਣ ਦੇ ਨਾਇਕ, ਰਾਮ ਜੀ ਦੀ ਮਾਤਾ ਪੰਜਾਬ ਨਾਲ ਹੀ ਸਬੰਧਿਤ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਸ਼ਮ ਗ੍ਰੰਥ ਵਿੱਚ ਪਟਿਆਲਾ ਦੇ ਘੁਰਮ ਨੂੰ, ਰਾਮ ਜੀ ਦੀ ਮਾਤਾ, ਮਾਤਾ ਕੌਸ਼ਲਿਆ ਜੀ ਦੀ ਜਨਮ ਭੂਮੀ ਦੱਸਿਆ ਹੈ।

ਆਰੀਅਨ ਸਮੇਂ ਦੌਰਾਨ, ਪੰਜਾਬ ਕਈ ਛੋਟੇ-ਛੋਟੇ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ ਜਿਵੇਂ ਤ੍ਰਿਗਰਤਸ, ਕੁਟੂਤਸ, ਕੁਨਿੰਨਦਾਸ, ਯਕਦਿਆਸ ਅਤੇ ਮਾਲਾਵਾਸ ਆਦਿ। ਸੰਘੋਲ, ਸਨੇਤ, ਰੋਹੀੜਾ ਅਤੇ ਪੰਜਾਬ ਦੇ ਹੋਰਨਾ ਥਾਵਾਂ ਤੇ ਹੋਈਆਂ ਖੁਦਾਈਆਂ ਤੋਂ ਇਹਨਾਂ ਪੇਂਡੂ ਖੇਤਰਾਂ ਵਿੱਚੋਂ ਸਿੱਕੇ ਵੀ ਮਿਲੇ ਹਨ ਜੋ ਇਹਨਾਂ ਖੇਤਰਾਂ ਵਿੱਚ ਇਸ ਸੱਭਿਅਤਾ ਦੇ ਲੋਕਾਂ ਦੇ ਰਾਜ ਦੀ ਗਵਾਹੀ ਦਿੰਦੇ ਹਨ।

ਸਮੇਂ ਦੇ ਨਾਲ-ਨਾਲ, ਵੈਦਿਕ ਧਰਮ ਵਿੱਚ ਕਈ ਅਣਚਾਹੇ ਰੀਤੀ-ਰਿਵਾਜ ਸ਼ਾਮਿਲ ਹੋਣ ਕਾਰਨ ਇਹ ਹੋਰ ਵੀ ਗੁੰਝਲਦਾਰ ਹੁੰਦਾ ਗਿਆ। ਪੰਜਾਬ ਦੇ ਲੋਕ ਬੁੱਧ ਧਰਮ ਅਤੇ ਜੈਨੀ ਧਰਮ ਤੋਂ ਕਾਫੀ ਪ੍ਰਭਾਵਿਤ ਹੋਏ ਜੋ ਸਦਾਚਾਰ ਅਤੇ ਮਨੋਬਲ ਦੇ ਅਧਾਰ ਤੇ ਜੀਵਨ ਜਿਊਣ ਤੇ ਜ਼ੋਰ ਦਿੰਦੇ ਸਨ। ਅੰਤ ਵਿੱਚ ਆਰੀਅਨ ਲੋਕਾਂ ਵਿੱਚ ਯੋਧਾ ਭਾਵ ਕਮਜੋਰ ਹੁੰਦਾ ਗਿਆ।

3.5 ਈਰਾਨੀ ਅਤੇ ਯੂਨਾਨੀ ਹਮਲੇ:

ਈਰਾਨੀ ਸਾਮਰਾਜ ਦੀ ਦਹਿਲੀਜ਼ ਤੇ ਹੋਣ ਕਾਰਨ, ਪੰਜਾਬ ਨੂੰ ਕਈ ਈਰਾਨੀ ਹਮਲਿਆਂ ਦਾ ਸਾਹਮਣਾ ਕਰਨਾ ਪਿਆ। ਭਾਵੇ ਮੰਨਿਆ ਜਾਂਦਾ ਹੈ ਕਿ ਡੇਰੀਅਸ ਨਾਮ ਦੇ ਰਾਜੇ ਨੇ ਪੰਜਾਬ ਦੇ ਕਈ ਹਿੱਸਿਆਂ ਤੇ ਕਬਜ਼ਾ ਕਰ ਲਿਆ ਸੀ, ਪਰ ਅਸਲ ਵਿੱਚ ਈਰਾਨੀ ਰਾਜਾ ਗੁਸਤਾਸਪ ਨੇ 516 ਬੀ.ਸੀ. ਵਿੱਚ ਪੂਰੇ ਪੰਜਾਬ ਤੇ ਕਬਜ਼ਾ ਕਰ ਲਿਆ ਸੀ। ਉਹਨਾਂ ਸਮਿਆਂ ਵਿੱਚ ਪੰਜਾਬ ਈਰਾਨੀ ਸਾਮਰਾਜ ਦਾ ਸਭ ਤੋਂ ਅਮੀਰ ਸੂਬਾ ਬਣ ਗਿਆ।

Scanned by CamScanner

ਯੂਨਾਨੀ ਰਾਜੇ ਸਿਕੰਦਰ ਨੇ ਸੰਨ 321 ਵਿੱਚ ਪੰਜਾਬ ਤੇ ਕਬਜ਼ਾ ਕਰ ਇਸ ਨੂੰ ਈਰਾਨੀ ਸਾਮਰਾਜ ਵਿੱਚ ਮਿਲਾ ਲਿਆ। ਪੰਜਾਬ ਈਰਾਨੀ ਸਾਮਰਾਜ ਦਾ ਅਖੀਰੀ ਸੂਬਾ ਬਣਿਆ। ਸੂਬੇ ਦੇ ਬਹੁਤੇ ਸੂਬੇਦਾਰਾਂ ਨੇ ਬਿਨਾਂ ਕੋਈ ਤਾਕਤ ਅਜ਼ਮਾਏ, ਸਿਕੰਦਰ ਅੱਗੇ ਗੋਡੇ ਟੇਕ ਦਿੱਤੇ, ਪਰ ਪੋਰਸ ਜੋ ਕਿ ਬੇਤੀਨ ਦਾ ਰਾਜਾ ਸੀ, ਨੇ ਸਿਕੰਦਰ ਤੋਂ ਈਨ ਨਾ ਮੰਨੀ। ਦੋਹਾਂ ਧਿਰਾਂ ਵਿੱਚ ਇਤਿਹਾਸਿਕ ਲੜਾਈ ਹੋਈ। ਅੰਤ ਵਿੱਚ ਰਾਜਾ ਪੋਰਸ ਹਾਰ ਗਿਆ, ਉਸ ਨੂੰ ਕੈਦ ਕਰ ਲਿਆ ਗਿਆ ਅਤੇ ਸਿਕੰਦਰ ਸਾਹਮਣੇ ਪੇਸ਼ ਕੀਤਾ ਗਿਆ। ਇੱਥੇ ਹੀ ਦੋਹਾਂ ਵਿਚਾਲੇ ਪ੍ਰਸਿੱਧ ਗੱਲਬਾਤ ਹੋਈ। ਜਦੋਂ ਸਿਕੰਦਰ ਨੇ ਰਾਜਾ ਪੋਰਸ ਨੂੰ ਪੁੱਛਿਆ ਕਿ ਤੇਰੇ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਵੇ, ਤਾਂ ਪੋਰਸ ਨੇ ਕਿਹਾ, "ਜਿਹੋ ਜਿਹਾ ਇੱਕ ਰਾਜਾ ਨੂੰ ਦੂਜੇ ਨਾਲ ਕਰਨਾ ਚਾਹੀਦਾ ਹੈ।" ਪੋਰਸ ਦੀ ਬਹਾਦੁਰੀ ਅਤੇ ਹਾਜ਼ਰ ਜੁਆਬੀ ਤੋਂ ਪ੍ਰਭਾਵਿਤ ਹੋ ਕੇ, ਸਿਕੰਦਰ ਨੇ ਨਾਂ ਕੇਵਲ ਪੋਰਸ ਦਾ ਰਾਜ ਉਸ ਨੂੰ ਮੋੜ ਦਿੱਤਾ ਸਗੋਂ ਹੋਰ ਜਿੱਤੇ ਹੋਏ ਰਾਜ ਵੀ ਉਸ ਦੇ ਰਾਜ ਖੇਤਰ ਵਿੱਚ ਮਿਲਾ ਦਿੱਤੇ।

ਇਸ ਖੇਤਰ ਨੂੰ ਜਿੱਤਣ ਮਗਰੋਂ ਸਿਕੰਦਰ ਨੇ ਇੱਥੇ ਦੋ ਸ਼ਹਿਰਾਂ ਦੀ ਸਥਾਪਨਾ ਕੀਤੀ ਜਿੱਥੇ ਉਸ ਨੇ ਆਪਣੀ ਫੌਜ ਦੇ ਸੈਨਿਕਾਂ ਨੂੰ ਸਥਾਪਿਤ ਕੀਤਾ। ਇਹ ਸ਼ਹਿਰ ਸਿਕੰਦਰ ਦੇ ਚਲੇ ਜਾਣ ਮਗਰੋਂ ਇੰਡੋ ਯੂਨਾਨੀ ਰਾਜ ਹੇਠ ਪ੍ਰਫੁੱਲਿਤ ਹੋਏ। ਦੋ ਸਦੀਆ ਤੱਕ ਪੰਜਾਬ ਇਸੇ ਰਾਜ ਦੀਆਂ ਸੈਲੂਸਿਡ ਅਤੇ ਬੈਕਟਰੀਅਸ ਵਰਗੀਆਂ ਕੁੱਲਾਂ ਦੇ ਹੇਠ ਰਿਹਾ।

ਪੰਜਾਬ ਵਿੱਚ ਵਿਦੇਸ਼ੀਆਂ ਦੇ ਆਗਮਨ ਨੇ, ਪੰਜਾਬ ਨੂੰ ਪੱਛਮੀ ਦੇਸ਼ਾਂ ਦੇ ਕਾਫੀ ਨੇੜੇ ਲੈ ਆਂਦਾ। ਪੰਜਾਬ ਵਿੱਚ ਕਈ ਯੂਨਾਨੀ ਅਤੇ ਈਰਾਨੀ ਕਲੋਨੀਆ ਸਥਾਪਿਤ ਕੀਤੀਆਂ ਗਈਆਂ। ਕਈ ਯੂਨਾਨੀ ਅਤੇ ਈਰਾਨੀ ਲੋਕ, ਪੰਜਾਬ ਵਿੱਚ ਬਤੌਰ ਅਫਸਰ, ਸੈਨਿਕ, ਵਪਾਰੀ ਅਤੇ ਸ਼ਿਲਪਕਾਰ ਵੱਸ ਗਏ। ਪੱਛਮੀ ਦੇਸ਼ਾਂ ਵੱਲ ਗੱਲਬਾਤ ਅਤੇ ਵਪਾਰ ਦੇ ਨਵੇਂ ਰਾਹ ਖੁਲ੍ਹੇ। ਵਿਦੇਸ਼ੀ ਆਗਮਨ ਦਾ ਸਭ ਤੋਂ ਮਹੱਤਵਪੂਰਨ ਪ੍ਰਭਾਵ ਸੀ, ਦੋਹਾਂ ਸੱਭਿਆਚਾਰਾਂ ਦਾ ਮੇਲ। ਯੂਨਾਨੀ ਵਿਦਵਾਨਾ ਨੇ ਭਾਰਤੀਆਂ ਤੋਂ ਧਰਮ ਅਤੇ ਤਰਕਸ਼ਾਸਤਰ ਦਾ ਗਿਆਨ ਹਾਸਿਲ ਕੀਤਾ ਅਤੇ ਭਾਰਤੀਆਂ ਨੇ ਉਹਨਾਂ ਤੋਂ ਟਕਸਾਲ ਕਲਾ ਅਤੇ ਖਗੋਲ ਵਿੱਦਿਆ ਬਾਰੇ ਗਿਆਨ ਪ੍ਰਾਪਤ ਕੀਤਾ। ਵੱਖ-ਵੱਖ ਖੁਦਾਈਆਂ ਤੋਂ ਪੰਜਾਬ ਦੇ ਕਈ ਹਿੱਸਿਆਂ ਵਿੱਚ ਯੂਨਾਨੀ ਸਿੱਕੇ ਬਰਾਮਦ ਹੋਏ।

3.6 ਮੌਰੀਆ ਸਾਮਰਾਜ ਅਧੀਨ ਪੰਜਾਬ:

ਚੌਥੀ ਸ਼ਤਾਬਦੀ ਦੇ ਆਖਰੀ ਚੌਥਾਈ ਹਿੱਸੇ ਵਿੱਚ ਭਾਰਤੀ ਇਤਿਹਾਸ ਵਿੱਚ ਪਹਿਲੇ ਸਾਮਰਾਜ, ਮੌਰਿਅਨ ਸਾਮਰਾਜ ਦੀ ਸਥਾਪਨਾ ਹੋਈ। ਵਿਦੇਸ਼ੀਆਂ ਤਾਕਤਾਂ ਦੇ ਕਬਜ਼ੇ ਦੇ ਕਾਲੇ ਦੌਰ ਹੇਠ, ਭਾਰਤ ਵਿੱਚ ਚਾਣੱਕਿਆ (ਕੌਟਿਲਿਆ), ਭਾਰਤ ਦੇ ਪ੍ਰਸਿੱਧ ਕੂਟਨੀਤਿਕ ਦਾ ਜਨਮ ਹੋਇਆ। ਉਸ ਨੇ ਨਵਯੁਵਕ ਚੰਦਰਗੁਪਤ ਮੌਰੀਆ ਨੂੰ ਪੰਜਾਬ ਨੂੰ ਵਿਦੇਸ਼ੀ ਰਾਜ ਦੇ ਸੰਗਲਾਂ ਵਿੱਚੋਂ ਆਜ਼ਾਦ ਕਰਵਾਉਣ ਲਈ ਪ੍ਰੇਰਿਤ ਕੀਤਾ। ਚੰਦਰਗੁਪਤ ਨੇ ਆਪਣੇ ਗੁਰੂ ਦੀ ਅੱਗਵਾਈ ਹੇਠ, ਮਗਧ ਦੇ ਆਖਰੀ ਨੰਦ ਰਾਜੇ, ਧਨਾਨੰਦ ਨੂੰ ਗੱਦੀ ਤੋਂ ਲਾਹ ਦਿੱਤਾ ਅਤੇ ਪਾਟਲੀਪੁੱਤਰ ਤੇ ਆਪਣਾ ਕਬਜ਼ਾ ਕਰ ਲਿਆ। ਚਾਣੱਕਿਆ ਨੇ ਸਿਕੰਦਰ ਦੇ ਸੈਨਾਪਤੀ, ਸੈਲੂਕਸ ਨਿਕੇਟਰ ਨੂੰ ਵੀ ਹਰਾ ਦਿੱਤਾ ਅਤੇ ਅਫ਼ਗਾਨਿਸਤਾਨ ਦੇ ਵਿਸ਼ਾਲ ਖੇਤਰ ਤੇ ਕਬਜ਼ਾ ਕਰ ਲਿਆ।

ਮੌਰਿਅਨ ਕਾਲ ਦੌਰਾਨ, ਅਜੋਕੇ ਪੰਜਾਬ ਨੂੰ ਇੱਕ ਵਿਸ਼ਾਲ ਸੂਬੇ ਗੰਧਾਰ ਜਿਸ ਦੀ ਰਾਜਧਾਨੀ ਤਕਸ਼ਿਲਾ (ਹੁਣ ਪਾਕਿਸਤਾਨ) ਸੀ, ਵਿੱਚ ਸ਼ਾਮਿਲ ਕਰ ਲਿਆ ਗਿਆ ਸੀ। ਚੰਦਰ ਗੁਪਤ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਬਿੰਦੂਸਾਰ ਸਿੰਘਾਸ਼ਨ ਤੇ ਬੈਠਾ। ਬਿੰਦੂਸਾਰਾ ਦੇ ਰਾਜਕਾਲ ਦੌਰਾਨ ਹੀ ਅਸ਼ੋਕਾਂ ਨੂੰ ਗੰਧਾਰ ਸੂਬੇ ਦਾ ਗਵਰਨਰ ਨਿਯੁਕਤ ਕੀਤਾ ਗਿਆ।

ਬਿੰਦੂਸਾਰਾ ਮਗਰੋਂ ਤਾਕਤ ਵਿੱਚ ਆਇਆ ਰਾਜਾ ਅਸ਼ੋਕ ਬੇਸ਼ਕ ਭਾਰਤ ਦਾ ਸਭ ਤੋਂ ਸ਼ੂਰਵੀਰ ਰਾਜਾ ਸੀ ਜਿਸ ਨੇ ਆਪਣਾ ਰਾਜਪਾਠ ਦੱਖਣੀ ਭਾਰਤ ਵਿੱਚ ਅਫ਼ਗਾਨਿਸਤਾਨ ਤੋਂ ਮੈਸੂਰ ਤੱਕ ਵਧਾ ਲਿਆ ਸੀ। 261 ਬੀ.ਸੀ. ਵਿੱਚ ਕਲਿੰਗਾ ਦੀ ਲੜਾਈ

Scanned by CamScanner

ਹੋਈ ਜਿਸ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਅਤੇ ਕਈ ਲੋਕ ਜਖਮੀ ਹੋਏ, ਇਸ ਲੜਾਈ ਨੇ ਅਸ਼ੋਕ ਦੇ ਮੰਨਣ ਵਿਚ ਇਕ ਨਵਾਂ ਮੋੜ ਲਿਆਂਦਾ। ਲੜਾਈ ਮਗਰੋਂ ਉਹ ਬੁੱਧ ਧਰਮ ਦਾ ਪੈਰੋਕਾਰ ਬਣ ਗਿਆ ਅਤੇ ਆਪਣੀ ਪਰਜਾ ਦੀ ਭਲਾਈ ਲਈ ਨਿਸ਼ਕਾਮ ਸੇਵਾ ਸ਼ੁਰੂ ਕਰ ਦਿੱਤੀ। ਭਰੀਘੋਸ਼ (ਤਾਕਤ ਦੀ ਅਜ਼ਮਾਇਸ਼) ਦੀ ਥਾਂ ਧਰਮਘੋਸ਼ (ਭਲਾਈ ਕਾਜ) ਨੂੰ ਪਹਿਲ ਦਿਤੀ ਗਈ। ਉਸ ਨੇ ਸ਼ਿਕਾਰ ਕਰਨਾ ਛੱਡ ਦਿੱਤਾ ਅਤੇ ਜੀਵ ਹੱਤਿਆ ਕਰਨੀ ਵੀ ਛੱਡ ਦਿੱਤੀ ਸੀ। 232 ਬੀ.ਸੀ. ਵਿਚ ਉਸ ਦੀ ਮੌਤ ਹੋ ਗਈ।

ਅਸ਼ੋਕਾ ਤੋਂ ਬਾਅਦ, ਕਮਜ਼ੋਰ ਰਾਜਿਆਂ ਕਾਰਨ, ਰਾਜਨੀਤਿਕ ਅਸਥਿਰਤਾ ਫੈਲ ਗਈ ਅਤੇ ਮੌਰੀਅਨ ਸਾਮਰਾਜ ਦਾ ਅੰਤ ਹੋ ਗਿਆ।

3.7 ਸ਼ੁੰਘ, ਯੂਨਾਨੀ, ਸ਼ਕ, ਪਾਰਥੀਅਨਾਂ ਅਤੇ ਕੁਸ਼ਾਣ ਵੰਸ਼ ਦੇ ਅਧੀਨ ਪੰਜਾਬ:

ਆਖਰੀ ਮੋਰੀਆ ਰਾਜਾ ਬ੍ਰਿਹਾਦਰਥ ਦੇ ਸੈਨਾਪਤੀ 'ਪੁਸ਼ਯਾਮਿੱਤਰ ਸ਼ੁੰਘ' ਨੇ ਰਾਜਨੀਤਿਕ ਤਾਕਤ ਆਪਣੇ ਹੱਥ ਵਿੱਚ ਲੈ ਲਈ। ਅਜਿਹਾ ਉਸ ਨੇ ਮੋਰੀਆ ਰਾਜਿਆਂ ਨੂੰ ਖਦੇੜਨ ਉਪਰੰਤ ਕੀਤਾ। ਉਸ ਨੇ ਮੱਧ ਅਤੇ ਪੂਰਬੀ ਭਾਰਤ ਵਿੱਚ ਸ਼ੁੰਘ ਵੰਸ਼ ਦੀ ਸਥਾਪਨਾ ਕੀਤੀ ਅਤੇ ਪੰਜਾਬ ਦਾ ਵਿਸ਼ਾਲ ਖੇਤਰ ਉਸ ਦੇ ਸਾਮਰਾਜ ਦਾ ਹੀ ਹਿੱਸਾ ਸੀ।

ਪਰ ਉੱਤਰ-ਪੱਛਮੀ ਭਾਰਤ ਵਿੱਚ, ਮੌਰਿਅਨ ਵੰਸ਼ ਮਗਰੋਂ ਮੱਧ ਏਸ਼ਿਆ ਤੋਂ ਕਈ ਹੋਰ ਕੁੱਲਾਂ ਜਿਵੇਂ ਸ਼ਕ, ਯੂਨਾਨੀ, ਪਾਰਥੀਅਨ ਅਤੇ ਕੁਸ਼ਾਣ ਵਿੱਚ ਸਰਗਰਮ ਰਹੀਆਂ।

ਯੂਨਾਨੀਆਂ ਨੇ ਆਪਣੀ ਜੰਗ ਵਿਧੀ ਵਿੱਚ ਕਾਫੀ ਸੁਧਾਰ ਕੀਤਾ ਅਤੇ ਅਜੋਕੇ ਪੰਜਾਬ ਦਾ ਵਿਸ਼ਾਲ ਖੇਤਰ ਆਪਣੇ ਕਬਜ਼ੇ ਵਿੱਚ ਲੈ ਲਿਆ। ਸਭ ਤੋਂ ਮਹੱਤਵਪੂਰਨ ਯੂਨਾਨੀ ਰਾਜਾ ਮਿਲਿੰਦਾ ਜਾਂ ਮੀਨੇਂਦਰ ਸੀ, ਜਿਸ ਨੇ ਪੁਸ਼ਯਾਮਿੱਤਰ ਸ਼ੁੰਘ ਦੇ ਰਾਜ ਵਿੱਚ ਭਾਰਤ ਤੇ ਕਬਜ਼ਾ ਕਰ ਲਿਆ। ਭਾਰਤ ਵਿੱਚ ਯੂਨਾਨੀ ਸ਼ਾਸਕ ਪਹਿਲੇ ਸ਼ਾਸਕ ਸਨ ਜਿੰਨ੍ਹਾਂ ਨੇ ਆਪਣੇ ਰਾਜਿਆਂ ਦੇ ਨਾਮ ਤੇ ਸਿੱਕੇ ਜਾਰੀ ਕੀਤੇ।

ਯੂਨਾਨੀਆਂ ਤੋਂ ਮਗਰੋਂ ਇੱਥੇ ਸ਼ਕ ਦਾ ਰਾਜ ਆਇਆ। ਉਹਨਾਂ ਦਾ ਰਾਜ-ਖੇਤਰ ਯੂਨਾਨੀਆਂ ਤੋਂ ਕਾਫੀ ਵਿਸ਼ਾਲ ਸੀ। ਪੰਜਾਬ ਉਹਨਾਂ ਦੀਆਂ ਭਾਰਤ ਵਿੱਚ ਪੰਜ ਮੁੱਖ ਤਾਕਤਾਂ ਵਿੱਚੋਂ ਇੱਕ ਸੀ, ਜਿਸ ਦੀ ਰਾਜਧਾਨੀ ਤਕਸ਼ਿਲਾ ਸੀ।

ਸ਼ਕਾਂ ਤੋਂ ਬਾਅਦ ਪਾਰਥੀਅਨ ਤਾਕਤ ਵਿੱਚ ਆਏ ਜੋ ਕਿ ਮੂਲ ਰੂਪ ਵਿੱਚ ਈਰਾਨ ਦੇ ਵਾਸੀ ਸਨ, ਜੋ ਬਾਅਦ ਵਿੱਚ ਭਾਰਤ ਆ ਵਸੇ। ਸਭ ਤੋਂ ਪ੍ਰਸਿੱਧ ਪਾਰਥੀਅਨ ਰਾਜਾ ਗੋਡੋਂਫਰਨਿਸ ਸੀ। ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਨੇਤ ਅਤੇ ਜ਼ਿਲ੍ਹਾ ਸੰਗਰੂਰ ਦੇ ਰੋਹੀੜਾ ਤੋਂ ਗੋਡੋਂਫਰਨਿਸ ਦੇ ਸਮੇਂ ਦੇ ਸਿੱਕੇ ਅਤੇ ਸਾਂਚੇ ਬਰਾਮਦ ਕੀਤੇ ਗਏ ਹਨ।

ਪਾਰਥੀਅਨਾਂ ਮਗਰੋਂ ਉੱਤਰ-ਪੱਛਮੀ ਭਾਰਤ ਵਿੱਚ ਕੁਸ਼ਾਣ ਵੰਸ਼ ਦਾ ਰਾਜ ਆਇਆ। ਉਹਨਾਂ ਨੇ ਆਪਣਾ ਰਾਜਭਾਗ ਇੰਡਸ ਨਦੀ ਅਤੇ ਗੰਗਾ ਨਦੀ ਦੇ ਉੱਪਰੀ ਅਤੇ ਮੱਧ ਦੇ ਮੈਦਾਨਾਂ ਤੱਕ ਸਥਾਪਿਤ ਕੀਤਾ। ਕਨਿੱਸ਼ਕ ਇੱਕ ਮਹਾਨ ਕੁਸ਼ਾਣ ਰਾਜਾ ਸੀ ਜਿਸ ਨੇ 78 ਏ.ਡੀ. ਵਿੱਚ ਸ਼ਾਕਾ ਯੁੱਗ ਦੀ ਨੀਂਹ ਰੱਖੀ। ਕੁਸ਼ਾਣ ਰਾਜੇ, ਭਾਰਤ ਦੇ ਪਹਿਲੇ ਰਾਜੇ ਸਨ ਜਿੰਨ੍ਹਾਂ ਨੇ ਵੱਡੇ ਪੱਧਰ ਤੇ ਸੋਨੇ ਦੇ ਸਿੱਕੇ ਜਾਰੀ ਕੀਤੇ। ਪਹਿਲੀ ਅਤੇ ਦੂਜੀ ਸਦੀ ਦੇ ਕੁਸ਼ਾਣ ਰਾਜਿਆਂ ਨੇ ਰੋਮਨ ਸਾਮਰਾਜ ਨਾਲ ਤਾਲਮੇਲ ਰੱਖਿਆ ਅਤੇ ਵਧੀਆ ਵਪਾਰਕ ਸਬੰਧ ਬਣਾਏ। ਪੰਜਾਬ, ਕਾਬੁਲ ਅਤੇ ਗੁਆਂਢੀ ਖੇਤਰਾਂ ਵਿੱਚੋਂ ਕਈ ਵਿਦੇਸ਼ੀ ਰੋਮਨ ਸਿੱਕੇ ਬਰਾਮਦ ਕੀਤੇ ਗਏ ਹਨ।

Scanned by CamScanner

3.8 ਗੁਪਤ ਕਾਲ ਅਧੀਨ ਪੰਜਾਬ:

ਕੁਸ਼ਾਣ ਵੰਸ਼ ਤੋਂ ਬਾਅਦ, ਗੁਪਤ ਵੰਸ਼ ਦੇ ਸ਼ਾਸਕਾਂ ਦਾ ਰਾਜ ਆਇਆ ਜਿੰਨ੍ਹਾਂ ਨੇ ਉੱਤਰੀ ਭਾਰਤ ਵਿੱਚ ਰਾਜ ਕੀਤਾ। ਇਸ ਵੰਸ਼ ਦੇ ਸੰਸਥਾਪਕ ਸ੍ਰੀ ਗੁਪਤਾ ਸੀ ਅਤੇ ਇਸ ਵੰਸ਼ ਦਾ ਸਭ ਤੋਂ ਮਹੱਤਵਪੂਰਨ ਰਾਜਾ, ਚੰਦਰ ਗੁਪਤ-ਪਹਿਲਾ ਸੀ, ਜਿਸ ਨੇ 319-20 ਏ.ਡੀ. ਵਿੱਚ ਗੁਪਤ ਕਾਲ ਦਾ ਆਰੰਭ ਕੀਤਾ। ਉਸ ਮਗਰੋਂ ਉਸ ਦੇ ਪੁੱਤਰ ਸਮੁਦਰ ਗੁਪਤ ਨੇ ਰਾਜ ਕੀਤਾ।ਉਸ ਨੇ ਗੁਪਤ ਵੰਸ਼ ਦਾ ਵਿਸਤਾਰ ਕੀਤਾ ਅਤੇ ਯੂਪਾ ਕਿਸਮ ਦੇ ਸੋਨੇ ਦੇ ਸਿੱਕੇ ਵੀ ਜਾਰੀ ਕੀਤੇ।

ਲੁਧਿਆਣਾ ਦੇ ਸਨੇਤ ਪਿੰਡ ਅਤੇ ਹੋਰਨਾਂ ਥਾਵਾਂ ਤੋਂ ਮਿਲੇ ਲਾਲ ਰੰਗ ਦੇ ਮਿੱਟੀ ਦੇ ਬਰਤਨ, ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਪੰਜਾਬ, ਗੁਪਤ ਵੰਸ਼ ਦਾ ਹਿੱਸਾ ਰਿਹਾ।

3.9 ਵਰਧਾਨ ਕਾਲ ਅਧੀਨ ਪੰਜਾਬ:

ਵਰਧਾਨ ਕਾਲ ਦੀ ਸਥਾਪਨਾ, ਛੇਵੀਂ ਸਦੀ ਦੇ ਆਰੰਭ ਵਿੱਚ ਪੁਸ਼ਿਆਭੂਤੀ ਨੇ ਥਾਨੇਸ਼ਵਰ (ਕੁਰੂਕਸ਼ੇਤਰ, ਹਰਿਆਣਾ) ਵਿੱਚ ਕੀਤੀ। ਅਜੋਕਾ ਪੰਜਾਬ ਇਸ ਵਰਧਾਨ ਕਾਲ ਦਾ ਪ੍ਰਮੁੱਖ ਹਿੱਸਾ ਸੀ। ਇਸ ਵੰਸ਼ ਦਾ ਸਭ ਤੋਂ ਮਹੱਤਵਪੂਰਨ ਰਾਜਾ ਹਰਸ਼ਵਰਧਨ ਸੀ ਜੋ 606 ਏ.ਡੀ. ਵਿੱਚ ਸਿੰਘਾਸਨ ਤੇ ਬੈਠਾ। ਉਸ ਨੇ 606 ਏ.ਡੀ. ਵਿੱਚ ਹਰਸ਼ ਕਾਲ ਦਾ ਆਰੰਭ ਕੀਤਾ। ਉਸ ਸਮੇਂ ਮਹਾਨ ਚੀਨੀ ਯਾਤਰੀ ਹਿਊਨ-ਸਾਂਗ ਭਾਰਤ ਆਇਆ। ਉਸ ਨੇ ਪੁਰਾਤਨ ਸ਼ਹਿਰ ਸਰਹਿੰਦ ਦੀ ਆਪਣੀਆਂ ਲਿਖਤਾਂ ਵਿੱਚ ਬਹੁਤ ਸਿਫ਼ਤ ਕੀਤੀ।

3.10 ਪੰਜਾਬ ਵਿੱਚ ਮੁਸਲਮਾਨਾਂ ਦਾ ਆਗਮਨ:

ਮੁਹੰਮਦ ਗਜ਼ਨੀ ਦੇ ਆਗਮਨ ਸਮੇਂ ਪੰਜਾਬ ਤੇ ਹਿੰਦੂਸ਼ਾਹੀ ਸੱਤਾ ਕਾਬਜ਼ ਸੀ। ਹਿੰਦੂਸ਼ਾਹੀ ਸੱਤਾ ਦੇ ਰਾਜਾ, ਰਾਜਾ ਜੈਪਾਲ ਨੇ ਆਪਣੀ ਸਲਤਨਤ ਨੂੰ ਸਰਹਿੰਦ ਤੋਂ ਲੰਮਪਾਕਾ (ਹੁਣ ਲੰਮਘਾਨ) ਤੱਕ ਫੈਲਾਇਆ ਹੋਇਆ ਸੀ ਅਤੇ ਬਠਿੰਡਾ ਉਸ ਦੀ ਰਾਜਧਾਨੀ ਸੀ। ਬਾਅਦ ਵਿੱਚ ਉਸ ਨੇ ਆਪਣੀ ਰਾਜਧਾਨੀ ਬਦਲ ਕੇ ਬਠਿੰਡਾ ਤੋਂ ਸਰਹਿੰਦ ਬਣਾ ਲਈ। ਉਹਨਾਂ ਨੇ ਪੰਜਾਬ ਦੇ ਵਿਸ਼ਾਲ ਖੇਤਰ ਤੇ ਰਾਜ ਕੀਤਾ, ਪਰ ਹਿੰਦੂਸ਼ਾਹੀ ਰਾਜੇ, ਮੁਹੰਮਦ ਗਜ਼ਨੀ ਦੇ ਭਿਆਨਕ ਹਮਲਿਆਂ ਦੇ ਵਿਰੋਧ ਵਿੱਚ ਡੱਟੇ ਨਾ ਰਹਿ ਸਕੇ। ਮੁਹੰਮਦ ਗਜ਼ਨੀ ਨੇ ਭਾਰਤ ਤੇ ਸਤਾਰਾਂ ਵਾਰ ਹਮਲਾ ਕੀਤਾ।

ਮੁਸਲਿਮ ਰਾਜਿਆਂ ਖਾਸ ਤੌਰ ਤੇ ਮੁਹੰਮਦ ਗਜ਼ਨੀ ਦੇ ਭਾਰਤ ਤੇ ਲਗਾਤਾਰ ਵੱਧ ਰਹੇ ਹਮਲਿਆਂ ਕਾਰਨ ਭਾਰਤ ਵਿੱਚ ਸੰਦੇਹ ਅਤੇ ਅਸਥਿਰਤਾ ਵਾਲੇ ਹਾਲਾਤ ਪੈਦਾ ਹੋ ਗਏ। ਇਹਨਾਂ ਹਾਲਾਤਾਂ ਵਿੱਚ ਹਿੰਦੂਸ਼ਾਹੀ ਰਾਜ ਪਤਨ ਵੱਲ ਨੂੰ ਜਾਣ ਲੱਗਾ ਅਤੇ ਰਾਜਪੂਤ ਵੰਸ਼ ਇੱਕ ਤਾਕਤ ਵੱਜੋਂ ਉੱਭਰਿਆ। ਚੌਹਾਨ ਵੰਸ਼ ਨੇ ਪਹਿਲਾ ਅਜਮੇਰ ਵਿੱਚ ਰਾਜ ਕੀਤਾ ਪਰ ਅਜਿਹਾ ਮੰਨਿਆ ਜਾਂਦਾ ਹੈ ਕਿ 1164 ਤੱਕ ਉਹਨਾਂ ਨੇ ਦਿੱਲੀ ਅਤੇ ਸਤਲੁਜ ਵਿਚਕਾਰ ਵਸੇ ਵਿਸ਼ਾਲ ਇਲਾਕੇ ਤੇ ਆਪਣਾ ਕਬਜ਼ਾ ਕਰ ਲਿਆ ਸੀ। ਸਰਹਿੰਦ ਅਤੇ ਬਠਿੰਡਾ, ਉੱਤਰ-ਪੱਛਮ ਵਿੱਚ ਰਾਜਪੂਤ ਸਮਰਾਜ ਦੇ ਦੋ ਮਹੱਤਵਪੂਰਨ ਕਿਰਿਆਸ਼ੀਲ ਫੌਜੀ ਸਟੇਸ਼ਨ ਸਨ।

ਸ਼ਿਹਾਬੁਦੀਨ ਮੁਹੰਮਦ ਗੋਰੀ ਨੇ ਪ੍ਰਿਥਵੀ ਰਾਜ ਚੌਹਾਨ, ਜੋ ਕਿ ਚੌਹਾਨ ਵੰਸ਼ ਦਾ ਆਖਰੀ ਨਾਮਵਰ ਰਾਜਾ ਸੀ, ਨੂੰ 1192 ਏ.ਡੀ ਵਿੱਚ ਹੋਈ ਪ੍ਰਸਿੱਧ ਤਰਾਇਨ ਦੀ ਲੜਾਈ ਵਿੱਚ ਹਰਾ ਦਿੱਤਾ ਅਤੇ ਦਿੱਲੀ ਤੱਕ ਸਰਹਿੰਦ ਸਮੇਤ ਸਾਰਾ ਖੇਤਰ ਤੁਰਕਾਂ ਦੇ ਅਧਿਕਾਰ ਵਿੱਚ ਆ ਗਿਆ।

Scanned by CamScanner

ਪਾਠ 4

ਪੰਜਾਬ ਦਾ ਮੱਧਕਾਲੀਨ ਇਤਿਹਾਸ

4.1 ਪੰਜਾਬ ਵਿੱਚ ਦਾਸ ਵੰਸ਼ :

ਮੁਹੰਮਦ ਗੌਰੀ ਦੇ ਦਾਸ ਕੁਤੁੱਬ-ਦੀਨ-ਐਬਕ ਨੇ ਦਾਸ ਵੰਸ਼ ਦੀ ਨੀਂਹ ਰੱਖੀ ਅਤੇ ਉਸ ਨੇ 1206 ਏ.ਡੀ. ਤੋਂ 1210 ਏ.ਡੀ. ਤੱਕ ਰਾਜ ਕੀਤਾ। ਉਸ ਤੋਂ ਪਿੱਛੋਂ ਇੱਕ ਹੋਰ ਸਫਲ ਸ਼ਾਸਕ, ਸੁਲਤਾਨ ਇਲਤੁਤਮਿਸ ਆਇਆ ਜਿਸ ਨੇ ਛੱਬੀ (26) ਸਾਲ ਰਾਜ ਕੀਤਾ। ਇਲਤੁਤਮਿਸ਼ ਮਗਰੋਂ ਇਸ ਕੁੱਲ ਦੀ ਮਹੱਤਵਪੂਰਨ ਸ਼ਾਸਕ, ਰਜੀਆ ਸੀ। ਪ੍ਰਤੱਖ ਰੂਪ ਵਿੱਚ ਉਹ ਭਾਰਤ ਦੀ ਪਹਿਲੀ ਮਹਿਲਾ ਸ਼ਾਸਕ ਸੀ। ਇੱਕ ਹਬਸ਼ੀ ਦਾਸ, ਜਲਾਲ-ਉਦ-ਦੀਨ ਯਾਕੂਟ ਨਾਲ ਪੱਖਪਾਤੀ ਵਤੀਰੇ ਕਾਰਨ, ਤੁਰਕ ਰਈਸਾਂ ਨੇ ਉਸ ਖਿਲਾਫ ਵਿਦਰੋਹ ਕਰ ਦਿੱਤਾ ਸੀ। ਉਸ ਦਾ ਪਹਿਲਾ ਵਿਦਰੋਹੀ ਬਠਿੰਡੇ ਦਾ ਗਵਰਨਰ, ਮਲਿਕ ਇਖਤਿਆਰ-ਉਦ-ਦੀਨ ਅਲਤੂਨੀ ਸੀ। ਉਸ ਨੇ ਯਾਕੂਟ ਨੂੰ ਮਾਰ ਕੇ ਰਜੀਆ ਨੂੰ ਬੰਦੀ ਬਣਾ ਲਿਆ। ਮਗਰੋਂ ਇਹਨਾਂ ਹਾਲਾਤਾਂ ਤੋਂ ਬਚਣ ਲਈ ਰਜ਼ੀਆ ਨੇ ਅਲਤੂਨੀ ਨਾਲ ਵਿਆਹ ਕਰਵਾ ਲਿਆ, ਪਰ ਅਜਿਹਾ ਕਰ ਕੇ ਵੀ ਉਹ ਆਜ਼ਾਦ ਨਾ ਹੋ ਸਕੀ। 1240 ਈਸਵੀਂ ਵਿੱਚ ਦਿੱਲੀ ਦੇ ਰਾਹ ਤੇ (ਕੈਥਲ ਨੇੜੇ) ਉਸ ਦੀ ਉਸ ਦੇ ਪਤੀ ਸਮੇਤ ਬਹਿਰਾਮ ਖਾਨ ਵੱਲੋਂ ਹੱਤਿਆ ਕਰ ਦਿੱਤੀ ਗਈ। ਇਸ ਤਰ੍ਹਾਂ ਤਿੰਨ ਸਾਲ ਅਤੇ ਕੁਝ ਕੁ ਮਹੀਨਿਆਂ ਦੇ ਰਾਜਕਾਲ ਮਗਰੋਂ ਬੇਬਸੀ ਵਿੱਚ ਹੀ ਰਜ਼ੀਆ ਦੀ ਮੌਤ ਹੋ ਗਈ।

ਰਜੀਆ ਤੋਂ ਬਾਅਦ ਬਹਿਰਾਮ ਰਾਜਾ ਬਣਿਆ ਅਤੇ ਲਗਭਗ ਦੋ ਸਾਲ ਸ਼ਾਸਨ ਕੀਤਾ। ਇਸ ਘਰਾਣੇ ਦਾ ਅਗਲਾ ਮਹੱਤਵਪੂਰਨ ਸ਼ਾਸਕ ਗਿਆਸੂ-ਉਦ-ਦੀਨ ਬਲਬਨ ਸੀ। ਉਸਨੇ 1246 ਏ.ਡੀ. ਤੋਂ 1286 ਏ.ਡੀ. ਤੱਕ ਦੇਸ਼ 'ਤੇ ਨਿਯਮਿਤ ਤੌਰ 'ਤੇ ਰਾਜ ਕੀਤਾ। ਵੀਹ ਸਾਲਾਂ ਲਈ ਸੁਲਤਾਨ ਨਾਸਿਰ-ਉਦ-ਦੀਨ ਮੁਹੰਮਦ ਦੇ ਪ੍ਰਧਾਨ ਮੰਤਰੀ ਹੋਣ ਦੇ ਨਾਂ 'ਤੇ ਅਤੇ ਵੀਹ ਸਾਲਾਂ ਲਈ ਦਿੱਲੀ ਦੇ ਸੁਲਤਾਨ ਰੂਪ 'ਚ ਰਿਹਾ। ਮੁਸਲਮਾਨਾਂ ਦੁਆਰਾ ਕੀਤੇ ਜਾਣ ਵਾਲੇ ਹਮਲੇ ਤੋਂ ਬਚਾਅ ਲਈ ਸਰਹਿੰਦ ਵਿਖੇ ਇੱਕ ਵੱਡਾ ਕਿਲਾ ਬਣਾਇਆ ਗਿਆ ਸੀ। ਮੁਗਲ ਝੜਪਾਂ ਲਈ ਪਹਿਲਾਂ ਹੀ ਭਾਰਤ 'ਤੇ ਲਾਲਚੀ ਅੱਖਾਂ ਟਿਕਾਈ ਬੈਠੇ ਸਨ।

ਬਲਬਨ ਨੇ ਆਪਣੇ ਚਚੇਰੇ ਭਰਾ ਸ਼ੇਰਖਾਨ ਨੂੰ ਸਰਹਿੰਦ ਅਤੇ ਨਾਲ ਲੱਗਦੇ ਇਲਾਕਿਆ ਦਾ ਗਵਰਨਰ ਬਣਾਇਆ। ਉਹ ਸ਼ਕਤੀਸ਼ਾਲੀ ਗਵਰਨਰ ਸੀ। ਜੋ ਬਹੁਤ ਹਿੰਮਤ ਵਾਲਾ ਸੀ। ਉਸ ਨੇ ਕੁਸ਼ਲਤਾ ਨਾਲ ਮੰਗੋਲੀਆਂ ਦੁਆਰਾ ਕੀਤੀ ਘੁਸਪੈਠ ਨੂੰ ਨਕਾਰਾ ਕੀਤਾ।ਸਰਹਿੰਦ ਦਾ ਗਵਰਨਰ ਹੋਣ ਦੇ ਨਾਂ 'ਤੇ ਉਹ ਇੰਨਾ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਹੋ ਗਿਆ ਸੀ ਕਿ ਬਲਬਨ ਨੇ ਉਸ ਨੂੰ ਆਪਣੀ ਹੋਂਦ ਲਈ ਖ਼ਤਰਾ ਸਮਝਣਾ ਸ਼ੁਰੂ ਕੀਤਾ। ਇਸ ਤਰ੍ਹਾਂ ਉਸ ਨੇ ਸ਼ੇਰ ਖਾਨ ਨੂੰ ਜ਼ਹਿਰ ਦਿੱਤਾ ਅਤੇ ਆਪਣੇ ਸਭ ਤੋਂ ਵੱਡੇ ਸਪੁੱਤਰ ਰਾਜਕੁਮਾਰ ਸੁਲਤਾਨ ਨੂੰ ਸਰਹਿੰਦ ਦਾ ਗਵਰਨਰ ਨਿਯੁਕਤ ਕੀਤਾ। ਆਪਣੇ ਪਿਤਾ ਦੀ ਮਹਾਨ ਯੋਗਤਾ ਅਤੇ ਪੂਰੀ ਸੰਤੁਸ਼ਟੀ ਨਾਲ ਰਾਜਕੁਮਾਰ ਸੁਲਤਾਨ ਨੇ ਇਸ ਸਰਹੱਦੀ ਖੇਤਰ ਨੂੰ ਕੁਸ਼ਲਤਾਪੂਰਵਕ ਚਲਾਇਆ। 1285 ਵਿੱਚ ਮੰਗੋਲਾਂ ਦੇ ਖਿਲਾਫ਼ ਲੜਾਈ ਵਿੱਚ ਮਾਰੇ ਜਾਣ ਤੱਕ ਲੜਾਈ ਕੀਤੀ। ਬਲਬਨ ਇਸ ਦੁਖਾਂਤ ਤੋਂ ਉੱਭਰ ਨਾਂ ਸਕਿਆ ਅਤੇ 40

Scanned by CamScanner

ਸਾਲਾਂ ਦੇ ਸ਼ਾਸਨ ਤੋਂ ਬਾਅਦ ਉਸ ਦਾ ਦਿਲ ਟੁੱਟ ਗਿਆ। ਕਾਇਕੂਵਾਡ ਦਾਸ ਵੰਸ਼ ਦਾ ਆਖਰੀ ਬਾਦਸ਼ਾਹ ਸੀ। ਉਹ ਇੱਕ ਕਮਜ਼ੋਰ ਸ਼ਾਸਕ ਸੀ ਜਿਸ ਤੋਂ ਜਲਾਲੁਦੀਨ ਨੇ ਦਿੱਲੀ ਦਾ ਤਖਤ ਖੋਹ ਲਿਆ।

4.2 ਖਿਲਜੀ ਰਾਜਵੰਸ਼ ਅਧੀਨ ਪੰਜਾਬ:

ਖਿਲਜੀ ਰਾਜਵੰਸ਼ ਦੇ ਸੰਸਥਾਪਕ ਜਲਾਲ-ਉਦ-ਦੀਨ ਖਿਲਜੀ ਸਨ। ਅਲਾ-ਉਦ-ਦੀਨ ਖਿਲਜੀ ਦਾ 1295 ਏ. ਡੀ. ਵਿੱਚ ਉਸਦੇ ਭਾਣਜੇ ਨੇ ਹੀ ਕਤਲ ਕਰ ਦਿੱਤਾ ਸੀ। ਅਲਾ-ਉਦ-ਦੀਨ ਇਸ ਵੰਸ਼ ਦਾ ਸਭ ਤੋਂ ਸ਼ਕਤੀਸ਼ਾਲੀ ਸ਼ਾਸਕ ਸੀ।

ਉਸ ਦੇ ਰਾਜਕਾਲ ਦੌਰਾਨ, ਮੰਗੋਲੀਆਂ ਨੇ ਪੰਜਾਬ ਦੇ ਗਵਰਨਰ ਤੁਗਲਕ ਖਾਨ ਤੇ ਵੱਡੀ ਫੌਜ ਨਾਲ ਹਮਲਾ ਕੀਤਾ। ਪਰ ਉਸਨੇ ਦੁਸਮਣ 'ਤੇ ਲਾਸਾਨੀ ਜਿੱਤ ਪ੍ਰਾਪਤ ਕੀਤੀ। ਅਲਾ-ਉਦ-ਦੀਨ 1316 ਈਸਵੀ ਵਿੱਚ ਲਗਭਗ 20 ਸਾਲਾਂ ਦੇ ਰਾਜ ਬਾਅਦ ਮਰ ਗਿਆ।

4.3 ਪੰਜਾਬ ਵਿੱਚ ਤੁਗਲਕ ਵੰਸ਼:

ਪੰਜਾਬ ਵਿੱਚ ਤੁਗਲਕ ਵੰਸ਼ ਦੀ ਨੀਂਹ 1320 ਈਸਵੀ ਵਿੱਚ ਗਿਆਸੂ-ਉਦ-ਦੀਨ ਤੁਗਲਕ ਨੇ ਰੱਖੀ। ਮੁਹੰਮਦ ਤੁਗਲਕ ਅਤੇ ਫਿਰੋਜ਼ਸ਼ਾਹ ਤੁਗਲਕ, ਇਸ ਵੰਸ਼ ਦੇ ਮਹੱਤਵਪੂਰਨ ਸ਼ਾਸਕ ਹੋਏ ਹਨ। ਮੁਹੰਮਦ ਤੁਗਲਕ ਇੱਕ ਦੂਰਅੰਦੇਸ਼ੀ ਪ੍ਰਵਕਤਾ ਸੀ ਜਦੋਂ ਕਿ ਫਿਰੋਜ਼ਸ਼ਾਹ ਤੁਗਲਕ ਕਿਰਿਆਤਮਕ ਪ੍ਰਤਿਵਿਰਤੀ ਦਾ ਮਾਲਕ ਸੀ। ਫਿਰੋਜ਼ਸ਼ਾਹ ਤੁਗਲਕ ਨੇ ਖੇਤੀਬਾੜੀ ਵਿੱਚ ਸੁਧਾਰ ਲਿਆਉਣ ਲਈ ਕਈ ਯਤਨ ਕੀਤੇ। ਸਿੰਜਾਈ ਲਈ ਕਈ ਨਹਿਰਾਂ ਬਣਵਾਈਆਂ ਗਈਆਂ। ਦਰਿਆ ਸਤਲੁਜ ਤੋਂ ਪੰਜਾਬ ਦੇ ਖੇਤਰਾਂ ਵਿੱਚ ਸਿੰਜਾਈ ਲਈ ਇੱਕ ਨਹਿਰ ਪੁਟਵਾਈ ਗਈ। ਉਹ ਨਵੇਂ ਸ਼ਹਿਰ ਵਸਾਉਣ ਦਾ ਵੀ ਸ਼ੌਕੀਨ ਸੀ। ਦੂਜੇ ਸ਼ਹਿਰਾਂ ਦੇ ਨਾਲ-ਨਾਲ, ਉਸ ਨੇ ਪੰਜਾਬ ਵਿੱਚ ਸ਼ਹਿਰ ਫਿਰੋਜ਼ਪੁਰ ਵਸਾਇਆ।

ਫਿਰੋਜ਼ਸ਼ਾਹ ਮਗਰੋਂ ਕਈ ਕਮਜ਼ੋਰ ਸ਼ਾਸਕਾਂ ਕਾਰਨ, ਦਿੱਲੀ ਸਲਤਨਤ ਢਹਿ-ਢੇਰੀ ਹੋ ਗਈ। ਦਿੱਲੀ ਸਲਤਨਤ ਦੀ ਇਸੇ ਨਿੱਘਰਦੀ ਹਾਲਤ ਕਾਰਨ ਹੀ 1398 ਈਸਵੀ ਵਿੱਚ ਤੈਮੂਰ ਨੇ ਭਾਰਤ ਤੇ ਹਮਲਾ ਕਰ ਦੀਤਾ। ਦਿੱਲੀ ਸਲਤਨਤ ਕਮਜ਼ੋਰ ਹੋਣ ਕਾਰਨ, ਤੈਮੂਰ ਦਾ ਮੁਕਾਬਲਾ ਨਾਂ ਕਰ ਸਕੀ। ਸੋ ਤੈਮੂਰ ਨੇ ਬੁਰੀ ਤਰ੍ਹਾਂ ਇਸ ਦੇਸ਼ ਦੀ ਲੁੱਟ-ਖਸੁੱਟ ਕੀਤੀ। ਕਾਫੀ ਮਾਤਰਾ ਵਿੱਚ ਲੁੱਟ ਦਾ ਸਮਾਨ ਇਕੱਠਾ ਕਰਨ ਮਗਰੋਂ ਉਹ ਪੰਜਾਬ ਦੇ ਰਾਹ ਆਪਣੇ ਦੇਸ਼ ਵਾਪਿਸ ਮੁੜ ਗਿਆ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਉਹ ਜ਼ਿਲ੍ਹਾ ਅੰਬਾਲਾ, ਰੂਪਨਗਰ, ਹੁਸ਼ਿਆਰਪੁਰ ਅਤੇ ਕਾਂਗੜਾ ਵੱਲੋਂ ਦੀ ਪਠਾਨਕੋਟ ਵਿੱਚੋਂ ਦੀ ਹੁੰਦਾ ਹੋਇਆ ਜੰਮੂ ਪਹੁੰਚਿਆ। ਵਾਪਿਸ ਜਾਂਦਿਆਂ, ਉਸ ਦੇ ਰਾਹ ਵਿੱਚ ਜੋ ਵੀ ਆਇਆ, ਉਸ ਨੇ ਤਹਿਸ-ਨਹਿਸ ਕਰ ਦਿੱਤਾ। ਅਜਿਹੀ ਵੀ ਸ਼ੰਕਾ ਹੈ ਕਿ ਰੂਪਨਗਰ ਦੀਆਂ ਪਹਾੜੀਆਂ ਵਿੱਚ ਰਤਨ ਸਿੰਘ ਨਾਮ ਦੇ ਰਾਜੇ ਨੇ ਉਸ ਦਾ ਵਿਰੋਧ ਕੀਤਾ ਪਰ ਉਹ ਹਾਰ ਗਿਆ।

4.4 ਪੰਜਾਬ ਵਿੱਚ ਸੱਈਅਦ ਅਤੇ ਲੋਧੀ ਵੰਸ਼:

ਸੱਈਅਦ ਵੰਸ਼ ਦਾ ਮੋਢੀ ਖਿਜਰ ਖਾਨ ਸੀ। ਉਹ 1414 ਈਸਵੀ ਵਿੱਚ ਤਖ਼ਤ ਤੇ ਬੈਠਿਆ। ਪਹਿਲਾਂ ਉਹ ਤੈਮੂਰ ਵੱਲੋਂ ਨਿਯੁਕਤ ਕੀਤਾ ਗਿਆ, ਪੰਜਾਬ ਦਾ ਗਵਰਨਰ ਸੀ। ਉਸੇ ਦੇ ਰਾਜ ਕਾਲ ਦੌਰਾਨ, ਸਰਹਿੰਦ ਦੇ ਤਾਕਤਵਰ ਗਵਰਨਰ ਸੁਲਤਾਨ ਸ਼ਾਹ ਲੋਧੀ ਨੇ ਸਾਰੰਗ ਖਾਨ ਨੂੰ ਹਰਾਇਆ ਸੀ। ਸਾਰੰਗ ਖਾਨ ਨੇ ਖਿਜਰ ਖਾਨ ਦੀ ਹਕੂਮਤ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਸਾਰੰਗ ਖਾਨ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਲੁਕ ਗਿਆ ਅਤੇ ਮਗਰੋਂ ਉਸ ਨੂੰ ਰੂਪਨਗਰ ਵਿੱਚ ਮੁੜ ਹਾਰ ਦਾ

Scanned by CamScanner

ਸਾਹਮਣਾ ਕਰਨਾ ਪਿਆ।

1421 ਈਸਵੀ ਵਿੱਚ ਖਿਜਰ ਖਾਨ ਮਗਰੋਂ ਮੁਬਾਰਕ ਸ਼ਾਹ ਆਇਆ। ਉਸ ਦੇ ਸ਼ਾਸਨ ਦੌਰਾਨ ਹੀ ਖੋਖਰਾਂ ਦੇ ਮੁਖੀ, ਜਸਰਤ ਨੇ ਉਜੜ ਚੁੱਕੀ ਦਿੱਲੀ ਵਿੱਚ ਆਪਣਾ ਰਾਜ ਸਥਾਪਿਤ ਕਰਨਾ ਚਾਹਿਆ। ਉਸ ਨੇ ਪਹਿਲਾਂ ਹੀ ਪੰਜਾਬ ਵਿੱਚ ਰੂਪ ਨਗਰ ਅਤੇ ਸਰਹਿੰਦ ਤੱਕ ਤਬਾਹੀ ਮਚਾਈ ਹੋਈ ਸੀ। ਉਸ ਨੇ ਜਲੰਧਰ ਤੋਂ ਲਾਹੌਰ ਤੱਕ ਦੇ ਇਲਾਕਿਆਂ ਦੇ ਗਵਰਨਰ ਅਲਾਹ-ਦਾਦ ਨੂੰ ਵੀ ਹਰਾ ਦਿੱਤਾ। ਪਰ ਬਾਅਦ ਵਿੱਚ ਜਸਰਤ ਦੀ ਮੌਤ ਹੋ ਗਈ। ਮੁਬਾਰਕ ਸ਼ਾਹ ਮਗਰੋਂ ਮਹੁੰਮਦ ਸ਼ਾਹ ਅਤੇ ਅਲਾ-ਉਦ-ਦੀਨ ਆਲਮਸ਼ਾਹ ਆਏ। ਅਲਾ-ਉਦ-ਦੀਨ ਆਲਮਸ਼ਾਹ ਨੇ ਦਿੱਲੀ ਦੀ ਬਜਾਏ, ਬਦਾਊਂ ਵਿੱਚ ਰਹਿਣ ਦਾ ਮਨ ਬਣਾ ਲਿਆ ਸੀ। ਪ੍ਰਸ਼ਾਸਨ ਦੀ ਦੇਖ-ਰੇਖ ਲਈ ਉਸ ਨੇ ਦਿੱਲੀ ਵਿੱਚ ਗਵਰਨਰ ਨਿਯੁਕਤ ਕੀਤਾ। ਇਸ ਮੌਕੇ ਦਾ ਲਾਭ ਉਠਾਉਂਦਿਆਂ 1451 ਵਿੱਚ ਬਹਿਲੋਲ ਲੋਧੀ ਨੇ ਦਿੱਲੀ ਤੇ ਕਬਜ਼ਾ ਕਰ ਲਿਆ ਅਤੇ ਇੱਕ ਨਵੇਂ ਵੰਸ਼, ਲੋਧੀ ਵੰਸ਼ ਦੀ ਸਥਾਪਨਾ ਕੀਤੀ।

ਬਹਿਲੋਲ ਲੋਧੀ ਦੇ ਦਿੱਲੀ ਤੇ ਕਾਬਜ਼ ਮਗਰੋਂ ਹੁਣ ਪੰਜਾਬ, ਦਿੱਲੀ ਲਈ ਮੁਸੀਬਤ ਦਾ ਰਾਹ ਨਾ ਰਿਹਾ। ਕਿਉਂਕਿ ਦਿੱਲੀ ਦੇ ਸਿੰਘਾਸਨ ਤੇ ਬੈਠਣ ਤੋਂ ਪਹਿਲਾਂ ਹੀ ਉਹ ਪੰਜਾਬ ਦੇ ਮੈਦਾਨਾਂ ਤੇ ਕਾਬਜ਼ ਸੀ ਅਤੇ ਇਸ ਸਮੇਂ ਤੱਕ ਬਹਾਦੁਰ ਜਸਰਤ ਦੀ ਵੀ ਮੌਤ ਹੋ ਚੁੱਕੀ ਸੀ। ਬਹਿਲੋਲ ਲੋਧੀ ਦੇ ਉਤਰਾਧਿਕਾਰੀ ਸਿਕੰਦਰ ਲੋਧੀ ਨੂੰ ਵੀ ਪੰਜਾਬ ਵਿੱਚ ਕਿਸੇ ਵੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਿਆ। ਇਬਰਾਹੀਮ ਲੋਧੀ ਦੇ ਸ਼ਾਸਨ ਦੌਰਾਨ ਹੀ, ਬਾਬਰ ਦੇ ਹਮਲਿਆਂ ਕਾਰਨ ਇਤਿਹਾਸ ਵਿੱਚ ਪੰਜਾਬ ਮੁੜ ਸੁਰਖਿਆਂ ਵਿੱਚ ਆਇਆ।1520 ਈ: ਵਿੱਚ ਬਾਬਰ ਨੇ ਪੱਛਮੀ ਪੰਜਾਬ ਤੇ ਹਮਲਾ ਕੀਤਾ ਅਤੇ 1524 ਈ: ਵਿੱਚ ਲਾਹੌਰ ਤੇ ਕਬਜ਼ਾ ਕਰ ਲਿਆ। 1526 ਈ: ਵਿੱਚ ਬਾਬਰ ਨੇ, ਪਾਨੀਪਤ ਦੀ ਲੜਾਈ ਵਿੱਚ ਇਬਰਾਹੀਮ ਲੋਧੀ ਨੂੰ ਹਰਾ ਕੇ ਲੋਧੀ ਵੰਸ਼ ਦਾ ਅੰਤ ਕਰ ਦਿੱਤਾ।

4.5 ਪੰਜਾਬ ਵਿੱਚ ਮੁਗਲ ਸਲਤਨਤ:

ਭਾਰਤ ਵਿੱਚ ਪੰਜਾਬ, ਬਾਬਰ ਦੇ ਕਬਜ਼ੇ ਵਿੱਚ ਆਉਣ ਵਾਲਾ ਪਹਿਲਾ ਸੂਬਾ ਸੀ। ਬਾਬਰ 1585 ਤੋਂ 1598 ਤੱਕ ਲਾਹੌਰ ਦੇ ਸ਼ਾਹੀ ਤਖ਼ਤ ਤੇ ਰਿਹਾ। ਇਸ ਤੋਂ ਬਾਅਦ 1712 ਈਸਵੀ ਤੱਕ, ਆਗਰਾ ਅਤੇ ਦਿੱਲੀ ਦੇ ਨਾਲ-ਨਾਲ ਲਾਹੌਰ ਨੂੰ ਸਾਮਰਾਜ ਦੀਆਂ ਤਿੰਨ ਰਾਜਧਾਨੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਸੀ।

1526 ਈਸਵੀ ਵਿੱਚ ਬਾਬਰ ਹੱਥੋਂ ਇਬਰਾਹੀਮ ਲੋਧੀ ਦੀ ਹਾਰ ਪਿੱਛੋਂ, ਪੰਜਾਬ ਮੁਗਲਾਂ ਦੇ ਅਧਿਕਾਰ ਖੇਤਰ ਵਿੱਚ ਆ ਗਿਆ। ਬਾਬਰ ਪੰਜਾਬ ਅਤੇ ਉੱਤਰੀ ਭਾਰਤ ਦਾ ਪਹਿਲਾ ਮੁਗਲ ਸ਼ਾਸਕ ਸੀ। ਬਾਬਰ ਦੇ ਹਮਲਿਆਂ ਮੌਕੇ ਪੰਜਾਬ ਦੀ ਸਮਾਜਿਕ ਅਤੇ ਧਾਰਮਿਕ ਸਥਿਤੀ ਅਸੰਤੋਸ਼ਜਨਕ ਸੀ। ਕਈ ਸੰਤ-ਮਹਾਤਮਾ ਅਤੇ ਸਮਾਜ ਸੁਧਾਰਕ ਉਸ ਸਮੇਂ ਪ੍ਰਚਲਿਤ ਕੁਰੀਤਿਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਸਨ। ਉਹ ਸਿੱਖਾਂ ਅਤੇ ਮੁਸਲਮਾਨਾਂ ਵਿਚਲੇ ਮਤਭੇਦ ਨੂੰ ਘਟਾਉਣ ਲਈ ਆਪਣੀ ਪੂਰੀ ਵਾਹ ਲਗਾ ਰਹੇ ਸਨ। ਇਸੇ ਸਮੇਂ ਦੌਰਾਨ, ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ ਜਿੰਨ੍ਹਾਂ ਨੇ ਮਾਨਵਤਾ ਨੂੰ ਪਿਆਰ ਅਤੇ ਵਿਸ਼ਵਾਸ ਦਾ ਸੁਨੇਹਾ ਦਿੱਤਾ।

ਇੱਥੇ ਦਿਲਚਸਪ ਤੱਥ ਹੈ ਕਿ ਪੰਜਾਬ ਵਿੱਚ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਬਿਲਕੁਲ ਉਸੇ ਸਮੇਂ ਰੱਖੀ ਜਦੋਂ ਭਾਰਤ ਵਿੱਚ ਬਾਬਰ ਨੇ ਮੁਗਲ ਸਾਮਰਾਜ ਸਥਾਪਿਤ ਕੀਤਾ। ਗੁਰੂ ਜੀ ਸ਼ੇਰਸ਼ਾਹ ਸੂਰੀ ਦੇ ਕਾਲ ਦੌਰਾਨ ਵੀ ਜੀਵਿਤ ਸਨ।

1530 ਈਸਵੀ ਵਿੱਚ ਬਾਬਰ ਦਾ ਜੇਠਾ ਪੁੱਤਰ ਹਿਮਾਂਯੂ ਉਸ ਦਾ ਉੱਤਰਾਅਧਿਕਾਰੀ ਬਣਿਆ। 1540 ਈਸਵੀ ਵਿੱਚ ਸ਼ੇਰਸ਼ਾਹ ਸੂਰੀ ਨੇ ਹਿਮਾਂਯੂ ਤੋਂ ਤਾਕਤ ਖੋਹ ਲਈ। ਸ਼ੇਰਸ਼ਾਹ ਸੂਰੀ ਦੇ ਰਾਜ ਦੌਰਾਨ ਹੀ, ਪੰਜਾਬ ਦਾ ਮੌਜੂਦਾ ਖੇਤਰ ਉਸ ਦੇ

Scanned by CamScanner

ਰਾਜ ਵਿੱਚ ਮਿਲਾ ਦਿੱਤਾ ਗਿਆ ਸੀ। ਪਰ 1555 ਈਸਵੀ ਵਿੱਚ ਹਿਮਾਂਯੂ ਆਪਣਾ ਰਾਜਭਾਗ ਮੁੜ ਹਾਸਿਲ ਕਰਨ ਵਿੱਚ ਕਾਮਯਾਬ ਹੋ ਗਿਆ ਅਤੇ ਉਸ ਨੇ ਬੈਰਾਮ ਖਾਨ ਨੂੰ ਸਰਹਿੰਦ ਦਾ ਗਵਰਨਰ ਨਿਯੁਕਤ ਕੀਤਾ।

ਹਿਮਾਂਯੂ ਅਤੇ ਸ਼ੇਰਸ਼ਾਹ ਸੂਰੀ ਦੇ ਰਾਜਕਾਲ ਦੌਰਾਨ, ਗੁਰੂ ਅੰਗਦ ਦੇਵ ਜੀ ਨੇ ਸਿੱਖ ਧਰਮ ਨੂੰ ਹੋਰ ਵਿਕਸਿਤ ਕੀਤਾ। 1556 ਈ: ਵਿੱਚ ਹਮਾਂਯੂ ਦਾ ਪੁੱਤਰ, ਅਕਬਰ ਰਾਜਾ ਬਣਿਆ। ਉਹ ਇੱਕ ਸ਼ਹਿਣਸ਼ੀਲ ਰਾਜਾ ਸੀ ਅਤੇ ਉਸ ਨੇ ਕਿਸੇ ਵੀ ਤਰ੍ਹਾਂ ਪੰਜਾਬ ਵਿੱਚ ਸਿੱਖ ਧਰਮ ਦੇ ਵਿਕਾਸ ਤੇ ਰੋਕ ਨਾ ਲਗਾਈ। ਅਕਬਰ ਦੇ ਸ਼ਾਸਨ ਦੌਰਾਨ ਸਿੱਖ ਧਰਮ, ਗੁਰੂ ਅਮਰ ਦਾਸ ਜੀ, ਗੁਰੂ ਰਾਮ ਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਅਗਵਾਈ ਹੇਠ ਹੋਰ ਪ੍ਰਫੁਲਿੱਤ ਹੁੰਦਾ ਗਿਆ। ਬਾਦਸ਼ਾਹ ਅਕਬਰ ਨੇ ਹਮੇਸ਼ਾ ਹੀ ਸਿੱਖ ਗੁਰੂਆਂ ਪ੍ਰਤੀ ਸਤਿਕਾਰ ਦੀ ਭਾਵਨਾ ਰੱਖੀ। ਸਿੱਖ ਧਰਮ ਦੇ ਵਿਕਾਸ ਲਈ ਹੀ ਉਸ ਨੇ ਗੁਰੂ ਜੀ ਨੂੰ ਅੰਮ੍ਰਿਤਸਰ ਸ਼ਹਿਰ ਵਸਾਉਣ ਦੀ ਇਜ਼ਾਜਤ ਦਿੱਤੀ ਸੀ, ਜੋ ਬਾਅਦ ਵਿੱਚ ਸਿੱਖਾਂ ਦਾ ਇੱਕ ਮਹੱਤਵਪੂਰਨ ਕੇਂਦਰ ਬਣ ਗਿਆ।

ਪਰੰਤੂ ਜਹਾਂਗੀਰ ਦੇ ਰਾਜਾ ਬਣਦਿਆਂ ਹੀ ਸਿੱਖ ਗੁਰੂਆਂ ਦੇ ਮੁਗਲ ਸਲਤਨਤ ਨਾਲ ਸਬੰਧ ਲਗਾਤਾਰ ਵਿਗੜਦੇ ਗਏ, ਕਿਉਂਕਿ ਜਹਾਂਗੀਰ ਇੱਕ ਕੱਟੜ ਸ਼ਾਸਕ ਸੀ। ਸਿੱਖ ਧਰਮ ਦੀ ਵੱਧਦੀ ਪ੍ਰਸਿੱਧੀ ਉਸ ਦੀਆਂ ਅੱਖਾਂ ਵਿੱਚ ਰੜਕਦੀ ਸੀ। ਉਸ ਨੇ ਗੁਰੂ ਅਰਜਨ ਦੇਵ ਜੀ ਵਿਰੁੱਧ ਕਾਰਵਾਈ ਕਰਨ ਦਾ ਫੈਸਲਾ ਕੀਤਾ, ਕਿਉਂਕਿ ਉਸ ਅਨੁਸਾਰ, ਗੁਰੂ ਜੀ ਨੇ ਉਸ ਖੇਤਰ ਵਿੱਚ ਆਪਣੇ ਕਈ ਸ਼ਰਧਾਲੂ ਬਣਾ ਲਏ ਸਨ, ਜਿੰਨ੍ਹਾਂ ਵਿੱਚੋਂ ਕਈ ਮੁਸਲਮਾਨ ਵੀ ਸਨ। ਜਹਾਂਗੀਰ ਦੇ ਪੁੱਤਰ ਖੁਸਰਾਓ ਨੇ ਇਸ ਗੱਲ ਕਾਰਨ ਆਪਣੇ ਪਿਤਾ ਵਿਰੁੱਧ ਵਿਦਰੋਹ ਕੀਤਾ ਅਤੇ ਲਾਹੌਰ ਜਾਂਦਿਆਂ ਗੋਇੰਦਵਾਲ ਵਿਖੇ ਰਾਹ ਵਿੱਚ ਗੁਰੂ ਸਾਹਿਬ ਤੋਂ ਆਸ਼ੀਰਵਾਦ ਵੀ ਲਿਆ। ਇਸੇ ਮਤਭੇਦ ਕਾਰਨ ਗੁਰੂ ਜੀ ਨੂੰ ਬੰਦੀ ਬਣਾ ਕੇ ਅੰਤ ਸ਼ਹੀਦ ਕਰ ਦਿੱਤਾ ਗਿਆ।

ਸਥਿਤੀ ਉਸ ਸਮੇਂ ਹੋਰ ਵੀ ਤਣਾਅਪੂਰਨ ਹੋ ਗਈ ਜਦੋਂ ਗੁਰੂ ਹਰ ਗੋਬਿੰਦ ਜੀ ਨੇ ਆਪਣੇ ਚੇਲਿਆਂ ਨੂੰ ਸ਼ਸਤਰ ਵਿੱਦਿਆ ਦੇਣੀ ਸ਼ੁਰੂ ਕਰ ਦਿੱਤੀ ਅਤੇ ਹਿਮਾਲਿਆਂ ਦੀਆਂ ਪਹਾੜੀਆਂ ਵਿੱਚ ਆਪਣੀ ਹਕੂਮਤ ਦਾ ਇੱਕ ਖੇਤਰ ਸਥਾਪਿਤ ਕਰਨਾ ਸ਼ੁਰੂ ਕਰ ਦਿੱਤਾ। ਜਹਾਂਗੀਰ ਨੇ ਗੁਰੂ ਜੀ ਨੂੰ ਕਈ ਭਾਰਤੀ ਰਾਜਿਆਂ ਸਮੇਤ ਬੰਦੀ ਬਣਾ ਲਿਆ ਅਤੇ ਉਹਨਾਂ ਨੂੰ ਗਵਾਲੀਅਰ ਦੇ ਕਿਲੇ ਵਿੱਚ ਕੈਦ ਕੀਤਾ ਗਿਆ। 1627 ਈਸਵੀ ਵਿੱਚ ਜਹਾਂਗੀਰ ਦੀ ਮੌਤ ਹੋ ਗਈ ਅਤੇ ਉਸ ਦਾ ਪੁੱਤਰ ਸ਼ਾਹਜਹਾਨ ਰਾਜਾ ਬਣਿਆ।

ਗੁਰੂ ਸਾਹਿਬ ਨੂੰ ਸ਼ਾਹ ਜਹਾਨ ਦੀਆਂ ਸ਼ਾਹੀ ਫੌਜਾਂ ਨਾਲ ਕਈ ਲੜਾਈਆਂ ਲੜਨੀਆਂ ਪਈਆਂ। ਪਰ ਗੁਰੂ ਜੀ ਮੁਗਲਾਂ ਖਿਲਾਫ ਇਹਨਾਂ ਲੜਾਈਆਂ ਤੋਂ ਤੰਗ ਆ ਚੁੱਕੇ ਸਨ, ਕਿਉਂਕਿ ਉਹਨਾਂ ਅਨੁਸਾਰ, ਉਹਨਾਂ ਦਾ ਮੁੱਖ ਮੰਤਵ, ਪਹਿਲੇ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਲੋਕਾਂ ਤੱਕ ਪਹੁੰਚਾਉਣਾ ਸੀ ਜੋ ਅਜਿਹੇ ਮਾਹੌਲ ਵਿੱਚ ਬਿਲਕੁਲ ਵੀ ਸੰਭਵ ਨਹੀਂ ਸੀ। ਇਸੇ ਕਾਰਨ ਗੁਰੂ ਜੀ ਨੇ ਕੀਰਤਪੁਰ ਸ਼ਹਿਰ ਵਸਾਇਆ ਅਤੇ ਆਪਣੇ ਆਪ ਨੂੰ ਧਾਰਮਿਕ ਕਾਰਜਾਂ ਵਿੱਚ ਲੀਨ ਕਰ ਲਿਆ।

ਗੁਰੂ ਹਰ ਰਾਏ ਜੀ, ਜੋ ਕਿ ਗੁਰੂ ਹਰ ਗੋਬਿੰਦ ਜੀ ਦੇ ਉਤਰਾਧਿਕਾਰੀ ਅਤੇ ਪੋਤਰੇ ਸਨ, ਆਪਣੇ ਦਾਦਾ ਜੀ ਨਾਲੋਂ ਕਾਫੀ ਵੱਖਰੇ ਸੁਭਾਅ ਦੇ ਸਨ। ਉਹਨਾਂ ਨੇ ਇੱਕ ਵੱਡੀ ਫੌਜ ਦੇ ਨਾਲ-ਨਾਲ, ਇੱਕ ਸ਼ਾਨਦਾਰ ਕਚਿਹਰੀ ਵੀ ਸਥਾਪਿਤ ਕੀਤੀ।

ਇਹ ਸ਼ਾਹਜਹਾਨ ਦੀ ਬਦਕਿਸਮਤੀ ਹੀ ਸੀ ਕਿ 1658 ਈਸਵੀ ਵਿੱਚ ਉਸ ਦੇ ਪੁੱਤਰ ਔਰੰਗਜੇਬ ਨੇ ਉਸ ਨੂੰ ਗੱਦੀ ਤੋਂ ਲਾਹ ਦਿੱਤਾ ਅਤੇ ਉਸ ਵੱਲੋਂ ਹੀ ਚੁਣੇ ਗਏ ਉਸ ਦੇ ਜੇਠੇ ਪੁੱਤਰ ਅਤੇ ਉਤਰਾਧਿਕਾਰੀ ਦਾਰਾ ਸ਼ਿਕੋਹ ਨੂੰ ਵੀ ਹਰਾ ਦਿੱਤਾ। ਸ਼ਾਹ ਜਹਾਨ ਦੀ ਜ਼ਿੰਦਗੀ ਦਾ ਬਾਕੀ ਸਮਾਂ (1658-66) ਆਗਰਾ ਜੇਲ੍ਹ ਵਿੱਚ ਕੈਦੀ ਵੱਜੋਂ ਬੀਤਿਆ। ਔਰਗਜੇਬ ਨੇ 1659 ਵਿੱਚ ਵਿਵਹਾਰਿਕ ਰੂਪ ਵਿੱਚ ਆਪਣੀ ਤਾਜਪੋਸ਼ੀ ਕੀਤੀ ਅਤੇ ਨਿਸੰਦੇਹ, ਅਕਬਰ ਦੇ ਉਤਰਾਧਿਕਾਰੀਆਂ ਵਿੱਚੋਂ ਉਹ ਸਭ ਤੋਂ ਪ੍ਰਬਲ ਲੜਾਕੂ ਸੀ।

ਦਾਰਾ ਸ਼ਿਕੋਹ ਵੱਲੋਂ, ਗੁਰੂ ਹਰ ਰਾਏ ਜੀ ਤੋਂ ਆਸ਼ੀਰਵਾਦ ਲੈਣਾ, ਔਰੰਗਜ਼ੇਬ ਨੂੰ ਚੰਗਾ ਨਾ ਲੱਗਾ ਅਤੇ ਗੁਰੂ ਜੀ ਨੂੰ ਇਸ

Scanned by CamScanner

ਵਰਤਾਰੇ ਲਈ ਸੰਮਨ ਭੇਜ ਕੇ, ਸਫ਼ਾਈ ਮੰਗੀ ਗਈ। 1601 ਈਸਵੀ ਵਿੱਚ ਗੁਰੂ ਜੀ ਜੋਤੀ ਜੋਤ ਸਮਾਂ ਗਏ ਅਤੇ ਗੁਰਗੱਦੀ ਗੁਰੂ ਹਰਕ੍ਰਿਸ਼ਨ ਜੀ ਨੂੰ ਸੌਂਪ ਗਏ। ਗੁਰੂ ਹਰਕ੍ਰਿਸ਼ਨ ਜੀ ਬਚਪਨ ਤੋਂ ਹੀ ਸਾਧਨਾ ਵਿੱਚ ਲੀਨ ਰਹਿੰਦੇ ਸਨ ਅਤੇ ਸਿੱਖਾਂ ਵਿੱਚ ਉਹਨਾਂ ਪ੍ਰਤੀ ਅਸੀਮ ਪਿਆਰ ਅਤੇ ਸ਼ਰਧਾ ਸੀ। ਪਰ 1664 ਈਸਵੀ ਵਿੱਚ ਮਾਤਾ ਨਿਕਲਣ ਕਾਰਨ ਉਹ ਸਵਰਗ ਸਿਧਾਰ ਗਏ ਅਤੇ ਉਹਨਾਂ ਮਗਰੋਂ ਗੁਰੂ ਤੇਗ ਬਹਾਦੁਰ ਜੀ ਗੁਰੂ ਬਣੇ।

ਗੁਰੂ ਤੇਗ ਬਹਾਦੁਰ ਜੀ ਨੂੰ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣਨ ਖਾਤਰ, ਔਰੰਗਜ਼ੇਬ ਵੱਲੋਂ ਤਸੀਹੇ ਦਿੱਤੇ ਗਏ। ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਇਸਲਾਮ ਕਬੂਲਣ ਲਈ ਕਿਹਾ। ਉਹਨਾਂ ਦੇ ਇਨਕਾਰ ਕਰਨ ਤੇ 11 ਨਵੰਬਰ, 1675 ਨੂੰ ਚਾਂਦਨੀ ਚੌਂਕ ਵਿਖੇ ਉਹਨਾਂ ਦਾ ਸਿਰ, ਧੜ ਨਾਲੋਂ ਵੱਖ ਕਰ ਦਿੱਤਾ ਗਿਆ।

ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਨੇ, ਉਹਨਾਂ ਦੇ ਜਵਾਨ ਪੁੱਤਰ ਅਤੇ ਉਤਰਾਧਿਕਾਰੀ, ਗੁਰੂ ਗੋਬਿੰਦ ਸਿੰਘ ਜੀ ਨੂੰ ਜ਼ੁਲਮ ਖਿਲਾਫ ਤਲਵਾਰ ਉਠਾਉਣ ਲਈ ਪ੍ਰੇਰਿਆ। 1699 ਈਸਵੀ ਵਿੱਚ ਗੁਰੂ ਸਾਹਿਬ ਵੱਲੋਂ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਥਾਪਨਾ ਨੇ ਸਿੱਖਾਂ ਨੂੰ ਇੱਕ ਤਾਕਤਵਰ ਕੌਮ ਦੇ ਰੂਪ ਵਿੱਚ ਉਭਾਰਿਆ। ਗੁਰੂ ਜੀ ਨੇ ਸਰਹਿੰਦ ਨੇੜੇ ਮੁਗਲਾਂ ਖਿਲਾਫ ਕਈ ਗੋਰਖ ਲੜਾਈਆਂ ਲੜੀਆਂ ਅਤੇ ਪਹਾੜੀ ਰਾਜਿਆਂ ਨੇ ਵੀ ਗੁਰੂ ਜੀ ਦਾ ਸਾਥ ਦਿੱਤਾ।

ਖਾਲਸਾ ਪੰਥ ਦੀ ਸਾਜਨਾ ਮਗਰੋਂ, ਗੁਰੂ ਜੀ ਨੂੰ ਮੁਗਲਾਂ ਖਿਲਾਫ ਲੜਾਈਆਂ ਲੜਨੀਆਂ ਪਈਆਂ। ਉਹਨਾਂ ਨੇ ਕਈ ਲੜਾਈਆਂ ਜਿੱਤੀਆਂ, ਪਰ 1704 ਈਸਵੀ ਵਿੱਚ ਅਨੰਦਪੁਰ ਸਾਹਿਬ ਵਿਖੇ ਮੁਗਲ ਫੌਜਾਂ ਨੇ ਗੁਰੂ ਸਾਹਿਬ ਨੂੰ ਬੇਬੱਸ ਕਰ ਦਿੱਤਾ ਅਤੇ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਛੱਡਣਾ ਪਿਆ। ਮੁਗਲ ਫੌਜਾਂ ਨੇ ਉਹਨਾਂ ਦਾ ਦੂਰ ਤੱਕ ਪਿੱਛਾ ਕੀਤਾ ਅਤੇ ਦੋਹਾਂ ਵਿਚਾਲੇ ਚਮਕੌਰ ਸਾਹਿਬ ਨੇੜੇ ਇੱਕ ਭਿਆਨਕ ਯੁੱਧ ਹੋਇਆ ਜਿਸ ਵਿੱਚ ਗੁਰੂ ਸਾਹਿਬ ਦੇ ਦੋ ਪੁੱਤਰ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਸੱਚ ਦੇ ਮਾਰਗ ਤੇ ਚੱਲਦਿਆਂ ਆਪਣੀਆਂ ਜਾਨਾਂ ਵਾਰ ਦਿੱਤੀਆਂ। ਗੁਰੂ ਸਾਹਿਬ ਦੇ ਦੂਜੇ ਦੋ ਪੁੱਤਰ, ਸਾਹਿਬਜ਼ਾਦਾ ਫਤਿਹ ਸਿੰਘ ਅਤੇ ਸਾਹਿਬਜ਼ਾਦਾ ਜੋਰਾਵਰ ਸਿੰਘ ਨੂੰ ਸਰਹਿੰਦ ਦੇ ਜ਼ਾਲਿਮ ਨਵਾਬ ਵਜ਼ੀਰ ਖਾਨ ਨੇ ਜਿਉਂਦੇ ਹੀ ਨੀਹਾਂ ਵਿੱਚ ਚਿਣਵਾ ਦਿੱਤਾ।

1707 ਈਸਵੀ ਵਿੱਚ ਮੁਗਲ ਬਾਦਸ਼ਾਹ ਔਰੰਗਜ਼ੇਬ ਦੀ ਮੌਤ ਹੋ ਗਈ ਅਤੇ ਇਸ ਮਗਰੋਂ ਮੁਗਲਾਂ ਨਾਲ ਇੱਕ ਝੜੱਪ ਦੌਰਾਨ, ਨਾਂਦੇੜ ਵਿਖੇ ਇੱਕ ਅਫਗਾਨ ਵੱਲੋਂ ਗੁਰੂ ਸਾਹਿਬ ਤੇ ਜਾਨਲੇਵਾ ਹਮਲਾ ਕੀਤਾ ਗਿਆ। ਪਰ ਉਹਨਾਂ ਦੇ ਸ਼ਗਿਰਦ ਬੰਦਾ ਬਹਾਦੁਰ ਦੀ ਅਗਵਾਈ ਹੇਠ ਮੁੱਖ ਵਿਦਰੋਹ ਪਹਿਲਾਂ ਸਰਹਿੰਦ ਅਤੇ ਫਿਰ ਲਾਹੌਰ ਵਿਖੇ ਹੋਇਆ।ਪਰ 1715 ਈਸਵੀ ਦੇ ਅੰਤ ਵਿੱਚ, ਲਾਹੌਰ ਦੇ ਗਵਰਨਰ ਨੇ ਬੰਦਾ ਬਹਾਦੁਰ ਅਤੇ ਉਸ ਦੇ ਸਾਥੀਆਂ ਨੂੰ ਘੇਰ, ਕੇ ਗੁਰਦਾਸਪੁਰ ਵਿਖੇ ਬੰਦੀ ਬਣਾ ਲਿਆ।

ਔਰੰਗਜ਼ੇਬ ਮਗਰੋਂ ਕਈ ਕਮਜ਼ੋਰ ਰਾਜੇ, ਜਿਵੇਂ ਬਹਾਦੁਰ ਸ਼ਾਹ-ਪਹਿਲਾ, ਫਾਰੁਖਸੀਅਰ ਅਤੇ ਮੁਹੰਮਦ ਸ਼ਾਹ ਆਏ, ਜਿੰਨ੍ਹਾਂ ਦੇ ਰਾਜਕਾਲ ਦੌਰਾਨ, ਮੁਗਲ ਤਾਕਤ ਦਾ ਲਗਾਤਾਰ ਪਤਨ ਹੁੰਦਾ ਗਿਆ।

Scanned by CamScanner

4.6 ਸਿੱਖ ਧਰਮ:

4.6.1 ਉਤਪੱਤੀ:

ਸਿੱਖ ਧਰਮ 1469 ਈਸਵੀ ਵਿੱਚ ਹੋਂਦ ਵਿੱਚ ਆਇਆ। ਇਸ ਸਾਲ ਸਿੱਖ ਧਰਮ ਦੇ ਮੋਢੀ, ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ। ਗੁਰੂ ਨਾਨਕ ਦੇਵ ਜੀ ਦਾ ਜਨਮ ਕਾਲ, ਸਿੱਖ ਧਰਮ ਅਤੇ ਮਾਨਵਤਾ ਦੇ ਧਾਰਮਿਕ ਇਤਿਹਾਸ ਵਿੱਚ ਵਿਸ਼ੇਸ਼ ਤੌਰ ਤੇ ਮਹੱਤਵਪੂਰਨ ਹੈ। ਇਸ ਕਾਲ ਦੌਰਾਨ ਮਨੁੱਖੀ ਮਨ ਨਵੀਆਂ ਸੋਚਾਂ ਪ੍ਰਤੀ ਚੇਤੰਨ ਹੋਇਆ।

ਭਾਰਤ ਵਿੱਚ ਇਹ ਭਗਤੀ ਲਹਿਰ ਦਾ ਦੌਰ ਸੀ। ਉੱਤਰੀ ਭਾਰਤ ਵਿੱਚ ਭਗਤੀ ਲਹਿਰ ਦੇ ਪ੍ਰਮੁੱਖ ਆਗੂ ਗੁਰੂ ਰਾਮਾਨੰਦ ਜੀ ਸਨ, ਜਿੰਨ੍ਹਾਂ ਨੇ ਦੱਖਣੀ ਭਾਰਤ ਦੇ ਪ੍ਰਸਿੱਧ ਸੰਤ ਅਤੇ ਗਿਆਨੀ ਰਾਮਾਨੁਜ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ। ਇੰਡੋ ਗੰਗਾ ਮੈਦਾਨਾਂ ਵਿੱਚ ਭਗਤੀ ਲਹਿਰ ਨੂੰ ਰਾਮਾਨੰਦ ਜੀ ਦੇ ਸ਼ਿਸ਼, ਕਬੀਰ ਅਤੇ ਰਵੀਦਾਸ ਨੇ, ਮਹਾਂ ਰਾਸ਼ਟਰ ਵਿੱਚ ਪਰਮਾਨੰਦ, ਤੁਕਾਰਾਮ ਅਤੇ ਨਾਮ ਦੇਵ ਜੀ ਨੇ, ਰਾਜਸਥਾਨ ਵਿੱਚ ਮੀਰਾ ਬਾਈ ਨੇ, ਬੰਗਾਲ ਵਿੱਚ ਚੈਤੰਨਯ ਮਹਾਂਪ੍ਰਭੂ ਨੇ, ਤੇਲੇਗਾਨਾ ਵਿੱਚ ਵੱਲਾਭਾਈ ਸਵਾਮੀ ਨੇ ਅਤੇ ਸਿੰਧ ਵਿੱਚ ਸਧਨਾ ਨੇ ਹਰਮਨ ਪਿਆਰਾ ਬਣਾਇਆ।

ਇਹਨਾਂ ਸਭ ਭਗਤਾਂ ਅਤੇ ਸੰਤਾਂ ਨੇ ਪ੍ਰਭੂ-ਪਿਆਰ ਦਾ ਸੁਨੇਹਾ ਦਿੱਤਾ। ਉਹਨਾਂ ਨੇ ਆਤਮਿਕ ਗਿਆਨ 'ਤੇ ਜ਼ੋਰ ਦਿੱਤਾ। ਉਹਨਾਂ ਨੇ ਬਾਹਰੀ ਦਿਖਾਵੇ ਅਤੇ ਵਾਧੂ ਦੀਆਂ ਰਸਮਾਂ ਦਾ ਵਿਰੋਧ ਕੀਤਾ। ਉਹਨਾਂ ਨੇ ਸਾਰੇ ਮਨੁੱਖਾਂ ਨੂੰ ਬਰਾਬਰੀ ਦਾ ਦਰਜਾ ਦਿੱਤਾ ਅਤੇ ਧਰਮ ਅਤੇ ਜਾਤੀ ਦੇ ਆਧਾਰ ਤੇ ਹੁੰਦੇ ਭੇਦਭਾਵ ਦਾ ਵਿਰੋਧ ਕੀਤਾ।

ਹਿੰਦੂ ਧਰਮ ਵਿੱਚ ਜੋ ਕੰਮ ਭਗਤੀ ਲਹਿਰ ਨੇ ਕੀਤਾ, ਉਹੀ ਕਾਰਜ ਇਸਲਾਮ ਵਿੱਚ ਸੂਫ਼ੀ ਸੰਤਾਂ ਨੇ ਕੀਤਾ। ਸੂਫ਼ੀ ਸੰਤ ਅਰਬ ਅਤੇ ਈਰਾਨ ਤੋਂ ਆਏ ਅਤੇ ਉਹਨਾਂ ਵਿੱਚੋਂ ਕੁਝ ਭਾਰਤ ਵਿੱਚ ਹੀ ਸਥਾਪਿਤ ਹੋ ਗਏ। ਉਹ ਬਹੁਤ ਹੀ ਗਿਆਨੀ ਅਤੇ ਆਤਮ-ਚਿੰਤਕ ਸਨ। ਉਹਨਾਂ ਦੇ ਨੇੜੇ ਨਵੀਂ ਧਾਰਮਿਕ ਸੋਚ ਦੇ ਕੇਂਦਰ ਸਥਾਪਿਤ ਹੋਏ। ਸਭ ਤੋਂ ਮਹੱਤਵਪੂਰਨ ਕੇਂਦਰ ਲਾਹੌਰ, ਮੁਲਤਾਨ, ਪੱਕਪੱਤਾ, ਸਰਹਿੰਦ, ਸਮਾਣਾ, ਦਿੱਲੀ, ਅਜਮੇਰ ਅਤੇ ਗੁਲਬਰਗ ਵਿੱਚ ਸਨ।

ਪੰਦਰਵੀਂ ਸਦੀ ਦੇ ਸ਼ੁਰੂ ਵਿੱਚ, ਉੱਤਰੀ ਭਾਰਤ ਵਿੱਚ ਲਗਭਗ ਇੱਕ ਦਰਜਨ ਲੋਕ ਸੂਫ਼ੀ ਮੱਤ ਦੇ ਧਾਰਨੀ ਹੋ ਗਏ ਸਨ। ਇਹਨਾਂ ਵਿੱਚੋਂ ਮੁੱਖ ਸਨ-ਚਿਸ਼ਤੀ, ਕਾਦਿਰੀ, ਸੁਹਰਾਵਾਦੀ ਅਤੇ ਨਕਸ਼ਬੰਦੀ।

ਇਹਨਾਂ ਮੁਸਲਿਮ ਫਕੀਰਾਂ ਨੇ ਵੀ ਆਤਮ ਚਿੰਤਨ ਤੇ ਜ਼ੋਰ ਦਿੱਤਾ। ਉਹਨਾਂ ਦਾ ਸਿਧਾਂਤ ਸੀ ਕਿ ਧਰਮ ਮੰਨਣਾ ਜਾਂ ਧਾਰਮਿਕ ਹੋਣਾ ਕੇਵਲ ਪ੍ਰਮਾਤਮਾ ਨੂੰ ਪਿਆਰ ਕਰਨਾ ਸੀ। ਉਹ ਮੁਸਲਮਾਨਾਂ ਦੇ ਸਭ ਤੋਂ ਵੱਡੀ ਕਾਨੂੰਨ ਬਣਾਉਣ ਵਾਲੀ ਹਕੂਮਤ, ਉਲਮਾ ਨੂੰ ਨਹੀਂ ਮੰਨਦੇ ਸਨ। ਸੂਫ਼ੀ ਸੰਤਾਂ ਦੀ ਸੋਚ ਵਿਸ਼ਾਲ ਅਤੇ ਸ਼ਹਿਣਸ਼ੀਲ ਸੀ। ਉਹਨਾਂ ਨੇ ਕਦੀ ਵੀ ਹਿੰਦੂਆਂ ਨੂੰ ਮੁਸਲਮਾਨਾਂ ਤੋਂ ਵੱਖ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਬਹੁਤ ਸਧਾਰਨ ਅਤੇ ਪਵਿੱਤਰ ਜੀਵਨ ਜਿਉਂਦੇ ਸਨ।

ਭਗਤੀ ਅਤੇ ਸੂਫ਼ੀ ਲਹਿਰ ਨੇ ਦੇਸ਼ ਵਿੱਚ ਇੱਕ ਨਵੇਂ ਧਾਰਮਿਕ ਮਾਹੌਲ ਦੀ ਸਿਰਜਨਾ ਕੀਤੀ। ਇਸ ਮਾਹੌਲ ਵਿੱਚ ਰੂਪ ਨਾਲੋਂ ਪ੍ਰਮਾਤਮਾ ਪ੍ਰਤੀ ਵਿਸ਼ਵਾਸ ਵਧੇਰੇ ਮਹੱਤਵਪੂਰਨ ਸੀ। ਰੂੜੀਵਾਦੀ ਸੋਚ ਨੂੰ ਮਹੱਤਤਾ ਨਹੀਂ ਦਿੱਤੀ ਗਈ। ਹਿੰਦੂਵਾਦ ਅਤੇ ਇਸਲਾਮ ਇੱਕ ਦੂਜੇ ਤੋਂ ਵੱਖਰੇ ਨਹੀਂ ਸਨ। ਦੋਹਾਂ ਧਰਮਾਂ ਦੇ ਚੇਲਿਆਂ ਨੇ, ਦੋਹਾਂ ਧਰਮਾਂ ਵਿਚਲੀਆਂ ਸਾਂਝਾ ਨੂੰ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ। ਭਾਵੇਂ ਅਜੇ ਵੀ ਸ਼ੰਕਾ ਅਤੇ ਮੱਤਭੇਦ ਸਨ, ਪਰ ਫਿਰ ਵੀ ਭਾਰਤ ਵਿੱਚ ਇੱਕ ਨਵੀਂ ਆਜ਼ਾਦ ਅਤੇ ਖੁਸ਼ਨੁਮਾ ਸੋਚ ਜਨਮ ਲੈ ਰਹੀ ਸੀ।

ਇਸ ਬਦਲਦੇ ਮਾਹੌਲ ਵਿੱਚ ਹੀ, ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ। ਉਹਨਾਂ ਨੇ ਮਾਨਵਤਾ ਨੂੰ ਪਿਆਰ ਅਤੇ ਵਿਸ਼ਵਾਸ ਦਾ ਪਾਠ ਪੜ੍ਹਾਇਆ। ਉਹਨਾਂ ਨੇ ਆਪਣਾ ਇਹ ਸੁਨੇਹਾ ਦੂਰ-ਦੂਰਾਡੇ ਪਹੁੰਚਾਇਆ। ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨਾਲ ਆ ਰਹੀ ਤਬਦੀਲੀ ਦਾ ਦੌਰ ਹੋਰ ਵੀ ਤੇਜ਼ ਹੋ ਗਿਆ।

ਭਗਤਾਂ ਅਤੇ ਸੂਫ਼ੀਆਂ ਵਾਂਗੂੰ, ਗੁਰੂ ਜੀ ਨੇ ਵੀ ਧਰਮ ਦਾ ਅਧਾਰ, ਪ੍ਰਮਾਤਮਾ ਪ੍ਰਤੀ ਪਿਆਰ ਦੱਸਿਆ। ਭਗਤੀ ਮੱਤ ਦੇ

Scanned by CamScanner

ਸੰਤਾਂ ਵਾਂਗੂੰ ਉਹਨਾਂ ਨੇ ਵੀ ਜਾਤੀ ਅਤੇ ਬੇਲੋੜੇ ਰਿਵਾਜਾਂ ਦਾ ਵਿਰੋਧ ਕੀਤਾ। ਸੂਫ਼ੀ ਸੰਤਾਂ ਵਾਂਗੂ ਉਹਨਾਂ ਨੇ ਪ੍ਰਮਾਤਮਾ ਨੂੰ ਪਾਉਣ ਲਈ ਪਰਮਾਤਮਾ ਦੇ ਭਾਣੇ ਵਿੱਚ ਰਹਿਣਾ ਦੱਸਿਆ। ਦੋਵਾਂ ਵਾਂਗੂੰ ਪ੍ਰਭੂ ਮਹਿਮਾ ਦਾ ਗੁਣਗਾਨ ਕੀਤਾ ਅਤੇ ਹਿੰਦੂ ਅਤੇ ਮੁਸਲਮਾਨਾਂ ਨੂੰ ਇੱਕ ਡੋਰ ਵਿੱਚ ਪਰੋਣ ਦੀ ਕੋਸ਼ਿਸ਼ ਜਾਰੀ ਰੱਖੀ।

ਭਗਤੀ ਅਤੇ ਸੂਫ਼ੀ ਸੰਤਾਂ ਦਾ ਕੇਵਲ ਮੰਤਵ, ਆਤਮ ਚਿੰਤਨ ਸੀ। ਪਰ ਗੁਰੂ ਸਾਹਿਬ ਨੂੰ ਉਸ ਸਮੇਂ ਸਮਾਜ ਵਿੱਚ ਪ੍ਰਚਲਿੱਤ ਕੁਰੀਤਿਆਂ ਦਾ ਵੀ ਗਿਆਨ ਸੀ। ਉਹਨਾਂ ਨੇ ਕਿਹਾ ਕਿ ਇੱਕ ਸੱਚੇ ਧਰਮ ਦਾ ਮਕਸਦ ਇਹਨਾਂ ਕੁਰੀਤਿਆਂ ਤੋਂ ਨਿਜਾਤ ਪਾਉਣਾ ਸੀ।

ਪਰ ਭਗਤੀ ਅਤੇ ਸੂਫ਼ੀ ਸੰਤਾਂ ਨਾਲੋਂ ਇਹਨਾਂ ਦੇ ਸਿਧਾਂਤਾਂ ਵਿੱਚ ਕਾਫ਼ੀ ਮੱਤਭੇਦ ਸੀ। ਗੁਰੂ ਜੀ ਅਨੁਸਾਰ, ਆਤਮ ਚਿੰਤਨ ਕਰ ਕੇ ਵੀ ਮਨੁੱਖ ਕਦੀ ਰੱਬ ਦੀ ਬਰਾਬਰੀ ਨਹੀਂ ਕਰ ਸਕਦਾ।

ਕੀ ਤੁਸੀਂ ਜਾਣਦੇ ਹੋ
'ਸਿੱਖ' ਸ਼ਬਦ ਦਾ ਅਰਥ

ਸਿੱਖ ਸ਼ਬਦ ਸੰਸਕ੍ਰਿਤ ਸ਼ਬਦ 'ਸਿਸਯ' ਅਰਥਾਤ ਸਿੱਖਿਆਰਥੀ ਜਾਂ ਚੇਲੇ ਤੋਂ ਬਣਿਆ। ਪਾਲੀ ਭਾਸ਼ਾ ਵਿੱਚ 'ਸੇਖਾ' ਦਾ ਅਰਥ ਹੈ ਧਾਰਮਿਕ ਸਿੱਖਿਆ ਗ੍ਰਹਿਣ ਕਰਨ ਵਾਲਾ। ਪੰਜਾਬੀ ਭਾਸ਼ਾ ਵਿੱਚ 'ਸਿੱਖ' ਸ਼ਬਦ ਦਾ ਅਰਥ ਹੈ ਗੁਰੂ ਨਾਨਕ ਦੇਵ ਜੀ ਅਤੇ ਹੋਰ ਨੌਂ ਗੁਰੂਆਂ ਦਾ ਅਨੁਯਾਈ। 1925 ਦੇ ਸਿੱਖ ਗੁਰਦੁਆਰਾ ਐਕਟ ਅਨੁਸਾਰ, ਸਿੱਖ ਦਾ ਅਰਥ ਹੈ ਸਿੱਖ ਧਰਮ ਨੂੰ ਮੰਨਣ ਵਾਲਾ। ਅਜਿਹੇ ਮਨੁੱਖ ਨੂੰ ਸਿੱਖ ਮੰਨਿਆ ਜਾਵੇਗਾ ਜੋ ਕਿਸੇ ਹੋਰ ਧਰਮ ਨੂੰ ਨਾਂ ਮੰਨ ਕੇ ਦਸਾਂ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਹੀ ਆਪਣਾ ਵਿਸ਼ਵਾਸ ਰੱਖੇਗਾ।

ਗੁਰੂ ਸਾਹਿਬ ਦੀ ਸੋਚ ਇੱਕ ਪ੍ਰਮਾਤਮਾ ਦੀ ਹੋਂਦ ਦੁਆਲੇ ਹੀ ਘੁੰਮਦੀ ਸੀ। ਉਹਨਾਂ ਨੇ ਉਸ ਸਰਵ ਸ਼ਕਤੀਮਾਨ ਦੀ ਮਹਿਮਾ ਦਾ ਗੁਣਗਾਨ ਕੀਤਾ। ਮੂਰਤੀ ਪੂਜਾ ਦਾ ਵਿਰੋਧ ਕੀਤਾ ਗਿਆ।

ਨੈਤਿਕ ਆਚਾਰ ਨੂੰ ਹੋਰ ਸਭ ਰੂਪਾਂ ਨਾਲੋਂ ਪਹਿਲ ਦਿੱਤੀ ਗਈ। ਬਰਾਬਰੀ ਅਤੇ ਇਨਸਾਫ਼ ਬਹੁਕੀਮਤੀ ਸਿਧਾਂਤ ਸਨ। ਮਨੁੱਖ ਦਾ ਨਿਰੋਲ ਧਰਮ ਨਿਸ਼ਕਾਮ ਸੇਵਾ ਸੀ।

ਇਸ ਸਾਧਾਰਣ ਸਿੱਖਿਆ ਰਾਹੀਂ ਹੀ ਉਹਨਾਂ ਨੇ ਭਾਰਤ ਵਿੱਚ ਇੱਕ ਮੁੱਖ ਧਾਰਮਿਕ ਸੋਚ ਦਾ ਬੀਜ ਬੀਜਿਆ ਜਿਸ ਨੂੰ ਸਿੱਖੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਕਰਤਾਰਪੁਰ ਸਾਹਿਬ ਕੋਰੀਡੋਰ

ਆਪਸੀ ਸਾਂਝੀਵਾਲਤਾ ਅਤੇ ਸ਼ਾਂਤੀ ਦਾ ਸੁਨੇਹਾ ਦੇਣ ਲਈ ਦੋ ਰਾਸ਼ਟਰਾਂ ਨੇ ਗੁਰਦਾਸਪੁਰ (ਭਾਰਤ) ਵਿਖੇ ਡੇਰਾ ਬਾਬਾ ਨਾਨਕ ਤੋਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ ਜੋ ਕਿ ਪੱਛਮੀ ਪੰਜਾਬ (ਪਾਕਿਸਤਾਨ) ਵਿੱਚ ਹੈ ਤੱਕ ਕੋਰੀਡੋਰ ਦਾ ਨਿਰਮਾਣ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਰਾਵੀ ਦੇ ਕੰਡੇ ਤੇ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਸਿੱਖਾਂ ਲਈ ਇਤਿਹਾਸਕ ਮਹਾਨਤਾ ਹੈ। ਇੱਥੇ ਹੀ ਸਿੱਖੀ ਦੇ ਸੰਸਥਾਪਕ ਅਤੇ ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ 18 ਵਰ੍ਹੇ ਬਿਤਾਏ। ਗੁਰੂ ਜੀ ਨੇ ਇਸ ਨਗਰ ਦੀ ਸਥਾਪਨਾ 1522 ਵਿੱਚ ਕੀਤੀ ਸੀ। ਸਿੱਖ ਇਸ ਇਤਿਹਾਸਕ ਸਥਾਨ ਲਈ ਕੋਰੀਡੋਰ ਬਣਾਉਣ ਦੀ ਪਿਛਲੇ ਕਈ ਅਰਸੇ ਤੋਂ ਮੰਗ ਕਰ ਰਹੇ ਸਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਕੋਰੀਡੋਰ ਨੂੰ ਭਾਰਤ ਅਤੇ ਪਾਕਿਸਤਾਨ ਦੇ ਲੋਕਾਂ ਵਿੱਚ ਇੱਕ 'ਸ਼ਾਂਤੀ' ਦਾ ਪੁੱਲ' ਦੇ ਨਾਮ ਨਾਲ ਸੰਬੋਧਿਤ ਕੀਤਾ ਹੈ।

ਸਰਹੱਦ ਦੇ ਨੇੜੇ ਇੱਕ ਬੋਰਡਿੰਗ ਟਰਮੀਨਲ ਵੀ ਬਣਾਇਆ ਜਾ ਰਿਹਾ ਹੈ ਅਤੇ ਇਸੇ ਕਾਰਜ ਲਈ ਰਾਵੀ ਦਰਿਆ ਉੱਪਰ 800 ਮੀਟਰ ਲੰਮਾ ਪੁੱਲ ਵੀ ਉਸਾਰਿਆ ਜਾ ਰਿਹਾ ਹੈ। ਇਸ ਬੋਰਡਿੰਗ ਟਰਮੀਨਲ ਵਿਖੇ ਆਵਾਸ, ਪਾਰਕਿੰਗ, ਮੈਡੀਕਲ ਸੁਵਿਧਾਵਾਂ, ਟੱਕ ਸ਼ੌਪ, ਯਾਦਗਾਰੀ ਗੈਲਰੀ ਅਤੇ ਹੋਰ ਸੁਵਿਧਾਵਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ। ਯਾਤਰੀਆਂ ਦੀ ਸੁਰੱਖਿਆ ਲਈ ਇੱਕ ਸੁਰੱਖਿਆ ਪੋਸਟ ਵੀ ਸਥਾਪਿਤ ਕੀਤੀ ਜਾਵੇਗੀ ਜੋ ਯਾਤਰੀਆਂ ਦੇ ਵੇਰਵਿਆਂ ਦੀ ਪਛਾਣ ਅਤੇ ਬਾਇਮੈਟਰਿਕ ਪੜਤਾਲ ਵੀ ਕਰੇਗੀ।

Scanned by CamScanner

ਗੁਰੂ ਸਾਹਿਬਾਨ



Scanned by CamScanner

4.6.2 ਗੁਰੂ ਨਾਨਕ ਦੇਵ ਜੀ (1469-1539 ਈਸਵੀ):

ਗੁਰੂ ਨਾਨਕ ਦੇਵ ਜੀ ਜੋ ਕਿ ਸਿੱਖ ਧਰਮ ਦੇ ਮੋਢੀ ਅਤੇ ਸਿੱਖਾਂ ਦੇ ਪਹਿਲੇ ਗੁਰੂ ਸਨ, ਦਾ ਜਨਮ 15 ਅਪ੍ਰੈਲ 1469 ਨੂੰ ਹੋਇਆ। ਇਹਨਾਂ ਦਾ ਜਨਮ ਪਾਕਿਸਤਾਨ ਵਿੱਚ ਲਾਹੌਰ ਤੋਂ 65 ਕਿਲੋਮੀਟਰ ਦੱਖਣ-ਪੱਛਮੀ ਦਿਸ਼ਾ ਵਿੱਚ ਰਾਏ ਭੋਇੰ ਦੀ ਤਲਵੰਡੀ, ਜਿਸ ਨੂੰ ਨਨਕਾਣਾ ਸਾਹਿਬ ਵੀ ਕਿਹਾ ਜਾਂਦਾ ਹੈ, ਵਿਖੇ ਹੋਇਆ। ਉਹਨਾਂ ਦੇ ਪਿਤਾ ਜੀ, ਮਹਿਤਾ ਕਾਲੀਆ ਦਾਸ ਬੇਦੀ, ਆਮ ਤੌਰ ਤੇ ਮਹਿਤਾ ਕਾਲੂ ਦੇ ਨਾਂ ਨਾਲ ਜਾਣੇ ਜਾਂਦੇ ਹਨ, ਜਾਤੀ ਦੇ ਖੱਤਰੀ ਘਰਾਣੇ ਨਾਲ ਸਬੰਧਿਤ ਸਨ ਅਤੇ ਉੱਥੋਂ ਦੇ ਮੁਸਲਮਾਨ ਨਵਾਬ, ਰਾਏ ਬੁਲਾਰ ਦੇ ਮੋਦੀਖਾਨੇ ਵਿੱਚ ਖਜ਼ਾਨਚੀ ਸਨ।

ਉਹ ਬਚਪਨ ਤੋਂ ਹੀ ਮਾਨਸਿਕ ਰੂਪ ਵਿੱਚ ਕਾਫ਼ੀ ਵਿਕਸਿਤ ਸਨ ਅਤੇ ਪੰਜ ਸਾਲ ਦੀ ਉਮਰ ਵਿੱਚ ਹੀ ਇਹਨਾਂ ਨੇ ਜੀਵਨ ਦੇ ਮਨੋਰਥ ਬਾਰੇ ਪ੍ਰਸ਼ਨ ਪੁੱਛਣੇ ਸ਼ੁਰੂ ਕਰ ਦਿੱਤੇ। ਸੱਤ ਸਾਲ ਦੀ ਉਮਰ ਵਿੱਚ ਇਹਨਾਂ ਨੂੰ ਪੰਡਿਤ ਕੋਲ ਪੜ੍ਹਨੇ ਪਾਇਆ ਗਿਆ ਅਤੇ ਦੋ ਸਾਲਾਂ ਮਗਰੋਂ ਇਹਨਾਂ ਨੂੰ ਮੁਸਲਮਾਨ ਅਧਿਆਪਕ ਮੌਲਵੀ ਕੋਲ ਉਰਦੂ ਅਤੇ ਅਰਬੀ ਭਾਸ਼ਾ ਦੇ ਗਿਆਨ ਲਈ ਭੇਜਿਆ ਗਿਆ। ਉਹਨਾਂ ਨੇ ਗਿਆਨ ਅਤੇ ਰੱਬੀ ਨੂਰ ਨਾਲ ਭਰੀ ਇੱਕ ਕਵਿਤਾ ਰਚ ਕੇ ਆਪਣੇ ਗੁਰੂ ਨੂੰ ਹੈਰਾਨ ਕਰ ਦਿੱਤਾ। ਉਹ ਸਦਾ ਆਪਣੀ ਸੋਚ ਵਿੱਚ ਲੀਨ ਰਹਿੰਦੇ ਸਨ।

ਇੱਕ ਦਿਨ, ਉਹ ਪਸ਼ੂ ਚਰਾਉਣ ਗਏ ਅਤੇ ਪਸ਼ੂ ਕਿਸੇ ਕਿਸਾਨ ਦੇ ਖੇਤ ਵਿੱਚ ਜਾ ਵੜੇ। ਗੁੱਸੇ ਵਿੱਚ ਕਿਸਾਨ ਉਹਨਾਂ ਨੂੰ ਨਵਾਬ ਰਾਏ ਬੁਲਾਰ ਕੋਲ ਲੈ ਗਿਆ ਅਤੇ ਇਨਸਾਫ ਦੀ ਮੰਗ ਕਰਨ ਲੱਗਿਆ। ਰਾਏ ਬੁਲਾਰ ਨੇ ਨੁਕਸਾਨ ਦਾ ਅੰਦਾਜ਼ਾ ਲਗਾਉਣ ਲਈ ਆਪਣੇ ਬੰਦੇ ਭੇਜੇ। ਬੰਦਿਆਂ ਨੇ ਵਾਪਿਸ ਆ ਕੇ ਖਬਰ ਦਿੱਤੀ ਕਿ ਖੇਤ ਕਿਸੇ ਵੀ ਤਰ੍ਹਾਂ ਨੁਕਸਾਨਿਆਂ ਨਹੀਂ ਸੀ ਗਿਆ।

ਇੱਕ ਵਾਰੀ ਉਹਨਾਂ ਦੇ ਪਿਤਾ ਨੇ ਉਹਨਾਂ ਨੂੰ ਵਪਾਰ ਕਰਨ ਲਈ ਕੁਝ ਪੈਸੇ ਦਿੱਤੇ ਤਾਂ ਆਪ ਨੇ ਉਹ ਵੀ ਗਰੀਬਾਂ ਅਤੇ ਸਾਧੂ-ਸੰਤਾਂ ਵਿੱਚ ਵੰਡ ਦਿੱਤੇ। ਆਪ ਦੇ ਪਿਤਾ ਜੀ ਉਦੋਂ ਹੈਰਾਨ ਰਹਿ ਗਏ ਜਦੋਂ ਆਪ ਖਾਲੀ ਹੱਥ ਤਲਵੰਡੀ ਪਰਤ ਆਏ।

ਉਹਨਾਂ ਦਾ ਰੱਬ ਪ੍ਰਤੀ ਝੁਕਾਅ, ਉਹਨਾਂ ਦੇ ਮਾਤਾ ਪਿਤਾ ਲਈ ਚਿੰਤਾਜਨਕ ਬਣ ਗਿਆ ਸੀ। ਉਹਨਾਂ ਨੂੰ ਦੁਨਿਆਵੀ ਵਰਤਾਰੇ ਵੱਲ ਨੂੰ ਝੁਕਾਉਣ ਲਈ ਆਪ ਦੇ ਮਾਤਾ ਪਿਤਾ ਨੇ ਆਪਦੇ ਵਿਆਹ ਦੀ ਸੋਚੀ। ਉਹਨਾਂ ਦਾ ਵਿਆਹ, ਬਟਾਲਾ ਵਿਖੇ, ਪੱਖੋਕੇ ਪਿੰਡ ਦੇ ਖਜ਼ਾਨਚੀ ਮੂਲ ਚੰਦ ਦੀ ਪੁੱਤਰੀ ਸੁਲੱਖਣੀ ਨਾਲ ਕਰ ਦਿੱਤਾ ਗਿਆ। ਵਿਆਹ ਮਗਰੋਂ ਵੀ ਉਹ ਦੁਨਿਆਵੀ ਕਾਰਜਾਂ ਵੱਲ ਜਾ ਝੁੱਕੇ। ਆਪ ਦੇ ਦੋ ਪੁੱਤਰ ਸ੍ਰੀ ਚੰਦ ਅਤੇ ਲੱਖਮੀ ਦਾਸ ਹੋਏ। ਅਜੇ ਵੀ ਉਹਨਾਂ ਦੇ ਮਨ ਦਾ ਝੁਕਾਅ ਨਹੀਂ ਸੀ ਬਦਲਿਆ ਅਤੇ ਉਹ ਰੋਜ਼ੀ ਰੋਟੀ ਕਮਾਉਣ ਵਿੱਚ ਕੋਈ ਦਿਲਚਸਪੀ ਨਹੀਂ ਸੀ ਦਿਖਾਉਂਦੇ। ਉਹਨਾਂ ਨੂੰ ਸਦਾ ਸਾਧੂ-ਸੰਤਾਂ ਦੀ ਸੰਗਤ ਹੀ ਭਾਉਂਦੀ ਸੀ।

ਆਪ ਦੀ ਭੈਣ ਨਾਨਕੀ ਅਤੇ ਜੀਜਾ ਜੈ ਰਾਮ ਆਪ ਨੂੰ ਸੁਲਤਾਨਪੁਰ ਲੈ ਗਏ ਅਤੇ ਉਥੋਂ ਦੇ ਨਵਾਬ ਦੌਲਤ ਖਾਨ ਦੇ ਮੋਦੀਖਾਨੇ ਵਿੱਚ 'ਰਖਵਾਲਾ' ਰਖਵਾ ਦਿੱਤਾ। ਆਪ ਨੇ ਉੱਥੇ ਮਨ ਲਗਾ ਕੇ ਕੰਮ ਕੀਤਾ ਅਤੇ ਆਪਣੇ ਮਾਲਕ ਦਾ ਦਿਲ ਜਿੱਤ ਲਿਆ।

ਆਪ ਦੇ ਬਚਪਨ ਦਾ ਸਾਥੀ, ਭਾਈ ਮਰਦਾਨਾ ਆਪ ਨੂੰ ਸੁਲਤਾਨਪੁਰ ਵਿਖੇ ਹੀ ਮਿਲੇ ਜਿੱਥੇ ਉਹਨਾਂ ਨੇ ਪ੍ਰਭੂ ਉਸਤਤਿ ਦੇ ਗੀਤ ਗਾਉਣਾ ਆਰੰਭ ਕਰ ਦਿੱਤਾ, ਉਹ ਇੱਕਠੇ ਭੋਜਨ ਛਕਦੇ ਅਤੇ ਲੋਕਾਂ ਨੂੰ ਸਹੀ ਅਤੇ ਸਾਧਾਰਣ ਜੀਵਨ ਜਿਉਣ ਦਾ ਉਪਦੇਸ਼ ਦਿੰਦੇ।

ਇੱਕ ਦਿਨ ਗੁਰੂ ਸਾਹਿਬ ਬੇਂਈ (ਵੇਈਂ) ਨਦੀ ਵਿੱਚ ਇਸ਼ਨਾਨ ਕਰਨ ਗਏ ਅਤੇ ਤਿੰਨ ਦਿਨਾਂ ਲਈ ਅਲੋਪ ਹੋ ਗਏ। ਉਹਨਾਂ ਦੇ ਇਸ ਤਰ੍ਹਾਂ ਲੁਪਤ ਹੋਣ ਪਿੱਛੇ, ਰੱਬ ਦੇ ਨਾਮ ਨੂੰ ਪ੍ਰਚਾਰਿਤ ਕਰਨ ਦਾ ਹੀ ਸੁਨੇਹਾ ਸੀ। ਗੁਰੂ ਸਾਹਿਬ ਨੇ ਪ੍ਰਗਟ ਹੋਣ

Scanned by CamScanner

ਮਗਰੋਂ 'ਕੋਈ ਹਿੰਦੂ ਜਾਂ ਮੁਸਲਮਾਨ ਨਹੀਂ ਹੈ' ਦਾ ਉਪਦੇਸ਼ ਦਿੱਤਾ। ਸਮੇਂ ਦੀ ਲੋੜ ਨੂੰ ਮਹਿਸੂਸਦਿਆਂ, ਉਹਨਾਂ ਆਪਣੀ ਪਤਨੀ ਅਤੇ ਬੱਚਿਆਂ ਦਾ ਤਿਆਗ ਕਰ ਦਿੱਤਾ ਅਤੇ ਲੰਮੀਆਂ ਯਾਤਰਾਵਾਂ ਕੀਤੀਆਂ, ਜਿੰਨ੍ਹਾਂ ਦਾ ਮੰਤਵ ਕੇਵਲ ਰੱਬੀ ਨੂਰ ਦਾ ਪ੍ਰਚਾਰ ਸੀ ਅਤੇ ਲੋਕਾਂ ਨੂੰ ਪਾਪ ਅਤੇ ਦੁੱਖਾਂ ਤੋਂ ਬਚਾਉਣਾ ਸੀ। ਉਹਨਾਂ ਨੇ ਆਪਣੇ ਜੀਵਨ ਦੇ ਵੀਹ ਸਾਲ ਇਸੇ ਲੇਖੇ ਲਗਾਏ।

ਗੁਰੂ ਸਾਹਿਬ ਦੀਆਂ ਯਾਤਰਾਵਾਂ ਬਾਰੇ ਸਾਰੀ ਜਾਣਕਾਰੀ ਨਹੀਂ ਹੈ ਕਿਉਂਕਿ ਇਸ ਸਬੰਧੀ ਕੋਈ ਅੰਕੜੇ ਨਹੀਂ ਮਿਲਦੇ। ਰਸਮੀ ਤੌਰ ਤੇ ਇਹਨਾਂ ਯਾਤਰਾਵਾਂ ਨੂੰ ਚਾਰ ਉਦਾਸੀਆਂ ਵਿੱਚ ਵੰਡਿਆ ਗਿਆ ਹੈ ਜੋ ਕਿ ਉੱਤਰ, ਪੂਰਬ, ਪੱਛਮ ਅਤੇ ਦੱਖਣ ਵਿੱਚ ਵੰਡੀਆਂ ਕੀਤੀਆਂ ਗਈਆਂ। ਹਰ ਦਿਸ਼ਾ ਵਿੱਚ ਯਾਤਰਾ ਪੂਰੀ ਕਰਨ ਉਪਰੰਤ ਉਹ ਪੰਜਾਬ ਆ ਜਾਂਦੇ।

ਉਹਨਾਂ ਨੇ ਜਗਨਨਾਥ ਪੁਰੀ (ਉੜੀਸਾ), ਬਨਾਰਸ, ਹਰਿਦੁਆਰ, ਰਮੇਸ਼ਵਰਮ, ਸਿਲੋਨ (ਸ੍ਰੀ ਲੰਕਾ), ਗਯਾ, ਕੈਲਾਸ਼, ਮੱਕਾ, ਮਦੀਨਾ ਅਤੇ ਬਗਦਾਦ ਦੀਆਂ ਯਾਤਰਾਵਾਂ ਕੀਤੀਆਂ।

ਪੰਜਾਬ ਨੂੰ ਮੁੜਦਿਆਂ ਉਹਨਾਂ ਨੂੰ, ਉਹਨਾਂ ਦੇ ਸਾਥੀ ਮਰਦਾਨਾ ਸਮੇਤ ਬਾਬਰ ਦੀਆਂ ਫੌਜਾਂ ਨੇ ਸੈਦਪੁਰ ਨੇੜੇ ਬੰਦੀ ਬਣਾ ਲਿਆ ਪਰ ਜਲਦ ਹੀ ਆਪ ਨੂੰ ਰਿਹਾ ਕਰ ਦਿੱਤਾ ਗਿਆ।

ਉਦਾਸੀਆਂ ਦੇ ਅੰਤ ਵਿੱਚ ਗੁਰੂ ਜੀ ਨੇ ਕਰਤਾਰਪੁਰ (ਲਾਹੌਰ, ਪਾਕਿਸਤਾਨ) ਨਾਂ ਦਾ ਪਿੰਡ ਵਸਾਇਆ, ਜੋ ਕਿ ਰਾਵੀ ਦਰਿਆ ਦੇ ਸੱਜੇ ਕੰਢੇ ਤੇ ਸਥਿਤ ਹੈ। ਉਹਨਾਂ ਆਪਣੇ ਜੀਵਨ ਦੇ ਅੰਤਮ ਸਾਲ ਉੱਥੇ ਹੀ ਬਿਤਾਏ। ਕਰਤਾਰਪੁਰ ਵਿਖੇ ਹੀ ਆਪ ਦੇ ਬਹੁਤ ਸਾਰੇ ਚੇਲੇ ਬਣ ਗਏ ਸਨ। ਉਹਨਾਂ ਨੇ ਲੰਗਰ ਦੀ ਪ੍ਰਥਾ ਚਾਲੂ ਕੀਤੀ ਜਿੱਥੇ ਬਿਨ੍ਹਾਂ ਜਾਤੀ ਭੇਦ-ਭਾਵ ਦੇ ਹਰ ਇੱਕ ਨੂੰ ਭੋਜਨ ਛਕਾਇਆ ਜਾਂਦਾ ਸੀ।

ਆਪ ਜੀ ਨੇ 974 ਮੰਤਰਾਂ, ਜਪੁ ਜੀ ਸਾਹਿਬ, ਆਸਾ ਦੀ ਵਾਰ, ਬਾਰਹਮਾਂਹ, ਸਿੱਧ ਗੋਸ਼ਟ ਅਤੇ ਓਂਕਾਰ ਦੀ ਰਚਨਾ ਕੀਤੀ। ਆਪ ਦੀਆਂ ਇਹ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ।

ਆਪਣੀਆਂ ਸਿੱਖਿਆਵਾਂ ਅਤੇ ਉਪਦੇਸ਼ਾਂ 'ਤੇ ਪਹਿਰਾ ਦੇਣ ਖਾਤਰ ਆਪ ਨੇ ਆਪਣੇ ਪੁੱਤਰਾਂ ਨੂੰ ਛੱਡਦਿਆਂ, ਆਪਣੇ ਚੇਲੇ ਭਾਈ ਲਹਿਣਾ ਜੀ ਜੋ ਕਿ ਤ੍ਰੇਹਨ ਜਾਤੀ ਨਾਲ ਸਬੰਧਿਤ ਇੱਕ ਖੱਤਰੀ ਸਨ, ਨੂੰ ਆਪਣਾ ਉਤਰਾਧਿਕਾਰੀ ਥਾਪਿਆ। ਪੰਜ ਤਾਂਬੇ ਦੇ ਸਿੱਕਿਆਂ ਅਤੇ ਨਾਰਿਅਲ ਦਾ ਮੱਥਾ ਟੇਕ ਕੇ ਉਹਨਾਂ ਨੂੰ ਗੁਰੂ ਮੰਨਿਆ। ਗੁਰੂ ਜੀ ਨੇ ਗੱਦੀ ਭਾਈ ਲਹਿਣਾ ਨੂੰ ਸੌਂਪ ਦਿੱਤੀ। ਗੁਰੂ ਸਾਹਿਬ ਨੇ ਲਹਿਣਾ ਜੀ ਨੂੰ ਨਵਾਂ ਨਾਮ ਅੰਗਦ ਬਖਸ਼ਿਆ। ਅੰਗਦ - ਅਰਥਾਤ ਆਪਣਾ ਅੰਗ ਜਾਂ ਭਾਗ। ਇਸ ਤਰ੍ਹਾਂ ਗੁਰੂ ਅੰਗਦ ਸਿੱਖਾਂ ਦੇ ਦੂਜੇ ਗੁਰੂ ਬਣੇ।

7 ਸਤੰਬਰ, 1539 ਨੂੰ ਅੰਮ੍ਰਿਤ ਵੇਲੇ ਗੁਰੂ ਜੀ ਨੇ ਆਪਣਾ ਦੁਨਿਆਵੀ ਸਰੀਰ ਤਿਆਗ ਦਿੱਤਾ। ਗੁਰੂ ਜੀ ਨੂੰ ਅੱਜ ਵੀ ਧਰਮ ਦਾ ਰਾਜਾ, ਹਿੰਦੂਆਂ ਦਾ ਗੁਰੂ ਅਤੇ ਮੁਸਲਮਾਨਾਂ ਦੇ ਪੀਰ ਵੱਜੋਂ ਯਾਦ ਕੀਤਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ:

1. **ਇੱਕ ਰੱਬ ਵਿੱਚ ਵਿਸ਼ਵਾਸ:** ਗੁਰੂ ਸਾਹਿਬ ਨੇ ਇੱਕ ਰੱਬ ਵਿੱਚ ਵਿਸ਼ਵਾਸ ਰੱਖਣਾ ਸਿਖਾਇਆ। ਗੁਰੂ ਜੀ ਅਨੁਸਾਰ ਰੱਬ ਹਮੇਸ਼ਾਂ, ਸਰਵਿਆਪੀ ਅਤੇ ਹਰ ਥਾਂ ਹੈ। ਉਹ ਹੀ ਸਭ ਮਨੁੱਖਾਂ ਅਤੇ ਚੀਜ਼ਾਂ ਦਾ ਨਿਰਮਾਤਾ ਹੈ। ਸੋ ਗੁਰੂ ਸਾਹਿਬ ਦਾ ਉਪਦੇਸ਼ ਕਿਸੇ ਇੱਕ ਸੰਪਰਦਾਇ ਦਾ ਨਾ ਹੋ ਕੇ, ਇੱਕ ਰੱਬ ਨਾਲ ਸਬੰਧਿਤ ਸੀ।
2. **ਹੁਕਮ:** ਇਹ ਜੀਵਨ ਦਾ ਮੂਲ ਸਿਧਾਂਤ ਹੈ। ਸਾਰੀ ਸ੍ਰਿਸ਼ਟੀ ਦਾ ਨਿਰਮਾਣ ਪਰਮਾਤਮਾ ਦੇ ਹੁਕਮ ਅਨੁਸਾਰ ਹੋਇਆ ਹੈ। ਮਨੁੱਖ ਦਾ ਫਰਜ਼ ਉਸ ਰੱਬੀ ਹੁਕਮ ਨੂੰ ਮੰਨਣਾ ਹੈ ਅਤੇ ਸਦਾ ਭਾਣੇ ਵਿੱਚ ਰਹਿਣਾ ਹੈ।
3. **ਹਉਮੈ:** ਗੁਰੂ ਜੀ ਅਨੁਸਾਰ ਇਹ ਮੈਂ ਦੀ ਭਾਵਨਾ ਸਭ ਦੁਨਿਆਵੀ ਦੁੱਖਾਂ ਦੀ ਜੜ੍ਹ ਹੈ। ਇਸੇ ਨਾਲ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਰਗੇ ਭਾਵ ਪੈਦਾ ਹੁੰਦੇ ਹਨ। ਆਪਣੇ ਹੰਕਾਰ ਨੂੰ ਸਮਾਪਤ ਕਰਕੇ ਹੀ ਅਸੀਂ ਸੱਚਾਈ ਤੱਕ ਪਹੁੰਚ ਸਕਦੇ

Scanned by CamScanner

ਹਾਂ।

4. **ਨਾਮ ਜਪਣਾ:** ਗੁਰੂ ਸਾਹਿਬ ਅਨੁਸਾਰ ਧਾਰਮਿਕ ਰਿਵਾਜਾਂ ਨਾਲੋਂ ਵਧੇਰੇ ਜਰੂਰੀ ਹੈ, ਰੱਬ ਦੀ ਸਾਧਨਾ ਕਰਨਾ। ਨਾਮ ਜਪਣ ਨਾਲ ਹੀ ਤੁਹਾਡਾ ਰੱਬ ਪ੍ਰਤੀ ਮੋਹ ਹੋ ਸਕਦਾ ਹੈ।
5. **ਗੁਰੂ ਸਾਧਨਾ:** ਗੁਰੂ ਜੀ ਨੇ ਜੀਵਨ ਵਿੱਚ ਗੁਰੂ ਸਾਧਨਾ ਤੇ ਵੀ ਜ਼ੋਰ ਦਿੱਤਾ। ਗੁਰੂ ਮਨੁੱਖ ਦੀ ਆਤਮਾ ਨੂੰ ਪ੍ਰਮਾਤਮਾ ਨਾਲ ਜੋੜਨ ਵਿੱਚ ਸਹਾਈ ਹੁੰਦਾ ਹੈ। ਉਹ ਅਧਿਆਪਕ, ਨੇਤਾ ਅਤੇ ਪੌੜੀ ਦੀ ਤਰ੍ਹਾਂ ਸਾਨੂੰ ਰੱਬ ਪ੍ਰਾਪਤੀ ਦਾ ਮਾਰਗ ਦਿਖਾਉਂਦਾ ਹੈ ਅਤੇ ਉਸ ਤੱਕ ਲੈ ਜਾਂਦਾ ਹੈ।
6. **ਨਦਰ:** ਨਦਰ, ਉਹ ਰੱਬੀ ਤਾਕਤ ਹੈ, ਉਹ ਰੱਬੀ ਨੂਰ ਹੈ ਜਿਸ ਨਾਲ ਅਸੀਂ ਸੱਚ ਤੱਕ ਪਹੁੰਚ ਜਾਂਦੇ ਹਾਂ ਅਤੇ ਸੁਤੰਤਰ ਹੋ ਜਾਂਦੇ ਹਾਂ। ਸਾਡੀ ਆਤਮਾ ਆਜ਼ਾਦ ਹੋ ਜਾਂਦੀ ਹੈ।
7. **ਸੇਵਾ:** ਗੁਰੂ ਜੀ ਨੇ ਸੇਵਾ 'ਤੇ ਬਹੁਤ ਜ਼ੋਰ ਦਿੱਤਾ ਹੈ। ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਕੇ ਛੱਕਣਾ ਹਰ ਗੁਰਸਿੱਖ ਦਾ ਫਰਜ਼ ਹੈ।
8. **ਭੇਦ-ਭਾਵ ਰਹਿਤ ਸਮਾਜ:** ਗੁਰੂ ਜੀ ਨੇ ਜਨਮ, ਜਾਤੀ ਜਾਂ ਦੇਸ਼ ਦੇ ਅਧਾਰ ਤੇ ਲੋਕਾਂ ਵਿੱਚ ਕੀਤੇ ਜਾਂਦੇ ਭੇਦ-ਭਾਵ ਦਾ ਵਿਰੋਧ ਕੀਤਾ। ਗੁਰੂ ਸਾਹਿਬ ਅਨੁਸਾਰ, ਸਭ ਦਾ ਰਚਨਹਾਰ ਪ੍ਰਮਾਤਮਾ ਹੈ। ਜਾਤ-ਪਾਤ ਸਭ ਝੂਠ ਹੈ। ਇੱਕੋ ਰੱਬੀ ਤਾਕਤ ਸਭ ਨੂੰ ਚਲਾ ਰਹੀ ਹੈ। ਗੁਰੂ ਜੀ ਨੇ ਮੁਫ਼ਤ ਅਤੇ ਸਾਂਝੀ ਰਸੋਈ (ਗੁਰੂ ਕਾ ਲੰਗਰ) ਸ਼ੁਰੂ ਕੀਤੀ ਜਿੱਥੇ ਉਹਨਾਂ ਆਪਣੇ ਚੇਲਿਆਂ ਨੂੰ ਬਿਨ੍ਹਾਂ ਭੇਦ-ਭਾਵ ਇਕੱਠੇ ਬੈਠ ਕੇ ਖਾਣਾ ਖਾਣ ਦਾ ਆਦੇਸ਼ ਦਿੱਤਾ।

ਸਾਰਣੀ 4.1

ਗੁਰੂ ਨਾਨਕ ਦੇਵ ਜੀ

ਜਨਮ	1469 ਈਸਵੀ ਨੂੰ ਰਾਏ ਭੋਇ ਦੀ ਤਲਵੰਡੀ (ਅੱਜਕੱਲ ਨਨਕਾਣਾ ਸਾਹਿਬ)
ਮਾਤਾ/ਪਿਤਾ	ਮਾਤਾ-ਤ੍ਰਿਪਤਾ ਜੀ / ਪਿਤਾ-ਮਹਿਤਾ ਕਾਲੀਆ ਦਾਸ ਬੇਦੀ
ਪਤਨੀ	ਬੀਬੀ ਸੁਲੱਖਣੀ
ਸਪੁੱਤਰ	ਸ੍ਰੀ ਚੰਦ ਅਤੇ ਲੱਖਮੀ ਦਾਸ
ਰਚਨਾ	ਜਪੁਜੀ ਸਾਹਿਬ, ਆਸਾ ਦੀ ਵਾਰ, ਉਕਾਂਰ, ਸਿੱਧਗੋਸ਼ਟ, ਬਾਰਾਂ ਮਾਂਹ, 974 ਮੰਤਰ
ਗਿਆਨ ਪ੍ਰਾਪਤੀ	ਬੇਂਈ ਨਦੀ 'ਤੇ
ਸ਼ਹਿਰ ਦੀ ਸਥਾਪਨਾ	ਕਰਤਾਰਪੁਰ (ਲਾਹੌਰ, ਪਾਕਿਸਤਾਨ)
ਆਰੰਭ ਕੀਤੀ	ਲੰਗਰ ਪ੍ਰਥਾ
ਸਮੇਂ ਦੇ ਮੁਗਲ ਬਾਦਸ਼ਾਹ	ਬਾਬਰ (ਪਹਿਲਾ ਮੁਗਲ ਬਾਦਸ਼ਾਹ) ਅਤੇ ਸ਼ੇਰ ਸ਼ਾਹ ਸੂਰੀ
ਉਤਰਾਧਿਕਾਰੀ	ਲਹਿਣਾ (ਗੁਰੂ ਅੰਗਦ ਦੇਵ ਜੀ)
ਜੋਤੀ-ਜੋਤ	ਕਰਤਾਰਪੁਰ ਵਿਖੇ 1539 ਈਸਵੀ ਵਿੱਚ

4.6.3 ਗੁਰੂ ਅੰਗਦ ਦੇਵ ਜੀ (1504-1552 ਈਸਵੀਂ):

ਗੁਰੂ ਅੰਗਦ ਦੇਵ ਜੀ, ਜੋ ਸਿੱਖਾਂ ਦੇ ਦੂਜੇ ਗੁਰੂ ਹੋਏ, ਦਾ ਜਨਮ ਮਾਰਚ 31, 1504 ਈ: ਨੂੰ ਹੋਇਆ। ਉਹਨਾਂ ਦੇ ਪਿਤਾ ਜੀ ਭਾਈ ਫੇਰੂ, ਤ੍ਰੇਹਨ ਖੱਤਰੀ ਗੋਤਰ ਨਾਲ ਸੰਬੰਧਿਤ ਸਨ ਅਤੇ ਪੰਜਾਬ ਦੇ ਜ਼ਿਲ੍ਹਾ ਮੁਕਤਸਰ ਵਿਖੇ ਇੱਕ ਪਿੰਡ ਮਾਤਾ ਦੀ ਸਰਾਇ ਵਿਖੇ ਇੱਕ ਵਪਾਰੀ ਸਨ। ਉਹਨਾਂ ਦਾ ਵਿਆਹ, ਬੀਬੀ ਖੀਵੀ, ਪੁੱਤਰੀ ਦੇਵੀ ਚੰਦ ਨਾਲ ਹੋਇਆ, ਜਿਨ੍ਹਾਂ ਦੀ ਕੁੱਖੋਂ ਆਪ ਦੇ ਦੋ ਪੁੱਤਰਾਂ, ਦਾਸੂ ਅਤੇ ਦੱਤੂ ਅਤੇ ਇੱਕ ਪੁੱਤਰੀ ਅਮਰੋ ਦਾ ਜਨਮ ਹੋਇਆ।

Scanned by CamScanner

ਆਪ ਜੀ ਜਦੋਂ ਕਰਤਾਰਪੁਰ ਵਿਖੇ, ਗੁਰੂ ਨਾਨਕ ਦੇਵ ਜੀ ਨੂੰ ਮਿਲੇ ਤਾਂ ਆਪ ਦੀ ਉਮਰ ਦੀਹ ਦੇ ਆਖਰੀ ਗੇੜ ਵਿੱਚ ਸੀ। ਉਦੋਂ ਹੀ ਆਪ ਗੁਰੂ ਜੀ ਦੇ ਚੇਲੇ ਬਣੇ। ਪਹਿਲਾ ਉਹ ਮਾਤਾ ਦੁਰਗਾ ਦੇ ਭਗਤ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਪਾਰੋਂ, ਆਪ ਜੀ ਨੇ ਆਪਣੇ ਜੀਵਨ ਦਾ ਬਹੁਤ ਸਮਾਂ ਕਰਤਾਰਪੁਰ ਵਿਖੇ ਹੀ ਬਿਤਾਇਆ।

ਆਪਣੇ ਪੁੱਤਰਾ ਨੂੰ ਛੱਡ ਕੇ ਗੁਰੂ ਨਾਨਕ ਦੇਵ ਜੀ ਨੇ ਆਪ ਨੂੰ ਆਪਣਾ ਉਤਰਾਧਿਕਾਰੀ ਚੁਣਿਆ ਅਤੇ ਸੰਨ 1539 ਵਿੱਚ ਆਪ ਜੀ ਨੂੰ ਅੰਗਦ ਨਾਮ ਦਿੱਤਾ। ਉਹ 1539-1552 ਤੱਕ, ਤੇਰਾਂ ਸਾਲ ਗੁਰੂ ਰਹੇ। ਉਹਨਾਂ ਨੇ ਪ੍ਰਥਮ ਗੁਰੂ, ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭੇ ਕਾਰਜ ਜਾਰੀ ਰੱਖੇ।

ਕਰਤਾਰਪੁਰ ਕਿਤੇ ਗੁਰੂ ਨਾਨਕ ਦੇਵ ਜੀ ਦੇ ਵਾਰਸਾਂ ਦੇ ਹਵਾਲੇ ਨਾ ਕਰ ਦਿੱਤਾ ਜਾਵੇ, ਅਜਿਹੀ ਸੋਚ ਨਾਲ ਉਹਨਾਂ ਨੇ ਇੱਕ ਹੋਰ ਨਗਰ ਵਸਾਇਆ। ਜਿਸ ਨੂੰ ਖਡੂਰ ਸਾਹਿਬ (ਜੋ ਤਰਨਤਾਰਨ ਜ਼ਿਲ੍ਹਾ ਵਿਖੇ ਹੈ) ਕਿਹਾ ਜਾਂਦਾ ਹੈ। ਆਪਣੇ ਗੁਰੂ ਵਾਂਗੂੰ, ਉਹਨਾਂ ਨੇ ਵੀ ਲੋਕਾਂ ਨੂੰ ਨਿਸ਼ਕਾਮ ਸੇਵਾ ਅਤੇ ਭਗਤੀ ਦਾ ਪਾਠ ਪੜ੍ਹਾਇਆ।

ਗੁਰੂ ਜੀ ਨੇ ਗੁਰਮੁਖੀ ਲਿਪੀ ਦੀ ਕਾਢ ਕੱਢੀ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭੀ 35 ਅੱਖਰੀ ਪੱਟੀ ਨੂੰ ਨਵਾਂ ਰੂਪ ਅਤੇ ਕ੍ਰਮ ਦਿੱਤਾ ਅਤੇ ਇਸ ਨੂੰ ਹੋਰ ਜਿਆਦਾ ਸ਼ੁੱਧ ਅਤੇ ਵਿਸਤ੍ਰਿਤ ਕੀਤਾ।

ਇਹੀ ਕਾਰਜ ਸਿੱਖੀ ਦੀਆਂ ਪਵਿੱਤਰ ਰਚਨਾਵਾਂ ਦਾ ਮੁੱਢ ਬਣਿਆ। ਉਹਨਾਂ ਨੇ ਸਿੱਖਾਂ ਨੂੰ ਇੱਕ ਵੱਖਰੀ ਲਿਖਤੀ ਭਾਸ਼ਾ ਬਖਸ਼ੀ ਸੋ ਕਿ ਹਿੰਦੂਆਂ ਅਤੇ ਮੁਸਲਮਾਨਾਂ ਵੱਲੋਂ ਵਰਤੀ ਜਾਂਦੀ ਭਾਸ਼ਾ ਤੋਂ ਕਾਫ਼ੀ ਵੱਖਰੀ ਸੀ, ਇਸੇ ਕਾਰਨ ਸਿੱਖਾਂ ਵਿੱਚ ਇੱਕ ਵੱਖਰੀ ਕੌਮ ਹੋਣ ਦਾ ਭਾਵ ਵੀ ਉਜਾਗਰ ਹੋਇਆ।

ਗੁਰੂ ਜੀ ਸਰੀਰਕ ਤੰਦਰੁਸਤੀ ਦੇ ਹਿਤ ਵਿੱਚ ਸਨ। ਇਸ ਲਈ ਆਪ ਨੇ ਮੱਲ ਅਖਾੜਾ ਦੀ ਪਰੰਪਰਾ ਸ਼ੁਰੂ ਕੀਤੀ।

ਉਹਨਾਂ ਨੇ ਭਾਈ ਬਾਲਾ ਜੀ ਕੋਲੋਂ, ਜੋ ਗੁਰੂ ਨਾਨਕ ਦੇਵ ਜੀ ਨਾਲ ਉਹਨਾਂ ਦੀਆਂ ਉਦਾਸੀਆਂ ਵੇਲੇ ਵੀ ਸਨ, ਤੋਂ ਪ੍ਰਥਮ ਗੁਰੂ ਦੇ ਜੀਵਨ ਬਾਰੇ ਤੱਥ ਇਕੱਠੇ ਕੀਤੇ ਅਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਆਧਾਰਿਤ ਪਹਿਲੀ ਜਨਮ ਸਾਖੀ ਲਿਖੀ। ਇਸ ਨੂੰ ਭਾਈ ਬਾਲੇ ਵਾਲੀ ਜਨਮਸਾਖੀ ਵੀ ਆਖਦੇ ਹਨ।

ਗੁਰੂ ਸਾਹਿਬ ਵੱਲੋਂ ਚਲਾਈ ਲੰਗਰ ਪ੍ਰਥਾ ਨੂੰ ਆਪ ਨੇ ਹੋਰ ਵੀ ਪ੍ਰਪੱਕ ਕੀਤਾ। ਮੁਗਲ ਬਾਦਸ਼ਾਹ ਹਿਮਾਂਯੂੰ, 1540 ਈਸਵੀ ਵਿੱਚ ਸ਼ੇਰਸ਼ਾਹ ਸੂਰੀ ਤੋਂ ਹਾਰਨ ਮਗਰੋਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਇਆ ਅਤੇ ਮੁੜ ਸਿੰਘਾਸਨ ਪਾਉਣ ਦਾ ਆਸ਼ੀਰਵਾਦ ਲੈ ਕੇ ਗਿਆ।

ਗੁਰੂ ਅੰਗਦ ਦੇਵ ਜੀ ਦੇ ਦੋ ਸਪੁੱਤਰ ਸਨ, ਪਰ ਉਹਨਾਂ ਆਪਣੇ 73 ਸਾਲ ਦੇ ਸ਼ਿਸ, ਅਮਰ ਦਾਸ ਜੀ ਨੂੰ ਜੋ ਕਿ ਭੱਲਾ ਗੋਤਰ ਦੇ ਖੱਤਰੀ ਸਨ, ਨੂੰ ਤੀਜੇ ਗੁਰੂ ਦੇ ਰੂਪ ਵਿੱਚ ਚੁਣਿਆ। 1552 ਈਸਵੀ ਨੂੰ ਮਾਰਚ ਵਿੱਚ ਗੁਰੂ ਸਾਹਿਬ, ਖਡੂਰ ਸਾਹਿਬ ਵਿਖੇ ਜੋਤੀ ਜੋਤ ਸਮਾਂ ਗਏ।

ਸਾਰਣੀ 4.2

ਗੁਰੂ ਅੰਗਦ ਦੇਵ ਜੀ

ਜਨਮ	1504 ਈ: ਨੂੰ ਮੱਤੇ ਦੀ ਸਰਾਇ (ਸਰਾਇ ਨਾਗਾ) ਜਿਲ੍ਹਾ ਮੁਕਤਸਰ ਵਿੱਚ
ਮਾਤਾ/ਪਿਤਾ	ਮਾਤਾ-ਦਾਇਆ ਕੌਰ / ਪਿਤਾ-ਭਾਈ ਫੇਰੂ
ਪਤਨੀ	ਬੀਬੀ ਖੀਵੀ
ਸਪੁੱਤਰ/ਸਪੁੱਤਰੀ	ਸਪੁੱਤਰ - ਦਾਤੂ ਅਤੇ ਦਾਸੂ ਸਪੁੱਤਰੀ - ਅਮਰੋ
ਗੁਰਤਗੱਦੀ	1539-1552
ਖੋਜ	ਗੁਰਮੁਖੀ ਲਿਪੀ

Scanned by CamScanner

ਪਰੰਪਰਾ ਸ਼ੁਰੂ ਕੀਤੀ	ਮੱਲ ਅਖਾੜਾ
ਰਚਨਾ	ਭਾਈ ਬਾਲੇ ਵਾਲੀ ਜਨਮਸਾਖੀ (ਗੁਰੂ ਨਾਨਕ ਦੇਵ ਜੀ ਦੀ ਜੀਵਨੀ)
ਸ਼ਹਿਰ ਸਥਾਪਿਤ ਕੀਤਾ	ਖਡੂਰ ਸਾਹਿਬ (ਅੱਜਕੱਲ ਤਰਨਤਾਰਨ ਵਿੱਚ)
ਸਮੇਂ ਦੇ ਮੁਗਲ ਬਾਦਸ਼ਾਹ	ਹਿਮਾਯੂੰ ਅਤੇ ਸ਼ੇਰ ਸ਼ਾਹ ਸੂਰੀ
ਉਤਰਾਧਿਕਾਰੀ	ਗੁਰੂ ਅਮਰਦਾਸ ਜੀ
ਜੋਤੀ-ਜੋਤ	ਖਡੂਰ ਸਾਹਿਬ ਵਿਖੇ 1552 ਈਸਵੀ ਵਿੱਚ

4.6.4 ਗੁਰੂ ਅਮਰ ਦਾਸ ਜੀ (1479-1574 ਈਸਵੀ):

ਗੁਰੂ ਅਮਰ ਦਾਸ ਜੀ ਜੋ ਕਿ ਸਿੱਖਾਂ ਦੇ ਤੀਜੇ ਗੁਰੂ ਹੋਏ, ਦਾ ਜਨਮ 5 ਮਈ, 1479 ਨੂੰ ਇੱਕ ਭੱਲਾ ਖੱਤਰੀ ਪਰਿਵਾਰ ਵਿੱਚ ਬਸਰਕੇ ਵਿਖੇ, ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ) ਵਿੱਚ ਹੋਇਆ। ਉਹਨਾਂ ਦੇ ਪਿਤਾ ਦਾ ਨਾਮ, ਤੇਜ ਭਾਨ ਅਤੇ ਮਾਤਾ ਦਾ ਨਾਮ ਬਖ਼ਤ ਕੌਰ ਸੀ। ਉਹਨਾਂ ਦਾ ਵਿਆਹ, ਦੇਵੀ ਚੰਦ ਦੀ ਸਪੁੱਤਰੀ, ਮਨਸਾ ਦੇਵੀ ਨਾਲ ਹੋਇਆ, ਜਿਸ ਦੀ ਕੁੱਖੋਂ ਉਹਨਾਂ ਦੇ ਦੋ ਪੁੱਤਰ, ਮੋਹਰੀ ਅਤੇ ਮੋਹਨ ਅਤੇ ਦੋ ਪੁੱਤਰੀਆਂ, ਦਾਨੀ ਅਤੇ ਭਾਨੀ ਨੇ ਜਨਮ ਲਿਆ।

ਪਹਿਲਾਂ ਗੁਰੂ ਅਮਰ ਦਾਸ ਜੀ ਵੈਸ਼ਨਵੀ ਸਨ ਅਤੇ ਨੇਮ ਨਾਲ ਹਰਿਦੁਆਰ, ਪਵਿੱਤਰ ਜਲ-ਇਸ਼ਨਾਨ ਲਈ ਜਾਇਆ ਕਰਦੇ ਸਨ। ਬਾਹਠ ਸਾਲ ਦੀ ਉਮਰ ਤੱਕ ਉਹਨਾਂ ਨੇ ਇਹ ਨੇਮ ਨਿਭਾਇਆ। ਇੱਕ ਵਾਰ ਬੀਬੀ ਅਮਰੋ, ਜੋ ਕਿ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸਨ ਅਤੇ ਗੁਰੂ ਅਮਰ ਦਾਸ ਜੀ ਦੇ ਭਤੀਜੇ ਨੂੰ ਵਿਆਹੇ ਹੋਏ ਸਨ, ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਉਚਾਰਨ ਕਰ ਰਹੇ ਸਨ। ਇਸ ਨੇ ਗੁਰੂ ਅਮਰ ਦਾਸ ਜੀ ਦੇ ਮਨ ਵਿੱਚ ਹਲਚਲ ਪੈਦਾ ਕੀਤੀ। ਸੋ ਉਹਨਾਂ ਗੁਰੂ ਨਾਨਕ ਜੀ ਦੀ ਗੱਦੀ ਤੇ ਬੈਠੇ ਗੁਰੂ ਨੂੰ ਮਿਲਣ ਦਾ ਮਨ ਬਣਾਇਆ। 1540 ਈਸਵੀ ਵਿੱਚ ਬੀਬੀ ਅਮਰੋ, ਉਹਨਾਂ ਨੂੰ ਆਪਣੇ ਪਿਤਾ, ਗੁਰੂ ਅੰਗਦ ਦੇਵ ਜੀ ਪਾਸ ਖਡੂਰ ਸਾਹਿਬ ਲੈ ਗਏ। ਉਹ ਉਦੋਂ ਹੀ ਉਹਨਾਂ ਦੇ ਚੇਲੇ ਬਣ ਗਏ ਅਤੇ ਉਹਨਾਂ 12 ਸਾਲ ਇਕਾਗਰ ਹੋ ਕੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ।

ਆਪਣੇ ਪੁੱਤਰਾਂ ਦਾਸੂ ਅਤੇ ਦੱਤੂ ਨੂੰ ਲਾਂਭੇ ਰੱਖਦਿਆਂ, ਗੁਰੂ ਅੰਗਦ ਦੇਵ ਜੀ ਨੇ ਆਪ ਨੂੰ ਆਪਣਾ ਉਤਰਾਧਿਕਾਰੀ ਚੁਣਿਆ ਅਤੇ 1552 ਵਿੱਚ ਆਪ ਗੁਰੂ ਬਣੇ।

ਦਾਸ ਅਤੇ ਦੱਤੂ ਵੱਲੋਂ ਖਡੂਰ ਸਾਹਿਬ ਤੇ ਆਪਣਾ ਪਿਤਾ-ਪੁਰਖੀ ਹੱਕ ਜਤਾਉਣ ਮਗਰੋਂ ਆਪ ਜੀ ਨੂੰ ਇਹ ਥਾਂ ਛੱਡਣੀ ਪਈ। ਸੋ ਆਪ ਨੇ ਇੱਕ ਹੋਰ ਸ਼ਹਿਰ ਵਸਾਇਆ ਜਿਸ ਨੂੰ ਗੋਇੰਦਵਾਲ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਇਹ ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਵਿਖੇ ਸਥਿਤ ਹੈ।

ਗੁਰੂ ਜੀ ਨੇ ਗੋਇੰਦਵਾਲ ਵਿਖੇ 84 ਪੌੜੀਆਂ ਵਾਲੀ ਬਾਉਲੀ ਦਾ ਨਿਰਮਾਣ ਕਰਵਾਇਆ, ਜੋ ਕਿ ਸਿੱਖਾਂ ਦਾ ਇੱਕ ਪਵਿੱਤਰ ਸਥਾਨ ਬਣ ਗਿਆ। ਗੋਇੰਦਵਾਲ ਆਉਂਦੇ ਸਿੱਖਾਂ ਲਈ ਵਿਸਾਖੀ ਅਤੇ ਦਿਵਾਲੀ ਮਹੱਤਵਪੂਰਨ ਤਿਉਹਾਰ ਬਣ ਗਏ। ਉਹਨਾਂ ਨੇ ਸਿੱਖਾਂ ਦੇ ਜਨਮ, ਵਿਆਹ ਅਤੇ ਮੌਤ ਸਮੇਂ ਲਈ ਕਈ ਰਸਮਾਂ ਤੈਅ ਕੀਤੀਆਂ। ਉਹਨਾਂ ਸਿੱਖਾਂ ਨੂੰ ਕਿਹਾ ਕਿ ਔਖੀ ਘੜੀ ਮੌਕੇ ਰੋਣਾ ਜਾਂ ਦਿਲ ਨਹੀਂ ਛੱਡਣਾ ਚਾਹੀਦਾ ਸਗੋਂ ਉਸ ਪਰਮਾਤਮਾ ਨੂੰ ਯਾਦ ਕਰਨਾ ਚਾਹੀਦਾ ਹੈ ਜੋ ਸਾਨੂੰ ਧਰਤੀ ਤੇ ਹਰ ਖੁਸ਼ੀ ਬਖ਼ਸ਼ਦਾ ਹੈ।

ਗੋਇੰਦਵਾਲ ਵਿਖੇ ਉਹਨਾਂ ਵੱਲੋਂ ਚਲਾਇਆ ਗੁਰੂ ਕਾ ਲੰਗਰ ਸ਼ੁੱਧ ਆਟੇ ਅਤੇ ਮੱਖਣ ਦੀ ਵਰਤੋਂ ਕਾਰਨ ਪ੍ਰਸਿੱਧ ਹੋ ਗਿਆ। ਉਹਨਾਂ ਨੇ ਲੰਗਰ ਨੂੰ ਅਨਿੱਖੜਵਾਂ ਅੰਗ ਬਣਾਇਆ। ਉਹਨਾਂ ਦਾ ਕਥਨ ਸੀ, ਸੰਗਤ ਤੋਂ ਪਹਿਲਾਂ ਪੰਗਤ। ਅਰਥਾਤ ਜੋ ਵੀ ਗੁਰੂ

Scanned by CamScanner

ਕੇ ਜਾਣਾ ਪੈਂਦਾ, ਅਜਿਹਾ ਉਹਨਾਂ ਨੇ ਉਸ ਸਮੇਂ ਪ੍ਰਚਲਿਤ ਜਾਤੀ ਅਤੇ
ਨ ਲਈ ਕੀਤਾ। ਇੱਥੋਂ ਤੱਕ ਕਿ ਜਦੋਂ ਰਾਜਾ ਅਕਬਰ ਆਪ ਜੀ ਨੂੰ
ਸ ਨੂੰ ਵੀ ਇਸ ਨਿਯਮ ਦੀ ਪਾਲਣਾ ਕਰਨੀ ਪਈ। ਰਾਜੇ ਨੇ ਲੰਗਰ
ਰਾਏ ਤੋਂ ਦੇਣੀ ਚਾਹੀ, ਪਰ ਗੁਰੂ ਜੀ ਨੇ ਇਹ ਲੈਣ ਤੋਂ ਇਨਕਾਰ ਕਰ
ਰੱਖਣ ਦਾ ਫੈਸਲਾ ਲਿਆ। ਪਰ ਰਾਜਾ ਅਕਬਰ ਨੇ ਗੁਰੂ ਸਾਹਿਬ ਅਤੇ
ਜ਼ਰਧਾਲੂ-ਕਰ ਤੋਂ ਛੋਟ ਦੇ ਦਿੱਤੀ।

ਨੀਆ ਭਰ ਵਿੱਚ ਪਹੁੰਚਾਉਣ ਲਈ ਭਾਰਤ ਦੇ ਵੱਖ-ਵੱਖ ਹਿੱਸਿਆ ਵਿੱਚ
ਖੀ ਇੱਕ ਨੇਕ-ਦਿਲ ਸਿੱਖ ਥਾਪਿਆ ਗਿਆ, ਜੋ ਗੁਰੂ ਸਾਹਿਬ ਦੇ ਸੰਦੇਸ਼

ਅਨੰਦ ਕਾਰਜ

ਅਨੰਦ ਕਾਰਜ, ਸਿੱਖ ਵਿਆਹ ਦੀ ਰਸਮ ਦਾ ਹੀ ਨਾਮ ਹੈ। ਇਸ ਰਸਮ ਦਾ ਇਤਿਹਾਸ ਗੁਰੂ ਅਮਰਦਾਸ ਜੀ ਦੇ ਕਾਲ ਤੋਂ ਸ਼ੁਰੂ ਹੋਇਆ, ਜਿੰਨ੍ਹਾਂ ਨੇ 40 ਸਤਰਾਂ ਦਾ ਮੰਤਰ 'ਅਨੰਦੁ' ਰਚਿਆ ਜੋ ਕਿ ਹਰ ਧਾਰਮਿਕ ਕਾਰਜ ਵੇਲੇ ਉਚਾਰਿਆ ਜਾਂਦਾ ਹੈ। ਉਹਨਾਂ ਦੇ ਉਤਰਾਧਿਕਾਰੀ ਗੁਰੂ ਰਾਮ ਦਾਸ ਜੀ ਨੇ 4 ਪੈਰ੍ਹਿਆਂ ਦਾ ਮੰਤਰ, ਲਾਂਵਾਂ ਰਚਿਆ ਜੋ ਕਿ ਵਿਆਹ ਕਾਰਜ ਸੰਪੰਨ ਕਰਨ ਵੇਲੇ ਉਚਾਰਿਆ ਜਾਂਦਾ ਹੈ। ਇਹ ਰਸਮ ਹੁਣ ਦੁਨੀਆਂ ਭਰ ਦੇ ਸਿੱਖਾਂ ਵੱਲੋਂ ਨਿਭਾਈ ਜਾਂਦੀ ਹੈ।

1909 ਵਿੱਚ ਪਾਸ ਹੋਏ ਅਨੰਦ ਵਿਆਹ ਐਕਟ ਨੇ ਇਸ ਵਿਆਹ ਰਸਮ ਨੂੰ ਜੋ ਕਿ ਸੰਪੂਰਨ ਸਿੱਖ ਜਗਤ ਵਿੱਚ ਪਾਈ ਜਾਂਦੀ ਹੈ ਨੂੰ ਕਾਨੂੰਨੀ ਮਾਨਤਾ ਦਿੱਤੀ।

ਤ ਅਤੇ ਵਿਲੱਖਣ ਬਾਣੀ ਰਚੀ। ਇਹਨਾਂ ਸਾਰੀਆਂ ਵਿੱਚੋਂ ਆਨੰਦ ਸਾਹਿਬ

ਉੱਚਾ ਚੁੱਕਣ ਲਈ ਵਿਸ਼ੇਸ਼ ਧਿਆਨ ਦਿੱਤਾ। ਉਹਨਾਂ ਨੇ ਪਰਦਾ ਪ੍ਰਥਾ
ਰੀਤਾ। ਕਈ ਖੇਤਰਾਂ ਵਿੱਚ ਉਹਨਾਂ ਨੇ ਔਰਤਾਂ ਨੂੰ ਬਤੌਰ ਨਿਗਰਾਨ ਵੀ

ਸਵੀ ਵਿੱਚ ਆਪ ਨੇ ਆਪਣੇ ਜਵਾਈ, ਭਾਈ ਜੇਠਾਂ ਜੀ ਨੂੰ ਆਪਣਾ

Scanned by CamScanner

ਗੁਰੂ ਅਮਰਦਾਸ ਜੀ ਨੇ ਕਈ ਵਾਰ ਆਪ ਦਾ ਇਮਤਿਹਾਨ ਲਿਆ, ਪਰ ਹਰ ਵਾਰ ਜੇਠਾ ਜੀ ਦਾ ਕੱਦ ਉਹਨਾਂ ਦੀ ਨਜ਼ਰ ਵਿੱਚ ਉੱਚਾ ਹੀ ਉਠੱਦਾ ਗਿਆ। ਉਹ ਇਹ ਭਲੀ-ਭਾਂਤੀ ਜਾਣ ਚੁੱਕੇ ਸਨ ਕਿ ਉਹਨਾਂ ਦੇ ਸਾਰੇ ਚੇਲਿਆਂ ਵਿੱਚੋਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਸਭ ਤੋਂ ਵੱਧ ਗਿਆਨ ਜੇਠਾ ਜੀ ਨੂੰ ਹੀ ਸੀ। ਉਹਨਾਂ ਨੇ ਇਸੇ ਆਧਾਰ ਤੇ ਗੁਰੂ ਜੀ ਨੂੰ ਆਪਣਾ ਉਤਰਾਧਿਕਾਰੀ ਥਾਪਿਆ। ਉਹਨਾਂ ਨੇ ਆਪਣੀ ਸੋਚ ਅਤੇ ਜਿੰਮੇਵਾਰੀ ਜੇਠਾ ਜੀ ਨੂੰ ਸੌਂਪੀ, ਜਿੰਨ੍ਹਾਂ ਨੂੰ ਗੁਰੂ ਰਾਮਦਾਸ ਜੀ ਦਾ ਨਾਮ ਦਿੱਤਾ ਗਿਆ।

ਗੁਰੂ ਜੀ ਨੇ ਉਸ ਜ਼ਮੀਨ ਤੇ, ਜੋ ਉਹਨਾਂ ਦੀ ਪਤਨੀ ਨੂੰ ਬਾਦਸ਼ਾਹ ਅਕਬਰ ਵੱਲੋਂ ਦਿੱਤੀ ਗਈ ਸੀ, ਇੱਕ ਤਲਾਅ ਬਣਵਾਇਆ। ਜਦੋਂ ਉਹ ਗੁਰੂ ਬਣੇ ਤਾਂ ਉਹ ਗੋਇੰਦਵਾਲ ਸਾਹਿਬ ਤੋਂ ਇਸ ਤਲਾਅ ਦੇ ਨੇੜੇ ਆ ਕੇ ਰਹਿਣ ਲੱਗੇ ਅਤੇ ਇੱਥੇ ਹੀ ਇੱਕ ਸ਼ਹਿਰ ਵਸਾਇਆ। ਇਹ ਸ਼ਹਿਰ ਜੋ ਬਾਅਦ ਵਿੱਚ ਸਿੱਖ ਧਰਮ ਦੀ ਧਾਰਮਿਕ ਰਾਜਧਾਨੀ ਦੇ ਰੂਪ ਵਿੱਚ ਉੱਭਰਿਆ, ਨੂੰ 'ਗੁਰੂ ਕਾ ਚੱਕ' ਕਿਹਾ ਜਾਣ ਲੱਗਾ। ਫਿਰ ਇਸ ਦਾ ਨਾਮ 'ਰਾਮਦਾਸਪੁਰ' (ਰਾਮਦਾਸ ਜੀ ਦਾ ਸ਼ਹਿਰ) ਅਤੇ ਬਾਅਦ ਵਿੱਚ 'ਅੰਮ੍ਰਿਤਸਰ' (ਅੰਮ੍ਰਿਤ ਦਾ ਦਰਿਆ) ਪਿਆ। ਗੁਰੂ ਦੇ ਸਿੱਖਾਂ ਤੋਂ ਬਿਨਾਂ ਹੋਰ ਵਪਾਰੀ, ਦੁਕਾਨਦਾਰ, ਕਿਰਸਾਨ ਅਤੇ ਸ਼ਿਲਪਕਾਰ ਵੀ ਇੱਥੇ ਆ ਕੇ ਰਹਿਣ ਲੱਗੇ।

ਸਿੱਖ ਸੰਗਤ ਨੂੰ ਜੋੜਨ ਲਈ ਗੁਰੂ ਅਮਰਦਾਸ ਜੀ ਨੇ ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਮੰਜੀਆਂ ਦੀ ਸਥਾਪਨਾ ਕੀਤੀ। ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਮਾਨਵਤਾ ਤੱਕ ਪਹੁੰਚਾਉਣ ਲਈ ਆਪ ਨੇ ਮਸੰਦ ਨਿਯੁਕਤ ਕੀਤੇ। ਉਹਨਾਂ ਦਾ ਮੁੱਖ ਕੰਮ ਸਿੱਖੀ ਦਾ ਪ੍ਰਚਾਰ ਅਤੇ ਸ਼ਰਧਾਲੂਆਂ ਤੋਂ ਭੇਟਾ ਇਕੱਠੀ ਕਰਨਾ ਸੀ।

ਉਹਨਾਂ ਦੇ ਸੇਵਕਾਂ ਵਿੱਚੋਂ ਸਭ ਤੋਂ ਵਿਸ਼ੇਸ਼ ਸੇਵਕ ਭਾਈ ਗੁਰਦਾਸ ਸਨ। ਗੁਰੂ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦੇ ਪ੍ਰਚਾਰ ਲਈ ਉਹਨਾਂ ਨੂੰ ਆਗਰਾ ਵੀ ਭੇਜਿਆ।

ਇੱਕ ਵਾਰ ਗੁਰੂ ਰਾਮਦਾਸ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਜੇਠੇ ਪੁੱਤਰ ਬਾਬਾ ਸ੍ਰੀ ਚੰਦ ਜੀ ਮਿਲਣ ਆਏ। ਭਾਵੇਂ ਉਹ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨੂੰ ਮਿਲਣ ਨਾ ਗਏ ਪਰ ਉਹਨਾਂ ਦੇ ਦਿਲ ਵਿਚ ਗੁਰੂ ਰਾਮਦਾਸ ਜੀ ਨੂੰ ਮਿਲਣ ਦੀ ਪ੍ਰਬਲ ਤਾਂਘ ਸੀ ਅਤੇ ਉਹ ਗੁਰੂ ਸਾਹਿਬ ਨੂੰ ਮਿਲਣ ਆਏ। ਗੁਰੂ ਸਾਹਿਬ ਨਾਲ ਗੱਲਬਾਤ ਦੌਰਾਨ ਉਹਨਾਂ ਕਿਹਾ ਕਿ ਗੁਰੂ ਜੀ ਦੀ ਦਾੜ੍ਹੀ ਕਾਫੀ ਲੰਮੀ ਹੈ। ਗੁਰੂ ਜੀ ਨੇ ਉੱਤਰ ਦਿੱਤਾ, "ਜੀ ਹਾਂ, ਇਹ ਲੰਮੀ ਦਾਹੜੀ, ਤੁਹਾਡੇ ਵਰਗੇ ਸੰਤਾਂ ਦੀ ਚਰਨ ਧੂੜ ਸਾਫ਼ ਕਰਨ ਲਈ ਹੈ।" ਬਾਬਾ ਸ੍ਰੀ ਚੰਦ, ਆਪ ਦੀ ਨਿਮਰਤਾ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਹਨਾਂ ਇਹ ਮਹਿਸੂਸ ਕੀਤਾ ਕਿ ਉਹਨਾਂ ਦੇ

ਲਾਵਾਂ

ਰਵਾਇਤੀ ਰੂਪ ਵਿੱਚ ਗੁਰੂ ਰਾਮਦਾਸ ਜੀ ਦੁਆਰਾ ਰਚਿਤ 4 ਵਾਕਾਂ ਦੇ ਸਮੂਹ ਨੂੰ ਜੋ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ ਹੈ ਨੂੰ ਲਾਵਾਂ ਕਿਹਾ ਜਾਂਦਾ ਹੈ। ਸਿੱਖਾਂ ਵਿੱਚ ਜਦੋਂ ਜੋੜਾ ਗੁਰੂ ਗ੍ਰੰਥ ਸਾਹਿਬ ਦੁਆਲੇ ਚੱਕਰ ਕੱਟਦਾ ਹੈ ਤਾਂ ਲਾਵਾਂ ਦਾ ਉਚਾਰਣ ਕੀਤਾ ਜਾਂਦਾ ਹੈ। ਮੰਤਰ ਦੇ ਚਾਰ ਭਾਗ, ਮਨੁੱਖੀ ਜੀਵਨ (ਸੋਚ) ਦੀਆਂ 4 ਅਵਸਥਾਵਾਂ ਨੂੰ ਦਰਸਾਉਂਦੇ ਹਨ। ਪਹਿਲਾ ਚੱਕਰ, ਗ੍ਰਹਿਸਥ ਜੀਵਨ ਵਿੱਚ ਆਉਣ ਲਈ ਰੱਬੀ ਰਹਿਮਤ ਦੀ ਮੰਗ ਨੂੰ ਦਰਸਾਉਂਦਾ ਹੈ। ਦੂਜਾ ਚੱਕਰ ਬਿਆਨ ਕਰਦਾ ਹੈ ਕਿ ਦੋਹਾਂ ਦਾ ਮਿਲਨ ਰੱਬ ਵੱਲੋਂ ਹੀ ਕਰਵਾਇਆ ਗਿਆ ਹੈ। ਤੀਜੇ ਗੇੜ੍ਹ ਵਿੱਚ ਜੋੜੇ ਨੂੰ ਉਪਦੇਸ਼ ਹੁੰਦਾ ਹੈ ਕਿ ਉਹ ਬਹੁਤ ਖੁਸ਼ਕਿਸਮਤ ਹਨ ਜਿੰਨ੍ਹਾਂ ਨੇ ਸੰਤਾਂ ਦੀ ਸੰਗਤ ਵਿੱਚ ਪ੍ਰਭੂ ਮਹਿਮਾ ਦਾ ਗੁਣਗਾਨ ਕੀਤਾ ਹੈ ਅਤੇ ਚੌਥੇ ਚਰਣ ਵਿੱਚ ਇਹ ਬਿਆਨ ਹੁੰਦਾ ਹੈ ਕਿ ਜੋੜੇ ਦੀ ਮਨੋਕਾਮਨਾ ਪੂਰੀ ਹੋਈ ਹੈ ਅਤੇ ਸਭ ਉਹਨਾਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੰਦੇ ਹਨ।

Scanned by CamScanner

ਸਾਰਣੀ 4.3 ਗੁਰੂ ਅਮਰ ਦਾਸ ਜੀ

ਜਨਮ	1479 ਨੂੰ ਬਾਸਰਕੇ (ਜਿਲ੍ਹਾ ਅੰਮ੍ਰਿਤਸਰ ਵਿਖੇ)
ਮਾਤਾ/ਪਿਤਾ	ਮਾਤਾ-ਬਖ਼ਤ ਕੌਰ / ਪਿਤਾ-ਤੇਜ ਭਾਨ ਜੀ
ਪਤਨੀ	ਮਨਸਾ ਦੇਵੀ
ਸਪੁੱਤਰ	ਸਪੁੱਤਰ - ਮੋਹਰੀ ਅਤੇ ਮੋਹਨ
ਸਪੁੱਤਰੀ	ਸਪੁੱਤਰੀ - ਦਾਨੀ ਅਤੇ ਭਾਨੀ
ਗੁਰਗੱਦੀ	1552-1574
ਸ਼ੁਰੂ ਕੀਤਾ	ਮੰਜੀ ਪ੍ਰਥਾ
ਰਚਨਾ	ਆਨੰਦ ਸਾਹਿਬ
ਸ਼ਹਿਰ ਵਸਾਇਆ	ਗੋਇੰਦਵਾਲ ਸਾਹਿਬ (ਅੱਜਕੱਲ ਜਿਲ੍ਹਾ ਤਰਨਤਾਰਨ ਵਿਖੇ)
ਨਿਰਮਾਣ ਕੀਤਾ	ਬਾਉਲੀ ਸਾਹਿਬ (ਗੋਇੰਦਵਾਲ ਸਾਹਿਬ ਵਿਖੇ)
ਪ੍ਰਚਾਰ ਕੀਤਾ	'ਸੰਗਤ ਤੋਂ ਪਹਿਲਾਂ ਪੰਗਤ'
ਸਮੇਂ ਦੇ ਮੁਗਲ ਬਾਦਸ਼ਾਹ	ਅਕਬਰ
ਉਤਰਾਧਿਕਾਰੀ	ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ)
ਜੋਤੀ-ਜੋਤ ਸਮਾਉਣਾ	ਗੋਇੰਦਵਾਲ ਸਾਹਿਬ ਵਿੱਖੇ 1574 ਈ: ਨੂੰ

4.6.5 ਗੁਰੂ ਰਾਮ ਦਾਸ ਜੀ (1534-1581 ਈਸਵੀ):

ਗੁਰੂ ਰਾਮਦਾਸ ਜੀ ਸਿੱਖਾਂ ਦੇ ਚੌਥੇ ਗੁਰੂ ਸਨ। ਇਹਨਾਂ ਨੂੰ ਜੇਠਾ ਜੀ ਵੀ ਕਿਹਾ ਜਾਂਦਾ ਸੀ। ਇਨ੍ਹਾਂ ਦਾ ਜਨਮ 24 ਸਤੰਬਰ, 1534 ਨੂੰ, ਚੂਨਾ ਮੰਡੀ ਲਾਹੌਰ ਵਿੱਚ ਰਹਿਣ ਵਾਲੇ ਸੋਢੀ ਪਰਿਵਾਰ ਵਿੱਚ ਹੋਇਆ। ਉਹਨਾਂ ਦੇ ਪਿਤਾ ਦਾ ਨਾਮ ਹਰੀਦਾਸਸੀ ਅਤੇ ਮਾਤਾ ਦਾ ਨਾਮ ਦਯਾ ਕੌਰ ਸੀ। ਚੂਨਾ ਮੰਡੀ ਲਾਹੌਰ ਵਿਖੇ ਸਥਿਤ ਗੁਰਦੁਆਰਾ ਜਨਮ ਅਸਥਾਨ ਆਪ ਦੇ ਜਨਮ ਸਥਲ ਦਾ ਪ੍ਰਤੀਕ ਹੈ।

> ***ਗੁਰਦੁਆਰਾ ਗੁਰਿਆਇ ਅਸਥਾਨ ਗੁਰੂ ਰਾਮ ਦਾਸ ਜੀ:***
> *ਇਹ ਗੋਇੰਦਵਾਲ ਸਾਹਿਬ ਵਿਖੇ ਸਥਿਤ ਹੈ ਜਿੱਥੇ ਉਹ ਗੁਰੂ ਰਾਮ ਦਾਸ ਜੀ ਨੂੰ ਗੁਰੂ ਦੇ ਰੂਪ ਵਿੱਚ ਸਥਾਪਤ ਕੀਤਾ ਗਿਆ ਸੀ।*

ਸੱਤ ਸਾਲ ਦੀ ਉਮਰ ਵਿੱਚ ਆਪ ਯਤੀਮ ਹੋ ਗਏ ਅਤੇ ਆਪ ਦਾ ਪਾਲਣ ਪੋਸ਼ਣ ਆਪ ਦੀ ਦਾਦੀ ਨੇ ਪਿੰਡ ਬਾਸਰਕੇ ਵਿੱਚ ਕੀਤਾ। ਬਾਰਾਂ ਸਾਲ ਦੀ ਉਮਰ ਵਿੱਚ, ਇੱਕ ਵਾਰ ਆਪ ਗੁਰੂ ਅਮਰਦਾਸ ਜੀ ਨੂੰ ਮਿਲਣ ਲਈ ਗੋਇੰਦਵਾਲ ਸਾਹਿਬ ਜਾਂਦੇ ਸਿੱਖਾਂ ਦੇ ਜੱਥੇ ਵਿੱਚ ਰਲ ਗਏ। ਗੁਰੂ ਜੀ ਨੂੰ ਮਿਲਦੇ ਹੀ ਉਹਨਾਂ ਦਾ ਮਨ ਪ੍ਰਸੰਨਤਾ ਅਤੇ ਸਮਰਪਣ ਨਾਲ ਭਰ ਗਿਆ। ਪਹਿਲੀ ਵਾਰ, ਗੋਇੰਦਵਾਲ ਆਉਂਦੇ ਹੀ, ਉਹਨਾਂ ਨੂੰ ਇੱਥੇ ਘਰ ਵਰਗਾ ਮਾਹੌਲ ਲੱਗਿਆ ਅਤੇ ਉਹਨਾਂ ਨੇ ਹਮੇਸ਼ਾ ਲਈ ਇੱਥੇ ਹੀ ਰਹਿਣ ਦਾ ਮਨ ਬਣਾ ਲਿਆ।ਗੁਰੂ ਅਮਰਦਾਸ ਜੀ ਨੇ ਉਹਨਾਂ ਵਿੱਚ ਈਮਾਨਦਾਰੀ, ਮਾਨਵਤਾ, ਸੇਵਾ ਦੀ ਪ੍ਰਬਲ ਭਾਵਨਾ ਅਤੇ ਉੱਚ-ਚਰਿੱਤਰ ਦੇਖ ਕੇ 1554 ਈਸਵੀ ਵਿੱਚ ਆਪਣੀ ਪੁੱਤਰੀ ਬੀਬੀ ਭਾਨੀ ਦਾ ਵਿਆਹ ਉਹਨਾਂ ਨਾਲ ਕਰ ਦਿੱਤਾ। ਉਹਨਾਂ ਦੇ ਤਿੰਨ ਪੁੱਤਰ ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ ਹੋਏ।

ਇੱਕ ਵਾਰ, ਗੁਰੂ ਅਮਰਦਾਸ ਜੀ ਨੇ ਆਪ ਨੂੰ ਲਾਹੌਰ, ਮੁਗਲ ਬਾਦਸ਼ਾਹ ਅਕਬਰ ਨੂੰ ਮਿਲਣ ਭੇਜਿਆ ਕਿਉਂਕਿ ਮੁਗਲ ਹਕੂਮਤ ਨੇ ਆਪ ਉੱਤੇ ਰਵਾਇਤੀ ਧਾਰਮਿਕ ਅਤੇ ਸਮਾਜਿਕ ਰਸਮਾਂ ਦਾ ਵਿਰੋਧ ਕਰਨ ਦਾ ਦੋਸ਼ ਲਗਾਇਆ ਸੀ। ਨਾਲ ਹੀ ਆਪ ਨੂੰ ਚਾਰ ਜਾਤੀਆਂ ਵਿਚਲੇ ਮਤਭੇਦਾਂ ਨੂੰ ਅੱਖੋਂ ਓਹਲੇ ਕਰਨ ਦਾ ਦੋਸ਼ੀ ਵੀ ਕਿਹਾ ਗਿਆ।

Scanned by CamScanner

ਪਿਤਾ ਜੀ ਦੀ ਵਿਰਾਸਤ ਸਹੀ ਹੱਥਾਂ ਵਿੱਚ ਸੀ।

ਗੁਰੂ ਰਾਮਦਾਸ ਜੀ ਉੱਚ ਕੋਟੀ ਦੇ ਕਵੀ ਸਨ। ਉਹਨਾਂ ਨੇ 30 ਰਾਗਾਂ ਵਿੱਚ 638 ਮੰਤਰਾਂ ਦੀ ਰਚਨਾ ਕੀਤੀ, ਜੋ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਇਹਨਾਂ ਵਿੱਚ ਸਭ ਤੋਂ ਮਹੱਤਵਪੂਰਨ ਲਾਵਾਂ ਹਨ। ਉਹਨਾਂ ਨੇ ਇਹ 4 ਸਤਰਾਂ ਵਾਲੇ ਮੰਤਰਾਂ ਦੀ ਰਚਨਾ ਕੀਤੀ ਜਿਸ ਨੂੰ ਸਿੱਖ ਵਿਆਹ ਨੂੰ ਸੰਪੰਨ ਕਰਨ ਵੇਲੇ ਉਚਾਰਿਆ ਜਾਂਦਾ ਹੈ। ਵਿਆਹ ਤੋਂ ਪਹਿਲਾਂ ਗਾਥੀਆਂ ਜਾਂਦੀਆਂ ਘੋੜੀਆਂ ਵੀ ਆਪ ਜੀ ਦੀ ਰਚਨਾ ਹੈ।

ਅੰਮ੍ਰਿਤਸਰ ਤੋਂ ਗੁਰੂ ਸਾਹਿਬ ਗੋਇੰਦਵਾਲ ਵਿਖੇ ਚਲੇ ਗਏ, ਜਿੱਥੇ 1581 ਈਸਵੀ ਵਿੱਚ ਆਪ ਜੋਤੀ-ਜੋਤ ਸਮਾ ਗਏ। ਜੋਤੀ ਜੋਤ ਸਮਾਉਣ ਤੋਂ ਪਹਿਲਾ ਆਪ ਨੇ ਆਪਣੇ ਛੋਟੇ ਪੁੱਤਰ ਅਰਜਨ ਨੂੰ ਆਪਣਾ ਉਤਰਾਧਿਕਾਰੀ ਬਣਾਇਆ।

ਸਾਰਣੀ 4.4

ਗੁਰੂ ਰਾਮ ਦਾਸ ਜੀ

ਜਨਮ	1534 ਨੂੰ ਚੂਨਾ ਮੰਡੀ ਲਾਹੌਰ
ਮਾਤਾ/ਪਿਤਾ	ਮਾਤਾ-ਦਯਾ ਕੌਰ / ਪਿਤਾ-ਹਰੀ ਦਾਸ ਜੀ
ਪਤਨੀ	ਬੀਬੀ ਭਾਨੀ
ਪੁੱਤਰ	ਪ੍ਰਿਥੀ ਚੰਦ, ਮਹਾਂ ਦੇਵ ਅਤੇ ਅਰਜਨ ਦੇਵ
ਗੁਰਗੱਦੀ	1574-1581
ਆਰੰਭ ਕੀਤੀ	ਮਸੰਦ ਪ੍ਰਥਾ
ਆਪ ਦੇ ਸਭ ਤੋਂ ਵਿਸ਼ੇਸ਼ ਚੇਲੇ	ਭਾਈ ਗੁਰਦਾਸ ਜੀ
ਰਚਨਾ	30 ਵੱਖ ਵੱਖ ਰਾਗਾਂ ਵਿੱਚ 638 ਮੰਤਰ, ਲਾਵਾਂ, ਘੋੜੀਆਂ
ਸਾਹਿਬ ਬਣਾਇਆ	ਅੰਮ੍ਰਿਤਸਰ (ਰਾਮਦਾਸ ਪੁਰ) (ਗੁਰੂ ਕਾ ਚੱਕ)
ਸਮੇਂ ਦੇ ਮੁਗਲ ਬਾਦਸ਼ਾਹ	ਅਕਬਰ
ਉੱਤਰਾਅਧਿਕਾਰੀ	ਗੁਰੂ ਅਰਜਨ ਦੇਵ ਜੀ
ਜੋਤੀ ਜੋਤ ਸਮਾਉਣਾ	ਗੋਇੰਦਵਾਲ ਵਿਖੇ 1581 ਈ: ਨੂੰ

4.6.6 ਗੁਰੂ ਅਰਜਨ ਦੇਵ ਜੀ (1563-1606 ਈਸਵੀ):

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਸਨ। ਆਪ ਦਾ ਜਨਮ 15 ਅਪ੍ਰੈਲ, 1563 ਨੂੰ ਗੋਇੰਦਵਾਲ ਸਾਹਿਬ ਵਿਖੇ ਗੁਰੂ ਰਾਮ ਦਾਸ ਜੀ ਅਤੇ ਬੀਬੀ ਭਾਨੀ ਦੇ ਘਰ ਹੋਇਆ। ਆਪ ਗੁਰੂ ਰਾਮ ਦਾਸ ਜੀ ਦੇ ਤਿੰਨ ਪੁੱਤਰਾਂ ਵਿੱਚੋਂ ਸਭ ਤੋਂ ਛੋਟੇ ਸਨ।

ਆਪ ਦਾ ਸੁਭਾਅ ਬੜਾ ਹੀ ਕੁਸ਼ਲ-ਕੁਵ ਵਾਲਾ ਸੀ ਅਤੇ ਆਪ ਆਪਣੇ ਪਿਤਾ ਜੀ ਦੇ ਪਿਆਰੇ ਸਨ। ਆਪ ਉੱਚ ਕੋਟੀ ਦੇ ਤਕਰ ਵਿਚਾਰੀ, ਕਵੀ, ਕੁਸ਼ਲ ਸੰਗੀਤ ਦੇ ਮਹਾਨ ਗਾਇਕ, ਇੱਕ ਪ੍ਰਬਲ ਸੰਗਠਕ, ਵਿਗਿਆਨਿਕ ਸਕਤ ਕੇਸਨਾਕਾਰ ਅਤੇ ਕੁਦਰਤੀ ਸਮਾਜ ਸੁਧਾਰਕ ਸਨ। ਪਹਿਲੇ ਚਾਰ ਗੁਰੂਆਂ ਦਾ ਧੰਮ ਆਰੰਭਿਕ ਪੜਾਅ ਤੇ ਸੀ। ਪਰ ਗੁਰੂ ਅਰਜਨ ਦੇਵ ਸਾਹਿਬ ਨੇ ਇਸ ਨੂੰ ਸਹੀ ਤਰੀਕੇ ਨਾਲ ਕਲਮਬੰਦ ਕੀਤਾ।

ਆਪ ਦਾ ਵਿਆਹ, ਫਿਲੌਰ (ਪੰਜਾਬ) ਦੇ ਭਾਈ ਕ੍ਰਿਸ਼ਨ ਚੰਦ ਦੀ ਸਾਹੁਤਰੀ ਗੰਗਾ ਨਾਲ ਹੋਇਆ। ਉਹਨਾਂ ਦੇ ਘਰ ਇੱਕ ਪੁੱਤਰ ਹਰਗੋਬਿੰਦ ਨੇ ਜਨਮ ਲਿਆ।

ਪਹਿਲਾ ਕਾਰਜ, ਜੋ ਗੁਰੂ ਅਰਜਨ ਦੇਵ ਜੀ ਨੇ ਕੀਤਾ, ਉਹ ਸੀ ਅੰਮ੍ਰਿਤਸਰ ਸਰੋਵਰ ਦੀ ਉਸਾਰੀ ਨੂੰ ਪੂਰਾ ਕਰਵਾਉਣਾ। ਉਹਨਾਂ ਨੇ ਸਾਹਿਬ ਨੂੰ ਵੀ ਵਿਸਤ੍ਰਿਤ ਕਰਨਾ ਆਰੰਭ ਕੀਤਾ। ਸਰੋਵਰ ਦੇ ਕੇਂਦਰ ਵਿੱਚ ਉਹਨਾਂ ਹਰਿਮੰਦਰ ਸਾਹਿਬ

Scanned by CamScanner

ਬਣਵਾਇਆ। ਉਹਨਾਂ ਨੇ 1589 ਈਸਵੀ ਵਿੱਚ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰੱਖਣ ਲਈ ਸੂਫੀ ਸੰਤ, ਮੀਆਂ ਮੀਰ ਨੂੰ ਸੱਦਾ ਭੇਜਿਆ।

ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ 'ਆਦਿ ਗ੍ਰੰਥ' ਬਖਸ਼ਿਆ, ਜਿਸ ਨੂੰ ਉਸ ਸਮੇਂ 'ਪੋਥੀ ਸਾਹਿਬ' ਕਿਹਾ ਜਾਂਦਾ ਸੀ। ਉਹਨਾਂ ਆਪਣੀ ਪੋਥੀ ਨੂੰ ਗੁਰੂ ਦਾ ਰੂਪ ਦਿੱਤਾ। ਗੁਰੂ ਸਾਹਿਬ ਨੇ ਆਪਣੇ ਚੇਲਿਆਂ ਨੂੰ ਪਹਿਲੇ ਚਾਰ ਗੁਰੂਆਂ ਦੁਆਰਾ ਰਚਿਤ ਬਾਣੀ ਇੱਕਤਰਿਤ ਕਰਕੇ ਉਹਨਾਂ ਨੂੰ ਭੇਜਣ ਲਈ ਕਿਹਾ। ਗੁਰੂ ਅਮਰਦਾਸ ਜੀ ਦੇ ਸਪੁੱਤਰ, ਬਾਬਾ ਮੋਹਨ ਜੀ ਕੋਲ, ਗੁਰੂ ਜੀ ਦੀ ਬਾਣੀ ਦੇ ਦੋ ਅੰਕ ਸਨ, ਪਰ ਉਨ੍ਹਾਂ ਨੇ ਇਹ ਅੰਕ ਸੰਦੇਸ਼ ਵਾਹਕ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਆਪ ਉਹਨਾਂ ਪਾਸ ਗਏ ਅਤੇ ਬਾਬਾ ਮੋਹਨ ਸਿੰਘ ਨੇ ਆਪਣੇ ਪਿਤਾ ਦੀ ਬਾਣੀ ਉਹਨਾਂ ਨੂੰ ਸਪੁਰਦ ਕੀਤੀ।

ਹਰਿਮੰਦਰ ਸਾਹਿਬ

ਇਹ ਸਿੱਖਾਂ ਦੀ ਉਦਾਰ ਸੋਚ ਨੂੰ ਦਰਸਾਉਂਦਾ ਹੈ। ਇਸ ਦੇ ਚਾਰ ਦਰਵਾਜੇ ਹਨ ਜੋ ਇਹ ਦਰਸਾਉਂਦੇ ਹਨ ਕਿ ਇਹ ਸਾਰਿਆ ਲਈ ਖੁੱਲਾ ਹੈ। ਇਹ ਆਲੇ ਦੁਆਲੇ ਦੀ ਜ਼ਮੀਨ ਨਾਲੋਂ ਨੀਵੀਂ ਪੱਧਰ ਤੇ ਬਣਾਇਆ ਗਿਆ ਹੈ। ਇਸ ਲਈ ਕਿ ਪੂਜਾ ਕਰਨ ਵਾਲੇ ਇਸ ਵਿੱਚ ਦਾਖਲ ਹੋਣ ਸਮੇਂ ਕਦਮ ਝੁਕਾਣੇ ਪੈਣਗੇ। ਮੰਦਰ ਵਿੱਚ ਗੁਰੂ ਦਾ ਲੰਗਰ ਬਣਾ ਕੇ ਰੱਖਿਆ ਜਾਂਦਾ ਹੈ ਜੋ ਸਾਰੀਆਂ ਜਾਤਾਂ ਅਤੇ ਧਰਮਾਂ ਲਈ ਖੁੱਲਾ ਹੈ। ਸੋਨੇ ਦੀਆਂ ਪਲੇਟਾਂ ਜਿਹੜੀਆਂ ਇਸ ਦੀਆਂ ਕੰਧਾਂ ਨੂੰ ਢੱਕਦੀਆਂ ਹਨ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਅਤੇ ਉਸਦੀ ਸੱਸ ਰਾਣੀ ਸਦਾ ਕੌਰ ਦੁਆਰਾ ਕਰਵਾਈ ਗਈ ਸੀ।

'ਆਦਿ ਗ੍ਰੰਥ' ਵਿੱਚ ਪਹਿਲੇ ਚਾਰ ਗੁਰੂਆਂ ਦੀ ਬਾਣੀ ਦੇ ਨਾਲ-ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਸੰਕਲਿਤ ਹੈ। ਇਸ ਗ੍ਰੰਥ ਵਿੱਚ ਹਿੰਦੂ ਅਤੇ ਮੁਸਲਮਾਨ ਸੰਤਾਂ ਜਿਵੇਂ ਸੇਖ ਫਰੀਦ, ਕਬੀਰ ਅਤੇ ਰਵੀਦਾਸ ਜੀ ਦੀ ਬਾਣੀ ਵੀ ਹੈ। ਗੁਰੂ ਜੀ ਨੇ ਇਸ ਵਿੱਚ ਕਾਨਹਾ, ਸ਼ਾਹ ਹੁਸੈਨ, ਪੀਲੂ ਅਤੇ ਛੱਜੂ ਦੀਆਂ ਰਚਨਾਵਾਂ ਸ਼ਾਮਿਲ ਨਹੀਂ ਕੀਤੀਆਂ ਕਿਉਂਕਿ ਇਹ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਦੇ ਅਨੁਰੂਪ ਨਹੀਂ ਸਨ। ਗੁਰੂ ਜੀ ਨੇ ਇਸ ਬਾਣੀ ਨੂੰ 30 ਰਾਗਾਂ ਵਿੱਚ ਸੰਜੋਇਆ।

ਭਾਈ ਗੁਰਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਕਹੇ ਅਨੁਸਾਰ 1604 ਈਸਵੀ ਵਿੱਚ ਆਦਿ-ਗ੍ਰੰਥ ਸੰਪੂਰਨ ਕੀਤਾ। ਇਸਨੂੰ 16 ਅਗਸਤ 1604 ਈਸਵੀ ਨੂੰ ਹਰਿਮੰਦਰ ਸਾਹਿਬ ਦੀ ਨਵੀਂ ਇਮਾਰਤ ਵਿੱਚ ਸਥਾਪਿਤ ਕੀਤਾ ਅਤੇ ਬਾਬਾ ਬੁੱਢਾ ਜੀ ਇਸ ਦੇ ਪਹਿਲੇ ਗ੍ਰੰਥੀ ਬਣੇ।

ਗੁਰੂ ਜੀ ਨੇ ਸੁਖਮਨੀ ਸਾਹਿਬ ਦੀ ਰਚਨਾ ਕੀਤੀ, ਸਹੀ ਰੂਪ ਵਿੱਚ ਇਸ ਨੂੰ 'ਸ਼ਾਤੀ ਦਾ ਜਬੂਰ' ਜਾਂ 'ਸੁੱਖਾਂ ਦੀ ਮਣੀ' ਵੀ ਕਿਹਾ ਜਾਂਦਾ ਹੈ। ਇਹ ਭਗਤੀ ਕਾਵਿ ਦਾ ਉੱਚ ਕੋਟੀ ਰੂਪ ਹੈ।

ਕੀ ਤੁਸੀਂ ਜਾਣਦੇ ਹੋ:

ਜਦੋਂ ਮੁਗਲ ਬਾਦਸ਼ਾਹ ਨੂੰ ਆਖਰ ਇਹ ਸ਼ਿਕਾਇਤਾਂ ਕੀਤੀਆਂ ਗਈਆਂ ਸਨ ਕਿ ਪੁਸਤਕ 'ਆਦਿ ਗ੍ਰੰਥ' ਵਿੱਚ ਇਸਲਾਮ ਨੂੰ ਅਪਮਾਨਜਨਕ ਜਤਾਇਆ ਗਿਆ ਹੈ ਤਾਂ ਉਸਨੇ ਆਪ ਗੋਇੰਦਵਾਲ ਦੇ ਦਰਸ਼ਨ ਕਰਕੇ ਇਸ ਪਵਿਤਰ ਪੁਸਤਕ ਵਿੱਚੋਂ ਕੁਝ ਆਇਤਾਂ ਨੂੰ ਸੁਣਿਆ। ਉਹ ਇਸ ਵਿੱਚੋਂ ਆਤਮਿਕ ਗਿਆਨ ਨੂੰ ਸੁਣ ਕੇ ਬਹੁਤ ਖੁਸ਼ ਹੋਏ ਅਤੇ ਪੰਜਾਬ ਵਿਚਲੀ ਜ਼ਮੀਨ ਦੀ 10 ਤੋਂ 12 ਪ੍ਰਤੀਸ਼ਤ ਲਗਾਨ ਮਾਫ਼ ਕਰ ਦਿੱਤਾ। ਉਸ ਨੇ ਇਸ ਪਵਿਤਰ ਕਿਤਾਬ ਨੂੰ 51 ਸੋਨੇ ਦੀਆਂ ਮੋਹਰਾਂ ਨਾਲ ਮੱਥਾ ਟੇਕਿਆ ਅਤੇ ਗੁਰ ਸਾਹਿਬ ਜੀ ਨੂੰ ਅਤੇ ਉਹਨਾਂ ਦੇ ਦੋ ਚੇਲਿਆਂ ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਸਨਮਾਨਿਤ ਵੀ ਕੀਤਾ।

1590 ਈਸਵੀ ਵਿੱਚ ਗੁਰੂ ਜੀ ਨੇ ਤਰਨਤਾਰਨ ਵਸਾਇਆ। ਉਹਨਾਂ ਇੱਥੇ ਇੱਕ ਸਰੋਵਰ ਅਤੇ ਜੀਵ ਰੱਖ ਬਣਵਾਈ, ਜੋ ਕਿ ਸਿੱਖਾਂ ਲਈ ਇੱਕ ਧਾਰਮਿਕ ਸਥਲ ਬਣ ਗਿਆ। 1594 ਈਸਵੀ ਵਿੱਚ ਆਪ ਨੇ ਜ਼ਿਲ੍ਹਾ ਜਲੰਧਰ ਵਿੱਚ 'ਕਰਤਾਰਪੁਰ' ਨਾਮ ਦਾ ਇੱਕ ਹੋਰ ਸ਼ਹਿਰ ਵਸਾਇਆ।

Scanned by CamScanner

ਗੁਰੂ ਜੀ ਨੇ ਬਿਆਸ ਦਰਿਆ ਦੇ ਸੱਜੇ ਕਿਨਾਰੇ 'ਤੇ, ਉੱਜਡ ਚੁੱਕੇ ਪਿੰਡ ਗੁਰਾਲੇ ਨੂੰ ਮੁੜ ਵਸਾਇਆ ਅਤੇ ਆਪਣੇ ਪੁੱਤਰ ਦੇ ਨਾਮ ਤੇ ਇਸ ਦਾ ਨਾਮ ਸ੍ਰੀ ਹਰਗੋਬਿੰਦਪੁਰ ਰੱਖਿਆ। ਬਾਲ ਹਰਗੋਬਿੰਦ ਦਾ ਜਨਮ 1595 ਈਸਵੀ ਵਿੱਚ ਹੋਇਆ। ਗੁਰੂ ਅਰਜਨ ਦੇਵ ਜੀ ਨੇ ਸੰਤੋਖਸਰ ਅਤੇ ਰਾਮਸਰ ਸਰੋਵਰ ਵਿਖੇ ਪਹਿਲਾਂ ਹੋਏ ਗੁਰੂਆਂ ਵੱਲੋਂ ਆਰੰਭੀ ਉਸਾਰੀ ਮੁਕੰਮਲ ਕਰਵਾਈ।

ਗੁਰੂ ਸਾਹਿਬ ਨੂੰ ਇਨ੍ਹਾਂ ਸਥਾਨਾਂ, ਨਗਰਾਂ ਅਤੇ ਮੰਦਿਰਾਂ ਦੀ ਉਸਾਰੀ ਲਈ ਉਗਰਾਹੀ ਵੀ ਕਰਨੀ ਪਈ। ਸਾਰੇ ਸਿੱਖਾਂ ਨੂੰ ਆਪਣੀ ਆਮਦਨ ਵਿੱਚੋਂ ਗੁਰੂ ਦੇ ਨਾਮ ਤੇ 'ਦਸਵੰਧ' ਕੱਢਣ ਲਈ ਪ੍ਰੇਰਿਤ ਕੀਤਾ ਗਿਆ। ਮਸੰਦਾ ਨੂੰ ਵੀ ਦਾਨ ਇਕੱਠਾ ਕਰ ਕੇ ਗੁਰੂ ਦੀ ਗੋਲਕ ਵਿੱਚ ਭੇਜਣ ਦਾ ਨਿਰਦੇਸ਼ ਦਿੱਤਾ ਗਿਆ। ਗੁਰੂ ਸਾਹਿਬ ਨੂੰ ਹੁਣ 'ਸੱਚੇ ਪਾਤਸ਼ਾਹ' ਦੇ ਨਾਮ ਨਾਲ ਜਾਣਿਆ ਜਾਣ ਲੱਗਾ।

ਅਕਬਰ ਦੀ ਮੌਤ ਮਗਰੋਂ, ਜਹਾਂਗੀਰ ਨੇ ਗੁਰੂ ਸਾਹਿਬ ਦੇ ਵਧਦੇ ਪ੍ਰਭਾਵ ਦਾ ਵਿਰੋਧ ਕੀਤਾ। ਜਹਾਂਗੀਰ ਦੇ ਪੁੱਤਰ ਖੁਸਰਵੋ ਨੇ ਇਸ ਗੱਲ ਪ੍ਰਤੀ ਵਿਦਰੋਹ ਜਿਤਾਇਆ ਅਤੇ ਲਾਹੌਰ ਨੂੰ ਜਾਂਦਿਆਂ, ਰਾਹ ਵਿੱਚ ਉਹ ਗੋਇੰਦਵਾਲ ਵਿਖੇ ਗੁਰੂ ਸਾਹਿਬ ਦੇ ਦਰਸ਼ਨ ਕਰਨੇ ਗਿਆ। ਇਸ ਗੱਲ ਤੋਂ ਭੈ-ਭੀਤ ਜਹਾਂਗੀਰ ਨੇ ਗੁਰੂ ਜੀ ਨੂੰ ਕੈਦੀ ਬਣਾ ਲਿਆ। ਉਹਨਾਂ ਨੂੰ ਲਾਹੌਰ ਲਿਜਾਇਆ ਗਿਆ ਅਤੇ ਕਈ ਦਿਨਾਂ ਤੱਕ ਸਰੀਰਕ ਤਸੀਹੇ ਦਿੱਤੇ ਗਏ।

ਗੁਰੂ ਜੀ 'ਤੇ ਜੁਲਮ ਕਰਨ ਵਾਲਿਆਂ ਵਿੱਚ ਸ਼ਾਮਿਲ ਸਨ, ਚੰਦੂ ਸ਼ਾਹ ਕਛਾਨਚੀ, ਜਿਸ ਦੀ ਪੁੱਤਰੀ ਦਾ ਰਿਸ਼ਤਾ, ਗੁਰੂ ਸਾਹਿਬ ਨੇ ਆਪਣੇ ਪੁੱਤਰ ਹਰਗੋਬਿੰਦ ਲਈ ਨਹੀਂ ਸੀ ਕਬੂਲਿਆ। ਗੁਰੂ ਜੀ ਨੂੰ ਉਦੋਂ ਤੱਕ ਤਸੀਹੇ ਦਿੱਤੇ ਗਏ ਜਦੋਂ ਤੱਕ ਉਹ ਨਿਰਬਲ ਨਹੀਂ ਹੋ ਗਏ। ਗੁਰੂ ਜੀ ਨੇ ਆਪਣੇ ਗਿਆਰਾਂ ਸਾਲ ਦੇ ਪੁੱਤਰ ਹਰਗੋਬਿੰਦ ਨੂੰ ਇਹ ਸੰਦੇਸ਼ ਦਿੱਤਾ ਕਿ ਉਹ ਭਾਈ ਬੁੱਢਾ ਜੀ ਨੂੰ ਕਹਿਣ ਕਿ ਉਹਨਾਂ ਨੂੰ ਛੇਵਾਂ ਗੁਰੂ ਥਾਪਿਆ ਜਾਵੇ।

ਤਸੀਹਿਆਂ ਦੇ ਦੌਰਾਨ ਹੀ, ਗੁਰੂ ਸਾਹਿਬ ਨੂੰ ਰਾਵੀ ਦੇ ਪਾਣੀ ਵਿੱਚ ਇਸਨਾਨ ਕਰਨ ਦੀ ਆਗਿਆ ਦਿੱਤੀ ਗਈ। ਰਾਵੀ, ਜੇਲ੍ਹ ਦੇ ਨਾਲੋਂ-ਨਾਲ ਵਗਦੀ ਸੀ। ਇਸ ਅੰਤ ਦੇ ਠੰਢੇ ਪਾਣੀ ਵਿੱਚ ਡੁੱਬਕੀ ਲਾਉਣੀ ਗੁਰੂ ਸਾਹਿਬ ਲਈ ਜਾਨ ਲੇਵਾ ਸਾਬਿਤ ਹੋਈ ਅਤੇ ਸਾਧਨਾ ਵਿੱਚ ਹੀ ਲੀਨ 30 ਮਈ, 1606 ਨੂੰ ਆਪ ਸਰੀਰ ਛੱਡ ਗਏ।

ਸਾਰਣੀ 4.5 **ਗੁਰੂ ਅਰਜਨ ਦੇਵ ਜੀ**

ਜਨਮ	1563 ਵਿੱਚ ਗੋਇੰਦਵਾਲ ਸਾਹਿਬ ਵਿਖੇ
ਮਾਤਾ/ਪਿਤਾ	ਮਾਤਾ-ਬੀਬੀ ਭਾਨੀ / ਪਿਤਾ-ਗੁਰੂ ਰਾਮ ਦਾਸ ਜੀ
ਪਤਨੀ	ਮਾਤਾ ਗੰਗਾ ਜੀ
ਸਪੁੱਤਰ	ਹਰਗੋਬਿੰਦ ਜੀ
ਗੁਰਗੱਦੀ	1581 - 1606
ਸੰਪੂਰਨ ਕਰਵਾਇਆ	ਅੰਮ੍ਰਿਤਸਰ ਸਰੋਵਰ, ਸੰਤੋਖਸਰ ਅਤੇ ਰਾਮਸਰ ਸਰੋਵਰ
ਉਸਾਰੀ ਕਰਵਾਈ	ਹਰਿਮੰਦਰ ਸਾਹਿਬ
ਸੱਦਾ ਭੇਜਿਆ	ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਲਈ ਮੁਸਲਿਮ ਸੂਫ਼ੀ ਸੰਤ ਮੀਆਂ ਮੀਰ ਜੀ ਨੂੰ
ਰਚਨਾ	ਆਦਿ ਗ੍ਰੰਥ (ਪੋਥੀ ਸਾਹਿਬ) 1604 ਈ:, ਸੁਖਮਨੀ ਸਾਹਿਬ
ਸ਼ਹਿਰ ਵਸਾਇਆ	1590 ਈ: ਵਿੱਚ ਤਰਨਤਾਰਨ ਅਤੇ 1594 ਈ: ਵਿੱਚ ਕਰਤਾਰਪੁਰ (ਅੱਜਕੱਲ ਇਹ ਜਲੰਧਰ ਜਿਲ੍ਹੇ ਵਿੱਚ ਸਥਿਤ ਹੈ)

Scanned by CamScanner

ਪੁਨਰ-ਨਿਰਮਾਣ	ਰੁਹੇਲਾ ਪਿੰਡ ਅਤੇ ਇਸਦਾ ਨਾਂ ਸ੍ਰੀ ਹਰਗੋਬਿੰਦਪੁਰ ਰੱਖਿਆ
ਜਾਰੀ ਕੀਤਾ	ਦਸਵੰਧ (1/10 ਆਮਦਨ ਦਾ ਦਾਨ ਦੇਣਾ)
ਸਮੇਂ ਦੇ ਮੁਗਲ ਬਾਦਸ਼ਾਹ	ਅਕਬਰ, ਜਹਾਂਗੀਰ
ਉੱਤਰਾਧਿਕਾਰੀ	ਗੁਰੂ ਹਰਗੋਬਿੰਦ ਜੀ
ਜੋਤੀ ਜੋਤ	1606 ਵਿੱਚ ਲਾਹੌਰ ਵਿੱਖੇ
ਵਿਸ਼ੇਸ਼	ਮੁਗਲਾਂ ਹੱਥੋਂ ਸ਼ਾਹੀਦੀ ਪਾਉਣ ਵਾਲੇ ਪਹਿਲੇ ਸਿੱਖ ਗੁਰੂ।

4.6.7 ਗੁਰੂ ਹਰਗੋਬਿੰਦ ਜੀ (1595-1644 ਈਸਵੀ):

ਗੁਰੂ ਹਰਗੋਬਿੰਦ ਜੀ ਸਿੱਖਾਂ ਦੇ ਛੇਵੇਂ ਗੁਰੂ ਹੋਏ ਹਨ। ਇਹ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਦੀ ਇੱਕੋ ਇੱਕ ਸੰਤਾਨ ਸਨ। ਆਪ ਜੀ ਦਾ ਜਨਮ ਜ਼ਿਲ੍ਹਾ ਅੰਮ੍ਰਿਤਸਰ ਨੇੜੇ ਪਿੰਡ ਵਡਾਲੀ (ਜਿਸ ਨੂੰ ਹੁਣ ਵਡਾਲੀ ਗੁਰੂ ਵੀ ਕਿਹਾ ਜਾਂਦਾ ਹੈ) ਵਿਖੇ 19 ਜੂਨ 1595 ਈਸਵੀ ਨੂੰ ਹੋਇਆ। ਉਹਨਾਂ ਨੇ ਆਪਣੀ ਮੁੱਢਲੀ ਸਿੱਖਿਆ ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਪਾਸੋਂ ਹਾਸਿਲ ਕੀਤੀ। ਭਾਈ ਗੁਰਦਾਸ ਜੀ ਨੇ ਆਪ ਨੂੰ ਧਾਰਮਿਕ ਗ੍ਰੰਥਾਂ ਦਾ ਗਿਆਨ ਦਿੱਤਾ ਅਤੇ ਬਾਬਾ ਬੁੱਢਾ ਜੀ ਤੋਂ ਆਪ ਨੇ ਤਲਵਾਰਬਾਜ਼ੀ ਅਤੇ ਤੀਰਅੰਦਾਜ਼ੀ ਸਿੱਖੀ।

ਆਪ ਜੀ ਦੀ ਉਮਰ ਉਸ ਸਮੇਂ ਕੇਵਲ ਗਿਆਰਾਂ ਸਾਲ ਦੀ ਸੀ ਜਦੋਂ ਆਪ ਨੂੰ ਗੁਰੂ ਥਾਪਿਆ ਗਿਆ। ਆਪ ਜੀ ਦੋ ਤਲਵਾਰਾਂ ਧਾਰਨ ਕਰਕੇ ਆਪਣੇ ਪਿਤਾ ਦੀ ਗੱਦੀ ਤੇ ਬਿਰਾਜਮਾਨ ਹੋਏ। ਪਹਿਲੀ ਤਲਵਾਰ 'ਪੀਰੀ' ਅਰਥਾਤ ਆਤਮਿਕ ਸ਼ਕਤੀ ਅਤੇ ਦੂਜੀ 'ਮੀਰੀ' ਅਰਥਾਤ ਸਿੱਖਾਂ ਉੱਪਰ ਰਾਜ ਨੂੰ ਦਰਸਾਉਂਦੀ ਹੈ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿੱਖ ਧਰਮ ਦੇ ਇਤਿਹਾਸ ਵਿੱਚ ਇੱਕ ਨਵਾਂ ਮੋੜ ਲਿਆਂਦਾ। ਗੁਰੂ ਹਰਗੋਬਿੰਦ ਜੀ ਨੇ ਇਹ ਭਾਂਪ ਲਿਆ ਸੀ ਕਿ ਮੁਗਲਾਂ ਦੇ ਵਿਰੋਧੀ ਰਵੱਈਏ ਨਾਲ ਨਜਿੱਠਣ ਲਈ ਸਖਤ ਤਰੀਕਿਆਂ ਦੀ ਲੋੜ ਹੈ। ਸੋ ਉਹਨਾਂ ਨੇ ਇੱਕ ਸੰਤ ਸਿਪਾਹੀ ਦਾ ਰੂਪ ਧਾਰਿਆ। ਉਹਨਾਂ ਨੇ ਸਿੱਖ ਸੰਗਠਨ ਨੂੰ ਇੱਕ ਸੈਨਿਕ ਦਾ ਰੂਪ ਬਖਸ਼ਿਆ। ਉਹਨਾਂ ਨੇ ਮਸੰਦਾ ਹੱਥ ਸਿੱਖਾਂ ਨੂੰ ਸੁਨੇਹਾ ਘੱਲਿਆ ਕਿ ਉਹ ਤੋਹਫੇ ਦੇ ਤੌਰ ਤੇ ਗੁਰੂ ਜੀ ਨੂੰ ਘੋੜੇ ਅਤੇ ਸ਼ਸਤਰ ਭੇਂਟ ਕਰਨ। ਉਹਨਾਂ ਨੇ 52 ਹਥਿਆਰਬੰਦ ਸਿੱਖਾਂ ਦੀ ਟੁਕੜੀ ਨੂੰ ਅੰਗ ਰੱਖਿਅਕ ਦੇ ਤੌਰ ਤੇ ਨਿਯੁਕਤ ਕੀਤਾ। ਇਹਨਾਂ ਵਿੱਚ ਕਈਆਂ ਨੂੰ ਘੋੜੇ ਅਤੇ ਹਥਿਆਰ ਮੁਹੱਈਆ ਕਰਵਾਏ ਗਏ।

1609 ਈਸਵੀ ਵਿੱਚ ਉਹਨਾਂ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ, ਇੱਕ ਹੋਰ ਇਮਾਰਤ ਦਾ ਨਿਰਮਾਣ ਕਰਵਾਇਆ। ਇਸ ਨੂੰ 'ਅਕਾਲ ਤਖ਼ਤ' ਅਰਥਾਤ ਰੱਬੀ ਸਿੰਘਾਸਨ ਦਾ ਨਾਮ ਦਿੱਤਾ ਗਿਆ। ਇੱਥੇ ਉਹ ਸਿੱਖ ਸੰਪਰਦਾਇ ਸੰਬੰਧੀ ਧਾਰਮਿਕ ਕਾਰਜ ਪੂਰੇ ਕਰਦੇ ਅਤੇ ਇਨਸਾਫ ਕਰਦੇ। ਅੰਮ੍ਰਿਤਸਰ ਨੂੰ ਹੋਰ ਤਾਕਤਵਰ ਬਣਾਉਣ ਲਈ ਉਹਨਾਂ ਇੱਥੇ ਲੋਹਗੜ੍ਹ ਨਾਮ ਦਾ ਇੱਕ ਕਿਲ੍ਹਾ ਬਣਵਾਇਆ।

ਸਿੱਖਾਂ ਕੋਲ ਹਥਿਆਰਬੰਦ ਸੈਨਾ ਹੋਣ ਦੀ ਖਬਰ ਮਿਲਦੇ ਹੀ ਜਹਾਂਗੀਰ ਨੇ ਆਪ ਜੀ ਨੂੰ ਗਵਾਲੀਅਰ ਦੇ ਕਿਲੇ ਵਿੱਚ ਬੰਦੀ ਬਨਾਉਣ ਦਾ ਹੁਕਮ ਜਾਰੀ ਕਰ ਦਿੱਤਾ। ਇਥੇ ਗੁਰੂ ਜੀ ਨੂੰ ਕਈ ਭਾਰਤੀ ਰਾਜਿਆਂ ਨਾਲ ਨਜਰਬੰਦ ਰੱਖਿਆ ਗਿਆ। ਜਦੋਂ ਗੁਰੂ ਜੀ ਦੀ ਰਿਹਾਈ ਦਾ ਸਮਾਂ ਆਇਆ ਤਾਂ ਆਪ ਨੇ ਆਪਣੇ ਨਾਲ ਬੰਦੀ ਰਾਜਿਆਂ ਦੀ ਰਿਹਾਈ ਦੀ ਵੀ ਮੰਗ ਕੀਤੀ ਅਤੇ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਆਪਣੀ ਰਿਹਾਈ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਆਪ 52 ਕੈਦੀ ਰਾਜਿਆਂ ਸਮੇਤ ਜੇਲ੍ਹ ਤੋਂ ਬਾਹਰ ਆਏ। ਉਸੇ ਦਿਨ ਤੋਂ ਇਹਨਾਂ ਨੂੰ 'ਬੰਦੀਛੋੜ' ਦਾ ਨਾਮ ਦਿੱਤਾ ਗਿਆ। ਦੀਵਾਲੀ ਵਾਲੇ ਦਿਨ ਆਪ

Scanned by CamScanner

ਅੰਮ੍ਰਿਤਸਰ ਪਹੁੰਚੇ ਅਤੇ ਆਪ ਦੇ ਸਵਾਗਤ ਵਿੱਚ ਸਮੁੱਚੇ ਸ਼ਹਿਰ ਵਿੱਚ ਦੀਪਮਾਲਾ ਕੀਤੀ ਗਈ। ਇਸੇ ਕਾਰਨ ਤੋਂ ਸਿੱਖ ਸੰਗਤ, ਦੀਵਾਲੀ ਨੂੰ 'ਬੰਦੀਛੋੜ ਦਿਵਸ' ਦੇ ਰੂਪ ਵਿੱਚ ਮਨਾਉਂਦੀ ਹੈ।

ਗੁਰੂ ਸਾਹਿਬ ਨੇ ਕੀਰਤਪੁਰ ਸ਼ਹਿਰ ਵਸਾਇਆ। ਉਹਨਾਂ ਨੇ ਉੱਥੇ ਇੱਕ ਗੁਰਦੁਆਰਾ, ਹਿੰਦੂਆਂ ਲਈ ਮੰਦਿਰ ਅਤੇ ਮੁਸਲਮਾਨਾਂ ਲਈ ਮਸੀਤ ਬਣਵਾਈ।

> ***ਕੀ ਤੁਸੀਂ ਜਾਣਦੇ ਹੋ:***
>
> *ਗੁਰੂ ਜੀ ਦੀ ਰਿਹਾਈ ਮਗਰੋਂ, ਜਹਾਂਗੀਰ ਦਾ ਆਪ ਪ੍ਰਤੀ ਰਵੱਈਆਂ ਦੋਸਤਾਨਾ ਹੋ ਗਿਆ। ਗੁਰੂ ਜੀ ਰਾਜੇ ਨਾਲ ਸ਼ਿਕਾਰ ਖੇਡਣ ਕਸ਼ਮੀਰ ਵੀ ਗਏ। ਜਹਾਂਗੀਰ ਨੇ ਅਕਾਲ ਤਖਤ ਦੀ ਉਸਾਰੀ ਲਈ ਖਰਚ ਦੇਣਾ ਚਾਹਿਆ। ਪਰ ਗੁਰੂ ਸਾਹਿਬ ਨੇ ਇਹ ਕਹਿ ਕੇ ਮਨ੍ਹਾਂ ਕਰ ਦਿੱਤਾ ਕਿ ਇਸ ਸਥਾਨ ਦੀ ਉਸਾਰੀ ਸਿੱਖਾਂ ਦੇ ਖ਼ੂਨ ਪਸੀਨੇ ਦੀ ਕਮਾਈ ਨਾਲ ਹੀ ਹੋਣੀ ਚਾਹੀਦੀ ਹੈ।*

ਸ਼ਾਹ ਜਹਾਨ ਦੇ ਰਾਜਾ ਬਣਨ ਉਪਰੰਤ, ਮੁਗਲਾਂ ਨਾਲ ਮਤਭੇਦ ਹੋਰ ਵੀ ਵੱਧਦੇ ਗਏ ਅਤੇ ਅਪ੍ਰੈਲ 1634 ਵਿੱਚ ਅੰਤ ਅੰਮ੍ਰਿਤਸਰ ਦੀ ਲੜਾਈ ਹੋਈ। ਇਸ ਜੰਗ ਮਗਰੋਂ ਗੁਰੂ ਜੀ ਨੇ ਸ਼ਹਿਰ ਛੱਡ ਦਿੱਤਾ ਅਤੇ ਕੀਰਤਪੁਰ ਚਲੇ ਗਏ। ਹੁਣ ਉਹ ਉਥੇ ਹੀ ਰਹਿਣ ਲੱਗੇ ਅਤੇ ਆਪਣੇ ਜੀਵਨ ਦੇ ਆਖਰੀ 9 ਸਾਲ ਉਹਨਾਂ ਇੱਥੇ ਹੀ ਬਿਤਾਏ।

ਗੁਰੂ ਸਾਹਿਬ ਨੇ ਗ੍ਰਹਿਸਥੀ ਜੀਵਨ ਵਿੱਚ ਪ੍ਰਵੇਸ਼ ਕੀਤਾ। ਉਹਨਾਂ ਦੇ ਘਰ ਪੰਜ ਪੁੱਤਰਾਂ ਅਤੇ ਇੱਕ ਪੁੱਤਰੀ ਨੇ ਜਨਮ ਲਿਆ। ਦੋ ਪੁੱਤਰ ਗੁਰਦਿੱਤਾ ਅਤੇ ਅਨੀ ਰਾਏ ਅਤੇ ਪੁੱਤਰੀ ਬੀਬੀ ਵੀਰੋ, ਮਾਤਾ ਦਮੋਦਰੀ ਦੀ ਕੁੱਖੋਂ ਹੋਏ ਅਤੇ ਦੋ ਪੁੱਤਰ ਸੂਰਜਮੱਲ ਅਤੇ ਅੱਟਲ ਰਾਏ ਮਾਤਾ ਮਰਵਾਹੀ ਅਤੇ ਇੱਕ ਪੁੱਤਰ ਤੇਗ ਬਹਾਦੁਰ ਦਾ ਜਨਮ ਮਾਤਾ ਨਾਨਕੀ ਦੀ ਕੁੱਖੋਂ ਹੋਇਆ।

ਉਹਨਾਂ ਦੇ ਦੋ ਪੁੱਤਰਾਂ ਬਾਬਾ ਗੁਰਦਿੱਤਾ ਅਤੇ ਅਟੱਲ ਰਾਏ ਦਾ ਆਪ ਦੇ ਜੀਵਨ ਕਾਲ ਦੌਰਾਨ ਹੀ ਦਿਹਾਂਤ ਹੋ ਗਿਆ ਸੀ। ਸੂਰਜ ਮੱਲ ਅੱਤ ਦੇ ਸੰਸਾਰਿਕ ਪਰ ਤੇਗ ਬਹਾਦੁਰ ਅੱਤ ਦੇ ਧਾਰਮਿਕ ਸੁਭਾਅ ਦੇ ਮਾਲਕ ਸਨ। ਸੋ ਸਮਾਂ ਆਉਣ ਤੇ ਗੁਰੂ ਸਾਹਿਬ ਨੇ ਭਾਈ ਗੁਰਦਿੱਤਾ ਦੇ ਪੁੱਤਰ, ਹਰਰਾਏ ਨੂੰ ਸੱਤਵੇਂ ਗੁਰੂ ਦੇ ਰੂਪ ਵਿੱਚ ਆਪਣਾ ਉਤਰਾਧਿਕਾਰੀ ਚੁਣਿਆ। ਗੁਰੂ ਸਾਹਿਬ 3 ਮਾਰਚ, 1644 ਨੂੰ ਕੀਰਤਪੁਰ ਵਿਖੇ ਜੋਤੀ-ਜੋਤ ਸਮਾ ਗਏ।

ਸਾਰਣੀ 4.6

ਗੁਰੂ ਹਰਗੋਬਿੰਦ ਜੀ

ਜਨਮ	1595 ਵਿੱਚ ਅੰਮ੍ਰਿਤਸਰ ਨੇੜੇ ਪਿੰਡ ਵਡਾਲੀ ਵਿਖੇ
ਮਾਤਾ/ਪਿਤਾ	ਮਾਤਾ ਗੰਗਾ ਜੀ / ਗੁਰੂ ਅਰਜਨ ਦੇਵ ਜੀ
ਪਤਨੀ	ਮਾਤਾ ਦਮੋਦਰੀ, ਮਾਤਾ ਮਰਵਾਹੀ ਅਤੇ ਮਾਤਾ ਨਾਨਕੀ
ਸਪੁੱਤਰ / ਸਪੁੱਤਰੀ	ਸਪੁੱਤਰ - ਗੁਰਦਿੱਤਾ, ਅਨੀਰਾਏ, ਸੂਰਜਮੱਲ, ਅਟੱਲ ਰਾਏ ਅਤੇ ਤੇਗ ਬਹਾਦਰ ਸਪੁੱਤਰੀ - ਬੀਬੀ ਵੀਰੋ।
ਗੁਰਗੱਦੀ	1606 - 1644
ਬਖ਼ਸ਼ਿਸ਼ ਕੀਤੀ	ਮੀਰੀ ਅਤੇ ਪੀਰੀ
ਪਹਿਚਾਣ	ਬੰਦੀਛੋੜ
ਉਸਾਰੀ ਕਰਵਾਈ	ਅਕਾਲ ਤਖਤ (ਹਰਿਮੰਦਰ ਸਾਹਿਬ ਦੇ ਸਾਹਮਣੇ)
ਕਿਲ੍ਹਾਬੰਦੀ	ਅੰਮ੍ਰਿਤਸਰ (ਕਿਲ੍ਹੇ ਦਾ ਨਿਰਮਾਣ ਕਰਵਾਇਆ ਜਿਸਨੂੰ ਲੋਹਗੜ੍ਹ ਕਹਿੰਦੇ ਹਨ)
ਸ਼ਹਿਰ ਵਸਾਇਆ	ਕੀਰਤਪੁਰ
ਸਮੇਂ ਦੇ ਮੁਗਲ ਬਾਦਸ਼ਾਹ	ਜਹਾਂਗੀਰ ਅਤੇ ਸ਼ਾਹਜਹਾਂ
ਉੱਤਰਾਧਿਕਾਰੀ	ਗੁਰੂ ਹਰਿ ਰਾਇ ਜੀ
ਜੋਤੀ ਜੋਤ	1644 ਈ: ਵਿੱਚ ਕੀਰਤਪੁਰ ਵਿਖੇ

Scanned by CamScanner

4.6.8 ਗੁਰੂ ਹਰਿ ਰਾਏ ਜੀ (1630-1661 ਈਸਵੀ):

ਸਿੱਖਾਂ ਦੇ ਸੱਤਵੇਂ ਗੁਰੂ, ਗੁਰੂ ਹਰਿ ਰਾਏ ਜੀ ਦਾ ਜਨਮ 16 ਜਨਵਰੀ, 1630 ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਆਪ ਭਾਈ ਗੁਰਦਿੱਤਾ ਜੀ ਦੇ ਪੁੱਤਰ ਅਤੇ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਪੋਤਰੇ ਸਨ। ਆਪ ਜੀ ਦੀ ਮਾਤਾ ਦਾ ਨਾਮ ਮਾਤਾ ਅਨੰਤੀ ਉਰਫ ਨੰਤੀ ਸੀ। ਉਹਨਾਂ ਦਾ ਵਿਆਹ ਉੱਤਰ ਪ੍ਰਦੇਸ ਦੇ ਦਯਾਰਾਮ ਦੀ ਪੁੱਤਰੀ ਸੁਲੱਖਣੀ ਨਾਲ ਹੋਇਆ। ਉਹਨਾਂ ਦੇ ਦੋ ਪੁੱਤਰ ਰਾਮਰਾਏ ਅਤੇ ਹਰਕ੍ਰਿਸਨ ਹੋਏ।

ਭਾਈ ਗੁਰਦਿੱਤਾ ਜੀ ਦੀ ਆਪਣੇ ਪਿਤਾ ਦੇ ਜੀਵਨ ਕਾਲ ਦੌਰਾਨ ਹੀ ਮੌਤ ਹੋ ਗਈ ਸੀ। ਉਹ ਆਪਣੇ ਪਿੱਛੇ ਦੋ ਪੁੱਤਰ ਛੱਡ ਗਏ ਸਨ - ਧੀਰ ਮੱਲ ਅਤੇ ਹਰਿ ਰਾਏ। ਹਰ ਰਾਏ, ਗੁਰੂ ਹਰਗੋਬਿੰਦ ਜੀ ਦੇ ਪਿਆਰੇ ਸਨ। ਉਹ ਸੁਭਾਅ ਤੋਂ ਬਹੁਤ ਹੀ ਹਲੀਮੀ ਪ੍ਰਵਿਰਤੀ ਦੇ ਸਨ। ਗੁਰੂ ਹਰਗੋਬਿੰਦ ਜੀ ਨੇ ਆਪ ਨੂੰ ਆਪਣਾ ਉਤਰਾਧਿਕਾਰੀ ਚੁਣਿਆ ਅਤੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਆਪ ਨੂੰ ਗੁਰੂ ਥਾਪਿਆ।

ਚਾਹੇ ਉਹਨਾਂ ਨੇ 2200 ਹਥਿਆਰਬੰਦ ਸੈਨਿਕਾਂ ਦੀ ਟੁਕੜੀ ਬਣਾਈ, ਪਰ ਉਹ ਸਦਾ ਸ਼ਾਂਤਮਈ ਜੀਵਨ ਬਿਤਾਉਣਾ ਚਾਹੁੰਦੇ ਸਨ ਅਤੇ ਕਿਸੇ ਕਿਸਮ ਦੇ ਵਿਰੋਧ ਵਿੱਚ ਨਹੀਂ ਆਉਣਾ ਚਾਹੁੰਦੇ ਸਨ।

ਉਹਨਾਂ ਨੇ ਤਿੰਨ ਮਹੱਤਵਪੂਰਨ ਪ੍ਰਚਾਰ ਸੰਸਥਾਵਾਂ, 'ਬਖਸ਼ੀਸ਼' ਸਥਾਪਿਤ ਕੀਤੀਆਂ। ਉਹਨਾਂ ਨੇ ਆਪਣੇ ਚੇਲੇ ਭਗਵਾਨ ਗੀਰ, ਭਾਈ ਫੇਰੂ ਅਤੇ ਸੁਥਰੇ ਸ਼ਾਹ ਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਪ੍ਰਚਾਰ ਲਈ ਨਿਯੁਕਤ ਕੀਤਾ।

ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੇ ਪ੍ਰਚਾਰ ਲਈ ਮਾਲਵਾ ਖੇਤਰ ਵਿੱਚ ਬਹੁਤ ਭ੍ਰਮਣ ਕੀਤਾ। ਉਹਨਾਂ ਨੇ 'ਫੂਲ' ਨਾਮ ਦੇ ਬੱਚੇ ਨੂੰ ਆਸ਼ੀਰਵਾਦ ਦਿੱਤਾ, ਇਹੀ ਮਗਰੋਂ ਪਟਿਆਲਾ, ਨਾਭਾ ਅਤੇ ਜੀਂਦ ਵਿੱਚ ਕਈ ਸੰਪਰਦਾਵਾਂ ਦਾ ਮੋਢੀ ਬਣਿਆ।

ਸ਼ਾਹ ਜਹਾਨ ਦਾ ਜੇਠਾ ਪੁੱਤਰ ਦਾਰਾ ਸ਼ਿਕੋਹ ਜੋ ਕਿ ਔਰੰਗਜ਼ੇਬ ਦਾ ਭਰਾ ਸੀ, ਨੇ 1658 ਈ: ਵਿੱਚ ਸਮੂਗੜ੍ਹ ਦੀ ਲੜਾਈ ਵਿੱਚੋਂ ਹਾਰਨ ਮਗਰੋਂ ਗੁਰੂ ਸਾਹਿਬ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ। ਗੁਰੂ ਜੀ ਨੇ ਉਸ ਨੂੰ ਅਸ਼ੀਰਵਾਦ ਦਿੱਤਾ ਅਤੇ ਇੱਕ ਵਾਰੀ ਜਦ ਉਸ ਨੂੰ ਕੋਈ ਚਮੜੀ ਦਾ ਰੋਗ ਹੋਇਆ ਤਾਂ ਗੁਰੂ ਸਾਹਿਬ ਨੇ ਉਸ ਦੀ ਤੰਦਰੁਸਤੀ ਲਈ ਕੁਝ ਜੜ੍ਹੀ ਬੂਟੀਆਂ ਭੇਜੀਆਂ, ਜਿੰਨ੍ਹਾਂ ਨਾਲ ਉਸ ਦਾ ਰੋਗ ਕੱਟਿਆ ਗਿਆ ਸੀ। ਕੁਝ ਲੋਕਾਂ ਨੇ ਦਾਰਾ ਸ਼ਿਕੋਹ ਦੀ ਗੁਰੂ ਜੀ ਨਾਲ ਹੋਈ ਇਸ ਮੁਲਾਕਾਤ ਨੂੰ ਔਰੰਗਜ਼ੇਬ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ। ਸੋ ਔਰੰਗਜ਼ੇਬ ਨੇ ਗੁਰੂ ਸਾਹਿਬ ਤੋਂ ਇਸ ਵਰਤਾਰੇ ਦੀ ਸਫ਼ਾਈ ਮੰਗੀ। ਗੁਰੂ ਜੀ ਨੇ ਆਪਣੇ ਵੱਡੇ ਪੁੱਤਰ-ਰਾਮ ਰਾਏ ਨੂੰ ਸਫ਼ਾਈ ਦੇਣ ਭੇਜਿਆ। ਉਸ ਨੇ ਬਾਦਸ਼ਾਹ ਨੂੰ ਖੁਸ਼ ਕਰਨ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਇੱਕ ਪੰਕਤੀ ਦਾ ਸਹੀ ਅਰਥ ਨਾ ਦੱਸਿਆ। ਗੁਰੂ ਸਾਹਿਬ ਨੇ ਆਪਣੇ ਪੁੱਤਰ ਦੀ ਇਸ ਹਰਕਤ ਤੇ ਉਸ ਨੂੰ ਬੇਦਖਲ ਕਰ ਦਿੱਤਾ।

ਗੁਰੂ ਹਰਿ ਰਾਏ ਨੇ ਆਪਣੇ ਛੋਟੇ ਪੁੱਤਰ, ਗੁਰੂ ਹਰਕ੍ਰਿਸ਼ਨ ਜੀ ਨੂੰ ਆਪਣਾ ਉਤਰਾਧਿਕਾਰੀ ਚੁਣਿਆ। 6 ਅਕਤੂਬਰ, 1661 ਨੂੰ ਆਪ ਕੀਰਤਪੁਰ ਵਿਖੇ ਜੋਤੀ ਜੋਤ ਸਮਾ ਗਏ।

ਸਾਰਣੀ 4.7 ਗੁਰੂ ਹਰਿ ਰਾਏ ਜੀ

ਜਨਮ	1630 ਈ: ਵਿੱਚ ਕੀਤਰਪੁਰ ਸਾਹਿਬ ਵਿਖੇ
ਮਾਤਾ-ਪਿਤਾ	ਮਾਤਾ ਅਨੰਤੀ / ਬਾਬਾ ਗੁਰਦਿੱਤਾ
ਪਤਨੀ	ਸੁਲੱਖਣੀ
ਸਪੁੱਤਰ	ਰਾਮ ਰਾਏ ਅਤੇ ਹਰਿ ਕ੍ਰਿਸ਼ਨ

Scanned by CamScanner

ਗੁਰਗੱਦੀ	1644 - 1661 ਈ:
ਬਖਸ਼ਿਸ਼ ਕੀਤੀ	ਇਕ ਬੱਚੇ ਦਾ ਨਾਂ ਫੂਲ ਰੱਖਿਆ (ਜੋ ਪਟਿਆਲਾ, ਨਾਭਾ ਅਤੇ ਜੀਂਦ ਦਾ ਬਾਨੀ ਬਣਿਆ)
ਅਸ਼ੀਰਵਾਦ ਦਿੱਤਾ	ਦਾਰਾ ਸ਼ਿਕੋਹ (ਸ਼ਾਹ ਜਹਾਂ ਦਾ ਵੱਡਾ ਪੁੱਤਰ)
ਉਸ ਸਮੇਂ ਦੇ ਮੁਗਲ ਬਾਦਸ਼ਾਹ	ਸ਼ਾਹ ਜਹਾਂ ਅਤੇ ਔਰੰਗਜ਼ੇਬ
ਉੱਤਰਾਧਿਕਾਰੀ	ਗੁਰੂ ਹਰਿ ਕ੍ਰਿਸ਼ਨ ਜੀ
ਜੋਤੀ ਜੋਤ ਸਮਾਉਣਾ	1661 ਈ: ਵਿੱਚ ਕੀਰਤਪੁਰ ਸਾਹਿਬ ਵਿਖੇ

4.6.9 ਗੁਰੂ ਹਰਕ੍ਰਿਸ਼ਨ ਜੀ (1656-1664 ਈਸਵੀ):

ਸਿੱਖਾਂ ਦੇ ਅੱਠਵੇਂ ਗੁਰੂ, ਗੁਰੂ ਹਰਕ੍ਰਿਸ਼ਨ ਜੀ ਦਾ ਜਨਮ 7 ਜੁਲਾਈ, 1656 ਨੂੰ ਕੀਰਤਪੁਰ ਵਿਖੇ ਹੋਇਆ। ਉਹ ਗੁਰੂ ਹਰਿ ਰਾਏ ਜੀ ਅਤੇ ਮਾਤਾ ਸੁਲੱਖਣੀ ਦੇ ਛੋਟੇ ਪੁੱਤਰ ਸਨ। ਉਹ ਕੇਵਲ ਪੰਜ ਸਾਲ ਦੇ ਸਨ ਜਦੋਂ ਉਹਨਾਂ ਨੇ 1601ਈ: ਵਿੱਚ ਆਪਣੇ ਪਿਤਾ ਦੀ ਗੁਰਗੱਦੀ ਸੰਭਾਲੀ। ਚਾਹੇ ਬਾਲ ਉਮਰ ਹੋਣ ਕਾਰਨ, ਉਹ ਸਿੱਖੀ ਦੇ ਸੰਦਰਭ ਦਾ ਡੂੰਘਾ ਅਧਿਐਨ ਨਾ ਕਰ ਪਾਏ ਪਰ ਉਹ ਆਪਣੇ ਬੋਲਾਂ ਰਾਹੀਂ ਦਿਲਾਂ ਨੂੰ ਠਾਰਨ ਦਾ ਗੁਣ ਰੱਖਦੇ ਸਨ।

ਗੁਰੂ ਜੀ ਦੇ ਵੱਡੇ ਭਰਾ, ਰਾਮ ਰਾਏ ਨੇ ਗੱਦੀ 'ਤੇ ਆਪਣਾ ਹੱਕ ਜਤਾਇਆ, ਪਰ ਉਹਨਾਂ ਨੂੰ ਸਿੱਖਾਂ ਵੱਲੋਂ ਨਕਾਰ ਦਿੱਤਾ ਗਿਆ। ਇਸ ਲਈ ਉਹ ਬਾਦਸ਼ਾਹ ਔਰੰਗਜ਼ੇਬ ਕੋਲ ਗਿਆ। ਰਾਜਾ ਨੇ, ਅੰਬੇਰ ਦੇ ਰਾਜੇ ਜੈ ਸਿੰਘ ਰਾਹੀਂ, ਗੁਰੂ ਜੀ ਨੂੰ ਸੰਮਨ ਭੇਜ ਕੇ ਦਿੱਲੀ ਦਰਬਾਰ ਬੁਲਾਇਆ।

ਗੁਰੂ ਜੀ ਆਪਣੀ ਦਾਦੀ ਅਤੇ ਮਾਤਾ ਨਾਲ ਦਿੱਲੀ ਪਹੁੰਚੇ। ਗੁਰੂ ਜੀ ਨੂੰ ਮਿਰਜ਼ਾ ਜੈ ਸਿੰਘ ਰਾਏਸਿੰਨਾ (ਹੁਣ ਬੰਗਲਾ ਸਾਹਿਬ) ਦੇ ਘਰ ਰੱਖਿਆ ਗਿਆ ਜਿੱਥੇ ਉਹਨਾਂ ਦੇ ਦਰਸ਼ਨਾ ਲਈ ਲੋਕ ਕਤਾਰਾਂ ਬੰਨ੍ਹ ਕੇ ਖੜ੍ਹੇ ਰਹਿੰਦੇ ਸਨ।

ਦਿੱਲੀ ਵਿੱਚ ਆਪ ਜੀ ਨੂੰ ਮਾਤਾ ਹੋ ਗਈ। 30 ਮਾਰਚ, 1664 ਵਿੱਚ ਜੋਤੀ-ਜੋਤ ਸਮਾਉਣ ਤੋਂ ਪਹਿਲਾ ਆਪ ਨੇ ਸਿੱਖ ਸੰਗਤ ਨੂੰ ਸੰਕੇਤ ਦਿੱਤਾ ਕਿ ਅਗਲਾ ਗੁਰੂ, ਰਾਮ ਰਾਏ ਜਾਂ ਧੀਰ ਮੱਲ ਵਿੱਚੋਂ ਕੋਈ ਨਹੀਂ ਹੋਵੇਗਾ ਸਗੋਂ ਇੱਕ ਬਿਰਧ ਅਵਸਥਾ ਵਾਲਾ ਮਨੁੱਖ ਬਾਬਾ ਬਕਾਲਾ ਜੋ ਕਿ ਪਿੰਡ ਬਕਾਲਾ ਦਾ ਵਸਨੀਕ ਹੈ, ਹੋਵੇਗਾ। ਗੁਰੂ ਸਾਹਿਬ ਦੀ ਦੇਹ ਦਾ ਅੰਤਿਮ ਸੰਸਕਾਰ ਜਮੁਨਾ ਉੱਤੇ ਬਾਲਾ ਸਾਹਿਬ ਵਿਖੇ ਕੀਤਾ ਗਿਆ।

ਸਾਰਣੀ 4.8 — ਗੁਰੂ ਹਰਕ੍ਰਿਸ਼ਨ ਜੀ

ਜਨਮ	1656 ਈ: ਵਿੱਚ ਕੀਰਤਪੁਰ ਸਾਹਿਬ ਵਿਖੇ
ਮਾਤਾ ਪਿਤਾ	ਮਾਤਾ ਸੁਲੱਖਣੀ / ਪਿਤਾ-ਗੁਰੂ ਹਰਿਰਾਏ ਜੀ
ਗੁਰ-ਗੱਦੀ	1661 - 1664 ਈ:
ਮੰਨਿਆ ਜਾਂਦਾ ਹੈ	ਬਾਲਾ ਪੀਰ
ਦਿੱਲੀ ਵਿਖੇ ਜਿੱਥੇ ਰੁਕੇ	ਅੰਬੇਰ ਦੇ ਰਾਜਾ, ਰਾਏ ਸਿੰਨ੍ਹਾ ਦੇ ਕਹਿਣ ਤੇ ਮਿਰਜਾ ਜੈ ਸਿੰਘ ਰਾਏਸਿੰਨਾ ਦੇ ਘਰ ਰੁਕੇ (ਅੱਜਕੱਲ੍ਹ ਗੁਰਦੁਆਰਾ ਬੰਗਲਾ ਸਾਹਿਬ)
ਉਸ ਸਮੇਂ ਦੇ ਮੁਗਲ ਬਾਦਸ਼ਾਹ	ਔਰੰਗਜ਼ੇਬ
ਉਤਰਾਧਿਕਾਰੀ	ਗੁਰੂ ਤੇਗ ਬਹਾਦਰ ਜੀ
ਜੋਤੀ ਜੋਤ ਸਮਾਉਣਾ	1664 ਈ: ਵਿੱਚ ਦਿੱਲੀ ਵਿਖੇ

Scanned by CamScanner

4.6.10 ਗੁਰੂ ਤੇਗ ਬਹਾਦਰ ਜੀ (1621-1675 ਈਸਵੀ):

ਸਿੱਖਾਂ ਦੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਦਾ ਜਨਮ 1 ਅਪ੍ਰੈਲ,1621 ਨੂੰ ਅੰਮ੍ਰਿਤਸਰ ਵਿਖੇ ਹੋਇਆ।ਉਹ ਗੁਰੂ ਹਰਗੋਬਿੰਦ ਜੀ ਦੇ ਸਭ ਤੋਂ ਛੋਟੇ ਪੁੱਤਰ ਸਨ।ਉਨ੍ਹਾਂ ਦੀ ਮਾਤਾ ਦਾ ਨਾਂ ਬੇਬੇ ਨਾਨਕੀ ਸੀ।ਉਨ੍ਹਾਂ ਦਾ ਵਿਆਹ ਲਖਨੌਰੀ ਦੇ ਲਾਲ ਚੰਦ ਦੀ ਸਪੁੱਤਰੀ ਗੁਜਰੀ ਨਾਲ ਹੋਇਆ।

ਆਪਣੇ ਪਿਤਾ ਜੀ, ਗੁਰੂ ਹਰਗੋਬਿੰਦ ਜੀ ਦੀ ਸ਼ਹਾਦਤ ਮਗਰੋਂ ਗੁਰੂ ਤੇਗ ਬਹਾਦਰ ਨੇ ਆਪਣੀ ਮਾਤਾ ਅਤੇ ਪਤਨੀ ਨਾਲ ਕੀਰਤਪੁਰ ਛੱਡ ਦਿੱਤਾ ਅਤੇ ਬਕਾਲਾ ਵਿਖੇ ਨਿਵਾਸ ਕੀਤਾ।ਇਹ ਸਿੱਖੀ ਦੇ ਮੁੱਖ ਤਖ਼ਤ ਤੋਂ ਕਾਫ਼ੀ ਦੂਰ ਸੀ ਅਤੇ ਉਹ ਇੱਕ ਪਾਵਨ ਜੀਵਨ ਜੀਉਣਾ ਚਾਹੁੰਦੇ ਸਨ।ਲਗਭਗ ਵੀਹ ਸਾਲ ਆਪ ਤਪੱਸਿਆ ਵਿੱਚ ਲੀਨ ਰਹੇ।

ਗੁਰੂ ਹਰਕ੍ਰਿਸ਼ਨ ਜੀ ਦੇ ਕਥਨ ਅਨੁਸਾਰ ਬਾਬਾ ਬਕਾਲਾ ਅਗਲੇ ਗੁਰੂ ਦਾ ਸਥਲ ਹੋਵੇਗਾ,ਇਹ ਜਾਣਦੇ ਹੀ ਸਿੱਖ ਸੰਗਤਾਂ ਅੰਮ੍ਰਿਤਸਰ ਲਾਗੇ ਬਾਬਾ ਬਕਾਲੇ ਪਹੁੰਚੀਆਂ।ਕਾਠੀਆਵਾੜ ਤੋਂ ਇੱਕ ਮਸੰਦ, ਮੱਖਣ ਸ਼ਾਹ ਲੁਭਾਣਾ ਦੀ ਜਿੱਦ ਤੇ ਹੀ ਗੁਰੂ ਤੇਗ ਬਹਾਦਰ ਜੀ ਨੇ ਸਿੱਖੀ ਦੀ ਵਾਗਡੋਰ ਸਾਂਭੀ।ਮਗਰੋਂ ਗੁਰੂ ਜੀ ਸੰਗਤ ਨਾਲ ਬਕਾਲੇ ਤੋਂ ਅੰਮ੍ਰਿਤਸਰ ਵੱਲ ਲੈ ਗਏ।ਪਰ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਕਰ ਰਹੇ ਪੁਜਾਰੀਆਂ ਨੇ ਆਪ ਨੂੰ ਅੰਦਰ ਨਾ ਆਉਣ ਦਿੱਤਾ।

ਅੰਮ੍ਰਿਤਸਰ ਤੋਂ ਆਪ ਆਪਣੇ ਪਿਤਾ ਦੁਆਰਾ ਵਸਾਏ ਨਗਰ ਕੀਰਤਪੁਰ ਵਿਖੇ ਚਲੇ ਗਏ।ਪਰ ਆਪ ਦੇ ਭਾਣਜੇ ਧੀਰਮਲ ਨੇ ਆਪ ਨੂੰ ਉਥੋਂ ਵੀ ਨਿਕਾਲਾ ਦੇ ਦਿੱਤਾ।

ਕੁਝ ਦੇਰ ਮਗਰੋਂ ਕੀਰਤਪੁਰ ਤੋਂ 5 ਮੀਲ ਦੂਰ, ਪਿੰਡ ਮੱਖੋਵਾਲ ਨੇੜੇ ਆਪ ਨੇ ਬਿਲਾਸਪੁਰ ਦੇ ਰਾਜੇ ਦੀਪ ਚੰਦ ਕੋਲੋ ਕੁਝ ਜ਼ਮੀਨ ਖਰੀਦੀ।ਇਸੇ ਥਾਂ ਆਪ ਨੇ ਆਪਣੀ ਮਾਤਾ ਦੇ ਨਾਮ ਤੇ ਇੱਕ ਨਵਾਂ ਸ਼ਹਿਰ, 'ਚੱਕ ਨਾਨਕੀ' ਵਸਾਇਆ ਜੋ ਕਿ 1665 ਈ: ਵਿੱਚ ਅਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ।

ਗੁਰੂ ਨਾਨਕ ਜੀ ਦੇ ਸੰਦੇਸ਼ ਦੇ ਪ੍ਰਚਾਰ ਲਈ ਆਪ ਨੇ ਕਈ ਲੰਮੀਆਂ ਯਾਤਰਾਵਾਂ ਕੀਤੀਆਂ। ਉਹ ਦਿੱਲੀ, ਆਗਰਾ, ਅਲਾਹਾਬਾਦ, ਬਨਾਰਸ, ਗਯਾ ਅਤੇ ਮਿਰਜ਼ਾਪੁਰ ਹੁੰਦੇ ਹੋਏ ਪਟਨਾ ਪਹੁੰਚੇ। ਗੁਰੂ ਜੀ ਦੀ ਪਤਨੀ ਗਰਭ ਅਵਸਥਾ ਵਿੱਚ ਹੋਣ ਕਾਰਨ ਅੱਗੇ ਨਹੀਂ ਸੀ ਜਾ ਸਕਦੀ, ਸੋ ਆਪ ਨੇ ਆਪਣੀ ਪਤਨੀ ਅਤੇ ਮਾਤਾ ਨੂੰ ਪਟਨਾ ਵਿਖੇ ਛੱਡਿਆ, ਜਿਥੇ 1666 ਈ: ਵਿੱਚ ਆਪ ਦੇ ਘਰ ਪੁੱਤਰ ਗੋਬਿੰਦ ਰਾਏ ਦਾ ਜਨਮ ਹੋਇਆ।

ਯਾਤਰਾਵਾਂ ਕਰਦੇ-ਕਰਦੇ ਆਪ ਅਸਾਮ ਵਿਖੇ ਦੁਬਰੀ ਪਹੁੰਚੇ, ਜਿਥੇ ਉਹਨਾਂ ਨੇ ਅੰਬੇਰ ਦੇ ਰਾਜੇ ਰਾਮ ਸਿੰਘ ਅਤੇ ਅਸਾਮ ਦੀ ਅਹੋਮ ਸੈਨਾ ਵਿੱਚ ਸ਼ਾਂਤਮਈ ਸੰਧੀ ਕਰਵਾਈ।

1672 ਈ: ਵਿੱਚ ਆਪ ਅਨੰਦਪੁਰ ਸਾਹਿਬ ਪਰਤੇ।ਉਨ੍ਹਾਂ ਆਪਣੀ ਸੰਗਤ ਨੂੰ ਬੇਚੈਨੀ ਦੀ ਹਾਲਤ ਵਿੱਚ ਦੇਖਿਆ। ਬਾਦਸ਼ਾਹ ਔਰੰਗਜੇਬ ਨੇ ਜਬਰੀ ਧਰਮ ਬਦਲੀ ਦੀ ਮੁਹਿੰਮ ਚਲਾਈ ਹੋਈ ਸੀ।ਮੰਦਰਾਂ ਨੂੰ ਢਾਹੁਣ ਦੀਆਂ ਖਬਰਾਂ ਸਨ ਅਤੇ ਹਿੰਦੂ ਸ਼ਰਧਾਲੂਆਂ ਉੱਤੇ ਕਈ ਤਰ੍ਹਾਂ ਦੇ ਕਰ ਲੱਗਾ ਦਿੱਤੇ ਗਏ ਸਨ।ਇਸ ਦੌਰ ਵਿੱਚ ਕਸ਼ਮੀਰੀ ਪੰਡਿਤ, ਜਿਨ੍ਹਾਂ ਨੂੰ ਮੁਗਲ ਗਵਰਨਰ ਇਫ਼ਤਖਾਰ ਖਾਨ ਜਬਰੀ ਧਰਮ ਤਬਦੀਲ ਕਰਵਾ ਰਿਹਾ ਸੀ, ਗੁਰੂ ਜੀ ਪਾਸ ਆਪਣੀ ਮੁਸ਼ਕਿਲ ਦੇ ਹੱਲ ਲਈ ਪਹੁੰਚੇ।ਗੁਰੂ ਜੀ ਨੇ ਕੌਮ ਦੀ ਸ਼ਕਤੀ ਲਈ ਆਪਣੀ ਸ਼ਹਾਦਤ ਦੇਣ ਦਾ ਫ਼ੈਸਲਾ ਕੀਤਾ।

ਨਤੀਜੇ ਵਜੋਂ ਗੁਰੂ ਜੀ ਨੂੰ ਦਿੱਲੀ ਬੁਲਾਇਆ ਗਿਆ।ਗੁਰੂ ਜੀ ਦੇ ਆਗਰਾ ਪਹੁੰਚਦੇ ਹੀ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਦਿੱਲੀ ਲਿਆਂਦਾ ਗਿਆ।ਆਪ ਨੂੰ ਬੇੜੀਆਂ ਵਿੱਚ ਜਕੜਿਆ ਗਿਆ ਅਤੇ ਅਣ-ਮਨੁੱਖੀ ਤਸੀਹੇ ਦਿੱਤੇ ਗਏ।ਜਦੋਂ ਆਪ ਨੇ ਧਰਮ ਪਰਿਵਰਤਨ ਤੋਂ ਇਨਕਾਰ ਕਰ ਦਿੱਤਾ ਤਾਂ 11 ਨਵੰਬਰ,1675 ਨੂੰ ਬਾਦਸ਼ਹ ਔਰੰਗ਼ਜੇਬ ਦੇ ਹੁਕਮਾਂ ਤੇ ਸਮਾਣਾ ਦੇ ਜਲਾਲ-ਉਦ-ਦੀਨ ਨੇ ਕੁਹਾੜੇ ਨਾਲ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਆਪ ਦਾ

Scanned by CamScanner

ਸਿਰ ਧੜ ਨਾਲੋ ਵੱਖ ਕਰ ਦਿੱਤਾ।ਆਪ ਦੇ ਦੋ ਸਿੱਖ, ਭਾਈ ਮਤੀਦਾਸ ਅਤੇ ਭਾਈ ਦਿਆਲਾ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ।

ਦਿੱਲੀ ਦੇ ਚਾਂਦਨੀ ਚੌਕ ਵਿੱਚ ਜਿੱਥੇ ਆਪ ਦੀ ਸ਼ਹਾਦਤ ਹੋਈ, ਉਥੇ ਗੁਰਦੁਆਰਾ ਸੀਸ ਗੰਜ ਹੈ ਜੋ ਕਿ ਸਰਦਾਰ ਬਘੇਲ ਸਿੰਘ ਨੇ ਬਣਵਾਇਆ ਹੈ। ਗੁਰੂ ਜੀ ਦੀ ਬਿਨ੍ਹਾਂ ਸੀਸ ਦੇ ਦੇਹ ਦਾ ਸਸਕਾਰ ਲੱਖੀ ਸ਼ਾਹ ਲੁਬਾਣਾ ਦੀ ਹਵੇਲੀ ਵਿੱਚ ਕੀਤਾ ਗਿਆ, ਜਿਥੇ ਅੱਜ ਗੁਰਦੁਆਰਾ ਰਕਾਬ ਗੰਜ ਹੈ। ਆਪ ਦਾ ਸੀਸ ਭਾਈ ਜੈਤਾ ਜੀ ਵੱਲੋਂ ਚੋਰੀ-ਛਿਪੇ ਅਨੰਦਪੁਰ ਸਾਹਿਬ ਵਿਖੇ ਲਿਆਂਦਾ ਗਿਆ।ਇਸ ਦਾ ਅੰਤਿਮ ਸਸਕਾਰ ਗੁਰੂ ਗੋਬਿੰਦ ਸਿੰਘ ਜੀ ਨੇ ਪੂਰੇ ਮਾਣ ਨਾਲ ਕੀਤਾ, ਇਸ ਥਾਂ 'ਤੇ ਅੱਜ ਗੁਰਦੁਆਰਾ ਸੀਸ ਗੰਜ, ਅਨੰਦਪੁਰ ਸਾਹਿਬ ਬਣਿਆ ਹੋਇਆ ਹੈ।

ਸਾਰਣੀ 4.9

ਗੁਰੂ ਤੇਗ ਬਹਾਦਰ ਜੀ

ਜਨਮ	1621 ਈ: ਵਿੱਚ ਅੰਮ੍ਰਿਤਸਰ ਵਿਖੇ
ਮਾਤਾ-ਪਿਤਾ	ਮਾਤਾ ਨਾਨਕੀ / ਪਿਤਾ ਗੁਰੂ ਹਰਿਗੋਬਿੰਦ ਜੀ
ਪਤਨੀ	ਗੁਜਰੀ
ਸਪੁੱਤਰ	ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ ਜੀ)
ਗੁਰ ਗੱਦੀ	1664 – 1675 ਈ:
ਸਥਾਪਿਤ ਕੀਤਾ	ਚੱਕ ਨਾਨਕੀ (ਆਨੰਦਪੁਰ ਸਾਹਿਬ)
ਉਸ ਸਮੇਂ ਦੇ ਮੁਗਲ ਬਾਦਸ਼ਾਹ	ਔਰੰਗਜ਼ੇਬ
ਜਾਣਿਆ ਜਾਂਦਾ ਹੈ	ਹਿੰਦ ਦੀ ਚਾਦਰ
ਸ਼ਹਾਦਤ	ਬਾਦਸ਼ਾਹ ਔਰੰਗਜ਼ੇਬ ਦੇ ਹੁਕਮਾਂ 'ਤੇ ਸਮਾਣਾ ਦੇ ਜਲਾਲ-ਉਦ-ਦੀਨ ਨੇ ਕੁਹਾੜੇ ਨਾਲ ਚਾਂਦਨੀ ਚੌਂਕ ਦਿੱਲੀ ਵਿਖੇ ਸੀਸ ਕੱਟਿਆ ਗਿਆ।
ਸ਼ਹਾਦਤ ਵਾਲੇ ਸਥਲ 'ਤੇ ਗੁਰਦੁਆਰਾ	ਸਰਦਾਰ ਬੰਘੇਲ ਸਿੰਘ ਨੇ 'ਗੁਰਦੁਆਰਾ ਸੀਸ ਗੰਜ' ਬਣਵਾਇਆ
ਸੁੰਨ-ਸਾਨ ਸਰੀਰ ਦਾ ਅੰਤਿਮ ਸੰਸਕਾਰ ਕੀਤਾ ਗਿਆ	ਲੱਖੀ ਸ਼ਾਹ ਲੁਬਾਣਾ ਨੇ ਆਪਣੀ ਝੋਂਪੜੀ 'ਚ ਕੀਤਾ (ਜਿਸਨੂੰ ਅੱਜਕੱਲ ਗੁਰਦੁਆਰਾ ਰਕਾਬ ਗੰਜ ਕਹਿੰਦੇ ਹਨ)
ਕੱਟੇ ਹੋਏ ਸਿਰ ਨੂੰ ਲੈ ਕੇ ਆਏ	ਭਾਈ ਜੈਤਾ ਜੀ ਜੋ ਇਸ ਨੂੰ ਆਨੰਦਪੁਰ ਸਾਹਿਬ ਲੈ ਕੇ ਆਏ।
ਕੱਟੇ ਹੋਏ ਸਿਰ ਦਾ ਸੰਸਕਾਰ ਕੀਤਾ ਗਿਆ	ਗੁਰੂ ਗੋਬਿੰਦ ਸਿੰਘ ਜੀ ਦੁਆਰਾ, ਗੁਰਦੁਆਰਾ ਸੀਸ ਗੰਜ, ਆਨੰਦਪੁਰ ਸਾਹਿਬ ਵਿਖੇ।
ਉਤਰਾਧਿਕਾਰੀ	ਗੁਰੂ ਗੋਬਿੰਦ ਸਿੰਘ ਜੀ
ਜੋਤੀ-ਜੋਤ ਸਮਾਉਣਾ	1675 ਈ: ਵਿੱਚ ਚਾਂਦਨੀ ਚੌਂਕ, ਦਿੱਲੀ ਵਿਖੇ

4.6.11 ਗੁਰੂ ਗੋਬਿੰਦ ਸਿੰਘ ਜੀ (1666–1708 ਈਸਵੀ):

ਗੁਰੂ ਗੋਬਿੰਦ ਸਿੰਘ ਜੀ, ਸਿੱਖਾਂ ਦੇ ਦਸਵੇਂ ਅਤੇ ਆਖਰੀ ਗੁਰੂ ਦਾ ਜਨਮ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਦੀ ਕੁੱਖੋਂ 22 ਦਸੰਬਰ,1666 ਈਸਵੀ ਨੂੰ ਪਟਨਾ ਸਾਹਿਬ, ਬਿਹਾਰ ਵਿਖੇ ਹੋਇਆ।

ਗੁਰੂ ਜੀ ਕੇਵਲ 9 ਸਾਲ ਦੇ ਸਨ, ਜਦੋਂ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਗਰੋਂ ਆਪ ਗੁਰੂ ਬਣੇ।ਹੁਣ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਪੂਰਾ ਕਰਨਾ ਆਪ ਦੀ ਜ਼ਿੰਮੇਵਾਰੀ ਸੀ।ਨਾਲ ਹੀ ਆਪ ਅੱਗੇ ਦੁਸ਼ਮਣਾਂ ਦਾ ਖਾਤਮਾ ਕਰਨ ਦੀ

Scanned by CamScanner

ੀ ਲੋੜ ਸੀ ਤਾਂ ਜੋ ਮੁਗ਼ਲ ਹਾਕਮਾਂ ਨੂੰ ਇਸ ਦੀ ਭਿਣਕ ਵੀ ਨਾ ਪੈ
ਾਹਨ ਪ੍ਰਸਥਾਨ ਕੀਤਾ। ਜਿੱਥੇ ਉਨ੍ਹਾਂ ਨੇ ਸ਼ਿਵਾਲਿਕ ਪਹਾੜੀਆਂ ਵਿਚਕਾਰ
ਖੀ।

ਾ ਗਿਆਨ ਦਿੱਤਾ ਗਿਆ। ਪਟਨਾ ਵਿਖੇ ਰਹਿੰਦੇ ਉਹਨ੍ਹਾਂ ਨੇ ਹਿੰਦੀ ਅਤੇ
ਉਨ੍ਹਾਂ ਨੇ ਚਾਰੇ ਭਾਸ਼ਾਵਾਂ ਵਿੱਚ ਕਾਵਿ-ਰਚਨਾ ਆਰੰਭ ਕੀਤੀ। ਉਨ੍ਹਾਂ ਨੂੰ

ੀ ਰਚਨਾ, 'ਵਾਰ ਸ੍ਰੀ ਭਗੌਤੀ ਜੀ ਕੀ' ਦੀ ਰਚਨਾ ਕੀਤੀ। ਇਹ ਆਪ
ਾਪ ਜੀ ਦੀ ਸਵੈ-ਜੀਵਨੀ, 'ਬਚਿੱਤਰ ਨਾਟਕ' ਤੋਂ ਬਿਨ੍ਹਾਂ, 'ਅਕਾਲ
ਪੁਰਨ ਰਚਨਾਵਾਂ ਹਨ।

ਖ਼ਾਲਸਾ

ਸਿੱਖ ਰਵਾਇਤ ਵਿੱਚ ਇਹ ਸ਼ਬਦ ਸਭ ਤੋਂ ਪਹਿਲਾਂ ਗੁਰੂ ਹਰਗੋਬਿੰਦ ਜੀ ਦੇ ਇੱਕ ਹੁਕਮਨਾਮੇ ਵਿੱਚ ਪ੍ਰਗਟ ਹੋਇਆ, ਜਿੱਥੇ ਪੂਰਬੀ ਖੇਤਰ ਦੀ ਸੰਗਤ ਨੂੰ ਗੁਰੂ ਕਾ ਖ਼ਾਲਸਾ ਸ਼ਬਦ ਨਾਲ ਸੰਬੋਧਿਤ ਕੀਤਾ ਗਿਆ। ਇਹ ਸ਼ਬਦ ਇਸੇ ਰੂਪ ਵਿੱਚ ਗੁਰੂ ਤੇਗ ਬਹਾਦਰ ਜੀ ਵਲੋਂ ਪਟਨਾ ਦੀ ਸੰਗਤ ਨੂੰ ਲਿਖੇ ਖਤ ਵਿੱਚ ਵੀ ਮਿਲਿਆ। ਪਰ ਇਸ ਸ਼ਬਦ ਦਾ ਅਰਥ ਗੁਰੂ ਗੋਬਿੰਦ ਸਿੰਘ ਜੀ ਵਲੋਂ 30 ਮਾਰਚ, 1999 ਨੂੰ ਖੰਡੇ ਦੀ ਪਾਹੁਲ (ਅੰਮ੍ਰਿਤ ਛਕਾਉਣ) ਦੀ ਪ੍ਰਕਿਰਿਆ ਮਗਰੋਂ ਇਸੇ ਵਿਸ਼ੇਸ਼ ਸੰਦਰਭ ਨਾਲ ਜਾਣਿਆ ਜਾਣ ਲੱਗਾ।

ਾਣੇ ਵਿੱਚ ਸਜੇ ਹੋਏ, ਸੰਗਤ ਦੇ ਸਨਮੁੱਖ ਪ੍ਰਗਟ ਹੋਏ। ਉਨ੍ਹਾ ਨੇ ਸਿਰ
ਨੀਲੇ ਰੰਗ ਦਾ ਕਮਰਬੰਦ ਪਹਿਨਿਆ ਹੋਇਆ ਸੀ। ਉਨ੍ਹਾਂ ਦੇ ਖੱਬੇ

ਹਵਾ ਵਿੱਚ ਲਹਿਰਾਈ। ਇਸ ਭਾਰੀ ਇਕੱਠ ਵਿੱਚ ਉਨ੍ਹਾਂ ਨੇ ਸ਼ਹਾਦਤ

ਭਾਈ ਦਯਾ ਰਾਮ ਨੇ ਆਪਣੇ ਆਪ ਨੂੰ ਸ਼ਹਾਦਤ ਲਈ ਪੇਸ਼
ਦਰ ਲੈ ਗਏ। ਕੁਝ ਪਲਾਂ ਮਗਰੋਂ ਸੰਗਤ ਨੇ ਤਲਵਾਰ ਨਾਲ ਕੁਝ

Scanned by CamScanner

ਕੁਝ ਪਲਾਂ ਮਗਰੋਂ ਗੁਰੂ ਸਾਹਿਬ ਫਿਰ ਸੰਗਤ ਸਾਹਮਣੇ ਪ੍ਰਗਟ ਹੋਏ ਅਤੇ ਇੱਕ ਹੋਰ ਸਿਰ ਦੀ ਮੰਗ ਕੀਤੀ। ਉਨ੍ਹਾਂ ਦੀ ਤਲਵਾਰ ਤੇ ਹਾਲੇ ਵੀ ਤਾਜ਼ੇ ਖ਼ੂਨ ਦੀਆਂ ਛਿੱਟਾਂ ਸਨ। ਇਸੇ ਤਰ੍ਹਾਂ, ਇੱਕ ਮਗਰੋਂ ਇੱਕ ਸਿੱਖ, 4 ਸਿੱਖ - ਦਿੱਲੀ ਤੋਂ ਜੱਟ ਧਰਮ ਦਾਸ, ਦਵਾਰਕਾ ਤੋਂ ਛਪਾਈ-ਰੰਗਾਈ ਦਾ ਕੰਮ ਕਰਨ ਵਾਲਾ ਮੁਹਕਮ ਚੰਦ, ਜਗਨ ਨਾਥ ਤੋਂ ਇੱਕ ਮਸ਼ਕੀ ਹਿੰਮਤ ਸਿੰਘ ਅਤੇ ਬਿਦਰ ਤੋਂ ਇੱਕ ਨਾਈ ਸਾਹਿਬ ਚੰਦ ਖੜ੍ਹੇ ਹੋਏ ਅਤੇ ਸ਼ਹਾਦਤ ਲਈ ਇਹਨਾਂ ਨੂੰ ਤੰਬੂ ਅੰਦਰ ਲਿਜਾਇਆ ਗਿਆ। ਫ਼ੇਰ ਗੁਰੂ ਜੀ ਇਹਨਾਂ ਪੰਜਾਂ ਸਿੱਖਾਂ ਨਾਲ ਇਕੱਠ ਦੇ ਸਾਹਮਣੇ ਪ੍ਰਗਟ ਹੋਏ। ਇਹਨਾਂ ਪੰਜਾਂ ਸਿੰਘਾਂ ਨੇ ਵੀ ਕੇਸਰੀ ਬਾਣੇ, ਨੀਲੀ ਦਸਤਾਰ ਅਤੇ ਕਮਰਪੱਟੀ ਪਹਿਨੀ ਹੋਈ ਸੀ।

ਗੁਰੂ ਜੀ ਨੇ ਅੰਮ੍ਰਿਤ ਬਾਣੀ ਪੜ੍ਹਦੇ ਹੋਏ,ਖੰਡੇ ਨਾਲ ਹਿਲਾ ਕੇ ਉਨ੍ਹਾਂ ਸਿੱਖਾਂ ਨੂੰ ਅੰਮ੍ਰਿਤ ਛਕਾਇਆ। ਗੁਰੂ ਸਾਹਿਬ ਨੇ ਇਨ੍ਹਾਂ ਪੰਜ ਪਿਆਰਿਆਂ ਨੂੰ ਖਾਲਸਾ ਘੋਸ਼ਿਤ ਕੀਤਾ।ਹਰ ਸਿੱਖ ਨਰ ਦੇ ਨਾਮ ਪਿੱਛੇ ਸਿੰਘ ਸ਼ਬਦ ਜੋੜਿਆ ਗਿਆ। ਇਨ੍ਹਾਂ ਨੂੰ ਪੰਜ ਕੱਕਾਰ – ਕੇਸ, ਕੰਘਾ, ਕੜਾ, ਕਛਹਿਰਾ ਅਤੇ ਕ੍ਰਿਪਾਨ ਧਾਰਣ ਕਰਨ ਦਾ ਹੁਕਮ ਦਿੱਤਾ। ਮਗਰੋਂ ਹੱਥ ਜੋੜ ਕੇ ਗੁਰੂ ਸਾਹਿਬ ਨੇ ਇਹਨਾਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕਿਆ ਅਤੇ ਆਪਣਾ ਨਾਮ ਗੋਬਿੰਦ ਸਿੰਘ ਰੱਖ ਲਿਆ।

ਸਾਰਣੀ 4.10 **ਪੰਜ ਪਿਆਰੇ**

ਦਯਾ ਰਾਮ (ਭਾਈ ਦਯਾ ਸਿੰਘ)	ਲਾਹੌਰ ਤੋਂ ਇੱਕ ਖੱਤਰੀ
ਧਰਮ ਦਾਸ (ਭਾਈ ਧਰਮ ਸਿੰਘ)	ਦਿੱਲੀ ਦਾ ਇੱਕ ਜ਼ੰਅ
ਮੋਹਕਮ ਚੰਦ (ਭਾਈ ਮੋਹਕਮ ਸਿੰਘ)	ਦਵਾਰਕਾ (ਗੁਜਰਾਤ) ਤੋਂ ਛਪਾਈ-ਰੰਗਾਈ ਵਾਲਾ
ਸਾਹਿਬ ਚੰਦ (ਭਾਈ ਸਾਹਿਬ ਸਿੰਘ)	ਬਿਦਰ (ਕਰਨਾਟਕਾ) ਤੋਂ ਇੱਕ ਨਾਈ
ਹਿੰਮਤ ਰਾਏ (ਭਾਈ ਹਿੰਮਤ ਸਿੰਘ)	ਜਗਨ ਨਾਥ (ਉੜੀਸਾ) ਤੋਂ ਮਸ਼ਕੀ

ਪੰਜ ਕੱਕੇ: ਖਾਲਸੇ ਨੂੰ ਹੇਠ ਲਿਖੇ ਪੰਜ ਕੱਕੇ ਬਖਸ਼ੇ ਗਏ:

1. **ਕੇਸ:** ਖਾਲਸਾ ਆਪਣੇ ਕੇਸ ਨਹੀਂ ਕਟਵਾਏਗਾ ਅਤੇ ਪੱਗੜੀ ਧਾਰਨ ਕਰੇਗਾ।ਇੱਕ ਸਿੱਖ ਆਪਣੇ ਵਾਲਾਂ ਨੂੰ ਪ੍ਰਮਾਤਮਾ ਦੀ ਦਾਤ ਬਰਾਬਰ ਸਮਝੇਗਾ।ਇਸ ਦਾਤ ਨੂੰ ਸਦਾ ਇਸੇ ਰੂਪ ਵਿੱਚ ਸੰਭਾਲ ਕੇ ਰੱਖਣਾ ਇੱਕ ਸਿੱਖ ਦਾ ਧਰਮ ਹੈ।ਕੇਸ ਵਿਸ਼ਵਾਸ਼ ਦਾ ਸੰਕੇਤਕ ਹਨ ਅਤੇ ਲੰਮੇ ਵਾਲਾਂ ਦਾ ਹੋਣਾ ਇਹ ਪੱਕਾ ਕਰਦਾ ਹੈ ਕਿ ਸਿੱਖ ਪ੍ਰਮਾਤਮਾ ਦੇ ਭਾਣੇ ਵਿੱਚ ਵਿਸ਼ਵਾਸ਼ ਰੱਖਦਾ ਹੈ।ਇਹ ਉਸ ਨੂੰ ਹਲੀਮੀ ਅਤੇ ਭਾਣਾ ਮੰਨਣਾ ਸਿਖਾਉਂਦੇ ਹਨ।
2. **ਕੰਘਾ:** ਖਾਲਸੇ ਨੂੰ ਆਪਣੇ ਵਾਲਾ ਦੀ ਸੰਭਾਲ ਲਈ ਇੱਕ ਕੰਘਾ ਧਾਰਨ ਕਰਨਾ ਹੋਵੇਗਾ।ਉਹ ਇੱਕ ਛੋਟੀ ਲੱਕੜੀ ਦੀ ਬਣੀ ਕੰਘੀ ਦੀ ਵਰਤੋਂ ਕਰਦੇ ਹਨ, ਕਿਉਂਕਿ ਇਸ ਨੂੰ ਧਾਰਨ ਕਰਨਾ ਅਸਾਨ ਹੈ। ਕੰਘੀ ਸਫ਼ਾਈ ਦਾ ਪ੍ਰਤੀਕ ਹੈ। ਜਿਵੇਂ ਇੱਕ ਕੰਘੀ ਗੁੰਝਲਾਂ ਸੁਲਝਾਉਂਦੀ ਹੈ ਅਤੇ ਵਾਲਾਂ ਨੂੰ ਸਾਫ਼ ਰੱਖਦੀ ਹੈ, ਉਸੇ ਤਰ੍ਹਾਂ ਇੱਕ ਸਿੱਖ ਨਾਮ ਜਪ ਕੇ ਆਪਣੇ ਮਨ ਦੇ ਬੁਰੇ ਵਿਚਾਰਾਂ ਤੋਂ ਨਿਜਾਤ ਪਾਉਂਦਾ ਹੈ।
3. **ਕੜਾ:** ਖਾਲਸੇ ਨੂੰ ਕੜਾ ਧਾਰਨ ਕਰਨਾ ਹੋਵੇਗਾ।ਇਹ ਇੱਕ ਵਿਸ਼ੇਸ਼ ਇਸਪਾਤ ਦਾ ਬਣਿਆ ਗਹਿਣਾ ਹੈ ਜੋ ਸੱਜੀ ਕਲਾਈ ਵਿੱਚ ਪਹਿਨਿਆ ਜਾਂਦਾ ਹੈ।ਇਹ ਉਸ ਵਿਆਹ ਦੀ ਅੰਗੂਠੀ ਵਾਂਗ ਹੈ ਜੋ ਦੋ ਮਨੁੱਖਾਂ ਵਿਚਲੀ ਸਾਂਝ ਦਰਸਾਉਂਦੀ ਹੈ।ਇਹ ਇੱਕ ਸਿੱਖ ਦੇ ਆਪਣੇ ਗੁਰੂ ਅਤੇ ਭਾਈਚਾਰੇ ਨਾਲ ਅਟੁੱਟ ਰਿਸ਼ਤੇ ਨੂੰ ਦਰਸਾਉਂਦਾ ਹੈ।
4. **ਕਛਹਿਰਾ(ਕੱਛਾ):** ਸਿੱਖ ਗੋਡਿਆਂ ਤੱਕ ਇੱਕ ਛੋਟੀ ਨਿੱਕਰ-ਨੁਮਾ ਵਸਤਰ ਦਾ ਇਸਤੇਮਾਲ ਕਰੇਗਾ।ਇਹ ਉੱਚ-ਚਰਿੱਤਰ ਅਤੇ ਸੰਜਮ ਦਾ ਸੰਕੇਤ ਹੈ।
5. **ਕਿਰਪਾਨ:** ਖਾਲਸੇ ਨੇ ਸਦਾ ਤਲਵਾਰ ਧਾਰਨ ਕਰਨੀ ਹੈ।ਸਿੱਖ ਇਸ ਨੂੰ ਕਿਰਪਾਨ ਦਾ ਨਾਮ ਦਿੰਦੇ ਹਨ।ਕਿਰਪਾਨ

Scanned by CamScanner

ਅਰਥਾਤ ਕਿਰਪਾ + ਆਨ, ਕਿਰਪਾ ਦਾ ਅਰਥ ਹੈ ਦਯਾ ਭਾਵ, ਅਤੇ ਆਨ ਸ਼ਬਦ ਦਾ ਅਰਥ ਹੈ ਸਨਮਾਨ (ਇੱਜਤ) ਜਾਂ ਸਵੈਮਾਣ। ਇਹ ਉਹ ਅਸਤਰ ਹੈ ਜੋ ਸਵੈਮਾਣ ਅਤੇ ਸਵੈ-ਰੱਖਿਆ ਵਿੱਚ ਸਹਾਈ ਹੈ। ਸੋ ਸਿੱਖਾਂ ਲਈ ਕਿਰਪਾਨ ਤਾਕਤ ਦਾ ਚਿੰਨ੍ਹ ਹੋਣ ਦੇ ਨਾਲ-ਨਾਲ ਆਤਮਿਕ ਅਜ਼ਾਦੀ ਨੂੰ ਵੀ ਦਰਸਾਉਂਦੀ ਹੈ। ਸਾਰੇ ਅੰਮ੍ਰਿਤਧਾਰੀ ਸਿੱਖ ਇੱਕ ਛੋਟੀ ਕਿਰਪਾਲ ਧਾਰਨ ਕਰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲੜੀਆਂ ਗਈਆਂ ਲੜਾਈਆਂ:

ਗੁਰੂ ਜੀ ਨੇ 1675 ਈਸਵੀ ਵਿੱਚ ਗੁਰਗੱਦੀ ਸੰਭਾਲੀ ਅਤੇ ਉਦੋਂ ਉਹ ਕੇਵਲ 9 ਸਾਲ ਦੇ ਸਨ। ਉਨ੍ਹਾਂ ਨੂੰ ਮੁਗਲਾਂ ਅਤੇ ਪਹਾੜੀ ਰਾਜਿਆਂ ਵਿਰੁੱਧ ਕਈ ਲੜਾਈਆਂ ਲੜਨੀਆਂ ਪਈਆਂ। ਉਨ੍ਹਾਂ ਵੱਲੋਂ ਲੜੀਆਂ ਲੜਾਈਆਂ ਨੂੰ ਹੇਠ ਲਿਖੇ ਅਨੁਸਾਰ ਵਰਨਣ ਕੀਤਾ ਜਾ ਸਕਦਾ ਹੈ:

ੳ) ਖਾਲਸਾ ਪੰਥ ਦੀ ਸਾਜਨਾ ਤੋਂ ਪਹਿਲਾਂ ਦੀਆਂ ਲੜਾਈਆਂ (1675-1699)

ਅ) ਖਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਦੀਆਂ ਲੜਾਈਆਂ (1699-1708)

ਖਾਲਸਾ ਪੰਥ ਦੀ ਸਾਜਨਾ ਤੋਂ ਪਹਿਲਾਂ ਦੀਆਂ ਲੜਾਈਆਂ (1675-1699):

1. ਭੰਗਾਣੀ ਦਾ ਯੁੱਧ (1688): ਗੁਰੂ ਜੀ ਨੇ ਪਹਿਲਾ ਯੁੱਧ ਭੰਗਾਣੀ ਵਿਖੇ, ਜੋ ਕਿ ਦਰਿਆ ਗਿਰੀ ਦੇ ਕੰਢੇ 'ਤੇ ਹੈ ਅਤੇ ਪਾਉਂਟਾ ਸਾਹਿਬ ਤੋਂ 10 ਕਿਲੋਮੀਟਰ ਦੂਰ ਹੈ, 1688 ਈ: ਵਿੱਚ ਲੜਿਆ। ਇੱਕ ਪਾਸੇ ਗੁਰੂ ਜੀ ਸਨ ਅਤੇ ਵਿਰੋਧੀ ਧਿਰ ਵਿੱਚ ਕਾਹਲੂਰ (ਬਿਲਾਸਪੁਰ) ਦਾ ਰਾਜਾ ਭੀਮ ਚੰਦ ਅਤੇ ਹੋਰ ਪਹਾੜੀ ਰਾਜੇ ਸਨ। ਇਸ ਲੜਾਈ ਵਿੱਚ ਗੁਰੂ ਜੀ ਦੀ ਜਿੱਤ ਹੋਈ। ਇਸ ਯੁੱਧ ਮਗਰੋਂ ਭੀਮ ਚੰਦ ਅਤੇ ਪਹਾੜੀ ਰਾਜੇ ਗੁਰੂ ਜੀ ਦੇ ਮਿੱਤਰ ਬਣ ਗਏ।

2. ਨਦੌਨ ਦੀ ਲੜਾਈ (1690): ਹੁਣ ਪਹਾੜੀ ਰਾਜਿਆਂ ਵੱਲੋਂ ਮੁਗਲਾਂ ਨੂੰ ਲਗਾਨ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਸੋ ਉਨ੍ਹਾਂ ਵਿਰੁੱਧ ਅਲਿਫ ਖਾਨ ਦੀ ਅਗਵਾਈ ਵਿੱਚ ਫ਼ੌਜਾਂ ਭੇਜੀਆਂ ਗਈਆਂ। 1690 ਈਸਵੀ ਨੂੰ ਨਦੌਨ ਦੀ ਜੰਗ ਹੋਈ। ਨਦੌਨ, ਬਿਆਸ ਦਰਿਆ ਦੇ ਕੰਢੇ ਤੇ ਕਾਂਗੜਾ ਤੋਂ 30 ਕਿਲੋਮੀਟਰ ਦੱਖਣ ਵੱਲ ਨੂੰ ਵਸਿਆ ਹੋਇਆ ਹੈ। ਇਸ ਜੰਗ ਵਿੱਚ ਅਲਿਫ ਖਾਨ ਦੀ ਹਾਰ ਹੋਈ ਅਤੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਜਿੱਤ ਗਏ।

ਖਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਦੀਆਂ ਲੜਾਈਆਂ (1699-1708):

1. ਅਨੰਦਪੁਰ ਸਾਹਿਬ ਦਾ ਪਹਿਲਾ ਯੁੱਧ (1701): ਖਾਲਸਾ ਪੰਥ ਦੀ ਸਾਜਨਾ(1699) ਤੋਂ ਦੋ ਸਾਲ ਮਗਰੋਂ, ਰਾਜਾ ਭੀਮ ਚੰਦ ਅਤੇ ਹੋਰ ਪਹਾੜੀ ਰਾਜਿਆਂ ਨੇ ਅਨੰਦਪੁਰ ਸਾਹਿਬ ਦੇ ਕਿਲ੍ਹੇ ਤੇ ਹਮਲਾ ਕਰ ਦਿੱਤਾ। ਗੁਰੂ ਜੀ ਅਤੇ ਉਹਨਾਂ ਦੇ ਸਿੱਖਾਂ ਨੇ ਡਟ ਕੇ ਮੁਕਾਬਲਾ ਕੀਤਾ। ਅੰਤ ਵਿੱਚ ਪਹਾੜੀ ਰਾਜਿਆਂ ਨੇ ਗੁਰੂ ਜੀ ਨਾਲ ਸੰਧੀ ਕਰ ਲਈ ਅਤੇ ਗੁਰੂ ਸਾਹਿਬ ਪਿੰਡ ਨਿਰਮੋਹ ਚਲੇ ਗਏ।

2. ਨਿਰਮੋਹ ਦੀ ਲੜਾਈ (1702): 1702 ਈ: ਵਿੱਚ ਰਾਜਾ ਭੀਮ ਚੰਦ ਨੇ ਹੋਰ ਪਹਾੜੀ ਰਾਜਿਆਂ ਦੀ ਮੱਦਦ ਨਾਲ ਅਚਾਨਕ ਹੀ ਪਿੰਡ ਨਿਰਮੋਹ ਤੇ ਹਮਲਾ ਕਰ ਦਿੱਤਾ। ਸਿੱਖਾਂ ਨੇ ਡਟ ਕੇ ਮੁਕਾਬਲਾ ਕੀਤਾ ਅਤੇ ਹਮਲਾਵਰਾਂ ਨੂੰ ਖਦੇੜ ਦਿੱਤਾ।

3. ਬਸੌਲੀ ਦੀ ਲੜਾਈ (1702): ਨਿਰਮੋਹ ਦੀ ਜੰਗ ਤੋਂ ਮਗਰੋਂ ਗੁਰੂ ਜੀ ਦਰਿਆ ਸਤਲੁਜ ਪਾਰ ਕਰਕੇ ਉਥੇ ਦੇ ਰਾਜਾ ਦੇ ਸੱਦੇ ਤੇ ਪਿੰਡ ਬਸੌਲੀ ਪਹੁੰਚੇ। ਰਾਜਾ ਭੀਮ ਚੰਦ ਨੇ, ਗੁਰੂ ਜੀ ਨੂੰ ਫ਼ੜਨ ਲਈ ਆਪਣੀਆਂ ਫ਼ੌਜਾਂ ਭੇਜੀਆਂ। ਬਸੌਲੀ ਵਿੱਚ ਛਿੜੀ ਇਸ ਜੰਗ ਵਿੱਚ ਸਿੱਖਾਂ ਨੇ ਭੀਮ ਚੰਦ ਦੀ ਸੈਨਾ ਨੂੰ ਹਰਾ ਦਿੱਤਾ। ਹੁਣ ਸਿੱਖਾਂ ਨੇ ਭੀਮ ਚੰਦ ਦੇ ਇਲਾਕੇ ਤੇ ਹਮਲਾ ਕਰਕੇ ਕਲਮੋਟ ਤੇ ਆਪਣਾ ਕਬਜ਼ਾ ਕਰ ਲਿਆ।

Scanned by CamScanner

4. ਅਨੰਦਪੁਰ ਸਾਹਿਬ ਦੀ ਦੂਜੀ ਲੜਾਈ (1704): ਪਹਾੜੀ ਰਾਜਿਆਂ ਦੀ ਇੱਛਾ ਤੇ ਸਰਹਿੰਦ ਦੇ ਮੁਗਲ ਫ਼ੌਜਦਾਰ ਵਜੀਰਖ਼ਾਨ ਨੇ ਉਹਨਾਂ ਦੀ ਸਹਾਇਤਾ ਲਈ ਵੱਡੀ ਫ਼ੌਜ ਭੇਜੀ।ਮੁਗਲ ਫ਼ੌਜਾਂ ਅਤੇ ਪਹਾੜੀ ਰਾਜਿਆਂ ਨੇ ਮਿਲ ਕੇ ਅਨੰਦਪੁਰ ਸਾਹਿਬ ਦੀ ਗੜ੍ਹੀ ਤੇ ਕਬਜਾ ਕਰ ਲਿਆ।ਸਿੱਖਾਂ ਨੇ ਲੰਮੇ ਸਮੇਂ ਤੱਕ ਦੁਸ਼ਮਣ ਦਾ ਡਟ ਕੇ ਮੁਕਾਬਲਾ ਕੀਤਾ। ਅੰਤ ਸਾਧਨਾਂ ਦੀ ਘਾਟ ਕਾਰਨ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣਾ ਪਿਆ।ਇਸੇ ਸ਼ਸ਼ੋਪੰਜ ਵਿੱਚ ਗੁਰੂ ਜੀ ਦੇ ਮਾਤਾ ਜੀ ਅਤੇ ਦੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਆਪ ਨਾਲੋਂ ਜੁਦਾ ਹੋ ਗਏ ਅਤੇ ਮੁਗਲਾਂ ਦੇ ਹੱਥ ਚੜ੍ਹ ਗਏ।ਇਸਲਾਮ ਧਰਮ ਨਾ ਕਬੂਲ ਕਾਰਨ, ਵਜ਼ੀਰ ਖਾਨ ਦੇ ਹੁਕਮਾਂ 'ਤੇ ਇਨ੍ਹਾਂ ਨੂੰ ਜਿਉਂਦੇ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ।

5. ਸ਼ਾਹੀ ਟਿੱਬੀ ਦੀ ਲੜਾਈ (1704): ਦੁਸ਼ਮਣਾਂ ਨੂੰ ਕਰਾਰੇ ਹੱਥੀ ਲੈਂਦਿਆ, ਗੁਰੂ ਜੀ ਨੇ ਭਾਈ ਉਦੈ ਸਿੰਘ ਦੀ ਅਗਵਾਈ ਹੇਠ 50 ਸਿੱਖਾਂ ਦਾ ਜੱਥਾ ਭੇਜਿਆ।ਸ਼ਾਹੀ ਟਿੱਬੀ ਤੇ ਘਮਸਾਣ ਦਾ ਯੁੱਧ ਹੋਇਆ,ਇਸ ਜੰਗ ਵਿੱਚ ਬਹੁਤ ਸਾਰੇ ਸਿੱਖ ਮਾਰੇ ਗਏ, ਪਰ ਅੰਤ ਤੱਕ ਬਹਾਦਰੀ ਨਾਲ ਲੜਦੇ ਰਹੇ।

6. ਚਮਕੌਰ ਦੀ ਲੜਾਈ (1704): ਸਰਸਾ ਨਦੀ ਨੂੰ ਪਾਰ ਕਰਕੇ ਗੁਰੂ ਜੀ ਪਹਿਲਾਂ ਕੋਟਲਾ ਨਿਹੰਗ ਖਾਂ ਪਹੁੰਚੇ ਅਤੇ ਇਥੋਂ ਅੱਗੇ ਚਮਕੌਰ ਪਹੁੰਚੇ।ਇਥੇ ਉਨ੍ਹਾਂ ਨੂੰ ਕੇਵਲ ਆਪਣੇ 40 ਸਿੱਖਾਂ ਨਾਲ ਮੁਗਲਾਂ ਦੀ ਵੱਡੀ ਫ਼ੌਜ ਦਾ ਸਾਹਮਣਾ ਕਰਨਾ ਪਿਆ।ਸਿੱਖਾਂ ਨੇ ਦੁਸ਼ਮਣਾ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਪਰ ਇਨ੍ਹਾਂ ਵਿੱਚੋ 35 ਸਿੱਖਾਂ ਜਿੰਨ੍ਹਾਂ ਵਿੱਚ ਗੁਰੂ ਜੀ ਦੇ ਦੋ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਵੀ ਸ਼ਾਮਲ ਸਨ,ਜੰਗ ਵਿੱਚ ਲੜਦਿਆ ਸ਼ਹੀਦ ਹੋ ਗਏ।ਰਾਤ ਦੇ ਹਨੇਰੇ ਵਿੱਚ ਗੁਰੂ ਜੀ ਇਥੋਂ ਨਿਕਲਣ ਵਿੱਚ ਕਾਮਯਾਬ ਰਹੇ।

7. ਖ਼ਿਦਰਾਣੇ ਦੀ ਲੜਾਈ (1705): ਮਾਛੀਵਾੜੇ ਦੇ ਜੰਗਲਾਂ ਵਿੱਚੋ ਹੁੰਦੇ ਹੋਏ, ਦੀਨਾ ਅਤੇ ਹੋਰ ਪਿੰਡਾਂ ਵਿੱਚੋਂ ਦੀ, ਗੁਰੂ ਜੀ ਖਿਦਰਾਨੇ ਪਹੁੰਚੇ,ਜਿਥੇ ਉਨ੍ਹਾਂ ਦੀ 29 ਦਸੰਬਰ,1705 ਨੂੰ ਮੁਗਲਾਂ ਵਿਰੁੱਧ ਆਖ਼ਰੀ ਜੰਗ ਹੋਈ।ਇਸ ਜੰਗ ਵਿੱਚ ਸਿੱਖਾਂ ਨੇ ਮੁਗਲਾਂ ਨੂੰ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਪਰ ਇਸ ਜੰਗ ਵਿੱਚ ਗੁਰੂ ਜੀ ਦੇ ਚਾਲ੍ਹੀ ਮੁਕਤੇ ਸ਼ਹੀਦ ਹੋ ਗਏ।ਇਸ ਜਿੱਤ ਮਗਰੋਂ ਗੁਰੂ ਜੀ ਤਲਵੰਡੀ ਸਾਬੋ ਚਲੇ ਗਏ ਅਤੇ ਉਥੋਂ ਦੱਖਣ ਵੱਲ ਨੂੰ ਚੱਲ ਪਾਏ।

ਸਾਰਣੀ 4.11

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲੜੇ ਯੁੱਧ

ਲੜਾਈ ਦਾ ਨਾਂ	ਕਿਥੇ	ਕਦੋਂ	ਵਿਚਕਾਰ		ਜਿੱਤ	ਨਤੀਜਾ
			ਇਕ ਪਾਸੇ	ਦੂਜੇ ਪਾਸੇ		
ਭੰਗਾਣੀ ਦਾ ਯੁੱਧ	ਭੰਗਾਣੀ	1688	ਗੁਰੂ ਗੋਬਿੰਦ ਸਿੰਘ ਜੀ	ਕਲੌਰ ਦਾ ਰਾਜਾ ਭੀਮ ਚੰਦ ਅਤੇ ਦੂਜੇ ਪਹਾੜੀ ਰਾਜੇ	ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖ	ਭੀਮ ਚੰਦ ਅਤੇ ਦੂਜੇ ਰਾਜਪੂਤ ਰਾਜੇ ਗੁਰੂ ਜੀ ਦੇ ਦੋਸਤ ਬਣੇ
ਨਦੌਨ ਦੀ ਲੜਾਈ	ਨਦੌਨ	1690	ਗੁਰੂ ਜੀ ਅਤੇ ਪਹਾੜੀ ਰਾਜੇ	ਅਲਿਫ ਖਾਨ (ਮੁਗਲ)	ਗੁਰੂ ਜੀ ਅਤੇ ਪਹਾੜੀ ਰਾਜੇ	ਅਲਿਫ਼ ਖਾਨ ਨੂੰ ਹਰਾਇਆ
ਆਨੰਦਪੁਰ ਸਾਹਿਬ ਦਾ ਪਹਿਲਾ ਯੁੱਧ	ਆਨੰਦਪੁਰ	1701	ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖ	ਕਲੌਰ ਦਾ ਰਾਜਾ ਭੀਮ ਚੰਦ ਅਤੇ ਦੂਜੇ ਪਹਾੜੀ ਰਾਜੇ	ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖ	ਰਾਜਾ ਨਾਲ ਸੰਧੀ ਹੋਈ ਅਤੇ ਗੁਰੂ ਜੀ ਨਿਰਮੋਹ ਚਲੇ ਗਏ।
ਨਿਰਮੋਹ ਦੀ	ਨਿਰਮੋਹ	1702	ਗੁਰੂ ਜੀ	ਰਾਜਾ ਭੀਮ	ਗੁਰੂ ਜੀ ਅਤੇ	ਹਮਲਾਵਰਾਂ ਦੀ ਹਾਰ ਹੋਈ

Scanned by CamScanner

ਚੰਦ ਅਤੇ ਮੁਗਲ ਸੈਨਿਕ	ਉਨ੍ਹਾਂ ਦੇ ਸਿੱਖ	
ਰਾਜਾ ਭੀਮ ਚੰਦ	ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖ	ਸਿੱਖਾਂ ਨੇ ਰਾਜਾ ਦੇ ਇਲਾਕੇ ਤੇ ਹਮਲਾ ਕੀਤਾ ਅਤੇ ਕਲਮੋਟ ਤੇ ਕਬਜ਼ਾ ਕੀਤਾ
ਵਜੀਰ ਖਾਨ ਅਧੀਨ ਪਹਾੜੀ ਰਾਜੇ ਅਤੇ ਮੁਗਲ ਫੌਜਾਂ	ਵਜੀਰ ਖਾਂ ਅਧੀਨ ਪਹਾੜੀ ਰਾਜੇ ਅਤੇ ਮੁਗਲ ਫੌਜ	ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਕਿਲ੍ਹਾ ਛੱਡਣਾ ਪਿਆ ਅਤੇ ਜੋਰਾਵਰ ਸਿੰਘ ਅਤੇ ਫਤਿਹ ਸਿੰਘ ਨੂੰ ਜਿਉਂਦੇ ਹੀ ਨੀਹਾਂ 'ਚ ਚਿਣਿਆ ਗਿਆ
ਮੁਗਲ ਫੌਜਾਂ	ਮੁਗਲ ਫੌਜਾਂ	ਦੋ ਪੁੱਤਰ-ਅਜੀਤ ਸਿੰਘ ਅਤੇ ਜੁਝਾਰ ਸਿੰਘ ਸਮੇਤ 35 ਸਿੱਖ ਲੜਾਈ 'ਚ ਸ਼ਹੀਦ ਹੋ ਗਏ
ਮੁਗਲ ਫੌਜਾਂ	ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖ	ਸਿੱਖਾਂ ਨੇ ਮੁਗਲਾਂ ਨੂੰ ਹਰਾਇਆ, ਪਰ 40 ਮੁਕਤਿਆਂ ਨੇ ਸ਼ਹੀਦੀ ਪਾਈ।

ਜ਼ਫ਼ਰਨਾਮਾ

ਜ਼ਫ਼ਰਨਾਮਾ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਇਸ ਵਿੱਚ 111 ਪਦ ਹਨ ਅਤੇ ਇਹ ਪੱਤਰ ਬਾਦਸ਼ਾਹ ਔਰੰਗਜੇਬ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਦੀਨਾ (ਜ਼ਿਲ੍ਹਾ ਫ਼ਰੀਦਕੋਟ) ਵਿਖੇ 1706 ਨੂੰ ਲਿਖਿਆ ਅਤੇ ਇਸ ਨੂੰ ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਹੱਥ ਭੇਜਿਆ। ਇਸ ਦੀ ਰਚਨਾ ਉਸ ਸਮਾਜ ਦੌਰ ਵਿੱਚ ਹੋਈ ਜਦੋਂ ਗੁਰੂ ਸਾਹਿਬ ਦੇ ਦੋ ਵੱਡੇ ਸਾਹਿਬਜ਼ਾਦਿਆਂ ਦੀ ਚਮਕੌਰ ਦੀ ਲੜਾਈ ਵਿੱਚ ਸ਼ਹੀਦੀ ਹੋ ਗਈ ਸੀ। ਛੋਟੇ ਸਾਹਿਬਜ਼ਾਦੇ ਸਰਹਿੰਦ ਦੀਆਂ ਦੀਵਾਰਾਂ ਵਿੱਚ ਚਿਣ ਦਿੱਤੇ ਗਏ ਸਨ ਅਤੇ ਆਪ ਜੀ ਦੇ ਮਾਤਾ ਜੀ ਨੇ ਇਸ ਸਦਮੇਂ ਨੂੰ ਨਾ ਸਹਾਰਦੇ ਹੋਏ ਦਮ ਤੋੜ ਦਿੱਤਾ ਸੀ। ਦੁਸ਼ਮਣਾਂ ਵੱਲੋਂ ਉਨ੍ਹਾਂ ਦੀ ਸੰਪੂਰਨ ਫ਼ੌਜ ਮਿਟਾ ਦਿੱਤੀ ਗਈ ਸੀ। ਇਸ ਜ਼ਫ਼ਰਨਾਮੇ ਵਿੱਚ ਗੁਰੂ ਸਾਹਿਬ ਨੇ ਮੁਗਲ ਫ਼ੌਜ ਵੱਲੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਵੇਲੇ ਧੋਖੇ ਨਾਲ ਕੀਤੇ ਹਮਲੇ ਤੇ ਲਾਹਨਤ ਦਿੱਤੀ। ਉਨ੍ਹਾ ਨੇ ਬਾਦਸ਼ਾਹ ਨੂੰ ਵਚਨ ਦਾ ਕੱਚਾ ਆਖਿਆ। ਉਨ੍ਹਾਂ ਬਾਦਸ਼ਾਹ ਨੂੰ ਦੱਸਿਆ ਕਿ ਕਿਵੇਂ ਉਸ ਨੇ ਅਤੇ ਉਸ ਦੇ ਸੈਨਿਕਾਂ ਨੇ ਇਹ ਜੰਗ ਸਿੱਖਾਂ ਉਪਰ ਥੋਪ ਦਿੱਤੀ ਸੀ। ਉਨ੍ਹਾਂ ਨੇ ਬਾਦਸ਼ਾਹ ਨੂੰ ਇਸ ਦੁਸ਼ਕਰਮ ਦਾ ਨਤੀਜਾ ਭੁਗਤਣ ਲਈ ਤਿਆਰ ਰਹਿਣ ਲਈ ਕਿਹਾ ਅਤੇ ਇਹ ਘੋਸ਼ਿਤ ਕੀਤਾ ਕਿ ਅੰਤ ਵਿੱਚ ਜਿੱਤ ਉਨ੍ਹਾਂ ਦੀ ਹੀ ਹੋਵੇਗੀ।

Scanned by CamScanner

ਪੁੱਤਰਾਂ ਵਿੱਚ ਗੱਦੀ ਨੂੰ ਲੈ ਕੇ ਤਣਾਅ ਪੈਦਾ ਹੋ ਗਿਆ। ਗੁਰੂ ਜੀ ਨੇ ਸਭ ਤੋਂ ਵੱਡੇ ਬਹਾਦਰ-ਬਹਾਦਰਸ਼ਾਹ ਨੂੰ, ਸਿੱਖ ਸਿਪਾਹੀਆਂ ਦਾ ਜੱਥਾ ਭੇਜ ਕੇ ਸਹਾਇਤਾ ਭੇਜੀ; ਜਿਨ੍ਹਾਂ ਨੇ 8 ਜੂਨ, 1707 ਨੂੰ ਜਜਾਊ ਦੀ ਲੜਾਈ ਲੜੀ। ਜੰਗ ਵਿੱਚ ਆਪਣੀ ਜਿੱਤ ਮਗਰੋਂ, ਨਵੇਂ ਬਾਦਸ਼ਾਹ-ਬਹਾਦਰ ਸ਼ਾਹ ਨੇ ਗੁਰੂ ਜੀ ਨੂੰ 23 ਜੁਲਾਈ,1707 ਨੂੰ ਆਗਰਾ ਵਿਖੇ ਦੰਗਲਬਾਜ਼ ਦਾ ਸੱਦਾ ਭੇਜਿਆ। ਗੁਰੂ ਜੀ ਦਾ ਆਦਰ ਮਾਣ ਕੀਤਾ ਗਿਆ ਅਤੇ ਆਪ ਨੂੰ ਹੀਰਿਆਂ ਜੜਿਆ ਰੁਮਾਲ ਅਤੇ ਹੋਰ ਤੋਹਫ਼ੇ ਭੇਟ ਕੀਤੇ ਗਏ। ਪਰ ਇਸ ਰਾਜੇ ਨੇ ਵਜੀਰ ਖ਼ਾਨ ਖਿਲਾਫ਼ ਕੋਈ ਕਾਰਵਾਈ ਨਾ ਕੀਤੀ।

ਫਿਰ ਗੁਰੂ ਜੀ ਦੱਖਣ ਵੱਲ ਨੂੰ ਚਲੇ ਗਏ ਅਤੇ ਨਾਂਦੇੜ ਪਹੁੰਚੇ। ਇੱਥੇ ਉਨ੍ਹਾਂ ਨੇ ਮਾਧੋਦਾਸ ਬੈਰਾਗੀ ਦੀ ਕਾਇਆ ਕਲਪ ਕਰਕੇ ਉਸ ਨੂੰ ਵਜੀਰ ਖ਼ਾਨ ਨੂੰ ਸਜ਼ਾ ਦੇਣ ਲਈ ਪੰਜਾਬ ਭੇਜਿਆ।

ਇੱਕ ਦਿਨ ਦੋ ਪਠਾਣਾਂ ਨੇ ਨੰਦੇੜ ਵਿਖੇ ਹੀ ਗੁਰੂ ਜੀ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਵਿੱਚੋਂ ਇੱਕ ਨੇ ਗੁਰੂ ਜੀ ਦੇ ਦਿਲ ਦੇ ਹੇਠਾਂ, ਖੱਬੇ ਪਾਸੇ ਚਾਕੂ ਨਾਲ ਵਾਰ ਕਰ ਦਿੱਤਾ। ਚਾਹੇ ਜਖ਼ਮ ਸੀਤਾ ਗਿਆ ਪਰ ਕੁੱਝ ਦਿਨਾਂ ਮਗਰੋਂ ਟਾਂਕੇ ਟੁੱਟਣ ਕਾਰਨ ਬਹੁਤ ਖ਼ੂਨ ਵਹਿ ਗਿਆ। ਇਸ ਕਾਰਨ ਗੁਰੂ ਸਾਹਿਬ ਨਿਰਬਲ ਹੋ ਗਏ ਅਤੇ 7 ਅਕਤੂਬਰ,1708 ਈ: ਨੂੰ ਜੋਤੀ-ਜੋਤ ਸਮਾ ਗਏ।

ਆਪਣੀ ਮੌਤ ਤੋਂ ਪਹਿਲਾਂ ਉਹਨਾਂ ਨੇ ਗੁਰੂ ਥਾਪਣ ਦੀ ਪ੍ਰਕਿਰਿਆ ਤੇ ਰੋਕ ਲਗਾ ਦਿੱਤੀ ਅਤੇ ਗੁਰੂ ਗ੍ਰੰਥ ਸਾਹਿਬ ਜੋ ਸਿੱਖਾਂ ਦਾ ਧਾਰਮਿਕ ਗ੍ਰੰਥ ਹੈ ਨੂੰ ਗੁਰੂ ਥਾਪਿਆ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ਼ਬਦ ਹੀ ਉਨ੍ਹਾਂ ਮਗਰੋਂ 'ਗੁਰੂ' ਹੋਣਗੇ ਅਤੇ ਇਸ ਗ੍ਰੰਥ ਨੂੰ 'ਗੁਰੂ ਗ੍ਰੰਥ ਸਾਹਿਬ' ਦਾ ਨਾਮ ਦਿੱਤਾ।

ਸਾਰਣੀ 4.12

ਗੁਰੂ ਗੋਬਿੰਦ ਸਿੰਘ ਜੀ

ਜਨਮ	1666 ਈ: ਵਿੱਚ ਪਟਨਾ ਵਿਖੇ
ਮਾਤਾ-ਪਿਤਾ	ਮਾਤਾ ਗੁਜਰੀ / ਪਿਤਾ ਗੁਰੂ ਤੇਗ ਬਹਾਦਰ ਜੀ
ਪਤਨੀ	ਜੀਤੋ ਜੀ, ਸੁੰਦਰੀ ਜੀ ਅਤੇ ਸਾਹਿਬ ਦੇਵਾਨ ਜੀ
ਸਪੁੱਤਰ	ਸਹਿਬਜ਼ਾਦਾ ਜੁਝਾਰ ਸਿੰਘ, ਸਹਿਬਜ਼ਾਦਾ ਜ਼ੋਰਾਵਰ ਸਿੰਘ, ਸਹਿਬਜ਼ਾਦਾ ਫ਼ਤਿਹ ਸਿੰਘ ਅਤੇ ਸਹਿਬਜ਼ਾਦਾ ਅਜੀਤ ਸਿੰਘ
ਗੁਰਗੱਦੀ	1675 – 1708 ਈ:
ਸਥਾਪਿਤ ਕੀਤਾ	ਪਾਉਂਟਾ ਸਾਹਿਬ
ਰਚਨਾਵਾਂ	ਦਸਮ ਗ੍ਰੰਥ, ਵਾਰ ਸ੍ਰੀ ਭਗੌਤੀ ਜੀ ਕੀ, ਬਚਿੱਤਰ ਨਾਟਕ, ਅਕਾਲ ਉਸਤਿਤ, ਚੰਡੀ ਦੀ ਵਾਰ,ਜਾਪੁ ਸਾਹਿਬ, ਚੰਡੀ ਚਰਿੱਤਰ, ਗਿਆਨ ਪ੍ਰਬੋਧ, ਚੌਵੀ ਅਵਤਾਰ, ਖਾਲਸੇ ਦੀ ਮਹਿਮਾ, ਸਵੱਯੇ, ਅਤੇ ਜ਼ਫਰਨਾਮਾ
ਖਤਮ ਕੀਤਾ	ਮਸੰਦ ਪ੍ਰਥਾ
ਸਿੱਖੀ ਵਿੱਚ ਤਬਦੀਲ	ਮਾਧੋ ਦਾਸ ਬੈਰਾਗੀ
ਸਮੇਂ ਦੇ ਮੁਗਲ ਬਾਦਸ਼ਾਹ	ਔਰੰਗਜ਼ੇਬ ਅਤੇ ਬਹਾਦਰ ਸ਼ਾਹ
ਉਤਰਾਧਿਕਾਰੀ	ਗੁਰੂ ਗ੍ਰੰਥ ਸਾਹਿਬ ਜੀ
ਜੋਤੀ ਜੋਤ ਸਮਾਉਣਾ	1708 ਈ: ਵਿੱਚ ਨਾਂਦੇੜ (ਮਹਾਂਰਾਸ਼ਟਰ) ਵਿਖੇ

Scanned by CamScanner

ਗੁਰੂ ਗੋਬਿੰਦ ਸਿੰਘ ਮਾਰਗ

ਪੰਜਾਬ ਸਰਕਾਰ ਨੇ ਸੰਨ 1973 ਦੇ ਪਹਿਲੇ ਚਾਰ ਮਹੀਨਿਆਂ ਵਿੱਚ ਗੁਰੂ ਗੋਬਿੰਦ ਸਿੰਘ ਮਾਰਗ ਬਣਵਾਇਆ ਅਤੇ 10 ਤੋਂ 13 ਅਪ੍ਰੈਲ,1973 ਵਿੱਚ ਮਹਾਨ ਨਗਰ ਕੀਰਤਨ ਆਯੋਜਿਤ ਕੀਤਾ ਗਿਆ। ਇਹ ਮਾਰਗ ਅਨੰਦਪੁਰ ਸਾਹਿਬ ਨੂੰ ਦਮਦਮਾ ਸਾਹਿਬ (640 ਕਿ:ਮੀ: ਦੀ ਦੂਰੀ ਤੇ) ਨਾਲ ਜੋੜਦਾ ਹੈ। ਇਹ 91 ਇਤਿਹਾਸਿਕ ਸਥਾਨਾਂ ਅਤੇ 222 ਪਿੰਡਾਂ ਵਿੱਚ ਦੀ ਲੰਘਦਾ ਹੈ। ਇਸ ਲੰਮੇ ਰਾਹ 'ਤੇ 20 ਯਾਦਗਰੀ ਥੰਮ੍ਹ, ਗੁਰੂ ਸਾਹਿਬ ਦੇ ਆਦਰਸ਼ਾਂ ਦੀ ਝਾਕੀ ਪੇਸ਼ ਕਰਦੇ ਹਨ।

ਸ਼ਰਧਾਲੂਆਂ ਲਈ ਗੁਰੂ ਸਾਹਿਬ ਦੀਆਂ ਨਿਸ਼ਾਨੀਆਂ

ਗੁਰੂ ਗੋਬਿੰਦ ਸਿੰਘ ਜੀ ਦੀਆਂ 300 ਸਾਲ ਪੁਰਾਣੀਆਂ ਨਿਸ਼ਾਨੀਆਂ ਜਿਸ ਵਿੱਚ ਗੁਰੂ ਸਾਹਿਬ ਦਾ ਚੋਗਾ ਜੋ ਕਿ ਭਾਈ ਤ੍ਰਿਲੋਕ ਨੂੰ ਦਿੱਤਾ ਗਿਆ ਸੀ, ਗੁਰੂ ਸਾਹਿਬ ਦੀ ਹੱਥ ਲਿਖਤ ਬੀੜ, ਕੰਘੀ ਅਤੇ ਦਸਤਾਰ ਜੋ ਕਿ ਸਦੌਰਾ ਦੇ ਸੱਈਅਦ ਪੀਰ ਬੱਧੂ ਸ਼ਾਹ ਨੂੰ ਦਿੱਤੀ ਗਈ ਅਤੇ ਤਿੰਨ ਤਲਵਾਰਾਂ ਜਿਨ੍ਹਾਂ 'ਤੇ ਪੰਜਾਬੀ ਵਿੱਚ ਸਤਰਾਂ ਉਕਰੀਆਂ ਹਨ, ਨੂੰ ਪਹਿਲਾਂ ਕਿਲ੍ਹਾ ਮੁਬਾਰਕ ਤੋਂ ਪਟਿਆਲਾ ਦੇ ਗੁਰਦਵਾਰਾ ਦੁੱਖ ਨਿਵਾਰਨ ਸਾਹਿਬ ਵਿਖੇ 28 ਅਪ੍ਰੈਲ,2015 ਨੂੰ ਲਿਆਂਦਾ ਗਿਆ ਅਤੇ ਫ਼ਿਰ ਇੱਕ ਨਗਰ ਕੀਰਤਨ ਦੇ ਰੂਪ ਵਿੱਚ ਪੂਰੇ ਰਾਜ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ) ਵੱਲੋਂ ਕੀਤੇ ਇੰਤਜ਼ਾਮ ਅਨੁਸਾਰ ਵਿਸ਼ੇਸ਼ ਬੱਸ ਰਾਹੀ 6 ਮਈ,2015 ਤੋਂ 20 ਮਈ,2015 ਤੱਕ ਸੰਗਤਾਂ ਦੇ ਦਰਸ਼ਨਾਂ ਲਈ ਲਿਜਾਇਆ ਗਿਆ। ਅਖੀਰਲੇ ਪੜਾਅ ਵਿੱਚ ਇਨ੍ਹਾਂ ਨਿਸ਼ਾਨੀਆਂ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਵਿਖੇ ਸਥਾਪਿਤ ਕੀਤਾ ਗਿਆ।

Scanned by CamScanner

4.6.12 ਗੁਰੂ ਗ੍ਰੰਥ ਸਾਹਿਬ ਜੀ:

ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਧਾਰਮਿਕ ਗ੍ਰੰਥ ਹੈ। ਇਸ ਵਿੱਚ ਦਸ ਗੁਰੂਆਂ ਵਿੱਚੋਂ ਛੇ ਗੁਰੂਆਂ ਦੀ ਬਾਣੀ ਅਤੇ ਉਸ ਸਮੇਂ ਦੇ ਸਾਧਾਂ-ਸੰਤਾਂ ਦੀਆਂ ਰਚਨਾਵਾਂ ਵੀ ਹਨ।

ਇਸ ਗ੍ਰੰਥ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਈ: ਵਿੱਚ ਕੀਤੀ। ਭਾਈ ਗੁਰਦਾਸ ਜੀ ਨੇ ਗੁਰੂ ਸਾਹਿਬ ਨਾਲ ਮਿਲ ਕੇ ਲਿਖਣ ਦਾ ਕਾਰਜ ਪੂਰਾ ਕੀਤਾ। ਆਰੰਭ ਵਿੱਚ ਇਸ ਨੂੰ ਪੋਥੀ ਸਾਹਿਬ' ਦਾ ਨਾਮ ਦਿੱਤਾ ਗਿਆ ਸੀ। ਇਸ ਵਿਚ ਗੁਰੂ ਅਰਜਨ ਦੇਵ ਜੀ ਅਤੇ ਉਨ੍ਹਾ ਤੋਂ ਪਹਿਲਾਂ ਹੋਏ ਚਾਰ ਗੁਰੂਆਂ ਦੇ ਨਾਲ-ਨਾਲ ਹਿੰਦੂ ਅਤੇ ਮੁਸਲਿਮ ਸੰਤਾਂ ਦੀ ਬਾਣੀ ਦਰਜ਼ ਹੈ।

> **ਕੀ ਤੁਸੀਂ ਜਾਣਦੇ ਹੋ**
>
> **ਅਤਿ ਅਖੰਡ ਪਾਠ:**
> ਜਦੋਂ ਪੂਰੀ ਬਾਣੀ ਨੂੰ ਇੱਕੋ ਹੀ ਵਿਅਕਤੀ ਦੁਆਰਾ ਬਿਨ੍ਹਾ ਕਿਸੇ ਰੁਕਾਵਟ ਦੇ ਲਗਾਤਾਰ ਪੜ੍ਹਿਆ ਜਾਵੇ ਤਾਂ ਇਸ ਨੂੰ ਅਤਿ ਅਖੰਡ ਪਾਠ ਕਿਹਾ ਜਾਂਦਾ ਹੈ।
>
> **ਅਖੰਡ ਪਾਠ:**
> ਬਿਨ੍ਹਾਂ ਰੁਕੇ ਕਈ ਪਾਠੀਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨ ਦੀ ਪ੍ਰਕਿਰਿਆ ਨੂੰ ਅਖੰਡ ਪਾਠ ਆਖਦੇ ਹਨ।

ਗੁਰੂ ਗ੍ਰੰਥ ਸਾਹਿਬ ਨੂੰ ਗੁਰਮੱਖੀ ਲਿੱਪੀ ਵਿੱਚ ਲਿਖਿਆ ਗਿਆ ਹੈ। ਇਸ ਨੂੰ 16 ਅਗਸਤ, 1604 ਈ: ਨੂੰ ਹਰਿਮੰਦਰ ਸਾਹਿਬ ਦੀ ਨਵੀਂ ਇਮਾਰਤ ਵਿੱਚ ਸਥਾਪਿਤ ਕੀਤਾ ਗਿਆ ਅਤੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਚੁਣਿਆ ਗਿਆ।

ਗੁਰੂ ਅਰਜਨ ਦੇਵ ਜੀ ਨੇ ਨਿਰਦੇਸ਼ ਦਿੱਤਾ ਕਿ ਦਿਨ ਸਮੇਂ ਇਹ ਗ੍ਰੰਥ, ਹਰਿਮੰਦਰ ਸਾਹਿਬ ਵਿੱਚ ਰੱਖਿਆ ਜਾਵੇ ਅਤੇ ਰਾਤ ਸਮੇਂ 'ਸੋਹਿਲਾ' ਪੜ੍ਹਨ ਮਗਰੋਂ ਇਸ ਨੂੰ ਉਸ ਕਮਰੇ ਵਿੱਚ ਜਿਹੜਾ ਗੁਰੂ ਸਾਹਿਬ ਨੇ ਗੁਰੂ ਕਾ ਮਹਿਲ ਵਿਖੇ ਆਪਣੇ ਲਈ ਬਣਵਾਇਆ ਸੀ, ਵਿਖੇ ਲਿਆਂਦਾ ਜਾਵੇ। ਅੱਜ ਤੱਕ ਵੀ ਇਸ ਗ੍ਰੰਥ ਨੂੰ ਸਵੇਰੇ ਇਸੇ ਤਰ੍ਹਾਂ ਹਰਿਮੰਦਰ ਸਾਹਿਬ ਲਿਆਂਦਾ ਜਾਂਦਾ ਹੈ ਅਤੇ ਰਾਤ ਨੂੰ ਅਕਾਲ ਤਖ਼ਤ ਵਿਖੇ ਇੱਕ ਕਮਰੇ ਵਿੱਚ ਵਿਸ਼ਰਾਮ ਲਈ ਰੱਖਿਆ ਜਾਂਦਾ ਹੈ ।

ਇਸ ਗ੍ਰੰਥ ਦਾ ਵਰਤਮਾਨ ਰੂਪ, ਪੁਰਾਤਨ ਰੂਪ ਤੋਂ ਕਾਫ਼ੀ ਵੱਖਰਾ ਹੈ। ਇਸ ਨੂੰ ਗੁਰੂ ਹਰਗੋਬਿੰਦ ਜੀ ਦੁਆਰਾ ਕਰਤਾਰਪੁਰ ਲਿਜਾਇਆ ਗਿਆ ਅਤੇ ਉਥੋਂ ਇਹ ਉਨ੍ਹਾਂ ਦੇ ਪੋਤਰੇ ਧੀਰ ਮੱਲ ਕੋਲ ਚਲਿਆ ਗਿਆ। ਓਦੋਂ ਤੋਂ ਇਹ ਉਸੇ ਪਰਿਵਾਰ ਕੋਲ ਹੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਅਰਜਨ ਦੇਵ ਜੀ ਵੱਲੋਂ ਤਿਆਰ ਕੀਤੇ ਗਏ ਸਰੂਪ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਸ਼ਾਮਿਲ ਕੀਤੀ। ਸੋ ਇਸ ਧਾਰਮਿਕ ਗ੍ਰੰਥ ਦੇ ਵਰਤਮਾਨ ਸਰੂਪ ਵਿੱਚ ਛੇ ਸਿੱਖ ਗੁਰੂਆਂ ਦੀ ਬਾਣੀ ਦੇ ਨਾਲ-ਨਾਲ ਹਿੰਦੂ ਅਤੇ ਮੁਸਲਮਾਨ ਸੰਤਾਂ ਅਤੇ ਭਗਤਾਂ ਦੇ ਦੋਹੇ ਵੀ ਸ਼ਾਮਿਲ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ 1430 ਪੰਨੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਵਿਅਕਤੀਗਤ ਗੁਰੂ ਦੀ ਰੀਤੀ ਖ਼ਤਮ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਥਾਪਿਆ। ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਉਨ੍ਹਾਂ ਨਿਰਦੇਸ਼ ਦਿੱਤਾ ਸੀ ਕਿ ਗ੍ਰੰਥ ਸਾਹਿਬ ਵਿੱਚ ਲਿਖੀ ਬਾਣੀ ਹੀ ਗੁਰੂ ਹੈ ਸੋ ਉਨ੍ਹਾਂ ਨੇ ਇਸ ਧਾਰਮਿਕ ਗ੍ਰੰਥ ਨੂੰ 'ਗੁਰੂ ਗ੍ਰੰਥ ਸਾਹਿਬ ਜੀ', ਦਾ ਨਾਮ ਦਿੱਤਾ।

Scanned by CamScanner

4.6.13 ਪੰਜ ਤਖ਼ਤ:

ਪੰਜ ਗੁਰਦੁਆਰੇ ਜਿੰਨਾਂ ਨੂੰ ਪੰਜ ਤਖ਼ਤ ਕਿਹਾ ਜਾਂਦਾ ਹੈ, ਸਿੱਖ ਕੌਮ ਲਈ ਬਹੁਤ ਮਹੱਤਵਪੂਰਨ ਹਨ। ਇਹ ਸਿੱਖਾਂ ਦੀ ਧਾਰਮਿਕ ਸੱਤਾ ਦੀ ਗੱਦੀ ਹਨ। ਸਿੱਖਾਂ ਦੇ ਧਾਰਮਿਕ ਅਤੇ ਸਮਾਜਿਕ ਜੀਵਨ ਸਬੰਧੀ ਮਹੱਤਵਪੂਰਨ ਫ਼ੈਸਲੇ ਇੱਥੇ ਹੀ ਲਏ ਜਾਂਦੇ ਹਨ।

1. ਸ੍ਰੀ ਅਕਾਲ ਤਖ਼ਤ ਸਾਹਿਬ:

ਇਹ ਸਿੱਖਾਂ ਦੀ ਧਾਰਮਿਕ ਸੱਤਾ ਦੀ ਮੁੱਖਲੀ ਗੱਦੀ ਹੈ ਅਤੇ ਸਿੱਖ ਰਾਜਨੀਤਿਕ ਸੰਗਠਨ ਦਾ ਧੁਰਾ ਹੈ। ਇਹ ਅੰਮ੍ਰਿਤਸਰ ਸ਼ਹਿਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸਥਿਤ ਹੈ। ਸ੍ਰੀ ਹਰਿਮੰਦਰ ਸਾਹਿਬ ਧਾਰਮਿਕ ਅਗਵਾਈ ਕਰਦਾ ਹੈ ਅਤੇ ਅਕਾਲ ਤਖ਼ਤ ਨਿਆ ਅਤੇ ਦੁਨਿਆਵੀ ਕਾਰਜਾਂ ਲਈ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦਾ ਹੈ। ਇਸ ਦੀ ਨੀਂਹ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਰੱਖੀ ਸੀ। ਅਕਾਲ ਤਖ਼ਤ ਸਾਹਿਬ ਰਾਜਸੀ ਗੱਦੀ ਦਾ ਸੰਕੇਤਕ ਸੀ। ਰਾਜਸੀ ਦੂਤ ਅਤੇ ਰਾਜਦੂਤਾਂ ਨੂੰ ਇਥੇ ਹੀ ਦਰਬਾਰ ਵਿੱਚ ਠਹਿਰਾਇਆ ਜਾਂਦਾ ਸੀ। ਇਹ ਨਿਆਇਕ ਅਦਾਲਤ ਸੀ, ਜਿਥੇ ਆਮ ਜਨਤਾ ਦੀਆਂ ਸ਼ਿਕਾਇਤਾਂ ਸੁਣੀਆਂ ਜਾਂਦੀਆਂ ਸਨ। ਫ਼ੌਜੀ ਮੋਰਚਾਬੰਦੀ ਦਾ ਇਹ ਸਰਵਉੱਚ ਕੇਂਦਰ ਸੀ। ਸਿੱਖ ਰਾਜਨੀਤੀ, ਤਰਕ-ਸ਼ਾਸ਼ਤਰ ਅਤੇ ਵਿੱਦਿਅਕ ਮਸਲਿਆਂ ਦਾ ਇਹ ਸਰਵਉੱਚ ਕੇਂਦਰ ਸੀ। ਇਥੇ ਹੀ ਗੁਰੂ ਜੀ ਨੇ ਮੀਰੀ-ਪੀਰੀ ਸਬੰਧੀ ਸਿੱਖ ਤਰਕ ਦਾ ਪ੍ਰਗਟਾਵਾ ਕੀਤਾ। ਇਥੇ ਦੋ ਝੰਡੇ ਇੱਕ ਦੁਨਿਆਵੀਂ ਅਤੇ ਦੂਜਾ ਆਤਮਿਕ ਤਾਕਤ ਨੂੰ ਦਰਸਾਉਂਦਾ ਲਗਾਏ ਗਏ। ਇਹ ਤਖ਼ਤ ਪੰਜਾਂ ਤਖ਼ਤਾਂ ਵਿੱਚੋਂ ਸਭ ਤੋਂ ਪੁਰਾਣਾ ਤਖ਼ਤ ਹੈ।

2. ਤਖ਼ਤ ਸ੍ਰੀ ਦਮਦਮਾ ਸਾਹਿਬ:

ਦਮਦਮਾ ਸਾਹਿਬ ਜ਼ਿਲ੍ਹਾ ਬਠਿੰਡਾ ਦੇ ਪਿੰਡ ਤਲਵੰਡੀ ਸਾਬੋ ਵਿਖੇ ਸਥਿਤ ਹੈ। ਇਹ ਉਹ ਹੀ ਸਥਲ ਹੈ ਜਿਥੇ ਗੁਰੂ ਜੀ ਪੂਰਾ ਇੱਕ ਸਾਲ ਰਹੇ ਅਤੇ 1705 ਈ: ਵਿੱਚ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕੀਤਾ, ਜਿਸ ਨੂੰ 'ਦਮਦਮਾ ਸਾਹਿਬ ਬੀੜ' ਵੀ ਕਿਹਾ ਜਾਂਦਾ ਹੈ। ਉਨ੍ਹਾਂ ਵੱਲੋਂ ਗੁਰੂ ਅਰਜਨ ਦੇਵ ਜੀ ਵੱਲੋਂ ਤਿਆਰ ਕੀਤੇ ਮੂਲ ਸਰੂਪ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਸ਼ਾਮਿਲ ਕੀਤੀ ਗਈ। ਇਥੇ ਕਈ ਲੋਕ ਧਰਮ ਪਰਿਵਰਤਨ ਕਰਕੇ ਖ਼ਾਲਸਾ ਬਣੇ। ਗੁਰੂ ਗੋਬਿੰਦ ਸਿੰਘ ਜੀ ਦਾ ਹੱਥ ਲਿਖਤ ਪਹਿਲਾ ਗ੍ਰੰਥ ਸਾਹਿਬ ਇਥੇ ਹੀ ਸਸ਼ੋਭਿਤ ਹੈ।

3. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ:

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਹਿਬ) ਸਿੱਖਾਂ ਦੇ ਸਭ ਤੋਂ ਪਵਿੱਤਰ ਸਥਾਨਾਂ ਵਿੱਚੋਂ ਇੱਕ ਹੈ ਅਤੇ ਸਿੱਖਾਂ ਦੇ ਧਾਰਮਿਕ ਅਤੇ ਇਤਿਹਾਸਿਕ ਜੀਵਨ ਨਾਲ ਜੁੜਿਆ ਹੋਇਆ ਹੈ। ਆਨੰਦਪੁਰ ਸਾਹਿਬ 1665 ਈ: ਵਿੱਚ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵਸਾਇਆ ਸੀ। 1674 ਈ: ਵਿੱਚ ਗੁਰੂ ਗੋਬਿੰਦ ਸਿੰਘ ਜੀ ਜਦੋਂ ਕੇਵਲ ਅੱਠ ਸਾਲਾਂ ਦੇ ਸਨ, ਇਥੇ ਆਏ ਸਨ ਅਤੇ ਆਪਣੇ ਜੀਵਨ ਦੇ 25 ਸਾਲ ਅਨੰਦਪੁਰ ਵਿਖੇ ਬਿਤਾਏ। ਇਸੇ ਥਾਂ 'ਤੇ 1699 ਈ: ਵਿੱਚ ਵਿਸਾਖੀ ਵਾਲੇ ਦਿਨ (30 ਮਾਰਚ) ਆਪ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਸਾਜਿਆ। ਇਹ ਸਥਾਨ ਖ਼ਾਲਸਾ ਅਰਥਾਤ ਸ਼ੁੱਧਤਾ ਦੇ ਜਨਮ ਸਥਾਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸ਼ਾਸ਼ਤਰ ਵੀ ਇੱਥੇ ਹੀ ਸਸ਼ੋਭਿਤ ਹਨ। ਇਨ੍ਹਾਂ ਵਿੱਚ ਉਹ ਖੰਡਾ ਵੀ ਸ਼ਾਮਿਲ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਤਿਆਰ ਕਰਨ ਲਈ ਵਰਤਿਆ ਅਤੇ ਜਿਸ ਨਾਲ ਉਨ੍ਹਾਂ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ। ਇਹ ਸਥਾਨ ਖ਼ਾਲਸੇ ਦੀ ਜਨਮ ਭੂਮੀ ਹੈ।

4. ਤਖ਼ਤ ਸ੍ਰੀ ਹਜ਼ੂਰ ਸਾਹਿਬ:

ਹਜ਼ੂਰ ਸਾਹਿਬ ਮਹਾਰਾਸ਼ਟਰ ਵਿੱਚ ਗੋਦਾਵਰੀ ਦੇ ਕੰਢੇ 'ਤੇ ਸਥਿਤ ਹੈ। ਇਸੇ ਥਾਂ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਏ ਸਨ। ਤਖ਼ਤ ਸਾਹਿਬ ਦੇ ਅੰਦਰਲੇ ਕਮਰੇ ਨੂੰ ਅੰਗੀਠਾ ਸਾਹਿਬ ਕਿਹਾ ਜਾਂਦਾ ਹੈ। ਇਹ ਨਾਂਦੇੜ ਦਾ ਪ੍ਰਮੁੱਖ ਧਾਰਮਿਕ ਸਥਲ

Scanned by CamScanner

ਹੈ। ਦਸਵੇਂ ਗੁਰੂ, ਇਥੇ ਹੀ ਆਪਣੀ ਕਚਹਿਰੀ ਸਜਾਉਂਦੇ ਅਤੇ ਵਿਚਾਰ ਵਿਟਾਂਦਰਾ ਕਰਦੇ ਸਨ। ਹਮਲਾਵਰਾਂ ਵੱਲੋਂ ਹਮਲੇ ਵਿੱਚ ਜਖ਼ਮੀ ਹੋਣ ਉਪਰੰਤ ਇਥੇ ਹੀ ਇੱਕ ਤੰਬੂ ਵਿੱਚ ਉਨ੍ਹਾਂ ਨੂੰ ਰੱਖਿਆ ਗਿਆ ਸੀ। ਆਪ ਇਥੇ ਹੀ ਜੋਤੀ-ਜੋਤ ਸਮਾਏ। ਇਥੋਂ ਹੀ ਆਪ ਨੇ ਬੰਦਾ ਸਿੰਘ ਬਹਾਦਰ ਨੂੰ ਪੰਜ ਸਿੰਘਾਂ ਨਾਲ ਪੰਜਾਬ ਵੱਲ ਭੇਜਿਆ ਅਤੇ ਸੱਚ ਅਤੇ ਇਨਸਾਫ਼ ਲਈ ਲੜਨ ਲਈ ਪ੍ਰੇਰਿਆ।

ਗੁਰੂ ਨਾਨਕ ਦੇਵ ਜੀ ਨੇ 'ਸੱਚਖੰਡ' ਨੂੰ ਗੁਰੂ ਦਾ ਘਰ ਕਿਹਾ ਸੀ। ਤਖ਼ਤ ਸਾਹਿਬ ਦੀ ਵਰਤਮਾਨ ਇਮਾਰਤ ਦੀ ਉਸਾਰੀ 1830 ਈਸਵੀ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸ਼ਾਹੀ ਖਜ਼ਾਨੇ ਵਿੱਚੋਂ, ਪੰਜਾਬ ਤੋਂ ਮਜ਼ਦੂਰ ਅਤੇ ਸ਼ਿਲਪਕਾਰ ਭੇਜ ਕੇ ਕਰਵਾਈ।

5. ਤਖ਼ਤ ਸ੍ਰੀ ਪਟਨਾ ਸਾਹਿਬ:

ਪਟਨਾ ਸਾਹਿਬ ਬਿਹਾਰ ਦੀ ਰਾਜਧਾਨੀ ਪਟਨਾ ਵਿੱਚ ਸਥਿਤ ਹੈ। ਇਥੇ ਹੀ 1666 ਈ: ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ। ਆਨੰਦਪੁਰ ਸਾਹਿਬ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਜੀਵਨ ਦੇ ਮੁੱਢਲੇ ਵਰ੍ਹੇ ਇਥੇ ਬਿਤਾਏ ਸਨ। ਗੁਰੂ ਗੋਬਿੰਦ ਸਿੰਘ ਜੀ ਦੀ ਜਨਮ ਭੂਮੀ ਹੋਣ ਤੋਂ ਬਿਨਾਂ ਇਸ ਧਰਤੀ ਨੂੰ ਗੁਰੂ ਨਾਨਕ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਹੈ। ਗੁਰਦੁਆਰਾ ਪਟਨਾ ਸਾਹਿਬ, ਪੂਰਬੀ ਭਾਰਤ ਵਿੱਚ ਸਿੱਖੀ ਨੂੰ ਪ੍ਰਫੁਲਿੱਤ ਕਰਨ ਵਾਲਾ ਮੁੱਖ ਕੇਂਦਰ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੌਜੂਦਾ ਮੁਖੀ, ਜਥੇਦਾਰ ਗੋਬਿੰਦ ਸਿੰਘ ਲੋਂਗੋਵਾਲ ਜੀ ਹਨ।

ਸਾਰਣੀ 4.13

ਪੰਜ ਤਖ਼ਤ

ਤਖ਼ਤ ਦਾ ਨਾਂ	ਸਥਾਨ	ਜਥੇਦਾਰ / ਸਿੰਘ ਸਾਹਿਬ
ਸ੍ਰੀ ਅਕਾਲ ਤਖ਼ਤ	ਅੰਮ੍ਰਿਤਸਰ, ਪੰਜਾਬ	ਸਿੰਘ ਸਾਹਿਬ ਗਿਆਨੀ ਹਰਪਰੀਤ ਸਿੰਘ ਜੀ
ਸ੍ਰੀ ਦਮਦਮਾ ਸਾਹਿਬ	ਤਲਵੰਡੀ ਸਾਬੋ, ਬਠਿੰਡਾ, ਪੰਜਾਬ	ਸਿੰਘ ਸਾਹਿਬ ਗਿਆਨੀ ਹਰਪਰੀਤ ਸਿੰਘ ਜੀ (ਕਾਰਜਵਾਹਕ)
ਸ੍ਰੀ ਕੇਸਗੜ੍ਹ ਸਾਹਿਬ	ਆਨੰਦਪੁਰ ਸਾਹਿਬ, ਪੰਜਾਬ	ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ
ਸ੍ਰੀ ਪਟਨਾ ਸਾਹਿਬ	ਪਟਨਾ ਸਾਹਿਬ, ਬਿਹਾਰ	ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ
ਸ੍ਰੀ ਹਜ਼ੂਰ ਸਾਹਿਬ	ਨਾਂਦੇੜ ਸਾਹਿਬ, ਮਹਾਂਰਾਸ਼ਟਰ	ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ

Scanned by CamScanner

4.6.14 ਬੰਦਾ ਸਿੰਘ ਬਹਾਦਰ-ਇੱਕ ਸਿੱਖ ਯੋਧਾ (1670-1716):

ਸਿੱਖ ਯੋਧਾ, ਬੰਦਾ ਸਿੰਘ ਬਹਾਦਰ ਦਾ ਜਨਮ 27 ਦਸੰਬਰ,1670 ਈ: ਨੂੰ ਕਸ਼ਮੀਰ ਦੇ ਪੁਣਛ ਜਿਲ੍ਹੇ ਵਿੱਚ ਰਜੌਰੀ ਵਿਖੇ ਹੋਇਆ।ਉਨ੍ਹਾਂ ਦਾ ਅਸਲ ਨਾਂ ਲਛਮਣ ਦੇਵ ਸੀ।ਉਹ ਇੱਕ ਕਿਸਾਨ, ਰਾਮਦੇਵ ਦੇ ਸਪੁੱਤਰ ਸਨ।

ਸਿਕਾਰ ਦੌਰਾਨ ਆਪਣੇ ਤੀਰ ਨਾਲ ਇੱਕ ਮਾਦਾ ਹਿਰਨੀ, ਜਿਸ ਦੇ ਗਰਭ ਵਿੱਚ ਦੋ ਬੱਚੇ ਸਨ ਨੂੰ ਮਰਦਾ ਦੇਖ ਆਪ ਬੈਰਾਗੀ ਬਣ ਗਏ ਸਨ।

ਉਹ ਪਹਿਲਾਂ ਬੈਰਾਗੀ ਜਾਨਕੀ ਪਰਸ਼ਾਦ ਨੂੰ ਮਿਲੇ ਅਤੇ ਫਿਰ ਉਨ੍ਹਾਂ ਨੇ ਬੈਰਾਗੀ ਰਾਮ ਦਾਸ ਦੀ ਸੰਗਤ ਕੀਤੀ।ਉਨ੍ਹਾਂ ਦਾ ਨਾਮ ਬਦਲ ਕੇ ਮਾਧੋਦਾਸ ਰੱਖਿਆ ਗਿਆ।ਆਪਣੇ ਯੋਗ ਗੁਰੂ-ਅਉਯਰ ਨਾਥ, ਜੋ ਕਿ ਨਾਸਿਕ ਤੋਂ ਸਨ ਦੀ ਮੌਤ ਮਗਰੋਂ ਆਪ ਨਾਂਦੇੜ ਆ ਗਏ, ਜਿੱਥੇ ਉਨ੍ਹਾਂ ਨੇ ਆਪਣਾ ਡੇਰਾ ਸਥਾਪਿਤ ਕੀਤਾ।

ਸਤੰਬਰ, 1708 ਵਿੱਚ ਗੁਰੂ ਗੋਬਿੰਦ ਸਿੰਘ ਆਪ ਦੇ ਨਾਂਦੇੜ ਵਿੱਚ ਸਥਿਤ ਡੇਰੇ 'ਤੇ ਆਏ।ਗੁਰੂ ਸਾਹਿਬ ਨੇ ਆਪ ਨੂੰ ਇੱਕ ਨਗਾਰਾ ਅਤੇ ਆਪਣੇ ਭੱਥੇ ਵਿੱਚੋਂ ਪੰਜ ਤੀਰ ਦੇ ਕੇ ਕਾਰਜਕਾਰੀ ਨੇਤਾ ਬਣਾਇਆ।ਗੁਰੂ ਸਾਹਿਬ ਨੇ ਹੀ ਉਨ੍ਹਾਂ ਨੂੰ 'ਬੰਦਾ ਸਿੰਘ' ਦਾ ਨਾਮ ਦਿੱਤਾ।ਉਨ੍ਹਾਂ ਨੂੰ ਸਲਾਹ ਮਸ਼ਵਰੇ ਲਈ ਪੰਜ ਸਿੱਖਾਂ ਦੀ ਕਮੇਟੀ ਬਣਾ ਕੇ ਦਿੱਤੀ ਗਈ।ਜਿਸ ਵਿੱਚ ਸ਼ਾਮਿਲ ਸਨ:- ਬਿਨੋਦ ਸਿੰਘ,ਕਾਹਨ ਸਿੰਘ,ਬਾਜ ਸਿੰਘ,ਦਯਾ ਸਿੰਘ ਅਤੇ ਰਾਮ ਸਿੰਘ।

ਗੁਰੂ ਸਾਹਿਬ ਨੇ ਉਸ ਨੂੰ ਆਪਣਾ ਸੈਨਾਪਤੀ ਨਿਯੁਕਤ ਕੀਤਾ ਅਤੇ ਮੁਗਲਾਂ ਵਿਰੁੱਧ ਅਤੇ ਵਜ਼ੀਰ ਖਾਨ ਨੂੰ ਸਜਾ ਦੇਣ ਲਈ ਵਿੰਢੀ ਮੁਹਿੰਮ ਦੀ ਅਗਵਾਈ ਕਰਨ ਲਈ ਕਿਹਾ।

ਬੰਦਾ ਸਿੰਘ ਬਹਾਦਰ ਨੇ ਪੰਜਾਬ ਵੱਲ ਨੂੰ ਕੂਚ ਕੀਤਾ ਅਤੇ ਸਰਹਿੰਦ, ਸਮਾਣਾ, ਘੁਰਮ, ਬਸਕਾ, ਸ਼ਾਹਬਾਦ, ਮੁਸਤਫ਼ਾਬਾਦ ਅਤੇ ਕਪੂਰੀ ਆਪਣੇ ਕਬਜ਼ੇ ਵਿੱਚ ਲੈ ਲਏ।ਫਿਰ ਉਸ ਨੇ ਸਢੌਰਾ 'ਤੇ ਕਬਜ਼ਾ ਕੀਤਾ, ਜਿਥੇ ਉਸ ਨੇ ਉਸਮਾਨ ਖਾਨ ਨੂੰ ਜਾਨੋਂ ਮਾਰ ਦਿੱਤਾ।ਉਸਮਾਨ ਖਾਨ ਉਹੀ ਸੀ ਜਿਸ ਨੇ ਸਈਅਦ ਬੁੱਧੂ ਸ਼ਾਹ ਨੂੰ (ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪਰਮ ਮਿੱਤਰ ਸੀ) ਨੂੰ ਤਸੀਹੇ ਦੇ ਕੇ ਮਾਰ ਦਿੱਤਾ ਸੀ।

ਸਰਹਿੰਦ ਦਾ ਨਵਾਬ ਵਜ਼ੀਰ ਖਾਨ 12 ਮਈ, 1710 ਈ: ਨੂੰ ਚੱਪੜਚਿੱੜੀ ਦੀ ਜੰਗ ਵਿੱਚ ਮਾਰਿਆ ਗਿਆ ਅਤੇ ਸਰਹਿੰਦ ਤੇ ਬੰਦਾ ਸਿੰਘ ਬਹਾਦਰ ਦਾ ਕਬਜ਼ਾ ਹੋ ਗਿਆ।ਇਸ ਤਰ੍ਹਾਂ ਉਹ ਯਮਨਾ ਅਤੇ ਸਤਲੁਜ ਵਿਚਲੇ ਇਲਾਕਿਆਂ ਦਾ ਪ੍ਰਤੱਖ ਰੂਪ ਵਿੱਚ ਮਾਲਿਕ ਬਣ ਗਿਆ।

ਬੰਦਾ ਸਿੰਘ ਬਹਾਦਰ ਨੇ ਮੁਖਲਿਸਪੁਰ ਕਿਲ੍ਹੇ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਇਸ ਨੂੰ ਲੋਹਗੜ੍ਹ ਦਾ ਨਾਮ ਦਿੱਤਾ।ਉਸ ਨੇ ਰਾਜਸੀ ਸ਼ਾਨੋ-ਸ਼ੌਕਤ ਅਖਤਿਆਰ ਕੀਤੀ ਅਤੇ ਇੱਕ ਨਵਾਂ ਕੈਲੰਡਰ,ਸਿੱਕੇ ਅਤੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦੀ ਮੋਹਰ ਵੀ ਜਾਰੀ ਕੀਤੀ।ਸਰਕਾਰੀ ਕੰਮ ਕਾਰ ਲਈ ਫ਼ਾਰਸੀ ਭਾਸ਼ਾ ਨੂੰ ਮਾਨਤਾ ਦਿੱਤੀ ਗਈ।ਉਸ ਨੇ ਜਿੰਮੀਦਾਰੀ-ਪ੍ਰਣਾਲੀ ਖ਼ਤਮ ਕਰ ਦਿੱਤੀ ਸੀ।

ਬੰਦਾ ਸਿੰਘ ਬਹਾਦਰ ਦੇ ਵੱਧਦੇ ਪ੍ਰਭਾਵ ਨੇ ਮੁਗਲ ਸ਼ਾਸ਼ਕ ਬਹਾਦੁਰ ਸ਼ਾਹ ਦੀ ਆਨ ਨੂੰ ਲਲਕਾਰਿਆ ਅਤੇ ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਮੰਨਣ ਵਾਲੇ ਹਰ ਸ਼ਿਸ਼ ਨੂੰ ਕਤਲ ਕਰਨ ਦਾ ਹੁਕਮ ਦੇ ਦਿੱਤਾ।ਇੱਕ ਵੱਡੀ ਸ਼ਕਤੀਸ਼ਾਲੀ ਸੈਨਾ ਨੇ ਲੋਹਗੜ੍ਹ ਨੂੰ ਘੇਰ ਲਿਆ,ਪਰ ਬੰਦਾ ਸਿੰਘ ਬਹਾਦਰ ਇਥੋਂ ਨਿਕਲਣ ਵਿੱਚ ਕਾਮਯਾਬ ਰਿਹਾ ਅਤੇ ਗੁਰਦਾਪੁਰ ਨੰਗਲ ਨੇੜੇ ਦੁਨੀਚੰਦ ਦੀ ਹਵੇਲੀ ਵਿੱਚ ਪਹੁੰਚ ਗਿਆ।ਬੰਦਾ ਸਿੰਘ ਬਹਾਦਰ ਕੋਲ ਸੈਨਿਕਾਂ ਅਤੇ ਸਾਧਨਾਂ ਦੀ ਘਾਟ ਸੀ।ਉਸ ਕੋਲ ਹੁਣ ਪੈਸਾ,ਘੋੜੇ ਅਤੇ ਹਾਥੀ ਵੀ ਨਹੀਂ ਸਨ।ਮੁਗਲ ਸੈਨਾ, ਮੁਗਲ ਬਾਦਸ਼ਾਹ ਫ਼ਾਰੁਖਸ਼ੀਆਰ ਦੀ ਅਗਵਾਈ ਹੇਠ ਅੱਗੇ ਵਧੀ ਅਤੇ ਬੰਦਾ ਸਿੰਘ ਬਹਾਦਰ ਅਤੇ ਉਨ੍ਹਾ ਦੇ ਸਾਥੀਆਂ ਨੂੰ ਦਸੰਬਰ,1715 ਈ:ਵਿੱਚ ਬੰਦੀ ਬਣਾ ਲਿਆ ਗਿਆ।ਉਨ੍ਹਾਂ ਨੂੰ ਪਹਿਲਾਂ ਪੈਦਲ ਤੋਰ ਕੇ

Scanned by CamScanner

ਲਾਹੌਰ ਅਤੇ ਫ਼ਿਰ ਦਿੱਲੀ ਲਿਜਾਇਆ ਗਿਆ। ਫ਼ਿਰ ਉਨ੍ਹਾਂ ਨੂੰ ਖ਼ਵਾਜਾ ਕੁਤਬ-ਉਦ-ਦੀਨ-ਬਖਤਿਆਰ ਕਾਜ਼ੀ ਦੀ ਦਰਗਾਹ ਤੇ ਲਿਜਾ ਕੇ ਇਸਲਾਮ ਜਾਂ ਮੌਤ ਵਿੱਚੋਂ ਇੱਕ ਨੂੰ ਕਬੂਲ ਕਰਨ ਲਈ ਕਿਹਾ ਗਿਆ।

ਧਰਮ ਬਦਲਣ ਤੋਂ ਇਨਕਾਰ ਕਰਨ ਤੇ ਬੰਦਾ ਸਿੰਘ ਬਹਾਦਰ ਦੇ ਚਾਰ ਵਰ੍ਹਿਆਂ ਦੇ ਪੁੱਤਰ ਅਜਾਏ ਸਿੰਘ ਦੇ ਟੋਟੇ ਕਰ ਦਿੱਤੇ ਗਏ। ਬੰਦਾ ਸਿੰਘ ਬਹਾਦਰ ਨੂੰ ਵੀ ਬਹੁਤ ਤਸੀਹੇ ਦਿੱਤੇ ਗਏ। ਉਨ੍ਹਾਂ ਦੀਆਂ ਅੱਖਾਂ ਕੱਢ ਦਿੱਤੀਆਂ ਗਈਆਂ, ਹੱਥ ਅਤੇ ਪੈਰ ਚੀਰ ਦਿੱਤੇ ਗਏ। ਉਨ੍ਹਾਂ ਨੂੰ ਤੱਤੀਆਂ ਸਲਾਖਾਂ ਲਗਾਈਆਂ ਗਈਆਂ ਅਤੇ ਸਰੀਰ ਦਾ ਅੰਗ-ਅੰਗ ਕੱਟਿਆ ਗਿਆ। ਅਜਿਹਾ ਸਭ 9 ਜੂਨ, 1716 ਈ: ਨੂੰ ਮੁਗਲ ਬਾਦਸ਼ਾਹ ਫ਼ਾਰੁਖਸ਼ੀਆਰ ਦੇ ਹੁਕਮਾਂ ਅਧੀਨ ਹੋਇਆ।

4.6.15 ਦਲ ਖਾਲਸਾ:

ਬੰਦਾ ਸਿੰਘ ਬਹਾਦਰ ਦੀ ਮੌਤ ਮਗਰੋਂ, ਸਿੱਖਾਂ ਕੋਲ ਯੋਗ ਅਗਵਾਈ ਦੀ ਕਮੀ ਰਹੀ। ਮੁਗਲ ਸਲਤਨਤ ਖਿਲਾਫ਼ ਛਿੜਿਆ ਸੰਘਰਸ਼ ਹੁਣ ਲੋਕ ਲਹਿਰ ਦਾ ਰੂਪ ਲੈ ਗਿਆ। ਸਿੱਖ ਸੈਨਿਕਾਂ ਨੇ ਅੰਮ੍ਰਿਤਸਰ ਉਪਰ ਆਪਣਾ ਕਬਜਾ ਕਰ ਲਿਆ ਅਤੇ ਇਸ ਨੂੰ ਸਿੱਖੀ ਗਤੀਵਿਧੀਆਂ ਦਾ ਕੇਂਦਰ ਬਣਾ ਲਿਆ। ਹਰਿਮੰਦਰ ਸਾਹਿਬ ਦਾ ਕੰਮ ਕਾਜ ਦੇਖਣ ਲਈ ਭਾਈ ਮਨੀ ਸਿੰਘ ਨੂੰ ਨਿਯੁਕਤ ਕੀਤਾ ਗਿਆ।

ਸਿੱਖਾਂ ਨੇ ਆਪਣੇ ਜਾਤੀ ਮਸਲੇ ਹੱਲ ਕਰਨ ਦੀ ਨਵੀਂ ਰਵਾਇਤ ਆਰੰਭੀ। ਇਹ ਮਸਲੇ ਹੁਣ ਅੰਮ੍ਰਿਤਸਰ ਵਿੱਚ ਵਿਸਾਖੀ ਅਤੇ ਦਿਵਾਲੀ ਮੌਕੇ ਹੁੰਦੇ ਇਕੱਠ ਦੌਰਾਨ ਵਿਚਾਰੇ ਜਾਂਦੇ। ਇਨ੍ਹਾਂ ਸੰਗਠਨਾਂ ਨੂੰ ਸਰਬੱਤ ਖਾਲਸਾ ਦਾ ਨਾਮ ਦਿੱਤਾ ਗਿਆ। ਸਰਬੱਤ ਖ਼ਾਲਸਾ ਅਮਲੀ ਰੂਪ ਵਿੱਚ ਤਾਕਤ ਬਣ ਕੇ ਉਭੱਰਿਆ। ਇਨ੍ਹਾਂ ਦੇ ਜੱਥੇਦਾਰ ਨਿਯੁਕਤ ਕੀਤੇ ਅਤੇ ਉਹਨਾਂ ਨੂੰ ਪਹਾੜੀਆਂ ਅਤੇ ਜੰਗਲਾਂ ਵਿੱਚ ਪੈਂਦੇ ਪਿੰਡਾਂ ਦੀ ਰਾਖੀ ਦੇ ਨਿਰਦੇਸ਼ ਦਿੱਤੇ ਗਏ।

1733 ਈ: ਵਿੱਚ ਲਾਹੌਰ ਦਾ ਮੁਗਲ਼ ਨਵਾਬ-ਜ਼ਕਰੀਆ ਖਾਨ, ਜਦੋਂ ਤਾਕਤ ਦੇ ਜੋਰ ਤੇ ਸਿਖਾਂ ਨੂੰ ਦਬਾ ਨਾ ਸਕਿਆ ਤਾਂ ਉਸ ਨੇ ਆਪਣੀਆਂ ਕੋਝੀਆਂ ਸਾਜਿਸ਼ਾ ਰਚਣੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ਸਿੱਖਾਂ ਨੂੰ ਜਗੀਰ ਦਿੱਤੀ ਅਤੇ ਉਨ੍ਹਾਂ ਦੇ ਮੁਖੀਆਂ ਨੂੰ ਨਵਾਬ ਦੀ ਉਪਾਧੀ ਦੇ ਦਿੱਤੀ। ਸਰਬਤ ਖਾਲਸਾ ਵੱਲੋਂ ਕਪੂਰ ਸਿੰਘ ਨੂੰ ਮੁਖੀ ਥਾਪਿਆ ਗਿਆ ਅਤੇ ਨਵਾਬ ਦੀ ਉਪਾਧੀ ਦਿੱਤੀ ਗਈ। ਇਸੇ ਕਾਰਨ ਉਨ੍ਹਾਂ ਨੂੰ ਅੱਜ ਵੀ ਨਵਾਬ ਕਪੂਰ ਸਿੰਘ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਨਵਾਬ ਕਪੂਰ ਸਿੰਘ ਨੇ ਸੰਪੂਰਨ ਸਿੱਖ ਸੈਨਾਂ ਨੂੰ ਦੋ ਭਾਗਾਂ ਵਿੱਚ ਵੰਡਿਆ - ਬੁੱਢਾ ਦਲ ਅਤੇ ਤਰੁਨਾ ਦਲ। ਬੁੱਢਾ ਦਲ ਵਿੱਚ ਵਡੇਰੀ ਉਮਰ ਦੇ ਅਤੇ ਤਰੁਨਾ ਦਲ ਵਿੱਚ ਨੌਜਵਾਨ ਫ਼ੌਜੀ ਸਨ। ਬੁੱਢਾ ਦਲ ਦਾ ਕਾਰਜ ਗੁਰਦੁਆਰਿਆਂ ਦੀ ਸਾਂਭ-ਸੰਭਾਲ ਦੇ ਨਾਲ-ਨਾਲ, ਤਰੁਨਾ ਦਲ ਨੂੰ ਸਹੀ ਅਗਵਾਈ ਅਤੇ ਸਿਖਲਾਈ ਦੇਣਾ ਸੀ। ਜਦੋਂ ਕਿ ਤਰੁਨਾ ਦਲ ਦਾ ਕੰਮ ਫ਼ੌਜੀ ਹਮਲਿਆਂ ਨਾਲ ਨਜਿੱਠਣਾ ਸੀ।

ਨਵਾਬ ਕਪੂਰ ਸਿੰਘ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਜ਼ਕਰੀਆ ਖਾਨ ਦੇ ਇਸ ਰਵੱਈਏ ਦਾ ਭਰਪੂਰ ਲਾਭ ਲਿਆ ਅਤੇ ਜੱਥਿਆਂ ਨੂੰ ਸੰਪੂਰਨ ਅਜਾਦੀ ਨਾਲ ਕੰਮ ਕਰਨ ਦੀ ਇਜਾਜ਼ਤ ਮਿਲ ਗਈ।

ਪਰ ਜ਼ਕਰੀਆ ਖਾਨ ਅਤੇ ਨਵਾਬ ਕਪੂਰ ਸਿੰਘ ਵਿਚਕਾਰ ਹੋਈ ਸੰਧੀ 1735 ਈ: ਵਿੱਚ ਟੁੱਟ ਗਈ। ਸਰਕਾਰ ਨੇ ਜਾਗੀਰ ਤੇ ਮੁੜ ਕਬਜ਼ਾ ਕਰ ਲਿਆ ਅਤੇ ਸਰਬਤ ਖਾਲਸਾ ਨੂੰ ਗੈਰ ਕਾਨੂੰਨੀ ਘੋਸ਼ਿਤ ਕੀਤਾ ਗਿਆ ਅਤੇ ਇਸ ਦਾ ਅਸਤਿਤਵ ਮਿਟਾ ਦਿੱਤਾ ਗਿਆ। ਹਰਿਮੰਦਰ ਸਾਹਿਬ ਦੇ ਪਾਠੀ ਭਾਈ ਮਨੀ ਸਿੰਘ ਦੀ ਸ਼ਹਾਦਤ ਨੇ ਸਿੱਖਾਂ ਅੰਦਰ ਰੋਸ ਦੀ ਲਹਿਰ ਪੈਦਾ ਕਰ ਦਿੱਤੀ।

ਪਰ ਉਨ੍ਹਾਂ ਦੇ ਬਦਲਾ ਲੈਣ ਤੋਂ ਪਹਿਲਾਂ ਹੀ ਨਾਦਿਰ ਸ਼ਾਹ ਨੇ 1738 ਈ: ਵਿੱਚ ਪੰਜਾਬ 'ਤੇ ਹਮਲਾ ਕਰ ਦਿੱਤਾ। ਖਾਲਸੇ ਨੇ

Scanned by CamScanner

ਨਾਦਿਰ ਸ਼ਾਹ ਨੂੰ ਨਾ ਬਖਸ਼ਿਆ। ਉਨ੍ਹਾਂ ਨੇ ਨਾਦਿਰ ਸ਼ਾਹ ਦੁਆਰਾ ਇਕੱਠੇ ਕੀਤੇ ਲੁੱਟ ਦੇ ਮਾਲ ਨੂੰ ਖੋਹ ਲਿਆ। ਜਾਣ ਤੋਂ ਪਹਿਲਾਂ ਨਾਦਿਰ ਸ਼ਾਹ ਨੇ ਜ਼ਕਰੀਆ ਖਾਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਸ ਨੇ ਇਨ੍ਹਾਂ ਲੜਾਕੂਆਂ ਨੂੰ ਖਤਮ ਨਾ ਕੀਤਾ ਤਾਂ ਇੱਕ ਦਿਨ ਉਹ ਉਸ ਦਾ ਰਾਜ-ਭਾਗ ਖੋ ਲੈਣਗੇ।

ਜ਼ਕਰੀਆ ਖਾਨ ਨੇ ਨਾਦਿਰ ਸ਼ਾਹ ਦੀ ਚੇਤਾਵਨੀ ਨੂੰ ਯਾਦ ਰੱਖਿਆ। ਉਸ ਨੇ ਖਾਲਸਾ ਦੁਆਰਾ ਬਣਾਈ ਦੱਲਵਾਲ ਕੱਚੀ ਗੜ੍ਹੀ ਢਾਹ ਦਿੱਤੀ। ਲਾਹੌਰ ਦੀ ਘੋੜਾ ਮੰਡੀ, ਜਿਸ ਨੂੰ ਅੱਜ ਸ਼ਹੀਦਗੰਜ ਕਿਹਾ ਜਾਂਦਾ ਹੈ, ਵਿਖੇ ਹਜ਼ਾਰਾਂ ਸਿੱਖਾਂ ਦੇ ਸਿਰ ਜ਼ਕਰੀਆ ਖਾਨ ਦੇ ਹੁਕਮਾਂ ਤੇ ਵੱਢ ਦਿਤੇ ਗਏ।

1745 ਈ: ਵਿੱਚ ਜ਼ਕਰੀਆ ਖਾਨ ਦੀ ਮੌਤ ਤੋਂ ਬਾਅਦ, ਉਸ ਦੇ ਪੁੱਤਰ, ਯਹੀਆ ਖਾਨ ਨੇ ਕਮਾਨ ਸੰਭਾਲੀ ਅਤੇ ਸਿੱਖਾਂ ਪ੍ਰਤੀ ਆਪਣਾ ਜ਼ਾਲਮਾਨਾ ਵਤੀਰਾ ਜਾਰੀ ਰੱਖਿਆ। ਲਾਹੌਰ ਦੇ ਦੀਵਾਨ, ਲੱਖਪੱਤ ਰਾਏ, ਦੇ ਭਰਾ ਜ਼ਸਪਤ ਰਾਏ ਦੀ 1740 ਈ: ਵਿੱਚ ਸਿੱਖਾਂ ਹੱਥੋਂ ਹੋਈ ਮੌਤ ਨੇ ਉਸ ਨੂੰ ਹੋਰ ਵੀ ਭੜਕਾ ਦਿੱਤਾ।

ਇੱਕ ਵੱਡੀ ਸੈਨਾ ਨਾਲ ਉਸ ਨੇ ਗੁਰਦਾਸਪੁਰ ਨੇੜੇ, ਕਾਹਨੂੰਵਾਲ ਵਿਖੇ ਹਮਲਾ ਕਰਕੇ ਸੱਤ ਹਜਾਰ ਤੋਂ ਵੱਧ ਸਿੱਖਾਂ ਨੂੰ ਮਾਰ ਦਿੱਤਾ ਅਤੇ ਇਸ ਨੂੰ 'ਛੋਟਾ ਘੱਲੂਘਾਰਾ' ਦਾ ਨਾਮ ਦਿੱਤਾ ਜਾਂਦਾ ਹੈ।

ਜਨਵਰੀ, 1748 ਈ: ਵਿੱਚ ਅਫ਼ਗਾਨਿਸਤਾਨ ਦਾ ਨਵਾਂ ਸਾਸ਼ਕ ਅਮਿਦਸ਼ਾਹ ਅਬਦਾਲੀ, ਯਹੀਆ ਖਾਨ ਦੇ ਭਰਾ ਸ਼ਾਹ ਨਿਵਾਜ਼ ਦੇ ਸੱਦੇ ਤੇ ਭਾਰਤ ਦਾਖ਼ਿਲ ਹੋਇਆ। ਲਾਹੌਰ ਦੀ ਲੁੱਟ-ਖਸੁੱਟ ਮਗਰੋਂ, ਅਬਦਾਲੀ ਦਿੱਲੀ ਵੱਲ ਨੂੰ ਵਧਿਆ, ਜਿੱਥੇ ਮੁਗਲ ਫੌਜ ਦੇ ਕਮਾਂਡਰ ਮੀਰ ਮੰਨੂੰ ਹੱਥੋਂ ਹਾਰ ਝੱਲਣੀ ਪਈ।

ਇਸ ਰਾਜਨੀਤਿਕ ਸ਼ਸ਼ੋਪੰਜ ਦਾ ਲਾਭ ਲੈਂਦਿਆਂ, ਸਰਬਤ ਖ਼ਾਲਸਾ ਨੇ ਮੁੜ ਆਪਣੀ ਪਛਾਣ ਬਣਾਈ। ਖ਼ਾਲਸਾ ਦੀਆਂ ਸਾਰੀਆਂ ਫੌਜ਼ਾਂ 1748 ਈ: ਵਿੱਚ ਇੱਕ ਝੰਡੇ ਹੇਠ ਇਕੱਠੀਆਂ ਹੋਈਆਂ, ਜਿਸ ਨੂੰ ਦਲ ਖ਼ਾਲਸਾ ਕਿਹਾ ਗਿਆ, ਅਤੇ ਇਸ ਦੀ ਕਮਾਨ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸੰਭਾਲੀ। ਦਲ ਨੂੰ ਗਿਆਰਾਂ ਇਕਾਈਆਂ (ਮਿਸਲਾਂ) ਵਿੱਚ ਵੰਡ ਦੀਤਾ ਗਿਆ। ਹਰ ਮਿਸਲ ਨੂੰ ਵੱਖਰਾ ਨਾਮ ਅਤੇ ਨੇਤਾ ਦਿੱਤਾ ਗਿਆ।

ਛੋਟਾ ਘੱਲੂਘਾਰਾ

ਲਾਹੌਰ ਦਾ ਦੀਵਾਨ ਲੱਖਪਤ ਰਾਏ ਆਪਣੇ ਭਰਾ ਜੱਸਪਤ ਰਾਏ ਜੋ ਕਿ ਈਮੀਨਾ ਬਾਦ ਦਾ ਫ਼ੌਜਦਾਰ ਸੀ ਅਤੇ ਜਿਸ ਦੀ ਸਿੱਖਾਂ ਨਾਲ ਹੋਈ ਝੜਪ ਵਿੱਚ ਮੌਤ ਹੋ ਗਈ ਸੀ, ਦੀ ਮੌਤ ਦਾ ਬਦਲਾ ਲੈਣਾ ਚਾਹੁੰਦਾ ਸੀ। ਲਾਹੌਰ ਦੇ ਮੁਗ਼ਲ ਗਵਰਨਰ ਯਹੀਆ ਖਾਨ ਦੀ ਮੱਦਦ ਨਾਲ, ਲਖਪਤ ਰਾਏ ਨੇ ਸਿੱਖ ਵਿਰੋਧੀ ਵੱਡੀ ਮੁਹਿੰਮ ਚਲਾਈ ਅਤੇ ਇਸ ਨੂੰ ਅੰਜਾਮ ਦੇਣ ਲਈ ਵੱਡੀ ਸੈਨਾ ਤਿਆਰ ਕੀਤੀ। ਗੁਰਦਾਸਪੁਰ ਨੇੜੇ, ਕਾਹਨੂੰਵਾਲ ਦੇ ਸੰਘਣੇ ਜੰਗਲਾਂ ਵਿੱਚ ਸਿੱਖਾਂ ਨੂੰ ਘੇਰ ਲਿਆ ਗਿਆ, ਜਿੱਥੇ ਉਹ ਬਹੁਤ ਬਹਾਦਰੀ ਨਾਲ ਲੜੇ। ਪਰ ਵੱਡੀ ਗਿਣਤੀ ਫੌਜ਼ਾ ਦੇ ਸਾਹਮਣੇ ਸਿੱਖਾਂ ਨੂੰ ਬਹੁਤ ਨੁਕਸਾਨ ਝੱਲਣਾ ਪਿਆ। ਲੱਗਭਗ 7000 ਸਿੱਖਾਂ ਨੂੰ ਕਤਲ ਕੀਤਾ ਗਿਆ ਅਤੇ 3000 ਸਿੱਖਾਂ ਨੂੰ 1 ਅਤੇ 2 ਮਈ 1746 ਦੀ ਲੜਾਈ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਲੱਖਪੱਤ ਜਿੱਤਣ ਮਗਰੋਂ ਲਾਹੌਰ ਵੱਲ ਨੂੰ ਪਰਤਿਆ, ਜਿੱਥੇ ਕੈਦੀਆਂ ਨੂੰ ਸਿਰ ਵੱਢਣ ਲਈ ਕੈਦ ਕੀਤਾ ਗਿਆ ਸੀ। ਇਸ ਥਾਂ ਤੇ ਅੱਜ ਗੁਰਦਾਆਰਾ ਸ਼ਹੀਦ ਗੰਜ ਮੌਜੂਦ ਹੈ। 1746 ਵਿੱਚ ਹੋਏ ਇਸ ਕਤਲੇਆਮ ਨੂੰ 'ਛੋਟਾ ਘੱਲੂਘਾਰਾ' ਕਿਹਾ ਜਾਂਦਾ ਹੈ। ਇਹ 1762 ਵਿੱਚ ਹੋਏ ਵੱਡੇ ਘੱਲੂਘਾਰੇ ਤੋਂ ਵੱਖਰਾ ਹੈ।

ਇਸ ਛੋਟੇ ਘੱਲੂਘਾਰੇ ਦੀ ਯਾਦ ਵਿੱਚ ਪੰਜਾਬ ਸਰਕਾਰ ਨੇ 100 ਫੁੱਟ ਉੱਚੀ ਮਿਨਾਰ ਬਤੌਰ ਯਾਦਗਰੀ ਮੀਨਾਰ, ਦੀ ਉਸਾਰੀ ਗੁਰਦਾਸਪੁਰ ਨੇੜੇ, ਕਾਹਨੂੰਵਾਲ ਵਿਖੇ ਕਰਵਾਈ ਹੈ।

Scanned by CamScanner

ਬਾਰ੍ਹਵੀਂ ਮਿਸਲ, ਫੁਲਕੀਆਂ ਮਿਸਲ ਦਲ ਖ਼ਾਲਸਾ ਦਾ ਭਾਗ ਨਹੀਂ ਸੀ ਅਤੇ ਕਈ ਵਾਰ ਉਸ ਨੇ ਜਨ ਵਿਰੋਧੀ ਕਾਰਵਾਈਆਂ ਵੀ ਕੀਤੀਆਂ।

ਥੋੜੇ ਹੀ ਸਮੇਂ ਵਿੱਚ ਦਲ ਖ਼ਾਲਸਾ ਨੇ ਪੰਜਾਬ ਦੇ ਵੱਡੇ ਹਿੱਸੇ 'ਤੇ ਕਬਜ਼ਾ ਕਰ ਲਿਆ। ਦਲ ਖ਼ਾਲਸਾ ਨੇ ਪਹਿਲਾਂ ਸਰਹਿੰਦ ਵਿਖੇ ਅਹਿਮਦਸ਼ਾਹ ਅਬਦਾਲੀ ਦੇ ਗਵਰਨਰ ਨੂੰ ਹਰਾਇਆ। ਇਹ 1762 ਈ: ਵਿੱਚ ਵੱਡਾ ਘੱਲੂਘਾਰਾ ਤੋਂ ਬਾਅਦ ਹੋਇਆ ਅਤੇ ਇਸੇ ਸਾਲ, ਖ਼ਾਲਸਾ ਨੇ ਅੰਮ੍ਰਿਤਸਰ ਵਿਖੇ ਅਹਿਮਦਸ਼ਾਹ ਨੂੰ ਵੀ ਹਰਾ ਦਿੱਤਾ। ਸਿੱਖਾਂ ਨੇ ਸਤਲੁਜ ਤੋਂ ਯਮੁਨਾ ਵਿਚਲੇ ਇਲਾਕਿਆਂ ਤੇ ਮੁੜ ਕਬਜ਼ਾ ਕਰ ਲਿਆ। 1764 ਈ: ਵਿੱਚ ਸਰਹਿੰਦ ਤੇ ਕਬਜ਼ਾ ਕਰਨ ਉਪਰੰਤ, ਮਿਸਲਦਾਰੀ ਪ੍ਰਣਾਲੀ ਹੋਂਦ ਵਿੱਚ ਆਈ।

ਕਪੂਰ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਆ ਨੇ ਸਿੱਖਾਂ ਨੂੰ ਯੋਗ ਅਗਵਾਈ ਦਿੱਤੀ। ਪਰ 1783 ਈ: ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਮੌਤ ਮਗਰੋਂ ਪ੍ਰਤੱਖ ਰੂਪ ਵਿੱਚ ਦਲ ਖ਼ਾਲਸਾ ਦਾ ਅੰਤ ਹੋ ਗਿਆ।

ਵੱਡਾ ਘੱਲੂਘਾਰਾ

ਦਲ ਖਾਲਸਾ ਅਤੇ ਅਹਿਮਦਸ਼ਾਹ ਅਬਦਾਲੀ ਵਿੱਚ ਹੋਈ ਇੱਕ ਹੋਰ ਲੜਾਈ ਦੇ ਦੌਰਾਨ ਹੋਏ ਕਤਲੇਆਮ ਨੂੰ ਸਿੱਖ ਇਤਿਹਾਸ ਵਿੱਚ ਵੱਡੇ ਘੱਲੂਘਾਰੇ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਪਾਣੀਪਤ ਦੀ ਤੀਜੀ ਇਤਿਹਾਸਿਕ ਲੜਾਈ ਜਿੱਤਣ ਮਗਰੋਂ ਜਦੋਂ ਉਹ ਘਰ ਮੁੜ ਰਿਹਾ ਸੀ ਤਾਂ ਸਿੱਖ ਸੈਨਿਕਾਂ ਨੇ ਉਸ ਦੀ ਕਾਫ਼ੀ ਲੂਟ-ਪਾਟ ਕੀਤੀ ਅਤੇ ਉਸ ਨੂੰ ਕਾਫ਼ੀ ਪਰੇਸ਼ਾਨ ਕੀਤਾ। ਸਿੱਖਾਂ ਨੇ ਸਰਹਿੰਦ ਅਤੇ ਮਲੇਰਕੋਟਲਾ ਦੀ ਵੀ ਲੂਟ-ਪਾਟ ਕੀਤੀ ਅਤੇ ਜਲੰਧਰ ਦੇ ਫੌਜਦਾਰ ਨੂੰ ਅਗਵਾ ਕਰ ਲਿਆ। ਜਿਸ ਨਾਲ ਅਬਦਾਲੀ ਹੋਰ ਗੁੱਸੇ ਵਿੱਚ ਆ ਗਿਆ। ਸਿੱਖ, ਜੋ ਕਿ ਮਲੇਰਕੋਟਲਾ ਨੇੜੇ ਕੁੱਪ ਰੋਹੀੜਾ ਵਿਖੇ ਇੱਕ ਟੈਂਟ ਵਿੱਚ ਰਹਿ ਰਹੇ ਸਨ, ਨੂੰ ਅਬਦਾਲੀ ਵੱਲੋਂ ਕੈਦ ਕਰ ਲਿਆ ਗਿਆ। 5 ਫਰਵਰੀ ਨੂੰ ਸਿੱਖਾਂ ਅਤੇ ਅਬਦਾਲੀ ਵਿੱਚ ਘਮਸਾਨ ਦੀ ਲੜਾਈ ਹੋਈ। ਸਿੱਖਾਂ ਨੇ ਲੜਦੇ-ਲੜਦੇ ਮਰਨ ਦੀ ਸੁਹੰ ਖਾਧੀ, ਪਰ ਛੇਤੀ ਹੀ ਅਬਦਾਲੀ ਦੀ ਵੱਡੀ ਸੈਨਾ ਨੇ ਉਨਾਂ 'ਤੇ ਕਬਜ਼ਾ ਕਰ ਲਿਆ। ਇਸ ਕਤਲੇਆਮ ਵਿੱਚ ਲੱਗਭਗ 20,000 ਤੋਂ 50,000 ਸਿੱਖ ਔਰਤਾਂ ਅਤੇ ਬੱਚਿਆਂ ਸਮੇਤ ਮਾਰੇ ਗਏ।1762 ਈ: ਵਿੱਚ ਹੋਏ ਇਸ ਕਤਲੇਆਮ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ, ਅਜਿਹਾ 1746 ਈ: ਵਿੱਚ ਹੋਏ ਛੋਟੇ ਘੱਲੂਘਾਰੇ ਤੋਂ ਇਸ ਨੂੰ ਵੱਖਰੀ ਪਛਾਣ ਦੇਣ ਲਈ ਕੀਤਾ ਗਿਆ।

ਪੰਜਾਬ ਸਰਕਾਰ ਨੇ ਪਿੰਡ ਕੁੱਪ ਰੋਹੀੜਾ ਨੇੜੇ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ ਵਿਖੇ, ਵੱਡਾ ਘੱਲੂਘਾਰਾ ਦੀ ਯਾਦਗਾਰ ਬਣਵਾਈ ਹੈ।

Scanned by CamScanner

4.6.16 ਸਿੱਖ ਮਿਸਲਾਂ:

ਪੰਜਾਬੀ ਭਾਸ਼ਾ ਵਿੱਚ ਮਿਸਲ ਸ਼ਬਦ ਸੰਗਠਨ ਜਾਂ ਰਾਜ ਮੰਡਲ ਲਈ ਵਰਤਿਆ ਜਾਂਦਾ ਹੈ। ਸਿੱਖ ਮਿਸਲਾਂ ਦਾ ਸਿੱਖ ਇਤਿਹਾਸ ਵਿਚ ਇਕ ਮਹੱਤਵਪੂਰਨ ਪਿਛੋਕੜ ਹੈ, ਕਿਉਂਕਿ ਸਿੱਖ ਰਾਜ ਦੀ ਨੀਂਹ, ਸਿੱਖ ਮਿਸਲਾਂ ਦੇ ਦੌਰ ਵਿੱਚ ਆਉਣ ਨਾਲ ਹੀ ਪਈ। ਦੇ ਸਹਾਰਿਆਂ ਤੇਜ਼ ਸਕਲੀਆ ਖਾਨ ਵਲੋਂ ਸਿੱਖਾਂ 'ਤੇ ਹੁੰਦੇ ਜੁਲਮਾਂ ਨੂੰ ਹਿਮਤ ਨਾਲ ਸਹਿੰਦਿਆਂ ਅਤੇ ਇਸ ਦੇ ਵਿਰੋਧ ਵਿੱਚ ਲੜਦਿਆਂ, ਸਿੱਖ ਆਗੂਆਂ ਅੰਦਰ ਇਕ ਵਿਸ਼ਵਾਸ, ਉਮੀਦ, ਨਿਡਰਤਾ ਅਤੇ ਏਕੇ ਦੀ ਭਾਵਨਾ ਉਤਪੰਨ ਹੋਈ। ਇਨ੍ਹਾਂ ਨੇ ਵੱਖ-2 ਸੰਗਠਨਾਂ ਨੂੰ ਮਿਸਲਾਂ ਹੇਠ ਇਕੱਠੇ ਕੀਤਾ। ਸਾਰੀਆਂ ਮਿਸਲਾਂ ਨੂੰ ਬਰਾਬਰੀ ਦਾ ਦਰਜਾ ਹਾਸਿਲ ਸੀ। ਸਿੱਖਾਂ ਨੇ ਆਪਣੀਆਂ ਗਤੀਵਿਧੀਆਂ 12 ਮਿਸਲਾਂ ਰਾਹੀਂ ਚਲਾਈਆਂ। ਕਈ ਮਿਸਲਾਂ ਵਿੱਚ ਕੁੱਝ ਸੌਕੜੇ ਅਤੇ ਕਈਆਂ ਵਿੱਚ 8 ਤੋਂ 10 ਹਜ਼ਾਰ ਤੱਕ ਸੈਨਿਕ ਸਨ। ਕੋਈ ਵੀ ਸਿੱਖ, ਕਿਸੇ ਵੀ ਮਿਸਲ ਵਿੱਚ ਭਰਤੀ ਹੋ ਸਕਦਾ ਸੀ ਅਤੇ ਕੋਈ ਵੀ ਮਿਸਲ ਆਪਣੇ ਅਧਿਕਾਰ ਖੇਤਰ ਵਿੱਚ ਆਪਣੇ ਢੰਗ ਨਾਲ ਕੰਮ-ਕਾਰ ਚਲਾ ਸਕਦੀ ਸੀ। ਅਜਿਹਾ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਸਿੱਖ ਮੈਦਾਨ ਵਿੱਚ ਸੰਤੂਰ ਹਜ਼ਾਰ ਫੌਜੀਆਂ ਨੂੰ ਖਦੇੜਨ ਦੀ ਤਾਕਤ ਰੱਖਦੇ ਸਨ। ਮਿਸਲਾਂ ਦੀ ਕਾਰਜ-ਪ੍ਰਣਾਲੀ ਉਸ ਸਮੇਂ ਦੇ ਹਾਲਤਾਂ ਦੇ ਅਨੁਕੂਲ ਸੀ ਅਤੇ ਆਪਣੇ ਆਗੂਆਂ ਦੀ ਸਹੀ ਅਗਵਾਈ ਹੇਠ, ਲਾਭਦੰਦ ਤਰੀਕੇ ਨਾਲ ਕੰਮ ਕਰ ਰਹੀ ਸੀ। ਹਰ ਮਿਸਲ ਵਿਅਕਤੀਗਤ ਰੂਪ ਵਿੱਚ ਕਾਰਜ ਕਰਦੀ ਸੀ, ਪਰ ਕੁੱਝ ਅਪਾਤਕਾਲੀਨ ਹਾਲਤਾਂ ਵਿੱਚ ਦੂਜੀਆਂ ਮਿਸਲਾਂ ਨਾਲ ਰਾਬਤਾ ਕਾਇਮ ਕੀਤਾ ਜਾਂਦਾ ਸੀ। ਇਸ ਨੇ ਸਿੱਖ ਸੈਨਿਕਾਂ ਦੀ ਤਾਕਤ ਨੂੰ ਇਕ ਉਦੇਸ਼ ਬਖਸ਼ਿਆ ਅਤੇ ਉਹ ਮੱਤਵ ਸੀ ਪੰਜਾਬ ਵਿੱਚੋਂ ਮੁਗਲ ਰਾਜ ਦਾ ਖਾਤਮਾ ਅਤੇ ਧਰਮ ਪ੍ਰਤੀ ਆਪਣੇ ਵਿਸ਼ਵਾਸ ਦੀ ਰੱਖਿਆ। ਇਸ ਲਈ ਜਦੋਂ ਵੀ ਮਿਸਲ ਨੇਤਾਵਾਂ ਨੂੰ ਇਹ ਪਤਾ ਲਗਦਾ ਕਿ ਕੋਈ ਮੁਗਲ ਸ਼ਾਸਕ ਲੋਕਾਂ ਦਾ ਸੋਸ਼ਣ ਕਰ ਰਿਹਾ ਹੈ ਤਾਂ ਉਹ ਦੱਬੇ-ਕੁਚਲੇ ਲੋਕਾਂ ਦੀ ਮੱਦਦ ਲਈ ਤੁਰੰਤ ਹਾਜ਼ਰ ਹੁੰਦੇ ਅਤੇ ਉਹਨਾਂ ਦਾ ਬਚਾਅ ਕਰਦੇ। ਆਪਣੇ ਖੇਤਰ ਵਿੱਚ, ਆਪਣੇ ਦੌਰ ਵਿੱਚ ਉਹ ਉਸ ਸਮੇਂ ਦੇ ਪੇਸ਼ੇਵਰ ਲੜਾਕੂ ਸਨ।

ਸਾਰਣੀ 4.14 **ਸਿੱਖ ਮਿਸਲਾਂ ਅਤੇ ਉਹਨਾਂ ਦੇ ਸੰਸਥਾਪਕ**

ਮਿਸਲ ਦਾ ਨਾਂ	ਸੰਸਥਾਪਕ
ਕਰੋੜ ਸਿੰਘੀਆਂ ਮਿਸਲ	ਕਰੋੜ ਸਿੰਘ
ਨਿਸ਼ਾਨਵਾਲੀਆ ਮਿਸਲ	ਦਸੌਧਾ ਸਿੰਘ
ਸ਼ਹੀਦਾਂ ਮਿਸਲ	ਬਾਬਾ ਦੀਪ ਸਿੰਘ
ਨਕੱਈ ਮਿਸਲ	ਹੀਰਾ ਸਿੰਘ ਨਕੱਈ
ਡੱਲੇਵਾਲੀਆ ਮਿਸਲ	ਗੁਲਾਬ ਸਿੰਘ ਡੱਲੇਵਾਲੀਆ
ਰਾਮਗੜੀਆ ਮਿਸਲ	ਜੱਸਾ ਸਿੰਘ ਰਾਮਗੜ੍ਹੀਆ
ਫੂਲਕੀਆਂ ਮਿਸਲ	ਚੌਧਰੀ ਫੂਲ
ਭੰਗੀ ਮਿਸਲ	ਹਰੀ ਸਿੰਘ ਢਿੱਲੋਂ
ਆਹਲੂਵਾਲੀਆ ਮਿਸਲ	ਜੱਸਾ ਸਿੰਘ ਆਹਲੂਵਾਲੀਆ
ਘਨੱਈਆ ਮਿਸਲ	ਜੈ ਸਿੰਘ
ਸਿੰਘਪੁਰੀਆ (ਫੈਜ਼ਲਪੁਰੀਆ) ਮਿਸਲ	ਨਵਾਬ ਕਪੂਰ ਸਿੰਘ
ਸ਼ੁੱਕਰਚੱਕੀਆ ਮਿਸਲ	ਬੁੱਧ ਸਿੰਘ

Scanned by CamScanner

4.6.17 ਮਹਾਰਾਜਾ ਰਣਜੀਤ ਸਿੰਘ:

ਮਹਾਰਾਜਾ ਰਣਜੀਤ ਸਿੰਘ ਨੂੰ ਆਮ ਤੌਰ ਤੇ ਸ਼ੇਰੇ-ਪੰਜਾਬ' ਅਰਥਾਤ ਪੰਜਾਬ ਦਾ ਸ਼ੇਰ ਕਿਹਾ ਜਾਂਦਾ ਹੈ,ਉਹ ਪੰਜਾਬ ਦੇ ਇਤਿਹਾਸ ਦੀ ਸਭ ਤੋਂ ਤਾਕਤਵਾਰ ਸਖਸ਼ੀਅਤ ਰਹੇ ਹਨ। ਉਹਨਾਂ ਦਾ ਜਨਮ 13 ਨਵੰਬਰ,1980 ਨੂੰ ਪਾਕਿਸਤਾਨ ਦੇ ਸ਼ਹਿਰ ਗੁਜਰਾਂਵਾਲਾ ਵਿੱਚ ਸੰਧਾਂਵਾਲੀਆ ਗੋਤਰ ਦੇ ਜੱਟ ਸਿੱਖ ਪਰਿਵਾਰ ਵਿੱਚ ਹੋਇਆ। ਆਪ ਦੇ ਪਿਤਾ ਜੀ ਦਾ ਨਾਮ ਸਰਦਾਰ ਮਹਾਂ ਸਿੰਘ ਸੁਕਰਚੱਕੀਆ ਅਤੇ ਮਾਤਾ ਜੀ ਦਾ ਨਾਮ ਸਰਦਾਰਨੀ ਰਾਜ ਕੌਰ ਸੀ, ਜੋ ਕਿ ਜੀਂਦ ਦੇ ਰਾਜੇ ਗਜਪਤ ਸਿੰਘ ਦੀ ਪੁੱਤਰੀ ਸੀ। ਇਹਨਾਂ ਦਾ ਪਹਿਲਾ ਨਾਮ ਬੁੱਧ ਸਿੰਘ ਸੀ, ਅਤੇ ਬਾਅਦ ਵਿੱਚ ਬਦਲ ਕੇ ਰਣਜੀਤ ਸਿੰਘ ਰੱਖਿਆ ਗਿਆ।

ਰਣਜੀਤ ਸਿੰਘ ਸੁਕਰਚੱਕੀਆ ਮਿਸਲ ਨਾਲ ਸਬੰਧ ਰੱਖਦੇ ਸਨ, ਜਿਸ ਦੀ ਸਥਾਪਨਾ ਬੁੱਧ ਸਿੰਘ ਨੇ ਕੀਤੀ ਅਤੇ ਕਿਹਾ ਜਾਂਦਾ ਹੈ ਕਿ ਉਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਸੀ। 1718 ਈ: ਵਿੱਚ ਬੁੱਧਾ ਸਿੰਘ ਦੀ ਮੌਤ ਮਗਰੋਂ, ਉਸ ਦੇ ਪੁੱਤਰ ਨੌਧ ਸਿੰਘ ਨੇ ਪਿੰਡ ਸੁਕਰਚੱਕ ਨੂੰ ਵਿਕਸਿਤ ਕੀਤਾ ਗਿਆ, (ਸੋ ਨਾਮ ਸੁਕਰਚੱਕੀਆ ਪੈ ਗਿਆ)। ਨੌਧ ਸਿੰਘ ਤੋਂ ਮਗਰੋਂ ਉਸ ਦਾ ਉਤਰਾਧਿਕਾਰੀ, ਉਸ ਦਾ ਪੁੱਤਰ ਚੜ੍ਹਤ ਸਿੰਘ ਬਣਿਆ, ਜਿਸ ਨੇ ਆਪਣਾ ਹੈੱਡ ਕੁਆਟਰ ਗੁੱਜਰਾਂਵਾਲਾ ਵਿਖੇ ਸਥਾਪਿਤ ਕੀਤਾ। ਉਸ ਨੂੰ ਲਾਹੌਰ ਦੇ ਅਫ਼ਗਾਨੀ ਗਵਰਨਰ ਅਹਿਮਦਸ਼ਾਹ ਅਬਦਾਲੀ ਨਾਲ ਕਈ ਗਿਲੇ ਸਨ। ਚੜ੍ਹਤ ਸਿੰਘ ਦੀ ਆਖਰੀ ਝੜੱਪ ਜੰਮੂ ਵਿੱਚ ਹੋਈ, ਜਿੱਥੇ ਉਸ ਦੀ ਆਪਣੀ ਬੰਦੂਕ ਫੱਟ ਜਾਣ ਕਾਰਨ ਉਹ ਗੰਭੀਰ ਹਾਲਤ ਵਿਚ ਜਖ਼ਮੀ ਹੋ ਗਿਆ ਅਤੇ ਉਸ ਦੀ ਮੌਤ ਹੋ ਗਈ। ਚੜ੍ਹਤ ਸਿੰਘ ਦਾ ਪੁੱਤਰ, ਮਹਾਂ ਸਿੰਘ ਉਸ ਦਾ ਉਤਰਾਧਿਕਾਰੀ ਬਣਿਆ, ਜਿਸ ਨੇ ਆਪਣੀ ਪਦਵੀ ਨੂੰ ਹੋਰ ਤਾਕਤਵਰ ਕਰਨ ਲਈ ਜੀਂਦ ਦੇ ਰਾਜੇ ਰਾਜਪਤ ਸਿੰਘ ਦੀ ਪੁੱਤਰੀ ਨਾਲ ਵਿਆਹ ਕੀਤਾ। ਜੰਮੂ ਉੱਪਰ ਅਧਿਕਾਰ ਨੂੰ ਲੈ ਕੇ ਮਹਾਂ ਸਿੰਘ ਦੀ ਘਨੂਈਆ ਮਿਸਲ ਨਾਲ ਝੜੱਪ ਹੋ ਗਈ ਅਤੇ ਇਸ ਮੁਠਭੇੜ ਵਿੱਚ ਕਨ੍ਹਈਆ ਮਿਸਲ ਦੇ ਆਗੂ ਜੈ ਸਿੰਘ ਦੇ ਪੁੱਤਰ ਗੁਰਬਖਸ਼ ਸਿੰਘ ਦੀ ਮੌਤ ਹੋ ਗਈ। 1792 ਈ: ਵਿੱਚ ਮਹਾਂ ਸਿੰਘ ਦੀ ਮੌਤ ਹੋ ਗਈ।

ਬੁੱਧ ਸਿੰਘ
↓
ਨੌਧ ਸਿੰਘ
↓
ਚੜ੍ਹਤ ਸਿੰਘ
↓
ਮਹਾਂ ਸਿੰਘ
↓
ਰਣਜੀਤ ਸਿੰਘ

ਆਪਣੇ ਪਿਤਾ ਮਹਾਂ ਸਿੰਘ ਦੀ ਮੌਤ ਮਗਰੋਂ, ਰਣਜੀਤ ਸਿੰਘ ਜੋ ਕਿ ਉਸ ਸਮੇਂ ਕੇਵਲ 12 ਵਰ੍ਹਿਆਂ ਦਾ ਸੀ, ਉਤਰਾਧਿਕਾਰੀ ਬਣਿਆ। ਬਚਪਨ ਵਿੱਚ ਮਾਤਾ ਹੋਣ ਕਾਰਨ ਉਸ ਦੀ ਇੱਕ ਅੱਖ ਦੀ ਨਜ਼ਰ ਖ਼ਤਮ ਹੋ ਗਈ। ਉਹਨਾਂ ਨੇ ਸਕੂਲੀ ਵਿਦਿਆ ਹਾਸਿਲ ਨਹੀਂ ਕੀਤੀ ਅਤੇ ਬਹੁਤ ਸਮਾਂ ਸ਼ਿਕਾਰ ਅਤੇ ਘੋੜ ਸਵਾਰੀ ਵਿੱਚ ਹੀ ਬਿਤਾਇਆ।

1796 ਈ: ਵਿੱਚ ਉਹਨਾਂ ਦਾ ਵਿਆਹ, ਕਨ੍ਹਈਆ ਮਿਸਲ ਦੇ ਗੁਰਬਖਸ਼ ਸਿੰਘ ਅਤੇ ਸਦਾ ਕੌਰ ਦੀ ਪੁੱਤਰੀ ਮਹਿਤਾਬ ਕੌਰ ਨਾਲ ਹੋਇਆ।ਆਪ ਦਾ ਪਾਲਣ-ਪੋਸ਼ਣ ਮੁੱਖ ਤੌਰ ਤੇ ਆਪ ਦੀ ਸੱਸ, ਸਦਾ ਕੌਰ ਨੇ ਹੀ ਕੀਤਾ। ਉਸ ਨੇ ਆਪ ਦੀ ਅਸੀਮ ਤਾਕਤ ਨੂੰ ਪੰਜਾਬ ਨੂੰ ਸੰਗਠਿਤ ਕਰਨ ਲਈ ਵਰਤਣ ਲਈ ਪ੍ਰੇਰਿਤ ਕੀਤਾ। ਉਸ ਨੇ ਆਪ ਦੇ ਜੀਵਨ ਦੇ ਆਰੰਭਿਕ ਵਰ੍ਹੇ ਜੋ ਕਿ ਜੰਗਾਂ ਲੜ੍ਹਨ ਅਤੇ ਜਿੱਤਣ ਵਿੱਚ ਬੀਤੇ, ਦੌਰਾਨ ਆਪ ਦੀ ਕਾਫ਼ੀ ਸਹਾਇਤਾ ਕੀਤੀ।

1798 ਈ: ਵਿੱਚ ਪੰਜਾਬ ਦੀ ਰਾਜਨੀਤਿਕ ਹਾਲਤ ਕਾਫ਼ੀ ਗੁੰਝਲਦਾਰ ਸੀ। ਕੁੱਝ ਸਿੱਖ ਮਿਸਲਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਵਧਦੀ ਤਾਕਤ ਨੇ ਡਰ ਦਾ ਭਾਵ ਪੈਦਾ ਕਰ ਦਿੱਤਾ। ਇਹਨਾਂ ਮਿਸਲਾਂ ਵਿੱਚੋਂ ਕੁੱਝ ਸਨ, ਭੰਗੀ, ਘੱਨਈਆ, ਨਕੱਈ ਅਤੇ ਆਹਲੂਵਾਲੀਆ। ਮਹਿਤਾਬ ਕੌਰ ਨਾਲ ਵਿਆਹ ਉਪਰੰਤ, ਰਣਜੀਤ ਸਿੰਘ ਨੇ ਘਨੱਈਆ ਮਿਸਲ 'ਤੇ ਅਧਿਕਾਰ ਕਰ ਲਿਆ ਅਤੇ ਰਾਜ ਕੌਰ, ਜੋ ਕਿ ਇੱਕ ਨੱਕਈ ਰਾਜਕੁਮਾਰੀ ਸੀ ਨਾਲ ਵਿਆਹ ਕਰਕੇ ਨਕਈ ਮਿਸਲ 'ਤੇ ਅਧਿਕਾਰ ਕਰ ਲਿਆ। ਫਤਿਹ ਸਿੰਘ ਆਹਲੂਵਾਲੀਆ ਨਾਲ ਪੱਗ ਵਟਾ ਕੇ ਆਪ ਨੇ ਆਹਲੂਵਾਲੀਆ ਮਿਸਲ ਜਿੱਤ ਲਈ। ਬਾਕੀ ਮਿਸਲਾਂ ਵੀ ਜਾਂ ਤਾਂ ਜਿੱਤ ਲਈਆਂ ਗਈਆਂ ਜਾਂ ਅਧਿਕਾਰ ਖੇਤਰ ਵਿੱਚ [illegible]

Scanned by CamScanner

ਪੰਜਾਬ ਦੀਆਂ 12 ਮਿਸਲਾਂ ਨੂੰ ਸੰਗਠਿਤ ਕਰਨ ਉਪਰੰਤ ਅਤੇ ਇੱਕ ਰਾਜ ਬਨਾਉਣ ਉਪਰੰਤ, 12 ਅਪ੍ਰੈਲ, 1801 ਨੂੰ ਰਣਜੀਤ ਸਿੰਘ ਨੇ ਆਪਣੇ ਆਪ ਨੂੰ ਪੰਜਾਬ ਦਾ ਮਹਾਰਾਜਾ ਘੋਸਿਤ ਕੀਤਾ। 1799 ਈ: ਤੋਂ ਲਾਹੌਰ ਆਪ ਦੀ ਰਾਜਧਾਨੀ ਰਿਹਾ। ਹੁਣ ਇਸ ਅਭਿਲਾਸੀ ਨਵਯੁਵਕ ਨੇ ਜਿੱਤਾਂ ਦਾ ਦੌਰ ਆਰੰਭਿਆ ਅਤੇ ਉਦੋਂ ਤੱਕ ਸਾਹ ਨਾਂ ਲਿਆ ਜਦੋਂ ਤੱਕ ਪੂਰਾ ਪੰਜਾਬ ਨਾ ਜਿੱਤ ਲਿਆ। ਉਹਨਾਂ ਦੀਆਂ ਮੁੱਖ ਜਿੱਤਾਂ ਹੇਠ ਲਿਖੇ ਅਨੁਸਾਰ ਹਨ:

ਸਾਰਣੀ 4.15

ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ

ਜਿੱਤ ਦਾ ਨਾਂ	ਕਦੋਂ	ਪ੍ਰਦੇਸ਼ਾਂ ਤੇ ਜਿੱਤ	ਉਹ ਸ਼ਾਸਕ ਜਿਨਾਂ ਦੇ ਇਲਾਕਿਆਂ ਉਤੇ ਕਬਜਾ ਕੀਤਾ ਗਿਆ ਸੀ
ਲਾਹੌਰ ਦੀ ਜਿੱਤ	1799	ਲਾਹੌਰ	ਭੰਗੀ ਸਰਦਾਰ
ਅੰਮ੍ਰਿਤਸਰ	1805	ਅੰਮ੍ਰਿਤਸਰ	ਮਾਈ ਸੁਖਨ (ਗੁਲਾਬ ਸਿੰਘ ਭੰਗੀ ਦੀ ਵਿਧਵਾ)
ਕਸੂਰ ਦੀ ਜਿੱਤ	1807	ਕਸੂਰ	ਕੁਤਬ-ਉਦ-ਦੀਨ
ਝੰਗ ਦੀ ਜਿੱਤ	1807	ਝੰਗ	ਅਹਿਮਦ ਖਾਨ
ਸਿਆਲਕੋਟ ਦੀ ਜਿੱਤ	1808	ਸਿਆਲਕੋਟ	ਜੀਵਨ ਸਿੰਘ
ਕਾਂਗੜਾ ਦੀ ਜਿੱਤ	1809	ਕਾਂਗੜਾ	ਰਾਜਾ ਸੰਸਾਰ ਚੰਦ ਕਟੋਚ
ਅਟਕ ਦੀ ਜਿੱਤ	1813	ਅਟਕ	ਜਹਾਨਦਦ ਖਾਨ
ਮੁਲਤਾਨ ਦੀ ਜਿੱਤ	1818	ਮੁਲਤਾਨ	ਮੁਜੱਫ਼ਰ ਖਾਨ
ਕਸ਼ਮੀਰ ਦੀ ਜਿੱਤ	1819	ਕਸ਼ਮੀਰ	ਜਬਰ ਖਾਨ
ਪੇਸ਼ਾਵਰ ਦੀ ਜਿੱਤ	1834	ਪੇਸ਼ਾਵਰ	ਆਜ਼ਮ ਖਾਨ

ਉਪਰੋਕਤ ਜਿੱਤਾਂ ਦੀ ਬਦੌਲਤ, ਮਹਾਰਾਜਾ ਰਣਜੀਤ ਸਿਘ ਨੇ ਆਪਣੀ ਛੋਟੀ ਜਿਹੀ ਮਿਸਲ ਨੂੰ ਇੱਕ ਵਿਸ਼ਾਲ ਰਾਜ ਵਿੱਚ ਬਦਲ ਦਿੱਤਾ। ਉਹਨਾਂ ਦਾ ਰਾਜ-ਭਾਗ, ਉੱਤਰ ਵਿੱਚ ਲੱਦਾਖ ਤੋਂ, ਦੱਖਣ ਵਿੱਚ ਸਿਖਰ ਪੁਰ ਤੱਕ ਅਤੇ ਉੱਤਰ ਪੱਛਮ ਵਿੱਚ ਜਮਰੂਦ ਤੋਂ ਪੂਰਬ ਵਿੱਚ ਦਰਿਆ ਸਤਲੁਜ ਤੱਕ ਫੈਲਿਆ ਹੋਇਆ ਸੀ।

ਪਰ 1809 ਈ: ਵਿੱਚ ਹੋਈ ਅੰਮ੍ਰਿਤਸਰ ਦੀ ਸੰਧੀ ਨੇ ਪੂਰਬ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਕਦਮ ਰੋਕੀ ਰੱਖੇ। ਮਗਰੋਂ ਉਹਨਾਂ ਨੂੰ ਦੱਖਣ ਵਿੱਚ ਵੀ ਅੱਗੇ ਨਾ ਵੱਧਣ ਦਿੱਤਾ ਗਿਆ। ਪੱਛਮ

ਅੰਮ੍ਰਿਤਸਰ ਦੀ ਸੰਧੀ

ਰਣਜੀਤ ਸਿੰਘ ਦੇ ਇਤਹਾਸ ਵਿੱਚ ਅੰਮ੍ਰਿਤਸਰ ਦੀ ਸੰਧੀ ਇੱਕ ਵਿਸ਼ੇਸ ਸਥਾਨ ਰੱਖਦੀ ਹੈ। ਇਹ 1809 ਈ: ਵਿੱਚ, ਅੰਗਰੇਜ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ, ਹੇਠ ਲਿਖੀਆਂ ਸ਼ਰਤਾਂ ਦੇ ਆਧਾਰ ਤੇ ਹੋਈ:

1. *ਦੋਹਾਂ ਧਿਰਾਂ ਨੇ ਇੱਕ ਦੂਜੇ ਪ੍ਰਤੀ ਦੋਸਤਾਨਾ ਸਬੰਧ ਬਣਾਏ ਰੱਖਣ ਦਾ ਫੈਸਲਾ ਕੀਤਾ। ਅੰਗਰੇਜ਼ੀ ਹਕੂਮਤ ਸਤਲੁਜ ਦਰਿਆ ਦੇ ਉੱਤਰ-ਪੱਛਮ ਵਿੱਚ ਸਥਿਤ ਮਹਾਰਾਜਾ ਰਣਜੀਤ ਸਿੰਘ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਇਲਾਕਿਆਂ ਵਿੱਚ ਕਿਸੇ ਕਿਸਮ ਦੀ ਰੁਕਾਵਟ ਨਹੀਂ ਪਾਵੇਗੀ।*
2. *ਰਣਜੀਤ ਸਿੰਘ ਨੇ ਸਤਲੁਜ ਦਰਿਆ ਦੇ ਖੱਬੇ ਕੰਢੇ 'ਤੇ ਲੋੜ ਤੋਂ ਵੱਧ ਸੈਨਾ ਨਾਂ ਰੱਖਣ ਦਾ ਫੈਸਲਾ ਵੀ ਸਵੀਕਾਰਿਆ।*
3. *ਕਿਸੇ ਸ਼ਰਤ ਦੀ ਉਲੰਘਣਾ ਕਰਨ 'ਤੇ ਸੰਧੀ ਰੱਦ ਸਮਝੀ ਜਾਵੇਗੀ।*

Scanned by CamScanner

ਵਿੱਚ ਆਪ ਦੀ ਅੱਗੇ ਵੱਧਣ ਦੀ ਤਾਂਘ ਨੂੰ 1838 ਈ: ਵਿੱਚ ਹੋਈ ਤਿਪੱਖੀ ਸੰਧੀ ਨੇ ਪੂਰਾ ਨਾਂ ਹੋਣ ਦਿੱਤਾ, ਜਿਸ ਵਿੱਚ ਇਹ ਫੈਸਲਾ ਹੋਇਆ ਕਿ ਸ਼ਾਹ ਸੂਜਾ ਨੂੰ ਅੰਗਰੇਜ਼ਾਂ ਅਤੇ ਸਿੱਖ ਫੌਜ ਦੀ ਮੱਦਦ ਨਾਲ ਕਾਬੁਲ ਦਾ ਰਾਜਾ ਬਣਾਇਆ ਜਾਵੇਗਾ।

ਮਹਾਰਾਜਾ ਰਣਜੀਤ ਸਿੰਘ ਇੱਕ ਸਮਰਪਿਤ ਸਿੱਖ ਸੀ, ਅਤੇ ਆਪਣੇ ਆਪ ਨੂੰ ਗੁਰੂ ਦਾ ਸੇਵਕ ਸਮਝਦਾ ਸੀ। ਉਹ ਧਾਰਮਿਕ ਸਥਾਨਾਂ 'ਤੇ ਮਾਇਆ ਅਤੇ ਹੋਰ ਸਾਧਨਾਂ ਦਾ ਵੱਡਾ ਦਾਨੀ ਸੀ। ਹਰਿਮੰਦਰ ਸਾਹਿਬ ਦੀਆਂ ਕੰਧਾਂ 'ਤੇ ਲੱਗੀਆਂ ਸੋਨੇ ਦੀਆਂ ਪਲੇਟਾਂ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਅਤੇ ਉਹਨਾਂ ਦੀ ਸੱਸ ਰਾਣੀ ਸਦਾ ਕੌਰ ਨੇ ਕਰਵਾਈ ਸੀ। ਮਹਾਰਾਜਾ ਰਣਜੀਤ ਸਿੰਘ ਨੇ ਹਿੰਦੂ ਮੰਦਰਾਂ ਜਿਵੇਂ ਕਿ ਬਨਾਰਸ ਦੇ ਵਿਸ਼ਵਨਾਥ ਮੰਦਰ, ਜਵਾਲਾਮੁਖੀ ਮੰਦਿਰ, ਹਿਮਾਚਲ ਦੇ ਕਾਂਗੜਾ ਮੰਦਿਰ ਨੂੰ ਵੀ ਭਾਰੀ ਮਾਤਰਾ ਵਿੱਚ ਸੋਨਾ ਦਾਨ ਕੀਤਾ। ਇਸ ਤੋਂ ਉਹਨਾਂ ਦੇ ਧਰਮ ਨਿਰਪੇਖ ਹੋਣ ਦਾ ਪ੍ਰਗਟਾਵਾ ਹੁੰਦਾ ਹੈ।

ਸਿੱਖਾਂ ਦੇ ਦੋ ਹੋਰ ਗੁਰਦੁਆਰੇ (ਜੋ ਆਪ ਨੇ ਬਣਵਾਏ ਹਨ - ਤਖ਼ਤ ਸ੍ਰੀ ਪਟਨਾ ਸਾਹਿਬ (ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸਥਾਨ ਹੈ) ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ (ਜਿੱਥੇ ਗੁਰੂ ਗੋਬਿੰਦ ਸਿੰਘ ਜੀ ਜੋਤੀ-ਜੋਤ ਸਮਾਏ)।

ਮਹਾਰਾਜਾ ਆਮ ਤੌਰ ਤੇ ਸਧਾਰਣ ਚਿੱਟੇ ਰੰਗ ਦੀ ਪੋਸ਼ਾਕ ਪਾਇਆ ਕਰਦੇ ਸਨ। ਉਹਨਾਂ ਨੇ ਕੋਈ ਮੁਕਟ ਧਾਰਨ ਨਹੀਂ ਸੀ ਕੀਤਾ ਅਤੇ ਨਾਂ ਹੀ ਉਹ ਕੋਈ ਗਹਿਣਾ ਪਾਇਆ ਕਰਦੇ ਸਨ। ਉਹ ਕੇਵਲ ਇੱਕ ਮੋਤੀਆਂ ਦੀ ਮਾਲਾ ਆਪਣੀ ਕਮਰ ਦੁਆਲੇ ਪਾਇਆ ਕਰਦੇ ਸਨ ਅਤੇ ਕੁੱਝ ਖਾਸ ਮੌਕਿਆਂ ਤੇ ਮਸ਼ਹੂਰ ਹੀਰਾ ਕੋਹਿਨੂਰ ਆਪਣੀ ਬਾਂਹ ਤੇ ਧਾਰਣ ਕਰਦੇ ਸਨ।

ਮਹਾਰਾਜਾ ਰਣਜੀਤ ਸਿੰਘ ਆਪਣੇ ਸਮੇਂ ਦੇ ਸਭ ਤੋਂ ਹੋਣਹਾਰ ਭਾਰਤੀ ਨੇਤਾਵਾਂ ਵਿੱਚੋਂ ਇੱਕ ਸਨ। ਉਹ ਆਜ਼ਾਦ ਵਿਚਾਰਾਂ ਵਾਲੇ ਅਤੇ ਲੰਮੀ ਸੋਚ ਦੇ ਮਾਲਕ ਸਨ। ਉਹਨਾਂ ਨੂੰ ਅੱਜ ਵੀ ਇੱਕ ਸੰਗਠਿਤ ਰਾਜ ਦੀ ਸਥਾਪਨਾ ਲਈ ਯਾਦ ਕੀਤਾ ਜਾਂਦਾ ਹੈ। ਉਹਨਾਂ ਦਾ ਪੂਰਾ ਰਾਜ, ਚਾਰ ਭਾਗਾਂ ਲਾਹੌਰ,ਮੁਲਤਾਨ,ਕਸ਼ਮੀਰ ਅਤੇ ਪੇਸ਼ਾਵਰ ਵਿੱਚ ਵੰਡਿਆ ਹੋਇਆ ਸੀ। ਇਹਨਾਂ ਰਿਆਸਤਾਂ ਦਾ ਮੁੱਖੀ ਨਿਜ਼ਾਮ ਨੂੰ ਥਾਪਿਆ ਗਿਆ, ਜਿੰਨ੍ਹਾਂ ਦੀ ਸਹਾਇਤਾ ਲਈ ਕੁਲੈਕਟਰ ਜਾਂ ਜ਼ਿਲੇਦਾਰ ਨਿਯੁੱਕਤ ਕੀਤੇ ਗਏ।

ਕੋਹਿਨੂਰ

ਕੋਹਿਨੂਰ, ਇੱਕ ਬੇਸ਼ਕੀਮਤੀ ਹੀਰਾ, ਜਿਸ ਨੂੰ ਨਾਦਿਰ ਸ਼ਾਹ 1739 ਈ: ਵਿੱਚ ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਕੋਲੋਂ ਖੋਹ ਕੇ ਲੈ ਗਿਆ ਸੀ। ਉਸ ਨੇ ਇਸ ਨੂੰ ਕੋਹਿਨੂਰ ਅਰਥਾਤ ਰੋਸ਼ਨੀ ਦਾ ਪਰਬਤ ਦਾ ਨਾਮ ਦਿੱਤਾ। ਉਦੋਂ ਤੋਂ ਹੀ ਇਸ ਨੂੰ ਇਸੇ ਨਾਮ ਨਾਲ ਜਾਣਿਆ ਜਾਂਦਾ ਹੈ। ਨਾਦਿਰ ਸ਼ਾਹ ਦੀ ਮੌਤ ਮਗਰੋਂ, ਉਸ ਦੇ ਪੋਤਰੇ ਹੱਥੋਂ ਇਹ ਅਹਿਮਦਸ਼ਾਹ ਦੇ ਹੱਥ ਵਿੱਚ ਆ ਗਿਆ। ਉਸ ਦੇ ਉਤਰਾਧਿਕਾਰੀਆਂ ਤੋਂ ਇਹ ਅਹਿਮਦਸ਼ਾਹ ਦੇ ਪੋਤਰੇ ਸ਼ਾਹ ਜਮਨ ਕੋਲ ਚਲਿਆ ਗਿਆ। ਫਿਰ ਇਹ ਉਸ ਦੇ ਭਰਾ ਸ਼ਾਹਸੂਜਾ ਕੋਲ ਪਹੁੰਚਿਆ, ਜਿਸ ਨੂੰ 1812 ਈ: ਵਿੱਚ ਨਜ਼ਰਬੰਦ ਕਰ ਲਿਆ ਗਿਆ। ਉਸ ਦੀ ਪਤਨੀ ਵਫ਼ਾ ਬੇਗ਼ਮ ਨੇ ਇਹ ਹੀਰਾ ਉਸ ਦੇ ਪਤੀ ਦੀ ਜਾਨ ਬਚਾਉਣ ਦੀ ਸੂਰਤ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਦੇਣ ਦਾ ਵਚਨ ਦਿੱਤਾ।ਮਹਾਰਾਜਾ ਨੇ ਸ਼ਾਹ ਦੀ ਜਾਨ ਬਚਾਈ ਅਤੇ ਆਪਣਾ ਵਾਅਦਾ ਪੂਰਾ ਕੀਤਾ ਅਤੇ ਬਦਲੇ ਵਿੱਚ ਕੋਹਿਨੂਰ ਹੀਰਾ ਹਾਸਿਲ ਕੀਤਾ। ਉਨ੍ਹਾਂ ਤੋਂ ਇਹ ਉਨ੍ਹਾਂ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਕੋਲ ਗਿਆ, ਜਿੱਥੋਂ ਇਹ 1849 ਵਿੱਚ ਪੰਜਾਬ ਦੇ ਅੰਗਰੇਜ਼ੀ ਸਾਮਰਾਜ ਵਿੱਚ ਰਲਣ ਮਗਰੋਂ, ਅੰਗਰੇਜ਼ਾਂ ਕੋਲ ਚਲਾ ਗਿਆ।

ਮਹਾਰਾਜਾ ਰਣਜੀਤ ਸਿੰਘ ਨੇ ਇੱਕ ਫੌਜ ਬਣਾਈ ਜੋ ਇੱਕ ਬੁਲੰਦ ਤਾਕਤ ਸੀ। ਕੁੱਲ ਲਗਾਨ ਦਾ ਇੱਕ ਤਿਹਾਈ ਹਿੱਸਾ ਸੈਨਾ 'ਤੇ ਖ਼ਰਚਿਆ ਜਾਂਦਾ ਸੀ। 1822 ਈ: ਵਿੱਚ ਉਸ ਨੇ ਆਪਣੀ ਸੈਨਾ ਦਾ ਯੂਰਪੀਅਨ ਢੰਗ ਨਾਲ ਨਵੀਨੀਕਰਣ ਕਰਨ ਦਾ ਫੈਸਲਾ ਕੀਤਾ।

Scanned by CamScanner

ਉਸ ਨੇ ਨੈਪੋਲੀਅਨ ਦੀ ਕੰਡ ਕੀਤੀ ਹੋਈ ਸੈਨਾ ਦੇ ਅਫ਼ਸਰਾਂ-ਜੀਨ ਫ੍ਰਾਂਕੋਇਸ ਵੈਨਚੂਰਾ ਅਤੇ ਜੀਨ ਫ੍ਰਾਂਸਵਾਇਸ ਐਲਾਰਡ ਨੂੰ ਆਪਣੀ ਸੈਨਾ ਨੂੰ ਸਿਖਲਾਈ ਦੇਣ ਲਈ ਨਿਯੁਕਤ ਕੀਤਾ। ਵੈਨਚੂਰਾ ਜੋ ਦਰਬਾਰੀ ਸੈਨਾ ਦਾ ਜਨਰਲ ਬਣ ਗਿਆ, ਨੇ ਇੱਕ ਵਿਸ਼ੇਸ਼ ਪਲਟਨ ਦਾ ਸੰਗਠਨ ਕੀਤਾ, ਜਿਸ ਨੂੰ ਫੌਜ-ਏ-ਖ਼ਾਸ ਦਾ ਨਾਮ ਦਿੱਤਾ ਗਿਆ। ਐਲਾਰਡ ਨੂੰ ਘੋੜ ਸਵਾਰ ਫੌਜ ਦਾ ਮੁਖੀ ਬਣਾਇਆ ਗਿਆ। ਮਹਾਰਾਜਾ ਨੇ ਜਨਰਲ ਅਗਤਸੇ ਕੋਰਟ ਅਤੇ ਗਾਰਡਨਰ ਦੀ ਨਿਯੁਕਤੀ ਕੀਤੀ, ਜਿਨ੍ਹਾਂ ਨੂੰ ਤੋਪਖਾਨੇ ਦਾ ਚਾਰਜ ਦਿੱਤਾ ਗਿਆ।

> **ਕੀ ਤੁਸੀਂ ਜਾਣਦੇ ਹੋ**
>
> ਵੈਨਚੂਰਾ ਅਤੇ ਐਲਾਰਡ, ਪੰਜਾਬ ਦੀ ਫੌਜ ਵਿਚਲੇ ਪਹਿਲੇ ਯੂਰਪੀਅਨ ਅਫ਼ਸਰ ਨਹੀਂ ਸਨ। ਸਭ ਤੋਂ ਪਹਿਲਾ ਅੰਗਰੇਜ਼ੀ ਸੈਨਾ ਦਾ ਤਿਆਗ ਕਰਕੇ ਪੰਜਾਬੀ ਫੌਜ ਵਿੱਚ ਭਰਤੀ ਹੋਣ ਵਾਲਾ ਪਹਿਲਾ ਫੌਜੀ ਪ੍ਰਿੰਸੇਪ ਸੀ।

ਸ਼ਾਸਨ ਪ੍ਰਬੰਧ ਦੇ ਨਿਯਮ ਰਵਾਇਤੀ ਸਨ ਅਤੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ, ਪਰ ਸਰੀਰਿਕ ਸਜ਼ਾ ਨਹੀਂ ਸੀ ਦਿੱਤੀ ਜਾਂਦੀ। ਕਚਹਿਰੀ ਵਿੱਚ ਹਿੰਦੂ, ਮੁਸਲਿਮ ਅਤੇ ਫ਼ਰਾਂਸੀਸੀ ਅਫ਼ਸਰਾਂ ਦੀ ਭੀੜ ਰਹਿੰਦੀ, ਜਿੱਥੋਂ ਰਾਜ ਦੇ ਧਰਮ-ਨਿਰਪੇਖ ਹੋਣ ਦਾ ਗਿਆਨ ਹੁੰਦਾ ਹੈ। ਫ਼ਕੀਰ ਅਜ਼ੀਜ਼-ਉਦ-ਦੀਨ ਜੋ ਕਿ ਇੱਕ ਮੁਸਲਮਾਨ ਸੀ, ਉਹਨਾਂ ਦਾ ਵਿਦੇਸ਼ ਮੰਤਰੀ ਸੀ ਅਤੇ ਦੀਨਾ ਨਾਥ ਨਾਮ ਦਾ ਬ੍ਰਾਹਮਣ ਉਹਨਾਂ ਦਾ ਵਿੱਤ ਮੰਤਰੀ ਸੀ। ਉਹਨਾਂ ਦਾ ਪ੍ਰਧਾਨ ਮੰਤਰੀ ਧਿਆਨ ਸਿੰਘ, ਡੋਗਰਾ ਜਾਤੀ ਨਾਲ ਸਬੰਧਿਤ ਸੀ।

ਮਹਾਰਾਜਾ ਰਣਜੀਤ ਸਿੰਘ ਨੂੰ ਇੱਕ ਸੰਗਠਿਤ ਰਾਜ ਸਥਾਪਿਤ ਕਰਨ ਲਈ ਯਾਦ ਕੀਤਾ ਜਾਂਦਾ ਹੈ। ਉਹਨਾਂ ਨੇ ਪੰਜਾਬ ਵਿੱਚ ਰਾਜਨੈਤਿਕ ਅਸਥਿਰਤਾ ਖ਼ਤਮ ਕਰ ਦਿੱਤੀ, ਪਰ ਉਹਨਾਂ ਦਾ ਇਹ ਸਥਾਪਿਤ ਰਾਜ, ਕੇਵਲ ਉਹਨਾਂ ਦੇ ਜੀਵਨ ਕਾਲ ਦੌਰਾਨ ਹੀ ਹੋਂਦ ਵਿੱਚ ਰਿਹਾ। ਉਹਨਾਂ ਦੀ ਮੌਤ ਦੇ ਦਸ ਵਰ੍ਹਿਆਂ ਵਿੱਚ ਹੀ ਪੰਜਾਬ ਕਈ ਭਾਗਾਂ ਵਿੱਚ ਵੰਡਿਆ ਗਿਆ।

27 ਜੂਨ, 1839 ਈ: ਨੂੰ ਅਧਰੰਗ ਕਾਰਨ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ।

ਸਾਰਣੀ 4.16 **ਮਹਾਰਾਜਾ ਰਣਜੀਤ ਸਿੰਘ**

ਜਨਮ	1780 ਈ: ਵਿੱਚ ਗੁਜਰਾਂਵਾਲਾ (ਹੁਣ ਪਾਕਿਸਤਾਨ ਵਿੱਚ) ਵਿਖੇ
ਮਾਤਾ-ਪਿਤਾ	ਸਰਦਾਰਨੀ ਰਾਜ ਕੌਰ/ਸਰਦਾਰ ਮਹਾਂ ਸਿੰਘ
ਪਹਿਚਾਣ	ਸ਼ੇਰ-ਏ-ਪੰਜਾਬ
ਮਿਸਲ	ਸ਼ੁਕਰਚੱਕੀਆ
ਪਤਨੀ	ਮਹਿਤਾਬ ਕੌਰ
ਮੁੱਖ ਤੌਰ ਤੇ ਪਾਲਣ ਪੋਸਨ ਕੀਤਾ	ਸਦਾ ਕੌਰ (ਸੱਸ) ਨੇ
ਰਾਜਧਾਨੀ	ਲਾਹੌਰ
ਜਾਰੀ ਕੀਤਾ	ਨਾਨਕ ਸ਼ਾਹੀ ਸਿੱਕੇ
ਉਹਨਾਂ ਦੁਆਰਾ ਨਿਯੁਕਤ ਦੋ ਯੂਰਪੀਅਨ ਅਧਿਕਾਰੀ	ਵੈਨਚੂਰਾ ਅਤੇ ਐਲਾਰਡ
ਬਣਵਾਇਆ	ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ
ਸੋਨੇ ਦੀਆਂ ਪਲੇਟਾਂ ਦਾਨ ਕੀਤੀਆਂ	ਹਰਿਮੰਦਰ ਸਾਹਿਬ ਦੀਆਂ ਕੰਧਾਂ ਉੱਪਰ
ਅੰਗਰੇਜ਼ਾਂ ਨਾਲ ਸੰਧੀ	ਅੰਮ੍ਰਿਤਸਰ ਦੀ ਸੰਧੀ, 1809 ਅਤੇ ਤਿਪੱਖੀ ਸੰਧੀ, 1838
ਦਿਹਾਂਤ	1839 ਈ:

Scanned by CamScanner

4.6.18 ਮਹਾਰਾਜਾ ਰਣਜੀਤ ਸਿੰਘ ਦੇ ਵਾਰਿਸ:



ਖੜਕ ਸਿੰਘ (1801-1840):

1839 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਉਹਨਾਂ ਦਾ ਵੱਡਾ ਪੁੱਤਰ ਖੜਕ ਸਿੰਘ ਰਾਜਗੱਦੀ 'ਤੇ ਬੈਠਾ। ਰਾਜਗੱਦੀ 'ਤੇ ਬੈਠਣ ਲਈ ਉਸ ਨੂੰ ਉਸ ਦੇ ਛੋਟੇ ਭਰਾ ਸ਼ੇਰ ਸਿੰਘ ਦਾ ਵਿਰੋਧ ਵੀ ਸਹਿਣਾ ਪਿਆ। ਖੜਕ ਸਿੰਘ ਇੱਕ ਕਮਜ਼ੋਰ ਸ਼ਾਸ਼ਕ ਸੀ ਅਤੇ ਉਸ ਨੇ ਰਾਜ ਦੇ ਕੰਮਾਂ ਵੱਲ ਵਧੇਰੇ ਧਿਆਨ ਨਾ ਦਿੱਤਾ। ਉਸ ਨੇ ਰਾਜਭਾਗ ਆਪਣੇ ਚਹੇਤੇ ਚੇਤ ਸਿੰਘ ਬਾਜਵਾ ਜ਼ੋ ਕਿ ਉਸ ਦੀ ਪਤਨੀ ਚੰਦ ਕੌਰ ਦਾ ਰਿਸ਼ਤੇਦਾਰ ਸੀ ਨੂੰ ਸੌਂਪ ਦਿੱਤਾ। ਇਸੇ ਕਾਰਨ ਉਸ ਨੇ ਮੰਤਰੀ ਧਿਆਨ ਸਿੰਘ ਦਾ ਵਿਸ਼ਵਾਸ਼ ਅਤੇ ਅਤੇ ਸਹਾਰਾ ਖੋ ਦਿੱਤਾ।

ਅੰਤ ਵਿੱਚ ਖੜਕ ਸਿੰਘ ਦੇ ਪੁੱਤਰ, ਨੌਂ ਨਿਹਾਲ ਸਿੰਘ ਨੇ ਧਿਆਨ ਸਿੰਘ ਦੀ ਮੱਦਦ ਨਾਲ, ਚੇਤ ਸਿੰਘ ਦਾ ਕਤਲ ਕਰ ਦਿੱਤਾ। ਧਿਆਨ ਸਿੰਘ ਨੇ ਨੌਂ ਨਿਹਾਲ ਸਿੰਘ ਨੂੰ ਰਾਜਗੱਦੀ ਤੇ ਬਿਠਾ ਦਿੱਤਾ ਅਤੇ ਖੜਕ ਸਿੰਘ ਨੂੰ ਰਾਜਨੀਤੀ ਤੋਂ ਸੰਨਿਆਸ ਲੈਣਾ ਪਿਆ। ਨਵੰਬਰ,1840 ਵਿੱਚ ਉਸ ਦੀ ਮੌਤ ਹੋ ਗਈ।

ਨੌਂ ਨਿਹਾਲ ਸਿੰਘ (1821-1840):

ਖੜਕ ਸਿੰਘ ਅਤੇ ਚੰਦ ਕੌਰ ਦੇ ਪੁੱਤਰ, ਨੌਂ ਨਿਹਾਲ ਸਿੰਘ ਦਾ ਵਿਆਹ, ਸ਼ਾਮ ਸਿੰਘ ਅਟਾਰੀਵਾਲਾ ਦੀ ਪੁੱਤਰੀ ਨਾਲ ਹੋਇਆ। ਜਦੋਂ ਉਹ ਰਾਜਗੱਦੀ 'ਤੇ ਬੈਠਾ ਤਾਂ ਕੇਵਲ 19 ਸਾਲਾਂ ਦਾ ਸੀ। ਉਹ ਇੱਕ ਕਾਬਿਲ ਸ਼ਾਸਕ, ਇੱਕ ਫੌਜੀ ਅਤੇ ਇੱਕ ਅਭਿਸ਼ਾਲੀ ਯੁਵਕ ਸੀ। ਉਸ ਨੇ ਰਾਜ ਵਿਚਲੀ ਕਾਨੂੰਨ ਵਿਵਸਥਾ ਨੂੰ ਸੁਧਾਰਿਆ। ਉਸ ਵਿੱਚ ਕੁਸ਼ਲ ਸ਼ਾਸ਼ਕ ਦੇ ਸਭ ਗੁਣ ਮੌਜੂਦ ਸਨ।

ਬਦਕਿਸਤਮਤੀ ਨਾਲ, ਉਸ ਦੀ ਵੀ ਛੇਤੀ ਹੀ ਮੌਤ ਹੋ ਗਈ। ਜਦੋਂ ਉਹ 5 ਨਵੰਬਰ 1840 ਨੂੰ ਆਪਣੇ ਪਿਤਾ ਖੜਕ ਸਿੰਘ ਦੀਆਂ ਅੰਤਿਮ ਰਸਮਾਂ ਪੂਰੀਆਂ ਕਰਕੇ ਵਾਪਸ ਆ ਰਿਹਾ ਸੀ, ਤਾਂ ਹਜ਼ੂਰੀ ਬਾਗ ਵਿਚਲੇ ਦਰਵਾਜੇ ਦੀ ਵੱਡੀ ਚੁਗਾਠ ਉਸ 'ਤੇ ਗਿਰਨ ਕਾਰਨ, ਉਸ ਦੀ ਮੌਤ ਹੋ ਗਈ।

ਚੰਦ ਕੌਰ (1802-1842):

ਆਪਣੇ ਪਤੀ ਖੜਕ ਸਿੰਘ ਦੀ ਅਤੇ ਨਵੰਬਰ, 1840 ਵਿੱਚ ਪੁੱਤਰ ਨੌਨਿਹਾਲ ਸਿੰਘ ਦੀ ਮੌਤ ਮਗਰੋਂ, ਚੰਦ ਕੌਰ ਨੇ ਰਾਜਗੱਦੀ 'ਤੇ ਆਪਣਾ ਹੱਕ ਜਤਾਇਆ।

ਉਸ ਨੇ ਮਹਾਰਾਜਾ ਰਣਜੀਤ ਸਿਘ ਦੇ ਛੋਟੇ ਪੁੱਤਰ ਸ਼ੇਰ ਸਿੰਘ ਨੂੰ ਲਲਕਾਰਿਆ ਅਤੇ ਆਪਣੀ ਨੂੰਹ ਸਾਹਿਬ ਕੌਰ ਜੋ ਕਿ ਉਸ ਸਮੇਂ ਗਰਭਵਤੀ ਸੀ ਨੂੰ ਅਣਜੰਮੇ ਵਾਰਿਸ ਦੇ ਪੱਖ ਤੇ ਆਪ ਸ਼ਾਸ਼ਨ ਚਲਾਉਣ ਦੀ ਗੱਲ ਕਹੀ। ਧਿਆਨ ਸਿੰਘ ਇਸ ਵਿਦਰੋਹ ਨੂੰ ਦਬਾਉਣ ਵਿੱਚ ਕਾਮਯਾਬ ਰਿਹਾ, ਪਰ ਉਸ ਨੂੰ ਇੱਕ ਇਕਰਾਰਨਾਮਾ ਕਰਨਾ ਪਿਆ, ਜਿਸ ਦੇ ਆਧਾਰ ਤੇ ਚੰਦ ਕੌਰ ਰਾਣੀ ਬਣੀ। ਸ਼ੇਰ ਸਿੰਘ ਨੂੰ ਰਾਜ ਮੰਡਲ ਦਾ ਮੁਖੀ ਅਤੇ ਧਿਆਨ ਸਿੰਘ ਨੂੰ ਰਾਜ ਦਾ ਮੁੱਖ ਮੰਤਰੀ ਬਣਾਇਆ ਗਿਆ।

ਪਰ ਇਹ ਇਕਰਾਰਨਾਮਾ ਜ਼ਿਆਦਾ ਦੇਰ ਨਾਂ ਚੱਲਿਆ ਕਿਉਂਕਿ ਧਿਆਨ ਸਿੰਘ ਚਾਹੁੰਦਾ ਸੀ ਕਿ ਚੰਦ ਕੌਰ ਉਸ ਦੇ ਪੁੱਤਰ

Scanned by CamScanner

ਹੀਰਾ ਸਿੰਘ ਨੂੰ ਗੋਦ ਲੈ ਲਵੇ ਅਤੇ ਉਸਨੂੰ ਰਾਜਗੱਦੀ ਦਾ ਉਤਰਾਧਿਕਾਰੀ ਮੰਨੇ। ਪਰ ਚੰਦ ਕੌਰ ਦੇ ਅਜਿਹਾ ਕਰਨ ਤੋਂ ਇਨਕਾਰ ਕਰਨ ਤੇ ਧਿਆਨ ਸਿਘ ਦੀਆਂ ਕੋਸ਼ਿਸ਼ਾਂ 'ਤੇ ਪਾਣੀ ਫਿਰ ਗਿਆ ਅਤੇ ਉਸ ਨੇ ਪ੍ਰਤੱਖ ਰੂਪ ਵਿੱਚ ਸ਼ੇਰ ਸਿੰਘ ਦੀ ਮੱਦਦ ਕੀਤੀ ਜਿਸਨੇ ਫ਼ੌਜ ਦੀ ਸਹਾਇਤਾ ਨਾਲ ਤਖ਼ਤ ਹਾਸਿਲ ਕਰ ਲਿਆ। ਚੰਦ ਕੌਰ ਨੂੰ ਨੌ ਲੱਖ ਰੁਪਏ ਦੀ ਸਲਾਨਾ ਪੈਨਸ਼ਨ ਲਗਾਈ ਗਈ। ਪਰ ਅੰਤ ਵਿੱਚ 11 ਜੂਨ, 1842 ਨੂੰ ਧਿਆਨ ਸਿੰਘ ਨੇ ਲੱਕੜੀ ਦੇ ਤਖਤਿਆਂ ਨਾਲ ਉਸ ਦਾ ਸਿਰ ਕੁਚਲ ਕੇ ਉਸ ਨੂੰ ਮਾਰ ਦਿੱਤਾ।

ਸ਼ੇਰ ਸਿੰਘ (1807-1843):

ਮਹਾਰਾਜਾ ਰਣਜੀਤ ਸਿੰਘ ਅਤੇ ਮਹਿਤਾਬ ਕੌਰ ਦੇ ਪੁੱਤਰ ਸ਼ੇਰ ਸਿੰਘ ਨੇ 20 ਜਨਵਰੀ, 1841 ਨੂੰ ਰਾਜ-ਭਾਗ ਸੰਭਾਲਿਆ। ਧਿਆਨ ਸਿੰਘ ਨੂੰ ਮੁੱਖ ਮੰਤਰੀ ਬਣਾਇਆ ਗਿਆ। ਪਰ ਛੇਤੀ ਹੀ ਧਿਆਨ ਸਿੰਘ ਦੇ ਤਾਨਾਸ਼ਾਹ ਰਵੱਈਏ ਨੇ ਉਸ ਨੂੰ ਕ੍ਰੋਧਿਤ ਕਰ ਦਿੱਤਾ।

ਸ਼ੇਰ ਸਿੰਘ ਦਾ ਧਿਆਨ ਸਿੰਘ ਵਿਚ ਹੌਂਸਲਾ ਘੱਟਦਾ ਦੇਖ ਕੇ ਅੰਗਰੇਜ਼ੀ ਹਕੂਮਤ ਨੇ ਦੋਸਤ ਹੋਣ ਦਾ ਦਿਖਾਵਾ ਕਰਕੇ, ਸ਼ੇਰ ਸਿੰਘ ਨੂੰ ਅਜੀਤ ਸਿੰਘ ਸੰਧਾਂਵਾਲੀਆ ਅਤੇ ਅਤਰ ਸਿੰਘ (ਜਿਸ ਦੇ ਧਿਆਨ ਸਿੰਘ ਡੋਗਰਾ ਨਾਲ ਦੋਸਤਾਨਾ ਸਬੰਧ ਨਹੀਂ ਸਨ) ਨੂੰ ਪੰਜਾਬ ਮੁੜ ਕੇ ਆਉਣ ਦੀ ਆਗਿਆ ਦੇਣ ਲਈ ਕਿਹਾ ਅਤੇ ਉਹਨਾਂ ਦਾ ਰਾਜ ਉਹਨਾਂ ਨੂੰ ਮੋੜਨ ਲਈ ਵੀ ਕਿਹਾ। ਸ਼ੇਰ ਸਿੰਘ ਨੇ ਅੰਗਰੇਜ਼ਾਂ ਦੀ ਗੱਲ ਮੰਨ ਲਈ। ਨਤੀਜੇ ਵਜੋਂ, ਸੰਧਾਂਵਾਲੀਆ ਸਰਦਾਰ ਅੰਗਰੇਜ਼ ਪੱਖੀ ਅਤੇ ਡੋਗਰਾ ਵਿਰੋਧੀ ਪਾਰਟੀ ਦੇ ਰੂਪ ਵਿੱਚ ਦਰਬਾਰ ਵਿੱਚ ਰਹੇ।

ਸੰਧਾਂਵਾਲੀਆ ਨੇ ਇੱਕ ਦਿਨ ਕਤਲ ਕਰਨ ਦੀ ਸਾਜ਼ਿਸ਼ ਰਚੀ। 15 ਸਤੰਬਰ, 1843 ਨੂੰ ਅਜੀਤ ਸਿੰਘ ਨੇ ਇਸੇ ਸਾਜ਼ਿਸ਼ ਦੇ ਤਹਿਤ, ਜਦੋਂ ਮਹਾਰਾਜਾ ਆਪਣੀ ਪਲਟਨ ਦਾ ਮੁਆਇਨਾ ਕਰ ਰਹੇ ਸਨ ਤਾਂ ਆਪਣੀ ਬੰਦੂਕ ਦਾ ਘੋੜਾ ਦੱਬ ਦਿੱਤਾ, ਨਤੀਜੇ ਵਜੋਂ ਮਹਾਰਾਜ ਦੀ ਮੌਤ ਹੋ ਗਈ। ਇਸੇ ਮੌਕੇ ਅਜੀਤ ਸਿੰਘ ਦੇ ਚਾਚੇ, ਲਹਿਣਾ ਸਿੰਘ ਨੇ ਸ਼ੇਰ ਸਿੰਘ ਦੇ ਪੁੱਤਰ ਪਰਤਾਪ ਸਿੰਘ ਨੂੰ ਫੜ ਲਿਆ ਅਤੇ ਉਸ ਦਾ ਗ਼ਲ ਵੱਢ ਦਿੱਤਾ। ਉਹਨਾਂ ਧਿਆਨ ਸਿੰਘ ਡੋਗਰਾ ਨੂੰ ਵੀ ਮਾਰ ਦਿੱਤਾ।

ਅੰਤ ਵਿੱਚ ਧਿਆਨ ਸਿੰਘ ਡੋਗਰਾ ਦੇ ਪੁੱਤਰ ਹੀਰਾ ਸਿੰਘ ਦੀ ਅਗਵਾਈ ਵਿੱਚ ਲਾਹੌਰ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ ਗਿਆ। ਅਜੀਤ ਸਿੰਘ ਅਤੇ ਲਹਿਣਾ ਸਿੰਘ ਨੂੰ ਫੜ ਕੇ ਮਾਰ ਦਿੱਤਾ ਗਿਆ। ਅਤਰ ਸਿੰਘ ਉਥੋਂ ਭੱਜ ਨਿਕਲਿਆ ਅਤੇ ਅੰਗਰੇਜ਼ਾਂ ਨੇ ਉਸ ਨੂੰ ਆਸਰਾ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਦੇ ਛੋਟੇ ਪੁੱਤਰ ਦਲੀਪ ਸਿੰਘ ਨੂੰ ਮਹਾਰਾਜਾ ਬਣਾਇਆ ਗਿਆ ਅਤੇ ਹੀਰਾ ਸਿੰਘ ਡੋਗਰਾ ਨੂੰ ਮੁੱਖ ਮੰਤਰੀ ਨਿਯੁਕਤ ਕੀਤਾ ਗਿਆ।

ਦਲੀਪ ਸਿੰਘ (1838-1893):

ਦਲੀਪ ਸਿੰਘ ਪੰਜਾਬ ਦਾ ਆਖਰੀ ਸਿੱਖ ਰਾਜਾ ਸੀ। ਉਹ ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ ਪੁੱਤਰ ਸੀ। ਸ਼ੇਰ ਸਿੰਘ ਦੀ ਹੱਤਿਆ ਮਗਰੋਂ, ਉਸ ਨੂੰ ਪੰਜਾਬ ਦਾ ਰਾਜਾ ਬਣਾਇਆ ਗਿਆ ਅਤੇ ਹੀਰਾ ਸਿੰਘ ਡੋਗਰਾ ਨੂੰ ਮੁੱਖ ਮੰਤਰੀ ਬਣਾਇਆ ਗਿਆ। ਜਦੋਂ ਉਹ ਮਹਾਰਾਜਾ ਬਣਿਆ ਤਾਂ ਉਸਦੀ ਉਮਰ ਕੇਵਲ 5 ਸਾਲ ਸੀ, ਉਸ ਦੀ ਮਾਤਾ ਮਹਾਰਾਣੀ ਜਿੰਦ ਕੌਰ ਉਸ ਦੀ ਪ੍ਰਤੀਨਿਧੀ ਬਣੀ।

ਦਲੀਪ ਸਿੰਘ, ਪੰਜਾਬ ਦਾ ਅਖੀਰਲਾ ਰਾਜਾ ਸੀ, ਜੋ 1843 ਈ: ਤੋਂ 1846 ਈ: ਤੱਕ ਸਿੰਘਾਸਨ ਤੇ ਬੈਠਾ। ਦੋ ਐਂਗਲੋ-ਸਿੱਖ ਲੜਾਈਆਂ ਮਗਰੋਂ ਪੰਜਾਬ ਨੂੰ ਬਰਤਾਨਵੀ ਸਮਰਾਜ ਵਿੱਚ ਮਿਲਾ ਲਿਆ ਗਿਆ ਅਤੇ ਦਲੀਪ ਸਿੰਘ ਨੂੰ ਤਾਜ ਅਤੇ ਰਾਜ ਤੋਂ ਵਾਂਝਾ ਕਰ ਦਿੱਤਾ ਗਿਆ।

Scanned by CamScanner

4.6.19 ਐਂਗਲੋ-ਸਿੱਖ ਯੁੱਧ:

ਪਹਿਲਾ ਐਂਗਲੋ-ਸਿੱਖ ਯੁੱਧ (1845-46):

1839 ਈ: ਵਿੱਚ ਮਹਾਰਾਜਾ ਰਣਜੀਤ ਸਿਘ ਦੀ ਮੌਤ ਮਗਰੋਂ, ਪੰਜਾਬ ਵਿੱਚ ਅਰਾਜਕਤਾ ਅਤੇ ਬੌਖਲਾਹਟ ਦਾ ਮਾਹੌਲ ਸੀ। ਪਹਿਲਾ ਬਰਤਾਨਵੀ ਸਿੱਖ ਯੁੱਧ 1845-46 ਵਿੱਚ ਹੋਇਆ ਜਦੋਂ ਮਹਾਰਾਜਾ ਦਲੀਪ ਸਿੰਘ, ਅਜੇ ਨਾਬਾਲਗ ਸਨ। ਪੰਜਾਬ ਦੇ ਮਹਾਰਾਜਾ ਦੀ ਅਗਵਾਈ ਮਹਾਰਾਣੀ ਜਿੰਦ ਕਰ ਰਹੀ ਸੀ ਅਤੇ ਲਾਰਡ ਹਾਰਡਿੰਗ ਭਾਰਤ ਦੇ ਗਵਰਨਰ ਜਨਰਲ ਸਨ।

ਦੋਹਾਂ ਵਿੱਚ ਹੇਠ ਲਿਖੇ ਯੁੱਧ ਹੋਏ:

1. ਮੁੱਦਕੀ ਦੀ ਲੜਾਈ (18 ਦਸੰਬਰ, 1845): ਲਾਲ ਸਿੰਘ ਦੀ ਅਗਵਾਈ ਵਿੱਚ ਸਿੱਖ ਫੌਜਾਂ ਨੇ ਸਤਲੁਜ ਦਰਿਆ ਪਾਰ ਕੀਤਾ ਅਤੇ 18 ਦਸੰਬਰ 1845 ਈ: ਨੂੰ ਸਰ ਹੁਗ ਗੋਹ ਦੀ ਅਗਵਾਈ ਹੇਠ ਵੱਡੀ ਬਰਤਾਨਵੀ ਫੌਜ ਦਾ ਸਾਹਮਣਾ ਕੀਤਾ। ਲਾਲ ਸਿੰਘ ਦੇ ਧੋਖੇ ਕਾਰਨ, ਇਸ ਯੁੱਧ ਵਿੱਚ ਸਿੱਖਾਂ ਦੀ ਹਾਰ ਹੋਈ, ਪਰ ਉਹਨਾਂ ਨੇ ਦੁਸ਼ਮਣ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ।

2. ਫ਼ਿਰੋਜ਼ਸ਼ਹਿਰ ਦੀ ਲੜਾਈ (21 ਦਸੰਬਰ, 1845): ਸਿੱਖਾਂ ਅਤੇ ਅੰਗਰੇਜ਼ਾਂ ਵਿੱਚ 21 ਦਸੰਬਰ,1845 ਨੂੰ ਆਹਮੋ ਸਾਹਮਣੇ ਦੀ ਲੜ੍ਹਾਈ ਫਿਰੋਜ਼ ਸ਼ਹਿਰ ਵਿਖੇ ਹੋਈ। ਸਿੱਖਾਂ ਦੀ ਅਗਵਾਈ ਲਾਲ ਸਿੰਘ ਅਤੇ ਤੇਜ ਸਿੰਘ ਨੇ ਕੀਤੀ ਅਤੇ ਬਰਤਾਨਵੀ ਫੌਜਾਂ ਦਾ ਆਗੂ ਗੋਹ ਸੀ। ਅੰਤਾਂ ਦੀ ਬਹਾਦਰੀ ਅਤੇ ਲਾਸਾਨੀ ਜੰਗ ਕੁਸ਼ਲਤਾ ਦੇ ਬਾਵਜੂਦ ਆਪਣੇ ਆਗੂਆਂ ਵੱਲੋਂ ਦਿੱਤੇ ਧੋਖੇ ਕਾਰਨ ਸਿੱਖਾਂ ਨੂੰ ਫਿਰ ਹਾਰ ਦਾ ਸਾਹਮਣਾ ਕਰਨਾ ਪਿਆ।

3. ਬੱਦੋਵਾਲ ਦੀ ਲੜਾਈ (21 ਜਨਵਰੀ,1846): ਰਣਜੋਧ ਸਿੰਘ ਮਜੀਠੀਆ ਨੇ ਆਪਣੀਆਂ ਫੌਜਾਂ ਨਾਲ ਸਤਲੁਜ ਦਰਿਆ ਪਾਰ ਕੀਤਾ ਅਤੇ ਲੁਧਿਆਣਾ ਉੱਤੇ ਹਮਲਾ ਕਰਨ ਦੀ ਵਿਉਂਤ ਬਣਾਈ। ਹੈਨਰੀ ਸਮਿੱਥ ਦੀ ਅਗਵਾਈ ਵਿੱਚ ਫੌਜਾਂ ਨੇ ਉਹਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਬੱਦੋਵਾਲ ਨੇੜੇ, 21 ਜਨਵਰੀ 1846 ਈ: ਨੂੰ ਹੋਈ ਲੜਾਈ ਵਿੱਚ ਅੰਗਰੇਜ਼ਾਂ ਦੀ ਹਾਰ ਹੋਈ।

4. ਅਲੀਵਾਲ ਦੀ ਲੜਾਈ (28 ਜਨਵਰੀ, 1846): ਫਿਰੋਜ਼ਪੁਰ ਤੋਂ ਸਹਾਇਤਾ ਮਿਲਦੇ ਹੀ, ਹੇਨਰੀ ਸਮਿੱਥ ਨੇ ਰਣਜੋਧ ਸਿੰਘ ਦੀ ਅਗਵਾਈ ਹੇਠ ਸਿੱਖ ਸੈਨਾ 'ਤੇ 28 ਜਨਵਰੀ, 1846 ਨੂੰ ਅਚਾਨਕ ਹਮਲਾ ਕਰ ਦਿੱਤਾ ਅਤੇ ਉਹਨਾਂ ਨੂੰ ਹਰਾ ਦਿੱਤਾ। ਸਿੱਖ ਸਿਪਾਹੀਆਂ ਨੇ ਸਤਲੁਜ ਦਰਿਆ ਪਾਰ ਕੀਤਾ ਅਤੇ ਦੌੜ੍ਹਨ ਵਿੱਚ ਕਾਮਯਾਬ ਰਹੇ।

5. ਸਭਰਾਓਂ ਦੀ ਲੜਾਈ (10 ਫਰਵਰੀ, 1846): ਆਖ਼ਰੀ ਅਤੇ ਫੈਸਲਾਕੁੰਨ ਲੜਾਈ ਸਤਲੁਜ ਦਰਿਆ ਦੇ ਕੰਢੇ,10 ਫਰਵਰੀ, 1846 ਈ: ਨੂੰ ਸਭਰਾਓ ਵਿਖੇ ਹੋਈ। ਇਸ ਯੁੱਧ ਵਿੱਚ ਵੀ ਤੇਜ ਸਿੰਘ ਅਤੇ ਲਾਲ ਸਿੰਘ, ਜਿਹੜੇ ਸਿੱਖ ਫੌਜਾਂ ਦ ਅਗਵਾਈ ਕਰ ਰਹੇ ਸਨ, ਨੇ ਮੁੜ ਆਪਣੇ ਫੌਜੀਆਂ ਨਾਲ ਧੋਖਾ ਕੀਤਾ, ਪਰ ਸ਼ਾਮ ਸਿੰਘ ਅਟਾਰੀਵਾਲਾ ਬਹੁਤ ਬਹਾਦਰੀ ਨਾਲ ਲੜਦਾ ਰਿਹਾ ਅਤੇ ਸ਼ਹੀਦ ਹੋ ਗਿਆ। ਆਪਣੇ ਆਗੂਆਂ ਵੱਲੋਂ ਦਿੱਤੇ ਹੋਏ ਧੋਖੇ ਕਾਰਨ ਸਿੱਖ ਹਾਰ ਗਏ, ਪਰ ਦੁਸ਼ਮਣਾਂ ਦਾ ਭਾਰੀ ਨੁਕਸਾਨ ਹੋਇਆ। ਲੱਗਭੱਗ 320 ਬਰਤਾਨਵੀ ਫੌਜੀ ਮਾਰੇ ਗਏ ਅਤੇ 2083 ਦੇ ਕਰੀਬ ਜਖ਼ਮੀ ਹੋਏ। ਇਸ ਲੜਾਈ ਵਿੱਚ 3125 ਸਿੱਖ ਸਿਪਾਹੀ ਲੜਦੇ ਸ਼ਹੀਦ ਹੋ ਗਏ।

Scanned by CamScanner

ਸਾਰਣੀ 4.17

ਪਹਿਲਾ ਐਂਗਲੋ - ਸਿੱਖ ਯੁੱਧ ਦੌਰਾਨ ਲੜੀਆਂ ਲੜਾਈਆਂ (1845-46)

ਲੜਾਈ ਦਾ ਨਾਂ	ਕਦੋਂ	ਕਿਥੇ	ਸਿੱਖ ਫੌਜਾਂ ਦੀ ਅਗਵਾਈ ਕੀਤੀ	ਜਿਨ੍ਹਾਂ ਨੇ ਬਰਤਾਨਵੀਂ ਫੌਜਾਂ ਦੀ ਅਗਵਾਈ ਕੀਤੀ	ਜਿੱਤ
ਮੁਦਕੀ ਦੀ ਲੜਾਈ	18 ਦਸੰਬਰ 1845	ਮੁਦਕੀ	ਲਾਲ ਸਿੰਘ	ਸਰ ਹੁਗ ਗੋਹ	ਬ੍ਰਿਟਿਸ਼ ਦੀ
ਫਿਰੋਜ਼ ਸ਼ਹਿਰ ਦੀ ਲੜਾਈ	21 ਦਸੰਬਰ 1845	ਫਿਰੋਜ਼ ਸ਼ਹਿਰ	ਲਾਲ ਸਿੰਘ ਅਤੇ ਤੇਜਾ ਸਿੰਘ	ਸਰ ਹੁਗ ਗੋਹ	ਬ੍ਰਿਟਿਸ਼ ਦੀ
ਬੱਦੋਵਾਲ ਦੀ ਲੜਾਈ	21 ਜਨਵਰੀ 1846	ਬੱਦੋਵਾਲ	ਰਣਜੋਧ ਸਿੰਘ ਮਜੀਠੀਆ	ਸਰ ਹੈਨਰੀ ਸਮਿਥ	ਸਿਖਾਂ ਦੀ
ਆਲੀਵਾਲ ਦੀ ਲੜਾਈ	28 ਜਨਵਰੀ 1846	ਆਲੀਵਾਲ	ਰਣਜੋਧ ਸਿੰਘ	ਸਰ ਹੈਨਰੀ ਸਮਿਥ	ਬ੍ਰਿਟਿਸ਼ ਦੀ
ਸਭਰਾਓ ਦੀ ਲੜਾਈ	10 ਫਰਬਰੀ 1846	ਸਭਰਾਓ	ਲਾਲ ਸਿੰਘ, ਤੇਜ ਸਿੰਘ ਅਤੇ ਸ਼ਾਮ ਸਿੰਘ ਅਟਾਰੀ ਵਾਲਾ	ਸਰ ਹੁਗ ਗੋਹ ਅਤੇ ਸਰ ਹੈਨਰੀ ਹਾਰਡਿੰਗ	ਬ੍ਰਿਟਿਸ਼ ਦੀ

ਸਭਰਾਓ ਦੀ ਲੜਾਈ ਵਿੱਚ ਜੇਤੂ ਹੋਣ ਮਗਰੋਂ, ਬਰਤਾਨਵੀ ਗਵਰਨਰ ਜਨਰਲ, ਲਾਰਡ ਹਾਰਡਿੰਗ ਨੇ ਪੰਜਾਬ ਦੇ ਮਹਾਰਾਜਾ ਦਲੀਪ ਸਿੰਘ ਨਾਲ 9 ਮਾਰਚ 1846 ਈ: ਨੂੰ ਲਾਹੌਰ ਦੀ ਸੰਧੀ ਕੀਤੀ।

16 ਦਸੰਬਰ, 1846 ਈ: ਨੂੰ ਇੱਕ ਸਹਾਇਕ ਸੰਧੀ ਵੀ ਹੋਈ, ਜਿਸ ਨੂੰ ਭੈਰੋਵਾਲ ਦੀ ਸੰਧੀ ਕਿਹਾ ਜਾਂਦਾ ਹੈ। ਇਸ ਅਨੁਸਾਰ 8 ਸਿੱਖਾਂ ਦਾ ਇੱਕ ਪ੍ਰਤੀਨਿਧੀ ਮੰਡਲ ਬਣਾਇਆ ਗਿਆ ਅਤੇ ਬਰਤਾਨਵੀ ਫੌਜਾਂ ਉਦੋਂ ਤੱਕ ਉੱਥੇ ਹੀ ਰਹਿਣਗੀਆਂ, ਜਦੋਂ ਤੱਕ ਦਲੀਪ ਸਿੰਘ ਬਾਲਗ ਨਹੀਂ ਹੋ ਜਾਂਦਾ। ਸਰ ਹੈਨਰੀ ਲਾਰੈਂਸ ਨੂੰ ਉੱਥੋਂ ਦਾ ਰੈਜ਼ੀਡੈਂਟ ਨਿਯੁਕਤ ਕੀਤਾ ਗਿਆ।

ਲਾਹੌਰ ਦੀ ਸੰਧੀ, 1846

ਲਾਹੌਰ ਦੀ ਸੰਧੀ 9 ਮਾਰਚ, 1846 ਈ: ਨੂੰ ਹੋਈ, ਜਿਸ ਵਿੱਚ:

1. *ਮਹਾਰਾਜਾ ਦਲੀਪ ਸਿੰਘ ਨੂੰ ਲਾਹੌਰ ਦੇ ਰਾਜਾ ਵੱਜੋਂ ਮਾਨਤਾ ਮਿਲੀ।*
2. *ਡੇਢ ਲੱਖ ਦਾ ਮੁਆਵਜਾ ਮੰਗਿਆ ਗਿਆ।*
3. *ਗੁਲਾਬ ਸਿੰਘ ਨੂੰ ਇੱਕ ਸੰਧੀ ਤਹਿਤ, ਇੱਕ ਕਰੋੜ ਰੁਪਏ ਦੀ ਥਾਂ ਤੇ ਜੰਮੂ ਕਸ਼ਮੀਰ ਦੇ ਦਿੱਤਾ ਗਿਆ।*
4. *ਬਿਆਸ ਅਤੇ ਸਤਲੁਜ ਵਿਚਲੇ ਖੇਤਰਾਂ ਨੂੰ ਬਰਤਾਨਵੀ ਰਾਜ ਵਿੱਚ ਮਿਲਾ ਦਿੱਤਾ ਗਿਆ।*
5. *ਸਤਲੁਜ ਦੇ ਦੋਹਾਂ ਕੰਢਿਆਂ 'ਤੇ ਅੰਗਰੇਜ਼ਾਂ ਦਾ ਰਾਜ ਹੋ ਗਿਆ।*

Scanned by CamScanner

ਦੂਸਰਾ ਐਂਗਲੋ-ਸਿੱਖ ਯੁੱਧ (1848-1849):

ਦੂਸਰਾ ਐਂਗਲੋ - ਸਿੱਖ ਯੁੱਧ 1848-49 ਈ: ਵਿੱਚ ਹੋਇਆ, ਜਦੋਂ ਲਾਰਡ ਡਲਹੌਜ਼ੀ ਭਾਰਤ ਦਾ ਗਵਰਨਰ ਜਨਰਲ ਸੀ। ਉਸ ਸਮੇਂ ਮਹਾਰਾਜਾ ਦਲੀਪ ਸਿੰਘ ਲਾਹੌਰ ਦਾ ਨਾਬਾਲਗ ਸਾਸਕ ਸੀ। ਅੰਗਰੇਜ਼ਾਂ ਅਤੇ ਸਿੱਖਾਂ ਦਰਮਿਆਨ ਹੇਠ ਲਿਖੀਆਂ ਲੜਾਈਆਂ ਲੜੀਆਂ ਗਈਆਂ।

1. ਰਾਮ ਨਗਰ ਦੀ ਲੜਾਈ (22 ਨਵੰਬਰ,1848): ਬਰਤਾਨਵੀ ਫੌਜਾਂ ਨੇ ਗੋਹ ਦੀ ਕਮਾਨ ਹੇਠ ਰਾਵੀ ਦਰਿਆ ਪਾਰ ਕੀਤਾ ਅਤੇ ਚਨਾਬ ਦੇ ਸੱਜੇ ਕੰਢੇ ਵੱਲ ਅੱਗੇ ਵੱਧਣ ਲੱਗੇ, ਜਿੱਥੇ ਸ਼ੇਰ ਸਿੰਘ ਅਟਾਰੀਵਾਲਾ ਦੀ ਅਗਵਾਈ ਵਿੱਚ ਸਿੱਖ ਫੌਜਾਂ ਨੇ ਮੋਰਚਾ ਲਾਇਆ ਹੋਇਆ ਸੀ। 22 ਨਵੰਬਰ ਨੂੰ ਰਾਮ ਨਗਰ ਵਿਖੇ ਦੋਹਾਂ ਧਿਰਾਂ ਵਿੱਚ ਲੜਾਈ ਹੋਈ। ਜਿਸ ਵਿੱਚ ਅੰਗਰੇਜ਼ਾਂ ਦੀ ਹਾਰ ਹੋਈ।

2. ਚਿਲ੍ਹਿਆਂਵਾਲਾ ਦੀ ਲੜਾਈ (13 ਜਨਵਰੀ, 1849): ਬਰਤਾਨਵੀ ਫੌਜਾਂ ਨੇ ਗੋਹ ਦੀ ਅਗਵਾਈ ਹੇਠ 13 ਜਨਵਰੀ ਨੂੰ ਜਿਲ੍ਹਿਆਂਵਾਲਾ 'ਤੇ ਹਮਲਾ ਕਰ ਦਿੱਤਾ। ਸ਼ੇਰ ਸਿੰਘ ਦੀ ਸ਼ਾਨਦਾਰ ਅਗਵਾਈ ਹੇਠ ਸਿੱਖ ਫੌਜਾਂ ਨੇ ਉਹਨਾਂ ਨੂੰ ਮੂੰਹ ਤੋੜ ਜਵਾਬ ਦਿੱਤਾ ਅਤੇ ਦੁਸ਼ਮਣਾਂ ਦੇ ਛੱਕੇ ਛੁਡਾ ਦਿੱਤੇ। ਅੰਗਰੇਜ਼ੀ ਹਕੂਮਤ ਦੇ ਭਾਰਤ ਵਿੱਚ ਆਉਣ ਮਗਰੋਂ ਸਾਹਿਦ ਇਹ ਉਹਨਾਂ ਦੀ ਸਭ ਤੋਂ ਵੱਡੀ ਹਾਰ ਸੀ।

3. ਮੁਲਤਾਨ ਦੀ ਲੜਾਈ (22 ਜਨਵਰੀ 1849): 22 ਜਨਵਰੀ ਨੂੰ ਬਰਤਾਨਵੀ ਫੌਜਾਂ, ਜਨਰਲ ਵਿਸ਼ ਦੀ ਕਮਾਨ ਹੇਠ ਮੁਲਤਾਨ ਤੇ ਕਬਜ਼ਾ ਕਰਨ ਵਿੱਚ ਸਫ਼ਲ ਰਹੀਆਂ। ਵਿਦਰੋਹੀਆਂ ਦੇ ਨੇਤਾ, ਮੂਲ ਰਾਜ ਨੇ ਗੋਡੇ ਟੇਕ ਦਿੱਤੇ ਅਤੇ ਅੰਗਰੇਜ਼ਾਂ ਨੇ ਉਸ ਨੂੰ ਬੰਦੀ ਬਣਾ ਲਿਆ।

4. ਗੁਜਰਾਤ ਦੀ ਲੜਾਈ (21 ਫ਼ਰਵਰੀ, 1849): ਸਿੱਖਾਂ ਅਤੇ ਅੰਗਰੇਜ਼ਾਂ ਵਿਚਾਲੇ ਆਖਰੀ ਲੜਾਈ ਗੁਜਰਾਤ ਵਿੱਚ ਚਨਾਬ ਦਰਿਆ ਦੇ ਕੰਢੇ 'ਤੇ 21 ਫ਼ਰਵਰੀ, 1849 ਈ: ਨੂੰ ਹੋਈ। ਇਸ ਲੜਾਈ ਵਿੱਚ ਬਰਤਾਨਵੀ ਫੌਜਾਂ ਗੋਹ ਦੀ ਕਮਾਨ ਹੇਠ ਅਤੇ ਸਿੱਖ ਫੌਜਾਂ ਛੱਤਰ ਸਿੰਘ ਅਤੇ ਸ਼ੇਰ ਸਿੰਘ ਦੀ ਕਮਾਨ ਹੇਠ ਲੜੀਆਂ ਕਿਉਂਕਿ ਇਸ ਲੜਾਈ ਵਿਚੋਂ ਦੋਹਾਂ ਧਿਰਾਂ ਵੱਲੋਂ ਬੰਦੂਕਾਂ ਦੀ ਵਰਤੋਂ ਹੋਈ, ਇਸ ਲਈ ਇਸ ਲੜਾਈ ਨੂੰ ਬੰਦੂਕਾਂ ਦੀ ਲੜਾਈ ਵੀ ਕਿਹਾ ਜਾਂਦਾ ਹੈ। ਇਹ ਲੜਾਈ ਫ਼ੈਸਲਾਕੁੰਨ ਸਾਬਿਤ ਹੋਈ। ਬਰਤਾਨਵੀ ਫੌਜਾਂ ਨੇ ਸਿੱਖਾਂ ਨੂੰ ਹਰਾ ਦਿੱਤਾ।

ਸਾਰਣੀ 4.18 **ਦੂਜੇ ਐਂਗਲੋ ਸਿੱਖ ਯੁੱਧ ਦੌਰਾਨ ਲੜੀਆ ਲੜਾਈਆਂ (1848-49)**

ਲੜਾਈ ਦਾ ਨਾਂ	ਕਦੋਂ	ਕਿਥੇ	ਜਿਸਨੇ ਸਿੱਖ ਫੌਜ ਦੀ ਅਗਵਾਈ ਕੀਤੀ	ਜਿਸਨੇ ਬ੍ਰਿਟਿਸ਼ ਫੌਜ ਦੀ ਅਗਵਾਈ ਕੀਤੀ	ਜਿੱਤ
ਰਾਮ ਨਗਰ ਦੀ ਲੜਾਈ	22 ਨਵੰਬਰ 1848	ਰਾਮ ਨਗਰ	ਸ਼ੇਰ ਸਿੰਘ ਅਟਾਰੀ ਵਾਲਾ	ਸਰ ਗੋਹ	ਸਿੱਖ ਫੌਜ
ਚਿਲ੍ਹਿਆਂਵਾਲਾ ਦੀ ਲੜਾਈ	13 ਜਨਵਰੀ 1849	ਚਿਲ੍ਹਿਆਂਵਾਲਾ	ਸ਼ੇਰ ਸਿੰਘ ਅਟਾਰੀ ਵਾਲਾ	ਸਰ ਗੋਹ	ਸਿੱਖ ਫੌਜ
ਮੁਲਤਾਨ ਦੀ ਲੜਾਈ	22 ਜਨਵਰੀ 1849	ਮੁਲਤਾਨ	ਮੂਲ ਰਾਜ	ਜਨਰਲ ਵਿਸ਼	ਬ੍ਰਿਟਿਸ਼ ਫੌਜ
ਗੁਜਰਾਤ ਦੀ ਲੜਾਈ	21 ਫਰਵਰੀ 1849	ਗੁਜਰਾਤ	ਛੱਤਰ ਸਿੰਘ ਅਤੇ ਸ਼ੇਰ ਸਿੰਘ ਅਟਾਰੀ ਵਾਲਾ	ਸਰ ਗੋਹ	ਬ੍ਰਿਟਿਸ਼ ਫੌਜ

ਗੁਜਰਾਤ ਦੀ ਲੜਾਈ ਮਗਰੋਂ ਅੰਗਰੇਜ਼ਾਂ ਦਾ ਮੁਕਾਬਲਾ ਕਰਨ ਲਈ ਸਿੱਖਾਂ ਕੋਲ ਸੰਗਠਿਤ ਤਾਕਤ ਨਹੀਂ ਸੀ। 29 ਮਾ[illegible] 1849 ਈ: ਨੂੰ ਲਾਰਡ ਡਲਹੌਜ਼ੀ ਨੇ ਇੱਕ ਐਲਾਨ ਰਾਹੀ ਪੰਜਾਬ ਨੂੰ ਭਾਰ[illegible] ਸਾਮਰਾਜ ਵਿੱਚ ਮਿ[illegible]

Scanned by CamScanner

ਅਤੇ ਮਹਾਰਾਜਾ ਦਲੀਪ ਸਿੰਘ ਲਈ ਸਲਾਨਾ ਪੈਂਨਸ਼ਨ ਲਗਾ ਦਿੱਤੀ।

ਸੋ 5 ਅਪ੍ਰੈਲ 1849 ਈ: ਨੂੰ ਪੰਜਾਬ ਇੱਕ ਸੁਤੰਤਰ ਰਾਜ ਨਾ ਰਿਹਾ। ਹੁਣ ਇੱਕ ਨਵਾਂ ਪ੍ਰਸ਼ਾਸ਼ਕੀ ਢਾਂਚਾ ਲਾਗੂ ਕੀਤਾ ਗਿਆ ਅਤੇ ਇਸ ਦੇ ਅਧੀਨ ਲਾਹੌਰ ਦਰਬਾਰ ਤੋਂ ਹਾਸਿਲ ਕੀਤੇ ਸਤਲੁਜ਼ ਦੇ ਉੱਤਰ ਅਤੇ ਦੱਖਣ ਵੱਲ ਦੇ ਇਲਾਕੇ ਆਏ। ਨਵੇਂ ਪੰਜਾਬ ਰਾਜ ਦੀਆਂ ਸੀਮਾਵਾਂ ਹੁਣ ਜੰਮੂ ਤੋਂ ਸਿੰਧ ਤੱਕ ਫੈਲੀਆਂ ਹੋਈਆਂ ਸਨ।

Scanned by CamScanner

ਪਾਠ 5

ਪੰਜਾਬ ਦਾ ਵਰਤਮਾਨ ਇਤਿਹਾਸ

5.1 ਪੰਜਾਬ ਵਿੱਚ ਬਰਤਾਨਵੀ ਸਾਮਰਾਜ ਦੀ ਨੀਂਹ:

ਮਾਰਚ 1849 ਈ: ਦੇ ਗਵਰਨਰ ਜਨਰਲ ਦੇ ਐਲਾਨ ਨਾਲ ਭਾਰਤ ਵਿਚ, ਪੰਜਾਬ ਬਰਤਾਨਵੀ ਸਾਮਰਾਜ ਦਾ ਹਿੱਸਾ ਬਣ ਗਿਆ। ਪ੍ਰਸ਼ਾਸ਼ਕੀ ਪ੍ਰਣਾਲੀ ਚਲਾਉਣ ਲਈ ਇੱਕ ਪ੍ਰਸ਼ਾਸ਼ਕੀ ਬੋਰਡ ਸਥਾਪਿਤ ਕੀਤਾ ਗਿਆ ਜਿਸ ਦਾ ਇੱਕ ਮੁੱਖੀ ਅਤੇ ਦੋ ਮੈਂਬਰ ਸਨ। ਪ੍ਰਬੰਧਕੀ ਅਮਲੇ ਵਿੱਚ ਕਮਿਸ਼ਨਰ, ਡਿਪਟੀ ਕਮਿਸ਼ਨਰ, ਸਹਾਇਕ ਕਮਿਸ਼ਨਰ ਅਤੇ ਵਧੀਕ ਸਹਾਇਕ ਕਮਿਸ਼ਨਰ ਸ਼ਾਮਿਲ ਸਨ। ਇਸ ਬੋਰਡ ਨੂੰ ਵੱਖ-ਵੱਖ ਵਿਭਾਗਾਂ ਦੀ ਦੇਖ-ਰੇਖ ਅਤੇ ਸ਼ਾਸ਼ਕੀ ਕੰਟ੍ਰੋਲ ਦੀ ਸ਼ਕਤੀ ਵੀ ਦਿੱਤੀ ਗਈ।

ਹਥਿਆਰਬੰਦ ਫੌਜ, ਸੈਨਿਕ ਅਤੇ ਘੋੜਿਆਂ ਆਦਿ ਨੂੰ ਮੁੜ ਸੰਗਠਿਤ ਕੀਤਾ ਗਿਆ ਅਤੇ ਇਨ੍ਹਾਂ ਦਾ ਮੁੱਖ ਕਾਰਜ ਰਾਜ ਦੀ ਅੰਦਰੂਨੀ ਸੁਰੱਖਿਆ ਕਰਨਾ ਸੀ। ਦੀਵਾਨੀ ਅਤੇ ਫੌਜਦਾਰੀ ਅਦਾਲਤਾਂ ਸਥਾਪਿਤ ਕੀਤੀਆਂ ਗਈਆਂ।

1853 ਈ: ਵਿੱਚ ਪ੍ਰਸ਼ਾਸ਼ਕੀ ਬੋਰਡ ਭੰਗ ਕਰ ਦਿੱਤਾ ਗਿਆ ਅਤੇ ਇਸ ਦੀ ਥਾਂ ਤੇ ਸਰ ਜੋਹਨ ਲਾਰੈਂਸ ਨੂੰ ਸਥਾਈ ਪ੍ਰਬੰਧਕੀ ਅਮਲੇ ਦਾ ਪਹਿਲਾ ਚੀਫ ਕਮਿਸ਼ਨਰ ਨਿਯੁਕਤ ਕੀਤਾ ਗਿਆ ਅਤੇ ਉਸ ਦਾ ਪੰਜਾਬ ਸੀਮਾ ਸੈਨਾ ਤੇ ਸਿੱਧਾ ਕੰਟ੍ਰੋਲ ਸੀ। ਉਸ ਦੀ ਸਹਾਇਤਾ ਲਈ ਫੌਜਦਾਰੀ ਅਤੇ ਕਰ-ਕਮਿਸ਼ਨਰਾਂ ਦੀ ਨਿਯੁਕਤੀ ਕੀਤੀ ਗਈ। ਫੌਜਦਾਰੀ ਕਮਿਸ਼ਨਰ ਪੁਲਿਸ ਦਾ ਵੀ ਮੁੱਖੀ ਸੀ। ਉਹ ਵਿਦਿਅਕ ਸੰਸਥਾਵਾਂ ਦੀ ਦੇਖ-ਭਾਲ ਵੀ ਕਰਦਾ ਸੀ ਅਤੇ ਸਥਾਈ ਅਤੇ ਨਿਗਮ ਫੰਡਾਂ ਦੀ ਵੀ ਦੇਖ-ਰੇਖ ਕਰਦਾ ਸੀ।

5.2 ਪੰਜਾਬ – ਇੱਕ ਲੈਫ਼ਟੀਨੈਂਟ ਗਵਰਨਰ ਪ੍ਰਤੀਨਿਧੀ ਰਾਜ:

1859 ਈ: ਦੇ ਆਰੰਭ ਵਿੱਚ ਪੰਜਾਬ ਅਤੇ ਦਿੱਲੀ ਦੇ ਖੇਤਰ ਨੂੰ ਇੱਕ ਵੱਖਰੇ ਲੈਫ਼ਟੀਨੈਂਟ ਗਵਰਨਰ ਪ੍ਰਤੀਨਿਧੀ ਰਾਜ ਦਾ ਹਿੱਸਾ ਬਣਾ ਦਿੱਤਾ ਗਿਆ। ਸਰ ਜੋਹਨ ਲਾਰੈਂਸ ਇਸ ਰਾਜ ਦੇ ਪਹਿਲੇ ਮੁੱਖੀ ਬਣੇ।ਉਹਨਾਂ ਮਗਰੋਂ ਚਾਰਜ ਸਰ ਰੋਬਰਟ ਮੋਂਟਗੁਮਰੀ ਕੋਲ ਚਲਾ ਗਿਆ।

ਇਸ ਲੈਫ਼ਟੀਨੈਂਟ ਗਵਰਨਰ ਪ੍ਰਤੀਨਿਧੀ ਰਾਜ ਵਿੱਚ ਹੇਠ ਲਿਖੇ ਖੇਤਰ ਸ਼ਾਮਿਲ ਕੀਤੇ ਗਏ:

1. ਬਿਆਸ ਦਰਿਆ ਦੇ ਪੱਛਮੀ ਦਿਸ਼ਾ ਵਿਚ ਪੈਂਦਾ ਪੰਜਾਬ (ਜਿਸ ਨੂੰ 1849 ਈ: ਵਿੱਚ ਮਿਲਾ ਲਿਆ ਗਿਆ ਸੀ),
2. ਜਲੰਧਰ ਦਾ ਦੁਆਬਾ ਅਤੇ ਕਾਂਗੜਾ ਦਾ ਪਹਾੜੀ ਖੇਤਰ (ਜਿਸ ਨੂੰ 1846 ਈ: ਵਿੱਚ ਮਿਲਾਇਆ ਗਿਆ) ਅਤੇ
3. ਸਤਲੁਜ ਦਰਿਆ ਦੇ ਪੂਰਬ ਵਿੱਚ ਪੈਂਦੇ ਖੇਤਰ, ਜਿਸ ਵਿੱਚ ਸ਼ਾਮਿਲ ਸਨ:
   - ਮਹਾਰਾਜਾ ਦਲੀਪ ਸਿੰਘ ਦੇ ਅਧਿਕਾਰ ਖੇਤਰ ਵਾਲੇ ਇਲਾਕੇ (ਇੰਨ੍ਹਾਂ ਨੂੰ 1845 ਈ: ਵਿੱਚ ਮਿਲਾਇਆ ਗਿਆ),
   - ਉਹ ਰਾਜ ਜਿੰਨ੍ਹਾਂ ਦੇ ਮੁਖੀ ਬਿਨਾ ਵਾਰਿਸ ਤੋਂ ਮਰ ਗਏ ਸਨ, ਜਾਂ ਜੋ ਬਰਤਾਨਵੀ ਸਾਮਰਾਜ ਵੱਲੋਂ ਮੁਖੀਆਂ ਦੇ ਬੁਰੇ

Scanned by CamScanner

ਵਤੀਰੇ ਕਾਰਨ ਮਿਲਾ ਲਈਆਂ ਗਈਆਂ ਅਤੇ

- ਸਿਮਲਾ ਦੇ ਪਹਾੜੀ ਖੇਤਰ (ਜੋ ਕਿ 1814-16 ਵਿਚ ਗੋਰਖਾ ਲੜਾਈ ਮਗਰੋਂ ਮਿਲਾ ਲਏ ਗਏ)।

1865 ਈ: ਵਿੱਚ ਸਰ ਰੋਬਰਟ ਮੌਂਟਗੁਮਰੀ ਨੇ ਬਤੌਰ ਲੈਂਫਟੀਨੈਂਟ ਗਵਰਨਰ ਅਸਤੀਫਾ ਦੇ ਦਿੱਤਾ ਅਤੇ ਸਰ ਡੋਨਾਲਡ ਮੈਕਲੌਡ ਉਨ੍ਹਾਂ ਦੇ ਉਤਰਾਧਿਕਾਰੀ ਬਣੇ। ਇਸੇ ਸਾਲ ਫੌਜਦਾਰੀ ਕਮਿਸਨਰ ਦਾ ਅਹੁਦਾ ਖ਼ਤਮ ਕਰ ਦਿੱਤਾ ਗਿਆ ਅਤੇ ਇੱਕ ਮੁੱਖ ਅਦਾਲਤ ਸਥਾਪਿਤ ਕੀਤੀ ਗਈ ਜਿਸ ਵਿੱਚ ਪੰਜਾਬ ਦਾ ਕਮਿਸਨਰ ਨਿਯੁਕਤ ਕੀਤਾ ਗਿਆ ਅਤੇ ਸ੍ਰੀਮਾਨ ਈ: ਪਰਿੰਸਪ ਪਹਿਲੇ ਕਮਿਸਨਰ ਬਣੇ।

ਕੀ ਤੁਸੀ ਜਾਣਦੇ ਹੋ

- *ਪੰਜਾਬ ਵਿੱਚ ਪਹਿਲੀ ਰੇਲਵੇ ਲਾਈਨ 8 ਫਰਵਰੀ 1859 ਈ: ਵਿੱਚ ਅੰਮ੍ਰਿਤਸਰ ਤੋਂ ਮੁਲਤਾਨ ਵਿੱਚ ਸ਼ੁਰੂ ਹੋਈ।*
- *1862 ਈ: ਵਿੱਚ ਪੰਜਾਬ ਵਿੱਚ ਦੰਡ ਸੰਹਿਤਾ ਆਰੰਭ ਹੋਈ।*

Scanned by CamScanner

5.3 ਸਮਾਜ ਅਤੇ ਧਰਮ ਸੁਧਾਰਕ ਲਹਿਰਾਂ:

5.3.1 ਭੂਮਿਕਾ:

ਪੰਜਾਬ ਵਿੱਚ ਸਮਾਜ ਅਤੇ ਧਰਮ ਸੁਧਾਰਕ ਲਹਿਰਾਂ ਦਾ ਆਰੰਭ 1849 ਈ: ਵਿੱਚ ਪੰਜਾਬ ਨੂੰ ਬਰਤਾਨਵੀ ਸਾਮਰਾਜ ਵਿੱਚ ਮਿਲਾਉਣ ਮਗਰੋਂ ਹੋਇਆ। ਇਨ੍ਹਾਂ ਵਿਚੋਂ ਕਈ ਲਹਿਰਾਂ ਬਾਹਰੋਂ ਆਈਆਂ ਅਤੇ ਕੁੱਝ ਦਾ ਜਨਮ ਪੰਜਾਬ ਵਿੱਚ ਹੀ ਹੋਇਆ। ਇਹਨਾਂ ਸਭ ਲਹਿਰਾਂ ਵਿਚੋਂ ਪਹਿਲੀ ਸੀ ਬ੍ਰਹਮੋ ਸਮਾਜ, ਜਿਸ ਦੀ ਨੀਂਹ 1828 ਈ: ਵਿੱਚ ਰਾਜਾ ਰਾਮ ਮੋਹਨ ਨੇ ਰੱਖੀ, ਜੋ ਬੰਗਾਲ ਤੋਂ ਪੰਜਾਬ ਆਏ ਸਨ। ਬ੍ਰਹਮੋ ਸਮਾਜ ਦੀ ਪਹਿਲੀ ਇਕਾਈ ਪੰਜਾਬ ਵਿੱਚ 1864 ਈ: ਵਿੱਚ ਲਾਹੌਰ ਵਿਖੇ ਬਣੀ।

ਪੰਜਾਬ ਵਿੱਚ ਹੋਰ ਲਹਿਰਾਂ ਵੀ ਸਨ। ਦਯਾਨੰਦ ਸਰਸਵਤੀ ਨੇ 1875 ਈ: ਵਿੱਚ ਆਰੀਆ ਸਮਾਜ ਦੀ ਨੀਂਹ ਰੱਖੀ, ਜੋ ਮੁੰਬਈ ਤੋਂ ਪੰਜਾਬ ਆਏ ਸਨ। ਇਸੇ ਸਾਲ ਇਹਨਾਂ ਦੀ ਪਹਿਲੀ ਇਕਾਈ, ਪੰਜਾਬ ਵਿੱਚ ਲਾਹੌਰ ਵਿਖੇ ਬਣੀ ਸੀ।

ਕਈ ਹੋਰ ਲਹਿਰਾਂ ਜਿਵੇ ਦੇਵ ਸਮਾਜ, ਸਨਾਤਨ ਧਰਮ ਸਭਾ, ਵਹਾਬੀ ਲਹਿਰ ਆਦਿ ਪੰਜਾਬ ਤੋਂ ਬਾਹਰੋਂ ਆਈਆਂ। ਪਰ ਸਿੱਖਾਂ ਦੀ ਸਭ ਤੋਂ ਮਹੱਤਵਪੂਰਨ ਲਹਿਰ ਸਿੰਘ ਸਭਾ ਸੀ। ਸਿੰਘ ਸਭਾ ਲਹਿਰ ਦੀ ਉਤਪਤੀ ਤੋਂ ਪਹਿਲਾਂ ਨਿਰੰਕਾਰੀਆਂ, ਨਾਮਧਾਰੀਆਂ ਅਤੇ ਰਾਧਾਸੁਆਮੀਆਂ ਨੇ ਪੰਜਾਬ ਵਿਚ ਸੰਪਰਦਾਇਕ ਸੁਧਾਰਾਂ ਲਈ ਕਈ ਯਤਨ ਕੀਤੇ।

5.3.2 ਨਿਰੰਕਾਰੀ ਲਹਿਰ:

ਨਿਰੰਕਾਰੀ ਲਹਿਰ ਦੀ ਸਥਾਪਨਾ ਬਾਬਾ ਦਿਆਲ ਜੋ ਕਿ ਪਿਸ਼ਾਵਰ ਦਾ ਇੱਕ ਕਰੋੜਪਤੀ ਵਪਾਰੀ ਸੀ ਨੇ 19ਵੀਂ ਸਦੀ ਦੇ ਅੱਧ ਵਿੱਚ ਕੀਤੀ। ਉਹਨਾਂ ਦਾ ਮੰਤਵ ਸਿੱਖੀ ਦੀ ਰਵਾਇਤ ਅਤੇ ਮਰਿਆਦਾ ਵਿੱਚ ਮੁੜ ਪਵਿੱਤਰਤਾ ਨੂੰ ਲਿਆਉਣਾ ਸੀ। ਉਹਨਾਂ ਨੇ ਸਿੱਖਾਂ ਦਾ ਵਿਸ਼ਵਾਸ ਇੱਕ ਨਿਰੰਕਾਰ, ਜੋ ਕਿ ਰੱਬ ਦਾ ਅਮੂਰਤ ਰੂਪ ਹੈ, ਵਿੱਚ ਨਿਹਿਤ ਕੀਤਾ। ਇਸੇ ਮੰਤਵ ਤੋਂ ਇਸ ਲਹਿਰ ਦਾ ਨਾਮ ਨਿਰੰਕਾਰੀ ਲਹਿਰ ਪਿਆ। ਉਹਨਾਂ ਨੇ ਮੂਰਤੀ ਪੂਜਾ, ਧਾਰਮਿਕ ਯਾਤਰਾਵਾਂ ਅਤੇ ਧਰਮ ਨਾਲ ਜੁੜੇ ਪਾਖੰਡਾਂ ਦਾ ਵਿਰੋਧ ਕੀਤਾ।ਉਹਨਾਂ ਦਾ ਮੰਤਰ ਸੀ:

ਧੰਨ ਨਿਰੰਕਾਰ (ਅਮੂਰਤ ਗੁਰੂ ਦੀ ਉਸਤਤਿ)

ਦੇਹ ਧਾਰੀ ਸਭਾ ਖਵਾਰ (ਦੇਹਧਾਰੀਆਂ ਦੀ ਪੂਜਾ ਕਿਸੇ ਤਰ੍ਹਾਂ ਵੀ ਲਾਭਕਾਰੀ ਨਹੀਂ)

ਉਹਨਾਂ ਨੇ 1851 ਈ: ਵਿੱਚ ਰਾਵਲਪਿੰਡੀ ਵਿਖੇ ਨਿਰੰਕਾਰੀ ਦਰਬਾਰ ਸਥਾਪਿਤ ਕੀਤਾ। ਇਸ ਦਰਬਾਰ ਦੀ ਸਥਾਪਨਾ 'ਲੇਈ' ਨਦੀ ਦੇ ਕੰਢੇ 'ਤੇ ਹੋਈ। ਉਹਨਾਂ ਦੇ ਨਾਮ ਪਿੱਛੇ ਹੀ ਇਸ ਨੂੰ ਦਿਆਲਸਰ ਦਾ ਨਾਮ ਦਿੱਤਾ ਗਿਆ।

ਬਾਬਾ ਦਿਆਲ ਸਿੰਘ ਦਾ ਵੱਡਾ ਪੁੱਤਰ ਦਰਬਾਰਾ ਸਿੰਘ ਉਹਨਾਂ ਦਾ ਉਤਰਾਧਿਕਾਰੀ ਬਣਿਆ। ਉਸ ਨੇ ਨਵੇਂ ਕੇਂਦਰਾਂ ਦੀ ਸਥਾਪਨਾ ਕੀਤੀ ਅਤੇ ਜਨਮ, ਮਰਨ, ਵਿਆਹ ਅਤੇ ਮੰਗਣੀ ਆਦਿ ਸਬੰਧੀ ਗੁਰੂ ਗ੍ਰੰਥ ਸਾਹਿਬ ਤੇ ਅਧਾਰਿਤ ਹੁਕਮਨਾਮੇ ਜਾਰੀ ਕੀਤੇ। ਅਜਿਹਾ ਸਭ ਕਾਰਜਾਂ ਵਿੱਚ ਇਕ ਸਮਾਨਤਾ ਲਿਆਉਣ ਦੇ ਮੰਤਵ ਨਾਲ ਕੀਤਾ ਗਿਆ।

ਬਾਬਾ ਦਰਬਾਰਾ ਸਿੰਘ ਮਗਰੋਂ ਉਹਨਾਂ ਦੇ ਭਰਾ ਰਤਨ ਸਿੰਘ, ਰਤਨ ਸਿੰਘ ਪਿੱਛੋਂ ਉਨ੍ਹਾਂ ਦਾ ਪੁੱਤਰ ਗੁਰਦਿੱਤ ਸਿੰਘ ਅਤੇ ਫਿਰ ਗੁਰਦਿੱਤ ਸਿੰਘ ਪਿਛੋਂ ਉਨ੍ਹਾਂ ਦਾ ਪੁੱਤਰ ਹਾਰਾ ਸਿੰਘ ਨੇ ਇਸ ਲਹਿਰ ਦੀ ਪ੍ਰਤੀਨਿਧਤਾ ਕੀਤੀ।

1947 ਈ: ਵਿੱਚ ਪੰਜਾਬ ਵੰਡ ਕਾਰਨ ਨਿਰੰਕਾਰੀ ਦਰਬਾਰ ਨੂੰ ਰਾਵਲਪਿੰਡੀ ਤੋਂ ਪਹਿਲਾਂ ਅੰਮ੍ਰਿਤਸਰ ਅਤੇ ਫਿਰ ਚੰਡੀਗੜ੍ਹ ਤਬਦੀਲ ਕਰਨਾ ਪਿਆ।

ਨਿਰੰਕਾਰੀਆਂ ਨੇ ਆਪਣੇ-ਆਪ ਨੂੰ ਸਿੱਖ ਕਿਹਾ ਅਤੇ ਕਿਸੇ ਵੱਖਰੀ ਕੌਮ ਦਾ ਨਾਮ ਨਹੀਂ ਦਿੱਤਾ। ਪਰ ਉਹ ਸਿੱਖਾਂ ਦੀ ਇਸ ਰੂਤੀਵਾਦੀ ਵਿਚਾਰਧਾਰਾ ਨੂੰ ਨਹੀਂ ਮੰਨਦੇ ਸਨ ਕਿ ਆਦਿ ਗ੍ਰੰਥ ਅੰਤਮ ਗੁਰੂ ਹੈ ਅਤੇ ਸਿੱਖਾਂ ਦਾ ਕੇਵਲ ਉਹੀ ਗੁਰੂ ਹੈ।

Scanned by CamScanner

ਉਹ ਗੁਰੂ ਗ੍ਰੰਥ ਸਾਹਿਬ ਦੇ ਨਾਲ-ਨਾਲ ਇੱਕ ਦੇਹਧਾਰੀ ਅਧਿਆਪਕ ਅਤੇ ਪੰਥ ਪ੍ਰਦਰਸ਼ਕ ਨੂੰ ਜ਼ਰੂਰੀ ਵੀ ਮੰਨਦੇ ਸਨ। ਅਰਦਾਸ ਸਮੇਂ ਉਹ ਭਗੌਤੀ ਜੀ ਨੂੰ ਸੰਬੋਧਿਤ ਨਾਂ ਕਰਦੇ ਹੋਏ ਨਿਰੰਕਾਰੀ ਦਾ ਨਾਮ ਲੈਂਦੇ ਸਨ। ਉਹਨਾਂ ਨੇ ਹਥਿਆਰਬੰਦ ਖ਼ਾਲਸਾ ਦਾ ਵੀ ਵਿਰੋਧ ਕੀਤਾ।

ਉਹਨਾਂ ਨੇ ਪ੍ਰਮਾਤਮਾ ਦੇ ਭਾਣੇ ਵਿੱਚ ਸੰਪੂਰਨ ਵਿਸ਼ਵਾਸ ਰੱਖਣ 'ਤੇ ਜ਼ੋਰ ਦਿੱਤਾ। ਉਹ ਜਨਮ, ਵਿਆਹ ਅਤੇ ਮੌਤ ਵਰਗੇ ਸਮਾਗਮਾਂ ਵਿੱਚ ਗੁਰਬਾਣੀ ਅਤੇ ਸ਼ਬਦਾਂ ਦਾ ਉਚਾਰਨ ਕਰਦੇ ਸਨ। ਉਹ ਦਹੇਜ ਦੇ ਸਖ਼ਤ ਵਿਰੋਧੀ ਸਨ।

ਸਿੱਖਾਂ ਵਿੱਚ ਸੁਧਾਰ ਲਿਆਉਣ ਵਿੱਚ ਇਹ ਲਹਿਰ ਮੋਢੀ ਰਹੀ ਅਤੇ ਸਿੱਖੀ ਮਰਯਾਦਾ ਦੀ ਪਹਿਰੇਦਾਰ ਬਣ ਕੇ ਉਭਰੀ।

5.3.3 ਰਾਧਾਸੁਆਮੀ ਲਹਿਰ:

ਰਾਧਾ ਸੁਆਮੀ ਲਹਿਰ ਦੀ ਨੀਂਹ ਆਗਰੇ ਦੇ ਇੱਕ ਹਿੰਦੂ ਖ਼ਜ਼ਾਨਚੀ ਸ਼ਿਵ ਦਿਆਲ ਨੇ 19ਵੀਂ ਸਦੀ ਵਿੱਚ ਰੱਖੀ। ਉਸ ਨੇ ਰੱਬ ਨੂੰ ਮਨ ਤੇ ਪ੍ਰਮਾਤਮਾ ਦੇ ਮੇਲ ਦਾ ਨਾਮ ਦਿੱਤਾ। ਇਸੇ ਕਾਰਨ ਉਸ ਨੇ ਆਪਣੇ ਆਪ ਨੂੰ ਰਾਧਾਸੁਆਮੀ ਦੀ ਸੰਧਿਆ ਦਿੱਤੀ। ਇਸ ਗੱਦੀ ਦੇ ਉਹ ਪਹਿਲੇ ਗੁਰੂ ਹੋਏ। ਉਹ ਆਦਿ ਗ੍ਰੰਥ ਦੀਆਂ ਸਿੱਖਿਆਵਾਂ ਤੋਂ ਕਾਫ਼ੀ ਪ੍ਰਭਾਵਿਤ ਸਨ। ਉਹਨਾਂ ਨੇ ਇੱਕ ਅਜਿਹੇ ਮੱਤ ਦੀ ਨੀਂਹ ਰੱਖੀ ਜਿਸ ਵਿੱਚ ਹਿੰਦੂ ਅਤੇ ਸਿੱਖ ਦੋਹਾਂ ਧਰਮਾਂ ਦੇ ਤੱਤ ਸ਼ਾਮਿਲ ਸਨ। ਉਹਨਾਂ ਦੀਆਂ ਸਿੱਖਿਆਵਾਂ ਨੇ ਦੂਰ-ਦੁਰਾਡੇ ਤੋਂ ਸਿਖਿਆਰਥੀਆਂ ਨੂੰ ਆਕਰਸ਼ਿਤ ਕੀਤਾ ਅਤੇ 1878 ਈ: ਵਿੱਚ ਉਹਨਾਂ ਦੀ ਮੌਤ ਤੋਂ ਪਹਿਲਾਂ ਉਹਨਾਂ ਦੇ ਹਜ਼ਾਰਾਂ ਹੀ ਚੇਲੇ ਸਨ।

ਉਹਨਾਂ ਦੀ ਮੌਤ ਮਗਰੋਂ ਰਾਧਾਸੁਆਮੀ ਮੱਤ, ਦੋ ਹਿੱਸਿਆਂ ਵਿੱਚ ਵੰਡਿਆ ਗਿਆ।ਮੁੱਖ ਕੇਂਦਰ ਆਗਰਾ ਵਿਖੇ ਰਿਹਾ ਅਤੇ ਇੱਕ ਨਵਾਂ ਕੇਂਦਰ ਸ਼ਿਵਦਿਆਲ ਦੇ ਚੇਲੇ ਜੈਮੱਲ ਸਿੰਘ ਵੱਲੋਂ ਦਰਿਆ ਬਿਆਸ ਦੇ ਕੰਢੇ 'ਤੇ ਸ਼ੁਰੂ ਕੀਤਾ ਗਿਆ। ਬਿਆਸ ਕੇਂਦਰ ਆਗਰਾ ਕੇਂਦਰ ਤੋਂ ਪੂਰਨ ਤੌਰ ਤੇ ਸੁਤੰਤਰ ਸੀ। ਜੈਮੱਲ ਸਿੰਘ ਦੀ ਮੌਤ ਮਗਰੋਂ ਇਥੇ ਗੁਰਗੱਦੀ 'ਤੇ ਗੁਰੂਆਂ ਦੀ ਵੱਖਰੀ ਪੀੜ੍ਹੀ ਸੀ। ਜੈਮੱਲ ਸਿੰਘ ਦਾ ਉਤਰਾਧਿਕਾਰੀ ਉਨ੍ਹਾਂ ਦਾ ਚੇਲਾ ਸਾਵਨ ਸਿੰਘ ਗਰੇਵਾਲ ਬਣਿਆ। ਸਾਵਨ ਸਿੰਘ ਮਗਰੋਂ ਜਗਤ ਸਿੰਘ ਆਇਆ ਅਤੇ ਉਸ ਨੇ ਚਰਨ ਸਿੰਘ ਨੂੰ ਆਪਣਾ ਉਤਰਾਧਿਕਾਰੀ ਬਣਾਇਆ।

ਰਾਧਾਸੁਆਮੀ ਰੂੜੀਵਾਦੀ ਸਿੱਖੀ ਨੂੰ ਨਹੀਂ ਹਨ ਮੰਨਦੇ। ਉਹ ਪ੍ਰਤੱਖ ਗੁਰੂ ਵਿੱਚ ਵਿਸ਼ਵਾਸ ਰੱਖਦੇ ਹਨ। ਉਹ ਇੱਕ ਦੂਜੇ ਨੂੰ ਵੀ ਰਾਧਾਸੁਆਮੀ ਕਹਿ ਕੇ ਨਮਸਕਾਰ ਕਰਦੇ ਹਨ। ਰਾਧਾਸੁਆਮੀਆਂ ਦੇ ਧਾਰਮਿਕ ਸਥਾਨਾਂ 'ਤੇ ਗੁਰੂ ਗ੍ਰੰਥ ਸਾਹਿਬ ਸ਼ਸ਼ੋਭਿਤ ਨਹੀਂ ਹੈ। ਉਹਨਾਂ ਵਿੱਚ ਕੀਰਤਨ ਦੀ ਪ੍ਰਥਾ ਵੀ ਨਹੀਂ ਹੈ ਕਿਉਂਕਿ ਉਹਨਾਂ ਨੂੰ ਲੱਗਦਾ ਹੈ ਕਿ ਧੁਨੀਆਂ, ਭਗਤਾ ਦੇ ਮਨ ਨੂੰ ਮੰਤਰਾਂ ਦੇ ਸਹੀ ਅਰਥਾਂ ਤੋਂ ਲਾਂਭੇ ਕਰਦੀਆਂ ਹਨ ਅਤੇ ਇਹ ਮਹਿਜ਼ ਮਨਪਰਚਾਵੇ ਦਾ ਸਾਧਨ ਰਹਿ ਜਾਂਦੇ ਹਨ।

ਰਾਧਾਸੁਆਮੀ ਸਿੱਖਿਆਵਾਂ ਦਾ ਧੁਰਾ ਇੱਕ ਵਿਸ਼ੇਸ਼ ਕਿਸਮ ਦੀ ਸਾਧਨਾ ਹੈ ਜਿਸ ਨੂੰ 'ਸੁਰਤ ਸ਼ਬਦ ਯੋਗਾ' ਦਾ ਨਾਮ ਦਿੱਤਾ ਜਾਂਦਾ ਹੈ। ਸ਼ਬਦ ਤੋਂ ਅਰਥ ਉਸ ਆਤਮਿਕ ਵਲਵਲੇ ਤੋਂ ਹੈ ਜੋ ਸਾਧਨਾ ਦੌਰਾਨ ਅੰਦਰੂਨੀ ਰੌਸ਼ਨੀ ਅਤੇ ਧੁਨੀ ਦੇ ਰੂਪ ਵਿੱਚ ਪ੍ਰਾਪਤ ਹੁੰਦਾ ਹੈ। ਯੋਗ ਅਰਥਾਤ ਆਪਣੇ ਮਨ ਦਾ, ਆਪਣੀ ਅੰਤਰ ਆਤਮਾ ਨਾਲ, ਆਪਣੀ ਸੁਰਤ ਅਰਥਾਤ ਚੇਤੰਨ ਮਨ ਦਾ ਮਿਲਾਪ ਹੈ ਜੋ ਕਿ ਅੰਤਰ ਆਤਮਾ ਦੀ ਆਵਾਜ਼ ਨਾਲ ਸੰਭਵ ਹੁੰਦਾ ਹੈ। ਸੋ ਇਸ ਨੂੰ ਆਤਮਾ ਦੇ ਪ੍ਰਮਾਤਮਾ ਨਾਲ ਮਿਲਾਪ ਦਾ ਮੂਲ ਅਤੇ ਅਭਿੰਨ ਤਰੀਕਾ ਦੱਸਿਆ ਗਿਆ ਹੈ।

ਆਪਣੇ ਗੁਰੂ ਦੀ ਅਗਵਾਈ ਹੇਠ ਸਾਧਨਾ ਕਰਨਾ ਬਹੁਤ ਮਹੱਤਵਪੂਰਨ ਹੈ। ਪਰ ਗੁਰੂ ਅਜਿਹਾ ਹੋਵੇ ਜੋ ਨਿੱਜੀ ਤੌਰ 'ਤੇ ਵੀ ਸ਼ਬਦ ਨਾਲ ਜੁੜਿਆ ਹੋਵੇ।

ਸਫ਼ਲ ਸਾਧਨਾ ਲਈ ਜ਼ਰੂਰੀ ਹੈ ਕਿ ਸਾਧਨਾ ਦੁੱਧਾਧਾਰੀ ਅਤੇ ਸ਼ਾਕਾਹਾਰੀ ਹੋਵੇ, ਉਹ ਸ਼ਰਾਬ ਜਾਂ ਕਿਸੇ ਹੋਰ ਨਸ਼ੇ ਦਾ ਸੇਵਨ

Scanned by CamScanner

ਨਾਂ ਕਰਦਾ ਹੋਵੇ ਅਤੇ ਪਵਿੱਤਰ ਅਤੇ ਉੱਚ-ਆਚਾਰ ਵਾਲਾ ਜੀਵਨ ਜਿਉਂਦਾ ਹੋਵੇ।

5.3.4 ਨਾਮਧਾਰੀ ਲਹਿਰ (ਕੂਕਾ ਲਹਿਰ):

ਨਾਮਧਾਰੀ ਲਹਿਰ ਦੀ ਨੀਂਹ ਬਾਬਾ ਬਾਲਕ ਸਿੰਘ (1797-1862) ਨੇ ਰੱਖੀ ਸੀ।ਉਹ ਸੰਤ ਸੁਭਾਅ ਦੇ ਸਨ। ਉਹ ਭਗਤ ਜਵਾਹਰ ਮੱਲ ਦੇ ਸੱਚੇ ਭਗਤ ਸਨ ਜਿੰਨ੍ਹਾਂ ਨੇ ਗੁਰੀਬੀ ਦੀ ਨੈਤਿਕਤਾ ਅਤੇ ਸਦਾਚਾਰ ਦਾ ਪ੍ਰਚਾਰ ਕੀਤਾ ਸੀ। ਬਾਬਾ ਬਾਲਕ ਸਿੰਘ ਨੇ ਅਮੀਰੀ ਨੂੰ ਕੰਧ-ਰਹਿਤ ਦੱਸਿਆ। ਉਹ ਪੰਜਾਬ ਦੇ ਉਤਰ - ਪੱਛਮੀ ਸੀਮਾ 'ਤੇ ਸਥਿਤ ਪਿੰਡ ਹਜ਼ਰੋ ਦੇ ਵਸਨੀਕ ਸਨ।

ਆਪਣੇ ਗੁਰੂ ਦੀ ਤਰ੍ਹਾਂ ਬਾਬਾ ਬਾਲਕ ਸਿੰਘ ਨੇ ਵੀ ਆਪਣੇ ਭਗਤਾਂ ਨੂੰ ਗੁਰੂਆਂ ਵੱਲੋਂ ਦਰਸਾਏ ਸੱਚ ਦੇ ਸਿੱਧੇ ਮਾਰਗ ਵੱਲ ਮੁੜਨ ਦਾ ਸੁਨੇਹਾ ਦਿੱਤਾ।ਉਹਨਾਂ ਨੇ ਸਖ਼ਤ ਰੂਪ ਧਰ ਕੇ ਮੁਹਰੀ ਪਾਉਣ ਦੀ ਨੀਤੀ ਅਪਣਾਈ। ਆਪਣੀ ਮੌਤ ਤੋਂ ਪਹਿਲਾਂ ਆਪਣੇ ਭਗਤਾਂ ਨੂੰ 'ਜੁਗਿਆਸੂ' ਦਾ ਨਾਮ ਦਿੱਤਾ ਪਰ ਉਹਨਾਂ ਦੇ ਅਜੇਹੇ ਭਗਤ 'ਨਾਮਧਾਰੀ' ਕਹਾਉਂਦੇ ਹਨ।

ਉਹਨਾਂ ਨੇ ਆਪਣੇ ਭਗਤਾਂ ਨੂੰ ਅਨੰਦ ਰਸਮ ਅਨੁਸਾਰ ਵਿਆਹ ਸੰਪੰਨ ਕਰਨ ਲਈ ਕਿਹਾ ਅਤੇ ਇਸ ਕਾਰਜ ਉੱਤੇ ਵਾਧੂ ਪੈਸੇ ਖਰਚਣ ਦੀ ਵੀ ਮਨਾਹੀ ਕੀਤੀ। ਦਾਜ ਦੇਣਾ, ਸਰਾਬ ਜਾਂ ਮੀਟ ਦੇ ਸੇਵਨ, ਭੀਖ ਮੰਗਣ ਦੀ ਮਨਾਹੀ ਕੀਤੀ ਅਤੇ ਉੱਚ ਅਤੇ ਨੈਤਿਕ ਆਚਾਰ ਵਾਲਾ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ।

ਜੋਤੀ ਜੋਤ ਸਮਾਉਣ ਮਗਰੋਂ ਆਪ ਦੇ ਤਿੰਨ ਪ੍ਰਮੁੱਖ ਭਗਤਾਂ ਵਿਚੋਂ ਬਾਬਾ ਰਾਮ ਸਿੰਘ ਆਪ ਦੇ ਉਤਰਾਧਿਕਾਰੀ ਬਣੇ। ਉਹ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਉਤਰਾਧਿਕਾਰੀਆਂ ਦੀ ਸੈਨਾ ਵਿੱਚ ਬਤੌਰ ਸੈਨਿਕ ਕੰਮ ਕਰਦੇ ਸਨ ਪਰ ਬਾਬਾ ਬਾਲਕ ਸਿੰਘ ਦੇ ਬਚਨਾਂ ਨੇ ਉਨ੍ਹਾਂ ਨੂੰ ਮੰਤਰ-ਮੁਗਧ ਕਰ ਦਿੱਤਾ ਸੀ।

ਬਾਬਾ ਰਾਮ ਸਿੰਘ ਜਿਲ੍ਹਾ ਲੁਧਿਆਣਾ ਦੇ ਪਿੰਡ ਭੈਣੀ ਦੇ ਵਾਸੀ ਸਨ। ਉਹਨਾਂ ਨੇ ਨਾਮਧਾਰੀਆਂ ਦਾ ਮੁੱਖ ਕੇਂਦਰ, ਹਾਜ਼ਰੋ ਤੋਂ ਲੁਧਿਆਣਾ ਦੇ ਆਪਣੇ ਪਿੰਡ ਭੈਣੀ ਵਿਖੇ ਤਬਦੀਲ ਕਰ ਦਿੱਤਾ ਸੀ। ਉਹ ਸਿੱਖੀ ਦੇ ਦ੍ਰਿੜ ਭਗਤ ਸਨ ਅਤੇ ਅੰਮ੍ਰਿਤ ਛਕਾਉਣ ਦੀ ਵਿਧੀ ਨੂੰ ਵੀ ਉਹਨਾਂ ਵਿਸੇਸ਼ ਮਹੱਤਵ ਦਿੱਤਾ। ਉਹਨਾਂ ਨਾਮਧਾਰੀਆਂ ਨੂੰ ਇੱਕ ਸੰਗਠਿਤ ਅਤੇ ਸਤੰਤਰ ਸੰਸਥਾ ਦੇ ਰੂਪ ਵਿੱਚ ਸਥਾਪਿਤ ਕੀਤਾ। ਉਹਨਾਂ ਆਪਣੇ ਭਗਤਾਂ ਨੂੰ ਹੁਕਮਨਾਮੇ ਜਾਰੀ ਕੀਤੇ ਜਿੰਨ੍ਹਾਂ ਵਿੱਚ ਮੁੱਖ ਤੌਰ 'ਤੇ ਆਚਰਣ, ਨਿੱਜੀ, ਸਮਾਜਿਕ, ਰਾਜਨੀਤਿਕ ਅਤੇ ਸਾਫ਼-ਸਫ਼ਾਈ ਨਾਲ ਸਬੰਧਿਤ ਮੁੱਦੇ ਸਨ:

ਆਚਾਰ: ਕਦੇ ਵੀ ਝੂਠ ਨਾਂ ਬੋਲੋ, ਚੋਰੀ ਅਤੇ ਮਿਲਾਵਟ ਆਦਿ ਨਾ ਕਰੋ।

ਨਿੱਜੀ: ਤੰਬਾਕੂ, ਸਰਾਬ ਅਤੇ ਮੀਟ ਦਾ ਸੇਵਨ ਨਾ ਕਰੋ।

ਸਮਾਜਿਕ: ਮਾਦਾ ਬੱਚਿਆਂ ਦਾ ਨੁਕਸਾਨ ਜਾਂ ਵਪਾਰ ਨਾ ਕਰੋ।

ਸੋਲ੍ਹਾਂ ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਦਾ ਵਿਆਹ ਨਾਂ ਕਰੋ।

ਦਾਜ ਦੇਣਾ ਅਤੇ ਲੈਣਾ ਦੋਹਾਂ ਤੋਂ ਮਨਾਹੀ ਹੈ।

ਵਿਆਜ ਤੇ ਪੈਸਾ ਦੇਣ ਅਤੇ ਲੈਣ ਦੀ ਮਨਾਹੀ ਹੈ।

ਬਲਦਾਂ ਦੀ ਨਸਬੰਦੀ ਨਾ ਕਰੋ।

ਗੁਊਆਂ ਅਤੇ ਹੋਰ ਪਸ਼ੂਆਂ ਨੂੰ ਹੱਤਿਆਂ ਤੋਂ ਬਚਾਉਣਾ।

ਸਾਫ਼-ਸਫ਼ਾਈ: ਸੂਰਜ ਚੜਨ ਤੋਂ ਪਹਿਲਾਂ ਉਠੋ ਅਤੇ ਰੋਜ਼ ਨਹਾਓ।

ਰਾਜਨੀਤਿਕ: ਸਰਕਾਰੀ ਨੌਕਰੀ ਨਾ ਕਰੋ।

Scanned by CamScanner

ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਨਾਂ ਭੇਜੋ।
ਆਪਣੇ ਕੇਸਾਂ ਦੇ ਨਿਪਟਾਰੇ ਲਈ ਅਦਾਲਤਾਂ ਵਿੱਚ ਨਾਂ ਜਾ ਕੇ ਪੰਚਾਇਤ ਕੋਲ ਜਾਓ।
ਵਿਦੇਸੀ ਵਸਤਾਂ ਦੀ ਵਰਤੋਂ ਨਾਂ ਕਰੋ।
ਸਰਕਾਰੀ ਡਾਕ ਸੇਵਾ ਦਾ ਇਸਤੇਮਾਲ ਨਾ ਕਰੋ।

ਉਹ ਮੂਰਤੀ ਪੂਜਾ ਦੇ ਵਿਰੋਧੀ ਸੀ। ਉਹਨਾਂ ਦੇ ਚੇਲੇ ਸਿੱਧੀ ਪਗੜੀ ਪਾਇਆ ਕਰਦੇ ਸਨ ਅਤੇ ਚਿੱਟੀ ਉੱਨ ਦੀ ਮਾਲਾ ਰੱਖਦੇ ਸਨ। ਉਹਨਾਂ ਦੀ ਤਰ੍ਹਾਂ ਉਹਨਾਂ ਦੇ ਚੇਲੇ ਵੀ ਉੱਚੀ ਆਵਾਜ਼ ਵਿੱਚ ਮੰਤਰ ਪੜਦੇ, ਇਸੇ ਕਾਰਣ ਹੀ ਇੰਨ੍ਹਾਂ ਦਾ ਨਾਮ ਕੂਕਾ ਪਿਆ। ਬਾਬਾ ਰਾਮ ਸਿੰਘ, ਗਊ ਦੇ ਪੱਕੇ ਰੱਖਿਅਕ ਸਨ। ਇਸੇ ਯਤਨ ਸਦਕਾ ਉਹਨਾਂ ਨੇ 1870 ਈ: ਵਿੱਚ ਅੰਮ੍ਰਿਤਸਰ ਵਿੱਚ ਸਥਿਤ ਇੱਕ ਬੁੱਚੜਖਾਨੇ 'ਤੇ ਹਮਲਾ ਵੀ ਕਰ ਦਿੱਤਾ ਸੀ। ਇਥੋਂ ਦੇ ਜਲਾਦਾਂ ਵਿਚੋਂ ਚਾਰ ਦੀ ਮੌਤ ਹੋ ਗਈ ਅਤੇ ਤਿੰਨ ਨੂੰ ਡੂੰਘੀਆਂ ਸੱਟਾਂ ਲੱਗੀਆਂ ਸਨ। 15 ਜੁਲਾਈ, 1871 ਈ: ਨੂੰ ਜਿਲ੍ਹਾ ਲੁਧਿਆਣਾ ਦੇ ਰਾਏਕੋਟ ਵਿਖੇ ਅਜਿਹੀ ਹੀ ਇੱਕ ਹੋਰ ਘਟਨਾ ਵਾਪਰੀ, ਜਿਸ ਵਿੱਚ ਤਿੰਨ ਬੰਦੇ ਮਾਰੇ ਗਏ ਅਤੇ ਨੌਂ ਜਖਮੀ ਹੋ ਗਏ।

11 ਜਨਵਰੀ, 1872 ਈ: ਨੂੰ ਸੈਂਕੜੇ ਕੂਕੇ ਭੈਣੀ ਸਾਹਿਬ ਵਿਖੇ ਲੋਹੜੀ ਮਨਾਉਣ ਲਈ ਇਕੱਠੇ ਹੋਏ। ਬਾਬਾ ਰਾਮ ਸਿੰਘ ਨੇ ਆਪਣੇ ਭਗਤਾਂ ਨੂੰ ਸ਼ਾਂਤ ਰਹਿਣ ਦਾ ਸੰਦਾ ਦਿੱਤਾ। ਪਰ ਕੁਝ ਕੂਕਿਆਂ ਨੇ ਆਪ ਦੀ ਸਲਾਹ ਨਾ ਮੰਨਦੇ ਹੋਏ ਮਲੇਰਕੋਟਲਾ ਦੇ ਜੱਲਾਦਾਂ ਨੂੰ ਮਾਰਨ ਦੀ ਵਿਉਂਤ ਬਣਾਈ। ਮਲੇਰਕੋਟਲੇ ਜਾਂਦਿਆਂ ਰਾਹ ਵਿੱਚ ਉਹਨਾਂ ਮਲੌਦ ਦੇ ਸ: ਬੱਧਣ ਸਿੰਘ ਦੇ ਘਰ ਹਥਿਆਰ ਲੈਣ ਲਈ ਛਾਪਾ ਮਾਰਿਆ, ਜਿਥੇ ਸਰਦਾਰ ਦੇ ਬੰਦਿਆ ਨਾਲ ਇਨ੍ਹਾਂ ਦੀ ਮੁੱਠਭੇੜ ਹੋ ਗਈ। ਇਸ ਘਟਨਾ ਦੌਰਾਨ, 8 ਸਿਪਾਹੀਆਂ ਅਤੇ 7 ਕੂਕਿਆਂ ਦੀ ਮੌਤ ਹੋ ਗਈ ਸੀ।

ਐਲ. ਕੋਆਨ ਲੁਧਿਆਣੇ ਦਾ ਡਿਪਟੀ ਕਮਿਸ਼ਨਰ ਮਲੇਰਕੋਟਲੇ ਪਹੁੰਚਿਆ ਅਤੇ ਬਿੰਨਾਂ ਕਿਸੇ ਸੁਣਵਾਈ ਦੇ ਉਸਨੇ 17 ਜਨਵਰੀ ਨੂੰ 66 ਕੂਕਿਆਂ ਨੂੰ ਬੰਦਕੂਆਂ ਨਾਲ ਉਡਾ ਦਿੱਤਾ ਸੀ। ਮਲੇਰਕੋਟਲਾ ਤੋਂ ਅੱਗੇ ਜਾਂਦਿਆਂ ਅੰਬਾਲਾ ਦੇ ਕਮਿਸ਼ਨਰ ਫੋਰਸਿਥ ਨੇ ਬਾਕੀ 11 ਕੂਕਿਆਂ ਨੂੰ ਵੀ ਮਰਵਾ ਦਿੱਤਾ।

ਕੁੱਝ ਸਮਾਂ ਬਾਬਾ ਰਾਮ ਸਿੰਘ ਨੂੰ ਇਲਾਹਾਬਾਦ ਜੇਲ੍ਹ ਵਿੱਚ ਰੱਖਣ ਉਪਰੰਤ ਉਹਨਾਂ ਨੂੰ ਰੰਗੂਨ ਭੇਜ ਦਿੱਤਾ ਗਿਆ। ਜਿਥੇ 29 ਨਵੰਬਰ, 1884 ਨੂੰ ਆਪ ਦੀ ਮੌਤ ਹੋ ਗਈ। ਉਹਨਾਂ ਦੇ ਭਰਾ ਬਾਬਾ ਹਰੀ ਸਿੰਘ ਉਹਨਾਂ ਦੇ ਉਤਰਾਧਿਕਾਰੀ ਬਣੇ, ਇਨ੍ਹਾਂ ਮਗਰੋਂ ਉਹਨਾਂ ਦੇ ਪੁੱਤਰ ਬਾਬਾ ਪਰਤਾਪ ਸਿੰਘ ਆਏ ਸਨ। ਬਾਬਾ ਪਰਤਾਪ ਸਿੰਘ ਤੋਂ ਬਾਅਦ ਉਹਨਾਂ ਦੇ ਪੁੱਤਰ ਬਾਬਾ ਜਗਤ ਸਿੰਘ ਉਤਰਾਧਿਕਾਰੀ ਬਣੇ ਸਨ।

ਵਰਤਮਾਨ ਦੌਰ ਵਿੱਚ ਜਿਲ੍ਹਾ ਲੁਧਿਆਣਾ ਦੇ ਭੈਣੀ ਅਤੇ ਸਿਰਸਾ ਨੇੜੇ ਜ਼ਿਲ੍ਹਾ ਹਿਸਾਰ ਦੇ ਜੀਵਨ ਨਗਰ, ਨਾਮਧਾਰੀਆਂ ਦੇ ਦੋ ਮੁੱਖ ਕੇਂਦਰ ਹਨ।

ਕੂਕਾ ਰਸਾਲੇ
ਨਵਾਂ ਹਿੰਦੁਸਤਾਨ, ਸੱਚਾ ਮਾਰਗ ਅਤੇ ਸਤਿਯੁੱਗ।

ਸੰਖੇਪ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਇਹ ਇੱਕ ਧਾਰਮਿਕ ਅਤੇ ਸਮਾਜਿਕ ਲਹਿਰ ਸੀ ਜਿਸ ਦਾ ਮੰਤਵ ਬਾਲ ਵਿਆਹ, ਮਾਦਾ ਭਰੂਣ ਹੱਤਿਆ, ਨਸ਼ਿਆਂ ਦੀ ਵਰਤੋਂ ਆਦਿ ਨੂੰ ਜੜ੍ਹ ਤੋਂ ਖ਼ਤਮ ਕਰਨਾ ਸੀ।

5.3.5 ਸਿੰਘ ਸਭਾ ਲਹਿਰ:

1849 ਈ: ਵਿੱਚ ਪੰਜਾਬ ਨੂੰ ਬਰਤਾਨਵੀ ਸਾਮਰਾਜ ਵਿੱਚ ਮਿਲਾਉਣ ਮਗਰੋਂ, ਬਰਤਾਨਵੀ ਸਾਮਰਾਜ ਨੇ ਈਸਾਈ ਧਰਮ-ਪ੍ਰਚਾਰ ਦੀਆਂ ਗਤੀਵਿਧੀਆਂ ਨੂੰ ਤੇਜ਼ ਕਰਨ ਲਈ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ। ਸਿੱਖਾਂ ਨੂੰ ਧਰਮ ਪਰਿਵਰਤਨ ਮਗਰੋਂ ਈਸਾਈ ਬਣਾਇਆ ਜਾ ਰਿਹਾ ਸੀ। ਇਸ ਦੀ ਪਹਿਲ 1853 ਈ: ਵਿੱਚ ਮਹਾਰਾਜਾ ਦਲੀਪ ਸਿੰਘ ਦੇ ਧਰਮ ਪਰਿਵਰਤਨ ਤੋਂ

Scanned by CamScanner

ਆਰੰਭ ਹੋਈ। ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀਆਂ ਅਯਾ ਸਿੰਘ, ਅਤਰ ਸਿੰਘ, ਸਾਧੂ ਸਿੰਘ, ਅਤੇ ਸੰਤੋਖ ਸਿੰਘ ਦੇ ਧਰਮ ਪਰਿਵਰਤਨ ਨੇ ਸਿੱਖਾਂ ਨੂੰ ਚੌਂਕਾਂ ਦਿੱਤਾ ਸੀ।

ਸੋ, 30 ਜੁਲਾਈ, 1873 ਈ: ਨੂੰ ਸਿੱਖ ਆਗੂਆਂ ਵੱਲੋਂ ਅੰਮ੍ਰਿਤਸਰ ਵਿਖੇ ਇੱਕ ਬੈਠਕ ਬੁਲਾਈ ਗਈ। ਜਿਸ ਵਿੱਚ 'ਗੁਰੂ ਸਿੰਘ ਸਭਾ' ਨਾਮ ਦੀ ਸੰਸਥਾ ਬਣਾਈ ਗਈ। ਇਸ ਸਭਾ ਦਾ ਮੰਤਵ ਹਰ ਤਰ੍ਹਾਂ ਦੀਆਂ ਸਿੱਖ ਵਿਰੋਧੀ ਗਤੀਵਿਧੀਆਂ ਦੇ ਖਿਲਾਫ਼, ਸਿੱਖੀ ਪ੍ਰਤੀ ਵਿਸ਼ਵਾਸ ਨੂੰ ਬਚਾਈ ਰੱਖਣਾ ਸੀ। 1 ਅਕਤੂਬਰ, 1873 ਈ: ਨੂੰ ਪਹਿਲੀ ਬੈਠਕ ਅਕਾਲ ਤਖ਼ਤ ਦੇ ਸਾਹਮਣੇ ਹੋਈ, ਜਿਸ ਵਿੱਚ ਵੱਖ-ਵੱਖ ਗੁਰਦੁਆਰਿਆਂ ਦੇ ਗ੍ਰੰਥੀਆਂ, ਗਿਆਨੀਆਂ ਅਤੇ ਸਿੱਖ ਸਮਾਜ ਦੇ ਹੋਰਨਾਂ ਮੈਂਬਰਾਂ ਨੇ ਭਾਗ ਲਿਆ। ਸਰਦਾਰ ਠਾਕੁਰ ਸਿੰਘ ਸੰਧਾਂਵਾਲੀਆ ਨੂੰ ਇਸ ਸੰਸਥਾ ਦਾ ਚੇਅਰਮੈਨ ਅਤੇ ਗਿਆਨੀ ਗਿਆਨ ਸਿੰਘ ਨੂੰ ਸਕੱਤਰ ਨਿਯੁਕਤ ਕੀਤਾ ਗਿਆ।

ਅੰਮ੍ਰਿਤਸਰ ਦੀ ਸ੍ਰੀ ਗੁਰੂ ਸਿੰਘ ਸਭਾ ਤੋਂ ਬਿੰਨਾਂ ਵੀ ਹੋਰਨਾਂ ਕੇਂਦਰਾਂ ਤੇ ਇਹੋ ਜਿਹੇ ਕਈ ਸੰਗਠਨ ਬਣੇ ਜਿੰਨ੍ਹਾਂ ਵਿੱਚ ਸਭ ਤੋਂ ਮਹੱਤਵਪੂਰਨ ਲਾਹੌਰ ਦਾ ਸੰਗਠਨ ਸੀ।

ਨਵੰਬਰ, 1879 ਈ: ਵਿੱਚ ਪ੍ਰੋਫ਼ੈਸਰ ਗੁਰਮੁਖ ਸਿੰਘ ਨੇ ਲਾਹੌਰ ਵਿਖੇ ਸਿੰਘ ਸਭਾ ਬਣਾਈ ਅਤੇ ਇਸ ਨੂੰ ਅੰਮ੍ਰਿਤਸਰ ਵਾਲੀ ਸਿੰਘ ਸਭਾ ਨਾਲ ਜੋੜ ਦਿੱਤਾ ਗਿਆ। ਇਸ ਸਭਾ ਦੇ ਨੇਤਾ ਮੱਧ ਵਰਗ ਨਾਲ ਸਬੰਧਿਤ ਪੜ੍ਹੇ-ਲਿਖੇ ਅਤੇ ਜੋਸ਼ੀਲੇ ਨੌਜਵਾਨ ਸਨ।

ਅਪ੍ਰੈਲ, 1880 ਈ: ਵਿੱਚ ਅੰਮ੍ਰਿਤਸਰ ਦੀ ਸਿੰਘ ਸਭਾ ਨੂੰ ਮੁੱਖ ਕੇਂਦਰ ਬਣਾ ਦਿੱਤਾ ਗਿਆ ਅਤੇ ਇਸ ਨੂੰ 'ਖ਼ਾਲਸਾ ਦੀਵਾਨ' ਅੰਮ੍ਰਿਤਸਰ ਦਾ ਨਾਮ ਦਿੱਤਾ ਗਿਆ।

ਇਹਨਾਂ ਸੰਗਠਨਾਂ ਦੇ ਮੰਤਵ ਹੇਠ ਲਿਖੇ ਅਨੁਸਾਰ ਸਨ:

1. ਸੱਚੇ ਸਿੱਖੀ ਧਰਮ ਦਾ ਪ੍ਰਚਾਰ ਕਰਨਾ ਅਤੇ ਇਸ ਦੀ ਗੁਆਚੀ ਸ਼ਾਨ ਨੂੰ ਮੁੜ ਸਥਾਪਿਤ ਕਰਨਾ।
2. ਇਤਿਹਾਸਿਕ ਅਤੇ ਧਾਰਮਿਕ ਕਿਤਾਬਾਂ ਦੀ ਛਪਾਈ ਅਤੇ ਫੰਡ।
3. ਅਜੋਕੇ ਗਿਆਨ ਨੂੰ ਪੰਜਾਬੀ ਮਾਧਿਅਮ ਰਾਹੀਂ ਲੋਕਾਂ ਤੱਕ ਪਹੁੰਚਾਉਣਾ ਅਤੇ ਇਸੇ ਮੰਤਵ ਨਾਲ ਉਹਨਾਂ ਨੇ ਪੰਜਾਬੀ ਪਤ੍ਰਿਕਾਵਾਂ ਅਤੇ ਅਖ਼ਬਾਰ ਸ਼ੁਰੂ ਕੀਤੇ।

ਵਿਚਾਰਧਾਰਾ ਦੇ ਮੱਤਭੇਦ ਕਾਰਨ ਦੋਹਾਂ ਕੇਂਦਰਾਂ ਵਿੱਚ ਫੁੱਟ ਪੈ ਗਈ। ਇਸ ਮੱਤਭੇਦ ਦਾ ਕਾਰਨ ਸੀ: ਕੀ ਸਿੱਖ ਧਰਮ, ਹਿੰਦੂ ਧਰਮ ਦਾ ਅੰਗ ਹੈ ਜਾਂ ਇਸ ਦੀ ਵਿਲੱਖਣ ਅਤੇ ਭਿੰਨ ਹੋਂਦ ਹੈ। ਜਿੰਨ੍ਹਾਂ ਨੇ ਸਿੱਖ ਧਰਮ ਦੀ ਭਿੰਨ ਹੋਂਦ ਨੂੰ ਮੰਨਿਆਂ ਉਹਨਾਂ ਨੇ 1886 ਈ: ਵਿੱਚ ਲਾਹੌਰ ਵਿਖੇ ਇੱਕ ਵੱਖਰਾ ਖ਼ਾਲਸਾ ਦੀਵਾਨ ਸਥਾਪਿਤ ਕੀਤਾ। ਇਸ ਸੰਸਥਾ ਦੀ ਅਗਵਾਈ ਪ੍ਰੋਫ਼ੈਸਰ ਗੁਰਮੁੱਖ ਸਿੰਘ ਅਤੇ ਭਾਈ ਦਿੱਤ ਸਿੰਘ ਨੇ ਕੀਤੀ। ਇਸ ਸੰਸਥਾ ਦੀ ਵਿਚਾਰਧਾਰਾ ਨੂੰ ਮਜ਼ਬੂਤ ਕਰਨ ਲਈ ਬਹੁਤ ਸਾਰਾ ਸਾਹਿਤ ਵੀ ਛਾਪਿਆ ਗਿਆ।

ਆਰੀਆ ਸਮਾਜ ਦੇ ਵਧਦੇ ਪ੍ਰਭਾਵ ਕਾਰਨ ਅਤੇ ਆਪਣੇ ਨੇਤਾਵਾਂ ਦੇ ਸਿੱਖ ਵਿਰੋਧੀ ਵਰਤਾਰਿਆਂ ਨੂੰ ਦੇਖਦੇ ਹੋਏ ਦੋਹਾਂ ਸੰਗਠਨਾਂ ਨੇ ਮੁੜ ਹੱਥ ਮਿਲਾ ਲਿਆ।ਉਹਨਾਂ ਨੇ ਆਪਣੇ ਮੰਤਵ ਦੀ ਪੂਰਤੀ ਲਈ ਦੁੱਗਣੀ ਕੋਸ਼ਿਸ਼ ਆਰੰਭ ਕਰ ਦਿੱਤੀ ਅਤੇ 1892 ਈ: ਵਿੱਚ ਅੰਮ੍ਰਿਤਸਰ ਵਿਖੇ ਖ਼ਾਲਸਾ ਕਾਲਜ ਦੀ ਨੀਂਹ ਰੱਖੀ।

1898 ਈ: ਵਿੱਚ ਪ੍ਰੋ: ਗੁਰਮੁੱਖ ਸਿੰਘ ਅਤੇ 1901 ਈ: ਵਿੱਚ ਭਾਈ ਦਿੱਤ ਸਿੰਘ ਦੀ ਮੌਤ ਮਗਰੋਂ ਲਾਹੌਰ ਦੀਵਾਨ ਸਥਿਰ ਨਾ ਰਹਿ ਪਾਇਆ ਅਤੇ ਇਸ ਦੀ ਥਾਂ ਅੰਮ੍ਰਿਤਸਰ ਦੇ ਮੁੱਖ ਖ਼ਾਲਸਾ ਦੀਵਾਨ ਨੇ ਲੈ ਲਈ।

30 ਅਕਤੂਬਰ, 1902 ਈ: ਨੂੰ ਹਰਿਮੰਦਰ ਸਾਹਿਬ ਨਾਲ ਜੁੜੇ ਮਲਵਈ ਬੁੰਗੇ ਵਿੱਚ ਮੁੱਖ ਖ਼ਾਲਸਾ ਦੀਵਾਨ ਦੀ ਪਹਿਲੀ

Scanned by CamScanner

ਬੈਠਕ ਹੋਈ। ਭਦੌੜ ਦੇ ਬਾਬੂ ਤੇਜਾ ਸਿੰਘ ਨੇ ਉਦਘਾਟਨੀ ਅਰਦਾਸ ਕੀਤੀ। ਬਾਗੜੀਆਂ ਦੇ ਭਾਈ ਅਰਜਨ ਸਿੰਘ ਨੂੰ ਪਹਿਲੇ ਮੁੱਖੀ ਅਤੇ ਸਰਦਾਰ ਸੁੰਦਰ ਸਿੰਘ ਮਜੀਠੀਆ ਨੂੰ ਪਹਿਲੇ ਸਕੱਤਰ ਨਿਯੁਕਤ ਕੀਤਾ ਗਿਆ। ਸਾਰੇ ਅੰਮ੍ਰਿਤਧਾਰੀ ਸਿੰਘ ਇਸ ਦੇ ਮੈਂਬਰ ਬਣ ਸਕਦੇ ਸਨ। ਮੁੱਖ ਖ਼ਾਲਸਾ ਦੀਵਾਨ ਨੇ ਪੁਰਾਣੇ ਖ਼ਾਲਸਾ ਦੀਵਾਨ ਦੇ ਸਾਰੇ ਮੰਤਵ ਅਤੇ ਟੀਚੇ ਮਿੱਥੇ ਅਤੇ ਸਵੀਕਾਰ ਕੀਤੇ।

ਇਸ ਲਹਿਰ ਦੀਆਂ ਮੁੱਖ ਪ੍ਰਾਪਤੀਆਂ ਹੇਠ ਲਿਖੇ ਅਨੁਸਾਰ ਹਨ:

1. ਮੁਸਲਿਮ ਪਰਿਵਾਰਾਂ ਸਮੇਤ ਹੋਰ ਬਹੁਤ ਸਾਰੇ ਲੋਕਾਂ ਨੂੰ ਭਸੌੜ ਸਿੰਘ ਸਭਾ ਦੀਆਂ ਕੋਸ਼ਿਸ਼ਾ ਸਦਕਾ ਸਿੱਖ ਧਰਮ ਵਿੱਚ ਪਰਿਵਰਤਿਤ ਕਰਨਾ।
2. 1909 ਈ: ਦਾ ਅਨੰਦ ਮੈਰਿਜ ਐਕਟ ਪਾਸ ਕਰਨਾ ਅਤੇ ਇਸ ਤਰ੍ਹਾਂ ਦੇ ਵਿਆਹ ਨੂੰ ਕਾਨੂੰਨੀ ਮਾਨਤਾ ਦੇਣਾ।
3. 1908 ਈ: ਵਿੱਚ ਸਿੱਖ ਵਿਦਿਅਕ ਸਮਾਜ ਦੀ ਸਥਾਪਨਾ ਕਰਨਾ।
4. 1905 ਈ: ਵਿੱਚ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੁੱਖ ਖੇਤਰ ਵਿੱਚ ਸਾਰੀਆਂ ਮੂਰਤੀਆਂ ਹਟਾਉਣਾ।
5. 1916 ਈ: ਵਿੱਚ ਸਾਰੇ ਸਿੱਖਾਂ ਲਈ ਸਾਂਝਾ ਆਚਰਨ ਕੋਡ ਬਣਾਉਣਾ।

ਇਸ ਤਰ੍ਹਾਂ ਸਿੰਘ ਸਭਾ ਲਹਿਰ ਦਾ ਮੰਤਵ ਸਿੱਖੀ ਦੀ ਪਹਿਚਾਣ ਅਤੇ ਹੋਂਦ ਨੂੰ ਕਾਇਮ ਰੱਖਣਾ ਸੀ।

ਸਿੰਘ ਸਭਾ ਦੀ ਲਹਿਰ ਦਾ ਇੱਕ ਹੋਰ ਵਿਸ਼ੇਸ਼ ਪੱਖ ਵਿਦਿਆ ਅਤੇ ਸਾਖਰਤਾ ਸੀ। ਆਮ ਗਿਆਨ ਲਈ ਖ਼ਾਲਸਾ ਸਕੂਲ ਖੋਲ੍ਹੇ ਗਏ ਸਨ ਅਤੇ ਇਹਨਾਂ ਸੰਸਥਾਵਾਂ ਵਿੱਚ ਗੁਰਮੁਖੀ ਅਤੇ ਸਿੱਖ ਧਾਰਮਿਕ ਗ੍ਰੰਥਾਂ ਦੀ ਪੜ੍ਹਾਈ ਲਾਜ਼ਮੀ ਸੀ। ਵੱਡੀ ਗਿਣਤੀ ਵਿੱਚ ਕਿਤਾਬਾਂ, ਮੈਗਜ਼ੀਨ ਅਤੇ ਅਖ਼ਬਾਰ, ਅੰਗਰੇਜ਼ੀ ਅਤੇ ਗੁਰਮੁੱਖੀ ਲਿਪੀ ਵਿੱਚ ਛਾਪੇ ਗਏ ਤਾਂ ਜੋ ਸਿੰਘ ਸਭਾ ਦੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਜਾ ਸਕੇ। ਇਹਨਾਂ ਵਿੱਚੋਂ ਕੁੱਝ ਨਿਮਨ ਲਿਖਿਤ ਅਨੁਸਾਰ ਹਨ:

> ***ਅੰਜੁਮਨ - ਏ - ਪੰਜਾਬ***
> *ਇਸ ਦੀ ਸਥਾਪਨਾ 1865 ਈ: ਵਿੱਚ ਅੰਗਰੇਜ਼ੀ ਕਿਤਾਬਾਂ ਦੇ ਪੰਜਾਬੀ ਵਿੱਚ ਅਨੁਵਾਦ ਦੇ ਮੰਤਵ ਨਾਲ ਕੀਤੀ ਗਈ ਸੀ।*

1. ਸੁਕਬੀ ਸੁਬੋਧਿਨੀ – ਖਾਲਸਾ ਦੀਵਾਨ, ਅੰਮ੍ਰਿਤਸਰ ਵੱਲੋਂ।
2. ਅਕਾਲ ਪ੍ਰਕਾਸ਼ – ਖਾਲਸਾ ਦੀਵਾਨ ,ਅੰਮ੍ਰਿਤਸਰ ਵੱਲੋ।
3. ਪੰਜਾਬ ਦਰਪਣ – ਖਾਲਸਾ ਦੀਵਾਨ, ਅੰਮ੍ਰਿਤਸਰ ਵੱਲੋਂ।
4. ਗੁਰਮੁੱਖੀ ਅਖ਼ਬਾਰ – ਖਾਲਸਾ ਦੀਵਾਨ, ਲਾਹੌਰ ਵੱਲੋਂ।
5. ਖਾਲਸਾ ਪ੍ਰਕਾਸ਼ – ਖਾਲਸਾ ਦੀਵਾਨ, ਲਾਹੌਰ ਵੱਲੋਂ।
6. ਸ੍ਰੀ ਗੁਰਮਤਿ ਪ੍ਰਕਾਸ਼ – ਖਾਲਸਾ ਦੀਵਾਨ, ਲਾਹੌਰ ਵੱਲੋਂ।
7. ਖਾਲਸਾ ਅਖ਼ਬਾਰ (ਹਫ਼ਤਾਵਰੀ) – ਖਾਲਸਾ ਦੀਵਾਨ, ਲਾਹੌਰ ਵੱਲੋਂ।
8. ਹਮ ਹਿੰਦੂ ਨਹੀਂ ਅਤੇ ਗੁਰੂ ਸ਼ਬਦ ਰਤਨਾਕਾਰ ਮਹਾਂਕੋਸ਼ – ਭਾਈ ਕਾਹਨ ਸਿੰਘ ਵੱਲੋਂ।
9. ਗੁਰਮਤਿ ਪ੍ਰਭਾਕਰ, ਗੁਰਮਤਿ ਸੁਧਾਕਰ ਅਤੇ ਸਿੱਖ ਸਾਹਿਤ ਦਾ ਖਰੜਾ – ਭਾਈ ਦਿੱਤ ਸਿੰਘ ਵੱਲੋਂ।
10. ਅੰਗਰੇਜ਼ੀ ਵਿੱਚ ਖਾਲਸਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਕਥਾ – ਭਗਤ ਲਕਸ਼ਮਣ ਸਿੰਘ, ਰਾਵਲਪਿੰਡੀ ਵੱਲੋਂ।
11. ਦੁੱਖ ਨਿਵਾਰਨ: (ਪੰਜਾਬੀ ਮੈਗਜ਼ੀਨ) – ਭਾਈ ਮਹੋਨ ਸਿੰਘ ਵੱਲੋਂ।
12. ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖਾਲਸਾ – ਗਿਆਨੀ ਗਿਆਨ ਸਿੰਘ ਵੱਲੋਂ।

> ***ਖਾਲਸਾ ਟਰੈਕਟ ਸੁਸਾਇਟੀ, ਅੰਮ੍ਰਿਤਸਰ***
> *ਇਸ ਦੀ ਸਥਾਪਨਾ ਭਾਈ ਕੌਰ ਸਿੰਘ ਅਤੇ ਭਾਈ ਵੀਰ ਸਿੰਘ ਨੇ ਕੀਤੀ ਜਿਸ ਦਾ ਮੰਤਵ ਸਿੱਖ ਧਰਮ ਸਬੰਧੀ ਮਹੀਨਵਾਰ ਦਸਤਾਵੇਜ਼/ਗਤੀਵਿਧੀਆਂ ਨੂੰ ਛਾਪਣਾ ਸੀ।*

Scanned by CamScanner

ਦਸ ਸਾਲ ਤੱਕ ਮੁੱਖ ਖਾਲਸਾ ਦੀਵਾਨ ਦੀ ਸਿੱਖਾਂ ਵਿੱਚ ਪੂਰੀ ਚੜ੍ਹਤ ਰਹੀ। ਪਰ 1914 ਈ: ਵਿੱਚ ਇਸ ਅਦਾਰੇ ਦਾ ਸਿੱਖਾਂ ਉਪਰ ਪ੍ਰਭਾਵ ਖ਼ਤਮ ਹੋਣ ਲੱਗਾ ਜਿਸ ਦਾ ਕਾਰਨ ਇਹਨਾਂ ਸੰਸਥਾਵਾਂ ਦਾ ਸਰਕਾਰ ਦਾ ਹਿਮਾਇਤੀ ਹੋਣਾ ਸੀ। 1914 ਈ: ਤੱਕ ਸਿੱਖਾਂ ਵਿੱਚ ਅਸੰਤੁਸ਼ਟੀ ਹੋਰ ਵੀ ਵੱਧ ਗਈ ਸੀ। ਜਿਸ ਦਾ ਕਾਰਨ ਕਾਮਾਗਾਟਾਮਾਰੂ ਅਤੇ ਰਕਾਬ ਗੰਜ ਵਿੱਚ ਹੋਏ ਹਾਦਸੇ ਸਨ। ਸੋ ਸਿੱਖਾਂ ਨੇ ਆਪਣੀ ਰਾਜਨੀਤਿਕ ਇਕਾਈ ਬਣਾਈ, ਜਿਸ ਨੂੰ ਸਿੱਖ ਲੀਗ ਦਾ ਨਾਂ ਦਿੱਤਾ ਗਿਆ। ਇਸ ਲੀਗ ਦਾ ਪਹਿਲਾਂ ਸ਼ੈਸ਼ਨ ਅੰਮ੍ਰਿਤਸਰ ਵਿਖੇ 1919 ਈ: ਨੂੰ ਹੋਇਆ। ਉਹਨਾਂ ਨੇ ਲਾਹੌਰ ਵਿਖੇ 'ਅਕਾਲੀ' ਨਾਮ ਦਾ ਅਖ਼ਬਾਰ ਵੀ ਸ਼ੁਰੂ ਕੀਤਾ। ਇਸ ਅਖ਼ਬਾਰ ਦਾ ਪਿੰਡਾਂ ਵਿੱਚ ਵਸਦੇ ਆਮ ਲੋਕਾਂ ਤੇ ਡੂੰਘਾ ਪ੍ਰਭਾਵ ਸੀ।

ਕਾਮਾਗਾਟਾ ਮਾਰੂ

ਕਾਮਾਗਾਟਾ ਮਾਰੂ ਇੱਕ ਜਪਾਨੀ ਜਹਾਜ਼ ਸੀ, ਜਿਸ ਦਾ ਨਾਮ ਬਦਲ ਕੇ ਗੁਰੂ ਨਾਨਕ ਜਹਾਜ਼ ਰੱਖਿਆ ਗਿਆ। 1914 ਈ: ਵਿੱਚ ਇਸਨੂੰ ਗੁਰਦਿੱਤ ਸਿੰਘ ਨੇ ਹਾਂਗਕਾਂਗ ਤੋਂ ਕਿਰਾਏ ਤੇ ਲਿਆ ਸੀ ਅਤੇ ਇਸ ਦਾ ਮੰਤਵ ਭਾਰਤੀ ਪ੍ਰਵਾਸੀਆਂ ਦੀ ਇੱਕ ਟੋਲੀ ਨੂੰ ਕਨੇਡਾ ਪਹੁੰਚਾਉਣਾ ਸੀ। ਉਸ ਦੌਰ ਵਿੱਚ ਅਮਰੀਕੀ ਅਤੇ ਕਨੇਡਾ ਦੀ ਸਰਕਾਰ ਭਾਰਤੀਆਂ ਨੂੰ ਉਹਨਾਂ ਦੇ ਦੇਸ਼ਾਂ ਵਿੱਚ ਆਉਣ ਨਹੀਂ ਸੀ ਦਿੰਦੀ। ਕਨੇਡਾ ਜਾਣ ਵਾਲੇ ਭਾਰਤੀਆਂ ਦੀ ਹਾਂਗਕਾਂਗ ਵਿੱਚ ਹੁੰਦੀ ਦੁਰਗਤੀ ਨੇ ਗੁਰਦਿੱਤ ਸਿੰਘ ਦਾ ਧਿਆਨ ਖਿੱਚਿਆ। ਗੁਰਦਿੱਤ ਸਿੰਘ ਇੱਕ ਤਕੜਾ ਕਾਰੋਬਾਰੀ ਸੀ। ਉਸ ਨੇ ਗੁਰੂ ਨਾਨਕ ਨੇਵੀਗੇਸ਼ਨ ਕੰਪਨੀ ਬਣਾਈ ਅਤੇ ਕਾਮਾਗਾਟਾਮਾਰੂ ਨੂੰ ਕਿਰਾਏ ਤੇ ਲਿਆ। ਜੋ 4 ਅਪ੍ਰੈਲ, 1914 ਈ: ਨੂੰ ਹਾਂਗਕਾਗ ਤੋਂ ਚੱਲਿਆ ਅਤੇ 23 ਮਈ, 1914 ਈ:, ਨੂੰ 376 ਭਾਰਤੀਆਂ ਸਮੇਤ ਜਿਸ ਵਿੱਚ 340 ਸਿੱਖ, 24 ਮੁਸਲਮਾਨ ਅਤੇ 12 ਹਿੰਦੂ ਸਨ, ਨੂੰ ਲੈ ਕੇ ਵੈਂਨਕੂਵਰ ਪਹੁੰਚਿਆ। ਜਦੋਂ ਹੀ ਜਹਾਜ਼ ਕਨੇਡਾ ਪਹੁੰਚਿਆ ਯਾਤਰੀਆਂ ਨੂੰ ਉਤਰਨ ਨਾ ਦਿੱਤਾ ਗਿਆ। ਕੇਵਲ 22 ਭਾਰਤੀ ਜੋ ਕੈਨੇਡੀਅਨ ਨਾਗਰਿਕਤਾ ਦਿਖਾ ਸਕੇ, ਨੂੰ ਹੀ ਕਨੇਡਾ ਜਾਣ ਦੀ ਆਗਿਆ ਮਿਲੀ ਅਤੇ ਬਾਕੀਆਂ ਨੂੰ ਵਾਪਿਸ ਮੁੜਨ ਲਈ ਕਿਹਾ ਗਿਆ। ਮੁੜਦੇ ਸਮੇਂ ਕਿਸੇ ਵੀ ਯਾਤਰੀ ਨੂੰ, ਹਾਂਗਕਾਂਗ ਜਾਂ ਸਿੰਘਾਪੁਰ ਵਿਖੇ ਵੀ ਉਤਰਨ ਨਾ ਦਿੱਤਾ ਗਿਆ ਜਿਥੇ ਕਿ ਉਹਨਾਂ ਵਿੱਚ ਬਹੁਤਿਆਂ ਦੇ ਘਰ ਸਨ। ਜਦੋਂ 29 ਸਤੰਬਰ, 1914 ਨੂੰ ਕਾਮਾਗਾਟਾਮਾਰੂ ਕਲਕੱਤਾ ਵਿਖੇ ਬਜ-ਬਜ ਘਾਟ 'ਤੇ ਪਹੁੰਚਿਆ ਤਾਂ ਇਸ ਨੂੰ ਕਬਜੇ ਵਿੱਚ ਲੈ ਲਿਆ ਗਿਆ ਅਤੇ ਯਾਤਰੀਆਂ ਨੂੰ ਰੇਲ ਰਾਹੀਂ ਪੰਜਾਬ ਜਾਣ ਲਈ ਕਿਹਾ ਗਿਆ। ਯਾਤਰੀ ਕਲਕੱਤਾ ਰੁਕਣਾ ਚਾਹੁੰਦੇ ਸਨ। ਸੋ ਉਹਨਾਂ ਨੇ ਆਪਣੇ ਆਪ ਨੂੰ ਇੱਕ ਜਲੂਸ ਦੇ ਰੂਪ ਵਿੱਚ ਸੰਗਠਿਤ ਕਰ ਕੇ ਸਿਰ ਉਪਰ ਗੁਰੂ ਗ੍ਰੰਥ ਸਾਹਿਬ ਰੱਖ ਕਲਕੱਤਾ ਵੱਲ ਨੂੰ ਵਧਣਾ ਸ਼ੁਰੂ ਕਰ ਦਿੱਤਾ। ਪੁਲਿਸ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਜਿਸ ਵਿੱਚ 19 ਸਿੱਖ ਮਾਰੇ ਗਏ ਅਤੇ ਬਹੁਤੇ ਜ਼ਖਮੀ ਹੋ ਗਏ। ਗੁਰਦਿੱਤ ਸਿੰਘ ਅਤੇ ਉਸ ਦੇ 28 ਸਾਥੀ ਭੱਜ ਨਿਕਲੇ। ਬਾਕੀਆਂ ਨੂੰ ਹਿਰਾਸਤ ਵਿੱਚ ਲੈਣ ਉਪਰੰਤ ਪੰਜਾਬ ਭੇਜ ਦਿੱਤਾ ਗਿਆ।

13 ਅਪ੍ਰੈਲ, 1919 ਈ: ਨੂੰ ਜਲ੍ਹਿਆਂਵਾਲੇ ਬਾਗ ਵਿੱਚ ਹੋਏ ਸਾਕੇ ਨੇ ਪੰਜਾਬ ਦੇ ਰਾਜਨੀਤਿਕ ਅਤੇ ਧਾਰਮਿਕ ਪੱਖ ਧੁਰੋਂ ਬਦਲ ਕੇ ਰੱਖ ਦਿੱਤੇ। ਮੁੱਖ ਖਾਲਸਾ ਦੀਵਾਨ ਵਰਗੇ ਸੰਗਠਨ ਵੀ ਅਰਥਹੀਨ ਹੋ ਗਏ ਸਨ। ਉਤਸ਼ਾਹਿਤ ਸਿੱਖ ਹੁਣ ਆਪਣੇ ਧਾਰਮਿਕ ਸਥਾਨਾਂ ਨੂੰ ਭ੍ਰਿਸ਼ਟ ਪੁਜਾਰੀਆਂ ਤੋਂ ਮੁਕਤ ਕਰਵਾਉਣਾ ਲੋਚਦੇ ਸਨ। ਸੋ ਸਿੱਖਾਂ ਵਿੱਚ ਸੁਧਾਰ ਦੇ ਨਵੇਂ ਦੌਰ ਦਾ ਆਰੰਭ ਹੋਇਆ, ਜਿਸ ਨੂੰ 'ਗੁਰਦੁਆਰਾ ਸੁਧਾਰ ਲਹਿਰ' ਜਾਂ 'ਅਕਾਲੀ ਲਹਿਰ' ਦੇ ਨਾਮ ਨਾਲ ਜਾਣਿਆ ਜਾਂਦਾ ਹੈ।

Scanned by CamScanner

ਜਲ੍ਹਿਆਂਵਾਲੇ ਬਾਗ ਦਾ ਸਾਕਾ

ਜਲ੍ਹਿਆਂਵਾਲੇ ਬਾਗ ਦਾ ਸਾਕਾ ਜਿਸ ਨੇ ਦੇਸ ਵਾਸੀਆਂ ਨੂੰ ਡੂੰਘਾ ਸਦਮਾ ਲਗਾਇਆ 13 ਅਪ੍ਰੈਲ, 1919 ਨੂੰ ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ ਵਿਖੇ ਵਾਪਰਿਆ।

ਸਰਕਾਰ ਦੇ ਡਾ. ਸੱਤਪਾਲ ਅਤੇ ਡਾ. ਸੈਫੁਦੀਨ ਕਿਚਲੂ ਨੂੰ ਗ੍ਰਿਫ਼ਤਾਰ ਕਰਨ ਅਤੇ ਮਹਾਤਮਾ ਗਾਂਧੀ ਦੀ ਪੰਜਾਬ ਵਿੱਚ ਫੇਰੀ 'ਤੇ ਰੋਕ ਲਗਾਉਣ ਕਾਰਨ 10 ਅਪ੍ਰੈਲ 1919 ਨੂੰ ਅੰਮ੍ਰਿਤਸਰ ਵਿਖੇ ਹੜਤਾਲ ਹੋ ਗਈ। ਡਿਪਟੀ ਕਮਿਸ਼ਨਰ ਦੀ ਰਿਹਾਇਸ 'ਤੇ 50,000 ਲੋਕਾਂ ਦੀ ਭੀੜ ਨੇ ਰੋਸ ਪ੍ਰਦਰਸ਼ਨ ਕੀਤਾ। ਪਰ ਭੀੜ ਨੂੰ ਰੇਲਵੇ ਫ਼ਾਟਕ ਦੇ ਨੇੜੇ ਹੀ ਰੋਕ ਲਿਆ ਗਿਆ ਅਤੇ ਉਹਨਾਂ ਉਪਰ ਗੋਲੀਬਾਰੀ ਵੀ ਕੀਤੀ ਗਈ, ਨਤੀਜੇ ਵਜੋਂ ਕਈ ਲੋਕ ਮਾਰੇ ਗਏ ਅਤੇ ਜਖਮੀ ਹੋਏ। 12 ਅਪ੍ਰੈਲ ਨੂੰ ਸਰਕਾਰ ਨੇ ਕਿਸੇ ਵੀ ਤਰ੍ਹਾਂ ਦੀ ਬੈਠਕ ਜਾਂ ਸਭਾ 'ਤੇ ਕਾਨੂੰਨੀ ਰੋਕ ਲਗਾ ਦਿੱਤੀ ਸੀ।

13 ਅਪ੍ਰੈਲ ਨੂੰ ਵਿਸਾਖੀ ਵਾਲੇ ਦਿਨ, ਅੰਮ੍ਰਿਤਸਰ ਜਲ੍ਹਿਆਂਵਾਲੇ ਬਾਗ ਵਿਚ ਭੀੜ ਇਕੱਠੀ ਹੋਈ, ਤਾਂ ਜੋ ਬੈਠਕਾਂ ਜਾਂ ਸਭਾਵਾਂ ਤੇ ਰੋਕ ਲਗਾਉਣ ਵਾਲੇ ਸਰਕਾਰੀ ਫਰਮਾਨ ਦਾ ਵਿਰੋਧ ਕੀਤਾ ਜਾ ਸਕੇ। ਬ੍ਰਿਗੇਡੀਅਰ ਜਨਰਲ ਰਿਗੀਨਾਲਡ ਡਾਇਰ, ਆਪਣੇ ਸੈਨਿਕਾਂ ਨਾਲ ਉੱਥੇ ਪਹੁੰਚਿਆ ਅਤੇ ਭੀੜ ਨੂੰ ਕਿਸੇ ਤਰ੍ਹਾਂ ਦੀ ਚੇਤਾਵਨੀ ਦਿੱਤੇ ਬਿੰਨ੍ਹਾਂ, ਹੀ ਆਪਣੇ ਸੈਨਿਕਾਂ ਨੂੰ ਉਨ੍ਹਾਂ ਉਪਰ ਗੋਲੀ ਚਲਾਉਣ ਦੇ ਹੁਕਮ ਦੇ ਦਿੱਤੇ। 10 ਮਿੰਟ ਗੋਲੀਬਾਰੀ ਚਲਦੀ ਰਹੀ ਜਿਸ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਅਤੇ ਬਹੁਗਿਣਤੀ ਜਖਮੀ ਹੋ ਗਏ। ਇਸ ਸਾਕੇ ਦਾ ਭਾਰਤ ਅਤੇ ਇੰਗਲੈਂਡ ਦੋਹਾਂ ਵਿੱਚ ਬਹੁਤ ਵਿਰੋਧ ਹੋਇਆ। ਭਾਰਤ ਵਿੱਚ ਬਹੁਤੇ ਲੋਕਾਂ ਨੇ ਇਹ ਮਹਿਸੂਸ ਕੀਤਾ ਕਿ ਇਹੋ ਜਿਹਾ ਕਾਤਿਲਾਨਾ ਹਾਦਸਾ, ਜੋ ਇਤਿਹਾਸ ਵਿੱਚ ਕਦੀ ਨਹੀਂ ਵਾਪਰਿਆਂ। ਦੇਸ਼ ਵਿੱਚ ਪੈਦਾ ਹੋਏ ਵਿਦਰੋਹ ਦੌਰਾਨ ਹੀ ਰਬਿੰਦਰ ਨਾਥ ਟੈਗੋਰ ਨੇ ਆਪਣੀ ਬਰਤਾਨਵੀ, ਨਾਈਟ ਹੁੱਡ (ਸੂਰਵੀਰ) ਦੀ ਉਪਾਧੀ ਵਾਪਿਸ ਕਰ ਦਿੱਤੀ ਸੀ।

ਅਕਤੂਬਰ, 1919 ਈ: ਵਿੱਚ, ਸਰਕਾਰ ਨੇ ਰਾਜ ਦੇ ਸਕੱਤਰ ਦੇ ਹੁਕਮਾਂ ਦੀ ਤਾਮੀਰ ਕਰਦਿਆਂ ਹੰਟਰ ਕਮੇਟੀ ਬਣਾਉਣ ਦਾ ਐਲਾਨ ਕੀਤਾ। ਇਸ ਦਾ ਨਾਮ ਇਸ ਦੇ ਚੇਅਰਮੈਨ ਲਾਰਡ ਵਿਲੀਅਮ ਹੰਟਰ ਦੇ ਨਾਮ ਤੇ ਰੱਖਿਆ ਗਿਆ। ਜਿਸ ਦਾ ਮੰਤਵ ਪੰਜਾਬ ਵਿੱਚ ਹੋਈਆਂ ਵਾਰਦਾਤਾਂ ਦਾ ਬਿਰਤਾਂਤ ਇਕੱਠਾ ਕਰਨਾ ਸੀ। ਕਮੇਟੀ ਦਾ ਅੰਤਿਮ ਫੈਸਲਾ 8 ਮਾਰਚ, 1920 ਈ: ਵਿੱਚ ਆਇਆ, ਜਿਥੇ ਡਾਇਰ ਦੀ ਕਰਤੂਤ ਦੀ ਨਿੰਦਾ ਕੀਤੀ ਗਈ ਪਰ ਉਸ ਵਿਰੁੱਧ ਕਿਸੇ ਤਰ੍ਹਾਂ ਦੀ ਕਾਨੂੰਨੀ ਜਾਂ ਅਨੁਸ਼ਾਸਨੀ ਕਾਰਵਾਈ ਨਾ ਕੀਤੀ ਗਈ।

ਇਸ ਖੂਨੀ ਸਾਕੇ ਦੀ ਯਾਦ ਵਿੱਚ ਇੱਕ ਸਮਾਰਕ ਜਿਸ ਨੂੰ 'ਅਜ਼ਾਦੀ ਦੀ ਲਾਟ ਕਿਹਾ ਜਾਂਦਾ ਹੈ, ਬਣਵਾਇਆ ਗਿਆ, ਜਿਸ ਦਾ ਉਦਘਾਟਨ 13 ਅਪ੍ਰੈਲ, 1961 ਈ: ਨੂੰ ਕੀਤਾ ਗਿਆ। ਇਹ 30 ਫੁੱਟ ਉੱਚੀ ਮੀਨਾਰ, ਚਾਰੋਂ ਪਾਸਿਓ ਲਾਲ ਪੱਥਰ ਦੇ ਬਣੇ ਥੜ੍ਹੇ, ਜੋ ਕਿ ਤਲਾਬ ਦੇ ਵਿਚੋਂ-ਵਿਚ ਸਥਿਤ ਹੈ, ਪੱਥਰ ਦੀਆਂ 300 ਸਲੈਬਾਂ ਨਾਲ ਬਣਾਈ ਗਈ ਹੈ ਅਤੇ ਇਸ ਉਪਰ ਅਸ਼ੋਕ ਚੱਕਰ ਖੁਣਿਆ ਹੋਇਆ ਹੈ। ਇਸ ਤਲਾਬ ਦੇ ਚਾਰੇ ਕੋਨਿਆਂ ਤੇ ਪੱਥਰ ਦੀਆਂ ਮਸ਼ਾਲਾਂ ਬਣੀਆਂ ਹੋਈਆਂ ਹਨ। ਥੜ੍ਹੇ ਦੇ ਚਾਰੇ ਪਾਸੇ 13 ਅਪ੍ਰੈਲ, 1919 ਈ: ਦੇ ਸਾਕੇ ਵਿੱਚ ਮਾਰੇ ਗਏ ਸ਼ਹੀਦਾਂ ਦੀ ਯਾਦ ਵਿੱਚ ਸ਼ਬਦ ਉੱਕਰੇ ਹੋਏ ਹਨ।

Scanned by CamScanner

ਗ਼ਦਰ ਲਹਿਰ

ਗ਼ਦਰ ਲਹਿਰ, ਵਿਦੇਸ਼ਾਂ ਵਿੱਚ ਰਹਿੰਦੇ ਦੇਸ਼-ਭਗਤ, ਲੋਕਤੰਤਰੀ ਅਤੇ ਪੜ੍ਹੇ-ਲਿਖੇ ਭਾਰਤੀਆਂ ਵੱਲੋਂ ਵਿੱਢੀ ਗਈ, ਜੋ ਭਾਰਤ ਨੂੰ ਬਰਤਾਨਵੀ ਰਾਜ ਕੋਲੋਂ ਮੁਕਤੀ ਦਿਵਾਉਣਾ ਚਾਹੁੰਦੇ ਸਨ।

ਪੰਜਾਬ ਵਿਚੋਂ ਛੋਟੇ ਕਿਸਾਨਾਂ, ਸੇਵਾਮੁਕਤ ਸੈਨਿਕਾਂ ਅਤੇ ਸ਼ਿਲਪਕਾਰਾਂ ਨੇ 20ਵੀਂ ਸਦੀ ਵਿੱਚ ਪ੍ਰਵਾਸ ਕਰਨਾ ਸ਼ੁਰੂ ਕਰ ਦਿੱਤਾ। ਉਹ ਪਹਿਲਾਂ ਪੂਰਬੀ ਏਸ਼ੀਆਈ ਦੇਸਾਂ ਵਿੱਚ ਗਏ ਅਤੇ 20ਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਉਹ ਕਨੇਡਾ ਅਤੇ ਅਮਰੀਕਾ ਵੱਲ ਨੂੰ ਚਲੇ ਗਏ। ਕਨੇਡੀਅਨ ਸਰਕਾਰ ਨੇ ਉੱਥੇ ਵਸਦੇ ਭਾਰਤੀਆਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਅਤੇ ਭਾਰਤੀਆਂ ਦੇ ਕਨੇਡਾ ਜਾਣ 'ਤੇ ਵੀ ਸਖ਼ਤ ਰੋਕ ਲਗਾਉਣੀ ਸ਼ੁਰੂ ਕਰ ਦਿੱਤੀ। ਪ੍ਰਵਾਸ ਦੇ ਇਹਨਾਂ ਅਨੁਚਿਤ ਨਿਯਮਾਂ ਖਿਲਾਫ਼ ਭਾਰਤੀ ਪ੍ਰਵਾਸੀਆਂ ਨੇ ਆਪਣੇ-ਆਪ ਨੂੰ ਸੰਗਠਿਤ ਕੀਤਾ ਅਤੇ ਭਾਰਤੀਆਂ ਵਿੱਚ ਰਾਸ਼ਟਰੀ ਭਾਵਨਾ ਜਾਗ੍ਰਿਤ ਕਰਨ ਲਈ ਪਰਚੇ ਵੀ ਛਪਾਏ।

1912 ਈ: ਵਿੱਚ ਪ੍ਰਸ਼ਾਂਤ ਸਾਗਰ ਦੇ ਕਿਨਾਰੇ ਵਾਲੇ ਦੇਸਾਂ ਨੇ ਹਿੰਦੁਸਤਾਨੀ ਐਸੋਸੀਏਸ਼ਨ ਨਾਮ ਦਾ ਸੰਗਠਨ ਬਣਾਇਆ, ਜਿਸ ਦੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਸਨ। ਇਸ ਸੰਗਠਨ ਨੇ ਇੱਕ ਹਫ਼ਤਾਵਾਰੀ ਅਖ਼ਬਾਰ- ਹਿੰਦੁਸਤਾਨ, ਜੋ ਕਿ ਉਰਦੂ ਭਾਸ਼ਾ ਵਿੱਚ ਸੀ ਸ਼ੁਰੂ ਕੀਤਾ। ਮਈ, 1913 ਈ: ਵਿੱਚ ਇੱਕ ਆਸ਼ਰਮ ਜਿਸ ਨੂੰ ਗ਼ਦਰ ਆਸ਼ਰਮ ਜਾਂ ਜੁਗਾਂਤਰ ਆਸਰਮ ਕਹਿੰਦੇ ਹਨ, ਖੋਲ੍ਹਿਆ ਗਿਆ। ਇਸ ਸੰਗਠਨ ਨੇ ਗ਼ਦਰ ਪਾਰਟੀ ਬਣਾਈ ਜਿਸ ਦਾ ਸਦਰ ਮੁਕਾਮ ਸਾਨ ਫ਼ਰਾਂਸਿਸਕੋ ਸੀ ਅਤੇ ਇਸ ਦੀਆਂ ਸ਼ਾਖਾਵਾਂ ਕਨੇਡਾ ਅਤੇ ਅਮਰੀਕਾ ਵਿੱਚ ਖੋਲ੍ਹੀਆਂ ਗਈਆਂ। ਪਾਰਟੀ ਨੇ ਗਦਰ ਨਾਂ ਦਾ ਹਫ਼ਤਾਵਾਰੀ- ਉਰਦੂ, ਪੰਜਾਬੀ, ਹਿੰਦੀ ਅਤੇ ਹੋਰ ਭਾਸ਼ਾਵਾਂ ਵਿੱਚ ਕੱਢਿਆ ਅਤੇ ਇਸ ਦੇ ਮੁੱਖ ਸੰਪਾਦਕ ਸਨ- ਲਾਲਾ ਹਰਦਿਆਲ। ਇਸ ਪਾਰਟੀ ਦਾ ਮੁੱਖ ਮੰਤਵ ਬਰਤਾਨਵੀ ਰਾਜ ਵਿਰੁੱਧ ਜੰਗ ਸ਼ੁਰੂ ਕਰਨਾ ਸੀ। ਗ਼ਦਰ ਵਿੱਚ ਮੁੱਖ ਪੰਨੇ ਦਾ ਸਿਰਲੇਖ ਸੀ: 'ਬਰਤਾਨਵੀ ਸਰਕਾਰ ਦੇ ਦੁਸਮਣ'। ਬਰਤਾਨਵੀ ਸਰਕਾਰ ਨੇ ਇਸ ਅਖ਼ਬਾਰ ਦਾ ਪ੍ਰਸਾਰਣ ਰੋਕਣਾਂ ਚਾਹਿਆ ਪਰ ਉਹ ਅਸਫ਼ਲ ਰਹੇ। ਕਨੇਡਾ, ਜਪਾਨ, ਹਾਂਗਕਾਂਗ, ਚੀਨ, ਸਿੰਗਾਪੁਰ, ਹੌਂਡੁਰਾਸ ਅਤੇ ਹੋਰਨਾਂ ਦੇਸਾਂ ਵਿੱਚ ਵਸਦੇ ਹਜ਼ਾਰਾਂ ਭਾਰਤੀਆਂ ਵਿੱਚ ਇਸ ਦੀਆਂ ਕਾਪੀਆਂ ਵੰਡੀਆਂ ਗਈਆਂ। ਇਸ ਪਾਰਟੀ ਦੇ ਮੈਂਬਰਾਂ ਨੇ ਹਥਿਆਰ ਚਲਾਉਣ ਅਤੇ ਬੰਬ ਬਨਾਉਣ ਦੀ ਸਿਖਲਾਈ ਦੇਣੀ ਵੀ ਆਰੰਭੀ।

ਕਾਮਾਗਾਟਾਮਾਰੂ ਹਾਦਸੇ ਨੇ ਅੱਗ 'ਤੇ ਤੇਲ ਦਾ ਕੰਮ ਕੀਤਾ। ਇਸੇ ਦੌਰਾਨ ਜੁਲਾਈ,1914 ਈ: ਵਿੱਚ ਪਹਿਲਾਂ ਵਿਸ਼ਵਯੁੱਧ ਛਿੜ ਗਿਆ, ਸੋ ਮੁੱਖ ਨੇਤਾਵਾਂ ਨੇ ਭਾਰਤ ਆ ਕੇ ਬਰਤਾਨਵੀ ਰਾਜ ਵਿਰੁੱਧ ਹਥਿਆਰਬੰਦ ਸੰਘਰਸ਼ ਸ਼ੁਰੂ ਕਰਨ ਦੀ ਠਾਨੀ। ਕਈ ਗ਼ਦਰੀ ਭਾਰਤ ਵਿੱਚ ਆ ਗਏ ਅਤੇ ਉਹਨਾਂ ਨੇ ਪਹਿਲਾਂ ਅੰਮ੍ਰਿਤਸਰ ਤੇ ਫਿਰ ਲਾਹੌਰ ਵਿੱਚ ਆਪਣਾ ਸਦਰ ਮੁਕਾਮ ਸਥਾਪਿਤ ਕੀਤਾ। ਪਾਰਟੀ ਨੇ ਨਵੀਂ ਪ੍ਰੈਸ ਸਥਾਪਿਤ ਕੀਤੀ ਅਤੇ ਪੰਜਾਬੀ, ਉਰਦੂ ਅਤੇ ਹਿੰਦੀ ਵਿੱਚ ਪਰਚੇ ਛਾਪੇ। ਪਾਰਟੀ ਨੇ ਆਪਣਾ ਤਿਰੰਗਾ ਝੰਡਾ ਜਿਸ ਵਿੱਚ ਲਾਲ, ਪੀਲਾ ਅਤੇ ਹਰਾ ਰੰਗ ਸੀ, ਵੀ ਬਣਾਇਆ। ਇਸ ਲਹਿਰ ਨੂੰ ਦਬਾਉਣ ਲਈ ਪੁਲਿਸ ਨੇ ਗ਼ਦਰੀਆਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ, ਲਾਹੌਰ ਸਾਜ਼ਿਸ਼ ਕੇਸ ਵਿੱਚ, ਇੱਕ ਵਿਸ਼ੇਸ਼ ਸੈਲ ਨੇ ਉਹਨਾਂ ਤੋਂ ਪੁੱਛ ਪੜਤਾਲ ਕੀਤੀ।

1915 ਈ: ਦੇ ਅੱਧ ਵਿੱਚ ਬਰਤਾਨਵੀ ਫ਼ੌਜਾਂ ਵੱਲੋਂ ਗਦਰ ਲਹਿਰ ਦਬਾ ਦਿੱਤੀ ਗਈ। ਪਾਰਟੀ ਵਰਕਰ ਵੀ ਇਰਾਨ ਅਤੇ ਇਰਾਕ ਚਲੇ ਗਏ ਤਾਂ ਜੋ ਉਥੇ ਉਹ ਭਾਰਤੀ ਸੈਨਾ ਬਣਾ ਸਕਣ, ਜੋ ਬਰਤਾਨਵੀ ਸੈਨਾ ਨੂੰ ਟੱਕਰ ਦੇ ਸਕੇ। ਇਰਾਨ ਵਿੱਚ ਪਾਰਟੀ ਨੇ ਭਾਰਤੀ ਆਤਮ ਨਿਰਭਰ ਸੈਨਾ (ਭਾਰਤੀ ਇੰਨਡੀਪੈਂਡੈਂਟ ਸੈਨਾ) ਬਣਾਈ, ਪਰ ਦੂਜੇ ਦੇਸਾਂ ਤੋਂ ਕੋਈ ਬਹੁਤੀ ਮਦਦ ਨਾ ਮਿਲ ਸਕੀ।

ਹੁਣ ਤੱਕ ਗਦਰ ਲਹਿਰ ਭਾਰਤ ਵਿੱਚ ਬਰਤਾਨਵੀ ਰਾਜ ਨੂੰ ਕਰਾਰੀ ਟੱਕਰ ਦੇਣ ਵਾਲੀ ਪਹਿਲੀ ਲਹਿਰ ਸੀ, ਜਿਸ ਨੇ ਇਕਜੁੱਟ ਹੋ ਕੇ ਬਰਤਾਨਵੀ ਸਮਰਾਜ ਦਾ ਤਖਤਾ ਪਲਟ[illegible]ਸ਼ ਕੀਤੀ।

Scanned by CamScanner

5.3.6 ਗੁਰਦੁਆਰਾ ਸੁਧਾਰ ਲਹਿਰ (ਅਕਾਲੀ ਲਹਿਰ):

ਭੂਮਿਕਾ:

ਗੁਰਦੁਆਰਾ ਸੁਧਾਰ ਲਹਿਰ ਜਾਂ ਅਕਾਲੀ ਲਹਿਰ ਸਿੱਖਾਂ ਵੱਲੋਂ ਵਿੱਢੀ ਇੱਕ ਲੰਮੀ ਮੁਹਿੰਮ ਸੀ ਜਿਸ ਰਾਹੀ ਉਹ ਮਹੰਤਾਂ ਵੱਲੋਂ ਆਪਣੇ ਧਾਰਮਿਕ ਅਸਥਾਨਾਂ ਤੇ ਕੀਤੇ ਕਬਜਿਆਂ ਨੂੰ ਖ਼ਤਮ ਕਰਨਾ ਚਾਹੁੰਦੇ ਸਨ।ਉਸ ਸਮੇਂ ਗੁਰਦੁਆਰਿਆਂ ਦੇ ਪ੍ਰਬੰਧ ਚਲਾਉਣ ਲਈ ਕੋਈ ਨਿਯਮ ਲਾਗੂ ਨਹੀਂ ਸਨ ਅਤੇ ਨਾ ਹੀ ਇਨ੍ਹਾਂ ਦੀ ਦੇਖ ਰੇਖ ਕਰਨ ਵਾਲਿਆਂ ਲਈ ਕੋਈ ਮਿਥੀ ਯੋਗਤਾ ਸੀ।ਗੁਰਦੁਆਰਿਆਂ ਦੀ ਸਾਂਭ ਸੰਭਾਲ ਉਦਾਸੀਆਂ ਵੱਲੋਂ ਕੀਤੀ ਜਾਂਦੀ ਸੀ ਜੋ ਕਿ ਹਿੰਦੂ ਅਤੇ ਸਿੱਖ ਦੋਹਾਂ ਧਰਮਾਂ ਵਿੱਚ ਉਲਝੇ ਹੋਏ ਸਨ।ਇਹ ਮਹੰਤ ਬਰਤਾਨਵੀ ਸਰਕਾਰ ਦੀ ਸ਼ਹਿ ਤੇ ਰਾਜ ਕਰਦੇ ਸਨ।ਉਹ ਸ਼ਰਾਬ ਪੀਂਦੇ ਅਤੇ ਜੂਆ ਖੇਡਦੇ ਸਨ।ਉਨ੍ਹਾਂ ਨੇ ਤੀਰਥ ਅਸਥਾਨਾਂ ਦੀ ਲੁੱਟ ਖਸੁੱਟ ਕੀਤੀ। ਉਹ ਬੱਚਿਆਂ ਅਤੇ ਔਰਤਾਂ ਦਾ ਨਿਰਾਦਰ ਕਰਦੇ।ਉਨ੍ਹਾਂ ਨੇ ਕਈ ਸਿੱਖ ਵਿਰੋਧੀ ਰਿਵਾਇਤਾਂ ਕਾਇਮ ਕੀਤੀਆਂ।ਬਰਤਾਨਵੀ ਸਰਕਾਰ ਦੀ ਸ਼ਹਿ 'ਤੇ ਗੁਰਦੁਆਰਿਆਂ ਦੀਆਂ ਜਮੀਨਾਂ ਇਹਨਾਂ ਮਹੰਤਾਂ ਦੇ ਨਾਮ 'ਤੇ ਕਰ ਦਿੱਤੀਆਂ ਗਈਆਂ।ਸਿੱਖਾਂ ਦੀ ਮੰਗ ਸੀ ਕਿ ਗੁਰਦੁਆਰੇ ਲੋਕਾਂ ਦੀ ਜਗੀਰ ਹਨ। ਜੇਕਰ ਮਹੰਤ ਜਨ ਵਿਰੋਧੀ ਕਾਰਵਾਈ ਕਰਦੇ ਹਨ, ਤਾਂ ਲੋਕ ਮਹੰਤਾਂ ਨੂੰ ਹਟਾਉਣ ਦਾ ਪੂਰਾ ਹੱਕ ਰੱਖਦੇ ਹਨ।ਪਰ ਸਰਕਾਰ ਮਹੰਤਾਂ ਨੂੰ ਗੁਰਦੁਆਰਿਆਂ ਦੇ ਕਾਨੂੰਨੀ ਮਾਲਿਕ ਮੰਨਦੀ ਸੀ।

ਜਿਨ੍ਹਾਂ ਲੋਕਾਂ ਨੇ ਇਸ ਪ੍ਰਥਾ ਵਿਰੁੱਧ ਸੰਘਰਸ਼ ਕੀਤਾ, ਉਨ੍ਹਾਂ ਨੂੰ ਸਰਕਾਰ ਵੱਲੋਂ ਦਬਾਉਣ ਦੀ ਕੋਸ਼ਿਸ਼ ਕੀਤੀ ਗਈ।ਨਤੀਜੇ ਵਜੋਂ ਅਕਾਲੀ ਲਹਿਰ ਜਾਂ ਗੁਰਦੁਆਰਾ ਸੁਧਾਰ ਲਹਿਰ ਉਭਰੀ। ਜਿਸ ਵਿੱਚ ਸਿੱਖਾਂ ਨੂੰ ਤਸੀਹੇ ਝੱਲਣੇ ਪਏ ਅਤੇ ਜੇਲ੍ਹਾਂ ਵੀ ਕੱਟਣੀਆਂ ਪਈਆਂ।

ਬਰਤਾਨਵੀ ਸਰਕਾਰ ਨੇ ਲੋਕਾਂ ਦੇ ਦਬਾਅ ਹੇਠ ਝੁਕਦਿਆ 36 ਸਿੱਖਾਂ ਦੀ ਇੱਕ ਕਮੇਟੀ ਬਣਾਈ, ਅਜਿਹਾ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਦੀ ਸਲਾਹ 'ਤੇ ਹਰਿਮੰਦਰ ਸਾਹਿਬ ਦੀ ਦੇਖ-ਰੇਖ ਵਿੱਚ ਜਿੰਮੇਵਾਰੀ ਨੂੰ ਲੈ ਕੇ ਹੋਇਆ।ਪਰ ਅਕਾਲੀਆਂ ਨੂੰ ਇਹ ਮਨਜ਼ੂਰ ਨਹੀਂ ਸੀ। 15 ਨਵੰਬਰ, 1920 ਈ: ਵਿੱਚ ਉਨ੍ਹਾਂ ਨੇ ਅਕਾਲ ਤਖਤ ਤੋਂ ਇੱਕ ਐਲਾਨ ਦੁਆਰਾ 175 ਸਿੱਖਾਂ ਦੀ ਕਮੇਟੀ ਬਣਾਈ, ਜਿਸ ਵਿੱਚੋਂ 36 ਨੁਮਾਇੰਦਿਆਂ ਨੂੰ ਮਿਲਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ।ਜਿਸ ਦਾ ਮੰਤਵ ਸਿੱਖ ਗੁਰਧਾਮਾਂ ਦਾ ਪ੍ਰਬੰਧ ਚਲਾਉਣਾ ਸੀ।12 ਦਸੰਬਰ,1920 ਨੂੰ ਅਕਾਲ ਤਖ਼ਤ 'ਤੇ ਕਮੇਟੀ ਦੀ ਪਹਿਲੀ ਬੈਠਕ ਹੋਈ।ਇਸ ਵਿੱਚ ਸੁੰਦਰ ਸਿੰਘ ਮਜੀਠੀਆ, ਅਟਾਰੀ ਤੋਂ ਹਰਬੰਸ ਸਿੰਘ ਅਤੇ ਭਾਈ ਜੋਧ ਸਿੰਘ ਨੂੰ ਕ੍ਰਮਵਾਰ ਪ੍ਰਧਾਨ, ਉਪ ਪ੍ਰਧਾਨ ਅਤੇ ਸਕੱਤਰ ਚੁਣਿਆ ਗਿਆ। ਗੁਰਦੁਆਰਿਆਂ ਦੇ ਸੁਧਾਰ ਦੀ ਜਿੰਮੇਵਾਰੀ ਕਮੇਟੀ ਨੂੰ ਸੌਂਪੀ ਗਈ।ਪਰ ਸੁਧਾਰ ਦਾ ਕਾਰਜ ਉਨ੍ਹਾਂ ਸਥਾਨਾਂ ਤੇ ਸੁਖਦ ਨਹੀਂ ਸੀ ਜਿਥੋਂ ਦੇ ਮਹੰਤ ਉਸ ਖੇਤਰ ਵਿੱਚ ਆਪਣੇ ਪੈਰ ਜਮਾਂ ਚੁੱਕੇ ਸਨ ਜਾਂ ਫ਼ਿਰ ਸਰਕਾਰੀ ਸ਼ਹਿ 'ਤੇ ਲੋਕ-ਵਿਦਰੋਹ ਦਾ ਵਿਰੋਧ ਕਰ ਰਹੇ ਸਨ।ਅੰਮ੍ਰਿਤਸਰ, ਤਰਨਤਾਰਨ ਅਤੇ ਨਨਕਾਣਾ ਸਾਹਿਬ ਦੇ ਮਹੰਤਾਂ ਨੇ ਖੁੱਲ੍ਹੇ ਰੂਪ ਵਿੱਚ ਨਿਹੱਥੇ ਅਕਾਲੀਆਂ 'ਤੇ ਹਿੰਸਕ ਕਾਰਵਾਈਆਂ ਕੀਤੀਆਂ। 100 ਤੋਂ ਵੱਧ ਸਿੱਖਾਂ ਦੇ ਜੱਥੇ ਨੂੰ ਦਿਨ-ਦਿਹਾੜੇ ਨਨਕਾਣਾ ਸਾਹਿਬ ਦੇ ਮਹੰਤਾਂ ਵੱਲੋਂ ਕਤਲ ਕਰਵਾ ਦਿੱਤਾ ਗਿਆ।ਅਕਾਲੀਆਂ ਨੇ ਹਿੰਸਾ ਨਾ ਕਰਨ ਦਾ ਪ੍ਰਣ ਲਿਆ। ਕਿਸੇ ਨੇ ਵੀ ਕਾਤਲ ਨੂੰ ਰੋਕਣ ਦੀ ਕੋਸ਼ਿਸ਼ ਨਾ ਕੀਤੀ।

ਨਨਕਾਣਾ ਸਾਹਿਬ ਦਾ ਸਾਕਾ:

ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਨਨਕਾਣਾ ਸਾਹਿਬ ਉੱਤੇ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਵੱਡੇ ਪੱਧਰ ਤੇ ਹਿੰਸਾ ਹੋਈ।ਇਸ ਥਾਂ ਤੇ 20 ਫ਼ਰਵਰੀ, 1921 ਈ: ਨੂੰ ਮਹੰਤ ਨਰਾਇਣ ਦਾਸ ਅਤੇ ਉਸ ਦੇ ਸੈਨਿਕਾਂ ਨੇ 150 ਅਕਾਲੀਆਂ ਦੇ

Scanned by CamScanner

ਸ਼ਾਤਮਈ ਜੱਥੇ ਨੂੰ (ਜਿਸ ਵਿੱਚ ਭਾਈ ਲੱਛਮਣ ਸਿੰਘ ਅਤੇ ਦਲੀਪ ਸਿੰਘ ਵੀ ਸ਼ਾਮਿਲ ਸਨ) ਨੂੰ ਹਿੰਸਕ ਰੂਪ ਵਿੱਚ ਕਤਲ ਕਰ ਦਿੱਤਾ।

ਨਨਕਾਣਾ ਸਾਹਿਬ ਦੇ ਸਾਕੇ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ।ਮਹੰਤ ਨਰਾਇਣ ਦਾਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਗੁਰਦੁਆਰੇ ਦਾ ਕਬਜ਼ਾ ਸੱਤ ਸਿੱਖਾਂ ਦੀ ਕਮੇਟੀ ਨੂੰ ਸੌਂਪ ਦਿੱਤਾ ਗਿਆ।

ਅਕਾਲੀਆਂ ਨੂੰ ਸ਼ਾਤਮਈ ਧਰਨੇ, ਗ੍ਰਿਫ਼ਤਾਰੀਆਂ ਅਤੇ ਕਈ ਤਰ੍ਹਾਂ ਦੇ ਤਸੀਹੇ ਝੱਲ ਕੇ 19 ਜਨਵਰੀ, 1922 ਈ: ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਤੋਂ ਹਰਿਮੰਦਰ ਸਾਹਿਬ ਦੀਆਂ ਚਾਬੀਆਂ ਹਾਸਿਲ ਕਰਨੀਆਂ ਪਈਆਂ।(ਉਸ ਨੇ 1921 ਈ: ਵਿੱਚ ਇਹ ਚਾਬੀਆਂ ਹਰਿਮੰਦਰ ਸਾਹਿਬ ਦੇ ਮੈਨੇਜਰ ਤੋਂ ਖੋਹ ਲਈਆਂ ਸਨ)।

ਗੁਰੂ ਦਾ ਬਾਗ ਮੋਰਚਾ:

ਅਕਾਲੀਆਂ ਵੱਲੋਂ ਵਿੱਢੀ ਗੁਰਦੁਆਰਾ ਸੁਧਾਰ ਲਹਿਰ ਦੀ ਇਹ ਮੁੱਖ ਮੁਹਿੰਮ ਗੁਰੂ ਦਾ ਬਾਗ ਮੋਰਚਾ ਸੀ।ਗੁਰੂ ਕਾ ਬਾਗ ਗੁਰਦੁਆਰਾ, ਜਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ, ਅਜਨਾਲਾ ਵਿੱਚ ਪਿੰਡ ਰਾਖੇਵਾਲੀ ਵਿਖੇ ਸਥਿਤ ਹੈ। ਇਹ ਦੋ ਗੁਰੂਆਂ ਦੀ ਫ਼ੇਰੀ ਦੀ ਯਾਦ ਵਿੱਚ ਉਸਾਰਿਆ ਗਿਆ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿੱਚ ਬਣਿਆ ਗੁਰਦੁਆਰਾ, ਬਾਗ ਵਿੱਚ ਸਥਿਤ ਹੈ। ਜਿਸਦੇ ਨੇੜੇ ਹੀ ਇੱਕ ਹੋਰ ਗੁਰਦੁਆਰਾ ਹੈ ਜੋ ਕਿ ਗੁਰੂ ਅਰਜਨ ਦੇਵ ਜੀ ਦੀ ਯਾਦ ਵਿੱਚ ਬਣਿਆ ਹੈ।

ਗੁਰੂ ਕਾ ਬਾਗ ਦਾ ਮਹੰਤ ਸੁੰਦਰ ਦਾਸ ਉਦਾਸੀ, ਬਾਗ ਵਿੱਚ ਗੁਰੂ ਦੇ ਲੰਗਰ ਲਈ ਸਿੱਖਾਂ ਨੂੰ ਬਾਲਣ ਨਹੀਂ ਸੀ ਲੈਣ ਦਿੰਦਾ।ਪੁਲਿਸ ਜੋ ਕਿ ਮਹੰਤਾਂ ਨੂੰ ਖੁਸ਼ ਰੱਖਣਾ ਚਾਹੁੰਦੀ ਸੀ ਨੇ 9 ਅਗਸਤ, 1922 ਈ: ਨੂੰ ਅਕਾਲੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਨ੍ਹਾਂ 'ਤੇ ਅਣ-ਅਧਿਕਾਰਿਤ ਪ੍ਰਵੇਸ਼ ਦੇ ਦੋਸ਼ ਲਗਾਏ ਗਏ।ਇਸ ਘਟਨਾ ਕਾਰਨ ਸਿੱਖਾਂ ਨੇ ਗੁਰੂ ਕੇ ਬਾਗ ਵਿੱਚ ਜਾਣ-ਬੁਝ ਕੇ ਬਾਲਣ ਕੱਟਣਾ ਆਰੰਭ ਕਰ ਦਿੱਤਾ ਅਤੇ ਰੋਕਣ ਦੀ ਸੂਰਤ ਵਿੱਚ ਗ੍ਰਿਫ਼ਤਾਰੀਆਂ ਦਿੱਤੀਆਂ।ਥਾਂ-ਥਾਂ ਹੜਤਾਲਾਂ ਹੋਈਆਂ।ਪੁਲਿਸ ਨੇ ਕਾਲੀਆਂ ਦਸਤਾਰਾਂ ਵਿੱਚ ਸਜੇ ਅਕਾਲੀਆਂ ਨੂੰ ਗ੍ਰਿਫ਼ਤਾਰ ਕਰਕੇ ਕੇ ਬੇ-ਰਹਿਮੀ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ ਅਤੇ ਉਹ ਅਜਿਹਾ ਉਦੋਂ ਤੱਕ ਕਰਦੇ ਰਹੇ ਜਦੋਂ ਤੱਕ ਸਿੱਖ ਬੇਸੁਰਤ ਹੋ ਕੇ ਜ਼ਮੀਨ ਤੇ ਨਾ ਡਿੱਗ ਜਾਂਦੇ।

ਪਰ ਸਰ ਐਡਵਰਡ ਮੈਕਲੈਗਨ ਜੋ ਕਿ ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਸੀ, 13 ਸਤੰਬਰ, 1922 ਈ: ਨੂੰ ਗੁਰੂ ਕਾ ਬਾਗ ਵਿੱਚ ਆਇਆ ਅਤੇ ਉਸ ਨੇ ਪੁਲਿਸ ਨੂੰ ਹਿੰਸਕ ਕਾਰਵਾਈ ਬੰਦ ਕਰਨ ਦਾ ਆਦੇਸ਼ ਦਿੱਤਾ।ਪੁਲਿਸ ਨੂੰ ਤੁਰੰਤ ਇਹ ਥਾਂ ਛੱਡ ਦੇਣ ਦੇ ਹੁਕਮ ਵੀ ਕੀਤੇ ਗਏ।ਉਸ ਸਮੇਂ ਤੱਕ 5605 ਸਿੱਖ ਗ੍ਰਿਫ਼ਤਾਰ ਹੋ ਚੁੱਕੇ ਸਨ ਅਤੇ ਕਈਆਂ ਨੂੰ ਹਸਪਤਾਲ ਵਿੱਚ ਵੀ ਦਾਖ਼ਿਲ ਕਰਵਾਇਆ ਜਾ ਚੁੱਕਾ ਸੀ।ਅੰਤ ਵਿੱਚ ਨਵੰਬਰ, 1922 ਈ: ਨੂੰ ਸਿੱਖਾਂ ਨੂੰ ਗੁਰੂ ਕਾ ਬਾਗ ਗੁਰਦੁਆਰੇ ਦੇ ਨਾਲ਼-ਨਾਲ਼ ਬਾਗ ਦੀ ਜਮੀਨ ਦਾ ਵੀ ਕਬਜਾ ਮਿਲ ਗਿਆ।ਮਗਰੋਂ 1923 ਈ: ਵਿੱਚ ਪੰਜਾਬ ਸਰਕਾਰ ਦੇ ਹੁਕਮਾਂ ਨਾਲ ਕੈਦੀਆਂ ਨੂੰ ਰਿਹਾ ਕਰ ਦਿੱਤਾ ਗਿਆ।

ਜੈਤੋਂ ਦਾ ਮੋਰਚਾ:

ਇਹ ਇੱਕ ਹੋਰ ਅਕਾਲੀ ਮੋਰਚਾ ਸੀ ਜਿਸ ਦਾ ਮੰਤਵ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਮੁੜ ਰਾਜਗੱਦੀ ਤੇ ਬਿਠਾਉਣਾ ਸੀ। ਮਹਾਰਾਜਾ ਰਿਪੁਦਮਨ ਨੇ ਗੁਰੂ ਕੇ ਬਾਗ਼ ਮੋਰਚੇ ਸਮੇਂ ਅਕਾਲੀਆਂ ਦਾ ਤਹਿ-ਦਿਲੋ ਸਾਥ ਦਿੱਤਾ ਸੀ ਅਤੇ ਉਸ ਦੀ ਅਕਾਲੀਆਂ ਪ੍ਰਤੀ ਤਕੜੀ ਸੁਹਿਰਦਗੀ ਵੀ ਸੀ।

9 ਜੁਲਾਈ 1923 ਈ: ਨੂੰ ਉਸ ਨੂੰ ਜਬਰੀ ਆਪਣਾ ਤਖਤ ਆਪਦੇ ਨਾਬਾਲਿਕ ਪੁੱਤਰ ਪ੍ਰਤਾਪ ਸਿੰਘ ਨੂੰ ਦੇਣ ਲਈ

Scanned by CamScanner

ਆਖਿਆ ਗਿਆ। ਅਕਾਲੀਆਂ ਨੇ ਇਸ ਦੀ ਬਹੁਤ ਨਿੰਦਾ ਕੀਤੀ ਅਤੇ ਮਹਾਰਾਜਾ ਰਿਪੁਦਮਨ ਦੇ ਹੱਕ ਵਿੱਚ ਸ਼ਾਤਮਈ ਮੁਹਿੰਮ ਚਲਾਉਣ ਦਾ ਐਲਾਨ ਕੀਤਾ।29, ਜੁਲਾਈ 1923 ਈ: ਦਾ ਦਿਨ ਸਾਰੇ ਵੱਡੇ ਅਤੇ ਮੁੱਖ ਸ਼ਹਿਰਾਂ ਵਿੱਚ ਉਸ ਲਈ ਅਰਦਾਸ ਕਰਨ ਦਾ ਦਿਨ ਮੁਕੱਰਰ ਹੋਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਤਾ ਪਾ ਕੇ 9 ਸਤੰਬਰ, 1923 ਈ: ਦਾ ਦਿਨ 'ਨਾਭਾ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ।ਜੈਤੋਂ, ਨਾਭਾ ਵਿਖੇ ਗੁਰਦੁਆਰਾ ਗੰਗਸਰ ਵਿੱਚ ਅਖੰਡ ਪਾਠ ਰਖਵਾਏ ਗਏ।ਜਿਸ ਵਿੱਚ ਪੁਲਿਸ ਨੇ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ।ਸ਼ਾਤਮਈ ਸਿੱਖਾਂ ਦੇ ਜਥੇ ਆਪਣੇ ਪ੍ਰਾਰਥਨਾ ਕਰਨ ਦੇ ਹੱਕ ਦੀ ਪੈਰਵੀ ਕਰਦੇ ਰੋਜ਼ਾਨਾ ਇੱਥੇ ਪਹੁੰਚਦੇ ਰਹੇ।ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗ਼ੈਰ-ਕਾਨੂੰਨੀ ਸੰਗਠਨ ਘੋਸ਼ਿਤ ਕੀਤਾ ਗਿਆ ਅਤੇ ਅਕਾਲੀ ਜੱਥਿਆ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੀ ਮਾਰ ਕੁਟਾਈ ਵੀ ਕੀਤੀ ਗਈ।21 ਫ਼ਰਵਰੀ ਨੂੰ 500 ਅਕਾਲੀਆਂ ਦਾ ਇੱਕ ਜਥਾ ਜੈਤੋਂ ਵਿੱਖੇ ਪਹੁੰਚਿਆ।ਪੁਲਿਸ ਵੱਲੋਂ ਰੋਕਣ 'ਤੇ ਨਾ ਰੁਕਣ ਕਾਰਨ ਗੋਲੀਬਾਰੀ ਹੋਈ ਜਿਸ ਵਿੱਚ 19 ਅਕਾਲੀ ਮਾਰੇ ਗਏ ਅਤੇ 29 ਜਖ਼ਮੀ ਹੋ ਗਏ। ਸ਼ਾਤਮਈ ਜੱਥਿਆਂ ਉੱਪਰ ਹੋਈ ਇਸ ਗੋਲੀਬਾਰੀ ਕਾਰਨ ਪੂਰੇ ਦੇਸ਼ ਵਿੱਚ ਰੋਸ ਦੀ ਲਹਿਰ ਫ਼ੈਲ ਗਈ।

ਸਿੱਖ ਗੁਰਦੁਆਰਾ ਐਕਟ, 1925 ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

15 ਨਵੰਬਰ, 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ ਜਿਸ ਦੇ 175 ਮੈਂਬਰ ਸਨ। 12 ਅਕਤੂਬਰ,1923 ਈ: ਇਸ ਨੂੰ ਗ਼ੈਰ ਕਾਨੂੰਨੀ ਸੰਗਠਨ ਘੋਸ਼ਿਤ ਕਰ ਦਿੱਤਾ ਗਿਆ। ਇਸ ਦੇ ਸਾਰੇ ਮੁੱਖ ਆਗੂਆਂ ਨੂੰ ਜੈਤੋਂ ਮੋਰਚੇ ਦੌਰਾਨ ਬੰਦੀ ਬਣਾ ਲਿਆ ਗਿਆ।ਪਰ ਹੜਤਾਲ ਜਾਰੀ ਰਹੀ।

ਅੰਤ ਵਿੱਚ ਸਰਕਾਰ ਨੂੰ ਝੁਕਣਾ ਪਿਆ ਅਤੇ ਸਿੱਖ ਸ਼ਰਧਾਲੂਆਂ ਦੇ ਅਧਿਕਾਰ ਨੂੰ ਕਬੂਲਦੇ ਹੋਏ, ਸਿੱਖ ਗੁਰਧਾਮਾਂ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਸਿੱਖਾਂ ਨੂੰ ਸੌਂਪ ਦਿੱਤੀ।9 ਜੁਲਾਈ, 1925 ਈ: ਨੂੰ ਪ੍ਰਾਂਤ ਦੇ ਕਾਨੂੰਨੀ ਸਦਨ ਵੱਲੋਂ ਸਿੱਖ ਗੁਰਦੁਆਰਾ ਐਕਟ ਪਾਸ ਹੋਇਆ ਅਤੇ 1 ਨਵੰਬਰ,1925 ਈ: ਨੂੰ ਲਾਗੂ ਹੋਇਆ।ਇਸ ਦੇ ਅੰਤਰਗਤ ਇੱਕ ਕਮੇਟੀ ਜਿਸ ਦਾ ਨਵਾਂ ਨਾਂ ਸੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ ਅਤੇ ਇਸਨੂੰ ਕੁਝ ਵਿਸ਼ੇਸ਼ ਗੁਰਧਾਮਾਂ ਦੀ ਸਾਭ-ਸੰਭਾਲ ਦੇ ਅਖ਼ਤਿਆਰ ਵੀ ਦਿੱਤੇ ਗਏ ਸੀ।

ਇਸ ਕਾਨੂੰਨ ਦੇ ਅੰਤਰਗਤ ਸੂਚੀ 1 ਅਤੇ 2 ਦੇ ਗੁਰਦੁਆਰੇ ਆਉਂਦੇ ਹਨ,ਜੋ ਉਸ ਸਮੇਂ ਦੇ ਪੰਜਾਬ ਦੀ ਹੱਦ ਵਿੱਚ ਆਉਂਦੇ ਸਨ।ਮਗਰੋਂ 1956 ਈ: ਵਿੱਚ ਪਟਿਆਲਾ ਅਤੇ ਪੈਪਸੂ ਦੇ ਪੰਜਾਬ ਵਿੱਚ ਰਲਣ ਮਗਰੋਂ ਉਨ੍ਹਾਂ ਖੇਤਰਾਂ ਵਿੱਚ ਪੈਂਦੇ ਗੁਰਦੁਆਰੇ ਵੀ ਇਸ ਕਾਨੂੰਨ ਦੇ ਘੇਰੇ ਵਿੱਚ ਸਨ।ਅਜਿਹਾ 1959 ਈ: ਵਿੱਚ ਹੋਈ ਸੋਧ ਦੇ ਅੰਤਰਗਤ ਕੀਤਾ ਗਿਆ।ਪਰ 1966 ਈ: ਵਿੱਚ ਆਏ ਪੁਨਰਗਠਨ ਕਾਨੂੰਨ ਅਨੁਸਾਰ ਜੋ ਗੁਰਦੁਆਰੇ ਵੱਖ ਹੋ ਚੁੱਕੀਆਂ ਥਾਵਾਂ ਵਿੱਚ ਸਨ, ਵੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜ ਅਧੀਨ ਹੀ ਰਹਿਣਗੇ ਪਰ 15 ਅਗਸਤ,1947 ਈ: ਵਿੱਚ ਪਾਕਿਸਤਾਨ ਦੀ ਹੱਦ ਵਿੱਚ ਆਉਂਦੇ ਗੁਰਦੁਆਰਿਆਂ ਤੇ ਐਸ.ਜੀ.ਪੀ.ਸੀ ਦਾ ਅਧਿਕਾਰ ਖ਼ਤਮ ਹੋ ਗਿਆ ਸੀ।

ਕਮੇਟੀ ਵਿੱਚ 140 ਚੁਣੇ ਹੋਏ ਮੈਂਬਰ, 5 ਉੱਪ-ਮੰਤਰੀ ਅਤੇ 15 ਸਹਿ ਮੈਂਬਰ ਹਨ। ਹਰੀਜਨ ਸਮਾਜ ਦੀਆਂ 20 ਸੀਟਾਂ ਰਾਖਵੀਆਂ ਹਨ।ਕਮੇਟੀ ਦਾ ਕਾਰਜਕਾਲ 5 ਸਾਲ ਹੈ ਜਾਂ ਜਦੋਂ ਤੱਕ ਨਵੀਂ ਕਮੇਟੀ ਨਹੀਂ ਬਣਦੀ,ਉਦੋਂ ਤੱਕ ਪੁਰਾਣੀ ਹੀ ਜਾਰੀ ਰਹੇਗੀ।ਪਰ ਪ੍ਰਬੰਧਕ ਦਾ ਕਾਰਜਕਾਲ ਕੇਵਲ ਇੱਕ ਸਾਲ ਹੀ ਹੈ।

ਪਰ 1925 ਵਿੱਚ ਸਿੱਖ ਗੁਰਦੁਆਰਾ ਐਕਟ ਪਾਸ ਹੋਣ ਮਗਰੋਂ ਸਿੱਖਾਂ ਨੂੰ ਗੁਰਦੁਆਰਾ ਗੰਗਸਰ, ਜੈਤੋਂ ਵਿਖੇ ਨਤਮਸਤਕ ਹੋਣ ਦੀ ਆਗਿਆ ਮਿਲੀ ਅਤੇ ਹੜ੍ਹਤਾਲ ਦੌਰਾਨ ਬੰਦੀ ਬਣਾਏ ਬਹੁਤੇ ਕੈਦੀਆਂ ਨੂੰ ਰਿਹਾ ਕਰ ਦਿੱਤਾ ਗਿਆ।

Scanned by CamScanner

5.3.7 ਬੱਬਰ ਅਕਾਲੀ ਲਹਿਰ:

ਬੱਬਰ ਅਕਾਲੀ ਲਹਿਰ 1920 ਈ: ਦੇ ਆਰੰਭ ਵਿੱਚ ਸਿੱਖ ਗੁਰਧਾਮਾਂ ਦੀ ਸਾਫ ਸੰਭਾਲ ਅਤੇ ਸੁਧਾਰ ਲਈ ਉੱਠੀ ਲਹਿਰ ਅਕਾਲੀ ਲਹਿਰ ਦੀ ਬੁਨਿਆਦੀ ਸ਼ਾਖਾ ਸੀ।ਅਕਾਲੀ ਲਹਿਰ ਦਾ ਮੰਤਵ ਗੁਰਧਾਮਾਂ ਨੂੰ ਉਨ੍ਹਾਂ ਮਹੰਤਾਂ ਦੇ ਕਬਜ਼ੇ ਤੋਂ ਮੁਕਤ ਕਰਵਾਉਣਾ ਸੀ ਜਿਹੜੇ ਕਈ ਪੀੜ੍ਹੀਆਂ ਤੋਂ ਇਨ੍ਹਾਂ ਸਥਾਨਾਂ ਤੇ ਕਾਬਜ਼ ਸਨ। ਪਰ ਇਹ ਲਹਿਰ ਸ਼ਾਂਤਮਈ ਨੀਤੀ ਨਾਲ ਚਲਾਈ ਗਈ। ਇਸ ਲੰਮੀ ਲੜਾਈ ਵਿੱਚ ਆਪਣੇ ਹੱਕ ਲਈ ਲੜ ਰਹੇ ਅਕਾਲੀਆਂ ਨੂੰ ਬਹੁਤ ਯਾਤਨਾਵਾਂ ਸਹਿਣੀਆਂ ਪਈਆਂ।ਜਨਵਰੀ,1921 ਈ: ਵਿੱਚ ਤਰਨਤਾਰਨ ਵਿਖੇ ਅਤੇ ਫ਼ਰਵਰੀ 1921 ਈ: ਵਿੱਚ ਨਨਕਾਣਾ ਸਾਹਿਬ ਵਿਖੇ ਹੋਏ ਸਾਕਿਆਂ ਵਿੱਚ ਕਈ ਸਿੱਖ ਮਾਰੇ ਗਏ।ਜਿਸ ਕਾਰਨ ਇੱਕ ਅਜਿਹੇ ਦਲ ਦਾ ਉੱਥਾਨ ਹੋਇਆ ਜੋ ਅਹਿੰਸਾ ਤਿਆਗ ਕੇ ਹਿੰਸਕ ਤਰੀਕਿਆ ਰਾਹੀ ਮੁਸ਼ਕਲਾਂ ਦਾ ਹੱਲ ਲੱਭ ਰਹੀ ਸੀ।ਇਸ ਗੁਪਤ ਦਲ ਦੇ ਮੈਂਬਰ 'ਬੱਬਰ ਅਕਾਲੀ' ਅਖਵਾਉਂਦੇ ਸਨ।ਬੱਬਰ ਦਾ ਅਰਥ ਹੈ-ਸ਼ੇਰ।ਉਨ੍ਹਾਂ ਦਾ ਨਿਸ਼ਾਨਾ ਬਰਤਾਨਵੀ ਅਫ਼ਸਰ ਅਤੇ ਉਨ੍ਹਾਂ ਦੇ ਭਾਰਤੀ ਸੂਹੀਏ ਸਨ।ਉਹ ਜੜ੍ਹੋ ਸਿੱਖੀ ਨਾਲ ਜੁੜੇ ਹੋਏ ਸਨ ਅਤੇ ਉਨ੍ਹਾਂ ਵਿੱਚ ਦੇਸ਼-ਭਗਤੀ ਦੀ ਭਾਵਨਾ ਪ੍ਰਬਲ ਸੀ।

ਇਸ ਲਹਿਰ ਦੇ ਮੋਢੀ ਮਾਸਟਰ ਮੋਤਾ ਸਿੰਘ ਅਤੇ ਕਿਸ਼ਨ ਸਿੰਘ ਗੜਗੱਜ ਸਨ। ਕਿਸ਼ਨ ਸਿੰਘ ਭਾਰਤੀ ਸੈਨਾ ਵਿੱਚੋਂ ਸੇਵਾ ਮੁਕਤ ਹਵਾਲਦਾਰ ਮੇਜਰ ਸਨ।ਉਨ੍ਹਾਂ ਨੇ ਆਪਣੀਆਂ ਗੁਪਤ ਬੈਠਕਾਂ ਵਿੱਚ ਨਨਕਾਣਾ ਸਾਹਿਬ ਦੇ ਸਾਕੇ ਦੌਰਾਨ ਸ਼ਹੀਦ ਹੋਏ ਸਿੱਖਾਂ ਦੇ ਦੋਸ਼ੀਆਂ ਤੋਂ ਬਦਲਾ ਲੈਣ ਦੀ ਨੀਤੀ ਬਣਾਈ।ਉਨ੍ਹਾਂ ਦੀ ਸੂਚੀ ਵਿੱਚ ਮੁੱਖ ਰੂਪ ਵਿੱਚ ਸ਼ਾਮਲ ਸਨ; ਜੇ.ਡਬਲਿਊ.ਬਾਓਰਿੰਗ ਜੋ ਕਿ ਖ਼ੁਫੀਆ-ਵਿਭਾਗ ਵਿੱਚ ਪੁਲਿਸ ਸੁਪਰਡੈਂਟ ਸੀ ਅਤੇ ਕਮਿਸ਼ਨਰ ਸੀ. ਐਮ. ਕਿੰਗ।ਪਰ ਇਸ ਘਟਨਾ ਨੂੰ ਅੰਜ਼ਾਮ ਦੇਣ ਵਾਲੇ ਪੁਲਿਸ ਦੁਆਰਾ ਫ਼ੜੇ ਗਏ।ਮਾਸਟਰ ਮੋਤਾ ਸਿੰਘ ਅਤੇ ਕਿਸ਼ਨ ਸਿੰਘ ਖਿਲਾਫ਼ ਗ੍ਰਿਫ਼ਤਾਰੀ ਵਰੰਟ ਜਾਰੀ ਹੋਏ ਅਤੇ ਉਹ ਦੋਵੇਂ ਫ਼ਰਾਰ ਹੋ ਗਏ।

ਨਵੰਬਰ 1921 ਈ: ਵਿੱਚ ਕਿਸ਼ਨ ਸਿੰਘ ਨੇ ਚੱਕਰਵਰਤੀ ਜੱਥਾ ਨਾਮ ਦਾ ਗੁਪਤ ਸੰਗਠਨ ਬਣਾਇਆ। ਉਹ ਕਿਸਾਨਾਂ ਅਤੇ ਸੈਨਿਕਾਂ ਵਿੱਚ ਕੰਮ ਕਰਦੇ ਰਹੇ ਅਤੇ ਉਨ੍ਹਾਂ ਨੂੰ ਵਿਦੇਸ਼ੀ ਰਾਜ ਵਿਰੁੱਧ ਜਾਗਰੂਕ ਕੀਤਾ।ਕਿਸ਼ਨ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਜਿਲ੍ਹਾ ਜਲੰਧਰ ਦੇ ਪਿੰਡ ਅੰਬਾਲਾ ਅਤੇ ਕਪੂਰਥਲਾ ਵਿੱਚ ਆਪਣੀਆਂ ਮੁੱਖ ਗਤੀਵਿਧੀਆਂ ਨੂੰ ਅੰਜਾਮ ਦਿੱਤਾ।ਜਦੋਂ ਕਿ ਦੌਲਤਪੁਰ ਦੇ ਕਰਮ ਸਿੰਘ ਨੇ ਹੁਸ਼ਿਆਰਪੁਰ ਵਿੱਚ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ।

ਅਗਸਤ, 1922 ਈ: ਦੇ ਅੰਤ ਵਿੱਚ ਦੋਹਾਂ ਚੱਕਰਵਰਤੀ ਜੱਥਿਆਂ ਨੇ ਮਿਲ ਕੇ ਕੰਮ ਕਰਨ ਦੀ ਠਾਣੀ ਅਤੇ ਆਪਣੇ ਸੰਗਠਨ ਨੂੰ 'ਬੱਬਰ ਅਕਾਲੀ ਦਲ' ਦਾ ਨਾਮ ਦਿੱਤਾ। 'ਬੱਬਰ ਅਕਾਲੀ ਦੁਆਬਾ' ਨਾਮ ਦਾ ਅਖ਼ਬਾਰ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਸੀ। ਉਨ੍ਹਾਂ ਨੇ ਵਿਦਿਆਰਥੀਆਂ ਅਤੇ ਸੈਨਿਕਾਂ ਵਿੱਚੋ ਆਪਣੀਆਂ ਸਰਗਰਮੀਆਂ ਪ੍ਰਤੀ ਹਮਦਰਦੀ ਰੱਖਣ ਵਾਲਿਆਂ ਦੀ ਭਾਲ ਕੀਤੀ।

ਬੱਬਰ ਅਕਾਲੀ ਜੱਥੇ ਦੇ ਆਪਣੇ ਤੌਰ ਤਰੀਕੇ ਸਨ।ਪਰਿਵਾਰਕ ਜੀਵਨ ਵਾਲਿਆਂ ਨੂੰ ਮੈਂਬਰ ਨਾ ਬਣਨ ਲਈ ਪ੍ਰੇਰਿਆ ਗਿਆ, ਸਗੋਂ ਬਾਹਰ ਰਹਿ ਕੇ ਮੱਦਦ ਕਰਨ ਹੋਣ ਦੀ ਸਲਾਹ ਦਿੱਤੀ ਗਈ।ਮੈਂਬਰਾਂ ਨੂੰ ਰੋਜ਼ਾਨਾ ਗੁਰਬਾਣੀ ਪੜ੍ਹਨ ਦੀ ਤਾਕੀਦ ਕੀਤੀ ਗਈ।ਉਨ੍ਹਾਂ ਨੂੰ ਆਪਸੀ ਤਕਰਾਰ ਤੋਂ ਪ੍ਰਹੇਜ਼ ਕਰਨ ਲਈ ਕਿਹਾ ਗਿਆ।ਔਰਤ ਦਾ ਸ਼ੋਸ਼ਣ ਅਤੇ ਚੋਰੀ ਦੀ ਸਖ਼ਤੀ ਨਾਲ ਮਨਾਹੀ ਕੀਤੀ ਗਈ।ਜੱਥੇ ਦੇ ਮੈਂਬਰਾਂ ਦੀ ਗਿਣਤੀ ਲੱਗਭਗ 200 ਸੀ, ਪਰ ਸਹੀ ਗਿਣਤੀ ਜੱਥੇ ਦੇ ਮੈਬਰਾਂ ਨੂੰ ਵੀ ਨਹੀਂ ਸੀ ਪਤਾ।

ਜੱਥੇ ਪ੍ਰਤੀ ਹਮਦਰਦੀ ਰੱਖਣ ਵਾਲੇ ਸਰਗਰਮ ਮੈਂਬਰਾਂ ਨੇ ਭੋਜਨ ਅਤੇ ਅਵਾਸ ਰਾਹੀਂ ਮਦਦ ਕਰਨੀ ਆਰੰਭ ਕੀਤੀ।ਕਈਆਂ ਨੇ ਨੇਤਾਵਾਂ ਨੂੰ ਸੰਦੇਸ਼ ਭੇਜਣ ਦਾ ਕੰਮ ਕੀਤਾ ਅਤੇ ਕਈਆਂ ਨੇ ਦੀਵਾਨ ਸਜਾਏ ਤਾਂ ਜੋ ਬੁਲਾਰੇ ਆਪਣੇ ਵਿਚਾਰ

Scanned by CamScanner

ਆਮ ਜਨਤਾ ਨਾਲ ਸਾਂਝੇ ਕਰ ਸਕਣ। ਕਈਆਂ ਨੇ ਬੱਬਰ ਅਕਾਲੀ ਦਲ ਨਾਲ ਸਬੰਧਿਤ ਪਰਚੇ ਵੀ ਵੰਡੇ।ਪੁਲਿਸ ਤੋਂ ਬਚਣ ਲਈ ਅਤੇ ਆਪਣੀਆਂ ਸਰਗਰਮੀਆਂ ਗੁਪਤ ਰੱਖਣ ਲਈ ਉਨ੍ਹਾਂ ਨੇ ਇੱਕ ਗੁਪਤ ਜ਼ਾਬਤਾ ਵੀ ਬਣਾਇਆ। 1923 ਈ: ਦੇ ਅੰਤ ਤੱਕ ਇਹ ਲਹਿਰ ਪੂਰੀ ਸਰਗਰਮ ਰਹੀ।ਕਈ ਸਰਕਾਰੀ ਅਫ਼ਸਰਾਂ ਅਤੇ ਉਨ੍ਹਾਂ ਦੇ ਸਹਾਇਕਾਂ ਨੂੰ ਮਾਰ ਦਿੱਤਾ ਗਿਆ।ਪੁਲਿਸ ਨਾਲ ਕਈ ਮੁਠਭੇੜਾਂ ਵੀ ਹੋਈਆਂ ਜਿਸ ਵਿੱਚ ਬੱਬਰ ਅਕਾਲੀਆਂ ਨੇ ਦਲੇਰਾਨਾ ਕਾਰਨਾਮੇ ਕੀਤੇ ਅਤੇ ਸ਼ਹੀਦ ਵੀ ਹੋਏ।

ਸਰਕਾਰ ਨੇ ਸਖ਼ਤੀ ਅਤੇ ਚਲਾਕੀ ਨਾਲ ਨਜਿੱਠਣ ਦਾ ਫ਼ੈਸਲਾ ਕੀਤਾ।ਅਪ੍ਰੈਲ 1923 ਈ: ਵਿੱਚ ਅਪਰਾਧ ਕਾਨੂੰਨ ਸੋਧ ਧਾਰਾ 1908 ਦੇ ਅੰਤਰਗਤ ਬੱਬਰ ਅਕਾਲੀ ਜੱਥੇ ਨੂੰ ਗੈਰ-ਕਨੂੰਨੀ ਸੰਗਠਨ ਘੋਸ਼ਿਤ ਕੀਤਾ ਗਿਆ।ਸੰਵੇਦਨਸ਼ੀਲ ਥਾਵਾਂ 'ਤੇ ਫ਼ੌਜ ਅਤੇ ਤੋਪਖ਼ਾਨੇ ਬੀਤੇ ਗਏ।ਨਾਲ ਹੀ ਪੁਲਿਸ ਮੈਜਿਸਟ੍ਰੇਟ ਵੀ ਡਿਊਟੀ 'ਤੇ ਲਗਾਏ ਗਏ। ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਲੁਕੇ ਬੱਬਰਾਂ ਨੂੰ ਫੜਨ ਲਈ ਫ਼ੌਜ ਅਤੇ ਵਿਸ਼ੇਸ਼ ਪੁਲਿਸ ਦੇ ਦਸਤੇ ਨਿਯੁਕਤ ਕੀਤੇ ਗਏ।ਦੰਡਾਤਮਕ ਪੁਲਿਸ ਪੋਸਟ ਕਰ ਲਗਾਇਆ ਗਿਆ। ਬੱਬਰ ਅਕਾਲੀ ਜੱਥਿਆਂ ਦੀ ਸਹਾਇਤਾ ਕਰਨ ਵਾਲੇ ਸਿਵਲ ਅਤੇ ਫ਼ੌਜੀ ਪੈਨਸ਼ਨਰੀਆਂ ਤੇ ਅਨੁਸ਼ਾਸਨੀ ਕਾਰਵਾਈ ਕੀਤੀ ਗਈ।

ਇਨ੍ਹਾਂ ਸਾਰੀਆਂ ਕਾਰਵਾਈਆਂ ਨੇ ਇਸ ਲਹਿਰ ਨੂੰ ਢਾਹ ਲਗਾਈ।ਪੁਲਿਸ ਗ੍ਰਿਫ਼ਤਾਰੀਆਂ ਵਿੱਚ ਹੋਈਆਂ ਮੌਤਾਂ ਕਾਰਨ ਜੱਥੇ ਦੇ ਕਈ ਅਹੁੱਦੇ ਖ਼ਤਮ ਹੋ ਗਏ।ਜੂਨ, 1924 ਈ: ਵਿੱਚ ਲਾਇਲਪੁਰ ਜ਼ਿਲ੍ਹੇ ਵਿੱਚ ਵਰਿਆਮ ਸਿੰਘ ਧੁੱਗਾ ਦੇ ਪੁਲਿਸ ਹੱਥ ਲੱਗਣ ਮਗਰੋਂ ਇਸ ਲਹਿਰ ਦਾ ਅੰਤ ਹੋ ਗਿਆ।

15 ਅਗਸਤ,1925 ਈ: ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਗ੍ਰਿਫ਼ਤਾਰ ਕੀਤੇ ਬੱਬਰ ਅਕਾਲੀਆਂ ਦਾ ਮੁਕੱਦਮਾ ਸ਼ੁਰੂ ਹੋ ਚੁੱਕਿਆ ਸੀ।ਮੂਲ ਰੂਪ ਵਿੱਚ 62 ਵਿਆਕਤੀਆਂ ਨੂੰ ਚਣੌਤੀ ਦਿੱਤੀ ਗਈ ਅਤੇ ਜਨਵਰੀ,1926 ਈ: ਵਿੱਚ 36 ਹੋਰ ਵਿਆਕਤੀ ਸ਼ਾਮਿਲ ਕਰ ਦਿੱਤੇ ਗਏ।ਫ਼ਰਵਰੀ 1926 ਵਿੱਚ ਫ਼ੈਸਲਾ ਸੁਣਾਇਆ ਗਿਆ ਜਿਸ ਅਨੁਸਾਰ ਜਥੇਦਾਰ ਕਿਸ਼ਨ ਸਿੰਘ ਗੜਗੱਜ ਸਮੇਤ 6 ਨੂੰ ਮੌਤ ਦੀ ਸਜਾ ਸੁਣਾਈ ਗਈ।

1926 ਈ: ਵਿੱਚ ਬੱਬਰਾਂ ਨੂੰ ਫ਼ਾਂਸੀ ਦਿੱਤੀ ਗਈ।ਇਨ੍ਹਾਂ ਵਿੱਚ ਕਿਸ਼ਨ ਸਿੰਘ ਗੜਗੱਜ, ਬਾਪੂ ਸੰਤਾ ਸਿੰਘ, ਦਲੀਪ ਸਿੰਘ ਧੰਮੀਆਂ, ਕਰਮ ਸਿੰਘ ਮਨਕੋ, ਨੰਦ ਸਿੰਘ ਘੜਿਆਲ ਅਤੇ ਧਰਮ ਸਿੰਘ ਹਯਾਤਪੁਰ ਆਦਿ ਸ਼ਾਮਿਲ ਸਨ। ਬੱਬਰ ਅਕਾਲੀ ਜਥੇ ਦੀ ਹੋਂਦ ਮਿਟ ਗਈ ਪਰ ਇਸ ਨੇ ਸਿੱਖ ਇਤਿਹਾਸ ਅਤੇ ਭਾਰਤ ਦੀ ਰਾਸ਼ਟਰੀ ਲਹਿਰ ਤੇ ਅਮਿੱਟ ਛਾਪ ਛੱਡੀ।

5.3.8 ਪੰਜਾਬ ਰਿਆਸਤੀ ਪਰਜਾ ਮੰਡਲ:

ਪੰਜਾਬ ਰਿਆਸਤੀ ਪਰਜਾ ਮੰਡਲ, ਪੰਜਾਬ ਦੇ ਰਿਆਸਤੀ ਸ਼ਹਿਰਾਂ ਦੇ ਲੋਕਾਂ ਦਾ ਸੰਗਠਨ ਸੀ ਜੋ 1928 ਈ: ਵਿੱਚ ਸਥਾਪਿਤ ਹੋਇਆ।ਇਸ ਦਾ ਮੰਤਵ ਲੋਕਾਂ ਨੂੰ ਉਨ੍ਹਾਂ ਦੇ ਬਣਦੇ ਸਾਮਜਿਕ ਅਤੇ ਰਾਜਨੀਤਿਕ ਹੱਕ ਦਿਵਾਉਣਾ ਸੀ।ਇਸ ਸੰਗਠਨ ਦੀ ਸਥਾਪਨਾ ਵਿੱਚ, ਇਨ੍ਹਾਂ ਸ਼ਹਿਰਾਂ ਵਿੱਚ ਵੱਸਦੇ ਅਕਾਲੀ ਵਰਕਰਾਂ ਨੇ ਅਹਿਮ ਭੂਮਿਕਾ ਅਤੇ ਰੁਚੀ ਦਿਖਾਈ।

17 ਜੂਨ, 1928 ਈ: ਨੂੰ ਪਟਿਆਲਾ ਵਿਖੇ ਮਾਨਸਾ ਵਿੱਚ ਇੱਕ ਵਿਸ਼ਾਲ ਜਨਤਕ ਇਕੱਠ ਵਿੱਚ ਇਸ ਸੰਗਠਨ ਦੀ ਸਥਾਪਨਾ ਦਾ ਐਲਾਨ ਕੀਤਾ ਗਿਆ।ਇੱਕ ਅਕਾਲੀ ਲੀਡਰ ਸੇਵਾ ਸਿੰਘ ਠੀਕਰੀਵਾਲਾ ਨੂੰ ਚੇਅਰਮੈਨ ਅਤੇ ਭਗਵਾਨ ਸਿੰਘ ਲੋਂਗੋਵਾਲੀਆ ਨੂੰ ਸਕੱਤਰ ਨਿਯੁਕਤ ਕੀਤਾ ਗਿਆ।ਛੇਤੀ ਹੀ ਇਸ ਮੰਡਲ ਦੀ ਮੈਂਬਰਸ਼ਿਪ ਪੰਜਾਬ ਵਿੱਚ ਰਹਿੰਦੇ ਸਮੁੱਚੇ ਬਾਲਿਗਾਂ ਲਈ ਬਿਨ੍ਹਾਂ ਕਿਸੇ ਵਿਤਕਰੇ ਦੇ ਖੋਲ੍ਹ ਦਿੱਤੀ ਗਈ।ਪਰਜਾ ਮੰਡਲ ਦੀਆਂ ਸਰਗਰਮੀਆਂ ਦਾ ਘੇਰਾ ਪੰਜਾਬ ਤੋਂ ਵਧਾ ਕੇ ਕਸ਼ਮੀਰ ਅਤੇ ਸ਼ਿਮਲੇ ਦੀਆਂ ਪਹਾੜੀਆਂ ਤੱਕ ਕਰ ਦਿੱਤਾ ਗਿਆ।

Scanned by CamScanner

ਪੰਜਾਬ ਰਿਆਸਤੀ ਮੰਡਲ ਦੇ ਮੁੱਖ ਉਦੇਸ਼ ਸਨ:

1. ਲੋਕਾਂ ਦੇ ਹੱਕ ਅਤੇ ਆਜ਼ਾਦੀ ਦੀ ਰੱਖਿਆ ਕਰਨੀ।
2. ਰਾਜਾਂ ਵਿੱਚ ਪ੍ਰਤੀਨਿਧ ਸੰਸਥਾਵਾਂ ਖੋਲ੍ਹਣੀਆਂ।
3. ਕਿਸਾਨਾਂ ਦੀ ਹਾਲਤ ਵਿੱਚ ਸੁਧਾਰ ਲਿਆਉਣਾ।

ਰਿਆਸਤੀ ਰਾਜਾਂ ਦੇ ਸਾਸ਼ਕ ਆਪਣੇ ਪ੍ਰਸ਼ਾਸ਼ਨ-ਪ੍ਰਬੰਧ ਵਿਰੁੱਧ ਕੁਝ ਵੀ ਸੁਣਨਾ ਨਹੀਂ ਚਹੁੰਦੇ ਸਨ। ਉਸ ਸਮੇਂ ਉਨ੍ਹਾਂ ਨੂੰ ਅੰਗਰੇਜੀ ਹਕੂਮਤ ਦੀ ਪੂਰੀ ਸ਼ਹਿ ਸੀ। ਸੋ ਉਨ੍ਹਾਂ ਖਿਲਾਫ਼ ਕਿਸੇ ਹਰਮਨ ਪਿਆਰੀ ਲਹਿਰ ਨੂੰ ਪੈਦਾ ਕਰਨਾ ਕੋਈ ਸੌਖਾ ਕਾਰਜ ਨਹੀਂ ਸੀ। ਪਰਜਾ ਮੰਡਲ ਦੇ ਕਾਰਕੁੰਨ ਪਹਿਲਾਂ ਪਟਿਆਲਾ ਦੇ ਚਾਰ ਸਿੱਖ ਰਾਜਾਂ ਪਟਿਆਲਾ, ਨਾਭਾ, ਜੀਂਦ ਅਤੇ ਫ਼ਰੀਦਕੋਟ ਵਿੱਚ ਖਾਸ ਤੌਰ ਦੇ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਦੇ ਵਿਰੋਧ ਵਿੱਚ ਸਨ।

ਮਾਸਟਰ ਤਾਰਾ ਸਿੰਘ ਨੇ ਪਟਿਆਲਾ ਦੇ ਸ਼ਾਸ਼ਕ ਵਿਰੁੱਧ ਠੋਸ ਮੁਹਿੰਮ ਵਿੱਢ ਦਿੱਤੀ। ਪਰਜਾ ਮੰਡਲ ਨੇ ਵੀ ਆਪਣੀਆਂ ਗਤੀਵਿਧੀਆਂ ਵਧਾ ਦਿੱਤੀਆਂ। ਦੋਹਾਂ ਪਾਸਿਆਂ ਤੋਂ ਘਿਰ ਜਾਣ ਕਾਰਨ ਮਹਾਰਾਜਾ ਨੇ ਸੇਵਾ ਸਿੰਘ ਠੀਕਰੀਵਾਲਾ ਸਮੇਤ ਹੋਰ ਅਕਾਲੀ ਕੈਦੀਆਂ ਨੂੰ ਰਿਹਾ ਕਰਨ ਦੇ ਹੁਕਮ ਦਿੱਤੇ। ਰਿਹਾ ਹੋਣ ਮਗਰੋਂ ਸੇਵਾ ਸਿੰਘ ਠੀਕਰੀਵਾਲਾ ਪੂਰੇ ਜੋਸ਼ ਨਾਲ ਪਰਜਾ ਮੰਡਲ ਲਹਿਰ ਨਾਲ ਜੁੜ ਗਏ।

27 ਦਸੰਬਰ,1929 ਈ: ਨੂੰ ਪੰਜਾਬ ਰਿਆਸਤੀ ਮੰਡਲ ਦਾ ਪਹਿਲਾ ਸ਼ੈਸ਼ਨ ਲਾਹੌਰ ਵਿਖੇ ਹੋਇਆ। ਉਨ੍ਹਾਂ ਨੇ ਮਹਾਰਾਜਾ ਭੁਪਿੰਦਰ ਸਿੰਘ ਦੇ ਮਾੜੇ ਸ਼ਾਸ਼ਨ ਦਾ ਵਿਰੋਧ ਕੀਤਾ ਅਤੇ ਉਸ ਵਿਰੁੱਧ ਮਤਾ ਪਾਇਆ। ਇਸ ਦੇ ਨਾਲ ਹੀ ਜੀਂਦ ਵਿੱਚ ਭੂਮੀ ਕਰ ਵਧਾਉਣ ਅਤੇ ਵਗਾਰ ਮਜ਼ਦੂਰੀ ਦੇ ਵਿਰੁੱਧ ਵਿੱਚ ਵੀ ਮੋਰਚੇ ਆਰੰਭੇ ਗਏ। ਮਾਲੇਰਕੋਟਲਾ ਵਿੱਚ ਇੱਕ ਦਸਤਾਵੇਜ਼ ਜਿਸ ਦਾ ਸਿਰਲੇਖ ਸੀ 'ਮਲੇਰਕੋਟਲਾ ਦੋਸ਼ਪੂਰਕ' ਤਿਆਰ ਕੀਤਾ ਗਿਆ। ਜਿਸ ਨੇ ਸ਼ਾਸ਼ਕ ਅਤੇ ਜਿਲ੍ਹਾ ਪ੍ਰਬੰਧਕਾਂ ਨੂੰ ਦੋਸ਼ੀ ਕਰਾਰ ਦੇ ਦਿੱਤਾ ਸੀ। ਕਪੂਰਥਲਾ ਵਿੱਚ ਪਰਜਾ ਮੰਡਲ ਨੇ ਅਤਿਅਚਾਰਿਕ ਕਰ ਖ਼ਤਮ ਕਰਨ ਦੀ ਅਤੇ ਭਰੋਸੇ ਵਾਲੀ ਸਰਕਾਰ ਕਾਇਮ ਕਰਨ ਦੀ ਮੰਗ ਰੱਖੀ।

11 ਅਕਤੂਬਰ 1930 ਈ: ਨੂੰ ਪੰਜਾਬ ਰਿਆਸਤੀ ਮੰਡਲ ਦਾ ਦੂਜਾ ਸ਼ੈਸ਼ਨ ਲੁਧਿਆਣੇ ਵਿਖੇ ਹੋਇਆ। ਸੇਵਾ ਸਿੰਘ ਨੇ ਪਟਿਆਲਾ ਮੁੱਖੀ 'ਤੇ ਦੋਸ਼ ਲਗਾਉਦਿਆਂ ਉਸ ਦੀ ਮੁਅੱਤਲੀ ਦੀ ਮੰਗ ਰੱਖੀ। ਸੇਵਾ ਸਿੰਘ ਠੀਕਰੀਵਾਲਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 10 ਸਾਲ ਦੀ ਕਠੋਰ ਸਜ਼ਾ ਸੁਣਾਈ ਗਈ ਪਰ ਉਨ੍ਹਾਂ ਨੂੰ ਕੁਝ ਮਹੀਨਿਆਂ ਮਗਰੋਂ ਹੀ ਰਿਹਾ ਕਰ ਦਿੱਤਾ ਗਿਆ।

ਜੁਲਾਈ, 1931 ਈ: ਵਿੱਚ ਪੰਜਾਬ ਰਿਆਸਤੀ ਪਰਜਾ ਮੰਡਲ ਦਾ ਤੀਜਾ ਸ਼ੈਸ਼ਨ ਸ਼ਿਮਲਾ ਵਿਖੇ ਆਯੋਜਿਤ ਕੀਤਾ ਗਿਆ ਜਿਸ ਦਾ ਮੁੱਖ ਮੰਤਵ ਮਹਾਰਾਜਾ ਭੁਪਿੰਦਰ ਸਿੰਘ ਦੀ ਬਰਖਾਸਤੀ ਸੀ।

ਪਰਜਾ ਮੰਡਲ ਨਾਲ ਸਿੱਝਣ ਲਈ ਪਟਿਆਲਾ ਸਰਕਾਰ ਨੇ ਰਾਜ ਵਿੱਚ ਸਾਰੀਆਂ ਰਾਜਨੀਤਿਕ ਗਤੀਵਿਧੀਆਂ 'ਤੇ ਰੋਕ ਲਗਾ ਦਿੱਤੀ। 1933 ਈ: ਵਿੱਚ ਸੇਵਾ ਸਿੰਘ ਨੂੰ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 1933 ਈ: ਵਿੱਚ ਜੇਲ੍ਹ ਵਿੱਚ ਹੀ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਦੀ ਮੌਤ ਨਾਲ ਪੰਜਾਬ ਰਿਆਸਤੀ ਪਰਜਾ ਮੰਡਲ ਦੇ ਇੱਕ ਮਹੱਤਵਪੂਰਨ ਯੁੱਗ ਦਾ ਅੰਤ ਹੋ ਗਿਆ। 15 ਜੁਲਾਈ,1948 ਈ: ਵਿੱਚ ਪੈਪਸੂ ਹੋਂਦ ਵਿੱਚ ਆਉਣ ਮਗਰੋਂ ਰਿਆਸਤਾਂ ਖ਼ਤਮ ਕਰ ਦਿੱਤੀਆਂ ਗਈਆਂ ਅਤੇ ਪੰਜਾਬ ਰਿਆਸਤੀ ਪਰਜਾ ਮੰਡਲ ਵੀ ਲੁਪਤ ਹੋ ਗਿਆ।

Scanned by CamScanner

5.4 ਪ੍ਰਣਾਮ ਸ਼ਹੀਦਾਂ ਨੂੰ:

5.4.1 ਸ਼ਹੀਦ ਭਗਤ ਸਿੰਘ:

ਪੰਜਾਬ ਵਿੱਚ ਸਰਦਾਰ ਭਗਤ ਸਿੰਘ ਨੌਜਵਾਨ ਇਨਕਲਾਬੀਆਂ ਦਾ ਆਗੂ ਸੀ। ਉਸ ਦਾ ਜਨਮ 27 ਸਤੰਬਰ, 1907 ਨੂੰ ਸੰਧੂ ਜੱਟ ਪਰਿਵਾਰ ਵਿੱਚ ਬੰਗਾ, ਜ਼ਿਲ੍ਹੇ ਲਾਇਲਪੁਰ (ਜੋ ਹੁਣ ਪਾਕਿਸਤਾਨ ਵਿੱਚ ਹੈ) ਵਿਖੇ ਹੋਇਆ। ਉਹਨਾਂ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਗਦਰ ਲਹਿਰ ਦੇ ਸਮਰਥਕ ਸਨ।

ਲਾਹੌਰ ਵਿਖੇ ਦਯਾਨੰਦ ਐਂਗਲੋ-ਵੈਦਿਕ ਸਕੂਲ ਵਿੱਚੋਂ ਦਸਵੀਂ ਪਾਸ ਕਰਨ ਉਪਰੰਤ, ਉਹਨਾਂ ਨੇ ਨਵਸਥਾਪਿਤ ਕਾਲਜ-ਨੈਸ਼ਨਲ ਕਾਲਜ ਲਾਹੌਰ ਵਿਖੇ ਇੰਟਰ ਪਾਸ ਕੀਤੀ। ਮਦਨ ਲਾਲ ਢੀਂਗਰਾ ਅਤੇ ਕਰਤਾਰ ਸਿੰਘ ਸਰਾਭਾ ਉਹਨਾਂ ਦੇ ਸਦੀਵੀ ਪ੍ਰੇਰਨਾ ਸ੍ਰੋਤ ਰਹੇ। ਉਹ ਅੰਗਰੇਜ਼ੀ ਹਕੂਮਤ ਵੱਲੋਂ ਜਲਿਆਂਵਾਲੇ ਬਾਗ ਵਿੱਚ ਕੀਤੇ ਕਤਲੇਆਮ ਨੂੰ ਕਦੇ ਭੁਲਾ ਨਹੀਂ ਸਕੇ।

ਮਾਤਾ-ਪਿਤਾ ਵੱਲੋਂ ਆਪਣੇ ਵਿਆਹ ਦੀਆਂ ਸਾਰੀਆਂ ਤਜ਼ਵੀਜਾਂ ਰੱਦ ਕਰਦੇ ਹੋਏ ਉਹ 1924 ਈ: ਵਿੱਚ ਕਾਨ੍ਹਪੁਰ ਵਿਖੇ ਚਲੇ ਗਏ, ਜਿੱਥੇ ਉਨ੍ਹਾਂ ਨੇ ਪਰਤਾਪ ਪ੍ਰਿੰਟਿੰਗ ਪ੍ਰੈਸ ਵਿਖੇ ਨੌਕਰੀ ਕੀਤੀ। ਇੱਥੇ ਹੀ ਉਹ ਗਣੇਸ਼ ਸ਼ੰਕਰ ਵਿਦਿਆਰਥੀ, ਬੀ.ਕੇ. ਦੱਤ, ਚੰਦਰ ਸ਼ੇਖਰ ਆਜ਼ਾਦ ਅਤੇ ਸਚਿੰਦਰਾਨਾਥ ਸਨਿਆਲ ਨੂੰ ਮਿਲੇ ਅਤੇ ਉਹ ਹਿੰਦੁਸਤਾਨ ਰਿਪਬਲਿਕ ਐਸੋਸੀਏਸ਼ਨ (ਐਚ.ਆਰ.ਏ) ਦੇ ਸਰਗਰਮ ਮੈਂਬਰ ਬਣੇ। ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ ਰਾਮਪ੍ਰਸਾਦ ਬਿਸਮਿਲ, ਯੋਗੇਸ਼ ਚੈਟਰਜ਼ੀ ਅਤੇ ਸਚਿੰਦਰਾਨਾਥ ਸਨਿਆਲ ਦੁਆਰਾ ਬਣਾਈ ਗਈ ਸੀ।

ਪਰ 1925 ਈ: ਵਿੱਚ ਆਪ ਜੈਤੋਂ ਮੋਰਚੇ ਦੌਰਾਨ ਲਾਹੌਰ ਵਾਪਿਸ ਆ ਗਏ। ਮੋਰਚੇ ਦੌਰਾਨ ਜੱਥਿਆਂ ਦਾ ਸਵਾਗਤ ਕਰਨ ਦੇ ਜੁਰਮ ਅਧੀਨ ਭਗਤ ਸਿੰਘ ਖਿਲਾਫ ਗ੍ਰਿਫਤਾਰੀ ਦੇ ਹੁਕਮ ਜਾਰੀ ਕਰ ਦਿੱਤੇ ਗਏ। ਪਰ ਆਪ ਪੁਲਿਸ ਨੂੰ ਚਕਮਾ ਦੇਣ ਵਿੱਚ ਕਾਮਯਾਬ ਰਹੇ ਅਤੇ ਦਿੱਲੀ ਵਿੱਚ ਬਲਵੰਤ ਸਿੰਘ ਨਾਮ ਦੇ ਕਾਲਪਨਿਕ ਨਾਮ ਹੇਠ ਰੋਜ਼ਾਨਾ ਅਖਬਾਰ 'ਵੀਰ ਅਰਜੁਨ' ਵਿੱਚ ਕੰਮ ਕਰਦੇ ਰਹੇ।

ਫਿਰ ਉਹ ਲਾਹੌਰ ਵਾਪਿਸ ਆ ਗਏ ਅਤੇ ਸੋਹਨ ਸਿੰਘ ਜੋਸ਼ ਅਤੇ ਸੰਤੋਖ ਸਿੰਘ ਦੀ ਕਿਰਤੀ ਕਿਸਾਨ ਪਾਰਟੀ ਵਿੱਚ ਸ਼ਾਮਿਲ ਹੋ ਗਏ। ਆਪ ਨੇ 'ਕਿਰਤੀ' ਨਾਂ ਦੇ ਰਸਾਲੇ ਵਿੱਚ ਬਹੁਤ ਯੋਗਦਾਨ ਪਾਇਆ। ਮਾਰਚ 1926 ਵਿੱਚ ਉਹਨਾਂ ਨੇ 'ਪੰਜਾਬ ਨੌਜਵਾਨ ਸਭਾ' ਦਾ ਗਠਨ ਕੀਤਾ ਅਤੇ ਇਸ ਦੇ ਸਕੱਤਰ ਬਣੇ।

ਉੱਤਰੀ ਭਾਰਤ ਵਿੱਚ ਕਕੋਰੀ ਸਾਜਿਸ ਕੇਸ ਵਿੱਚ ਬਹੁਗਿਣਤੀ ਇਨਕਲਾਬੀਆਂ ਦੀ ਗ੍ਰਿਫਤਾਰੀ ਉਪਰੰਤ, ਹਿੰਦੁਸਤਾਨ ਰਿਪਬਲਿਕ ਐਸੋਸੀਏਸ਼ਨ ਦਾ ਪੁਨਰ ਨਿਰਮਾਣ ਕੀਤਾ ਗਿਆ। ਇਸੇ ਕਾਰਨ, ਉੱਤਰ ਭਾਰਤ ਦੇ ਇਨਕਲਾਬੀ ਨੌਜਵਾਨ ਜਿਵੇਂ ਕਿ ਭਗਤ ਸਿੰਘ, ਸੁਖਦੇਵ, ਬੀ.ਕੇ. ਸਿਨਹਾ ਅਤੇ ਸ਼ਿਵ ਵਰਮਾ ਸਤੰਬਰ 1928 ਈ: ਵਿੱਚ ਦਿੱਲੀ ਵਿਖੇ ਮਿਲੇ ਅਤੇ ਸਮਾਜਵਾਦ ਨੂੰ ਸੰਘਰਸ਼ ਦੇ ਮੂਲ ਮੰਤਵ ਦੇ ਰੂਪ ਵਿੱਚ ਸਵੀਕਾਰ ਕੀਤਾ ਗਿਆ। ਪਾਰਟੀ ਦਾ ਨਾਮ ਬਦਲ ਕੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸ਼ੀਏਸ਼ਨ (ਐਚ.ਐਸ.ਆਰ.ਏ) ਰੱਖ ਦਿੱਤਾ ਗਿਆ।

ਇਸੇ ਦੌਰਾਨ ਲਾਲਾ ਲਾਜਪਤ ਰਾਏ ਦੀ ਪ੍ਰਧਾਨਗੀ ਹੇਠ ਸਾਇਮਨ ਕਮਿਸ਼ਨ ਦੀ ਵਿਰੋਧਤਾ ਤਹਿਤ ਇੱਕ ਜਲਸਾ ਕੱਢਿਆ ਗਿਆ। ਪੁਲਿਸ ਵੱਲੋਂ ਬੇਰਹਿਮੀ ਨਾਲ ਹੋਏ ਲਾਠੀਚਾਰਜ ਕਾਰਨ 17 ਨਵੰਬਰ, 1928 ਈ: ਨੂੰ ਲਾਲਾ ਜੀ ਦੀ ਮੌਤ ਹੋ ਗਈ। ਇਸ ਘਟਨਾ ਉਪਰੰਤ ਗੁੱਸੇ ਨਾਲ ਭੜਕੇ ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ ਅਤੇ ਰਾਜਗੁਰੂ ਨੇ ਭੁਲੇਖੇ ਨਾਲ ਪੁਲਿਸ ਸੁਪਰਡੈਂਟ ਸਾਂਡਰਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਦੋਂ ਕਿ ਉਹਨਾਂ ਦਾ ਅਸਲ ਉਦੇਸ਼ ਪੁਲਿਸ ਸੁਪਰਡੈਂਟ ਸਕੋਟ ਨੂੰ ਮਾਰਨਾ ਸੀ।

Scanned by CamScanner

ਕੁਝ ਮਹੀਨਿਆਂ ਦੀ ਚੁੱਪੀ ਨੂੰ ਤੋੜਦਿਆਂ 8 ਅਪ੍ਰੈਲ, 1929 ਈ: ਨੂੰ ਭਗਤ ਸਿੰਘ ਅਤੇ ਵੀ.ਕੇ. ਦੱਤ ਨੇ ਸੈਂਟਰਲ ਲੈਜਿਸਲੇਟਿਵ ਅਸੈਂਬਲੀ ਵਿੱਚ ਦੋ ਬੰਬ ਸੁੱਟੇ, ਹਾਲਾਂਕਿ ਇੰਨ੍ਹਾਂ ਧਮਾਕਿਆਂ ਵਿਚ ਕਿਸੇ ਤਰ੍ਹਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ। ਅਜਿਹਾ ਉਹਨਾਂ ਨੇ ਪਬਲਿਕ ਸੇਫਟੀ ਬਿੱਲ ਅਤੇ ਟਰੇਡ ਡਿਸਪਿਊਟ ਬਿਲ ਜਿੰਨ੍ਹਾਂ ਦੇ ਅੰਤਰਗਤ ਭਾਰਤੀ ਨਾਗਰਿਕਾਂ ਦੇ ਅਧਿਕਾਰਾਂ ਵਿੱਚ ਕਟੌਤੀ ਕੀਤੀ ਗਈ ਸੀ, ਦੇ ਵਿਰੋਧ ਵਿੱਚ ਕੀਤਾ। ਅਸੈਂਬਲੀ ਹਾਲ ਵਿੱਚ ਪਰਚੇ ਸੁੱਟ ਕੇ ਉਹਨਾਂ ਨੇ ਬਹਿਰੀ ਹੋਈ ਜਨਤਾ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਅਤੇ ਸੁਚੇਤ ਕਰਨ ਦੀ ਇੱਛਾ ਪ੍ਰਗਟਾਈ। ਉਹਨਾਂ ਨੇ ਮੌਕੇ ਤੋਂ ਫਰਾਰ ਹੋਣ ਦੀ ਕੋਸ਼ਿਸ਼ ਵੀ ਨਹੀਂ ਕੀਤੀ ਅਤੇ ਉਨ੍ਹਾਂ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ।

ਭਗਤ ਸਿੰਘ ਅਤੇ ਬੀ.ਕੇ. ਦੱਤ ਦੀ ਅਸੈਂਬਲੀ ਬੰਬ ਕੇਸ ਅਧੀਨ ਪੁੱਛ ਪੜ੍ਹਤਾਲ ਕੀਤੀ ਗਈ ਅਤੇ ਉਹਨਾਂ ਨੂੰ ਦੋਸ਼ੀ ਕਰਾਰ ਦਿੰਦੇ ਹੋਏ, ਉਹਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਉਹਨਾਂ ਨੂੰ ਮੀਆਂਵਾਲ ਸੈਂਟਰਲ ਜੇਲ੍ਹ ਵਿਖੇ ਭੇਜਿਆ ਗਿਆ ਜਿੱਥੇ ਉਹਨਾਂ ਸਮੇਤ ਹੋਰ ਕੈਦੀਆਂ ਨੇ 15 ਜੂਨ, 1929 ਈ: ਨੂੰ ਭੁੱਖ ਹੜਤਾਲ ਆਰੰਭ ਕਰ ਦਿੱਤੀ। ਜਿਸ ਦਾ ਮੰਤਵ ਕੈਦੀਆਂ ਦੇ ਹੱਕਾਂ ਦੀ ਪੈਰਵੀ ਕਰਨਾ ਸੀ।

ਅਦਾਲਤ ਵਿੱਚ ਉਹਨਾਂ ਦੁਆਰਾ ਉਚੀ ਆਵਾਜ ਵਿੱਚ ਬੋਲੇ ਗਏ ਨਾਅਰੇ:

ਇਨਕਲਾਬ ਜਿੰਦਾਬਾਦ.....
ਸਮਰਾਜਵਾਦ ਮੁਰਦਾਬਾਦ.....
ਲੋਕਤੰਤਰ ਜਿੰਦਾਬਾਦ.....
ਸਰਫਰੋਸ਼ੀ ਕੀ ਤਮੰਨਾ.....
ਮੇਰਾ ਰੰਗ ਦੇ ਬਸੰਤੀ ਚੋਲਾ.....

ਅਸੈਂਬਲੀ ਬੰਬ ਕੇਸਾਂ ਦੀ ਪੁੱਛ ਪੜਤਾਲ ਦੌਰਾਨ ਕੁਝ ਸਮੇਂ ਬਾਅਦ ਹੀ ਅੰਗਰੇਜ਼ੀ ਹਕੂਮਤ ਨੂੰ ਉਹਨਾਂ ਦੀ ਸਾਂਡਰਸ ਕਤਲ ਕੇਸ ਵਿੱਚ ਸ਼ਮੂਲੀਅਤ ਦਾ ਵੀ ਪਤਾ ਲੱਗ ਗਿਆ। ਇਸ ਕਾਰਨ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਖਿਲਾਫ਼ ਕਈ ਕੇਸ ਦਰਜ ਕੀਤੇ ਗਏ ਤੇ ਉਹਨਾਂ ਨੂੰ ਫਾਂਸੀ ਦੀ ਸਜਾ ਸੁਣਾਈ ਗਈ। 23 ਮਾਰਚ, 1931 ਈ: ਨੂੰ ਉਹਨਾਂ ਨੂੰ ਫਾਂਸੀ ਦੇ ਤਖ਼ਤੇ ਤੇ ਲਟਕਾ ਦਿੱਤਾ ਗਿਆ। ਇਹਨਾਂ ਦੇਸ਼ਭਗਤਾਂ ਦੀਆਂ ਅੱਧਸੜੀਆਂ ਲਾਸ਼ਾਂ ਹਕੂਮਤ ਵੱਲੋਂ ਸਤਲੁਜ ਦਰਿਆ ਵਿੱਚ ਵਹਾ ਦਿੱਤੀਆਂ ਗਈਆਂ। ਪਾਰਲੀਮੈਂਟ ਵਿੱਚ ਤਾਂਬੇ ਦਾ ਸਥਾਪਿਤ ਬੁੱਤ ਅੱਜ ਵੀ ਉਸ ਲਾਸਾਨੀ ਸ਼ਹਾਦਤ ਦੀ ਯਾਦ ਦਿਵਾਉਂਦਾ ਹੈ।

5.4.2 ਸ਼ਹੀਦ ਸੁਖਦੇਵ:

ਇਸ ਸੁਤੰਤਰਤਾ ਸੈਨਾਨੀ ਦਾ ਜਨਮ 15 ਮਈ, 1907 ਈ: ਵਿੱਚ ਨੌਘਾਰਾ, ਲੁਧਿਆਣਾ ਵਿਖੇ ਹੋਇਆ। ਇਹਨਾਂ ਦੇ ਪਿਤਾ ਦਾ ਨਾਮ ਰਾਮ ਲਾਲ ਥਾਪਰ ਅਤੇ ਮਾਤਾ ਦਾ ਨਾਮ ਰਲੀ ਦੇਵੀ ਸੀ। ਭਗਤ ਸਿੰਘ ਅਤੇ ਰਾਜਗੁਰੂ ਵਰਗੇ ਕਾਮਰੇਡ ਵਰਗ ਦੇ ਇਨਕਲਾਬੀਆਂ ਨਾਲ ਮਿਲ ਕੇ ਉਸ ਦਾ ਨਾਮ ਪ੍ਰਸਿੱਧ ਹੋ ਗਿਆ। ਇਹਨਾਂ ਤਿੰਨਾਂ ਨੇ ਮਿਲ ਕੇ ਅੰਗਰੇਜ਼ੀ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ।

ਸੁਖਦੇਵ ਥਾਪਰ ਨੇ ਭਾਰਤ ਦੀ ਆਜ਼ਾਦੀ ਲਈ ਛਿੜੇ ਸੰਘਰਸ਼ ਵਿੱਚ ਅਹਿਮ ਭੂਮਿਕਾ ਨਿਭਾਈ। ਉਹ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦਾ ਸਰਗਰਮ ਅਤੇ ਪੁਰਾਣਾ ਆਗੂ ਸੀ। ਉਸ ਨੇ ਭਾਰਤ ਦੇ ਪ੍ਰਾਚੀਨ ਇਤਿਹਾਸ ਦੇ ਨਾਲ-ਨਾਲ ਵਿਸ਼ਵ ਪੱਧਰ ਤੇ ਹੋਏ ਇਨਕਲਾਬਾਂ ਦੇ ਵੱਡਮੁੱਲੇ ਹਿੱਸਿਆਂ ਬਾਰੇ ਜਾਣਕਾਰੀ ਮੁਹੱਈਆ ਕਰਵਾਉਣ ਲਈ ਥਾਂ-ਥਾਂ ਸਟੱਡੀ ਸਰਕਲ ਸਥਾਪਿਤ ਕੀਤੇ। ਸੁਖਦੇਵ ਉਪਰ ਪੰਡਿਤ ਰਾਮ ਪ੍ਰਸ਼ਾਦ ਬਿਸਮਿਲ ਅਤੇ ਚੰਦਰ ਸ਼ੇਖਰ ਆਜ਼ਾਦ ਦਾ ਡੂੰਘਾ ਪ੍ਰਭਾਵ ਸੀ।

ਉਸ ਨੇ ਭਗਤ ਸਿੰਘ, ਕਾਮਰੇਡ ਰਾਮ ਚੰਦਰ ਅਤੇ ਭਗਵਤੀ ਚਰਨ ਵੋਹਰਾ ਨਾਲ ਮਿਲ ਕੇ ਲਾਹੌਰ ਵਿਖੇ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ। ਇਸ ਸੰਸਥਾ ਦੇ ਮੁੱਖ ਉਦੇਸ਼ ਨੌਜਵਾਨ ਵਰਗ ਨੂੰ ਆਜ਼ਾਦੀ ਦੀ ਲੜਾਈ ਲਈ ਤਿਆਰ ਕਰਨਾ, ਵਿਗਿਆਨਕ ਸੋਚ ਦੇ ਧਾਰਨੀ ਬਣਾਉਣਾ, ਕਮਿਊਨਿਜ਼ਮ ਅਤੇ ਛੂਤ-ਛਾਤ ਦਾ ਵਿਰੋਧ ਕਰਨਾ ਸੀ। ਜੇਲ੍ਹ ਵਿੱਚ ਨਜ਼ਰਬੰਦ

Scanned by CamScanner

ਕੈਦੀਆਂ ਤੇ ਹੋ ਰਹੇ ਅਣਮਨੁੱਖੀ ਤਸੱਦਦ ਦੇ ਵਿਰੋਧ ਵਿੱਚ 1929 ਈ: ਵਿੱਚ ਹੋਈ ਭੁੱਖ ਹੜਤਾਲ ਵਿੱਚ ਵੀ ਇਸ ਨੇ ਮੁੱਖ ਭੂਮਿਕਾ ਨਿਭਾਈ।

ਭਗਤ ਸਿੰਘ ਅਤੇ ਰਾਜਗੁਰੂ ਨਾਲ ਮਿਲ ਕੇ, ਲਾਲਾ ਲਾਜਪਤ ਰਾਏ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਬਰਤਾਨਵੀ ਪੁਲਿਸ ਸੁਪਰਡੈਂਟ ਨੂੰ ਮੌਤ ਦੇ ਘਾਟ ਉਤਾਰਨ ਕਾਰਨ ਹੀ ਸੁਖਦੇਵ ਦਾ ਨਾਮ ਦੂਰ-ਦੂਰ ਤੱਕ ਪ੍ਰਸਿੱਧ ਹੋ ਗਿਆ। ਇਹਨਾਂ ਤਿੰਨਾਂ ਨੂੰ ਹੀ 23 ਮਾਰਚ, 1931 ਵਿੱਚ ਨਿਯਮਾਂ ਨੂੰ ਛਿੱਕੇ ਤੇ ਟੰਗਦਿਆਂ, ਅੰਗਰੇਜ਼ੀ ਹਕੂਮਤ ਵੱਲੋਂ ਫਾਂਸੀ ਤੇ ਚੜ੍ਹਾ ਦਿੱਤਾ ਗਿਆ। ਇਹਨਾਂ ਦੀ ਮ੍ਰਿਤਕ ਦੇਹ ਨੂੰ ਵੀ ਗੁਪਤ ਰੂਪ ਵਿੱਚ ਸਤਲੁਜ ਦੇ ਕੰਢੇ ਜਲਾ ਦਿੱਤਾ ਗਿਆ ਅਤੇ ਅੱਧ-ਜਲੀਆਂ ਲਾਸ਼ਾਂ ਨੂੰ ਵੀ ਸਤਲੁਜ ਵਿੱਚ ਬਹਾ ਦਿੱਤਾ ਗਿਆ।

5.4.3 ਸ਼ਹੀਦ ਰਾਜਗੁਰੂ:

ਸਿਵਰਾਮ ਹਰੀ ਰਾਜਗੁਰੂ ਇਕ ਭਾਰਤੀ ਇਨਕਲਾਬੀ, ਮਹਾਰਾਸ਼ਟਰ ਨਾਲ ਸਬੰਧਿਤ ਸਨ। ਇਹਨਾਂ ਦਾ ਜਨਮ 24 ਅਗਸਤ 1908 ਈ: ਨੂੰ ਖੇਡ (ਜਿਸ ਦਾ ਵਰਤਮਾਨ ਨਾਮ ਰਾਜਗੁਰੂ ਨਗਰ ਹੈ), ਨੇੜੇ ਪੂਨਾ, ਮਹਾਂਰਾਸ਼ਟਰ ਵਿਖੇ ਹੋਇਆ।

ਉਹ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦਾ ਮੈਂਬਰ ਸੀ। ਉਹ ਭਾਰਤੀ ਵੇਦਾਂ ਦਾ ਹੋਣਹਾਰ ਗਿਆਤਾ ਸੀ। ਉਹ ਇੱਕ ਨਿਪੁੰਨ ਨਿਸ਼ਾਨੇਬਾਜ ਸੀ, ਇਸੇ ਕਾਰਨ ਉਸ ਨੂੰ (ਐਚ.ਐਸ.ਆਰ.ਏ) ਦਾ ਗੰਨਮੈਨ ਵੀ ਕਿਹਾ ਜਾਂਦਾ ਸੀ।

ਉਹ ਭਗਤ ਸਿੰਘ ਅਤੇ ਸੁਖਦੇਵ ਦਾ ਸਾਥੀ ਸੀ ਅਤੇ 1928 ਈ: ਵਿੱਚ ਲਾਹੌਰ ਵਿਖੇ ਹੋਏ ਸਾਂਡਰਸ ਕਤਲ ਕੇਸ ਵਿੱਚ ਵੀ ਉਸ ਦੀ ਬਰਾਬਰ ਦੀ ਸ਼ਮੂਲੀਅਤ ਸੀ। ਉਸ ਨੇ ਅਜਿਹਾ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਕੀਤਾ।

ਰਾਜਗੁਰੂ, ਭਗਤ ਸਿੰਘ ਅਤੇ ਸੁਖਦੇਵ ਨੂੰ ਇੱਕਠੇ ਹੀ ਨਜ਼ਰਬੰਦ ਕੀਤਾ ਗਿਆ ਅਤੇ ਇੱਕਠੇ ਹੀ ਫਾਂਸੀ ਦੀ ਸਜ਼ਾ ਦਿੱਤੀ ਗਈ। 23 ਮਾਰਚ, 1931 ਨੂੰ ਫਾਂਸੀ ਦੇਣ ਉਪਰੰਤ ਹੁਸੈਨੀਵਾਲਾ (ਫਿਰੋਜ਼ਪੁਰ) ਵਿਖੇ ਮ੍ਰਿਤਕ ਦੇਹਾਂ ਦਾ ਸੰਸਕਾਰ ਕੀਤਾ ਗਿਆ ਅਤੇ ਅੱਧ ਸੜੀਆਂ ਲਾਸ਼ਾਂ ਨੂੰ ਸਤਲੁਜ ਵਿੱਚ ਬਹਾ ਦਿੱਤਾ ਗਿਆ। ਅਗਲੇ ਦਿਨ ਇਹਨਾਂ ਦੇ ਕਾਮਰੇਡ ਸਾਥੀਆਂ ਵੱਲੋਂ ਕੁਝ ਅਸਥੀਆਂ ਇੱਕਠੀਆਂ ਕਰਕੇ ਲਾਹੌਰ ਵਿੱਚ ਇੱਕ ਵੱਡਾ ਜਲਸਾ ਵੀ ਕੱਢਿਆ ਗਿਆ।

5.4.4 ਸ਼ਹੀਦ ਊਧਮ ਸਿੰਘ:

ਊਧਮ ਸਿੰਘ ਦਾ ਅਸਲ ਨਾਮ ਸ਼ੇਰ ਸਿੰਘ ਸੀ ਅਤੇ ਇਸ ਦਾ ਜਨਮ 26 ਦਸੰਬਰ, 1899 ਈ: ਨੂੰ ਸੁਨਾਮ ਵਿਖੇ ਹੋਇਆ। ਉਸ ਦਾ ਪਿਤਾ ਟਹਿਲ ਸਿੰਘ ਰੇਲਵੇ ਵਿੱਚ ਮੁਲਾਜਮ ਸੀ। ਸੱਤ ਸਾਲ ਦੀ ਉਮਰ ਤੋਂ ਪਹਿਲਾਂ ਹੀ ਉਹ ਯਤੀਮ ਹੋ ਗਿਆ। 1907 ਈ: ਵਿੱਚ ਸ਼ੇਰ ਸਿੰਘ ਅਤੇ ਉਸ ਦੇ ਭਰਾ ਮੁਕਤਾ ਸਿੰਘ ਨੂੰ ਅੰਮ੍ਰਿਤਸਰ ਦੇ ਸੈਂਟਰਲ ਖਾਲਸਾ ਯਤੀਮਖਾਨੇ ਵਿੱਚ ਦਾਖਲ ਕਰਵਾ ਦਿੱਤਾ ਗਿਆ ਅਤੇ ਇੱਥੇ ਹੀ ਇਸ ਦਾ ਨਾਮ ਊਧਮ ਸਿੰਘ ਪਿਆ।

1918 ਈ: ਵਿੱਚ ਦਸਵੀਂ ਪਾਸ ਕਰਨ ਉਪਰੰਤ ਇਸ ਨੇ ਯਤੀਮਖਾਨਾ ਛੱਡ ਦਿੱਤਾ। ਉਸ ਨੇ ਜਲ੍ਹਿਆਵਾਲੇ ਬਾਗ ਦਾ ਖੂਨੀ ਸਾਕਾ ਅੱਖੀਂ ਵੇਖਿਆ ਸੀ, ਇਸੇ ਕਾਰਨ ਉਸ ਦੇ ਮਨ ਵਿੱਚ ਅੰਗਰੇਜ਼ੀ ਹਕੂਮਤ ਪ੍ਰਤੀ ਵਿਦਰੋਹ ਦੀ ਭਾਵਨਾ ਸੀ। ਭਗਤ ਸਿੰਘ ਅਤੇ ਹੋਰ ਇਨਕਲਾਬੀਆਂ ਦੇ ਪ੍ਰਭਾਵ ਕਾਰਨ ਉਹ ਗ਼ਦਰ ਪਾਰਟੀ ਵਿੱਚ ਸ਼ਾਮਿਲ ਹੋ ਗਿਆ। ਉਸ ਨੇ ਅਮਰੀਕਾ ਜਾ ਕੇ ਕਈ ਜੰਗੀ ਕਾਰਜ ਸਿੱਖੇ ਅਤੇ 1927 ਵਿੱਚ ਉਹ ਭਾਰਤ ਵਾਪਸ ਪਰਤ ਆਇਆ। ਉਹ ਆਪਣੇ ਨਾਲ ਕੁਝ ਹਥਿਆਰ ਅਤੇ ਗੋਲਾ ਬਾਰੂਦ ਵੀ ਲਿਆਇਆ। ਜਲਦ ਹੀ ਅੰਮ੍ਰਿਤਸਰ ਵਿਖੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ 4 ਸਾਲ ਦੀ ਸਜ਼ਾ ਸੁਣਾਈ ਗਈ। 1931 ਈ: ਵਿੱਚ ਜੇਲ੍ਹ ਤੋਂ ਰਿਹਾ ਹੋਣ ਉਪਰੰਤ ਉਹ ਆਪਣੇ ਪਿੰਡ ਸੁਨਾਮ ਆ ਗਿਆ ਜਿੱਥੇ ਉਸ ਨੂੰ ਪੁਲਿਸ

Scanned by CamScanner

ਦੀਆਂ ਵਧੀਕੀਆਂ ਦਾ ਸਾਹਮਣਾ ਕਰਨਾ ਪਿਆ। ਉਹ ਫਿਰ ਅੰਮ੍ਰਿਤਸਰ ਚਲਾ ਗਿਆ ਅਤੇ ਉਸ ਨੇ ਤਖਤੀਆਂ ਬਣਾਉਣ ਦੀ ਦੁਕਾਨ ਸ਼ੁਰੂ ਕੀਤੀ। ਉਸ ਨੇ 'ਰਾਮ ਮੁਹੰਮਦ ਸਿੰਘ ਆਜ਼ਾਦ' ਦਾ ਨਾਮ ਧਾਰਨ ਕੀਤਾ। ਇਹ ਨਾਮ ਭਾਰਤ ਵਿੱਚ ਪਾਏ ਜਾਂਦੇ ਤਿੰਨੇ ਧਰਮਾਂ ਹਿੰਦੂ, ਮੁਸਲਮਾਨ ਅਤੇ ਸਿੱਖ ਨੂੰ ਦਰਸਾਉਂਦਾ ਹੈ। ਹਿੰਦੂ ਧਰਮ ਵਿੱਚ 'ਰਾਮ' ਰੱਬ ਦਾ ਨਾਂ ਹੈ, 'ਮੁਹੰਮਦ' ਮੁਸਲਿਮ ਪੈਗੰਬਰ ਦਾ ਨਾਂ ਹੈ, 'ਸਿੰਘ' ਸ਼ਬਦ ਸਾਰੇ ਹੀ ਅੰਮ੍ਰਿਤਧਾਰੀ ਸਿੱਖ ਮਰਦਾਂ ਨੂੰ ਅਤੇ 'ਆਜ਼ਾਦ' ਅਰਥਾਤ ਬੰਧਨ ਮੁਕਤ ਨੂੰ ਦਰਸਾਉਂਦਾ ਹੈ।

1934 ਈ: ਵਿੱਚ ਉਹ ਲੰਡਨ ਚਲਾ ਗਿਆ ਅਤੇ ਉਸ ਨੇ ਜਲ੍ਹਿਆਂਵਾਲੇ ਬਾਗ ਦੇ ਖੂਨੀ ਸਾਕੇ ਦਾ ਬਦਲਾ ਲੈਣ ਦੀ ਸੋਚੀ। 13 ਮਾਰਚ, 1940 ਨੂੰ ਉਸ ਨੇ ਮਾਈਕਲ ਉਡਵਾਇਰ ਨੂੰ ਕੈਕਸਟਲ ਹਾਲ ਲੰਡਨ ਵਿਖੇ ਮੌਤ ਦੇ ਘਾਟ ਉਤਾਰ ਦਿੱਤਾ। ਉਸ ਨੇ ਫਰਾਰ ਹੋਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਉਸ ਨੂੰ ਪੁਲਿਸ ਵੱਲੋਂ ਹਿਰਾਸਤ ਵਿੱਚ ਲੈ ਲਿਆ ਗਿਆ।

ਮਾਈਕਲ ਉਡਵਾਇਰ ਦੇ ਕਤਲ ਕੇਸ ਵਿੱਚ ਦੋਸ਼ੀ ਸਿੱਧ ਹੋਣ 'ਤੇ ਉਸ ਨੂੰ ਫਾਂਸੀ ਦੀ ਸਜ਼ਾ ਹੋਈ। ਜੇਲ੍ਹ ਵਿੱਚ ਰਹਿੰਦਿਆਂ ਹੀ ਉਸ ਨੇ 42 ਦਿਨ ਭੁੱਖ ਹੜਤਾਲ ਰੱਖੀ ਅਤੇ ਉਸ ਨੂੰ ਜਬਰੀ ਖਾਣਾ ਖਵਾਇਆ ਗਿਆ। 1940 ਵਿੱਚ ਪੈਨਟੇਨਵਿਲੇ ਜੇਲ੍ਹ ਵਿੱਚ ਉਸ ਨੂੰ ਫਾਂਸੀ ਦਿੱਤੀ ਗਈ ਅਤੇ ਜੇਲ੍ਹ ਵਿੱਚ ਹੀ ਉਸ ਨੂੰ ਦਫ਼ਨਾ ਦਿੱਤਾ ਗਿਆ।

ਜੇਲ੍ਹ ਵਿੱਚ ਰਹਿੰਦਿਆਂ ਹੀ ਉਸ ਨੇ ਆਪਣੀਆਂ ਅਸਥੀਆਂ ਉਸ ਦੇ ਆਪਣੇ ਦੇਸ਼ ਭੇਜਣ ਦੀ ਬੇਨਤੀ ਵੀ ਕੀਤੀ, ਜੋ ਕਿ ਮਨਜ਼ੂਰ ਨਾ ਕੀਤੀ ਗਈ। ਪਰ 1975 ਈ: ਵਿੱਚ ਪੰਜਾਬ ਸਰਕਾਰ ਦੀ ਪਹਿਲ 'ਤੇ, ਭਾਰਤ ਸਰਕਾਰ ਉਸ ਦੀਆਂ ਅਸਥੀਆਂ ਦੇਸ਼ ਲਿਆਉਣ ਵਿੱਚ ਸਮਰਥ ਰਹੀ।

ਇਸ ਦੀ ਯਾਦ ਵਿੱਚ ਅੰਮ੍ਰਿਤਸਰ ਵਿਖੇ ਇੱਕ ਅਜਾਇਬ ਘਰ ਦਾ ਨਿਰਮਾਣ ਕਰਵਾਇਆ ਗਿਆ ਅਤੇ ਸੁਨਾਮ ਵਿਖੇ ਸ਼ਹੀਦ ਊਧਮ ਸਿੰਘ ਮੈਮੋਰੀਅਲ ਦੀ ਸਥਾਪਨਾ ਵੀ ਕੀਤੀ ਗਈ।

Scanned by CamScanner

ਪਾਠ 6

ਪ੍ਰਦੇਸ਼ ਦਾ ਨਿਰਮਾਣ

6.1 ਭੂਮਿਕਾ:

ਫਰਵਰੀ, 1947 ਵਿੱਚ ਇੰਗਲੈਂਡ ਦੇ ਪ੍ਰਧਾਨ ਮੰਤਰੀ, ਸ੍ਰੀਮਾਨ ਕਲੀਮੈਂਟ ਐਟਲੀ ਨੇ ਪ੍ਰਸ਼ਾਸਨ ਦੀ ਸੱਤਾ ਭਾਰਤੀ ਹੱਥਾਂ ਵਿੱਚ ਦੇਣ ਦੀ ਇੱਛਾ ਪ੍ਰਗਟਾਈ। ਇਸੇ ਮੰਤਵ ਦੇ ਮੱਦੇਨਜਰ ਲਾਰਡ ਮਾਊਂਟਬੈਟਨ ਨੂੰ ਭਾਰਤ ਵਿੱਚ ਵਾਇਸਰਾਏ ਦੇ ਰੂਪ ਵਿੱਚ ਭੇਜਿਆ ਗਿਆ। ਰਾਜਨੀਤਿਕ ਸਥਿਤੀ ਹੋਰ ਤਣਾਅ ਭਰੀ ਹੁੰਦੀ ਗਈ। ਪੰਜਾਬ ਅਤੇ ਬੰਗਾਲ ਦੀ ਵੰਡ ਵਿਰੁੱਧ ਰੋਸਭਰੀ ਹੜਤਾਲ ਕੀਤੀ ਗਈ। ਮੁਸਲਿਮ ਭਾਈਚਾਰੇ ਵਲੋਂ ਵਿੱਢੇ 'ਡਾਇਰੈਕਟ ਐਕਸ਼ਨ' ਨੇ ਕਲਕੱਤਾ, ਬਿਹਾਰ, ਮੁੰਬਈ ਅਤੇ ਪੰਜਾਬ ਵਿੱਚ ਭਿਆਨਕ ਦੰਗਿਆਂ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ। ਲੁੱਟ-ਖਸੁੱਟ ਦੀਆਂ ਵਾਰਦਾਤਾਂ ਵੀ ਦਿਨ ਪ੍ਰਤੀ ਦਿਨ ਵਧਦੀਆਂ ਰਹੀਆਂ। ਮੁਸਲਿਮ ਲੀਗ ਦੇ ਦਬਾਅ ਹੇਠ ਮਾਰਚ, 1947 ਵਿੱਚ ਮਲਿਕ ਖਿਜਰ ਹਯਾਤ ਖਾਨ ਹੇਠ ਪੰਜਾਬ ਵਿੱਚ ਮਿਲੀ ਜੁਲੀ ਸਰਕਾਰ ਕਾਰਜਕਾਰੀ ਸਰਕਾਰ ਨੇ ਅਸਤੀਫਾ ਦੇ ਦਿੱਤਾ। ਸਰਵ ਭਾਰਤੀ ਕਾਂਗਰਸ ਕਮੇਟੀ ਅਤੇ ਮੁਸਲਿਮ ਲੀਗ ਦੋਹਾਂ ਨੇ ਹੀ ਪੰਜਾਬ ਦੀ ਵੰਡ ਦਾ ਪ੍ਰਸਤਾਵ ਸਵੀਕਾਰ ਕਰ ਲਿਆ। ਪੂਰਬੀ ਅਤੇ ਪੱਛਮੀ ਪੰਜਾਬ ਦੀਆਂ ਸੀਮਾਵਾਂ ਨਿਰਧਾਰਿਤ ਕਰਨ ਲਈ ਬਾਂਊਡਰੀ ਕਮਿਸ਼ਨ ਹੋਂਦ ਵਿੱਚ ਆਇਆ।

6.2 ਪੰਜਾਬ ਬਾਂਊਡਰੀ ਕਮਿਸ਼ਨ:

20 ਜੂਨ, 1947 ਨੂੰ ਗਵਰਨਰ ਜਨਰਲ ਦੇ ਐਲਾਨ ਮਗਰੋਂ ਇਸ ਕਮਿਸ਼ਨ ਦੀ ਸਥਾਪਨਾ ਕੀਤੀ ਗਈ। ਸਰ ਸੀਰਿਲ ਰੈਡ ਕਲਿਫ ਨੂੰ ਕਮਿਸ਼ਨ ਦਾ ਚੇਅਰਮੈਨ ਥਾਪਿਆ ਗਿਆ। ਕਮਿਸ਼ਨ ਦੇ ਚਾਰ ਹੋਰ ਮੈਂਬਰ ਸਨ - ਜਸਟਿਸ ਦੀਨ ਮੁਹੰਮਦ, ਜਸਟਿਸ ਮੁਹੰਮਦ ਮੁਨੀਰ, ਜਸਟਿਸ ਮੇਹਰ ਚੰਦ ਮਹਾਜਨ ਅਤੇ ਜਸਟਿਸ ਤੇਜਾ ਸਿੰਘ। ਇਸ ਕਮਿਸ਼ਨ ਦਾ ਉਦੇਸ਼ ਮੁਸਲਿਮ ਅਤੇ ਗੈਰ ਮੁਸਲਿਮ ਖੇਤਰਾਂ ਦੇ ਆਧਾਰ ਤੇ ਪੰਜਾਬ ਦੀ ਵੰਡ ਲਈ ਸੀਮਾਵਾਂ ਨਿਰਧਾਰਤ ਕਰਨਾ ਸੀ। 16 ਅਗਸਤ, 1947 ਨੂੰ ਘੋਸ਼ਿਤ ਕੀਤੇ ਪੰਜਾਬ ਬਾਂਊਡਰੀ ਐਵਾਰਡ (ਰੈਡ ਕਲਿਫ ਐਵਾਰਡ) ਨੇ ਨਸਲੀ ਦੰਗਿਆ ਕਾਰਨ ਹੋ ਰਹੇ ਜਨਸੰਖਿਆ ਪਰਵਾਸ ਨੂੰ ਹੋਰ ਵੀ ਵਧਾ ਦਿੱਤਾ।

ਪੂਰਬੀ ਪੰਜਾਬ ਵਿੱਚ ਜਲੰਧਰ ਅਤੇ ਅੰਬਾਲਾ ਡਿਵੀਜਨਾਂ ਜਿੰਨ੍ਹਾਂ ਤਹਿਤ 13 ਜਿਲ੍ਹੇ ਸੰਯੁਕਤ ਪੰਜਾਬ ਦੇ 29 ਜ਼ਿਲ੍ਹਿਆਂ ਵਿੱਚੋਂ - ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ, ਫਿਰੋਜ਼ਪੁਰ, ਅੰਬਾਲਾ, ਕਰਨਾਲ, ਰੋਹਤਕ, ਹਿਸਾਰ, ਗੁੜਗਾਓ, ਕਾਂਗੜਾ ਅਤੇ ਸ਼ਿਮਲਾ ਭਾਰਤ ਵਿੱਚ ਰਹਿ ਗਏ। ਸਬ ਤਹਿਸੀਲ ਕਸੂਰ ਦੇ 186 ਪਿੰਡ, ਪੱਟੀ ਸਮੇਤ ਭਾਰਤ ਵਿੱਚ ਸ਼ਾਮਿਲ ਕਰ ਦਿੱਤੇ ਗਏ। ਪੂਰਬੀ ਪੰਜਾਬ ਦਾ ਸਮੁੱਚਾ ਖੇਤਰਫਲ 37,357 ਮੀਲ ਸੀ ਅਤੇ ਇਸ ਦੀ ਜਨਸੰਖਿਆ 127 ਲੱਖ ਸੀ। 1956 ਈ: ਤੱਕ ਪੂਰਬੀ ਪੰਜਾਬ ਵਿੱਚ ਜਿਲ੍ਹਿਆਂ ਦਾ ਕੋਈ ਨਵਨਿਰਮਾਣ ਨਾਂ ਹੋਇਆ ਅਤੇ 'ਪੂਰਬੀ' ਸ਼ਬਦ ਪੰਜਾਬ ਨਾਲੋਂ ਨਿਖੜ ਗਿਆ ਅਤੇ ਇਸ ਨੂੰ 'ਪੰਜਾਬ' ਦੇ ਨਾਮ ਨਾਲ ਜਾਣਿਆ ਜਾਣ ਲੱਗਾ।

Scanned by CamScanner

6.3 ਪੈਪਸੂ (ਪਟਿਆਲਾ ਅਤੇ ਪੂਰਬੀ ਪੰਜਾਬ ਪ੍ਰਦੇਸ਼ ਸਮੂਹ):

15 ਜੁਲਾਈ, 1948 ਨੂੰ ਉਸ ਸਮੇਂ ਦੇ ਗ੍ਰਹਿ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਨੇ ਪੂਰਬੀ ਪੰਜਾਬ ਦੇ 8 ਰਿਆਸਤੀ ਪ੍ਰਦੇਸ਼ - ਪਟਿਆਲਾ, ਨਾਭਾ, ਜੀਂਦ, ਫਰੀਦਕੋਟ, ਕਪੂਰਥਲਾ, ਕਲਸੀਆ, ਨਾਲਾਗੜ੍ਹ ਅਤੇ ਮਲੇਰਕੋਟਲਾ ਨੂੰ ਮਿਲਾ ਕੇ ਪਟਿਆਲਾ ਅਤੇ ਪੂਰਬੀ ਪੰਜਾਬ ਪ੍ਰਦੇਸ਼ ਸਮੂਹ (ਪੈਪਸੂ) ਦਾ ਉਦਘਾਟਨ ਕੀਤਾ। 20 ਅਗਸਤ, 1948 ਨੂੰ ਮੂਲ ਰੂਪ ਵਿੱਚ ਪੈਪਸੂ ਸਰਕਾਰ ਦਾ ਕਾਰਜਕਾਲ ਆਰੰਭ ਹੋਇਆ, ਜਿਸ ਵਿੱਚ ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਗਵਰਨਰ ਅਤੇ ਸਰਦਾਰ ਗਿਆਨ ਸਿੰਘ ਰਾਰੇਵਾਲਾ ਨੂੰ ਮੁੱਖ ਮੰਤਰੀ ਦਾ ਅਹੁਦਾ ਦਿੱਤਾ ਗਿਆ। ਪਟਿਆਲਾ ਨੂੰ ਇਸ ਪ੍ਰਦੇਸ਼ ਸਮੂਹ ਦੀ ਰਾਜਧਾਨੀ ਬਣਾਇਆ ਗਿਆ। ਰਿਆਸਤੀ ਸ਼ਹਿਰਾਂ ਦੇ ਸਮੂਹ ਭਾਗ-2 ਦੇ ਸ਼੍ਰੇਣੀ ਵਿੱਚ ਪੈਪਸੂ ਸਭ ਤੋਂ ਛੋਟਾ ਸੀ।

29 ਦਸੰਬਰ, 1953 ਈ: ਨੂੰ ਭਾਰਤ ਸਰਕਾਰ ਦੁਆਰਾ ਸਥਾਪਿਤ ਪ੍ਰਦੇਸ਼ ਪੁਨਰ ਨਿਰਮਾਣ ਕਮਿਸ਼ਨ ਨੇ 1955 ਈ: ਵਿੱਚ ਇੱਕ ਰਿਪੋਰਟ ਪੇਸ਼ ਕੀਤੀ ਜਿਸ ਤਹਿਤ ਪੈਪਸੂ ਨੂੰ ਪੰਜਾਬ ਵਿੱਚ ਮਿਲਾਉਣ ਦੀ ਸਿਫ਼ਾਰਿਸ ਕੀਤੀ ਗਈ। ਸਰਕਾਰ ਨੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮੰਨਦੇ ਹੋਏ 1 ਨਵੰਬਰ, 1956 ਈ: ਨੂੰ ਪੈਪਸੂ ਨੂੰ ਪੰਜਾਬ ਵਿੱਚ ਮਿਲਾ ਦਿੱਤਾ। ਇਸ ਮੇਲ ਕਾਰਨ ਵੰਡ ਵੇਲੇ ਪਾਕਿਸਤਾਨ ਵਿੱਚ ਚਲੇ ਗਏ 17 ਜ਼ਿਲ੍ਹਿਆਂ ਦੀ ਘਾਟ ਨੂੰ, ਪੰਜਾਬ ਕੁੱਝ ਹੱਦ ਤੱਕ ਪੂਰ ਸਕਿਆ।

> **ਕੀ ਤੁਸੀ ਜਾਣਦੇ ਹੋ**
>
> *ਸਮੂਹ ਦੇ ਅੱਠ ਰਿਆਸਤੀ ਰਾਜਾਂ ਵਿੱਚ ਨਾਲਾਗੜ੍ਹ ਦਾ ਰਾਜਪੂਤ ਰਾਜ ਸਭ ਤੋਂ ਪ੍ਰਾਚੀਨ ਸੀ ਜਿਸ ਦੀ ਨੀਂਹ ਲੱਗਭਗ 1100 ਏ.ਡੀ ਵਿੱਚ ਰੱਖੀ ਗਈ ਸੀ। ਮਲੇਰਕੋਟਲਾ ਦੀ ਮੁਸਲਿਮ ਰਿਆਸਤ ਪੰਦਰਵੀਂ ਸਦੀ ਦੇ ਮੱਧ ਵਿਚ ਹੋਂਦ ਵਿੱਚ ਆਈ। ਸਿੱਖ ਰਿਆਸਤਾਂ ਜਿਵੇਂ ਕਿ ਪਟਿਆਲਾ, ਜੀਂਦ, ਨਾਭਾ, ਕਪੂਰਥਲਾ, ਫਰੀਦਕੋਟ ਅਤੇ ਕਲਸੀਆਂ ਅਠਾਰਵੀਂ ਸਦੀ ਦੇ ਮੱਧ ਵਿੱਚ ਬਣੀਆਂ।*

1966 ਈ: ਵਿੱਚ ਪੰਜਾਬ ਦੇ ਪੁਨਰ ਨਿਰਮਾਣ ਦੌਰਾਨ ਜਿਲ੍ਹੇ ਦੀਆਂ ਸੀਮਾਵਾਂ ਵਿੱਚ ਵੀ ਰੱਦੋਬਦਲ ਹੋਈ। ਜੀਂਦ ਅਤੇ ਨਿਰਵਾਣਾ ਤਹਿਸੀਲਾਂ, ਨਵੇਂ ਬਣਾਏ ਹਰਿਆਣਾ ਪ੍ਰਦੇਸ਼ ਨੂੰ ਦੇ ਦਿੱਤੀਆਂ ਗਈਆਂ।

6.4 ਪੰਜਾਬੀ ਸੂਬਾ ਲਹਿਰ:

ਪੰਜਾਬੀ ਸੂਬਾ ਲਹਿਰ ਭਾਸ਼ਾਈ ਆਧਾਰ 'ਤੇ ਪੰਜਾਬ ਦੇ ਪੁਨਰ ਉਥਾਨ ਨੂੰ ਲੈ ਕੇ ਸਿੱਖਾਂ ਵੱਲੋਂ ਚਲਾਈ ਗਈ। ਭਾਰਤ ਸਰਕਾਰ ਦੀ ਪੰਜਾਬੀ ਭਾਸ਼ਾ ਦੇ ਆਧਾਰ ਤੇ ਵੱਖਰਾ ਪੰਜਾਬੀ ਸੂਬਾ ਬਣਾਉਣ ਵਿੱਚ ਕੋਈ ਦਿਲਚਸਪੀ ਨਹੀਂ ਸੀ ਕਿਉਂਕਿ ਇਸ ਦਾ ਅਸਿੱਧੇ ਰੂਪ ਵਿੱਚ ਮਤਲਬ, ਧਰਮ ਦੇ ਆਧਾਰ ਤੇ ਪ੍ਰਦੇਸ਼ ਦੀ ਵੰਡ ਸੀ। ਭਾਸ਼ਾ ਦੇ ਆਧਾਰ ਤੇ ਬਣੇ, ਨਵੇਂ ਪੰਜਾਬੀ ਸੂਬੇ ਵਿੱਚ ਸਿੱਖਾਂ ਦੀ 60% ਜਨਸੰਖਿਆ ਰਹਿੰਦੀ ਸੀ ਜੋ ਕਿ ਮੂਲ ਰੂਪ ਵਿੱਚ ਦੂਜੇ ਧਰਮਾਂ ਜਾਂ ਨਸਲਾ ਨਾਲੋਂ ਵੱਧ ਸੀ। ਧਰਮ ਦੇ ਆਧਾਰ ਤੇ 1947 ਈ: ਵਿੱਚ ਹੋਈ ਭਾਰਤ ਦੀ ਵੰਡ ਤੋਂ ਡਰੇ ਪੰਜਾਬੀ ਹਿੰਦੂਆਂ ਲਈ ਬਹੁਗਿਣਤੀ ਸਿੱਖ ਪ੍ਰਦੇਸ਼ ਵਿੱਚ ਰਹਿਣਾ ਵੀ ਚਿੰਤਾ ਦਾ ਵਿਸ਼ਾ ਬਣ ਗਿਆ ਸੀ। ਹਿੰਦੂ ਅਖ਼ਬਾਰ ਨੇ ਵੀ ਪੰਜਾਬੀ ਹਿੰਦੂਆਂ ਨੂੰ 'ਹਿੰਦੀ' ਮਾਤ ਭਾਸ਼ਾ ਐਲਾਨਣ ਲਈ ਉਤਸ਼ਾਹਿਤ ਕੀਤਾ ਤਾਂ ਜੋ ਪੰਜਾਬੀ ਸੂਬੇ ਦੇ ਸਮਰਥਕਾਂ ਨੂੰ ਭਾਸ਼ਾ ਦੇ ਆਧਾਰ ਤੇ ਨਵਾਂ ਸੂਬਾ ਬਣਾਉਣ ਦੀ ਮੰਗ ਉਠਾਉਣ ਤੋਂ ਰੋਕਿਆ ਜਾ ਸਕੇ। ਇਸੇ ਕਾਰਨ ਬਾਅਦ ਵਿੱਚ ਪੰਜਾਬ ਦੇ ਹਿੰਦੂ ਅਤੇ ਸਿੱਖਾਂ ਵਿੱਚ ਦਰਾੜ ਪੈ ਗਈ। 1953 ਵਿੱਚ ਨਵਾਂ ਪੰਜਾਬੀ ਸੂਬਾ ਬਣਾਉਣ ਸੰਬੰਧੀ ਕੇਸ ਪ੍ਰਦੇਸ਼ ਪੁਨਰ-ਨਿਰਮਾਣ ਕਮਿਸ਼ਨ ਨੂੰ ਸੌਂਪ ਦਿੱਤਾ ਗਿਆ। ਪ੍ਰਦੇਸ਼ ਪੁਨਰ ਨਿਰਮਾਣ ਕਮਿਸ਼ਨ ਨੇ ਵਰਣ ਬੋਧ ਆਧਾਰ ਤੇ ਪੰਜਾਬੀ ਨੂੰ ਹਿੰਦੀ ਤੋਂ ਜ਼ਿਆਦਾ ਵੱਖਰਾ ਨਾ ਮੰਨਦੇ ਹੋਏ, ਭਾਸ਼ਾ ਦੇ ਆਧਾਰ ਤੇ ਪੰਜਾਬੀ ਸੂਬਾ ਬਣਾਉਣ ਦੀ ਮੰਗ ਠੁਕਰਾ ਦਿੱਤੀ।

ਪੈਪਸੂ ਦੇ ਪੰਜਾਬ ਵਿੱਚ ਮਿਲਣ ਤੋਂ ਬਾਅਦ ਵੀ ਅਕਾਲੀ ਲੀਡਰ, ਪੰਜਾਬੀ ਸੂਬਾ ਬਣਾਉਣ ਦੀ ਮੰਗ ਤੇ ਡਟੇ ਰਹੇ। ਇਸ

Scanned by CamScanner

ਪਾਠ 6

ਪ੍ਰਦੇਸ਼ ਦਾ ਨਿਰਮਾਣ

6.1 ਭੂਮਿਕਾ:

ਫਰਵਰੀ, 1947 ਵਿੱਚ ਇੰਗਲੈਂਡ ਦੇ ਪ੍ਰਧਾਨ ਮੰਤਰੀ, ਸ੍ਰੀਮਾਨ ਕਲੀਮੈਂਟ ਐਟਲੀ ਨੇ ਪ੍ਰਸ਼ਾਸਨ ਦੀ ਸੱਤਾ ਭਾਰਤੀ ਹੱਥਾਂ ਵਿੱਚ ਦੇਣ ਦੀ ਇੱਛਾ ਪ੍ਰਗਟਾਈ। ਇਸੇ ਮੰਤਵ ਦੇ ਮੱਦੇਨਜ਼ਰ ਲਾਰਡ ਮਾਊਂਟਬੈਟਨ ਨੂੰ ਭਾਰਤ ਵਿੱਚ ਵਾਇਸਰਾਏ ਦੇ ਰੂਪ ਵਿੱਚ ਭੇਜਿਆ ਗਿਆ। ਰਾਜਨੀਤਿਕ ਸਥਿਤੀ ਹੋਰ ਤਣਾਅ ਭਰੀ ਹੁੰਦੀ ਗਈ। ਪੰਜਾਬ ਅਤੇ ਬੰਗਾਲ ਦੀ ਵੰਡ ਵਿਰੁੱਧ ਰੋਸਭਰੀ ਹੜਤਾਲ ਕੀਤੀ ਗਈ। ਮੁਸਲਿਮ ਭਾਈਚਾਰੇ ਵਲੋਂ ਵਿੱਢੇ 'ਡਾਇਰੈਕਟ ਐਕਸ਼ਨ' ਨੇ ਕਲਕੱਤਾ, ਬਿਹਾਰ, ਮੁੰਬਈ ਅਤੇ ਪੰਜਾਬ ਵਿੱਚ ਭਿਆਨਕ ਦੰਗਿਆਂ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ। ਲੁੱਟ-ਖਸੁੱਟ ਦੀਆਂ ਵਾਰਦਾਤਾਂ ਵੀ ਦਿਨ ਪ੍ਰਤੀ ਦਿਨ ਵਧਦੀਆਂ ਰਹੀਆਂ। ਮੁਸਲਿਮ ਲੀਗ ਦੇ ਦਬਾਅ ਹੇਠ ਮਾਰਚ, 1947 ਵਿੱਚ ਮਲਿਕ ਖਿਜਰ ਹਯਾਤ ਖਾਨ ਹੇਠ ਪੰਜਾਬ ਵਿੱਚ ਮਿਲੀ ਜੁਲੀ ਸਰਕਾਰ ਕਾਰਜਕਾਰੀ ਸਰਕਾਰ ਨੇ ਅਸਤੀਫਾ ਦੇ ਦਿੱਤਾ। ਸਰਵ ਭਾਰਤੀ ਕਾਂਗਰਸ ਕਮੇਟੀ ਅਤੇ ਮੁਸਲਿਮ ਲੀਗ ਦੋਹਾਂ ਨੇ ਹੀ ਪੰਜਾਬ ਦੀ ਵੰਡ ਦਾ ਪ੍ਰਸਤਾਵ ਸਵੀਕਾਰ ਕਰ ਲਿਆ। ਪੂਰਬੀ ਅਤੇ ਪੱਛਮੀ ਪੰਜਾਬ ਦੀਆਂ ਸੀਮਾਵਾਂ ਨਿਰਧਾਰਿਤ ਕਰਨ ਲਈ ਬਾਊਂਡਰੀ ਕਮਿਸ਼ਨ ਹੋਂਦ ਵਿੱਚ ਆਇਆ।

6.2 ਪੰਜਾਬ ਬਾਊਂਡਰੀ ਕਮਿਸ਼ਨ:

20 ਜੂਨ, 1947 ਨੂੰ ਗਵਰਨਰ ਜਨਰਲ ਦੇ ਐਲਾਨ ਮਗਰੋਂ ਇਸ ਕਮਿਸ਼ਨ ਦੀ ਸਥਾਪਨਾ ਕੀਤੀ ਗਈ। ਸਰ ਸੀਰਿਲ ਰੈਡ ਕਲਿਫ ਨੂੰ ਕਮਿਸ਼ਨ ਦਾ ਚੇਅਰਮੈਨ ਥਾਪਿਆ ਗਿਆ। ਕਮਿਸ਼ਨ ਦੇ ਚਾਰ ਹੋਰ ਮੈਂਬਰ ਸਨ – ਜਸਟਿਸ ਦੀਨ ਮੁਹੰਮਦ, ਜਸਟਿਸ ਮੁਹੰਮਦ ਮੁਨੀਰ, ਜਸਟਿਸ ਮੇਹਰ ਚੰਦ ਮਹਾਜਨ ਅਤੇ ਜਸਟਿਸ ਤੇਜਾ ਸਿੰਘ। ਇਸ ਕਮਿਸ਼ਨ ਦਾ ਉਦੇਸ਼ ਮੁਸਲਿਮ ਅਤੇ ਗੈਰ ਮੁਸਲਿਮ ਖੇਤਰਾਂ ਦੇ ਆਧਾਰ ਤੇ ਪੰਜਾਬ ਦੀ ਵੰਡ ਲਈ ਸੀਮਾਵਾਂ ਨਿਰਧਾਰਤ ਕਰਨਾ ਸੀ। 16 ਅਗਸਤ, 1947 ਨੂੰ ਘੋਸ਼ਿਤ ਕੀਤੇ ਪੰਜਾਬ ਬਾਊਂਡਰੀ ਐਵਾਰਡ (ਰੈਡ ਕਲਿਫ ਐਵਾਰਡ) ਨੇ ਨਸਲੀ ਦੰਗਿਆ ਕਾਰਨ ਹੋ ਰਹੇ ਜਨਸੰਖਿਆ ਪਰਵਾਸ ਨੂੰ ਹੋਰ ਵੀ ਵਧਾ ਦਿੱਤਾ।

ਪੂਰਬੀ ਪੰਜਾਬ ਵਿੱਚ ਜਲੰਧਰ ਅਤੇ ਅੰਬਾਲਾ ਡਿਵੀਜਨਾਂ ਜਿੰਨ੍ਹਾਂ ਤਹਿਤ 13 ਜਿਲ੍ਹੇ ਸੰਯੁਕਤ ਪੰਜਾਬ ਦੇ 29 ਜ਼ਿਲ੍ਹਿਆਂ ਵਿੱਚੋਂ – ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ, ਫਿਰੋਜ਼ਪੁਰ, ਅੰਬਾਲਾ, ਕਰਨਾਲ, ਰੋਹਤਕ, ਹਿਸਾਰ, ਗੁੜਗਾਓ, ਕਾਂਗੜਾ ਅਤੇ ਸ਼ਿਮਲਾ ਭਾਰਤ ਵਿੱਚ ਰਹਿ ਗਏ। ਸਬ ਤਹਿਸੀਲ ਕਸੂਰ ਦੇ 186 ਪਿੰਡ, ਪੱਟੀ ਸਮੇਤ ਭਾਰਤ ਵਿੱਚ ਸ਼ਾਮਿਲ ਕਰ ਦਿੱਤੇ ਗਏ। ਪੂਰਬੀ ਪੰਜਾਬ ਦਾ ਸਮੁੱਚਾ ਖੇਤਰਫਲ 37,357 ਮੀਲ ਸੀ ਅਤੇ ਇਸ ਦੀ ਜਨਸੰਖਿਆ 127 ਲੱਖ ਸੀ। 1956 ਈ: ਤੱਕ ਪੂਰਬੀ ਪੰਜਾਬ ਵਿੱਚ ਜਿਲ੍ਹਿਆਂ ਦਾ ਕੋਈ ਨਵਨਿਰਮਾਣ ਨਾਂ ਹੋਇਆ ਅਤੇ 'ਪੂਰਬੀ' ਸ਼ਬਦ ਪੰਜਾਬ ਨਾਲੋਂ ਨਿਖੜ ਗਿਆ ਅਤੇ ਇਸ ਨੂੰ 'ਪੰਜਾਬ' ਦੇ ਨਾਮ ਨਾਲ ਜਾਣਿਆ ਜਾਣ ਲੱਗਾ।

Scanned with CamScanner

6.3 ਪੈਪਸੂ (ਪਟਿਆਲਾ ਅਤੇ ਪੂਰਬੀ ਪੰਜਾਬ ਪ੍ਰਦੇਸ਼ ਸਮੂਹ):

15 ਜੁਲਾਈ, 1948 ਨੂੰ ਉਸ ਸਮੇਂ ਦੇ ਗ੃ਹਿ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਨੇ ਪੂਰਬੀ ਪੰਜਾਬ ਦੇ 8 ਰਿਆਸਤੀ ਪ੍ਰਦੇਸ਼ – ਪਟਿਆਲਾ, ਨਾਭਾ, ਜੀਂਦ, ਫਰੀਦਕੋਟ, ਕਪੂਰਥਲਾ, ਕਲਸੀਆ, ਨਾਲਾਗੜ੍ਹ ਅਤੇ ਮਲੇਰਕੋਟਲਾ ਨੂੰ ਮਿਲਾ ਕੇ ਪਟਿਆਲਾ ਅਤੇ ਪੂਰਬੀ ਪੰਜਾਬ ਪ੍ਰਦੇਸ਼ ਸਮੂਹ (ਪੈਪਸੂ) ਦਾ ਉਦਘਾਟਨ ਕੀਤਾ। 20 ਅਗਸਤ, 1948 ਨੂੰ ਮੂਲ ਰੂਪ ਵਿੱਚ ਪੈਪਸੂ ਸਰਕਾਰ ਦਾ ਕਾਰਜਕਾਲ ਆਰੰਭ ਹੋਇਆ, ਜਿਸ ਵਿੱਚ ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਰਾਜਪ੍ਰਮੁਖ ਅਤੇ ਸਰਦਾਰ ਗਿਆਨ ਸਿੰਘ ਰਾਰੇਵਾਲਾ ਨੂੰ ਮੁੱਖ ਮੰਤਰੀ ਦਾ ਅਹੁਦਾ ਦਿੱਤਾ ਗਿਆ। ਪਟਿਆਲਾ ਨੂੰ ਇਸ ਪ੍ਰਦੇਸ਼ ਸਮੂਹ ਦੀ ਰਾਜਧਾਨੀ ਬਣਾਇਆ ਗਿਆ। ਰਿਆਸਤੀ ਸ਼ਹਿਰਾਂ ਦੇ ਸਮੂਹ ਭਾਗ-2 ਦੇ ਸ੍ਰੇਣੀ ਵਿੱਚ ਪੈਪਸੂ ਸਭ ਤੋਂ ਛੋਟਾ ਸੀ।

29 ਦਸੰਬਰ, 1953 ਈ: ਨੂੰ ਭਾਰਤ ਸਰਕਾਰ ਦੁਆਰਾ ਸਥਾਪਿਤ ਪ੍ਰਦੇਸ਼ ਪੁਨਰ ਨਿਰਮਾਣ ਕਮਿਸ਼ਨ ਨੇ 1955 ਈ: ਵਿੱਚ ਇੱਕ ਰਿਪੋਰਟ ਪੇਸ਼ ਕੀਤੀ ਜਿਸ ਤਹਿਤ ਪੈਪਸੂ ਨੂੰ ਪੰਜਾਬ ਵਿੱਚ ਮਿਲਾਉਣ ਦੀ ਸਿਫ਼ਾਰਿਸ ਕੀਤੀ ਗਈ। ਸਰਕਾਰ ਨੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮੰਨਦੇ ਹੋਏ । ਨਵੰਬਰ, 1956 ਈ: ਨੂੰ ਪੈਪਸੂ ਨੂੰ ਪੰਜਾਬ ਵਿੱਚ ਮਿਲਾ ਦਿੱਤਾ। ਇਸ ਮੇਲ ਕਾਰਨ ਵੰਡ ਵੇਲੇ ਪਾਕਿਸਤਾਨ ਵਿੱਚ ਚਲੇ ਗਏ 17 ਜ਼ਿਲ੍ਹਿਆਂ ਦੀ ਘਾਟ ਨੂੰ, ਪੰਜਾਬ ਕੁੱਝ ਹੱਦ ਤੱਕ ਪੂਰ ਸਕਿਆ।

> **ਕੀ ਤੁਸੀਂ ਜਾਣਦੇ ਹੋ**
>
> ਸਮੂਹ ਦੇ ਅੱਠ ਰਿਆਸਤੀ ਰਾਜਾਂ ਵਿੱਚ ਨਾਲਾਗੜ੍ਹ ਦਾ ਰਾਜਪੂਤ ਰਾਜ ਸਭ ਤੋਂ ਪੁਰਾਤਨ ਸੀ ਜਿਸ ਦੀ ਨੀਂਹ ਲਗਭਗ 1100 ਈ.ਵੀ ਵਿੱਚ ਰੱਖੀ ਗਈ ਸੀ। ਮਲੇਰਕੋਟਲਾ ਦੀ ਮੁਸਲਿਮ ਰਿਆਸਤ ਪੰਦਰਵੀਂ ਸਦੀ ਦੇ ਮੱਧ ਵਿਚ ਹੋਂਦ ਵਿਚ ਆਈ। ਸਿੱਖ ਰਿਆਸਤਾਂ ਜਿਵੇਂ ਕਿ ਪਟਿਆਲਾ, ਜੀਂਦ, ਨਾਭਾ, ਕਪੂਰਥਲਾ, ਫਰੀਦਕੋਟ ਅਤੇ ਕਲਸੀਆਂ ਅਠਾਰਵੀਂ ਸਦੀ ਦੇ ਮੱਧ ਵਿੱਚ ਬਣੀਆਂ।

1966 ਈ: ਵਿੱਚ ਪੰਜਾਬ ਦੇ ਪੁਨਰ ਨਿਰਮਾਣ ਦੌਰਾਨ ਜਿਲ੍ਹੇ ਦੀਆਂ ਸੀਮਾਵਾਂ ਵਿੱਚ ਵੀ ਰੱਦੋਬਦਲ ਹੋਈ। ਜੀਂਦ ਅਤੇ ਨਿਰਵਾਣਾ ਤਹਿਸੀਲਾਂ, ਨਵੇਂ ਬਣਾਏ ਹਰਿਆਣਾ ਪ੍ਰਦੇਸ਼ ਨੂੰ ਦੇ ਦਿੱਤੀਆਂ ਗਈਆਂ।

6.4 ਪੰਜਾਬੀ ਸੂਬਾ ਲਹਿਰ:

ਪੰਜਾਬੀ ਸੂਬਾ ਲਹਿਰ ਭਾਸ਼ਾਈ ਆਧਾਰ 'ਤੇ ਪੰਜਾਬ ਦੇ ਪੁਨਰ ਉਥਾਨ ਨੂੰ ਲੈ ਕੇ ਸਿੱਖਾਂ ਵੱਲੋਂ ਚਲਾਈ ਗਈ। ਭਾਰਤ ਸਰਕਾਰ ਦੀ ਪੰਜਾਬੀ ਭਾਸ਼ਾ ਦੇ ਆਧਾਰ ਤੇ ਵੱਖਰਾ ਪੰਜਾਬੀ ਸੂਬਾ ਬਣਾਉਣ ਵਿੱਚ ਕੋਈ ਦਿਲਚਸਪੀ ਨਹੀਂ ਸੀ ਕਿਉਂਕਿ ਇਸ ਦਾ ਅਸਿੱਧੇ ਰੂਪ ਵਿੱਚ ਮਤਲਬ, ਧਰਮ ਦੇ ਆਧਾਰ ਤੇ ਪ੍ਰਦੇਸ਼ ਦੀ ਵੰਡ ਸੀ। ਭਾਸ਼ਾ ਦੇ ਆਧਾਰ ਤੇ ਬਣੇ, ਨਵੇਂ ਪੰਜਾਬੀ ਸੂਬੇ ਵਿੱਚ ਸਿੱਖਾਂ ਦੀ 60% ਜਨਸੰਖਿਆ ਰਹਿੰਦੀ ਸੀ ਜੋ ਕਿ ਮੂਲ ਰੂਪ ਵਿੱਚ ਦੂਜੇ ਧਰਮਾਂ ਜਾਂ ਨਸਲਾ ਨਾਲੋਂ ਵੱਧ ਸੀ। ਧਰਮ ਦੇ ਆਧਾਰ ਤੇ 1947 ਈ: ਵਿੱਚ ਹੋਈ ਭਾਰਤ ਦੀ ਵੰਡ ਤੋਂ ਡਰੇ ਪੰਜਾਬੀ ਹਿੰਦੂਆਂ ਲਈ ਬਹੁਗਿਣਤੀ ਸਿੱਖ ਪ੍ਰਦੇਸ਼ ਵਿੱਚ ਰਹਿਣਾ ਵੀ ਚਿੰਤਾ ਦਾ ਵਿਸ਼ਾ ਬਣ ਗਿਆ ਸੀ। ਹਿੰਦੂ ਅਖ਼ਬਾਰ ਨੇ ਵੀ ਪੰਜਾਬੀ ਹਿੰਦੂਆਂ ਨੂੰ 'ਹਿੰਦੀ' ਮਾਤ ਭਾਸ਼ਾ ਐਲਾਨਣ ਲਈ ਉਤਸ਼ਾਹਿਤ ਕੀਤਾ ਤਾਂ ਜੋ ਪੰਜਾਬੀ ਸੂਬੇ ਦੇ ਸਮਰਥਕਾਂ ਨੂੰ ਭਾਸ਼ਾ ਦੇ ਆਧਾਰ ਤੇ ਨਵਾਂ ਸੂਬਾ ਬਣਾਉਣ ਦੀ ਮੰਗ ਉਠਾਉਣ ਤੋਂ ਰੋਕਿਆ ਜਾ ਸਕੇ। ਇਸੇ ਕਾਰਨ ਬਾਅਦ ਵਿੱਚ ਪੰਜਾਬ ਦੇ ਹਿੰਦੂ ਅਤੇ ਸਿੱਖਾਂ ਵਿੱਚ ਦਰਾੜ ਪੈ ਗਈ। 1953 ਵਿੱਚ ਨਵਾਂ ਪੰਜਾਬੀ ਸੂਬਾ ਬਣਾਉਣ ਸੰਬੰਧੀ ਕੇਸ ਪ੍ਰਦੇਸ਼ ਪੁਨਰ-ਨਿਰਮਾਣ ਕਮਿਸ਼ਨ ਨੂੰ ਸੌਂਪ ਦਿੱਤਾ ਗਿਆ। ਪ੍ਰਦੇਸ਼ ਪੁਨਰ ਨਿਰਮਾਣ ਕਮਿਸ਼ਨ ਨੇ ਵਰਣ ਬੋਧ ਆਧਾਰ ਤੇ ਪੰਜਾਬੀ ਨੂੰ ਹਿੰਦੀ ਤੋਂ ਜ਼ਿਆਦਾ ਵੱਖਰਾ ਨਾ ਮੰਨਦੇ ਹੋਏ, ਭਾਸ਼ਾ ਦੇ ਆਧਾਰ ਤੇ ਪੰਜਾਬੀ ਸੂਬਾ ਬਣਾਉਣ ਦੀ ਮੰਗ ਠੁਕਰਾ ਦਿੱਤੀ।

ਪੈਪਸੂ ਦੇ ਪੰਜਾਬ ਵਿੱਚ ਮਿਲਣ ਤੋਂ ਬਾਅਦ ਵੀ ਅਕਾਲੀ ਲੀਡਰ, ਪੰਜਾਬੀ ਸੂਬਾ ਬਣਾਉਣ ਦੀ ਮੰਗ ਤੇ ਡਟੇ ਰਹੇ। ਇਸ

Scanned with CamScanner

ਮੰਤਵ ਲਈ ਸਿੱਖਾਂ ਨੂੰ ਇੱਕਮੁਠ ਕਰਨ ਲਈ ਅਕਾਲ ਤਖ਼ਤ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਇਸ ਲਹਿਰ ਦੌਰਾਨ ਹਜਾਰਾਂ ਹੀ ਸਿੱਖਾਂ ਨੂੰ ਫੌਜਦਾਰੀ ਅਤੇ ਜਾਤਮਾਰੀ ਪ੍ਰਚਲਨਾਂ ਕਾਰਨ ਗ੍ਰਿਫਤਾਰ ਕਰ ਲਿਆ ਗਿਆ।

ਮਾਸਟਰ ਤਾਰਾ ਸਿੰਘ ਅਤੇ ਸੰਤ ਫਤੇਹ ਸਿੰਘ ਦੁਆਰਾ ਪ੍ਰਮੁੱਖ ਨੇਤਾਵਾਂ ਵਿੱਚੋਂ ਸਨ ਜਿਨ੍ਹਾਂ ਨੇ ਲੋਕ ਸਮੂਹਾਂ ਨੂੰ ਸੰਗਠਿਤ ਕੀਤਾ ਅਤੇ ਉਚਿਤ ਅਗਵਾਈ ਦਿੱਤੀ। ਵੱਡੀ ਗਿਣਤੀ ਵਿੱਚ ਜਾਤਮਾਰੀ ਰੋਸ ਪ੍ਰਦਰਸ਼ਨ ਕੀਤੇ ਗਏ। ਸਿੱਖਾਂ ਦੀ ਇਸੀ ਇੱਛਾ ਅਤੇ ਨੇਤਾਵਾਂ ਦੇ ਸੰਘਰਸ਼ ਨਿਸਚੇ ਕਾਰਨ ਹੀ 1966 ਈ: ਵਿੱਚ ਸਰਕਾਰ ਨੂੰ ਪੰਜਾਬੀ ਸੂਬਾ ਬਣਾਉਣ ਦੀ ਮੰਗ ਮੰਨਣੀ ਪਈ।

6.5 ਪੰਜਾਬ ਸੀਮਾ ਕਮਿਸ਼ਨ 1966 (ਪੰਜਾਬ ਦਾ ਪੁਨਰ ਉਥਾਨ):

ਅਪ੍ਰੈਲ, 1966 ਈ: ਵਿੱਚ ਕਾਂਗ੍ਰੇਸ ਸਰਕਾਰ ਵੱਲੋਂ ਪੰਜਾਬੀ ਸੂਬਾ ਬਣਾਉਣ ਦੀ ਮੰਗ ਅੰਤਰਿਮ ਰੂਪ ਵਿੱਚ ਸਵੀਕਾਰ ਕਰ ਲਈ ਗਈ ਅਤੇ 3 ਮੈਂਬਰੀ ਪੰਜਾਬ ਸੀਮਾ ਕਮਿਸ਼ਨ ਸਥਾਪਿਤ ਕੀਤਾ ਗਿਆ। ਜਸਟਿਸ ਐਸ.ਸੀ. ਕਾਪੁਰ ਇਸ ਕਮਿਸ਼ਨ ਦੇ ਚੇਅਰਮੈਨ ਨਿਯੁਕਤ ਹੋਏ ਅਤੇ ਐਸ.ਦੱਤ ਅਤੇ ਐਸ.ਐਸ. ਢਿਲੋਂ ਨੂੰ ਮੈਂਬਰਾਂ ਵੰਨੋਂ ਸ਼ਾਮਿਲ ਕੀਤਾ ਗਿਆ। ਇਸ ਕਮਿਸ਼ਨ ਦਾ ਮੰਤਵ ਮੌਜੂਦਾ ਪੰਜਾਬ ਵਿੱਚ ਭਾਸ਼ਾਈ ਇਕਸੁਰਤਾ ਬਣਾਈ ਰੱਖਣ ਲਈ ਹਿੰਦੀ ਅਤੇ ਪੰਜਾਬੀ ਇਲਾਕਿਆਂ ਦੀਆਂ ਸੀਮਾਵਾਂ ਵਿੱਚ ਸੋਧ ਕਰਨੀ ਅਤੇ ਸਰੰਚਿਤ ਸਿਫਾਰਸ਼ਾਂ ਦੇਣਾ ਸੀ। ਨਾਲ ਹੀ ਮੌਜੂਦਾ ਪੰਜਾਬ ਦੇ ਹਿਮਾਚਲ ਨਾਲ ਲੱਗਦੇ ਪਹਾੜੀ ਖੇਤਰਾਂ ਜਿਨ੍ਹਾਂ ਦੀ ਇੱਕ ਵੱਖਰੀ ਸਭਿਆਚਾਰਕ ਅਤੇ ਭਾਸ਼ਾਈ ਪਹਿਚਾਣ ਹੈ, ਦੀਆਂ ਸੀਮਾਵਾਂ ਬਾਰੇ ਵੀ ਇਸ ਨਿਰਦੇਸ਼ ਦੇਣਾ ਸੀ।

ਇਸ ਚਾਰ ਕਮਿਸ਼ਨ ਦੇ ਇਸ ਸਿਫਾਰਸ਼ਾਂ ਦੇਨ, ਪੰਜਾਬ ਪੁਨਰਗਠਨ ਐਕਟ ਲਾਗੂ ਕਰ ਦਿੱਤਾ ਗਿਆ ਅਤੇ 1 ਨਵੰਬਰ, 1966 ਨੂੰ ਪੰਜਾਬ ਨੂੰ ਤਿੰਨ ਹਿੱਸਿਆਂ – ਪੰਜਾਬ, ਹਿਮਾਚਲ ਅਤੇ ਹਰਿਆਣਾ ਵਿੱਚ ਵੰਡ ਦਿੱਤਾ ਗਿਆ।

ਦੱਖਣੀ ਪੰਜਾਬ ਦੇ ਕੁਝ ਹਿੰਦੀ ਬੋਲਦੇ ਇਲਾਕੇ ਮਿਲਾਕੇ ਨਵਾਂ ਪ੍ਰਦੇਸ਼ ਹਰਿਆਣਾ ਬਣਾ ਦਿੱਤਾ ਗਿਆ। ਇਸੇ ਤਰ੍ਹਾਂ ਹੀ ਪਹਾੜੀ ਭਾਸ਼ਾ ਬੋਲਦੇ ਇਲਾਕਿਆਂ ਨੂੰ ਹਿਮਾਚਲ ਪ੍ਰਦੇਸ਼ (ਉਸ ਸਮੇਂ ਦਾ ਕੇਂਦਰ ਸ਼ਾਸਿਤ ਪ੍ਰਦੇਸ਼) ਵਿੱਚ ਮਿਲਾ ਦਿੱਤਾ ਗਿਆ। ਚੰਡੀਗੜ੍ਹ ਤੇ ਇਲਾਵਾ ਕਈ ਕਈ ਇਲਾਕੇ ਪੰਜਾਬ ਵਿੱਚ ਆ ਗਏ। 1966 ਈ: ਤੱਕ ਪੰਜਾਬ ਹਿੰਦੂ ਬਹੁਗਿਣਤੀ (63.7%) ਪ੍ਰਦੇਸ਼ ਸੀ। ਪਰ ਭਾਸ਼ਾਈ ਵੰਡ ਵੇਲੇ, ਹਿੰਦੂ ਬਹੁਗਿਣਤੀ ਜਿਲ੍ਹਿਆਂ ਨੂੰ ਪ੍ਰਾਂਤ ਨਾਲੋਂ ਵੱਖ ਕਰ ਦਿੱਤਾ ਗਿਆ। ਪੰਜਾਬ ਦੀ ਪੁਰਾਣੀ ਰਾਜਧਾਨੀ ਲਾਹੌਰ ਨੂੰ ਛਡ ਕੇ ਤੇ ਪੰਜਾਬ ਅਤੇ ਹਰਿਆਣਾ ਦੀ ਸਾਂਝੀ ਰਾਜਧਾਨੀ 'ਚੰਡੀਗੜ੍ਹ' ਬਣਾਈ ਗਈ ਅਤੇ ਚੰਡੀਗੜ੍ਹ ਨੂੰ ਇੱਕ ਵੱਖਰਾ ਕੇਂਦਰੀ ਸ਼ਾਸਿਤ ਪ੍ਰਦੇਸ਼ ਐਲਾਨਿਆ ਗਿਆ।

Scanned with CamScanner

ਪਾਠ 7

ਰਾਜਧਾਨੀ – ਚੰਡੀਗੜ੍ਹ

7.1 ਭੂਮਿਕਾ:

ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿੱਚ ਵਸਿਆ ਚੰਡੀਗੜ੍ਹ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਦਾ ਸੁਪਨਾ ਸ਼ਹਿਰ ਸੀ। ਫਰਾਂਸ ਦੇ ਆਰਕੀਟੈਕਟ ਲੀ ਕਾਰਬੂਜ਼ੀਅਰ ਨੇ ਇਸ ਦੀ ਰੂਪ ਰੇਖਾ ਤਿਆਰ ਕੀਤੀ। ਸ਼ਹਿਰੀ ਯੋਜਨਾਬੰਦੀ ਅਤੇ ਅਜੋਕੇ ਨਿਰਮਾਣ ਦਾ ਇਹ ਇੱਕ ਬਿਹਤਰੀਨ ਨਮੂਨਾ ਕਿਹਾ ਜਾ ਸਕਦਾ ਹੈ।

ਚੰਡੀਗੜ੍ਹ ਦਾ ਨਾਮ, ਇੱਥੇ ਨੇੜੇ ਹੀ ਸਥਿਤ 'ਚੰਡੀ ਮੰਦਿਰ' ਦੇ ਨਾਮ ਤੇ ਪਿਆ। ਦੇਵੀ 'ਚੰਡੀ' ਨੂੰ ਤਾਕਤ ਦੀ ਦੇਵੀ ਕਿਹਾ ਜਾਂਦਾ ਹੈ ਅਤੇ 'ਗੜ੍ਹ' ਸ਼ਬਦ ਦਾ ਅਰਥ ਹੈ ਕਿਲ੍ਹਾ ਜੋ ਚੰਡੀ ਮੰਦਰ ਨੇੜੇ ਸਥਿਤ ਹੈ। ਇਹਨਾਂ ਦੋਹਾਂ ਸ਼ਬਦਾਂ ਦੇ ਸੁਮੇਲ ਨਾਲ ਹੀ ਸ਼ਬਦ ਚੰਡੀਗੜ੍ਹ ਬਣਿਆ।

ਇਸ ਸ਼ਹਿਰ ਦਾ ਇੱਕ ਪੁਰਾਤਨ ਇਤਿਹਾਸ ਹੈ। ਉਹ ਪੱਧਰੀ ਜ਼ਮੀਨ ਜਿਸ ਥਾਂ ਅੱਜ ਚੰਡੀਗੜ੍ਹ ਵਸਿਆ ਹੈ, ਪੁਰਾਤਨ ਕਾਲ ਵਿੱਚ ਉਸੇ ਥਾਂ ਦਲਦਲ ਨਾਲ ਘਿਰੀ ਝੀਲ ਹੋਇਆ ਕਰਦੀ ਸੀ। ਇਸੇ ਥਾਂ ਤੋਂ ਕਈ ਕਿਸਮ ਦੇ ਜਲੀ ਅਤੇ ਥਲੀ ਜੀਵਾਂ ਦੇ ਲੱਭੇ ਅਵਸ਼ੇਸ਼ ਵੀ ਇਸੇ ਤੱਤ ਦੀ ਗਵਾਹੀ ਭਰਦੇ ਹਨ। ਕਰੀਬਨ 8000 ਸਾਲ ਪਹਿਲਾਂ ਇਸੇ ਥਾਂ ਤੇ ਹੜੱਪਾ ਸੱਭਿਅਤਾ ਦਾ ਵਸੇਬਾ ਸੀ।

ਪੁਰਾਤਨ ਤੋਂ ਅਜੋਕੇ ਸਮੇਂ ਵਿੱਚ ਵਿਚਰਦੇ, ਚੰਡੀਗੜ੍ਹ ਪਹਿਲਾਂ ਉਸ ਵੱਡੇ ਅਤੇ ਅਮੀਰ ਪੰਜਾਬ ਦਾ ਹਿੱਸਾ ਰਿਹਾ ਜਿਸ ਦੀ 1947 ਈ: ਵਿੱਚ ਪੂਰਬੀ ਅਤੇ ਪੱਛਮੀ ਪੰਜਾਬ ਵਿੱਚ ਵੰਡ ਕਰ ਦਿੱਤੀ ਗਈ। ਇਹ ਸ਼ਹਿਰ ਨਾ ਸਿਰਫ਼ ਪੂਰਬੀ ਪੰਜਾਬ ਦੀ ਰਾਜਧਾਨੀ ਰਿਹਾ ਸਗੋਂ ਪੱਛਮ ਤੋਂ ਉਜੜ ਕੇ ਆਏ ਹਜ਼ਾਰਾਂ ਰਫਿਊਜੀ ਪਰਿਵਾਰਾਂ ਦਾ ਆਸਰਾ ਵੀ ਬਣਿਆ।

7.2 ਰਾਜਧਾਨੀ:

ਮਾਰਚ 1948 ਈ: ਵਿੱਚ ਪੰਜਾਬ ਸਰਕਾਰ, ਨੇ ਭਾਰਤ ਸਰਕਾਰ ਦੀ ਸਲਾਹ ਨਾਲ ਸ਼ਿਵਾਲਿਕ ਦੇ ਪੈਰਾਂ ਵਿੱਚ ਵਸੇ ਇਸ ਖੇਤਰ ਨੂੰ ਨਵੀਂ ਰਾਜਧਾਨੀ ਬਣਾਉਣ ਦੀ ਸਹਿਮਤੀ ਦਿੱਤੀ। 1952 ਈ: ਵਿੱਚ ਸ਼ਹਿਰ ਦਾ ਨੀਂਹ ਪੱਥਰ ਰੱਖਿਆ ਗਿਆ। ਚੰਡੀਗੜ੍ਹ ਸੰਨ 1952 ਈ: ਤੋਂ 1966 ਈ: ਤੱਕ ਪੰਜਾਬ ਦੀ ਰਾਜਧਾਨੀ ਰਿਹਾ। ਇਸ ਸ਼ਹਿਰ ਦੇ ਨਾਗਰਿਕਾਂ ਦੀ ਸਟੇਟ ਲੈਜਿਸਲੇਟਿਵ ਅਸੈਂਬਲੀ ਵਿੱਚ ਸ਼ਮੂਲੀਅਤ ਵੀ ਰਹੀ ਅਤੇ ਲੋਕਲ ਪ੍ਰਸ਼ਾਸਨ ਦਾ ਕਾਰਜ ਚੀਫ਼ ਕਮਿਸ਼ਨਰ ਦੀ ਨਿਗਰਾਨੀ ਹੇਠ ਚਲਦਾ ਰਿਹਾ।

ਬਾਅਦ ਵਿੱਚ ਸ਼ਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤਹਿਤ, ਪੰਜਾਬ ਪੁਨਰ ਨਿਰਮਾਣ ਐਕਟ ਲਾਗੂ ਕਰ ਦਿੱਤਾ ਗਿਆ। ਜਿਸ ਦੇ ਅਧੀਨ 1 ਨਵੰਬਰ, 1966 ਈ: ਨੂੰ ਪੰਜਾਬ ਦੇ ਤਿੰਨ ਹਿੱਸੇ ਕਰ ਦਿੱਤੇ ਗਏ। ਨਤੀਜੇ ਦੇ ਤੌਰ ਤੇ ਹਰਿਆਣਾ ਅਤੇ ਹਿਮਾਚਲ ਨਵੇਂ ਪ੍ਰਾਂਤਾਂ ਦੇ ਰੂਪ ਵਿੱਚ ਸਾਹਮਣੇ ਆਏ। ਚੰਡੀਗੜ੍ਹ ਦੀ ਖਾਸੀਅਤ ਇਹੀ ਰਹੀ ਹੈ ਕਿ ਇਹ ਪੰਜਾਬ ਅਤੇ ਹਰਿਆਣਾ ਦੋਹਾਂ ਪ੍ਰਾਂਤਾਂ ਦੀ ਸਾਂਝੀ ਰਾਜਧਾਨੀ ਐਲਾਨੀ ਗਈ। ਇਸ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ਼ ਘੋਸ਼ਿਤ ਕੀਤਾ ਗਿਆ। ਜਿਸ ਦਾ ਸਿੱਧਾ

Scanned with CamScanner

ਕੰਟਰੋਲ ਕੇਂਦਰੀ ਸਰਕਾਰ ਕੋਲ ਸੀ। ਪੰਜਾਬ ਪੁਨਰ ਨਿਰਮਾਣ ਐਕਟ ਤਹਿਤ ਪੂਰਬ ਪੰਜਾਬ ਵਿੱਚ ਲਾਗੂ ਕਾਨੂੰਨ, ਚੰਡੀਗੜ੍ਹ ਕੇਂਦਰੀ ਸ਼ਾਸਿਤ ਪ੍ਰਦੇਸ਼ ਵਿੱਚ ਵੀ ਇੰਨ ਬਿੰਨ ਲਾਗੂ ਹੋਣਗੇ। 1 ਜੂਨ, 1984 ਤੱਕ ਚੰਡੀਗੜ੍ਹ ਵਿੱਚ ਰਾਜਪ੍ਰਬੰਧ ਚੀਫ਼ ਕਮਿਸ਼ਨਰ ਦੀ ਨਿਗਰਾਨੀ ਹੇਠ ਚਲਦਾ ਰਿਹਾ।

ਸਾਰਣੀ 7.1

ਚੰਡੀਗੜ੍ਹ ਦੇ ਚੀਫ ਕਮਿਸ਼ਨਰ

ਲੜੀ ਨੰ.	ਚੀਫ ਕਮਿਸ਼ਨਰ ਦਾ ਨਾਮ	ਕਦੋਂ ਤੋਂ	ਕਦੋਂ ਤੱਕ
1.	ਮਹਿੰਦਰ ਸਿੰਘ ਰੰਧਾਵਾ	01-11-1966	31-10-1968
2.	ਦਮੋਦਰ ਦਾਸ	31-10-1968	08-04-1969
3.	ਬੀ.ਪੀ. ਬਗੀਚੀ	08-04-1969	01-09-1972
4.	ਮੋਹਨ ਪ੍ਰਕਾਸ਼ ਮਾਥੁਰ	01-09-1972	01-12-1975
5.	ਜੀ.ਪੀ. ਗੁਪਤਾ	01-12-1975	15-06-1976
6.	ਟੀ.ਐਨ. ਚਤੁਰਵੇਦੀ	15-06-1976	15-06-1978
7.	ਜੇ.ਸੀ. ਅਗਰਵਾਲ	15-06-1978	19-07-1980
8.	ਬੀ.ਐਸ. ਸਰਾਓ	19-07-1980	08-03-1982
9.	ਕ੍ਰਿਸ਼ਨਾ ਬੈਨਰਜੀ	08-03-1982	01-06-1984

1 ਜੂਨ, 1984 ਨੂੰ ਪੰਜਾਬ ਦੇ ਗਵਰਨਰ ਨੇ ਸਿੱਧੇ ਰੂਪ ਵਿੱਚ ਇੱਥੋਂ ਦਾ ਰਾਜਪ੍ਰਬੰਧ ਸੰਭਾਲ ਲਿਆ ਅਤੇ ਉਦੋਂ ਤੋਂ ਹੁਣ ਤੱਕ ਚੰਡੀਗੜ੍ਹ ਦਾ ਸ਼ਾਸ਼ਨ ਪ੍ਰਬੰਧ ਗਵਰਨਰ ਦੀ ਦੇਖਰੇਖ ਵਿੱਚ ਹੀ ਹੁੰਦਾ ਹੈ।

ਸਾਰਣੀ 7.2

ਚੰਡੀਗੜ੍ਹ ਦਾ ਪ੍ਰਸ਼ਾਸਕ

ਲੜੀ ਨੰ:	ਪ੍ਰਸ਼ਾਸਕ ਦਾ ਨਾਮ	ਕਦੋਂ ਤੋਂ	ਕਦੋਂ ਤੱਕ
1.	ਭੈਰਵ ਦੱਤ ਪਾਂਡੇ	01-06-1984	02-07-1984
2.	ਕੇ.ਟੀ. ਸਤਰਵਾਲਾ	03-07-1984	14-03-1985
3.	ਅਰਜੁਨ ਸਿੰਘ	14-03-1985	14-11-1985
4.	ਐਸ.ਡੀ. ਸ਼ਰਮਾ	14-11-1985	02-04-1986
5.	ਐਸ.ਐਸ. ਰੇਅ	02-04-1986	08-12-1989
6.	ਐਨ.ਐਨ. ਮੁਖਰਜੀ	08-12-1989	14-06-1990
7.	ਵਰਿੰਦਰ ਵਰਮਾ	14-06-1990	17-12-1990
8.	ਜਨਰਲ (ਰਿਟਾ:) ਓ.ਪੀ. ਮਲਹੋਤਰਾ	17-12-1990	07-08-1991
9.	ਸੁਰੇਂਦਰ ਨਾਥ	07-08-1991	09-07-1994
10.	ਲੈਫਟੀਨੈਂਟ ਜਨਰਲ (ਰਿਟਾ:) ਬੀ.ਕੇ.ਐਨ ਛਿੱਬਰ	09-07-1994	27-11-1999
11.	ਲੈਫਟੀਨੈਂਟ ਜਨਰਲ (ਰਿਟਾ:) ਜੇ.ਐਫ. ਆਰ. ਜਕੌਬ	27-11-1999	08-05-2003
12.	ਜਸਟਿਸ ਓ.ਪੀ. ਵਰਮਾ	08-05-2003	15-11-2004
13.	ਜਨਰਲ (ਰਿਟਾ:) ਐਸ.ਐਫ. ਰੋਡਰਿਗਜ਼	15-11-2004	22-01-2010

Scanned with CamScanner

14.	ਸ਼ਿਵਰਾਜ ਪਾਟਿਲ	22-01-2010	22-01-2015
15.	ਕਪਤਾਨ ਸਿੰਘ ਸੋਲੰਕੀ	22-01-2015	22-08-2016
16.	ਵੀ.ਪੀ. ਸਿੰਘ ਬਦਨੋਰ	22-08-2016	ਹੁਣ ਤੱਕ

ਸਾਰਣੀ 7.3

ਆਮ ਜਾਣਕਾਰੀ

ਰਾਜਧਾਨੀ	ਪੰਜਾਬ ਅਤੇ ਹਰਿਆਣਾ
ਭੂਗੋਲਿਕ ਖੇਤਰ	114 ਵਰਗ ਕਿ.ਮੀ
ਗੁਆਂਢੀ ਰਾਜ	ਪੰਜਾਬ ਅਤੇ ਹਰਿਆਣਾ
ਵਿਸਤਾਰ	30°75' ਉੱਤਰ
ਲੰਬਕਾਰ	76°78' ਪੂਰਬ
ਉਚਾਈ	304-365 ਮੀਟਰ
ਜਿਲ੍ਹਿਆਂ ਦੀ ਗਿਣਤੀ	ਇੱਕ
ਕੁੱਲ ਆਬਾਦੀ	10.55 ਲੱਖ
ਪੁਰਸ਼ਾ ਦੀ ਆਬਾਦੀ	5.80 ਲੱਖ
ਇਸਤਰੀਆਂ ਦੀ ਆਬਾਦੀ	4.75 ਲੱਖ
ਸ਼ਹਿਰੀ ਆਬਾਦੀ	10.26 ਲੱਖ
ਪੇਂਡੂ ਆਬਾਦੀ	0.29 ਲੱਖ
ਘਣਤਾ	9258 ਵਿਅਕਤੀ ਪ੍ਰਤੀ ਵਰਗ ਕਿ.ਮੀ.
ਲਿੰਗ ਅਨੁਪਾਤ	818
ਬਾਲ ਲਿੰਗ ਅਨੁਪਾਤ	880
ਸਾਖ਼ਰਤਾ ਦਰ	86 %
ਪੁਰਸ਼ ਸਾਖਰਤਾ ਦਰ	90 %
ਇਸਤਰੀ ਸਾਖਰਤਾ ਦਰ	81.20 %
ਰੋਚਕ ਸਥਾਨ	ਸੁਖਨਾ ਝੀਲ (ਜੰਗਲੀ ਜੀਵ ਸੈਂਕਚੁਰੀ), ਰੋਕ ਗਾਰਡਨ, ਰੋਜ਼ ਗਾਰਡਨ ਅਤੇ ਲੇਜਰ ਘਾਟੀ
ਸੰਸਦ ਦੇ ਵਰਤਮਾਨ ਮੈਂਬਰ	ਕਿਰਨ ਖੇਰ (ਬੀ.ਜੇ.ਪੀ)

Scanned with CamScanner

ਪਾਠ 8

ਅਨੰਦਪੁਰ ਸਾਹਿਬ ਮਤਾ ਅਤੇ ਲੌਂਗੋਵਾਲ ਸਮਝੌਤਾ

8.1 ਅਨੰਦਪੁਰ ਸਾਹਿਬ ਮਤਾ:

1966 ਈ: ਵਿੱਚ ਪੰਜਾਬ ਨਵਨਿਰਮਾਣ ਐਕਟ ਦੇ ਅਮਲ ਅਧੀਨ ਪੰਜਾਬ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ। ਨਤੀਜੇ ਵੱਜੋਂ ਦੋ ਨਵੇਂ ਪ੍ਰਾਂਤ, ਹਰਿਆਣਾ ਅਤੇ ਹਿਮਾਚਲ ਹੋਂਦ ਵਿੱਚ ਆਏ ਅਤੇ ਪੰਜਾਬੀ ਸੂਬਾ ਲਹਿਰ ਮੱਧਮ ਪੈ ਗਈ। ਪਰ ਕੁਝ ਮੂਲ ਮੁੱਦੇ ਅਜੇ ਵੀ ਉਲਝੇ ਰਹਿ ਗਏ ਜਿਵੇਂ ਕਿ:

- ਚੰਡੀਗੜ੍ਹ ਕੇਂਦਰ ਸ਼ਾਸ਼ਿਤ ਪ੍ਰਦੇਸ਼ ਰਹਿਣ ਦੇ ਨਾਲ-ਨਾਲ ਪੰਜਾਬ ਅਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਰਿਹਾ।
- ਪੰਜਾਬ ਨਾਲ ਲੱਗਦੇ, ਪੰਜਾਬੀ ਬੋਲਦੇ ਖੇਤਰ ਹਾਲੀ ਵੀ ਹਰਿਆਣਾ ਅਤੇ ਹਿਮਾਚਲ ਦਾ ਭਾਗ ਰਹੇ।
- ਨਦੀਆਂ ਵਿਚਲੇ ਪਾਣੀ ਦੀ ਵੰਡ ਅਜੇ ਵੀ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਰਹੀ, ਅਤੇ ਸਤਲੁਜ, ਬਿਆਸ ਅਤੇ ਰਾਵੀ ਵਿਚਲਾ ਪਾਣੀ ਕੇਂਦਰ ਸਰਕਾਰ ਦੀ ਮਨਮਾਨੀ ਨਾਲ ਵੰਡਿਆ ਜਾਂਦਾ ਰਿਹਾ ਜ਼ੋ ਕਿ ਇੰਡਸ ਵਾਟਰ ਟਰੀਟੀ ਤਹਿਤ ਭਾਰਤ ਹਿੱਸੇ ਵਿੱਚ ਆਇਆ ਸੀ।

ਇਸੇ ਕਾਰਨ ਸ਼੍ਰੋਮਣੀ ਅਕਾਲੀ ਦਲ ਨੇ 12 ਮੈਂਬਰੀ ਕਮੇਟੀ ਦਾ ਗਠਨ ਕੀਤਾ। ਇਸ ਕਮੇਟੀ ਦੇ ਮੈਂਬਰ ਸਨ – ਸੁਰਜੀਤ ਸਿੰਘ ਬਰਨਾਲਾ, ਗੁਰਚਰਨ ਸਿੰਘ ਟੌਹੜਾ, ਜੀਵਨ ਸਿੰਘ ਉਮਰਾਨੰਗਲ, ਗੁਰਮੀਤ ਸਿੰਘ, ਡਾ. ਭਗਤ ਸਿੰਘ, ਬਲਵੰਤ ਸਿੰਘ, ਗਿਆਨ ਸਿੰਘ ਰਾਰੇਵਾਲਾ, ਅਮਰ ਸਿੰਘ ਅੰਬਾਲਵੀ, ਪ੍ਰੇਮ ਸਿੰਘ ਲਾਲਪੁਰਾ, ਜਸਵਿੰਦਰ ਸਿੰਘ ਬਰਾੜ, ਭਾਗ ਸਿੰਘ ਅਤੇ ਭਦਾਨੀ ਤੋਂ ਮੇਜਰ ਜਨਰਲ ਗੁਰਬਖਸ਼ ਸਿੰਘ ਸਨ। ਕਮੇਟੀ ਦਾ ਮੰਤਵ ਸਥਿਤੀ ਦਾ ਸਹੀ ਸਰਵੇਖਣ ਅਤੇ ਮਤੇ ਲਈ ਮੂਲ ਰੂਪ ਵਿੱਚ ਰੂਪ-ਰੇਖਾ ਤਿਆਰ ਕਰਨਾ ਸੀ। ਕਮੇਟੀ ਨੇ ਇੱਕ ਵਿਸਤ੍ਰਿਤ ਮੰਗ ਲੜੀ ਅਕਤੂਬਰ 16-17, 1973 ਨੂੰ ਪੇਸ਼ ਕੀਤੀ, ਜਿਸ ਨੂੰ 1973 ਦੇ ਅਨੰਦਪੁਰ ਸਾਹਿਬ ਮਤਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਅਨੰਦਪੁਰ ਸਾਹਿਬ ਮਤੇ ਵਿੱਚ ਰੱਖੀਆਂ ਕੁਝ ਮੁੱਖ ਮੰਗਾਂ ਹੇਠ ਲਿਖੇ ਅਨੁਸਾਰ ਹਨ:

1. ਪੰਜਾਬੀ ਬੋਲਦੇ ਅਤੇ ਪੰਜਾਬ ਦੀਆਂ ਸੀਮਾਵਾਂ ਨਾਲ ਲੱਗਦੇ ਇਲਾਕਿਆਂ ਨੂੰ ਪੰਜਾਬ ਵਿੱਚ ਸ਼ਾਮਿਲ ਕਰਨਾ।
2. ਸੰਵਿਧਾਨ ਤਹਿਤ ਪ੍ਰਾਂਤਾਂ ਨੂੰ ਕੇਂਦਰ ਕੰਟਰੋਲ ਤੋਂ ਮੁਕਤ ਕਰਨਾ ਅਤੇ ਕੇਂਦਰ ਸਰਕਾਰ ਦਾ ਕੰਟਰੋਲ ਫੌਜਦਾਰੀ, ਵਿਦੇਸ਼ੀ ਮੁੱਦਿਆ, ਡਾਕ ਅਤੇ ਤਾਰ ਵਿਭਾਗ, ਮੁੱਦਰਾ ਅਤੇ ਰੇਲਵੇ ਤੱਕ ਸੀਮਿਤ ਕਰਨਾ।
3. ਪੰਜਾਬ ਤੋਂ ਬਾਹਰ ਵਸੇ ਸਿੱਖ ਅਲਪਸੰਖਿਅਕ ਦੀ ਸੁਰੱਖਿਆ।
4. ਸਰਵ ਭਾਰਤੀ ਗੁਰਦੁਆਰਾ ਐਕਟ ਲਾਗੂ ਕਰਨ ਅਤੇ ਭਾਰਤ ਵਿਚਲੇ ਸਮੁੱਚੇ ਇਤਿਹਾਸਕ ਗੁਰਦੁਆਰਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੇ ਅਧਿਕਾਰ ਖੇਤਰ ਹੇਠ ਲਿਆਉਣਾ।

Scanned with CamScanner

5. ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਅਤੇ ਪਾਕਿਸਤਾਨ ਵਿਚਲੇ ਹੋਰ ਗੁਰਦੁਆਰਿਆਂ ਦੇ ਵਿਘਨ ਰਹਿਤ ਦਰਸ਼ਨ।
6. ਸੈਨਿਕ ਸੇਵਾਵਾਂ ਵਿੱਚ ਸਿੱਖਾਂ ਨੂੰ ਰਾਖਵਾਕਰਨ ਦੇਣ ਸਬੰਧੀ।
7. ਪ੍ਰਤੀ ਪਰਿਵਾਰ ਜ਼ਮੀਨੀ ਮਲਕੀਅਤ 17 ਏਕੜ ਤੋਂ 30 ਏਕੜ ਤੱਕ ਵਧਾਉਣ ਸਬੰਧੀ।
8. ਵਿਚੋਲਗਿਰੀ ਖਤਮ ਕਰਨਾ।
9. ਪੈਦਾਵਾਰ ਦੀ ਕੀਮਤ ਦੇ ਆਧਾਰ ਤੇ ਖੇਤੀ ਉਤਪਾਦਨਾਂ ਦੀਆਂ ਕੀਮਤਾਂ ਨਿਯਤ ਕਰਨਾ ਅਤੇ ਇਹ ਫੈਸਲਾ ਪ੍ਰਾਂਤ ਸਰਕਾਰਾਂ ਵੱਲੋਂ ਲਿਆ ਜਾਵੇ।
10. ਸਮੁੱਚੀਆਂ ਮੂਲ ਉਦਯੋਗਿਕ ਸੰਸਥਾਵਾਂ ਲੋਕ ਵਿਭਾਗ ਦੇ ਅਧੀਨ ਲਿਆਂਦੀਆਂ ਜਾਣ।
11. ਸਮੁੱਚੇ ਖਪਤਕਾਰ ਸਬੰਧੀ ਉਦਯੋਗਿਕ ਸੰਸਥਾਵਾਂ ਦਾ ਰਾਸ਼ਟਰੀਕਰਨ ਕੀਤਾ ਜਾਵੇ।
12. ਉਦਯੋਗਿਕ ਸੰਸਥਾਵਾਂ ਵਿੱਚ ਮਜ਼ਦੂਰੀ ਕਰਦੇ ਕਾਮਿਆਂ ਲਈ ਜਰੂਰਤ ਅਨੁਸਾਰ ਘੱਟ ਤੋਂ ਘੱਟ ਮਿਹਨਤਾਨਾ ਨਿਯਤ ਕੀਤਾ ਜਾਵੇ।
13. ਖੇਤੀ ਕਾਮਿਆਂ ਲਈ ਨਿਯਤ ਘੱਟੋ-ਘੱਟ ਮਿਹਨਤਾਨਾ ਵਧਾਇਆ ਜਾਵੇ।
14. ਥੀਨ ਡੈਮ ਦਾ ਨਿਰਮਾਣ ਛੇਤੀ ਤੋਂ ਛੇਤੀ ਮੁਕੰਮਲ ਕਰਵਾਇਆ ਜਾਵੇ ਅਤੇ ਹੋਰ ਊਰਜਾ ਪਲਾਂਟ ਲਗਵਾਏ ਜਾਣ। ਪ੍ਰਮਾਣੂ ਊਰਜਾ ਤੇ ਆਧਾਰਿਤ ਪਲਾਂਟ ਲਗਵਾਉਣ ਦੀ ਵੀ ਤਜਵੀਜ ਰੱਖੀ ਗਈ।
15. ਚੰਡੀਗੜ੍ਹ, ਪੰਜਾਬ ਨੂੰ ਮੁਕੰਮਲ ਤੌਰ ਤੇ ਦੇ ਦਿੱਤਾ ਜਾਵੇ।
16. ਗੁਆਂਢੀ ਰਾਜਾਂ ਜਿਵੇਂ ਕਿ ਹਿਮਾਚਲ ਪ੍ਰਦੇਸ਼, ਰਾਜਸਥਾਨ, ਹਰਿਆਣਾ ਅਤੇ ਦਿੱਲੀ ਵਿੱਚ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਸਬੰਧੀ।

8.2 ਰਾਜੀਵ ਲੋਂਗੋਵਾਲ ਸਮਝੌਤਾ:

ਰਾਜੀਵ ਲੋਂਗੋਵਾਲ ਸਮਝੌਤਾ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਅਕਾਲੀ ਦਲ ਦੇ ਮੁੱਖੀ ਸੰਤ ਹਰਚੰਦ ਸਿੰਘ ਲੋਂਗੋਵਾਲ ਦਰਮਿਆਨ 24 ਜੁਲਾਈ, 1985 ਨੂੰ ਹੋਇਆ। ਸਰਕਾਰ ਵੱਲੋਂ ਮੰਗਾਂ ਮੰਨਣ ਉਪਰੰਤ ਅਕਾਲੀ ਲੀਡਰਾਂ ਵੱਲੋਂ ਹੜ੍ਹਤਾਲ ਵਾਪਿਸ ਲੈ ਲਈ ਗਈ। ਪਰ ਬਾਅਦ ਵਿੱਚ ਇਹ ਸਮਝੌਤਾ ਅਮਲੀ ਰੂਪ ਨਾਂ ਲੈ ਸਕਿਆ ਕਿਉਂਕਿ ਸਰਕਾਰ ਆਪਣੇ ਕੀਤੇ ਵਾਅਦਿਆਂ ਵਿੱਚੋਂ ਕੋਈ ਵੀ ਵਾਅਦਾ ਪੂਰਾ ਨਾ ਕਰ ਪਾਈ। ਇਸੇ ਦੌਰਾਨ ਸਰਦਾਰ ਹਰਚੰਦ ਸਿੰਘ ਲੋਂਗੋਵਾਲ ਦੀ ਦਹਿਸ਼ਤਗਰਦਾਂ ਹੱਥੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ।

ਸਮਝੌਤੇ ਅਧੀਨ ਆਉਂਦੇ ਮੁੱਦੇ:

- ਅਨੰਦਪੁਰ ਸਾਹਿਬ ਮਤੇ ਨੂੰ ਅਮਲੀ ਰੂਪ ਵਿੱਚ ਲੈ ਕੇ ਆਉਣਾ ਤਾਂ ਜੋ ਪ੍ਰਾਂਤਾਂ ਨੂੰ ਵੱਧ ਅਧਿਕਾਰ ਮਿਲ ਜਾਣ।
- ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ।
- ਫੌਜ ਛੱਡ ਕੇ ਆਏ ਫੌਜੀਆਂ ਦੇ ਮੁੜ ਵਸੇਬਾ ਅਤੇ ਉਹਨਾਂ ਨੂੰ ਰੋਜ਼ੀ ਰੋਟੀ ਮੁਹੱਈਆ ਕਰਵਾਉਣਾ।
- ਰਾਜਨਿਤੀਕ ਨੇਤਾਵਾਂ ਦੀ ਰਿਹਾਈ ਯਕੀਨੀ ਬਨਾਉਣਾ ਅਤੇ ਵਿਸ਼ੇਸ਼ ਕੇਂਦਰੀ ਤਾਕਤਾਂ ਦਾ ਖਾਤਮਾ।
- ਸਰਵ ਭਾਰਤੀ ਗੁਰਦੁਆਰਾ ਐਕਟ ਲਾਗੂ ਕਰਵਾਉਣਾ।
- ਰਾਵੀ ਬਿਆਸ ਦੇ ਪਾਣੀਆਂ ਵਿੱਚ ਗੈਰ ਰਾਈਪੇਰਿਯਨ ਪ੍ਰਾਂਤਾਂ ਦੀ ਸਾਂਝ।
- ਨਵੰਬਰ, 1984 ਵਿੱਚ ਹੋਏ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣਾ।

Scanned with CamScanner

ਪਾਠ 9

ਪ੍ਰਸ਼ਾਸ਼ਨਿਕ ਵੰਡ ਅਤੇ ਪੰਜਾਬ ਦੇ ਜਿਲ੍ਹੇ

ਪ੍ਰਸ਼ਾਸਨਿਕ ਸਹੂਲਤ ਲਈ ਪੰਜਾਬ ਪ੍ਰਾਂਤ ਨੂੰ 5 ਡਿਵੀਜਨਾਂ ਅਤੇ 22 ਜਿਲ੍ਹਿਆਂ ਵਿੱਚ ਵੰਡਿਆ ਗਿਆ ਹੈ।

9.1 ਪੰਜਾਬ ਦਾ ਨਕਸ਼ਾ:



Scanned with CamScanner

9.2 ਪੰਜਾਬ ਦੀ ਪ੍ਰਸ਼ਾਸਨਿਕ ਵੰਡ:

1. ਫਰੀਦਕੋਟ ਡਿਵੀਜ਼ਨ
2. ਫਿਰੋਜ਼ਪੁਰ ਡਿਵੀਜ਼ਨ
3. ਜਲੰਧਰ ਡਿਵੀਜ਼ਨ
4. ਪਟਿਆਲਾ ਡਿਵੀਜ਼ਨ
5. ਰੋਪੜ (31 ਦਸੰਬਰ, 2010 ਨੂੰ ਨਵਾਂ ਬਣਿਆ) ਡਿਵੀਜ਼ਨ

1. **ਫਰੀਦਕੋਟ ਡਿਵੀਜ਼ਨ:** ਇਸ ਵਿਚ ਫਰੀਦਕੋਟ, ਬਠਿੰਡਾ ਅਤੇ ਮਾਨਸਾ ਜ਼ਿਲ੍ਹੇ ਸ਼ਾਮਿਲ ਹਨ।
2. **ਫਿਰੋਜ਼ਪੁਰ ਡਿਵੀਜ਼ਨ:** ਫਿਰੋਜ਼ਪੁਰ, ਫਾਜ਼ਿਲਕਾ, ਮੁਕਤਸਰ ਅਤੇ ਮੋਗਾ ਜ਼ਿਲ੍ਹੇ ਫਿਰੋਜ਼ਪੁਰ ਵਿਚ ਆਉਂਦੇ ਹਨ।
3. **ਜਲੰਧਰ ਡਿਵੀਜ਼ਨ:** ਇਹ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਹੁਸ਼ਿਆਰਪੁਰ ਅਤੇ ਪਠਾਨਕੋਟ ਜਿਲ੍ਹਿਆਂ ਦਾ ਸਮੂਹ ਹੈ।
4. **ਪਟਿਆਲਾ ਡਿਵੀਜ਼ਨ:** ਸੰਗਰੂਰ, ਪਟਿਆਲਾ, ਲੁਧਿਆਣਾ, ਬਰਨਾਲਾ ਅਤੇ ਫਤਿਹਗੜ੍ਹ ਸਾਹਿਬ ਇਸ ਡਿਵੀਜ਼ਨ ਦਾ ਭਾਗ ਹਨ।
5. **ਰੋਪੜ:** 31 ਦਸੰਬਰ, 2010 ਨੂੰ ਉਸ ਸਮੇਂ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ, ਇਸ ਨੂੰ ਨਵੀਨ ਡਿਵੀਜ਼ਨ ਐਲਾਨਿਆ। ਪਹਿਲਾਂ ਇਹ ਪਟਿਆਲਾ ਡਿਵੀਜ਼ਨ ਦਾ ਭਾਗ ਸੀ। ਨਵਨਿਰਮਿਤ ਇਸ ਡਿਵੀਜ਼ਨ ਵਿਚ ਰੂਪਨਗਰ, ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਸ਼ਾਮਿਲ ਕੀਤੇ ਗਏ।

ਸਾਰਣੀ 9.1 — ਡਿਵੀਜ਼ਨਾਂ ਅਤੇ ਸਬੰਧਿਤ ਜ਼ਿਲ੍ਹੇ

ਡਵੀਜ਼ਨਾਂ ਦੇ ਨਾਂ	ਜ਼ਿਲ੍ਹਿਆਂ ਦੇ ਨਾਂ
ਫਰੀਦਕੋਟ	ਫਰੀਦਕੋਟ, ਬਠਿੰਡਾ ਅਤੇ ਮਾਨਸਾ
ਫਿਰੋਜ਼ਪੁਰ	ਫਿਰੋਜ਼ਪੁਰ, ਫਾਜ਼ਿਲਕਾ, ਮੁਕਤਸਰ ਅਤੇ ਮੋਗਾ
ਜਲੰਧਰ	ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਹੁਸ਼ਿਆਰਪੁਰ ਅਤੇ ਪਠਾਨਕੋਟ
ਪਟਿਆਲਾ	ਸੰਗਰੂਰ, ਪਟਿਆਲਾ, ਲੁਧਿਆਣਾ, ਬਰਨਾਲਾ ਅਤੇ ਫਤਿਹਗੜ੍ਹ ਸਾਹਿਬ
ਰੋਪੜ	ਰੂਪਨਗਰ, ਐਸ.ਬੀ.ਐਸ ਨਗਰ (ਨਵਾਂ ਸ਼ਹਿਰ) ਅਤੇ ਐਸ.ਏ.ਐਸ. ਨਗਰ (ਮੋਹਾਲੀ)

Scanned with CamScanner

9.3 ਪੰਜਾਬ ਦੇ ਜ਼ਿਲ੍ਹੇ:

ਡਵੀਜ਼ਨ-ਫਰੀਦਕੋਟ:

ਜ਼ਿਲ੍ਹਾ ਫਰੀਦਕੋਟ

ਸਥਾਪਨਾ: 1972 ਈ: ਵਿੱਚ ਜ਼ਿਲ੍ਹਾ ਬਠਿੰਡਾ ਵਿੱਚੋਂ ਤਹਿਸੀਲ ਫਰੀਦਕੋਟ ਅਤੇ ਜ਼ਿਲ੍ਹਾ ਫ਼ਿਰੋਜਪੁਰ ਵਿੱਚੋਂ ਮੋਗਾ ਅਤੇ ਮੁਕਤਸਰ ਤਹਿਸੀਲਾਂ ਨਿਖੇੜ ਕੇ ਜ਼ਿਲ੍ਹਾ ਫਰੀਦਕੋਟ ਬਣਾਇਆ ਗਿਆ। ਪਰ ਨਵੰਬਰ, 1995 ਵਿੱਚ ਜ਼ਿਲ੍ਹਾ ਫਰੀਦਕੋਟ ਦੇ ਤਿੰਨ ਭਾਗ ਕਰ ਦਿੱਤੇ ਗਏ। ਮੋਗਾ ਅਤੇ ਮੁਕਤਸਰ ਨੂੰ ਸਵੈ-ਨਿਰਭਰ ਜਿਲ੍ਹਿਆਂ ਦਾ ਦਰਜਾ ਦਿੱਤਾ ਗਿਆ।

ਪਹਿਲਾਂ ਜ਼ਿਲ੍ਹਾ ਫਰੀਦਕੋਟ, ਡਿਵੀਜ਼ਨ ਫਿਰੋਜ਼ਪੁਰ ਦਾ ਭਾਗ ਸੀ। ਪਰ 1996 ਵਿੱਚ ਡਿਵੀਜ਼ਨ ਫਰੀਦਕੋਟ ਬਣਾ ਦਿੱਤਾ ਗਿਆ ਅਤੇ ਇਸ ਦਾ ਮੁੱਖ ਦਫ਼ਤਰ ਵੀ ਫਰੀਦਕੋਟ ਵਿੱਚ ਸਥਾਪਿਤ ਕੀਤਾ ਗਿਆ। ਇਸ ਡਿਵੀਜ਼ਨ ਵਿੱਚ ਫਰੀਦਕੋਟ, ਬਠਿੰਡਾ ਅਤੇ ਮਾਨਸਾ ਜ਼ਿਲ੍ਹੇ ਸ਼ਾਮਿਲ ਕੀਤੇ ਗਏ।

ਭੂਗੋਲਿਕ ਸਥਿਤੀ: ਇਹ ਜ਼ਿਲ੍ਹਾ ਰਾਜ ਦੇ ਦੱਖਣ-ਪੱਛਮੀ ਹਿੱਸੇ ਵਿੱਚ ਮੌਜੂਦ ਹੈ। ਉੱਤਰ-ਪੱਛਮੀ ਦਿਸ਼ਾ ਵਿੱਚ ਇਹ ਫਿਰੋਜ਼ਪੁਰ ਜ਼ਿਲ੍ਹੇ ਉਤਰ-ਪੂਰਬ ਵਿੱਚ ਮੋਗਾ ਜ਼ਿਲ੍ਹਾ ਅਤੇ ਦੱਖਣ ਵਿੱਚ ਜ਼ਿਲ੍ਹਾ ਬਠਿੰਡਾ ਅਤੇ ਮੁਕਤਸਰ ਨਾਲ ਲੱਗਦਾ ਹੈ।

2011 ਦੀ ਜਨਗਣਨਾ ਤੇ ਆਧਾਰਿਤ, ਇਥੋਂ ਦੀ ਜਨਸੰਖਿਆ 6,17,508 ਹੈ ਅਤੇ ਜਨਸੰਖਿਆ ਘਣਤਾ 424 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 890 ਹੈ ਅਤੇ ਜ਼ਿਲ੍ਹੇ ਦੀ 69.55% ਆਬਾਦੀ ਸਾਖਰ ਹੈ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨਿਕ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿਲ੍ਹਾ ਫਰੀਦਕੋਟ ਨੂੰ ਤਿੰਨ ਤਹਿਸੀਲਾਂ ਵਿੱਚ ਵੰਡਿਆ ਗਿਆ ਹੈ: 1) ਫਰੀਦਕੋਟ 2) ਕੋਟਕਪੂਰਾ 3) ਜੈਤੋਂ

ਫਰੀਦਕੋਟ: ਕਿਹਾ ਜਾਂਦਾ ਹੈ ਕਿ ਕਰੀਬਨ 700 ਸਾਲ ਪਹਿਲਾਂ ਫਰੀਦਕੋਟ ਨੂੰ ਰਾਜਾ ਮੋਕਲਸੀ ਨੇ ਵਸਾਇਆ ਸੀ। ਉਸ ਨੇ ਇਸ ਦਾ ਨਾਮ 'ਮੋਕਲ ਹਰ' ਰੱਖਿਆ ਸੀ ਅਤੇ ਇੱਥੇ ਇੱਕ ਕਿਲ੍ਹੇ ਦਾ ਨਿਰਮਾਣ ਕਰਵਾਇਆ।

ਇੱਕ ਹੋਰ ਗਾਥਾ ਅਨੁਸਾਰ, ਕਿਲ੍ਹਾ ਪਹਿਲਾਂ ਤੋਂ ਹੀ ਇੱਥੇ ਬਣਿਆ ਹੋਇਆ ਸੀ। ਮੋਕਲਸੀ ਨੇ ਕੇਵਲ ਇੱਥੇ ਮੁਰੰਮਤ ਦਾ ਕਾਰਜ ਕਰਵਾਇਆ ਸੀ। ਇਸੇ ਦੌਰਾਨ ਸੂਫੀ ਸੰਤ ਬਾਬਾ ਫਰੀਦ ਨੂੰ ਇੱਥੇ ਜਬਰੀ ਮਜਦੂਰੀ ਕਰਵਾਈ ਗਈ। ਲੋਕ ਗਾਥਾ ਅਨੁਸਾਰ ਮਿੱਟੀ ਦੀ ਭਰੀ ਟੋਕਰੀ, ਬਿਨਾਂ ਕਿਸੇ ਸਹਾਰੇ ਦੇ ਬਾਬਾ ਫਰੀਦ ਦੇ ਸਿਰ ਉਪਰ ਤੈਰਦੀ ਨਜ਼ਰ ਆਈ। ਇਸ ਅਲੌਕਿਕ ਨਜ਼ਾਰੇ ਨੂੰ ਦੇਖ ਕੇ ਰਾਜਾ, ਸੂਫੀ ਸੰਤ ਦੇ ਪੈਰੀ ਡਿੱਗ ਪਿਆ ਅਤੇ ਬਾਬਾ ਫਰੀਦ ਦੇ ਨਾਮ ਤੇ ਹੀ ਇਸ ਸ਼ਹਿਰ ਦਾ ਨਾਮ ਫਰੀਦਕੋਟ ਰੱਖਿਆ ਗਿਆ।

ਕੋਟਕਪੂਰਾ: ਇਸ ਦੀ ਨੀਂਹ, ਫਰੀਦਕੋਟ ਦੇ ਪੂਰਵਜ ਪਰਿਵਾਰ ਵਿਚੋਂ ਚੌਧਰੀ ਕਪੂਰਾ ਨੇ ਰੱਖੀ। ਸ਼ਹਿਰ ਦੇ ਵਿਚਾਲੇ ਸਥਾਪਿਤ ਗੁਰਦੁਆਰਾ ਪਾਤਸ਼ਾਹੀ ਦਸਵੀਂ ਉਸੇ ਥਾਂ ਦੀ ਨਿਸ਼ਾਨਦੇਹੀ ਕਰਦਾ ਹੈ, ਜਿੱਥੇ ਖਿਦਰਾਣੇ ਦੀ ਲੜਾਈ ਤੋਂ ਪਹਿਲਾਂ ਗੁਰੂ ਜੀ ਇੱਕ ਤੰਬੂ ਵਿਚ ਰੁਕੇ ਸਨ।

ਜੈਤੋਂ: ਜ਼ਿਲ੍ਹਾ ਫਰੀਦਕੋਟ ਦੇ ਇਸ ਸ਼ਹਿਰ ਨੂੰ ਇੱਕ ਸਿੱਧੂ ਜੱਟ ਜੈਤੋਂ ਨੇ ਵਸਾਇਆ ਸੀ। 1923 ਈ ਵਿੱਚ ਨਾਭੇ ਦੇ ਸਿੱਖ ਮਹਾਰਾਜਾ ਦੀ ਜਬਰੀ ਗ੍ਰਿਫਤਾਰੀ ਵੇਲੇ ਹੋਈ ਲੰਮੀ ਹੜਤਾਲ (ਜੈਤੋਂ ਮੋਰਚਾ) ਵੇਲੇ ਇਹ ਸਥਾਨ ਚਰਚਾ ਦਾ ਵਿਸ਼ਾ ਵੀ ਰਿਹਾ।

ਵੇਖਣਯੋਗ ਥਾਵਾਂ: ਕਿਲ੍ਹਾ ਮੁਬਾਰਕ, ਰਾਜ ਮਹਿਲ, ਗੁਰਦੁਆਰਾ ਟਿੱਲਾ (ਚਿੱਲਾ) (ਬਾਬਾ ਫਰੀਦ ਦੀ ਦਰਗਾਹ), ਗੁਰਦੁਆਰਾ ਗੋਦੜੀ ਸਾਹਿਬ, ਗੁਰਦੁਆਰਾ ਗੁਰੂ ਕੀ ਢਾਬ, ਗੁਰਦੁਆਰਾ ਟਿੱਬੀ ਸਾਹਿਬ, ਗੁਰਦੁਆਰਾ ਗੋਦਾਵਰੀਸਰ ਪਾਤਸ਼ਾਹੀ ਦਸਵੀਂ, ਦਰਬਾਰ ਗੰਜ (ਸਰਕਟ ਹਾਊਸ), ਰਾਜ ਸਕੱਤਰੇਤ (ਰਾਜਾ ਹਰਜਿੰਦਰ ਸਿੰਘ ਦੁਆਰਾ ਬਣਵਾਈਆ ਗਿਆ) (ਹੁਣ ਜ਼ਿਲ੍ਹਾ

Scanned with CamScanner

ਕਚਿਹਰੀਆਂ), ਮਿਨੀ ਸਕੱਤਰੇਤ (ਹੁਣ ਜ਼ਿਲ੍ਹਾ ਪ੍ਰਸ਼ਾਸਨ ਵਿਭਾਗ), ਬਾਬਾ ਫਰੀਦ ਦੇ ਨਾਮ ਤੇ ਬਣੀ - ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਇਥੋਂ ਦੀਆਂ ਪ੍ਰਮੁੱਖ ਦੇਖਣਯੋਗ ਥਾਵਾਂ ਹਨ।

ਸਾਰਣੀ 9.2 ਫਰੀਦਕੋਟ

ਹੋਂਦ ਵਿਚ ਆਇਆ	1972 ਵਿੱਚ
ਭਾਗ ਹੈ	ਫਰੀਦਕੋਟ ਡਵੀਜ਼ਨ ਦਾ
ਗੁਆਂਢੀ ਜ਼ਿਲ੍ਹੇ	ਫਿਰੋਜ਼ਪੁਰ, ਮੋਗਾ, ਬਠਿੰਡਾ, ਮੁਕਤਸਰ ਅਤੇ ਫਾਜ਼ਿਲਕਾ
ਤਹਿਸੀਲਾਂ	ਫਰੀਦਕੋਟ, ਕੋਟਕਪੂਰਾ ਅਤੇ ਜੈਤੋ
ਫਰੀਦਕੋਟ ਦੇ ਬਾਨੀ ਅਤੇ ਪੁਰਾਣਾ ਨਾਂ	ਰਾਜਾ ਮੋਕਾਲਸੀ ਅਤੇ ਮੋਕਲ ਹਰ
ਫਰੀਦਕੋਟ - ਨਾਮ ਦਾ ਸ੍ਰੋਤ	ਬਾਬਾ ਫਰੀਦ
ਕੋਟਕਪੂਰਾ ਦੇ ਬਾਨੀ	ਚੌਧਰੀ ਕਪੂਰਾ
ਜੈਤੋਂ ਦੇ ਬਾਨੀ	ਸਿੱਧੂ ਜੱਟ ਜੈਤੋਂ
ਯੂਨੀਵਰਸਿਟੀ	ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ
ਦੇਖਣ ਯੋਗ ਸਥਾਨ	ਗੁਰਦੁਆਰਾ ਟਿੱਲਾ (ਚਿੱਲਾ), ਬਾਬਾ ਫਰੀਦ ਦੀ ਦਰਗਾਹ, ਗੁਰਦੁਆਰਾ ਕੋਟੜੀ ਸਾਹਿਬ, ਗੁਰਦੁਆਰਾ ਗੁਰੂ ਕੀ ਢਾਬ, ਗੁਰਦੁਆਰਾ ਟਿੱਬੀ ਸਾਹਿਬ, ਗੁਰਦੁਆਰਾ ਗੋਦਾਵਰੀਸਰ ਪਾਤਸ਼ਾਹ ਦਸਵੀਂ

ਜ਼ਿਲ੍ਹਾ ਬਠਿੰਡਾ

ਸਥਾਪਨਾ: 20 ਅਗਸਤ, 1948 ਈ: ਵਿੱਚ, ਪੈਪਸੂ ਬਣਨ ਮਗਰੋਂ ਹੀ ਜ਼ਿਲ੍ਹਾ ਬਠਿੰਡਾ ਹੋਂਦ ਵਿੱਚ ਆਇਆ। 1956 ਈ: ਵਿੱਚ ਪੈਪਸੂ ਨੂੰ ਪੰਜਾਬ ਰਾਜ ਵਿੱਚ ਮਿਲਾਉਣ ਮਗਰੋਂ ਜ਼ਿਲ੍ਹਾ ਬਠਿੰਡਾ ਪੰਜਾਬ ਦਾ ਭਾਗ ਬਣ ਗਿਆ।

ਭੂਗੋਲਿਕ ਸਥਿਤੀ: ਜ਼ਿਲ੍ਹਾ ਬਠਿੰਡਾ ਪੰਜਾਬ ਦੇ ਦੱਖਣੀ ਭਾਗ ਵਿੱਚ ਮਾਲਵਾ ਖੇਤਰ ਦੇ ਮੱਧ ਵਿੱਚ ਸਥਿਤ ਹੈ। ਇਸ ਦੇ ਦੱਖਣੀ ਹਿੱਸੇ ਵਿੱਚ ਹਰਿਆਣਾ ਦੇ ਸਿਰਸਾ ਅਤੇ ਫਤਿਹਾਬਾਦ ਜ਼ਿਲ੍ਹੇ, ਪੂਰਬ ਵਿੱਚ ਮਾਨਸਾ, ਉੱਤਰ-ਪੂਰਬ ਵਿੱਚ ਮੋਗਾ ਅਤੇ ਬਰਨਾਲਾ ਅਤੇ ਉੱਤਰ ਪੱਛਮ ਵਿੱਚ ਫਰੀਦਕੋਟ ਅਤੇ ਮੁਕਤਸਰ ਜ਼ਿਲ੍ਹੇ ਆਉਂਦੇ ਹਨ।

2011 ਦੀ ਜਨਗਣਨਾ ਤੇ ਆਧਾਰਿਤ, ਇਥੋਂ ਦੀ ਜਨਸੰਖਿਆ 13,88,525 ਸੀ ਅਤੇ ਜਨਸੰਖਿਆ ਘਣਤਾ 414 ਪ੍ਰਤੀ ਵਰਗ ਕਿਲੋਮੀਟਰ ਹੈ। ਲਿੰਗ ਅਨੁਪਾਤ 868 ਹੈ ਅਤੇ ਇਸ ਜ਼ਿਲ੍ਹੇ ਦੇ 68.28% ਲੋਕ ਸਾਖਰ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨਿਕ ਸਹੂਲੀਅਤ ਦੇ ਮੱਦੇ ਨਜ਼ਰ, ਜ਼ਿਲ੍ਹਾ ਬਠਿੰਡਾ ਨੂੰ 4 ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ:
1) ਬਠਿੰਡਾ 2) ਰਾਮਪੁਰਾ ਫੂਲ 3) ਤਲਵੰਡੀ ਸਾਬੋ 4) ਮੌੜ (ਨਵ ਨਿਰਮਿਤ)

ਬਠਿੰਡਾ: ਪੰਜਾਬ ਦੇ ਇਸ ਪੁਰਾਤਨ ਸ਼ਹਿਰ ਨੂੰ ਵਿਕਰਮਗੜ੍ਹ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਇੱਕ ਹੋਰ ਗਾਥਾ ਅਨੁਸਾਰ ਇਸ ਸ਼ਹਿਰ ਦਾ ਨਾਮ, ਦੋ ਰਾਜਪੂਤ ਰਾਜਿਆਂ - ਬਿਨੈ ਪਾਲ ਅਤੇ ਉਸ ਦੇ ਵਜ਼ੀਰ ਠੰਡਾ ਰਾਮ (ਬਿਨਾਏ - ਬ + ਠੰਢਾ = ਬਠਿੰਡਾ) ਦੇ ਨਾਮ ਦੇ ਸੁਮੇਲ ਨਾਲ ਬਣਿਆ। ਪ੍ਰਾਚੀਨ ਮੁਸਲਮਾਨ ਇਤਿਹਾਸਕਾਰਾਂ ਨੇ ਬਠਿੰਡਾ ਨੂੰ ਤਾਬਰ-ਏ-ਹਿੰਦ, ਅਰਥਾਤ 'ਭਾਰਤ ਦਾਖਲੇ ਦਾ ਰਾਹ' (ਗੇਟਵੇ ਆਫ਼ ਇੰਡੀਆ) ਦਾ ਨਾਂ ਵੀ ਦਿੱਤਾ।

1954 ਈ: ਵਿੱਚ ਇਸ ਨੂੰ ਮਹਾਰਾਜਾ ਆਲਾ ਸਿੰਘ ਨੇ ਸਰ ਕਰ ਲਿਆ ਅਤੇ ਉਸ ਸਮੇਂ ਤੋਂ ਹੀ ਇਸ ਦਾ ਇਤਿਹਾਸ

Scanned with CamScanner

ਰਿਆਸਤੀ ਘਰਾਣਿਆਂ ਨਾਲ ਸਬੰਧਿਤ ਰਿਹਾ। 1948 ਈ: ਵਿੱਚ ਪੈਪਸੂ ਦੇ ਹੋਂਦ ਵਿੱਚ ਆਉਣ ਨਾਲ ਇਹ ਜ਼ਿਲ੍ਹਾ ਬਣ ਗਿਆ।

ਰਾਮਪੁਰਾ ਫੂਲ: ਰਾਮਪੁਰਾ ਅਤੇ ਫੂਲ ਨਾਮ ਦੇ ਦੋ ਪਿੰਡਾਂ ਵਿਚਕਾਰ ਵਸੇ ਇਸ ਸ਼ਹਿਰ ਦਾ ਨਾਮ ਰਾਮਪੁਰਾਫੂਲ ਪੈ ਗਿਆ। ਸ਼ਹਿਰ ਦੇ ਜਿਸ ਹਿੱਸੇ ਨੂੰ 'ਫੂਲ' ਕਿਹਾ ਜਾਂਦਾ ਹੈ, ਉਸ ਦੀ ਨੀਂਹ, ਫੁਲਕੀਆ ਘਰਾਣੇ ਦੇ 'ਫੂਲ' ਨੇ ਰੱਖੀ ਅਤੇ ਰਾਮਪੁਰਾ ਹਿੱਸੇ ਦੀ ਨੀਂਹ, 'ਫੂਲ' ਦੇ ਸਪੁੱਤਰ 'ਰਾਮਾ' ਨੇ ਰੱਖੀ ਸੀ।

ਤਲਵੰਡੀ ਸਾਬੋ: ਇਸ ਦਾ ਵਰਤਮਾਨ ਨਾਮ ਦਮਦਮਾ ਸਾਹਿਬ ਹੈ। ਇਸ ਸ਼ਹਿਰ ਦਾ ਨਾਮ ਇੱਕ ਗੁੱਜਰ ਕੁੜੀ 'ਸਹਾਬੋ' ਦੇ ਨਾਮ ਪਿੱਛੇ ਪਿਆ। ਕਿਹਾ ਜਾਂਦਾ ਹੈ ਕਿ ਇਸ ਇਲਾਕੇ ਵਿੱਚ ਹਿੰਦੂ ਗੁੱਜਰਾਂ ਦਾ ਵਸੇਬਾ ਸੀ। ਗੁੱਜਰ ਮੁੱਖੀ ਦੇ ਕੋਈ ਪੁੱਤਰ ਨਾਂ ਹੋਣ ਕਾਰਨ, ਉਸ ਦੀ ਪੁੱਤਰੀ 'ਸਹਾਬੋ' ਇਲਾਕੇ ਦੀ ਮੁਖੀ ਬਣੀ, ਉਸੇ ਕਾਰਨ ਇਸ ਇਲਾਕੇ ਨੂੰ ਤਲਵੰਡੀ ਸਹਾਬੋ ਜਾਂ ਸਾਬੋ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਸਿੱਖਾਂ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਤਖ਼ਤ ਇੱਥੇ ਹੀ ਬਿਰਾਜਮਾਨ ਹੈ। ਇੱਥੇ ਹੀ 1705 ਈ: ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸਰੰਚਨਾ ਕੀਤਾ। ਗੁਰੂ ਜੀ ਨੇ ਇਸ ਨੂੰ ਧਾਰਮਿਕ ਗਿਆਨ ਦਾ ਕੇਂਦਰ ਵੀ ਬਣਾ ਦਿੱਤਾ। ਸੋ ਇਸ ਅਸਥਾਨ ਨੂੰ 'ਗੁਰੂ ਕੀ ਕਾਸ਼ੀ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਬਠਿੰਡਾ ਦੇ ਮੁੱਖ ਉਦਯੋਗ: ਗੁਰੂ ਨਾਨਕ ਦੇਵ ਥਰਮਲ ਪਲਾਂਟ (ਬਠਿੰਡਾ), ਗੁਰੂ ਹਰਗੋਬਿੰਦ ਥਰਮਲ ਪਲਾਂਟ (ਲਹਿਰਾ ਮੁਹੱਬਤ) ਨੈਸ਼ਨਲ ਫਰਟੇਲਾਈਜ਼ਰ ਲਿਮਟਿਡ, ਮਿਲਕ ਪਲਾਂਟ, ਗਰਾਸਿਮ ਇੰਡਸਟਰੀਜ਼ ਅਤੇ ਗੁਰੂ ਗੋਬਿੰਦ ਸਿੰਘ ਰਿਫਾਇਨਰੀ।

> ***ਗੁਰੂ ਗੋਬਿੰਦ ਸਿੰਘ ਰਿਫਾਇਨਰੀ***
> *ਇਹ ਰਿਫਾਇਨਰੀ ਹਿੰਦੁਸਤਾਨ ਮਿੱਤਲ ਊਰਜਾ ਲਿਮਟਿਡ ਦੀ ਮਲਕੀਅਤ ਹੈ ਜ਼ੋ ਕੀ ਐਚ.ਪੀ.ਸੀ.ਐਲ ਅਤੇ ਮਿੱਤਲ ਊਰਜਾ ਦਾ ਸਾਂਝਾ ਉਪਰਾਲਾ ਹੈ। ਇਹ ਜ਼ਿਲਾ ਬਠਿੰਡਾ ਦੇ ਪਿੰਡ ਫੁਲੋਖੇੜੀ ਵਿਚੇ ਸਥਿਤ ਹੈ।*

ਦੇਖਣਯੋਗ ਸਥਲ:

1. **ਕਿਲ੍ਹਾ ਮੁਬਾਰਕ:** ਇਹ ਸਭ ਤੋਂ ਪੁਰਾਣਾ ਅਤੇ ਛੋਟੀਆਂ ਇੱਟਾਂ ਦਾ ਬਣਿਆ ਸਭ ਤੋਂ ਉੱਚਾ ਸਮਾਰਕ ਹੈ। ਇਹ 90-110 ਏ.ਡੀ. ਤੋਂ ਲੈ ਕੇ ਹੁਣ ਤੱਕ ਆਪਣੀ ਮੌਜੂਦਾ ਸਥਿਤੀ 'ਤੇ ਹੈ। ਦਿੱਲੀ ਤੇ ਤਖ਼ਤ ਤੇ ਬੈਠਣ ਵਾਲੀ ਪਹਿਲੀ ਔਰਤ, ਰਜ਼ੀਆ ਸੁਲਤਾਨ ਦੀ ਹਾਰ ਹੋਣ ਮਗਰੋਂ ਉਸ ਨੂੰ ਇਸੇ ਕਿਲ੍ਹੇ ਵਿੱਚ ਨਜ਼ਰਬੰਦ ਕੀਤਾ ਗਿਆ ਸੀ। ਇਸ ਕਿਲ੍ਹੇ ਦਾ ਨਿਰਮਾਣ ਰਾਜਾ ਡਾਬ ਅਤੇ ਕਨਿਸ਼ਕ ਨੇ ਮਿਲ ਕੇ ਕਰਵਾਇਆ ਸੀ। ਦਸਵੇਂ ਗੁਰੂ ਗੁਰੂ ਗੋਬਿੰਦ ਸਿੰਘ ਦੀ ਚਰਨ ਛੋਹ ਪ੍ਰਾਪਤ ਇਸ ਥਾਂ ਤੇ ਇੱਕ ਗੁਰਦੁਆਰਾ ਵੀ ਬਣਿਆ ਹੋਇਆ ਹੈ।
2. **ਬਾਹੀਆਂ ਕਿਲ੍ਹਾ:** ਇਸ ਕਿਲ੍ਹੇ ਦਾ ਨਿਰਮਾਣ 1930 ਈ: ਵਿੱਚ ਸ: ਬਲਵੰਤ ਸਿੰਘ ਸਿੱਧੂ ਨੇ ਮੁੱਖ ਕਿਲ੍ਹੇ ਦੇ ਸਾਹਮਣੇ ਕਰਵਾਇਆ। ਇਹ ਥਾਂ 22 ਪਿੰਡਾਂ ਦੇ ਸਮੂਹ ਨਾਲ ਸਬੰਧਿਤ ਹੋਣ ਕਾਰਨ ਹੀ ਇਸ ਦਾ ਨਾਮ ਬਾਹੀਆ ਸਾਹਿਬ ਪਿਆ। ਇਹ ਥਾਂ ਮਹਾਰਾਜਾ ਭੁਪਿੰਦਰ ਸਿੰਘ ਦੀਆਂ ਫੌਜਾਂ ਦੀ ਸਰਕਾਰੀ ਨਿਵਾਸ ਸਥਾਨ ਸੀ। ਹੁਣ ਇਸ ਨੂੰ ਚਾਰ ਤਾਰਾ ਹੋਟਲ ਵਿੱਚ ਬਦਲ ਦਿੱਤਾ ਗਿਆ ਹੈ।
3. **ਲੱਖੀ ਜੰਗਲ:** ਇਹ ਬਠਿੰਡਾ ਤੋਂ 15 ਕਿਲੋਮੀਟਰ ਦੀ ਦੂਰੀ ਤੇ ਮੁਕਤਸਰ ਵੱਲ ਨੂੰ ਜਾਂਦੇ ਰਸਤੇ 'ਤੇ ਹੈ। ਇਸੇ ਜੰਗਲ ਵਿੱਚ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਦੇ ਇੱਕ ਲੱਖ ਪਾਠ ਪੜ੍ਹੇ ਸਨ। ਇਸ ਕਰਕੇ ਜੰਗਲ ਦਾ ਨਾਮ ਲੱਖੀ ਜੰਗਲ ਪੈ ਗਿਆ। ਇਸ ਯਾਦ ਵਿੱਚ ਇੱਥੇ ਇੱਕ ਗੁਰਦੁਆਰਾ ਵੀ ਹੈ। ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਵੀ ਇਸ ਜੰਗਲ ਵਿੱਚ ਇਰਾਜੇ ਸਨ।
4. **ਪੀਰ ਹਾਜੀ ਰਤਨ ਦੀ ਮਜ਼ਾਰ:** ਇਹ ਸ਼ਹਿਰ ਦਾ ਇੱਕ ਪ੍ਰਸਿੱਧ ਭਗਤੀ ਸਥਲ ਹੈ। ਇਸ ਥਾਂ ਦੀ ਇੱਕ ਵਿਲੱਖਣਤਾ ਇਹ

Scanned with CamScanner

ਹੈ ਕਿ ਇਸ ਥਾਂ 'ਤੇ ਮਸਜਿਦ ਅਤੇ ਗੁਰਦੁਆਰੇ ਦੀ ਕੰਧ ਸਾਂਝੀ ਹੈ ਅਤੇ ਇਸਦੇ ਨੇੜੇ ਹੀ ਇੱਕ ਮੰਦਿਰ ਹੈ। ਸ਼ਹਿਰ ਦੇ ਲੋਕਾਂ ਲਈ ਇਹ ਸਥਾਨ ਧਾਰਮਿਕ ਇੱਕਸੁਰਤਾ ਦੀ ਇੱਕ ਮਿਸਾਲ ਕਾਇਮ ਕਰਦਾ ਹੈ।

ਸਾਰਣੀ 9.3

ਬਠਿੰਡਾ

ਹੋਂਦ 'ਚ ਆਇਆ	1948
ਭਾਗ	ਫਰੀਦਕੋਟ ਡਵੀਜ਼ਨ ਦਾ
ਗੁਆਂਢੀ ਜ਼ਿਲ੍ਹੇ	ਪੰਜਾਬ ਦੇ- ਮਾਨਸਾ, ਮੋਗਾ, ਬਰਨਾਲਾ, ਫਰੀਦਕੋਟ ਅਤੇ ਮੁਕਤਸਰ ਹਰਿਆਣਾ ਦੇ- ਸਿਰਸਾ ਅਤੇ ਫਤਿਹਾਬਾਦ
ਤਹਿਸੀਲਾਂ	ਬਠਿੰਡਾ, ਰਾਮਪੁਰਾ ਫੂਲ, ਤਲਵੰਡੀ ਸਾਬੋ ਅਤੇ ਮੌੜ (ਨਵ ਨਿਰਮਿਤ)
ਬਠਿੰਡਾ ਦਾ ਪੁਰਾਣਾ ਨਾਂ	ਵਿਕਰਮਗੜ
ਬਠਿੰਡਾ - ਨਾਮ ਦਾ ਸ੍ਰੋਤ	ਰਾਜਪੂਤ ਰਾਜੇ - ਬਿਨੈਪਾਲ ਅਤੇ ਉਸਦਾ ਵਜ਼ੀਰ ਠੰਡਾ ਰਾਮ
ਜ਼ਿਲ੍ਹੇ ਵਿੱਚ ਯੂਨੀਵਰਸਿਟੀਆਂ	ਕੇਂਦਰੀ ਯੂਨੀਵਰਸਿਟੀ, ਬਠਿੰਡਾ ਅਤੇ ਆਦੇਸ਼ ਯੂਨੀਵਰਸਿਟੀ
ਮੁੱਖ ਉਦਯੋਗ	ਨੈਸ਼ਨਲ ਫਰਟੇਲਾਈਜ਼ਰ ਲਿਮਟਿਡ, ਗ੍ਰਾਸੀਮ ਉਦਯੋਗ
ਪਾਵਰ ਪਲਾਂਟ	ਗੁਰੂ ਨਾਨਕ ਦੇਵ ਥਰਮਲ ਪਲਾਂਟ, ਬਠਿੰਡਾ ਅਤੇ ਗੁਰੂ ਹਰਗੋਬਿੰਦ ਥਰਮਲ ਪਲਾਂਟ, ਲਹਿਰਾ ਮੁਹੱਬਤ
ਰਿਫਾਇਨਰੀ	ਐਚ ਐਮ ਈ ਐਲ (ਐਚ.ਪੀ.ਸੀ.ਐਲ ਮਿੱਤਲ ਊਰਜਾ ਲਿਮਟਿਡ)
ਦੇਖਣਯੋਗ ਸਥਾਨ	ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ), ਕਿਲ੍ਹਾ ਮੁਬਾਰਕ, ਬਾਹੀਆ ਕਿਲ੍ਹਾ, ਲੱਖੀ ਜੰਗਲ ਅਤੇ ਪੀਰ ਹਾਜੀਰਤਨ ਦੀ ਮਜ਼ਾਰ
ਦਰਜਾਬੰਦੀ	ਨਿਊਨਤਮ ਲਿੰਗ ਅਨੁਪਾਤ

ਜ਼ਿਲ੍ਹਾ ਮਾਨਸਾ

ਸਥਾਪਨਾ: ਜ਼ਿਲ੍ਹਾ ਮਾਨਸਾ 13 ਅਪ੍ਰੈਲ 1992 ਨੂੰ ਬਠਿੰਡਾ ਜ਼ਿਲ੍ਹੇ ਵਿੱਚੋਂ ਤੋੜ ਕੇ ਬਣਾਇਆ ਗਿਆ ਹੈ। ਪੰਜਾਬ ਦੀ 'ਰੂੰ-ਪੱਟੀ' ਦੇ ਨਾਂ ਨਾਲ ਜਾਂਦੇ ਖੇਤਰ ਵਿੱਚ ਹੀ ਜ਼ਿਲ੍ਹਾ ਮਾਨਸਾ ਸਥਿਤ ਹੈ। ਇਸੇ ਕਾਰਨ ਹੀ ਇਸ ਨੂੰ 'ਚਿੱਟੇ ਸੋਨੇ ਦਾ ਖੇਤਰ' ਵੀ ਕਿਹਾ ਜਾਂਦਾ ਹੈ।

ਭੂਗੋਲਿਕ ਸਥਿਤੀ: ਇਹ ਰਾਜ ਦੇ ਦੱਖਣੀ ਖੇਤਰ ਵਿੱਚ ਸਥਿਤ ਹੈ ਅਤੇ ਇਸ ਦੇ ਉੱਤਰ-ਪੂਰਬੀ ਖੇਤਰ ਵਿੱਚ ਸੰਗਰੂਰ, ਉੱਤਰ-ਪੱਛਮੀ ਖੇਤਰ ਵਿੱਚ ਬਠਿੰਡਾ ਅਤੇ ਉੱਤਰੀ ਖੇਤਰ ਵਿੱਚ ਬਰਨਾਲਾ ਜ਼ਿਲ੍ਹੇ ਸਥਿਤ ਹਨ। ਇਸ ਜ਼ਿਲ੍ਹੇ ਵਿੱਚ 15 ਕਿਲੋਮੀਟਰ ਤੱਕ ਘੱਗਰ ਦਰਿਆ ਵਹਿੰਦਾ ਹੈ ਅਤੇ ਸਰਹਿੰਦ ਨਾਲਾ ਇਸ ਪੂਰੇ ਜ਼ਿਲ੍ਹੇ ਵਿੱਚੋਂ ਦੀ ਹੁੰਦਾ ਹੋਇਆ ਘੱਗਰ ਦਰਿਆ ਵਿੱਚ ਜਾ ਡਿੱਗਦਾ ਹੈ।

2011 ਦੀ ਜਨਗਣਨਾ ਤੇ ਆਧਾਰਿਤ ਇਸ ਜ਼ਿਲ੍ਹੇ ਦੀ ਜਨਸੰਖਿਆ 7,69,751 ਹੈ। ਜਨਸੰਖਿਆ ਘਣਤਾ 350 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 883 ਹੈ ਅਤੇ 61.83% ਲੋਕ ਸਾਖਰ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨ ਦੇ ਮੱਦੇਨਜ਼ਰ ਮਾਨਸਾ ਜ਼ਿਲ੍ਹਾ ਤਿੰਨ ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ: 1) ਮਾਨਸਾ 2) ਬੁਢਲਾਡਾ 3) ਸਰਦੂਲਗੜ੍ਹ

ਮਾਨਸਾ: ਕਿਹਾ ਜਾਂਦਾ ਹੈ ਕਿ ਇਸ ਸ਼ਹਿਰ ਨੂੰ ਭਾਈ ਗੁਰਦਾਸ ਜੀ ਨੇ ਵਸਾਇਆ ਸੀ ਜੋ ਕਿ ਢੀਂਗਰ, ਜ਼ਿਲ੍ਹਾ ਮਾਨਸਾ ਦੇ

Scanned with CamScanner

ਰਹਿਤ ਵਾਲੇ ਸਨ। ਮੰਨਿਆ ਜਾਂਦਾ ਹੈ ਕਿ ਉਹ ਉਸੇ ਦੇ ਧਾਰਮੀਕਾਲ ਜੇਟ ਸਿੱਖ ਪਰਿਵਾਰ ਵਿੱਚ ਵਿਆਹੇ ਗਏ ਸਨ। ਇੱਕ ਵਾਰ ਉਹ ਆਪਣੀ ਪਤਨੀ ਨੂੰ ਲੈਣ ਆਪਣੇ ਸਹੁਰੇ ਪਿੰਡ ਆਏ ਅਤੇ ਸਹੁਰਿਆਂ ਨੇ ਪਤਨੀ ਨੂੰ ਨਾਲ ਭੇਜਣ ਤੋਂ ਇਨਕਾਰ ਕਰ ਦਿੱਤਾ। ਨਾਰਾਜ਼ਗੀ, ਭਾਈ ਗੁਰਦਾਸ ਸਹੁਰਿਆਂ ਦੇ ਘਰ ਸਾਹਮਣੇ ਹੀ ਸਮਾਧੀ ਵਿੱਚ ਲੀਨ ਹੋ ਗਏ। ਕੁਝ ਸਮੇਂ ਮਗਰੋਂ ਲੜਕੀ ਦੇ ਮਾਪੇ ਆਪਣੀ ਪੁੱਤਰੀ ਨੂੰ ਭਾਈ ਗੁਰਦਾਸ ਨਾਲ ਭੇਜਣ ਲਈ ਮੰਨ ਗਏ ਪਰ ਭਾਈ ਗੁਰਦਾਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਹੁਣ ਉਹਨਾਂ ਨੇ ਦੁਨਿਆਵੀ ਜੀਵਨ ਤਿਆਗ ਦਿੱਤਾ ਹੈ। ਉਨ੍ਹਾਂ ਦੀ ਯਾਦ ਵਿੱਚ ਉੱਥੇ ਇੱਕ ਸਮਾਧ ਬਣਾਈ ਗਈ ਜਿਥੇ ਹਰ ਸਾਲ ਮਾਰਚ - ਅਪ੍ਰੈਲ ਵਿੱਚ ਭਾਰੀ ਮੇਲਾ ਲੱਗਦਾ ਹੈ। ਬਹੁਗਿਣਤੀ ਲੋਕ ਮੇਲਾ ਦੇਖਣ ਆਉਂਦੇ ਹਨ ਅਤੇ ਸਮਾਧ ਉਪਰ ਲੱਡੂ ਅਤੇ ਕੁੜ ਦਾ ਪ੍ਰਸ਼ਾਦ ਚੜ੍ਹਾਇਆ ਜਾਂਦਾ ਹੈ।

ਬੁਢਲਾਡਾ: ਇਸ ਸ਼ਹਿਰ ਦਾ ਨਾਮ ਬੁੱਢਾ ਅਤੇ ਲੱਛਾ ਨਾਂ ਦੇ ਦੋ ਖਤਰੀ ਭਰਾਵਾਂ ਦੇ ਨਾਮ ਦੇ ਪਿਆ।

ਸਰਦੂਲਗੜ੍ਹ: ਸਰਦੂਲਗੜ੍ਹ ਦਾ ਪੁਰਾਣਾ ਨਾਮ ਰੋਰੀ ਧੂਦਲ ਸੀ। ਆਜ਼ਾਦੀ ਤੋਂ ਪਹਿਲਾਂ, ਇਹ ਰਿਆਸਤੀ ਸ਼ਹਿਰ ਪਟਿਆਲਾ ਦਾ ਹਿੱਸਾ ਸੀ। ਮਹਾਰਾਜਾ ਪਟਿਆਲਾ ਦੇ ਸਪੁੱਤਰ ਸ੍ਰ: ਸਰਦੂਲ ਸਿੰਘ ਇੱਥੇ ਸ਼ਿਕਾਰ ਖੇਡਣ ਆਇਆ ਸੀ। ਉਸ ਦੇ ਨਾਂ ਪਿੱਛੋ ਇਸ ਥਾਂ ਦਾ ਨਾਂ ਰੋਰੀ ਧੂਦਲ ਤੋਂ ਬਦਲਕੇ ਸਰਦੂਲਗੜ੍ਹ ਪੈ ਗਿਆ।

ਸਾਰਣੀ 9-4 **ਜ਼ਿਲ੍ਹਾ ਮਾਨਸਾ**

ਹੋਂਦ ਵਿੱਚ ਆਇਆ	13 ਅਪ੍ਰੈਲ, 1992
ਭਾਗ ਹੈ	ਫਰੀਦਕੋਟ ਡਵੀਜ਼ਨ ਦਾ
ਗੁਆਂਢੀ ਜ਼ਿਲ੍ਹੇ	ਸੰਗਰੂਰ, ਬਰਨਾਲਾ, ਬਠਿੰਡਾ
ਤਹਿਸੀਲਾਂ	ਮਾਨਸਾ, ਬੁਢਲਾਡਾ ਅਤੇ ਸਰਦੂਲਗੜ
ਮਾਨਸਾ ਦੇ ਬਾਨੀ	ਭਾਈ ਗੁਰਦਾਸ
ਮੁੱਖ ਤੌਰ ਤੇ ਜਾਣਿਆ ਜਾਂਦਾ ਹੈ	ਸਫੈਦ ਸੋਨੇ ਦਾ ਖੇਤਰ
ਊਰਜਾ ਪਲਾਂਟ	ਤਲਵੰਡੀ ਸਾਬੋ ਥਰਮਲ ਪਾਵਰ ਪਲਾਂਟ (ਪਿੰਡ ਬਾਨਾਵਾਲਾ, ਜ਼ਿਲ੍ਹਾ ਮਾਨਸਾ)
ਦਰਜਾਬੰਦੀ	ਕੁੱਲ ਪੁਰਸ਼ ਅਤੇ ਇਸਤਰੀ ਸਾਖਰਤਾ ਦਰ ਦੇ ਸੰਦਰਭ ਵਿੱਚ ਸਭ ਤੋਂ ਘੱਟ ਸਾਖਰ ਜ਼ਿਲ੍ਹਾ।

ਡਿਵੀਜ਼ਨ- ਫਿਰੋਜ਼ਪੁਰ:

ਜ਼ਿਲ੍ਹਾ ਫਿਰੋਜ਼ਪੁਰ

ਸਥਾਪਨਾ: 1833 ਈ: ਵਿੱਚ ਇਹ ਬਤੌਰ ਜ਼ਿਲ੍ਹਾ ਸਦਰ ਮੁਕਾਮ ਸਥਾਪਿਤ ਹੋਇਆ। ਇਹ ਜ਼ਿਲ੍ਹਾ ਬਰਤਾਨਵੀ ਰਾਜ ਦਾ ਸਭ ਤੋਂ ਪੁਰਾਣਾ ਜ਼ਿਲ੍ਹਾ ਹੈ। ਇਹ ਜ਼ਿਲ੍ਹਾ ਲੁਧਿਆਣਾ ਅਤੇ ਅੰਮ੍ਰਿਤਸਰ ਵਰਗੇ ਜਿਲ੍ਹਿਆਂ ਤੋਂ ਵੀ ਕਈ ਸਾਲ ਪੁਰਾਤਨ ਹੈ। 1947 ਈ: ਵਿੱਚ ਭਾਰਤ ਵੰਡ ਮਗਰੋਂ ਵੀ ਇਸ ਵਿੱਚ ਬਹੁਤ ਸਾਰੇ ਖੇਤਰ ਸ਼ਾਮਿਲ ਸਨ ਜਿੰਨ੍ਹਾਂ ਦਾ ਬਾਅਦ ਵਿੱਚ ਪੁਨਰ ਸੰਗਠਨ ਕੀਤਾ ਗਿਆ। ਇਹ ਖੇਤਰ ਮੋਗਾ, ਮੁਕਤਸਰ, ਫਰੀਦਕੋਟ, ਬਠਿੰਡਾ ਅਤੇ ਫਾਜ਼ਿਲਕਾ ਜਿਲ੍ਹਿਆਂ ਦੇ ਹਿੱਸੇ ਬਣੇ।

ਭੂਗੋਲਿਕ ਸਥਿਤੀ: ਜ਼ਿਲ੍ਹਾ ਫਿਰੋਜ਼ਪੁਰ ਭਾਰਤ-ਪਕਿ ਸੀਮਾ ਉੱਪਰ ਸਥਿਤ ਹੈ। ਇਸ ਤੇ ਦੱਖਣ ਵਿੱਚ ਫਰੀਦਕੋਟ, ਮੁਕਤਸਰ ਅਤੇ ਫਾਜ਼ਿਲਕਾ ਜ਼ਿਲ੍ਹੇ ਹਨ। ਪੂਰਬ ਵਿੱਚ ਜ਼ਿਲ੍ਹਾ ਮੋਗਾ, ਉੱਤਰ-ਪੂਰਬ ਵਿੱਚ ਕਪੂਰਥਲਾ ਅਤੇ ਜਲੰਧਰ ਅਤੇ ਉੱਤਰ ਵਿੱਚ

Scanned with CamScanner

ਜ਼ਿਲ੍ਹਾ ਤਰਨਤਾਰਨ ਸਥਿਤ ਹਨ।

2011 ਦੀ ਜਨਗਣਨਾ ਤੇ ਆਧਾਰਿਤ, ਜ਼ਿਲ੍ਹੇ ਦੀ ਜਨਸੰਖਿਆ 20,29,074 ਹੈ। ਜਨਸੰਖਿਆ ਘਣਤਾ 381 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 893 ਹੈ ਅਤੇ ਇਸ ਜ਼ਿਲ੍ਹੇ ਦੇ 68.92% ਲੋਕ ਸਾਖਰ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨ ਦੇ ਮੱਦੇਨਜ਼ਰ, ਜ਼ਿਲ੍ਹਾ ਫਿਰੋਜ਼ਪੁਰ ਤਿੰਨ ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ: 1) ਫਿਰੋਜ਼ਪੁਰ 2) ਜੀਰਾ 3) ਗੁਰੂ ਹਰ ਸਹਾਏ (2011 ਵਿੱਚ ਨਵਾਂ ਬਣਿਆ)।

ਪਹਿਲਾਂ ਜਲਾਲਾਬਾਦ, ਫਾਜ਼ਿਲਕਾ ਅਤੇ ਅਬੋਹਰ ਵੀ ਜ਼ਿਲ੍ਹਾ ਫਿਰੋਜ਼ਪੁਰ ਦਾ ਭਾਗ ਸਨ। ਪਰ ਕੁਝ ਅਰਸੇ ਪਹਿਲਾ ਸੰਨ 2011 ਵਿੱਚ ਫਾਜ਼ਿਲਕਾ ਨੂੰ ਜ਼ਿਲ੍ਹਾ ਬਣਾ ਦਿੱਤਾ ਗਿਆ। ਜਿਸ ਵਿੱਚ ਤਿੰਨ ਤਹਿਸੀਲਾਂ ਫਾਜ਼ਿਲਕਾ, ਜਲਾਲਾਬਾਦ ਅਤੇ ਅਬੋਹਰ ਹਨ।

ਫਿਰੋਜ਼ਪੁਰ: ਇਸ ਸ਼ਹਿਰ ਦੀ ਸਥਾਪਨਾ 14ਵੀਂ ਸਦੀ ਵਿੱਚ ਫਿਰੋਜ਼ਸ਼ਾਹ ਤੁਗਲਕ ਨੇ ਕੀਤੀ। ਜਿਸ ਬਾਰੇ ਮੰਨਿਆ ਜਾਂਦਾ ਹੈ ਉਹ ਨਵੇਂ ਸ਼ਹਿਰ ਵਸਾਉਣ ਦਾ ਸ਼ੌਕੀਨ ਸੀ। ਫਿਰੋਜ਼ਪੁਰ ਨੂੰ ਸ਼ਹੀਦਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਤਿੰਨ ਸੂਰਮੇ – ਸ਼ਹੀਦ ਭਗਤ ਸਿੰਘ, ਸ਼ਹੀਦ ਰਾਜ ਗੁਰੂ ਅਤੇ ਸ਼ਹੀਦ ਸੁਖਦੇਵ ਦੀ ਕਬਰ ਫਿਰੋਜ਼ਪੁਰ ਵਿੱਚ ਹੀ ਸਤਲੁਜ ਦਰਿਆ ਦੇ ਕੰਢੇ ਸਥਾਪਿਤ ਹੈ। 23 ਮਾਰਚ, 1931 ਨੂੰ ਦੇਸ਼-ਵਿਆਪੀ ਰੋਹ ਦੇ ਬਾਵਜੂਦ ਇੰਨਾਂ ਸੂਰਮਿਆਂ ਨੂੰ ਮੌਤ ਦੀ ਸਜਾ ਦਿੱਤੀ ਗਈ ਅਤੇ ਚੋਰੀ ਛੁਪੇ ਇੰਨਾਂ ਦੀਆਂ ਲਾਸ਼ਾਂ ਦਬਾ ਦਿੱਤੀਆਂ ਗਈਆਂ, ਉਸੇ ਥਾਂ 'ਤੇ ਅੱਜ ਸ਼ਹੀਦ ਭਗਤ ਸਿੰਘ ਮੈਮੋਰੀਅਲ ਬਣਿਆ ਹੋਇਆ ਹੈ ਅਤੇ ਹਰ ਸਾਲ 23 ਮਾਰਚ ਨੂੰ ਹਜਾਰਾਂ ਲੋਕ ਇੰਨਾਂ ਸੂਰਮਿਆਂ ਨੂੰ ਸ਼ਰਧਾਂਜਲੀ ਦੇਣ ਲਈ ਇੱਕਠੇ ਹੁੰਦੇ ਹਨ।

ਜੀਰਾ: ਜ਼ਿਲ੍ਹਾ ਫਿਰੋਜ਼ਪੁਰ ਦੀ ਇਹ ਤਹਿਸੀਲ 105 ਫੁੱਟ ਉੱਚੇ ਸ੍ਰੀ ਪਰਸਵਨਾਥ ਜੈਨ ਮੰਦਿਰ (ਜੋ ਕਿ 1890 ਵਿੱਚ ਬਣਿਆ ਸੀ) ਲਈ ਮਸ਼ਹੂਰ ਹੈ। ਕੰਧਾਂ ਤੇ ਅੰਕਿਤ ਚਿੱਤਰ-ਕਲਾਵਾਂ ਜੈਨ ਪੈਰੋਕਾਰਾਂ ਦੀ ਜੀਵਨ ਸ਼ੈਲੀ ਤੇ ਚਾਨਣਾ ਪਾਉਂਦੀਆਂ ਹਨ।

ਗੁਰੂ ਹਰ ਸਹਾਏ: ਇਸ ਨੂੰ 2011 ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੀ ਤੀਜੀ ਤਹਿਸੀਲ ਬਣਾਇਆ ਗਿਆ। ਇੱਥੇ ਮਾਤਾ ਜੱਜੋਲ ਅਤੇ ਮਾਤਾ ਹੰਸਾਂਵਾਲੀ ਦੇ ਮੰਦਿਰ ਵਿੱਚ ਸਾਲ 'ਚ ਦੋ ਵਾਰੀ ਮੇਲਾ ਲੱਗਦਾ ਹੈ।

ਦੇਖਣਯੋਗ ਥਾਂਵਾਂ:

1. **ਐਂਗਲੋ ਸਿੱਖ ਵਾਰ ਮੈਮੋਰੀਅਲ:**– ਇਹ ਉਨ੍ਹਾਂ ਬਹਾਦਰ ਪੰਜਾਬੀਆਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਬਣਾਇਆ ਗਿਆ ਜਿੰਨ੍ਹਾਂ ਨੇ ਮੁਦਕੀ, ਫਿਰੋਜ਼ਪੁਰ, ਸਭਰਾਓ ਅਤੇ ਚੇਲੀਆਂ ਵਾਲਾ ਵਿਖੇ ਬਰਤਾਨਵੀ ਫੌਜਾਂ ਵਿਰੁੱਧ ਲੜਦਿਆਂ ਆਪਣੀਆਂ ਜਾਨਾਂ ਵਾਰ ਦਿੱਤੀਆਂ।
2. **ਸਾਰਾਗੜ੍ਹੀ ਗੁਰਦੁਆਰਾ:**– ਇਹ ਉਨ੍ਹਾਂ 21 ਸਿੱਖ ਸਿਪਾਹੀਆਂ ਦੀ ਸ਼ਹਾਦਤ ਦੀ ਯਾਦ ਵਿੱਚ ਬਣਾਇਆ ਗਿਆ। ਜਿੰਨਾਂ ਨੇ ਬਲੋਚਿਸਤਾਨ, ਸਾਰਾਗੜ੍ਹੀ ਵਿੱਚ ਮੌਤ ਨੂੰ ਗਲ ਨਾਲ ਲਗਾਇਆ ਸੀ। ਹਰ ਸਾਲ 12 ਸਤੰਬਰ ਨੂੰ, ਲੋਕ ਇੰਨ੍ਹਾਂ ਸੂਰਮਿਆਂ ਨੂੰ ਸ਼ਰਧਾਜ਼ਲੀ ਦੇਣ ਲਈ ਇਕੱਠੇ ਹੁੰਦੇ ਹਨ ਅਤੇ ਸਾਰਾਗੜ੍ਹੀ ਦਿਵਸ ਮਨਾਇਆ ਜ਼ਾਂਦਾ ਹੈ।
3. **ਬਾਰਕੀ ਮੈਮੋਰੀਅਲ:**– ਇਹ ਮੈਮੋਰੀਅਲ 1969 ਵਿੱਚ ਉਨ੍ਹਾਂ ਸਿਪਾਹੀਆਂ ਦੀ ਯਾਦ ਵਿੱਚ ਬਣਾਇਆ ਗਿਆ, ਜਿੰਨਾਂ ਨੇ 1965 ਵਿੱਚ ਜੰਗ ਦੇ ਮੈਦਾਨ ਵਿੱਚ ਅਦੁੱਤੀ ਸ਼ਹਾਦਤ ਪਾਈ ਅਤੇ ਲਾਹੌਰ ਤੋਂ 15 ਮੀਲ ਦੂਰ ਪੂਰਬ-ਦੱਖਣ ਵਿੱਚ ਵਸੇ ਸ਼ਹਿਰ ਬਾਰਕੀ ਨੂੰ ਤਹਿਸ-ਨਹਿਸ ਕਰ ਦਿੱਤਾ। ਇਹ ਮੈਮੋਰੀਅਲ ਹੁਣ ਸਾਰਾਗੜ੍ਹੀ ਕੰਪਲੈਕਸ ਦਾ ਹਿੱਸਾ ਹੈ।
4. **ਕੌਮੀ ਸ਼ਹੀਦੀ ਮੈਮੋਰੀਅਲ ਹੁਸੈਨੀਵਾਲਾ:**– ਇਹ ਮੈਮੋਰੀਅਲ ਕੌਮੀ ਸ਼ਹੀਦ, ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸਦੀਵੀ ਬਲਦੀ ਇਨਕਲਾਬੀ ਸੋਚ ਦੀ ਮਸ਼ਾਲ ਨੂੰ ਦਰਸਾਉਂਦਾ ਹੈ। ਜਿੰਨ੍ਹਾਂ ਨੇ ਆਪਣੀ ਮਾਂਭੂਮੀ ਦੀ ਆਜ਼ਾਦੀ ਲਈ

Scanned with CamScanner

ਆਪਣੀ ਜਾਨ ਦੀ ਬਾਜ਼ੀ ਲਗਾ ਦਿੱਤੀ ਅਤੇ ਆਜ਼ਾਦੀ ਦੀ ਅਮਰ ਜਵਾਲਾ ਉੱਜਵਲ ਕੀਤੀ।

ਸਾਰਣੀ 9.5

ਫਿਰੋਜ਼ਪੁਰ

ਹੋਂਦ ਵਿੱਚ ਆਇਆ	1833
ਭਾਗ	ਫਿਰੋਜ਼ਪੁਰ ਡਵੀਜ਼ਨ
ਗੁਆਂਢੀ ਜ਼ਿਲ੍ਹੇ	ਫਾਜ਼ਿਲਕਾ, ਮੁਕਤਸਰ, ਫਰੀਦਕੋਟ, ਮੋਗਾ, ਕਪੂਰਥਲਾ ਅਤੇ ਤਰਨਤਾਰਨ
ਤਹਿਸੀਲਾਂ	ਜ਼ੀਰਾ, ਫਿਰੋਜ਼ਪੁਰ ਅਤੇ ਗੁਰੂ ਹਰਸਹਾਏ (ਨਵ ਨਿਰਮਿਤ)
ਬਾਨੀ	ਫਿਰੋਜ਼ਸ਼ਾਹ ਤੁਗ਼ਲਕ
ਜਾਣਿਆ ਜਾਂਦਾ ਹੈ	ਸ਼ਹੀਦਾਂ ਦੀ ਧਰਤੀ
ਦੇਖਣ ਯੋਗ ਸਥਾਨ	ਫਿਰੋਜ਼ਸ਼ਾਹ ਵਿਖੇ ਐਂਗਲੋ ਸਿੱਖ ਵਾਰ-ਮੈਮੋਰੀਅਲ, ਸਾਰਾਗੜੀ ਗੁਰਦੁਆਰਾ, ਬਾਰਕੀ ਯਾਦਗਾਰ, ਕੌਮੀ ਸ਼ਹੀਦੀ ਯਾਦਗਾਰ, ਹੁਸੈਨੀਵਾਲਾ

ਜ਼ਿਲ੍ਹਾ ਫਾਜ਼ਿਲਕਾ

ਸਥਾਪਨਾ: ਫਿਰੋਜ਼ਪੁਰ ਵਿੱਚੋਂ 27 ਜੂਨ 2011 ਨੂੰ ਬਣਿਆ ਇਹ ਜ਼ਿਲ੍ਹਾ ਪੰਜਾਬ ਦਾ 22ਵਾਂ ਜ਼ਿਲ੍ਹਾ ਹੈ।

ਭੂਗੋਲਿਕ ਸਥਿਤੀ: ਇਹ ਜ਼ਿਲ੍ਹਾ, ਰਾਜ ਦੇ ਦੱਖਣ-ਪੱਛਮੀ ਖੇਤਰ ਵਿੱਚ ਸਥਿਤ ਹੈ। ਇਸ ਦੇ ਉਤਰੀ ਹਿੱਸੇ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਅਤੇ ਪੂਰਬੀ ਦਿਸ਼ਾ ਵਿੱਚ ਜ਼ਿਲ੍ਹਾ ਮੁਕਤਸਰ ਸਥਿਤ ਹੈ। ਦੱਖਣ ਵਿੱਚ ਇਹ ਜ਼ਿਲ੍ਹਾ ਰਾਜਸਥਾਨ ਨਾਲ ਲੱਗਦਾ ਹੈ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨਿਕ ਆਧਾਰ ਤੇ ਜ਼ਿਲ੍ਹਾ ਫਾਜ਼ਿਲਕਾ ਨੂੰ ਤਿੰਨ ਤਹਿਸੀਲਾਂ ਵਿੱਚ ਵੰਡਿਆ ਗਿਆ ਹੈ: 1) ਫਾਜ਼ਿਲਕਾ 2) ਜਲਾਲਾਬਾਦ 3) ਅਬੋਹਰ।

ਤਿੰਨ ਉਪ ਤਹਿਸੀਲਾਂ ਦੇ ਨਾਂ ਹਨ: ਅਰਨੀਵਾਲਾ ਸ਼ੇਖਸੁਭਾਨ, ਸੀਤੋ ਗੁੰਨੋਂ, ਖੂਈਆ ਸਰਵਰ।

ਫਾਜ਼ਿਲਕਾ: 164 ਸਾਲ ਪੁਰਾਣੇ ਇਸ ਸ਼ਹਿਰ ਨੂੰ ਬੰਗਲਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਖੇਤਰ ਦਾ ਪਹਿਲਾ ਰਾਜਨੀਤਿਕ ਅਫ਼ਸਰ ਵੈਨਜ਼ ਐਗਨਿਊ ਸੀ। ਉਸ ਨੇ ਘੋੜੇ ਦੇ ਖੁਰ ਰੂਪੀ ਝੀਲ ਦੇ ਨੇੜੇ ਬੁੱਧਾ ਵਿਖੇ ਇੱਕ ਬੰਗਲਾ ਬਣਾਇਆ ਸੀ। ਉਦੋਂ ਤੋਂ ਹੀ ਇਸ ਥਾਂ ਦਾ ਨਾਂ ਬੰਗਲਾ ਪੈ ਗਿਆ। ਇਸ ਦੀ ਸਥਾਪਨਾ ਵੈਨਜ਼ ਐਗਨਿਊ ਨੇ ਕੀਤੀ ਸੀ। ਪਰ ਇਸ ਜ਼ਮੀਨ ਦਾ ਅਸਲ ਮਾਲਕ ਮੀਆਂ ਫਜ਼ਲ ਵੱਟੂ ਸੀ। ਇਸੇ ਕਾਰਨ ਸੰਨ 1877 ਈ: ਵਿੱਚ ਵੈਨਜ਼ ਐਗਨਿਊ ਦੀ ਪੀੜ੍ਹੀ ਨੇ ਪੰਚਾਇਤੀ ਫੰਡ ਵਿੱਚੋਂ 144 ਰੁਪਏ ਅੱਠ ਆਨੇ ਦੀ ਕੀਮਤ ਵੈਨਸ ਐਗਕਿਊ ਦੀ ਪੀੜੀ ਨੂੰ ਅਦਾ ਕਰਕੇ, ਇਸ ਥਾਂ ਦਾ ਨਾਮ ਮੀਆਂ ਫਜ਼ਲ ਵੱਟੂ ਦੇ ਨਾਮ ਉੱਤੇ ਬਦਲ ਕੇ ਫਾਜ਼ਿਲਕਾ ਰੱਖ ਦਿੱਤਾ ਗਿਆ।

ਫਾਜ਼ਿਲਕਾ ਰਾਜ ਦੇ ਚਾਵਲ ਅਤੇ ਨਰਮੇ ਦੇ ਵਧੇਰੇ ਉਤਪਾਦਨ ਵਾਲੇ ਖੇਤਰ ਵਿੱਚ ਸਥਿਤ ਹੈ ਅਤੇ ਭਾਰਤ ਦੇ ਪ੍ਰਮੁੱਖ ਚੌਲ ਨਿਰਯਾਤ ਕਰਨ ਵਾਲੇ ਕੇਂਦਰਾਂ ਵਿੱਚੋਂ ਇੱਕ ਹੈ। ਅਣਵੰਡੇ ਪੰਜਾਬ ਵਿੱਚ ਇਹ ਸ਼ਹਿਰ ਉੱਨ ਦਾ ਸਭ ਤੋਂ ਵੱਡਾ ਬਾਜ਼ਾਰ ਸੀ।

ਜਲਾਲਾਬਾਦ: ਨਵਾਬ ਕੁੱਤਬੁ-ਉਦ-ਦੀਨ ਨੂੰ ਹਰਾਉਣ ਪਿੱਛੋਂ, ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਮਾਮੂਲੀ ਕੀਮਤ ਅਦਾ ਕਰ ਕੇ ਮਮਦੋਟ ਨੂੰ ਆਪਣੀ ਜਾਗੀਰ ਦੇ ਰੂਪ ਵਿੱਚ ਰੱਖਣ ਦੀ ਆਗਿਆ ਦੇ ਦਿੱਤੀ। ਮਮਦੋਟ ਦੇ ਨਵਾਬ ਨੇ ਹੀ ਆਪਣੀ ਰਾਜਧਾਨੀ ਦੇ ਰੂਪ ਵਿੱਚ ਜਲਾਲਾਬਾਦ ਦੀ ਸਥਾਪਨਾ ਕੀਤੀ। ਇਸ ਸਥਾਨ ਦਾ ਨਾਮ, ਨਵਾਬ ਕੁੱਤੁਬ-ਉਦ-ਦੀਨ ਦੇ ਪੁੱਤਰ-ਨਵਾਬ ਜਲਾਲੁਦੀਨ ਖਾਨ ਦੇ ਨਾਮ ਉੱਤੇ ਪਿਆ।

ਅਬੋਹਰ: ਇਸ ਪੁਰਾਤਨ ਸ਼ਹਿਰ ਦਾ ਵਰਣਨ ਇਬਨ ਬਤੂਤਾ (ਇੱਕ ਮਿਸ਼ਰ ਯਾਤਰੀ) ਨੇ 1341 ਏ.ਡੀ. ਵਿੱਚ

Scanned with CamScanner

(ਮੁਲਤਾਨ-ਦਿੱਲੀ ਰਾਹ ਤੇ ਪੈਂਦੇ) ਹਿੰਦੁਸਤਾਨ ਦੇ ਸਭ ਤੋਂ ਪਹਿਲੇ ਸ਼ਹਿਰ ਵੱਜੋਂ ਕੀਤਾ। ਭਾਰਤ ਵਿੱਚ ਅਬੋਹਰ, ਨਰਮੇ ਦਾ ਸਭ ਤੋਂ ਵੱਡਾ ਵਪਾਰਕ ਕੇਂਦਰ ਹੈ। ਆਪਣੀਆਂ ਨਿੰਬੂ ਪ੍ਰਜਾਤੀ ਦੀਆਂ ਵਿਲੱਖਣ ਕਿਸਮਾਂ ਕਾਰਨ ਇਸ ਨੂੰ 'ਪੰਜਾਬ ਦਾ ਕੈਲੀਫਰੋਨੀਆ' ਵੀ ਕਿਹਾ ਜਾਂਦਾ ਹੈ।

ਸਾਰਣੀ 9.6 ਫਾਜ਼ਿਲਕਾ

ਹੋਂਦ ਵਿੱਚ ਆਇਆ	27th ਜੁਲਾਈ 2011 (22ਵਾਂ ਜ਼ਿਲ੍ਹਾ)
ਭਾਗ	ਫਿਰੋਜ਼ਪੁਰ ਡਵੀਜ਼ਨ
ਗੁਆਂਢੀ ਜ਼ਿਲ੍ਹੇ	ਮੁਕਤਸਰ ਅਤੇ ਫਿਰੋਜ਼ਪੁਰ
ਤਹਿਸੀਲਾਂ	ਜਲਾਲਾਬਾਦ, ਫਾਜ਼ਿਲਕਾ ਅਤੇ ਅਬੋਹਰ
ਸਥਾਪਿਤ ਕੀਤਾ	ਵੈਨਜ਼ ਐਗਨਿਊ
ਫਾਜ਼ਿਲਕਾ - ਨਾਮ ਦਾ ਸ੍ਰੋਤ	ਮੀਆ ਫਾਜ਼ਿਲ ਵਟੂ

ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ

ਸਥਾਪਨਾ: 1995 ਈ: ਵਿੱਚ ਸ੍ਰੀ ਮੁਕਤਸਰ ਸਾਹਿਬ ਨੂੰ, ਜ਼ਿਲ੍ਹਾ ਫਰੀਦਕੋਟ ਦੀ ਉਪ-ਤਹਿਸੀਲ ਨੂੰ ਵੱਖਰਾ ਕਰਕੇ ਨਵਾਂ ਜ਼ਿਲ੍ਹਾ ਬਣਾਇਆ ਗਿਆ।

ਭੂਗੋਲਿਕ ਸਥਿਤੀ: ਇਹ ਜ਼ਿਲ੍ਹਾ, ਪੰਜਾਬ ਦੇ ਦੱਖਣ-ਪੱਛਮੀ ਹਿੱਸੇ ਵਿੱਚ ਸਥਿਤ ਹੈ। ਇਸ ਦੇ ਦੱਖਣ ਵਿੱਚ ਹਰਿਆਣਾ ਅਤੇ ਰਾਜਸਥਾਨ, ਉੱਤਰ ਵਿੱਚ ਜ਼ਿਲ੍ਹਾ ਫਰੀਦਕੋਟ ਜ਼ਿਲ੍ਹਾ ਅਤੇ ਫਿਰੋਜ਼ਪੁਰ, ਪੱਛਮ ਵਿੱਚ ਜ਼ਿਲ੍ਹਾ ਫਾਜ਼ਿਲਕਾ ਅਤੇ ਪੂਰਬ ਵਿੱਚ ਜ਼ਿਲ੍ਹਾ ਬਠਿੰਡਾ ਸਥਿਤ ਹਨ।

2011 ਦੀ ਜਨਗਣਨਾ ਤੇ ਆਧਾਰਿਤ, ਇਸ ਜ਼ਿਲ੍ਹੇ ਦੀ ਜਨਸੰਖਿਆ 9,01,896 ਹੈ। ਜਨਸੰਖਿਆ ਘਣਤਾ 348 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਲਿੰਗ ਅਨੁਪਾਤ 896 ਹੈ ਅਤੇ ਇਸ ਜ਼ਿਲ੍ਹੇ ਦੇ 65.81% ਲੋਕ ਸਾਖਰ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨਿਕ ਸਹੂਲਤ ਲਈ ਜ਼ਿਲ੍ਹਾ ਮੁਕਤਸਰ ਨੂੰ ਤਿੰਨ ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ: 1) ਸ੍ਰੀ ਮੁਕਤਸਰ ਸਾਹਿਬ, 2) ਗਿੱਦੜਬਾਹਾ 3) ਮਲੋਟ

ਸ੍ਰੀ ਮੁਕਤਸਰ ਸਾਹਿਬ: ਸ੍ਰੀ ਮੁਕਤਸਰ ਸਾਹਿਬ, ਸਿੱਖ ਧਰਮ ਨਾਲ ਸਬੰਧਿਤ ਇੱਕ ਮਹੱਤਵਪੂਰਨ ਇਤਿਹਾਸਿਕ ਸਥਾਨ ਹੈ। ਇਸੇ ਹੀ ਥਾਂ ਤੇ ਗੁਰੂ ਗੋਬਿੰਦ ਸਿੰਘ ਜੀ ਨੇ 1705 ਏ.ਡੀ. ਵਿੱਚ ਮੁਗਲਾਂ ਦੇ ਵਿਰੁੱਧ ਆਪਣੀ ਅੰਤਿਮ ਲੜਾਈ ਲੜੀ ਸੀ। ਇਸ ਲੜਾਈ ਦੇ ਦੌਰਾਨ ਗੁਰੂ ਜੀ ਦੇ 40 ਚੇਲੇ ਜਿੰਨ੍ਹਾਂ ਨੂੰ 40 ਮੁਕਤਿਆਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਨੇ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ ਸਨ। ਇਹ ਉਹੀ 40 ਸਿੱਖ ਸਨ ਜਿੰਨ੍ਹਾ ਨੇ ਮੁਗਲ ਹਮਲੇ ਮਗਰੋਂ, ਗੁਰੂ ਸਾਹਿਬ ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨ ਲਈ ਕਿਹਾ ਸੀ। ਉਦੋਂ ਗੁਰੂ ਜੀ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਜੇਕਰ ਉਹ ਚਾਹੁੰਦੇ ਹਨ ਤਾਂ ਉਹ ਗੁਰੂ ਜੀ ਦਾ ਸਾਥ ਛੱਡ ਕੇ ਜਾ ਸਕਦੇ ਹਨ। ਪਰ ਉਹ ਲਿਖਤੀ ਰੂਪ ਵਿੱਚ ਦੇ ਕੇ ਜਾਣ ਕਿ 'ਮੈਂ ਉਹਨਾਂ ਦਾ ਗੁਰੂ ਨਹੀਂ ਅਤੇ ਉਹ ਮੇਰੇ ਸਿੱਖ ਨਹੀਂ।' ਗੁਰੂ ਜੀ ਦਾ ਸਾਥ ਛੱਡਣ ਮਗਰੋਂ ਜਦੋਂ ਉਹ ਪੰਜਾਬ ਦੇ ਮਾਝੇ ਖੇਤਰ ਵਿੱਚ ਪਹੁੰਚੇ ਤਾਂ ਉਹਨਾਂ ਦੇ ਪਰਿਵਾਰਾਂ ਨੇ ਉਹਨਾਂ ਨੂੰ ਲਾਹਣਤਾ ਪਾਈਆਂ ਕਿਉਂਕਿ ਉਹਨਾਂ ਨੇ ਔਖੀ ਘੜੀ ਵਿੱਚ ਗੁਰੂ ਜੀ ਦਾ ਸਾਥ ਛੱਡ ਦਿੱਤਾ ਸੀ। ਉਹਨਾਂ ਨੂੰ ਬਹੁਤ ਸ਼ਰਮਿੰਦਗੀ ਝੱਲਣੀ ਪਈ ਅਤੇ ਨਮੋਸ਼ੀ ਕਾਰਨ ਉਹ ਮੁੜ ਗੁਰੂ ਜੀ ਕੋਲ ਨਾਂ ਜਾ ਸਕੇ।

Scanned with CamScanner

ਇਹ ਜਾਣਕਾਰੀ ਮਿਲਦੇ ਹੀ ਕਿ ਗੁਰੂ ਜੀ ਮੁਕਤਸਰ ਸਾਹਿਬ ਵਿੱਚ ਹਨ, ਇਹ ਸਿੱਖ ਭਾਈ ਮਹਾਨ ਸਿੰਘ ਦੀ ਅਗਵਾਈ ਹੇਠ, ਸਿੱਖ ਇਤਿਹਾਸ ਦੀ ਇੱਕ ਅਦੁੱਤੀ ਨਾਰੀ ਮਾਈ ਭਾਗੋ ਨੂੰ ਨਾਲ ਲੈ ਕੇ ਗੁਰੂ ਜੀ ਦੀ ਸਹਾਇਤਾ ਲਈ ਆਪਣੇ ਘਰਾਂ ਤੋਂ ਨਿਕਲ ਪਏ। ਉਸ ਸਮੇਂ ਮੁਗਲ ਫੌਜਾਂ ਗੁਰੂ ਜੀ ਦੀ ਭਾਲ ਕਰ ਰਹੀਆਂ ਸਨ। ਖਿਦਰਾਣੇ ਦੀ ਢਾਬ ਨੇੜੇ ਘਮਾਸਾਣ ਦੀ ਜੰਗ ਹੋਈ। ਇਹ 40 ਸਿੱਖ ਗੁਰੂ ਜੀ ਲਈ ਬਹਾਦਰੀ ਨਾਲ ਲੜੇ ਅਤੇ ਸ਼ਹੀਦੀ ਪਾ ਗਏ। ਇਸ ਜੰਗ ਵਿੱਚ ਸਿੱਖਾਂ ਦੀ ਜਿੱਤ ਹੋਈ। ਮੁਗਲ ਫੌਜਾਂ ਮੈਦਾਨ ਛੱਡ ਕੇ ਭੱਜ ਗਈਆਂ। ਜੰਗ ਖਤਮ ਹੋਣ ਪਿੱਛੋਂ ਜਦੋਂ ਗੁਰੂ ਜੀ ਜੰਗ ਦੇ ਮੈਦਾਨ ਵਿੱਚ ਗਏ ਤਾਂ ਉਸ ਸਮੇਂ ਭਾਈ ਮਹਾਨ ਸਿੰਘ ਆਪਣੇ ਅਖੀਰੀ ਸਾਹ ਲੈ ਰਿਹਾ ਸੀ। ਗੁਰੂ ਜੀ ਨੇ ਉਸ ਦਾ ਸੀਸ ਆਪਣੇ ਹੱਥਾਂ ਵਿੱਚ ਲੈਂਦਿਆ ਉਸ ਨੂੰ ਟਿੱਬਾ ਪੁੱਛੀ ਤਾਂ ਭਾਈ ਮਹਾਨ ਸਿੰਘ ਨੇ ਗੁਰੂ ਜੀ ਨੂੰ ਉਹ ਬੇਦਾਵਾ ਫਾੜ ਸੁੱਟਣ ਦੀ ਬੇਨਤੀ ਕੀਤੀ ਜਿਸ ਉੱਪਰ ਲਿਖਿਆ ਸੀ ਕਿ ਉਹ ਗੁਰੂ ਦੇ ਸਿੱਖ ਨਹੀਂ ਅਤੇ ਗੋਬਿੰਦ ਸਿੰਘ ਉਹਨਾਂ ਦੇ ਗੁਰੂ ਨਹੀਂ। ਗੁਰੂ ਜੀ ਨੇ ਬੇਦਾਵਾ ਫਾੜ ਦਿੱਤਾ ਅਤੇ ਇਹਨਾਂ 40 ਸਿੱਖਾਂ ਨੂੰ 40 ਮੁਕਤਿਆਂ ਦਾ ਨਾਮ ਦਿੱਤਾ ਗਿਆ। ਜੰਗ ਦੇ ਮੈਦਾਨ ਤੇ ਵਸੇ ਇਸ ਸ਼ਹਿਰ ਦਾ ਨਾਮ ਇਹਨਾਂ ਸਿੱਖਾਂ ਦੇ ਨਾਮ ਤੇ ਹੀ ਸ੍ਰੀ ਮੁਕਤਸਰ ਸਾਹਿਬ ਪਿਆ। ਪੰਜਾਬ ਦਾ ਪ੍ਰਸਿੱਧ ਮੇਲਾ 'ਮਾਘੀ ਦਾ ਮੇਲਾ' ਹਰ ਸਾਲ ਲੋਹੜੀ ਤੋਂ ਅਗਲੇ ਦਿਨ, ਇਹਨਾਂ ਮੁਕਤਿਆਂ ਦੀ ਯਾਦ ਵਿੱਚ ਇੱਥੇ ਹੀ ਮਨਾਇਆ ਜਾਂਦਾ ਹੈ।

ਦੇਖਣਯੋਗ ਥਾਂਵਾਂ:

- ਗੁਰਦੁਆਰਾ ਟੁੱਟੀ-ਗੰਢੀ, ਟਿੱਬੀ ਸਾਹਿਬ, ਗੁਰਦੁਆਰਾ ਰਕਾਬ ਸਰ, ਅੰਗੂਰਾਂ ਵਾਲੀ ਮਸੀਤ, ਗੁਰਦੁਆਰਾ ਗੁਪਤਸਰ ਸਾਹਿਬ ਅਤੇ ਮੁਕਤਾ ਮੀਨਾਰ।
- ਸਿੱਖਾਂ ਦੇ ਦੂਸਰੇ ਗੁਰੂ, ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜਨਮ-ਸਥਲ ਸਰਾਈ ਨਾਗਾ ਵੀ ਇੱਥੇ ਮੁਕਤਸਰ-ਕੋਟਕਪੂਰਾ ਮੁੱਖ ਮਾਰਗ 'ਤੇ ਮੁਕਤਸਰ ਤੋਂ 15 ਕਿਲੋਮੀਟਰ ਦੀ ਦੂਰੀ 'ਤੇ ਹੀ ਹੈ।

ਮੇਲੇ ਅਤੇ ਤਿਉਹਾਰ:

1. **ਮਾਘੀ ਦਾ ਮੇਲਾ:** ਖਿਦਰਾਨੇ ਦੀ ਜੰਗ ਵਿੱਚ ਸ਼ਹਾਦਤ ਪਾ ਗਏ 40 ਮੁਕਤਿਆਂ ਦੀ ਯਾਦ ਵਿੱਚ ਹਰ ਸਾਲ ਲੋਹੜੀ ਤੋਂ ਅਗਲੇ ਦਿਨ ਇਸ ਥਾਂ ਮਾਘੀ ਦਾ ਮੇਲਾ ਭਰਦਾ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇੱਥੇ ਇਕੱਠੇ ਹੁੰਦੇ ਹਨ।
2. **ਘੋੜੀਆਂ ਦਾ ਮੇਲਾ:** ਪਿੰਡ ਲੰਮੀ ਢਾਬ ਵਿਖੇ ਮਾਘੀ ਮੇਲੇ ਤੇ ਘੋੜਿਆਂ ਦੀ ਵੱਡੀ ਮੰਡੀ ਲੱਗਦੀ ਹੈ। ਇਸ ਮੇਲੇ ਵਿੱਚ ਪੰਜਾਬ ਦੇ ਉੱਤਮ-ਨਸਲ ਦੇ ਘੋੜਿਆਂ ਦੀ ਪ੍ਰਦਰਸ਼ਨੀ ਵੀ ਲਗਾਈ ਜਾਂਦੀ ਹੈ।

ਸਾਰਣੀ 9.7

ਸ੍ਰੀ ਮੁਕਤਸਰ ਸਾਹਿਬ

ਹੋਂਦ ਵਿੱਚ ਆਇਆ	1995
ਭਾਗ	ਫਿਰੋਜ਼ਪੁਰ ਡਿਵੀਜ਼ਨ
ਗੁਆਂਢੀ ਜ਼ਿਲ੍ਹੇ	ਫਾਜ਼ਿਲਕਾ, ਬਠਿੰਡਾ, ਫਰੀਦਕੋਟ ਅਤੇ ਫਿਰੋਜ਼ਪੁਰ
ਤਹਿਸੀਲਾਂ	ਸ੍ਰੀ ਮੁਕਤਸਰ ਸਾਹਿਬ, ਮਲੋਟ ਅਤੇ ਗਿੱਦੜਬਾਹਾ
ਮੁਕਤਸਰ ਦਾ ਪੁਰਾਣਾ ਨਾਂ	ਖਿਦਰਾਣੇ ਦੀ ਢਾਬ
ਮੁਕਤਸਰ - ਨਾਮ ਦਾ ਸ੍ਰੋਤ	40 ਮੁਕਤੇ
ਦੇਖਣਯੋਗ ਸਥਾਨ	ਟੁੱਟੀ ਗੰਢੀ ਗੁਰਦੁਆਰਾ ਸਾਹਿਬ, ਟਿੱਬੀ ਸਾਹਿਬ, ਗੁਰਦੁਆਰਾ ਰਕਾਬ ਸਰ, ਅੰਗੂਰਾਂ ਵਾਲੀ ਮਸੀਤ, ਗੁਰਦੁਆਰਾ ਗੁਪਤਸਰ ਸਾਹਿਬ, ਸਰਾਈ ਨਾਗਾ ਅਤੇ ਮੁਕਤਾ ਮਿਨਾਰ
ਮੇਲਾ	ਮਾਘੀ ਮੇਲਾ (ਜਨਵਰੀ), ਘੋੜੀਆਂ ਦਾ ਮੇਲਾ
ਦਰਜਾਬੰਦੀ	ਨਿਊਨਤਮ ਵੱਸੋਂ ਘਣਤਾ

Scanned with CamScanner

ਜ਼ਿਲ੍ਹਾ ਮੋਗਾ

ਸਥਾਪਨਾ: 23 ਨਵੰਬਰ, 1995 ਨੂੰ ਸਥਾਪਿਤ ਹੋਇਆ ਇਹ ਜ਼ਿਲ੍ਹਾ ਪੰਜਾਬ ਰਾਜ ਦਾ 17ਵਾਂ ਜ਼ਿਲ੍ਹਾ ਹੈ। ਇਸ ਤੋਂ ਪਹਿਲਾ ਮੋਗਾ, ਜ਼ਿਲ੍ਹਾ ਫਰੀਦਕੋਟ ਦੀ ਉਪ-ਤਹਿਸੀਲ ਹੁੰਦਾ ਸੀ।

ਭੂਗੋਲਿਕ ਸਥਿਤੀ: ਇਸ ਦੇ ਉੱਤਰ ਵਿੱਚ ਜ਼ਿਲ੍ਹਾ ਜਲੰਧਰ ਹੈ, ਪੂਰਬ ਵਿੱਚ ਲੁਧਿਆਣਾ, ਬਰਨਾਲਾ ਅਤੇ ਬਠਿੰਡਾ ਦੱਖਣ ਵਿੱਚ ਅਤੇ ਫਰੀਦਕੋਟ ਅਤੇ ਫਿਰੋਜ਼ਪੁਰ ਪੱਛਮ ਵਿੱਚ ਸਥਿਤ ਹਨ।

2011 ਦੀ ਜਨਗਣਨਾ ਦੇ ਆਧਾਰ ਤੇ, ਜ਼ਿਲ੍ਹੇ ਦੀ ਆਬਾਦੀ 9,95,746 ਹੈ। ਜਨਸੰਖਿਆ ਘਣਤਾ 446 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 893 ਹੈ ਅਤੇ 70.68% ਲੋਕ ਸਾਖਰ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨ ਦੇ ਆਧਾਰ ਤੇ ਜ਼ਿਲ੍ਹਾ ਮੋਗਾ ਨੂੰ 4 ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ: 1) ਮੋਗਾ 2) ਬਾਘਾ ਪੁਰਾਣਾ 3) ਨਿਹਾਲ ਸਿੰਘ ਵਾਲਾ 4) ਧਰਮਕੋਟ (2011 ਵਿੱਚ ਨਵਾਂ ਬਣਿਆ)।

ਮੋਗਾ: ਇਸ ਸ਼ਹਿਰ ਦੀ ਨੀਂਹ ਗਿੱਲ ਸਮਾਜ ਦੇ ਪੂਰਵਜ ਮੋਘਾ ਸਿੰਘ ਗਿੱਲ ਨੇ ਰੱਖੀ। ਮਗਰੋਂ ਇਹ ਸ਼ਹਿਰ ਉਹਨਾਂ ਦੇ ਦੋ ਸਪੁੱਤਰਾਂ ਮੇਹਲਾਂ ਸਿੰਘ ਗਿੱਲ ਅਤੇ ਅਜੀਤ ਸਿੰਘ ਗਿੱਲ ਦੇ ਅਧਤਿਆਰ ਹੇਠ ਆ ਗਿਆ। ਇਸ ਕਾਰਨ ਇਹ ਸ਼ਹਿਰ ਦੋ ਭਾਗਾਂ ਵਿੱਚ ਵੰਡਿਆ ਗਿਆ। ਅੱਜ ਵੀ ਮੋਗਾ ਸ਼ਹਿਰ ਇਹਨਾਂ ਹੀ ਦੋ ਭਾਗਾਂ ਵਿੱਚ ਵੰਡਿਆ ਹੋਇਆ ਹੈ। ਸ਼ਹਿਰ ਮੋਗਾ, ਜ਼ਿਲ੍ਹਾ ਮੋਗਾ ਦਾ ਸਦਰ ਮੁਕਾਮ ਹੈ।

- ਅੰਤਰਰਾਸ਼ਟਰੀ ਪੱਧਰ ਦੀ ਫੈਕਟਰੀ, 'ਨੈਸਲੇ ਮੋਗਾ' ਇਸੇ ਜ਼ਿਲ੍ਹੇ ਵਿੱਚ ਸਥਿਤ ਹੈ। ਉੱਤਰੀ ਭਾਰਤ ਵਿੱਚ ਇਹ ਆਪਣੀ ਹੀ ਕਿਸਮ ਦਾ ਭੋਜਨ ਸਾਧਨ ਪਲਾਂਟ ਹੈ।
- ਲਾਲਾ ਲਾਜਪਤ ਰਾਏ ਦੀ ਜਨਮ ਭੂਮੀ ਹੋਣ ਕਾਰਨ, ਇਸ ਸ਼ਹਿਰ ਦੀ ਵਿਲੱਖਣ ਪਹਿਚਾਣ ਹੈ। ਉਹਨਾਂ ਦਾ ਮੂਲ ਪਿੰਡ ਢੁੱਡੀਕੇ, ਜ਼ਿਲ੍ਹਾ ਮੋਗਾ ਵਿੱਚ ਹੀ ਪੈਂਦਾ ਹੈ।

ਸਾਰਣੀ 9.8 ਮੋਗਾ

ਹੋਂਦ ਵਿਚ ਆਇਆ	1995
ਭਾਗ	ਫਿਰੋਜ਼ਪੁਰ ਡਵੀਜ਼ਨ
ਗੁਆਂਢੀ ਜ਼ਿਲ੍ਹੇ	ਫਿਰੋਜ਼ਪੁਰ, ਫਰੀਦਕੋਟ, ਬਠਿੰਡਾ, ਬਰਨਾਲਾ, ਲੁਧਿਆਣਾ ਅਤੇ ਜਲੰਧਰ
ਤਹਿਸੀਲਾਂ	ਨਿਹਾਲ ਸਿੰਘਵਾਲਾ, ਬਾਘਾਪੁਰਾਣਾ, ਮੋਗਾ ਅਤੇ ਧਰਮਕੋਟ (2011 ਵਿੱਚ ਨਵੀ ਬਣੀ)
ਸੰਸਥਾਪਕ	ਮੋਘਾ ਸਿੰਘ ਗਿੱਲ
ਅੰਤਰਰਾਸ਼ਟਰੀ ਉਦਯੋਗ	ਨੈਸਲੇ

ਡਿਵੀਜ਼ਨ-ਪਟਿਆਲਾ

ਜ਼ਿਲ੍ਹਾ ਪਟਿਆਲਾ

ਸਥਾਪਨਾ: 1948 ਈ: ਵਿੱਚ ਪੈਪਸੂ ਬਣਨ ਮਗਰੋਂ ਪਟਿਆਲਾ ਇਸ ਦੀ ਰਾਜਧਾਨੀ ਬਣਿਆ। ਪਰ 1956 ਈ: ਵਿੱਚ ਪੈਪਸੂ ਦੇ ਪੰਜਾਬ ਵਿੱਚ ਰਲ ਜਾਣ ਮਗਰੋਂ ਇਹ ਜ਼ਿਲ੍ਹਾ ਪਟਿਆਲਾ ਦਾ ਸਦਰ ਮੁਕਾਮ ਬਣਿਆ।

Scanned with CamScanner

ਭੂਗੋਲਿਕ ਸਥਿਤੀ: ਇਹ ਜ਼ਿਲ੍ਹਾ, ਪੰਜਾਬ ਰਾਜ ਦੇ ਦੋਖਣੀ-ਪੂਰਬ ਭਾਗ ਵਿੱਚ ਸਥਿਤ ਹੈ। ਇਸ ਦੇ ਉੱਤਰ ਵਿੱਚ ਜ਼ਿਲ੍ਹੇ ਫਤਿਹਗੜ੍ਹ ਸਾਹਿਬ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ), ਪੱਛਮ ਵਿੱਚ ਜ਼ਿਲ੍ਹਾ ਸੰਗਰੂਰ, ਪੂਰਬ ਵਿੱਚ ਹਰਿਆਣਾ ਰਾਜ ਦੇ ਅੰਬਾਲਾ ਅਤੇ ਕੁਰੂਕਸ਼ੇਤਰ ਜ਼ਿਲ੍ਹੇ ਅਤੇ ਦੋਖਣ ਵਿੱਚ ਕੈਥਲ ਜ਼ਿਲ੍ਹਾ ਹੈ।

2011 ਦੀ ਜਨਗਣਨਾ ਤੇ ਆਧਾਰਿਤ, ਜ਼ਿਲ੍ਹੇ ਦੀ ਜਨਸੰਖਿਆ 18,95,686 ਹੈ। ਜਨਸੰਖਿਆ ਘਣਤਾ 597 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 891 ਹੈ ਅਤੇ 75.28% ਲੋਕ ਸਾਖਰ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨ ਦੇ ਆਧਾਰ ਦੇ ਜ਼ਿਲ੍ਹਾ ਪਟਿਆਲਾ 6 ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ: 1) ਪਟਿਆਲਾ 2) ਪਾਤੜਾਂ 3) ਨਾਭਾ 4) ਸਮਾਣਾ 5) ਰਾਜਪੁਰਾ 6) ਦੂਧਾ ਸਦਨ (ਨਵਨਿਰਮਿਤ)।

ਪਟਿਆਲਾ: ਇਸ ਦੀ ਨੀਂਹ ਪਟਿਆਲਾ ਦੇ ਫੁਲਕੀਆ ਘਰਾਣੇ ਦੇ ਮੋਢੀ ਬਾਬਾ ਆਲਾ ਸਿੰਘ ਨੇ ਰੱਖੀ। ਪਹਿਲੋਂ-ਪਹਿਲ ਇਹ ਜਮੀਂਦਾਰਾ ਦੇ ਕਬਜ਼ੇ ਹੇਠ ਆਉਂਦਾ ਸ਼ਨੌਰ ਨਾਂ ਦਾ ਇੱਕ ਛੋਟਾ ਜਿਹਾ ਪਿੰਡ ਸੀ। ਸਨੌਰ ਅਤੇ ਇਸ ਦੇ 84 ਪਿੰਡਾਂ ਤੇ ਕਬਜ਼ਾ ਕਰਨ ਉਪਰੰਤ 1763 ਵਿੱਚ ਬਾਬਾ ਆਲਾ ਸਿੰਘ ਨੇ 'ਕਿਲ੍ਹਾ ਮੁਬਾਰਕ' ਦੀ ਨੀਂਹ ਰੱਖ ਕੇ ਇਸ ਸ਼ਹਿਰ ਦੀ ਸਥਾਪਨਾ ਕੀਤੀ। ਇਸੇ ਕਾਰਨ ਪਟਿਆਲਾ ਸ਼ਹਿਰ, ਦੋ ਸ਼ਬਦਾਂ 'ਪੱਟੀ' ਅਤੇ 'ਆਲਾ' ਨੂੰ ਮਿਲਾ ਕੇ ਬਣਿਆ। 'ਪੱਟੀ' ਅਰਥਾਤ ਖੇਤਰ ਅਤੇ 'ਆਲਾ' ਇਸ ਦੇ ਸੰਸਥਾਪਕ ਦਾ ਨਾਮ ਹੈ।ਪਟਿਆਲਾ ਪੈਗ, ਪੱਗੜੀ, ਪਰਾਂਦਾ ਅਤੇ ਜੁੱਤੀ ਆਦਿ ਲਈ ਮਸ਼ਹੂਰ ਹੈ।

ਦੇਖਣਯੋਗ ਥਾਵਾਂ:

1. **ਕਿਲ੍ਹਾ ਮੁਬਾਰਕ:** ਕਿਲ੍ਹਾ ਮੁਬਾਰਕ ਦੀ ਨੀਂਹ, ਪਟਿਆਲਾ ਸ਼ਹਿਰ ਦੇ ਮੋਢੀ, ਬਾਬਾ ਆਲਾ ਸਿੰਘ ਨੇ 1763 ਈ: ਵਿੱਚ ਰੱਖੀ। ਪਰ ਇਸ ਦੀ ਉਸਾਰੀ ਦਾ ਕੰਮ ਉਹਨਾਂ ਦੇ ਪੋਤਰੇ ਮਹਾਰਾਜਾ ਕਰਮ ਸਿੰਘ ਨੇ ਮੁਕੰਮਲ ਕਰਵਾਇਆ। ਕਿਲ੍ਹਾ ਦੋ ਹਿੱਸਿਆ ਵਿੱਚ ਵੰਡਿਆ ਹੋਇਆ ਹੈ, ਪਹਿਲਾ, 'ਕਿਲ੍ਹਾ-ਅੰਦਰੋਂ', ਅੰਦਰੂਨੀ ਭਾਗ, ਜੋ ਕਿ ਬਾਬਾ ਆਲਾ ਸਿੰਘ ਨੇ ਬਣਵਾਇਆ ਸੀ। ਉਚਾਈ ਤੇ ਹੋਣ ਕਾਰਨ, ਅੰਦਰ ਜਾਂਦੇ ਚੜ੍ਹਾਈ ਸ਼ੁਰੂ ਹੋ ਜਾਂਦੀ ਹੈ। ਦੂਜਾ ਭਾਗ, ਜੋ ਕਿ 'ਕਿਲ੍ਹਾ-ਅੰਦਰੋਂ' ਅਤੇ 'ਬਾਹਰੀ ਕੰਧਾ' ਵਿਚਾਲੇ ਹੈ, ਦੇ ਖੱਬੇ ਪਾਸੇ ਸਕੱਤਰੇਤ ਅਤੇ ਸੱਜੇ ਪਾਸੇ ਦਰਬਾਰ ਹਾਲ ਹੈ ਅਤੇ ਇਸ ਨੂੰ ਮਹਾਰਾਜਾ ਕਰਮ ਸਿੰਘ ਨੇ ਬਣਵਾਇਆ ਸੀ। ਹੁਣ ਦਰਬਾਰ ਹਾਲ ਨੂੰ ਇੱਕ ਛੋਟੇ ਅਜਾਇਬ ਘਰ ਵਿੱਚ ਬਦਲ ਦਿੱਤਾ ਗਿਆ ਹੈ।
2. **ਮੋਤੀ-ਬਾਗ ਮਹਿਲ:** ਇਸ ਦਾ ਨਿਰਮਾਣ 1847 ਈ: ਵਿੱਚ ਮਹਾਰਾਜਾ ਨਰਿੰਦਰ ਸਿੰਘ ਨੇ ਕਰਵਾਇਆ। ਮੋਤੀ-ਬਾਗ, ਲਾਹੌਰ ਦੇ ਸ਼ਾਲੀਮਾਰ ਬਾਗ ਦੇ ਨਕਸ਼ੇ 'ਤੇ ਬਣਵਾਇਆ ਗਿਆ ਸੀ। ਇਸ ਵਿੱਚ ਕਿਆਰੀਆਂ, ਪਾਣੀ ਦੇ ਝਰਨੇ, ਸ਼ੀਸ਼ ਮਹਿਲ ਅਤੇ ਮਨਮੋਹਕ ਬਾਗ ਹਨ। ਪੱਥਰਾਂ ਦੀਆਂ ਕੰਧਾਂ, ਖੁਬਸੂਰਤ ਗਰਿੱਲਾਂ ਅਤੇ ਗੁੰਬਦਾਂ ਨਾਲ ਬਣੀ ਇਹ ਇੱਕ ਚਾਰ ਮੰਜਲੀ ਇਮਾਰਤ ਹੈ।
3. **ਸ਼ੀਸ਼ ਮਹਿਲ ਅਤੇ ਅਜਾਇਬ ਘਰ:** ਇਸ ਦਾ ਨਿਰਮਾਣ ਸੰਗੀਤ, ਕਲਾ ਅਤੇ ਸਾਹਿਤ ਦੇ ਸ਼ੁਕੀਨ ਮਹਾਰਾਜਾ ਨਰਿੰਦਰ ਸਿੰਘ ਨੇ ਕਰਵਾਇਆ ਸੀ।
4. **ਸਰਕਾਰੀ ਮਹਿੰਦਰਾ ਕਾਲਜ:** ਇਸ ਨੂੰ ਮਹਾਰਾਜਾ ਮਹਿੰਦਰ ਸਿੰਘ ਜੋ ਕਿ ਆਧੁਨਿਕ ਗਿਆਨ ਦਾ ਚਿੰਤਕ ਸੀ ਨੇ ਬਣਵਾਇਆ। ਉਸ ਨੇ 1870 ਈ: ਵਿੱਚ ਪਟਿਆਲਾ ਸ਼ਹਿਰ ਦੇ ਲੋਕਾਂ ਲਈ ਇਹ ਕਾਲਜ ਬਣਵਾਇਆ ਸੀ। ਇਹ ਇਮਾਰਤ ਨਿਰਮਾਣ ਕਲਾ ਦਾ ਇੱਕ ਲਾਜਵਾਬ ਨਮੂਨਾ ਹੈ।
5. **ਗੁਰਦੁਆਰਾ ਦੁੱਖ ਨਿਵਾਰਨ ਸਾਹਿਬ:** ਪਿੰਡ ਲਹਿਲ ਦੇ ਵਾਸੀਆਂ ਨੇ ਇਹ ਗੁਰਦੁਆਰਾ ਬਣਾਉਣ ਲਈ ਜ਼ਮੀਨ ਦਾਨ ਕੀਤੀ ਸੀ। ਕਿਹਾ ਜਾਂਦਾ ਹੈ ਕਿ ਇਸ ਥਾਂ ਤੇ ਗੁਰੂ ਤੇਗ ਬਹਾਦਰ ਜੀ ਨੇ ਚਰਨ ਪਾਏ ਸਨ।

Scanned with CamScanner

6. **ਬਾਰਾਂਦਰੀ ਬਾਗ:** ਪੁਰਾਤਨ ਪਟਿਆਲਾ ਸ਼ਹਿਰ ਦੇ ਉੱਤਰ ਵਿੱਚ, ਸ਼ੇਰਾਂਵਾਲਾ ਗੇਟ ਨਿਕਲਦੇ ਹੀ ਬਾਰਾਂਦਰੀ ਮਹਿਲ ਦੇ ਚੌਗਿਰਦੇ, ਬਾਰਾਂਦਰੀ ਬਾਗ ਬਣਿਆ ਹੋਇਆ ਹੈ। ਤਖ਼ਤ 'ਤੇ ਬੈਠੇ ਰਾਜਕੁਮਾਰ ਰਜਿੰਦਰ ਸਿੰਘ ਦਾ ਇਹ ਨਿਵਾਸ ਸਥਾਨ ਸੀ। ਕੁਦਰਤ ਨੂੰ ਪਿਆਰ ਕਰਨ ਵਾਲੇ ਰਾਜਕੁਮਾਰ ਰਜਿੰਦਰ ਸਿੰਘ ਨੇ ਹਰ ਤਰ੍ਹਾਂ ਦੇ ਦਰੱਖਤਾਂ ਦੀਆਂ ਦੁਰਲੱਭ ਕਿਸਮਾਂ, ਦੂਰ-ਦੁਰਾਡੇ ਥਾਵਾਂ ਤੋਂ ਮੰਗਵਾ ਕੇ ਇੱਥੇ ਲਗਵਾਈਆਂ।

7. **ਕਿਲ੍ਹਾ ਬਹਾਦੁਰਗੜ੍ਹ:** ਇਸ ਦੀ ਉਸਾਰੀ ਮਹਾਰਾਜਾ ਕਰਮ ਸਿੰਘ ਨੇ ਕਰਵਾਈ। ਇਸ ਥਾਂ ਨੂੰ ਗੁਰੂ ਤੇਗ ਬਹਾਦਰ ਦੀ ਚਰਨ-ਛੋਹ ਪ੍ਰਾਪਤ ਹੋਣ ਕਾਰਨ ਹੀ ਇਸ ਦਾ ਨਾਮ ਬਹਾਦੁਰਗੜ੍ਹ ਰੱਖਿਆ ਗਿਆ। ਗੁਰੂ ਜੀ ਇੱਥੇ ਭਗਤੀ-ਭਾਵ ਰੱਖਣ ਵਾਲੇ ਸੈਫ਼ ਖਾਨ ਦੇ ਸੱਦੇ ਤੇ ਆਏ ਸਨ।

8. **ਕਾਲੀ ਮਾਤਾ ਮੰਦਰ:** ਇਸ ਮੰਦਰ ਦਾ ਨਿਰਮਾਣ ਮਹਾਰਾਜਾ ਭੂਪਿੰਦਰ ਸਿੰਘ ਨੇ ਕਰਵਾਇਆ। ਉਹ ਪੱਛਮੀ ਬੰਗਾਲ ਤੋਂ ਮਾਤਾ ਜੀ ਦਾ 6 ਫੁੱਟ ਉੱਚਾ ਬੁੱਤ ਪਟਿਆਲਾ ਲੈ ਕੇ ਆਏ ਸਨ। ਇਸ ਵਿਸ਼ਾਲ ਮੰਦਰ ਵਿੱਚ ਦੂਰ ਦੁਰਾਡੇ ਤੋਂ ਹਿੰਦੂ ਅਤੇ ਸਿੱਖ ਸ਼ਰਧਾਲੂ ਆਉਂਦੇ ਹਨ। ਮੰਦਰ ਦੇ ਵਿੱਚੋਂ-ਵਿੱਚ ਰਾਜ ਮਾਤਾ ਰਾਜੇਸ਼ਵਰੀ ਦਾ ਪੁਰਾਣਾ ਮੰਦਰ ਵੀ ਸਥਿਤ ਹੈ।

9. **ਖੁੱਰਮ:** ਪਟਿਆਲਾ ਸ਼ਹਿਰ ਤੋਂ 6 ਮੀਲ ਦੂਰ ਖੁੱਰਮ (ਨਵਾਂ ਨਾਂ ਰਾਮਗੜ੍ਹ) ਇੱਕ ਬਹੁਤ ਪ੍ਰਾਚੀਨ ਸਥਾਨ ਹੈ। ਦੰਦ ਕਥਾਵਾਂ ਅਨੁਸਾਰ, ਰਮਾਇਣ ਦੇ ਯੁੱਗ ਵਿੱਚ, ਇਹ ਥਾਂ ਰਾਮ ਜੀ ਦੇ ਨਾਨਾ ਜੀ ਦਾ ਨਿਵਾਸ ਸਥਾਨ ਸੀ। ਰਾਜਪੂਤ ਰਾਜਿਆਂ ਦੇ ਰਾਜਕਾਲ ਦੌਰਾਨ ਇਸ ਸਥਾਨ 'ਤੇ ਮਜ਼ਬੂਤ ਕਿਲ੍ਹਾ ਸਥਾਪਿਤ ਸੀ ਜੋ ਕਿ ਸ਼ਹਿਰ ਦੀ ਸੁਰੱਖਿਆ ਲਈ ਮਹੱਤਵਪੂਰਨ ਸੀ। ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਨੇ ਇੱਥੇ ਇੱਕ ਕਿਲ੍ਹਾ ਬਣਵਾਇਆ ਜਿਸ ਦਾ ਨਾਂ ਰਾਮਗੜ੍ਹ ਰੱਖਿਆ ਗਿਆ। ਅਜਿਹਾ ਰਾਮਾਇਣ ਵਿੱਚ ਸ੍ਰੀ ਰਾਮ ਦੀ ਪ੍ਰਭੁਸੱਤਾ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਕੀਤਾ ਗਿਆ।

10. **ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ (ਐਨ.ਆਈ.ਐਸ):** 1901 ਈ: ਵਿੱਚ ਸਥਾਪਿਤ, ਨੇਤਾ ਜੀ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਏਸ਼ੀਆ ਦੀ ਸਭ ਤੋਂ ਵੱਡੀ ਖੇਡ ਸੰਸਥਾ ਹੈ। ਇਹ ਪੁਰਾਣੇ ਮੋਤੀ ਬਾਗ ਮਹਿਲ ਵਿੱਚ ਸਥਿਤ ਹੈ। ਜੋ ਕਿ ਪਟਿਆਲੇ ਦੇ ਰਾਜਸੀ ਘਰਾਣੇ ਨਾਲ ਸਬੰਧਿਤ ਹੈ। ਭਾਰਤ ਦੀ ਆਜ਼ਾਦੀ ਮਗਰੋਂ ਇਸ ਨੂੰ ਭਾਰਤ ਸਰਕਾਰ ਵੱਲੋਂ ਖਰੀਦ ਲਿਆ ਗਿਆ ਸੀ।

ਸਾਰਣੀ 9.9 ਪਟਿਆਲਾ

ਹੋਂਦ ਵਿੱਚ ਆਇਆ	1948
ਭਾਗ	ਪਟਿਆਲਾ ਡਿਵੀਜ਼ਨ
ਗੁਆਂਢੀ ਜ਼ਿਲ੍ਹੇ	ਸੰਗਰੂਰ, ਫਤਿਹਗੜ੍ਹ ਸਾਹਿਬ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)
ਤਹਿਸੀਲਾਂ	ਸਮਾਣਾ, ਪਾਤੜਾਂ, ਨਾਭਾ, ਪਟਿਆਲਾ, ਰਾਜਪੁਰਾ ਅਤੇ ਦੁਧਾ ਸਦਨ (ਨਵ ਨਿਰਮਿਤ)
ਪਟਿਆਲਾ ਦੇ ਬਾਨੀ	ਬਾਬਾ ਆਲਾ ਸਿੰਘ
ਯੂਨੀਵਰਸਿਟੀਆਂ	ਪੰਜਾਬੀ ਯੂਨੀਵਰਸਿਟੀ (ਪਟਿਆਲਾ), ਰਾਜੀਵ ਗਾਂਧੀ ਰਾਸ਼ਟਰੀ ਯੂਨੀਵਰਸਿਟੀ ਆਫ ਲਾਅ (ਪਟਿਆਲਾ), ਥਾਪਰ ਇੰਸਟੀਚਿਊਟ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ (ਪਟਿਆਲਾ) ਅਤੇ ਚਿਤਕਾਰਾ ਯੂਨੀਵਰਸਿਟੀ (ਰਾਜਪੁਰਾ)
ਪਾਵਰ ਪਲਾਂਟ	ਰਾਜਪੁਰਾ ਥਰਮਲ ਪਾਵਰ ਪਲਾਂਟ (ਪਿੰਡ ਨਾਲਾਸ਼, ਰਾਜਪੁਰਾ)
ਦੇਖਣਯੋਗ ਸਥਾਨ	ਕਿਲ੍ਹਾ ਮੁਬਾਰਕ, ਮੋਤੀ-ਬਾਗ ਮਹਿਲ, ਸ਼ੀਸ਼ ਮਹਿਲ ਅਤੇ ਮਿਊਜ਼ੀਅਮ, ਗੁਰਦੁਆਰਾ ਦੁਖਨਿਵਾਰਨ ਸਾਹਿਬ, ਕਾਲੀ ਮਾਤਾ ਮੰਦਰ, ਖੁੱਰਮ, ਨੈਸ਼ਨਸ ਇੰਸਟੀਚਿਊਟ ਆਫ ਸਪੋਰਟਸ
ਉੱਘੀਆਂ ਸਖਸ਼ੀਅਤਾਂ	ਅਭਿਨਵ ਬਿੰਦਰਾ, ਰਾਕੇਸ਼ ਸ਼ਰਮਾ (ਸਪੇਸ ਵਿੱਚ ਜਾਣ ਵਾਲੇ ਪਹਿਲੇ ਭਾਰਤੀ)

Scanned with CamScanner

ਜ਼ਿਲ੍ਹਾ – ਸੰਗਰੂਰ

ਸਥਾਪਨਾ: ਜ਼ਿਲ੍ਹਾ ਸੰਗਰੂਰ ਉਸ ਸਮੇਂ ਦੇ ਜਾਣੇ ਜਾਂਦੇ ਫੂਲਕੀਆ ਰਾਜ ਦੇ ਭਾਗ ਪਟਿਆਲਾ, ਨਾਭਾ ਅਤੇ ਜੀਂਦ ਰਿਆਸਤਾਂ ਵਿੱਚੋਂ ਕੱਟ ਕੇ ਬਣਵਾਇਆ ਗਿਆ। ਅਜਿਹਾ 1948 ਈ: ਵਿੱਚ ਪੈਪਸੂ ਦੇ ਹੋਂਦ ਵਿੱਚ ਆਉਣ ਉਪਰੰਤ ਕੀਤਾ ਗਿਆ।

1956 ਈ: ਵਿੱਚ ਪੈਪਸੂ ਦੇ ਪੰਜਾਬ ਵਿੱਚ ਮਿਲਨ ਉਪਰੰਤ ਇਸ ਦੀਆਂ ਸੀਮਾਵਾਂ ਵਿੱਚ ਤਬਦੀਲੀ ਹੋਈ ਅਤੇ 1966 ਵਿੱਚ ਪੰਜਾਬ ਦੇ ਪੁਨਰ ਸੰਗਠਨ ਦੌਰਾਨ ਜੀਂਦ ਅਤੇ ਨਿਰਵਾਣਾ ਨਵੇਂ ਬਣੇ ਰਾਜ ਹਰਿਆਣਾ ਵੱਲ ਤਬਦੀਲ ਕਰ ਦਿੱਤੇ ਗਏ। ਮੌਜੂਦਾ ਇਸ ਜ਼ਿਲ੍ਹੇ ਦੀਆਂ 9 ਉਪ ਤਹਿਸੀਲਾਂ ਹਨ: ਮਲੇਰਕੋਟਲਾ, ਸੰਗਰੂਰ, ਸੁਨਾਮ, ਲਹਿਰਾ, ਮੂਨਕ, ਧੂਰੀ, ਦਿੜ੍ਹਬਾ, ਅਹਿਮਦਗੜ੍ਹ ਅਤੇ ਭਵਾਨੀਗੜ੍ਹ।

ਭੂਗੋਲਿਕ ਸਥਿਤੀ: ਇਸ ਜ਼ਿਲ੍ਹੇ ਦੇ ਉੱਤਰ ਵਿੱਚ ਜ਼ਿਲ੍ਹਾ ਲੁਧਿਆਣਾ, ਪੱਛਮ ਵਿੱਚ ਜ਼ਿਲ੍ਹਾ ਬਰਨਾਲਾ ਅਤੇ ਪੂਰਬ ਵਿੱਚ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਹਨ। ਇਸ ਦੇ ਦੱਖਣ-ਪੱਛਮੀ ਭਾਗ ਵਿੱਚ ਮਾਨਸਾ ਅਤੇ ਦੱਖਣ ਵਿੱਚ ਜੀਂਦ (ਹਰਿਆਣਾ) ਪੈਂਦਾ ਹੈ।

2011 ਦੀ ਜਨਗਣਨਾ ਤੇ ਆਧਾਰਿਤ, ਇਸ ਜ਼ਿਲ੍ਹੇ ਦੀ ਜਨਸੰਖਿਆ 16,55,169 ਹੈ। ਜਨਸੰਖਿਆ ਘਣਤਾ 449 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 885 ਹੈ ਅਤੇ ਇੱਥੋਂ ਦੇ 67.99% ਲੋਕ ਪੜ੍ਹੇ-ਲਿਖੇ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨ ਦੇ ਮੱਦੇ ਨਜ਼ਰ, ਜ਼ਿਲ੍ਹਾ ਸੰਗਰੂਰ ਨੂੰ 9 ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ: 1) ਮਲੇਰਕੋਟਲਾ 2) ਸੰਗਰੂਰ 3) ਸੁਨਾਮ 4) ਲਹਿਰਾ 5) ਮੂਨਕ 6) ਧੂਰੀ 7) ਦਿੜ੍ਹਬਾ 8) ਅਹਿਮਦਗੜ੍ਹ 9) ਭਵਾਨੀਗੜ੍ਹ (ਨਵ ਨਿਰਮਿਤ)।

ਸੰਗਰੂਰ: ਲਗਭਗ 400 ਸਾਲ ਪਹਿਲਾ ਸੰਗਰੂਰ ਇੱਕ ਸੰਘੂ ਜੱਟ ਨੇ ਵਸਾਇਆ ਸੀ। ਉਸੇ ਦੇ ਨਾਮ ਉੱਤੇ ਹੀ ਇਸ ਦਾ ਨਾਮ ਸੰਗਰੂਰ ਪਿਆ। ਪੁਰਾਤਨ ਸ਼ਹਿਰ ਚਾਰੇ-ਤਰਫੀ ਕੋਟਬੰਦ ਹੈ। ਸ਼ਹਿਰ ਦੇ ਕੇਂਦਰ ਵਿੱਚ ਖੂਬਸੂਰਤ ਫੁਹਾਰੇ ਹਨ, ਜਿੱਥੋਂ ਉੱਤਰ-ਦੱਖਣੀ ਸੜਕ ਨਾਭਾ ਗੇਟ ਅਤੇ ਸੁਨਾਮੀ ਗੇਟ ਨੂੰ ਜਾਂਦੀ ਹੈ ਅਤੇ ਪੂਰਬ-ਪੱਛਮੀ ਸੜਕ ਪਟਿਆਲਾ ਗੇਟ ਅਤੇ ਧੂਰੀ ਗੇਟ ਨੂੰ ਜਾਂਦੀ ਹੈ। ਇਸ ਸ਼ਹਿਰ ਦੀ ਸਭ ਤੋਂ ਦਿਲ ਲੁਭਾਊ ਥਾਂ ਬਨਾਸਰ ਬਾਗ ਹੈ ਜਿੱਥੇ ਤਲਾਬਾਂ ਦੇ ਬਿਲਕੁਲ ਵਿਚਕਾਰ ਚਿੱਟੇ ਪੱਥਰ ਦੀ ਇੱਕ ਬਾਰਾਂਦਰੀ ਬਣੀ ਹੋਈ ਹੈ।

ਮਲੇਰਕੋਟਲਾ: ਸ਼ਹਿਰ ਮਲੇਰਕੋਟਲਾ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਸੀ– ਮਲੇਰ ਅਤੇ ਕੋਟਲਾ। ਮਲੇਰ ਨਾਮ ਇੱਥੋਂ ਦੇ ਕਹੇ ਜਾਂਦੇ ਹਾਕਮ ਮਲਹੇਰ ਸਿੰਘ ਦੇ ਨਾਮ 'ਤੇ ਪਿਆ। ਉਸ ਨੇ ਇੱਥੇ ਇੱਕ ਕੱਚੀ ਗੜ੍ਹੀ ਬਣਵਾਈ। ਜਿਸ ਨੂੰ ਉਸ ਨੇ ਮਲਹੇਰਗੜ੍ਹ ਕਿਲ੍ਹੇ ਦਾ ਨਾਮ ਦਿੱਤਾ। 'ਕੋਟਲਾ' ਭਾਗ ਨੂੰ 1656 ਈ: ਵਿੱਚ ਬਯਾਜਿਦ ਖਾਨ ਨੇ ਵਸਾਇਆ। ਇਹ ਭਾਗ ਮਲੇਰ ਦੇ ਦੱਖਣ ਵਿੱਚ ਹੈ। ਪਹਿਲਾਂ ਇਸ ਦਾ ਨਾਮ ਕੋਟਲਾ ਮਲੇਰ ਸੀ ਜੋ ਕਿ ਬਾਅਦ ਵਿੱਚ ਮਲੇਰ-ਕੋਟਲਾ ਬਣ ਗਿਆ। ਇੱਥੇ ਮਈ-ਜੂਨ ਅਤੇ ਸਤੰਬਰ-ਅਕਤੂਬਰ ਵਿੱਚ ਇੱਕ ਰੋਜ਼ਾ ਮੇਲਾ, ਮੇਲਾ ਹਜ਼ਰਤ ਸ਼ੇਖ ਸਦਰ-ਉ-ਦੀਨ ਲੱਗਦਾ ਹੈ। ਇਹ ਮੇਲਾ ਮਲੇਰਕੋਟਲਾ ਸ਼ਹਿਰ ਦੇ ਬਾਨੀ ਸ਼ੇਖ ਸਦਰ-ਉ-ਦੀਨ ਦੀ ਯਾਦ ਵਿੱਚ ਲੱਗਦਾ ਹੈ।

- ਮਲੇਰਕੋਟਲਾ ਦੀਆਂ ਹੋਰ ਦੇਖਣਯੋਗ ਥਾਵਾਂ ਵਿੱਚ ਖਾਸ ਹਨ: ਈਦ ਮਹੱਲ (ਮਲੇਰਕੌਟਲਾ ਦੇ ਨਵਾਬ ਦਾ ਰਹਿਣ ਅਸਥਾਨ) ਅਤੇ ਜਾਮਾ ਮਸਜਿਦ।

ਸੁਨਾਮ: ਇਸ ਸ਼ਹਿਰ ਦਾ ਅਸਲ ਨਾਮ ਸੂਰਜਪੁਰ ਸੀ, ਜੋ ਕਿ ਇੱਕ ਤਲਾਬ ਸੂਰਜਕੁੰਡ ਜਾਂ ਸੂਰਜ ਦਾ ਤਲਾਬ ਦੇ ਨਾਮ 'ਤੇ ਪਿਆ। ਇਹ ਆਧੁਨਿਕ ਸ਼ਹਿਰ ਪੁਰਾਣੇ ਕਿਲ੍ਹੇ ਦੀ ਚਾਰਦੀਵਾਰੀ ਅੰਦਰ ਬਣਿਆ ਹੋਇਆ ਹੈ। ਇਸ ਦੇ ਦੋ ਭਾਗ ਹਨ। ਇੱਕ ਕਿਲ੍ਹੇ ਦਾ ਉਚਾਈ ਵਾਲਾ ਭਾਗ ਵਿੱਚ ਹੈ ਅਤੇ ਦੂਜਾ ਇਸ ਦੁਆਲੇ ਫੈਲੀ ਨੀਵੀਂ ਜ਼ਮੀਨ ਦੇ ਉੱਪਰ ਹੈ।

Scanned with CamScanner

ਸੁਨਾਮ ਮਹਾਨ ਦੇਸ਼ ਭਗਤ ਊਧਮ ਸਿੰਘ ਦੀ ਜਨਮ-ਭੂਮੀ ਹੈ। ਉਸ ਨੇ 1919 ਵਿੱਚ ਅੰਮ੍ਰਿਤਸਰ ਵਿੱਚ ਹੋਏ ਜਲ੍ਹਿਆਂਵਾਲੇ ਬ੍ਹਾਗ ਦੇ ਖੂਨੀ ਸਾਕੇ ਦਾ ਬਦਲਾ ਲੈਣ ਲਈ 13 ਮਾਰਚ, 1940 ਨੂੰ ਲੰਡਨ ਵਿਖੇ ਸਰ ਮਾਈਕਲ-ਓ-ਡਾਇਰ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਸੀ।

ਸਾਰਣੀ 9.10 ਸੰਗਰੂਰ

ਹੋਂਦ ਵਿੱਚ ਆਇਆ	1948
ਭਾਗ	ਪਟਿਆਲਾ ਡਿਵੀਜ਼ਨ
ਗੁਆਂਢੀ ਜ਼ਿਲ੍ਹੇ	ਮਾਨਸਾ, ਬਰਨਾਲਾ, ਲੁਧਿਆਣਾ, ਪਟਿਆਲਾ ਅਤੇ ਫਤਿਹਗੜ੍ਹ ਸਾਹਿਬ
ਤਹਿਸੀਲਾਂ	ਸੰਗਰੂਰ, ਸੁਨਾਮ, ਮਾਲੇਰਕੋਟਲਾ, ਲਹਿਰਾ, ਮੂਨਕ, ਧੂਰੀ, ਦਿੜ੍ਹਬਾ, ਭਵਾਨੀਗੜ੍ਹ ਅਤੇ ਅਹਿਮਦਗੜ੍ਹ (ਨਵ ਨਿਰਮਿਤ)।
ਸੰਗਰੂਰ ਦਾ ਬਾਨੀ	ਸੰਘੂ ਜੱਟ
ਯੂਨੀਵਰਸਿਟੀ	ਸੰਤ ਲੋਂਗੋਵਾਲ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲਜੀ (ਸਲਾਟਿਟ), ਲੋਂਗੋਵਾਲ
ਮੇਲਾ	ਮੇਲਾ ਹਜ਼ਰਤ ਸ਼ੇਖ਼ ਸਦਰ-ਉ-ਦੀਨ, ਮਲੇਰਕੋਟਲਾ ਵਿਖੇ
ਦੇਖਣਯੋਗ ਸਥਾਨ	ਬਨਾਸਰ ਬਾਗ, ਵਾਰ ਹੀਰੋਜ਼ ਸਟੇਡੀਅਮ ਅਤੇ ਸਫੈਦ ਪੱਥਰ ਦੀ ਬਾਰਾਂਦਰੀ ਸੰਗਰੂਰ ਵਿਖੇ ਅਤੇ ਸ਼ੀਸ਼ ਮਹਿਲ ਅਤੇ ਜਾਮਾ ਮਸਜਿਦ ਮਲੇਰਕੋਟਲਾ ਵਿਖੇ।
ਉੱਘੀਆਂ ਸਖਸ਼ੀਅਤਾ	ਸ਼ਹੀਦ ਊਧਮ ਸਿੰਘ, ਨਰੇਸ਼ ਗੋਇਲ (ਜੈਟ ਏਅਰਵੇਜ਼ ਦਾ ਮਾਲਕ), ਲਾਲਾ ਬ੍ਰਿਸ ਭਾਨ (ਪੈਪਸੂ ਦੇ ਪਹਿਲੇ ਮੁੱਖ ਮੰਤਰੀ), ਰਾਜਿੰਦਰ ਕੌਰ ਭੱਠਲ (ਪੰਜਾਬ ਦੇ ਭੂਤਪੂਰਵ ਮੁੱਖਮੰਤਰੀ)
ਦਰਜਾਬੰਦੀ	ਖੇਤਰਫ਼ਲ ਦੇ ਸੰਦਰਭ ਵਿੱਚ ਦੂਜਾ ਸਭ ਤੋਂ ਵੱਡਾ ਜ਼ਿਲ੍ਹਾ।

ਜ਼ਿਲ੍ਹਾ ਬਰਨਾਲਾ

ਸਥਾਪਨਾ: ਜ਼ਿਲ੍ਹਾ ਬਰਨਾਲਾ ਦਾ ਨਿਰਮਾਣ 2006 ਈ: ਵਿੱਚ ਹੋਇਆ। ਇਹ ਪੰਜਾਬ ਰਾਜ ਦਾ 20ਵਾਂ ਜ਼ਿਲ੍ਹਾ ਹੈ। ਇਹ ਪਹਿਲਾਂ ਜ਼ਿਲ੍ਹਾ ਸੰਗਰੂਰ ਦਾ ਹੀ ਭਾਗ ਸੀ।

ਭੂਗੋਲਿਕ ਸਥਿਤੀ: ਕੇਂਦਰ ਵਿੱਚ ਸਥਿਤ ਇਸ ਜ਼ਿਲ੍ਹੇ ਦੇ ਦੱਖਣ ਵਿੱਚ ਜ਼ਿਲ੍ਹਾ ਲੁਧਿਆਣਾ, ਦੱਖਣ-ਪੱਛਮ ਵਿੱਚ ਜ਼ਿਲ੍ਹਾ ਮੋਗਾ, ਪੱਛਮ ਵਿੱਚ ਬਠਿੰਡਾ, ਦੱਖਣ ਵਿੱਚ ਮਾਨਸਾ ਅਤੇ ਚੁਤਰਫ਼ੇ ਜ਼ਿਲ੍ਹਾ ਸੰਗਰੂਰ ਹੈ।

2011 ਦੀ ਜਨਗਣਨਾ ਤੇ ਆਧਾਰਿਤ, ਜ਼ਿਲ੍ਹੇ ਦੀ ਜਨਸੰਖਿਆ 5,95,527 ਹੈ। ਜਨਸੰਖਿਆ ਦੀ ਘਣਤਾ 419 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 876 ਹੈ ਅਤੇ ਇਸ ਜ਼ਿਲ੍ਹੇ ਦੇ 67.82% ਲੋਕ ਸਾਖ਼ਰ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨ ਦੇ ਮੱਦੇ ਨਜ਼ਰ ਜ਼ਿਲ੍ਹਾ ਬਰਨਾਲਾ ਨੂੰ ਦੋ ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ: 1) ਬਰਨਾਲਾ 2) ਤਪਾ

ਬਰਨਾਲਾ: ਇਸ ਦਾ ਪਹਿਲਾ ਨਾਮ ਅਨਾਹਦਗੜ੍ਹ ਸੀ। 1772 ਈ: ਵਿੱਚ ਇਸ 'ਤੇ ਪਟਿਆਲਾ ਰਾਜ ਦੇ ਸੰਸਥਾਪਕ ਬਾਬਾ ਆਲਾ ਸਿੰਘ ਨੇ ਕਬਜ਼ਾ ਕਰ ਲਿਆ ਸੀ। 1763 ਤੱਕ ਇਹ ਉਸਦੀ ਫੈਲ ਰਹੀ ਰਿਆਸਤ ਦੀ ਰਾਜਧਾਨੀ ਵੀ ਰਿਹਾ ਹੈ। ਉਸ ਨੇ ਇਸ ਸ਼ਹਿਰ ਦੇ ਚੁਗਿਰਦੇ ਇੱਕ ਚਾਰਦੀਵਾਰੀ ਬਣਵਾਈ ਅਤੇ ਇੱਕ ਕਿਲ੍ਹਾ ਵੀ ਬਣਵਾਇਆ ਸੀ। ਜਿਸ ਨੂੰ ਅੱਜ ਕਿਲ੍ਹਾ ਮੁਬਾਰਕ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸੋ ਇਸ ਸ਼ਹਿਰ ਦਾ ਨਾਮ ਵੀ ਬਾਬਾ ਆਲਾ ਸਿੰਘ ਦੇ ਨਾਮ ਉੱਤੇ ਹੀ ਪਿਆ।

Scanned with CamScanner

ਤਪਾ: ਕਿਹਾ ਜਾਂਦਾ ਹੈ ਕਿ ਇਸ ਸ਼ਹਿਰ ਦਾ ਨਾਮ ਬਾਬਾ ਸੁਖਾ ਨੰਦ ਦੇ ਚੇਲੇ, ਤਪਾ ਰਾਮ ਦੇ ਨਾਮ 'ਤੇ ਪਿਆ। ਉਹਨਾਂ ਨੇ ਆਪਣੀ ਪੂਰੀ ਜ਼ਿੰਦਗੀ ਪ੍ਰਭੂ ਚਿੰਤਨ ਵਿੱਚ ਬਤੀਤ ਕੀਤੀ ਸੀ।

ਸਾਰਣੀ 9.11 ਬਰਨਾਲਾ

ਹੋਂਦ ਵਿੱਚ ਆਇਆ	2006 (20ਵਾਂ ਜ਼ਿਲ੍ਹਾ)
ਭਾਗ	ਪਟਿਆਲਾ ਡਿਵੀਜ਼ਨ
ਗੁਆਂਢੀ ਜ਼ਿਲ੍ਹੇ	ਸੰਗਰੂਰ, ਮਾਨਸਾ, ਬਠਿੰਡਾ, ਮੋਗਾ ਅਤੇ ਲੁਧਿਆਣਾ
ਤਹਿਸੀਲਾਂ	ਬਰਨਾਲਾ ਅਤੇ ਤਪਾ
ਬਰਨਾਲਾ ਦਾ ਬਾਨੀ	ਬਾਬਾ ਆਲਾ ਸਿੰਘ
ਦਰਜਾਬੰਦੀ	ਨਿਊਨਤਮ ਜਨਸੰਖਿਆ ਵਾਲਾ ਜ਼ਿਲ੍ਹਾ

ਜ਼ਿਲ੍ਹਾ ਫਤਿਹਗੜ੍ਹ ਸਾਹਿਬ

ਸਥਾਪਨਾ: 1948 ਈ: ਵਿੱਚ ਪੈਪਸੂ ਦੇ ਹੋਂਦ ਵਿੱਚ ਆਉਣ ਦੌਰਾਨ ਹੀ ਫਤਿਹਗੜ੍ਹ ਸਾਹਿਬ ਨੂੰ ਜ਼ਿਲ੍ਹਾ ਬਣਾਇਆ ਗਿਆ। 1953 ਈ: ਵਿੱਚ ਇਸ ਨੂੰ ਬਤੌਰ ਉਪ-ਤਹਿਸੀਲ, ਜ਼ਿਲ੍ਹਾ ਪਟਿਆਲਾ ਵਿੱਚ ਮਿਲਾ ਦਿੱਤਾ ਗਿਆ। 13 ਅਪ੍ਰੈਲ 1992 ਈ: (ਵਿਸਾਖੀ ਵਾਲੇ ਦਿਨ) ਨੂੰ ਇਸ ਨੂੰ ਮੁੜ ਜ਼ਿਲ੍ਹਾ ਬਣਾਇਆ ਗਿਆ। ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਾਹਿਬਜ਼ਾਦਾ ਫਤਿਹ ਸਿੰਘ ਦੇ ਨਾਮ ਤੇ ਇਸ ਸ਼ਹਿਰ ਦਾ ਨਾਮ ਫਤਿਹਗੜ੍ਹ ਰੱਖਿਆ ਗਿਆ। ਇਹ ਪੰਜਾਬ ਰਾਜ ਦਾ ਸਭ ਤੋਂ ਪ੍ਰਸਿੱਧ ਇਤਿਹਾਸਕ ਸ਼ਹਿਰ ਹੋਣ ਦੇ ਨਾਲ-ਨਾਲ ਹਿੰਦੂ ਅਤੇ ਸਿੱਖਾਂ ਦਾ ਸਾਂਝਾ ਭਗਤੀ ਸਥਾਨ ਵੀ ਹੈ।

ਭੂਗੋਲਿਕ ਸਥਿਤੀ: ਇਸ ਤੇ ਉੱਤਰ ਵਿੱਚ ਜ਼ਿਲ੍ਹਾ ਲੁਧਿਆਣਾ ਅਤੇ ਰੂਪਨਗਰ, ਦੱਖਣ ਵਿੱਚ ਜ਼ਿਲ੍ਹਾ ਪਟਿਆਲਾ, ਪੂਰਬ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਅਤੇ ਪੱਛਮ ਵਿੱਚ ਜ਼ਿਲ੍ਹਾ ਸੰਗਰੂਰ ਹੈ।

2011 ਦੀ ਜਨਗਣਨਾ ਸਰਵੇਖਣ ਦੇ ਅਧਾਰ ਤੇ, ਇਸ ਜ਼ਿਲ੍ਹੇ ਦੀ ਜਨਸੰਖਿਆ 6,00,163 ਹੈ ਅਤੇ ਜਨਸੰਖਿਆ ਘਣਤਾ 508 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 871 ਹੈ ਅਤੇ 79.35% ਲੋਕ ਸਾਖ਼ਰ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨਿਕ ਤੌਰ 'ਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ 4 ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ: 1) ਫਤਿਹਗੜ੍ਹ ਸਾਹਿਬ 2) ਬੱਸੀ ਪਠਾਣਾਂ 3) ਅਮਲੋਹ 4) ਖੁਮਾਣੋਂ

ਫਤਿਹਗੜ੍ਹ ਸਾਹਿਬ: ਫਤਿਹਗੜ੍ਹ ਦਾ ਅਰਥ ਹੈ 'ਜਿੱਤ ਦਾ ਸ਼ਹਿਰ' ਕਿਉਂਕਿ 1710 ਈ: ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਦੀ ਅਗਵਾਈ ਹੇਠ ਸਿੱਖਾਂ ਨੇ ਇਹ ਇਲਾਕਾ ਜਿੱਤ ਲਿਆ ਸੀ ਅਤੇ ਬਲਬਨ ਦੇ ਰਾਜ ਵਿੱਚ ਬਣੇ ਕਿਲ੍ਹੇ ਨੂੰ ਢਹਿ-ਢੇਰੀ ਕਰ ਦਿੱਤਾ ਸੀ।

ਇਸ ਸ਼ਹਿਰ ਦੀ ਇਤਿਹਾਸਿਕ ਮਹੱਤਤਾ ਹੈ। ਗੁਰਦੁਆਰਾ ਫਤਿਹਗੜ੍ਹ ਸਾਹਿਬ 12 ਦਸੰਬਰ, 1705 ਈ: ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਸਾਹਿਬਜ਼ਾਦਾ ਫਤਿਹ ਸਿੰਘ ਅਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੂੰ ਜਿਉਂਦਿਆਂ ਹੀ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰਨ ਦੀ ਨਿਸ਼ਾਨਦੇਹੀ ਕਰਦਾ ਹੈ। ਇਹ ਥਾਂ ਨੂੰ ਹੁਣ ਗੁਰਦੁਆਰਾ ਫਤਿਹਗੜ੍ਹ ਸਾਹਿਬ ਨਾਂ ਨਾਲ ਜਾਣਿਆ ਜਾਂਦਾ ਹੈ।

ਸਰਹਿੰਦ-ਚੰਡੀਗੜ੍ਹ ਸੜਕ 'ਤੇ ਫਤਿਹਗੜ੍ਹ ਸਾਹਿਬ ਤੋਂ ਲਗਭਗ ਇੱਕ ਕਿਲੋਮੀਟਰ ਦੂਰੀ 'ਤੇ **ਗੁਰਦੁਆਰਾ ਜੋਤੀ ਸਰੂਪ ਸਾਹਿਬ** ਹੈ। ਇਸੇ ਥਾਂ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ, ਮਾਤਾ ਗੁਜਰੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ,

Scanned with CamScanner

ਸਾਹਿਬਜ਼ਾਦਾ ਫਤਿਹ ਸਿੰਘ ਅਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦਾ ਅੰਤਿਮ ਸਸਕਾਰ ਕੀਤਾ ਗਿਆ। ਵਜ਼ੀਰ ਖਾਂ ਨੇ ਸਸਕਾਰ ਲਈ ਜ਼ਮੀਨ ਦੇਣੋਂ ਇਨਕਾਰ ਕਰ ਦਿੱਤਾ ਸੀ। ਅੰਤ ਗੁਰੂ ਘਰ ਦੇ ਪਰਮ ਭਗਤ ਟੋਡਰ ਮੱਲ ਨੇ ਇਹ ਜ਼ਮੀਨ ਸੋਨੇ ਦੇ ਭਾਅ ਖਰੀਦੀ ਅਤੇ ਅੰਤਿਮ ਸਸਕਾਰ ਦੀ ਕਿਰਿਆ ਪੂਰੀ ਕੀਤੀ ਗਈ। ਇਸ ਕਾਰਨ ਅੱਜ ਦੀਵਾਨ ਟੋਡਰ ਮੱਲ ਦਾ ਨਾਮ ਸਿੱਖ ਇਤਿਹਾਸ ਵਿੱਚ ਸੁਨਹਿਰੇ ਅੱਖਰਾਂ ਵਿੱਚ ਲਿਖਿਆ ਹੋਇਆ ਹੈ। ਉਸ ਨੂੰ ਦੀਵਾਨ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

2004 ਈ: ਵਿੱਚ ਫਤਿਹਗੜ੍ਹ ਸਾਹਿਬ ਵਿਖੇ ਚਾਰ ਯਾਦਗਾਰੀ ਗੇਟ ਬਣਵਾਏ ਗਏ। ਇਹਨਾਂ ਚਾਰ ਗੇਟਾਂ ਦੇ ਨਾਮ ਉਹਨਾਂ ਮਹਾਨ ਸਖਸ਼ੀਅਤਾਂ ਦੇ ਨਾਮ 'ਤੇ ਰੱਖੇ ਗਏ ਜਿੰਨ੍ਹਾਂ ਨੇ ਗੁਰੂ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਮੌਕੇ ਆਪਣਾ ਧਰਮ ਨਿਭਾਉਂਦੇ ਹੋਏ, ਔਖੀ ਘੜੀ ਵਿੱਚ ਗੁਰੂ ਸਾਹਿਬ ਦਾ ਸਾਥ ਦਿੱਤਾ ਸੀ। ਇਹ ਹਨ: ਦੀਵਾਨ ਟੋਡਰ ਮੱਲ, ਨਵਾਬ ਸ਼ੇਰ ਮੁਹੰਮਦ ਖਾਨ, ਬਾਬਾ ਬੰਦਾ ਸਿੰਘ ਬਹਾਦੁਰ ਅਤੇ ਬਾਬਾ ਮੋਤੀ ਰਾਮ ਮਹਿਰਾ। ਹਰ ਸਖਸ਼ ਵੱਖ-ਵੱਖ ਧਰਮ ਅਤੇ ਜਾਤੀ ਨਾਲ ਸਬੰਧਿਤ ਸੀ ਜੋ ਕਿ ਉਸ ਸਮੇਂ ਲੋਕਾਂ ਵਿੱਚ ਪਾਏ ਜਾਂਦੇ ਸਾਂਝੇ ਭਗਤੀ ਭਾਵ ਦੀ ਪੇਸ਼ਨਗੋਈ ਕਰਦਾ ਹੈ।

ਜ਼ਿਲ੍ਹੇ ਦੇ ਮਹੱਤਵਪੂਰਨ ਸਥਾਨ:

1. **ਸਰਹਿੰਦ:** ਜ਼ਿਲ੍ਹਾ ਫਤਿਹਗੜ੍ਹ ਦਾ ਇਹ ਸਭ ਤੋਂ ਇਤਿਹਾਸਿਕ ਸ਼ਹਿਰ ਹੈ। 17ਵੀਂ ਸਦੀ ਵਿੱਚ ਸਤਾਦਰੂ ਰਾਜ ਦੀ ਰਾਜਧਾਨੀ ਹੋਣ ਕਾਰਨ ਹੀ ਇਸ ਨੂੰ ਪ੍ਰਸਿੱਧੀ ਮਿਲੀ। ਮੁਗ਼ਲ ਕਾਲ ਸਮੇਂ ਇਹ ਸ਼ਹਿਰ ਆਪਣੀ ਸ਼ਾਨ ਦੀਆਂ ਬੁਲੰਦੀਆਂ ਛੂਹ ਗਿਆ ਸੀ। ਮੁਗ਼ਲ ਸਲਤਨਤ ਦੇ ਰਾਜਾ ਅਕਬਰ, ਜਹਾਂਗੀਰ ਅਤੇ ਸ਼ਾਹ ਜਹਾਨ ਦੀ ਸਰਪਰਸਤੀ ਹੇਠ ਇਹ ਸ਼ਹਿਰ ਬਹੁਤ ਪ੍ਰਫੁਲਿਤ ਹੋਇਆ। ਪਰ ਔਰੰਗਜ਼ੇਬ ਦੀ ਧਾਰਮਿਕ ਅਸਹਿਣਸ਼ੀਲਤਾ ਦੀ ਭਾਵਨਾ ਨੇ ਇਸ ਸ਼ਹਿਰ ਦੀ ਸ਼ਾਨ ਨੂੰ ਫਿੱਕਾ ਪਾ ਦਿੱਤਾ। 1705 ਈ: ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਮਾਸੂਮ ਬੱਚਿਆਂ ਦੇ ਜ਼ਾਲਿਮਾਨਾ ਕਤਲ ਨੇ ਇਸ ਪੁਰਾਤਨ ਸ਼ਹਿਰ ਦੀ ਪ੍ਰਫੁੱਲਤਾ ਨੂੰ ਭਾਰੀ ਢਾਹ ਲਗਾਈ। ਔਰੰਗਜ਼ੇਬ ਦੇ ਇਸ ਜ਼ਾਲਮਾਨਾ ਵਤੀਰੇ ਦਾ 18ਵੀਂ ਸਦੀ ਵਿੱਚ ਸਿੱਖਾਂ ਨੇ ਜੋ ਬਦਲਾ ਲਿਆ, ਉਸ ਦੀ ਮਿਸਾਲ ਸ਼ਾਇਦ ਇਤਿਹਾਸ ਵਿੱਚ ਕਿਤੇ ਹੋਰ ਨਾ ਮਿਲੇ। ਇਸੇ ਕਾਰਨ ਇਸ ਸ਼ਹਿਰ ਦਾ ਨਾਮੋ-ਨਿਸ਼ਾਨ ਮਿਟ ਗਿਆ ਸੀ।

   ਮੱਧਕਾਲੀਨ ਯੁੱਗ ਵਿੱਚ ਸਰਹਿੰਦ, ਉਦਯੋਗ ਦੇ ਇੱਕ ਵੱਡੇ ਕੇਂਦਰ ਦੇ ਤੌਰ 'ਤੇ ਉਭਰਿਆ ਸੀ। ਪਹਾੜੀ ਖੇਤਰ ਦੇ ਨੇੜੇ ਹੋਣ ਕਾਰਨ ਇੱਥੋਂ ਵਪਾਰਿਕ ਲੋੜ ਲਈ ਬਹੁਤ ਸਾਰੇ ਚੀਨੀ ਪਦਾਰਥ ਆਯਾਤ ਹੋ ਰਹੇ ਹਨ। ਇਥੋਂ ਦੇ ਮੂਲ ਵਾਸੀ ਅਤੇ ਉਦਯੋਗਪਤੀ ਸੇਠ ਟੋਡਰ ਮੱਲ ਨੂੰ ਸਰਹਿੰਦ ਦੇ ਫੌਜ਼ਦਾਰ ਦੀ ਉਪਾਧੀ ਮਿਲੀ ਸੀ। ਉਹ ਸਰਹਿੰਦ ਦੇ ਇਕ ਹੋਣਹਾਰ ਨੇਤਾ ਦੇ ਤੌਰ 'ਤੇ ਉਭਰਿਆ।

   ਉਸਤਾਦ ਅਤੇ ਸ਼ਾਗਿਰਦ ਦੀ ਮਜ਼ਾਰ ਅਤੇ ਸੇਠ ਟੋਡਰ ਮਲ ਦੀ ਜ਼ਹਾਜੀ ਹਵੇਲੀ ਮੱਧ ਕਾਲ ਸਮੇਂ ਦੀ ਸ਼ਿਲਪਕਲਾ ਦਾ ਮਹੀਨ ਨਮੂਨਾ ਹਨ।

2. **ਮੰਡੀ ਗੋਬਿੰਦਗੜ੍ਹ:** ਇਹ ਜ਼ਿਲ੍ਹਾ ਫਤਿਹਗੜ੍ਹ ਦੀ ਉਪ ਤਹਿਸੀਲ ਹੈ। ਇਸ ਨੂੰ ਪੰਜਾਬ ਦਾ 'ਇਸਪਾਤ ਸ਼ਹਿਰ' ਵੀ ਕਿਹਾ ਜਾਂਦਾ ਹੈ ਅਤੇ ਇਥੇ ਇਸਪਾਤ ਦੇ ਬਹੁਤ ਜ਼ਿਆਦਾ ਕਾਰਖਾਨੇ ਹਨ। ਲਗਭਗ 200 ਇਸਪਾਤ ਕਾਰਖਾਨੇ ਦੇਸ਼ ਦੇ 25% ਇਸਪਾਤ ਉਦਯੋਗ ਵਿੱਚ ਹਿੱਸੇਦਾਰ ਹਨ।

3. **ਸੰਘੋਲ:** ਇਹ ਹੜੱਪਾ ਸੱਭਿਅਤਾ ਨਾਲ ਸਬੰਧਿਤ ਇੱਕ ਪੁਰਾਤਨ ਥਾਂ ਹੈ। ਇਹ ਭਾਰਤੀ ਪੁਰਾਤੱਤਵੀ ਸਰਵੇ ਦੀ ਦੇਖਰੇਖ ਵਿੱਚ ਹੈ। ਸੰਘੋਲ ਦੇ ਅਜਾਇਬ ਘਰ ਦੀ ਇਮਾਰਤ ਦਾ ਉਦਘਾਟਨ 10 ਅਪ੍ਰੈਲ, 1990 ਈ: ਨੂੰ ਬਤੌਰ ਇਕਾਈ, ਸੱਭਿਆਚਾਰਕ ਕਾਰਜ ਵਿਭਾਗ, ਪੁਰਾਤੱਤਵੀ ਅਤੇ ਅਜਾਇਬ ਘਰ, ਪੰਜਾਬ ਸਰਕਾਰ ਵੱਲੋਂ ਕੀਤਾ ਗਿਆ।

Scanned with CamScanner

4. **ਆਮ-ਖਾਸ ਬਾਗ:** ਇਸ ਨੂੰ ਆਮ ਜਨਤਾ ਲਈ ਬਣਵਾਇਆ ਗਿਆ ਸੀ। ਜਿਸ ਨੂੰ ਸ਼ਹਿਨਸ਼ਾਹ ਸ਼ਾਹਜਹਾਨ ਵੀ ਆਪਣੀ ਵਸ਼ਿਸ਼ਟ ਲੋੜ ਲਈ ਵਰਤਿਆ ਕਰਦੇ ਸਨ। ਮਹਿਲ ਦੇ ਬਚੇ-ਖੁਚੇ ਭਾਗਾਂ ਦੇ ਸੂਖ਼ਮ ਨਿਰੀਖਣ ਤੋਂ ਪਤਾ ਲੱਗਦਾ ਹੈ ਕਿ ਇੱਥੇ ਹਵਾ ਅਨੁਕੂਲ ਕਰਨ ਦੀ ਚੰਗੀ ਵਿਵਸਥਾ ਸੀ ਅਤੇ ਇੱਥੇ ਇੱਕ ਸਮਾਰਕ 'ਸਰਦ-ਖਾਨਾ' ਵੀ ਬਣੀ ਹੋਈ ਹੈ। ਹੋਰਨਾਂ ਸਮਾਰਕਾਂ ਵਿੱਚ ਸ਼ੀਸ਼ ਮਹਿਲ, ਹਮਾਮ ਅਤੇ ਤਲਾਬ (ਜਿੱਥੇ ਪਾਣੀ ਗਰਮ ਕਰਨ ਦੇ ਉੱਤਮ ਤਰੀਕੇ ਵਰਤੇ ਜਾਂਦੇ ਸਨ) ਵਿਲੱਖਣ ਹਨ। ਵਰਤਮਾਨ ਸਮੇਂ ਇੱਥੇ ਇੱਕ ਸੈਲਾਨੀ ਕੇਂਦਰ 'ਮਾਊਲਾਸਰੀ' ਵੀ ਆਮ ਖਾਸ ਬਾਗ ਵਿੱਚ ਸਥਿਤ ਹੈ। ਇੱਥੇ ਇੱਕ ਸੁੰਦਰ ਬਾਗ ਅਤੇ ਨਰਸਰੀ ਵੀ ਕਾਇਮ ਹੈ।
5. **ਗੁਰਦੁਆਰਾ ਸ਼ਹੀਦ ਗੰਜ:-** ਇਹ ਗੁਰਦੁਆਰਾ, ਗੁਰਦੁਆਰਾ ਫਤਿਹਗੜ੍ਹ ਸਾਹਿਬ ਤੋਂ ਅੱਧਾ ਕਿਲੋਮੀਟਰ ਦੀ ਦੂਰੀ 'ਤੇ ਹੈ। ਇਹ ਗੁਰਦੁਆਰਾ, ਜ਼ਾਲਮ ਮੁਗਲਾਂ ਹੱਥੋਂ ਸ਼ਹੀਦੀਆਂ ਪਾ ਗਏ ਸਿੱਖਾਂ ਦੀ ਯਾਦ ਵਿੱਚ ਬਣਾਇਆ ਗਿਆ।
6. **ਰੋਜ਼ਾ ਸ਼ਰੀਫ:-** ਗੁਰਦੁਆਰਾ ਫਤਿਹਗੜ੍ਹ ਦੇ ਨੇੜੇ ਹੀ 'ਸ਼ੇਖ ਅਹਿਮਦ ਫਾਰੂਕੀ ਸਰਹਿੰਦੀ' ਦੀ ਦਰਗਾਹ ਹੈ।
7. **ਉਸਤਾਦ ਦੀ ਮਜ਼ਾਰ:-** ਰੋਜ਼ਾ ਸ਼ਰੀਫ ਦੇ ਨੇੜੇ ਹੀ ਮਹਾਨ ਸ਼ਿਲਪਕਾਰ ਉਸਤਾਦ ਸੱਯਾਦ ਖਾਨ ਦੀ ਮਜ਼ਾਰ ਹੈ।
8. **ਸ਼ਾਗਿਰਦ ਦੀ ਮਜ਼ਾਰ:-** ਉਸਤਾਦ ਦੀ ਮਜ਼ਾਰ ਦੇ ਨੇੜੇ ਖਵਾਜਾ ਖਾਨ ਜੋ ਕਿ ਉਸਤਾਦ ਸੱਯਾਦ ਖਾਨ ਦੇ ਸਹਾਇਕ ਸੀ, ਦੀ ਮਜ਼ਾਰ ਹੈ।

ਸਾਰਣੀ 9.12 **ਫਤਿਹਗੜ੍ਹ ਸਾਹਿਬ**

ਹੋਂਦ ਵਿੱਚ ਆਇਆ	1992
ਭਾਗ	ਪਟਿਆਲਾ ਡਿਵੀਜ਼ਨ
ਗੁਆਂਢੀ ਜ਼ਿਲ੍ਹੇ	ਪਟਿਆਲਾ, ਸੰਗਰੂਰ, ਲੁਧਿਆਣਾ, ਰੋਪੜ ਅਤੇ ਸਹਿਬਜ਼ਾਦਾ ਅਜੀਤ ਸਿੰਘ ਨਗਰ
ਤਹਿਸੀਲਾਂ	ਫਤਿਹਗੜ੍ਹ ਸਾਹਿਬ, ਬੱਸੀ ਪਠਾਣਾ, ਅਮਲੋਹ ਅਤੇ ਖਮਾਣੋ
ਫਤਿਹਗੜ੍ਹ ਸਾਹਿਬ – ਨਾਮ ਦਾ ਸ੍ਰੋਤ	ਸਾਹਿਬਜ਼ਾਦਾ ਫਤਿਹ ਸਿੰਘ
ਯੂਨੀਵਰਸਿਟੀ	ਸ੍ਰੀ ਗੁਰੂ ਗੰਥ ਸਾਹਿਬ ਵਿਸ਼ਵ ਯੂਨੀਵਰਸਿਟੀ (ਫਤਿਹਗੜ ਸਾਹਿਬ)
ਦੇਖਣਯੋਗ ਸਥਾਨ	ਗੁਰਦੁਆਰਾ ਫਤਿਹਗੜ ਸਾਹਿਬ, ਗੁਰਦੁਆਰਾ ਜੋਤੀ ਸਰੂਪ ਸਾਹਿਬ, ਸੰਘੋਲ (ਪ੍ਰਾਚੀਨ ਸਥਾਨ), ਆਮ ਖਾਸ ਬਾਗ, ਗੁਰਦੁਆਰਾ ਸ਼ਹੀਦ ਗੰਜ, ਰੋਜ਼ਾ ਸ਼ਰੀਫ, ਉਸਤਾਦ ਦੀ ਮਜ਼ਾਰ, ਸ਼ਾਗਿਰਦ ਦੀ ਮਜ਼ਾਰ।
ਦਰਜਾਬੰਦੀ	ਨਿਊਨਤਮ ਜਨਸੰਖਿਆ (ਦੂਜਾ ਦਰਜਾ)

ਜ਼ਿਲ੍ਹਾ ਲੁਧਿਆਣਾ

ਭੂਗੋਲਿਕ ਸਥਿਤੀ: ਪੰਜਾਬ ਰਾਜ ਦੇ ਮਾਲਵਾ ਇਲਾਕੇ ਵਿੱਚ ਪੈਂਦਾ ਇਹ ਜ਼ਿਲ੍ਹਾਂ ਇਸ ਨੂੰ ਜ਼ਿਲ੍ਹਾ ਕੇਂਦਰ ਦੇ ਸਭ ਤੋਂ ਨੇੜੇ ਹੈ। ਇਸ ਦੇ ਉੱਤਰ ਵਿੱਚ ਸਤਲੁਜ ਦਰਿਆ ਇਸ ਨੂੰ ਜਲੰਧਰ ਨਾਲੋਂ ਵੱਖ ਕਰਦਾ ਹੈ । ਇਸ ਦਰਿਆ ਸ਼ਹੀਦ ਭਗਤ ਸਿੰਘ ਜ਼ਿਲ੍ਹੇ ਨਾਲ ਇਸ ਜ਼ਿਲ੍ਹੇ ਦੀ ਉੱਤਰੀ ਸੀਮਾ ਬਣਾਉਂਦਾ ਹੈ । ਪੂਰਬ ਵਿੱਚ ਇਸ ਦੀ ਸੀਮਾ ਜ਼ਿਲ੍ਹਾ ਰੂਪਨਗਰ ਨਾਲ ਸਾਂਝੀ ਹੈ, ਇਸ ਦੇ ਪੱਛਮ ਵਿੱਚ ਮੋਗਾ ਜ਼ਿਲ੍ਹਾ ਹੈ ਅਤੇ ਦੱਖਣ ਵਿੱਚ ਸੰਗਰੂਰ ਅਤੇ ਬਰਨਾਲਾ ਜ਼ਿਲ੍ਹੇ ਹਨ। ਇਸ ਜ਼ਿਲ੍ਹੇ ਦੇ ਦੱਖਣ ਪੂਰਬੀ ਹਿੱਸੇ ਵਿੱਚ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਸਥਿਤ ਹੈ।

2011 ਦੇ ਜਨਗਣਤਾ ਤੇ ਆਧਾਰਿਤ ਇਸ ਜ਼ਿਲ੍ਹੇ ਦੀ ਜਨਸੰਖਿਆ 34,98,739 ਹੈ ਅਤੇ ਜਨਸੰਖਿਆ ਘਣਤਾ 978

Scanned with CamScanner

ਵਿਅਕਤੀ ਪ੍ਰਤੀ ਵਰਗ ਕਿਮੀ ਹੈ। ਜ਼ਿਲ੍ਹੇ ਦਾ ਲਿੰਗ ਅਨੁਮਾਤ 873 ਹੈ ਅਤੇ 82.20% ਲੋਕ ਸਾਖਰ ਹਨ।

ਪ੍ਰਸ਼ਾਸ਼ਕੀ ਵੰਡ: ਪ੍ਰਸ਼ਾਸਨ ਦੇ ਆਧਾਰ ਤੇ ਜ਼ਿਲ੍ਹਾਂ ਲੁਧਿਆਣਾ ਨੂੰ 7 ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ। 1) ਲੁਧਿਆਣਾ (ਪੂਰਬੀ) 2) ਲੁਧਿਆਣਾ (ਪੱਛਮੀ) 3) ਸਮਰਾਲਾ 4) ਖੰਨਾ 5) ਪਾਇਲ 6) ਰਾਏਕੋਟ 7) ਜਗਰਓਂ।

ਲੁਧਿਆਣਾ: ਮੰਨਿਆ ਜਾਂਦਾ ਹੈ ਕਿ ਇਹ ਸ਼ਹਿਰ ਲੋਧੀ ਰਾਜਿਆਂ ਨੇ ਇੱਕ ਪਿੰਡ 'ਮੀਰਹੋਤਾ' ਵਾਲੀ ਥਾਂ ਤੇ 1481 ਈ: ਵਿੱਚ ਵਸਾਇਆ ਸੀ। ਇਸ ਦੇ ਬਾਨੀਆਂ ਵਿੱਚ ਯੂਸਫ ਖਾਨ ਅਤੇ ਨਿਹੰਗ ਖਾਨ ਲੋਧੀ ਦਾ ਨਾਮ ਆਉਂਦਾ ਹੈ। ਨਵੇਂ ਸ਼ਹਿਰ ਦਾ ਨਾ ਅਸਲ ਵਿੱਚ ਲੋਧੀ -ਆਨਾ ਸੀ ਜਿਸ ਦਾ ਅਰਥ ਹੈ ਲੋਧੀਆਂ ਦਾ ਸ਼ਹਿਰ। ਇਹ ਨਾਮ ਬਦਲ ਕੇ ਹੁਣ ਲੁਧਿਆਣਾ ਪੈ ਗਿਆ।

- ਲੁਧਿਆਣਾ ਸ਼ਹਿਰ ਰਾਜ ਦਾ ਇੱਕੋ ਇੱਕ ਮਹਾਂਨਗਰ ਹੈ।
- ਮਹਾਰਾਜ਼ਾ ਰਣਜੀਤ ਸਿੰਘ ਵਾਰ ਅਜਾਇਬ ਘਰ ਇੱਥੇ ਹੀ ਸਥਿਤ ਹੈ।
- ਸ਼ਹਿਰ ਦੇ ਬਾਹਰਵਾਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਸਥਿਤ ਹੈ।
- ਲੁਧਿਆਣਾ ਨੂੰ 'ਭਾਰਤ ਦਾ ਮਾਨਚੈਸਟਰ' ਵੀ ਕਿਹਾ ਜਾਂਦਾ ਹੈ।
- ਵਿਸ਼ਵ ਦੀ ਸਭ ਤੋ ਵੱਡੀ ਹੀਰੋ ਸਾਈਕਲ ਕੰਪਨੀ ਹੀਰੋ ਸਾਈਕਲਜ਼ ਲੁਧਿਆਣਾ ਵਿੱਚ ਸਥਿਤ ਹੈ।
- ਇੱਥੇ ਹੀ ਗੁਰਦੁਆਰਾ ਚਰਨ ਕੰਵਲ ਅਤੇ ਗੁਰਦੁਆਰਾ ਮੰਜੀ ਸਾਹਿਬ ਹਨ।
- ਇਹ ਪੰਜਾਬ ਦੀ ਮਾਲੀ ਰਾਜਧਾਨੀ ਹੈ।
- **ਬੁੱਢਾ ਨਾਲਾ:** ਦੱਖਣ ਵੱਲ, ਇਹ ਸਤਲੁਜ਼ ਦਰਿਆ ਦੇ ਨਾਲ-ਨਾਲ ਵਹਿੰਦਾ ਹੈ ਅਤੇ ਅੰਤ ਵਿੱਚ ਉੱਤਰ ਪੱਛਮੀ ਦਿਸ਼ਾ ਵਿੱਚ, ਗੋਰਸੀਆਂ ਕਦਾਰ ਬਖ਼ਸ ਨੇੜੇ, ਇਹ ਸਤਲੁਜ਼ ਵਿੱਚ ਮਿਲ ਜਾਂਦਾ ਹੈ। ਵਰਖਾ ਦੇ ਦਿਨਾਂ ਵਿੱਚ ਇਸ ਵਿੱਚ ਹੜ੍ਹ ਆ ਜਾਂਦੇ ਹਨ ਪਰ ਸੁੱਕੇ ਦਿਨਾਂ ਵਿੱਚ ਇਸ ਨੂੰ ਅਸਾਨੀ ਨਾਲ ਪਾਰ ਕੀਤਾ ਜਾ ਸਕਦਾ ਹੈ। ਇਸ ਨਾਲੇ ਦੇ ਦੱਖਣ ਵਿੱਚ ਲੁਧਿਆਣਾ ਅਤੇ ਮਾਛੀਵਾੜਾ ਸਥਿਤ ਹਨ। ਨਾਲੇ ਦਾ ਪਾਣੀ, ਲੁਧਿਆਣਾ ਸ਼ਹਿਰ ਵਿੱਚ ਵਗਣ ਮਗਰੋਂ ਗੰਧਲਾ ਹੋ ਜ਼ਾਦਾ ਹੈ।
- **ਖੰਨਾ:** ਇਸ ਸ਼ਹਿਰ ਨੂੰ ਖੰਨਾਂ ਰਾਜਪੂਤ ਨੇ ਵਸਾਇਆ ਸੀ। ਸੋ ਇਸ ਦਾ ਨਾਮ 'ਖੰਨਾ' ਪੈ ਗਿਆ। ਇਹ ਸ਼ਹਿਰ ਦਾ ਤੇਜ਼ੀ ਨਾਲ ਉਦਯੋਗੀਕਰਨ ਹੋ ਰਿਹਾ ਹੈ। ਲੁਧਿਆਣਾ ਮਗਰੋ, ਇਸ ਸ਼ਹਿਰ ਵਿੱਚ ਦਰਜ਼ ਕਾਰਖਾਨਿਆਂ ਦੀ ਗਿਣਤੀ ਸਭ ਤੋ ਵੱਧ ਹੈ। ਇਹ ਸ਼ਹਿਰ ਇੱਕ ਦਾਣਾ ਮੰਡੀ ਵੀ ਪ੍ਰਫਲਿੱਤ ਹੋਈ ਹੈ। ਆਪਣੀ ਕਣਕ ਦੀ ਵਿਕਰੀ ਦੇ ਆਧਾਰ ਤੇ ਇਹ ਏਸ਼ੀਆ ਦੀ ਸਭ ਤੋਂ ਵੱਡੀ ਦਾਣਾ ਮੰਡੀ ਮੰਨੀ ਜਾਦੀ ਹੈ।

ਸਾਰਣੀ 9.13

ਲੁਧਿਆਣਾ

ਭਾਗ	ਪਟਿਆਲਾ ਡਿਵੀਜ਼ਨ
ਗੁਆਂਢੀ ਜ਼ਿਲ੍ਹੇ	ਸੰਗਰੂਰ, ਬਰਨਾਲਾ, ਮੋਗਾ, ਜਲੰਧਰ, ਰੋਪੜ, ਐਸ ਬੀ ਐਸ ਨਗਰ, ਫਤਿਹਗੜ੍ਹ ਸਾਹਿਬ
ਤਹਿਸੀਲਾਂ	ਲੁਧਿਆਣਾ (ਪੂਰਬੀ), ਲੁਧਿਆਣਾ (ਪੱਛਮੀ), ਸਮਰਾਲਾ, ਖੰਨਾ, ਪਾਇਲ, ਰਾਏਕੋਟ, ਜਗਰਓਂ
ਲੁਧਿਆਣਾ ਦਾ ਬਾਨੀ	ਭਾਰਤ ਦਾ ਮੈਨਚੈਟਰ ਅਤੇ ਪੰਜਾਬ ਦੀ ਮਾਲੀ ਰਾਜਥਾਨੀ
ਯੂਨੀਵਰਸਿਟੀਆਂ	ਗੁਰੂ ਅੰਗਦ ਦੇਵ ਯੂਨੀਵਰਸਿਟੀ ਆਫ ਵੈਟਰਨਰੀ ਅਤੇ ਐਨੀਮਲ ਸਾਇੰਸਇਜ਼ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ
ਦਰਜਾਬੰਦੀ	ਜਨਸੰਖਿਆ: ਸਭ ਤੋਂ ਵੱਧ ਜਨਸੰਖਿਆ ਘਣਤਾ: ਸਭ ਤੋਂ ਵੱਧ

Scanned with CamScanner

	ਖੇਤਰਫਲ: ਸਭ ਤੋਂ ਵੱਡਾ
ਉੱਘੀਆਂ ਸਖ਼ਸ਼ੀਅਤਾਂ	ਕਰਤਾਰ ਸਿੰਘ ਸਰਾਭਾ, ਸਾਹਿਰ ਲੁਧਿਆਣਵੀ, ਜੂਹੀ ਚਾਵਲਾ ਅਤੇ ਕੁਲਦੀਪ ਮਾਣਕ
ਦੇਖਣਯੋਗ ਸਥਾਨ	ਲੋਧੀ ਕਿਲ੍ਹਾ, ਕਲੋਕ ਟਾਵਰ, ਮਹਾਰਾਜਾ ਰਣਜੀਤ ਸਿੰਘ ਵਾਰ ਅਜਾਇਬ ਘਰ, ਗੁਰਦੁਆਰਾ ਚਰਨ ਕੰਵਲ ਅਤੇ ਗੁਰਦੁਆਰਾ ਮੰਜੀ ਸਾਹਿਬ

ਡਿਵੀਜ਼ਨ-ਜਲੰਧਰ:

ਜ਼ਿਲ੍ਹਾ ਜਲੰਧਰ:

ਭੂਗੋਲਿਕ ਸਥਿਤੀ: ਜਲੰਧਰ ਜ਼ਿਲ੍ਹਾ, ਸਤਲੁਜ ਅਤੇ ਬਿਆਸ ਵਿਚਲੀ ਤੀਬਰ ਸਿੰਜਾਈ ਵਾਲੀ ਪੱਧਰੀ ਜ਼ਮੀਨ 'ਤੇ ਸਥਿਤ ਹੈ, ਇਸ ਦੇ ਦੱਖਣ ਵਿੱਚ ਜ਼ਿਲ੍ਹਾ ਲੁਧਿਆਣਾ, ਪੱਛਮ ਵਿੱਚ ਜ਼ਿਲ੍ਹਾ ਕਪੂਰਥਲਾ ਅਤੇ ਸ਼ਹੀਦ ਭਗਤ ਸਿੰਘ ਨਗਰ, ਉੱਤਰ ਵਿੱਚ ਹੁਸ਼ਿਆਰਪੁਰ ਅਤੇ ਦੱਖਣ-ਪੱਛਮ ਵਿੱਚ ਫਿਰੋਜ਼ਪੁਰ ਅਤੇ ਮੋਗਾ ਜ਼ਿਲ੍ਹੇ ਸਥਿਤ ਹਨ।

2011 ਦੇ ਜਨਸੰਖਿਆ ਸਰਵੇਖਣ ਦੇ ਆਧਾਰ ਤੇ, ਇਸ ਜ਼ਿਲ੍ਹੇ ਦੀ ਕੁੱਲ ਵੱਸੋਂ 21,93,590 ਹੈ। ਜਨਸੰਖਿਆ ਘਣਤਾ 835 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 915 ਹੈ ਅਤੇ ਇਥੋਂ ਦੇ 82.48% ਲੋਕ ਸਾਖ਼ਰ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨ ਦੇ ਅਧਾਰ 'ਤੇ ਜ਼ਿਲ੍ਹਾ ਜਲੰਧਰ 5 ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ : 1) ਜਲੰਧਰ-1 2) ਜਲੰਧਰ-2 3) ਸ਼ਾਹਕੋਟ 4) ਨਕੋਦਰ 5) ਫ਼ਿਲੌਰ

ਜਲੰਧਰ: ਪ੍ਰਾਚੀਨ ਵਿਰਸੇ ਵਾਲਾ ਇਹ ਸ਼ਹਿਰ, ਭਾਰਤ ਦੀ ਆਜ਼ਾਦੀ ਤੋਂ ਲੈ ਕੇ 1953 ਈ: ਵਿੱਚ ਚੰਡੀਗੜ੍ਹ ਬਣਨ ਤੋਂ ਪਹਿਲਾਂ ਤੱਕ, ਪੰਜਾਬ ਦੀ ਰਾਜਧਾਨੀ ਸੀ। ਇਸ ਸ਼ਹਿਰ ਦਾ ਨਾਮ ਇੱਕ ਸ਼ੈਤਾਨੀ ਰਾਜੇ 'ਜਲੰਧਰ' ਦੇ ਨਾਮ 'ਤੇ ਪਿਆ ਜਿਸ ਦਾ ਵਰਣਨ ਪੁਰਾਣ ਅਤੇ ਮਹਾਂਭਾਰਤ ਵਿੱਚ ਵੀ ਮਿਲਦਾ ਹੈ। ਇੱਕ ਹੋਰ ਲੋਕ-ਕਥਾ ਅਨੁਸਾਰ ਇਹ ਸ਼ਹਿਰ ਰਾਜਾ ਰਾਮ ਦੇ ਪੁੱਤਰ 'ਲਵ' ਦੇ ਰਾਜ ਖੇਤਰ ਦੀ ਰਾਜਧਾਨੀ ਸੀ। ਇੱਕ ਹੋਰ ਲੋਕ-ਕਥਾ ਅਨੁਸਾਰ ਜਲੰਧਰ ਸ਼ਬਦ ਮਾੜ੍ਹੀ ਸ਼ਬਦ ਤੋਂ ਬਣਿਆ ਜਿਸ ਦਾ ਅਰਥ ਹੈ 'ਪਾਣੀ ਦੇ ਹੇਠਾਂ ਵਾਲਾ ਖੇਤਰ' ਅਰਥਾਤ ਦੋ ਦਰਿਆਵਾਂ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਵਿੱਚ ਪੈਂਦਾ ਖੇਤਰ। ਜਲੰਧਰ ਦਾ ਇੱਕ ਹੋਰ ਪ੍ਰਚਲਿਤ ਨਾਮ 'ਤ੍ਰਿਗਰਤਾ' ਹੈ, ਕਿਉਂਕਿ ਇਸ ਜ਼ਮੀਨ ਨੂੰ ਤਿੰਨ ਦਰਿਆਵਾਂ ਸਤਲੁਜ, ਬਿਆਸ ਅਤੇ ਰਾਵੀ ਦਾ ਪਾਣੀ ਲੱਗਦਾ ਹੈ।

ਇਹ ਸ਼ਹਿਰ ਖੇਤੀ ਦੇ ਸੰਦਾਂ, ਕੱਪੜੇ, ਚਮੜੇ, ਲੱਕੜੀ ਆਦਿ ਦੀਆਂ ਵਸਤੂਆਂ ਅਤੇ ਖੇਡਾਂ ਦੇ ਸਾਮਾਨ ਦਾ ਵੱਡਾ ਬਜ਼ਾਰ ਹੈ। ਕੁਝ ਸਾਲਾਂ ਵਿੱਚ ਹੀ ਖੇਡ-ਸਮੱਗਰੀ ਉਦਯੋਗ ਬਹੁਤ ਤੇਜ਼ੀ ਨਾਲ ਪ੍ਰਫੁਲਿੱਤ ਹੋਇਆ ਹੈ। ਇੱਥੋਂ, ਖੇਡ ਸਮੱਗਰੀ ਦੂਜੇ ਦੇਸ਼ਾਂ ਨੂੰ ਵੀ ਨਿਰਯਾਤ ਕੀਤੀ ਜਾਂਦੀ ਹੈ।

ਨਕੋਦਰ: ਕਿਹਾ ਜਾਂਦਾ ਹੈ ਕਿ ਇਸ ਸ਼ਹਿਰ 'ਤੇ ਪਹਿਲਾਂ ਕੰਬੋਆਂ ਦਾ ਰਾਜ ਸੀ। ਇੱਕ ਹੋਰ ਰਵਾਇਤ ਅਨੁਸਾਰ ਇੱਕ ਅਫ਼ਗਾਨ ਰਾਜਾ ਨਕੋਦਰ ਖਾਨ, ਇਸ ਦਾ ਸੰਸਥਾਪਕ ਸੀ। ਇੱਕ ਹੋਰ ਲੋਕ-ਗਾਥਾ ਅਨੁਸਾਰ, ਜਦੋਂ ਮੰਜ ਰਾਜਪੂਤਾਂ ਨੇ ਸਤਲੁਜ ਦਰਿਆ ਪਾਰ ਕਰ ਲਿਆ ਤਾਂ ਮਲਿਕ ਨਕੋਦਰ ਖਾਨ (ਜਿਸ ਨੂੰ ਸਾਧਾਰਣ ਤੌਰ ਤੇ ਬਾਬਾ ਮਲਿਕ ਕਿਹਾ ਜਾਂਦਾ ਹੈ ਅਤੇ ਜੋ ਰਾਏ ਇਜ਼ਾਤ ਦਾ ਭਰਾ ਸੀ) ਨੇ ਨਕੋਦਰ ਸ਼ਹਿਰ ਵਸਾਇਆ। ਅੱਜ ਵੀ ਸ਼ਹਿਰ ਵਿੱਚ ਉਸ ਦੀ ਸਮਾਧ ਹੈ। 'ਨਕੋਦਰ' ਸ਼ਬਦ ਫਾਰਸੀ ਸ਼ਬਦ 'ਨੇਕੀ-ਦਰ' ਤੋਂ ਬਿਗੜ ਕੇ ਬਣਿਆ ਜਿਸ ਦਾ ਅਰਥ ਹੈ 'ਚੰਗਿਆਈ ਦਾ ਰਾਹ'। ਇਕ ਹੋਰ ਲੋਕ ਕਥਾ ਅਨੁਸਾਰ ਇਸ ਨੂੰ ਮੁਗਲ ਸਲਤਨਤ ਦੇ ਨਿਕੁਦਰੀ ਲਸ਼ਕਰ ਨੇ ਵਸਾਇਆ ਸੀ। ਸ਼ਹਿਰ ਤੋਂ ਬਾਹਰਵਾਰ ਦੋ ਮੁਸਲਿਮ

Scanned with CamScanner

ਸਮਾਧੀਆਂ ਹਨ: ਮੁਹੰਮਦ ਮੋਮਿਨ ਦੀ ਸਮਾਧ ਅਤੇ ਹਾਜੀ ਜਮਾਲ ਦੀ ਸਮਾਧ।

ਫਿਲੌਰ: ਫਿਲੌਰ ਸ਼ਹਿਰ ਦੀ ਨੀਂਹ, ਸੰਘੇਰਾ ਜੱਟ 'ਫੁਲ' ਨੇ ਰੱਖੀ, ਜਿਸ ਨੇ ਇਸ ਸ਼ਹਿਰ ਦਾ ਨਾਮ ਆਪਣੇ ਨਾਮ 'ਤੇ ਹੀ 'ਫੁਲ ਨਗਰ' ਰੱਖਿਆ। ਦੋ ਪੁਰਾਤਨ ਬਾਵਾਂ ਬੇਹ ਘਾਟੀ ਅਤੇ ਕਟਪਾਲੋਨ, ਫਿਲੌਰ ਤਹਿਸੀਲ ਵਿੱਚ ਪੈਂਦੀਆਂ ਹਨ।

ਹੋਰ ਪ੍ਰਸਿੱਧ ਸ਼ਹਿਰ:

ਨੂਰਮਹਿਲ: ਇਸ ਆਧੁਨਿਕ ਸ਼ਹਿਰ ਦਾ ਨਾਮ, ਸ਼ਹਿਨਸ਼ਾਹ ਜਹਾਂਗੀਰ ਦੀ ਰਾਣੀ ਨੂਰ ਜਹਾਂ ਦੇ ਨਾਮ ਤੋਂ ਪਿਆ। ਜਿਸ ਦਾ ਕਿ ਪਾਲਣ ਪੋਸ਼ਣ ਇਸੇ ਥਾਂ ਹੋਇਆ ਸੀ। ਉਸ ਕੋਲ ਦੁਆਬੇ ਦੇ ਨਵਾਬ ਜ਼ਕਰੀਆ ਖਾਨ ਵਲੋਂ ਫਟਵਾਈ ਗਈ ਸ਼ਾਹੀ ਸਰਾਂ ਸੀ। ਦੁਆਬੇ ਦੇ ਗਵਰਨਰ ਨੇ 1619 ਈ: ਅਤੇ 1621 ਈ: ਏ.ਡੀ. ਵਿਚਕਾਰ ਕਈ ਨਵੇਂ ਪਰਿਵਾਰਾਂ ਨੂੰ ਇਸ ਨਵੇਂ ਸ਼ਹਿਰ ਵਿੱਚ ਆਵਾਸ ਦਿੱਤਾ। ਇਹ ਸਰਾਂ ਪੂਰਬੀ ਸ਼ਿਲਪਕਲਾਂ ਦਾ ਬਹੁਤ ਵਧੀਆ ਨਮੂਨਾ ਹੈ। ਇਸ ਦੀ ਦੇਖਰੇਖ ਦਾ ਕਾਰਜ ਪੁਰਾਤੱਤਵੀ ਵਿਭਾਗ ਕੋਲ ਹੈ।

ਕਰਤਾਰਪੁਰ: ਇਹ ਸ਼ਹਿਰ ਸਿੱਖਾਂ ਦੇ ਪੰਜਵੇ ਗੁਰੂ, ਗੁਰੂ ਅਰਜਨ ਦੇਵ ਜੀ ਨੇ ਵਸਾਇਆ। ਇਹ ਸ਼ਹਿਰ ਆਪਣੇ ਅਤਿਆਧੁਨਿਕ ਫਰਨੀਚਰ ਉਦਯੋਗ ਕਾਰਨ ਸੰਸਾਰ ਭਰ ਵਿੱਚ ਪ੍ਰਸਿੱਧ ਹੈ। ਇੱਥੋਂ ਦਾ ਲਕੜੀ ਦੀ ਕਾਰੀਗਰੀ ਸੰਸਾਰ ਭਰ ਵਿੱਚ ਜਾਣੀ ਜਾਂਦੀ ਹੈ।

ਦੇਖਣਯੋਗ ਸਥਾਨ:

1. **ਦੇਵੀ ਤਲਾਬ ਮੰਦਰ:** ਇਥੇ ਹੀ ਪ੍ਰਸਿੱਧ ਸੰਗੀਤਕਾਰ (ਸੁਆਮੀ) ਹਰੀਵਲੱਭ ਦੀ ਯਾਦ ਵਿੱਚ ਹਰੀਵਲੱਭ ਸੰਗੀਤ ਮੇਲਾ ਲੱਗਦਾ ਹੈ। ਇਹ ਮੇਲਾ ਉਹਨਾਂ ਦੀ ਸਮਾਧੀ 'ਤੇ ਭਰਦਾ ਹੈ।
2. **ਗੁਰਦੁਆਰਾ ਛੇਵੀਂ ਪਾਤਸ਼ਾਹੀ:–** ਇਸ ਸਥਾਨ ਤੇ ਸਿੱਖਾਂ ਦੇ ਛੇਵੇਂ ਗੁਰੂ, ਗੁਰੂ ਹਰਗੋਬਿੰਦ ਜੀ ਦੀ ਮੁਸਲਿਮ ਸੰਤ ਸ਼ੇਖ ਦਰਵੇਸ਼ ਨਾਲ ਵਾਰਤਾਲਾਪ ਹੋਈ ਸੀ। ਇਸ ਫ਼ਕੀਰ ਨੇ ਵਾਰਤਾਲਾਪ ਤੋਂ ਪਹਿਲਾਂ ਆਪਣੀਆਂ ਅੱਖਾਂ 'ਤੇ ਪੱਟੀ ਬੰਨ੍ਹ ਲਈ ਤਾਂ ਜੋ ਉਹ ਮੁਗਲ ਹਾਕਮਾਂ ਨੂੰ ਇਹ ਜਤਾ ਸਕੇ ਕਿ ਉਸ ਨੇ ਗੁਰੂ ਸਾਹਿਬ ਨੂੰ ਨਹੀਂ ਵੇਖਿਆ। ਦੋਹਾਂ ਵਿੱਚ ਆਤਮਿਕ ਗਿਆਨ ਦੀਆਂ ਗੂੜ੍ਹ ਗੱਲਾਂ ਹੋਈਆਂ, ਜਿਸ ਨੇ ਸ਼ੇਖ ਦਰਵੇਸ਼ ਦੇ ਮਨ ਨੂੰ ਬੜਾ ਪ੍ਰਭਾਵਿਤ ਕੀਤਾ।

ਸਾਰਣੀ 9.14 — ਜਲੰਧਰ

ਭਾਗ	ਜਲੰਧਰ ਡਵੀਜ਼ਨ
ਗੁਆਂਢੀ ਜ਼ਿਲ੍ਹੇ	ਲੁਧਿਆਣਾ, ਮੋਗਾ, ਫਿਰੋਜ਼ਪੁਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ
ਤਹਿਸੀਲਾਂ	ਜਲੰਧਰ-1, ਜਲੰਧਰ-2, ਸ਼ਾਹਕੋਟ, ਨਕੋਦਰ ਅਤੇ ਫਿਲੌਰ
ਯੂਨੀਵਰਸਿਟੀਆਂ	ਪੰਜਾਬ ਟੈਕਨੀਕਲ ਯੂਨੀਵਰਸਿਟੀ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਅਤੇ ਡੀ.ਏ.ਵੀ. ਯੂਨੀਵਰਸਿਟੀ
ਜਲੰਧਰ – ਨਾਮ ਦਾ ਸ੍ਰੋਤ	ਜਲੰਧਰ, ਇਕ ਸ਼ੈਤਾਨੀ ਰਾਜਾ
ਨਕੋਦਰ ਦੇ ਬਾਨੀ	ਨਕੋਦਰ ਖਾਨ
ਦੇਖਣਯੋਗ ਸਥਾਨ	ਦੇਵੀ ਤਲਾਬ ਮੰਦਰ, ਗੁਰਦੁਆਰਾ ਛੇਵੀਂ ਪਾਤਸ਼ਾਹੀ ਜਲੰਧਰ; ਮੁਹੰਮਦ ਮੋਮਿਨ ਦੀ ਸਮਾਧ ਅਤੇ ਹਾਜੀ ਜਾਮਲ ਦੀ ਸਮਾਧ ਨਕੋਦਰ ਵਿਖੇ, ਦੋ ਪੁਰਾਤਨ ਬਾਵਾਂ-ਬੇਹ ਘਾਟੀ ਅਤੇ ਕਟਪਾਲੋਂ ਤਹਿਸੀਲ ਫ਼ਿਲੌਰ ਵਿੱਚ।
ਪ੍ਰਸਿੱਧ ਮੇਲੇ	ਹਰੀ ਵੱਲਭ ਸੰਗੀਤ ਮੇਲਾ ਅਤੇ ਬਾਬਾ ਸੋਢਲ ਮੇਲਾ
ਪ੍ਰਸਿੱਧ ਸਖ਼ਸ਼ੀਅਤਾਂ	ਕਰਤਾਰ ਸਿੰਘ ਦੁੱਗਲ, ਜਗਜੀਤ ਸਿੰਘ ਅਤੇ ਸੁਨੀਲ ਦੱਤ

Scanned with CamScanner

ਜ਼ਿਲ੍ਹਾ ਹੁਸ਼ਿਆਰਪੁਰ

ਭੂਗੋਲਿਕ ਸਥਿਤੀ: ਇਹ ਤਲਹੱਟੀ ਜ਼ਿਲ੍ਹਾ ਰਾਜ ਦੇ ਉੱਤਰੀ-ਪੂਰਬੀ ਭਾਗ ਵਿੱਚ ਸਥਿਤ ਹੈ। ਉੱਤਰ-ਪੂਰਬ ਵਿੱਚ ਇਸ ਦੀ ਸੀਮਾ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਅਤੇ ਊਨਾ ਜਿਲ੍ਹਿਆਂ ਨਾਲ ਸਾਂਝੀ ਹੈ। ਦੱਖਣ-ਪੱਛਮ ਵਿੱਚ ਜਲੰਧਰ ਅਤੇ ਕਪੂਰਥਲਾ, ਉੱਤਰ-ਪੱਛਮ ਵਿੱਚ ਜ਼ਿਲ੍ਹਾ ਗੁਰਦਾਸਪੁਰ ਅਤੇ ਦੱਖਣ-ਪੂਰਬ ਵਿੱਚ ਸ਼ਹੀਦ ਭਗਤ ਸਿੰਘ ਨਗਰ ਅਤੇ ਰੂਪਨਗਰ ਜ਼ਿਲ੍ਹੇ ਸਥਿਤ ਹਨ।

2011 ਦੀ ਜਨਸੰਖਿਆ ਸਰਵੇਖਣ ਦੇ ਆਧਾਰ ਤੇ, ਜ਼ਿਲ੍ਹੇ ਦੀ ਵੱਸੋਂ 15,86,625 ਹੈ। ਇਸ ਦੀ ਵੱਸੋਂ ਘਣਤਾ 468 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 961 ਹੈ ਅਤੇ ਇੱਥੋਂ ਦੇ 84.59% ਲੋਕ ਸਾਖਰ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨ ਦੇ ਆਧਾਰ 'ਤੇ ਜ਼ਿਲ੍ਹਾ ਹੁਸ਼ਿਆਰਪੁਰ 4 ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ: 1) ਹੁਸ਼ਿਆਰਪੁਰ 2) ਮੁਕੇਰੀਆਂ 3) ਦਸੂਹਾ 4) ਗੜ੍ਹਸ਼ੰਕਰ।

ਹੁਸ਼ਿਆਰਪੁਰ: ਇਸ ਸ਼ਹਿਰ ਦੀ ਨੀਂਹ ਰੱਖਣ ਪਿੱਛੇ ਦੋ ਦੰਦ ਕਥਾਵਾਂ ਪ੍ਰਚਲਿਤ ਹਨ: ਪਹਿਲੀ ਕਥਾ ਦਾ ਸਬੰਧ ਰਾਜਾ ਮੁਹੰਮਦ-ਬਿਨ-ਤੁਗਲਕ ਦੇ ਦੀਵਾਨ ਹਰਗੋਬਿੰਦ ਅਤੇ ਰਾਮ ਚੰਦ ਨਾਲ ਸਬੰਧਿਤ ਹੈ। ਦੂਜੀ ਦਾ ਸਬੰਧ ਹੁਸ਼ਿਆਰ ਖਾਨ ਨਾਲ ਹੈ ਜੋ ਕਿ ਬਜਵਾਰਾ ਦਾ ਵਾਸੀ ਸੀ ਅਤੇ ਉਸੇ ਦੇ ਨਾਮ 'ਤੇ ਇਸ ਸ਼ਹਿਰ ਦਾ ਨਾਮ ਰੱਖਿਆ ਹੋਇਆ ਹੈ। ਹੁਸ਼ਿਆਰਪੁਰ ਇਥੇ ਵਹਿੰਦੇ ਸੈਂਕੜੇ ਚੋਆਂ ਕਾਰਨ ਅਕਸਰ ਦੀ ਮਾਰ ਹੇਠ ਰਹਿੰਦਾ ਹੈ।

ਦਸੂਹਾ: ਇਸ ਨੂੰ 'ਵਿਰਾਟ ਕੀ ਨਗਰੀ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਹ ਇੱਕ ਬੜਾ ਪੁਰਾਤਨ ਸਥਲ ਹੈ। ਇੱਕ ਲੋਕ-ਕਥਾ ਅਨੁਸਾਰ ਇਸ ਸ਼ਹਿਰ ਦੀ ਨੀਂਹ 5000 ਸਾਲ ਪਹਿਲਾਂ ਰੱਖੀ ਗਈ ਸੀ। ਇਹ ਰਾਜਾ ਵਿਰਾਟ ਜਿਸ ਦਾ ਵਰਣਨ ਮਹਾਂਭਾਰਤ ਵਿੱਚ ਵੀ ਆਉਂਦਾ ਹੈ, ਦੀ ਰਾਜਧਾਨੀ ਵੀ ਰਹੀ ਹੈ। ਇਸ ਸ਼ਹਿਰ ਦੇ ਹਿੰਦੂ ਲੋਕ ਅੱਜ ਵੀ ਇਸ ਨੂੰ 'ਵਿਰਾਟ ਦੀ ਨਗਰੀ' ਦਾ ਹੀ ਨਾਮ ਦਿੰਦੇ ਹਨ।

ਸਾਰਣੀ 9.15 **ਹੁਸ਼ਿਆਰਪੁਰ**

ਭਾਗ	ਜਲੰਧਰ ਡਿਵੀਜ਼ਨ
ਗੁਆਂਢੀ ਜ਼ਿਲ੍ਹੇ	ਗੁਰਦਾਸਪੁਰ, ਕਪੂਰਥਲਾ, ਜਲੰਧਰ, ਸ਼ਹੀਦ ਭਗਤ ਸਿੰਘ ਨਗਰ ਅਤੇ ਰੋਪੜ
ਤਹਿਸੀਲਾਂ	ਦਸੂਹਾ, ਮੁਕੇਰੀਆਂ, ਹੁਸ਼ਿਆਰਪੁਰ ਅਤੇ ਗੜ੍ਹਸ਼ੰਕਰ
ਪਾਵਰ ਪਲਾਂਟ	ਮੁਕੇਰੀਆਂ ਹਾਈਡਲ ਪ੍ਰੋਜੈਕਟ
ਦਰਜਾਬੰਦੀ	ਕੁੱਲ ਸਾਖਰਤਾ ਅਨੁਸਾਰ – ਪਹਿਲਾ ਮਰਦਾਂ ਦੀ ਸਾਖਰਤਾ ਦਰ – ਅਨੁਸਾਰ ਪਹਿਲਾ ਔਰਤਾਂ ਦੀ ਸਾਖਰਤਾ ਦਰ – ਅਨੁਸਾਰ ਪਹਿਲਾ ਲਿੰਗ ਅਨੁਪਾਤ ਦੇ ਸੰਦਰਭ ਵਿੱਚ – ਪਹਿਲਾ

ਜ਼ਿਲ੍ਹਾ ਗੁਰਦਾਸਪੁਰ

ਭੂਗੋਲਿਕ ਸਥਿਤੀ: ਇਹ ਸ਼ਹਿਰ ਰਾਵੀ ਅਤੇ ਬਿਆਸ ਦਰਿਆਵਾਂ ਵਿਚਕਾਰ ਵਸਿਆ ਹੋਇਆ ਹੈ। ਉੱਤਰ ਵਿੱਚ ਇਸਦੀ ਜ਼ਿਲ੍ਹਾ ਪਠਾਨਕੋਟ ਨਾਲ ਹੱਦ ਸਾਂਝੀ ਹੈ। ਇਸ ਦੇ ਉੱਤਰ-ਪੂਰਬ ਵਿੱਚ ਬਿਆਸ ਦਰਿਆ ਵਹਿੰਦਾ ਹੈ। ਦੱਖਣ-ਪੂਰਬ ਵਿੱਚ

Scanned with CamScanner

ਜ਼ਿਲ੍ਹਾ ਹੁਸ਼ਿਆਰਪੁਰ ਹੈ। ਦੱਖਣ ਵਿੱਚ ਜ਼ਿਲ੍ਹਾ ਕਪੂਰਥਲਾ ਹੈ। ਦੱਖਣ-ਪੱਛਮ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਹੈ ਅਤੇ ਉਤਰ-ਪੱਛਮ ਵਿੱਚ ਪਾਕਿਸਤਾਨ ਹੈ।

2011 ਦੀ ਜਨਸੰਖਿਆ ਸਰਵੇਖਣ ਦੇ ਆਧਾਰ ਤੇ, ਇਸ ਜ਼ਿਲ੍ਹੇ ਦੀ ਵੱਸੋਂ 22,98,323 ਹੈ। ਇਥੋਂ ਦੀ ਵੱਸੋਂ ਘਣਤਾ 649 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 895 ਹੈ ਅਤੇ ਇੱਥੋਂ ਦੇ 79.95% ਲੋਕ ਸਾਖਰ ਹਨ।

ਪ੍ਰਸ਼ਾਸ਼ਨਿਕ ਵੰਡ: ਪ੍ਰਸ਼ਾਸਨ ਦੇ ਅਧਾਰ 'ਤੇ ਜ਼ਿਲ੍ਹਾ ਗੁਰਦਾਸਪੁਰ ਨੂੰ 4 ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ: 1) ਗੁਰਦਾਸਪੁਰ 2) ਬਟਾਲਾ 3) ਡੇਰਾ ਬਾਬਾ ਨਾਨਕ 4) ਕਲਾਨੌਰ (ਨਵ ਨਿਰਮਿਤ)।

ਗੁਰਦਾਸਪੁਰ: ਇਸ ਸ਼ਹਿਰ ਨੂੰ 17ਵੀਂ ਸਦੀ ਦੇ ਆਰੰਭ ਵਿੱਚ ਗੁਰੀਆ ਜੀ ਨੇ ਵਸਾਇਆ ਸੀ। ਉਹਨਾਂ ਦੇ ਨਾਮ 'ਤੇ ਹੀ ਸ਼ਹਿਰ ਦਾ ਨਾਮ ਗੁਰਦਾਸਪੁਰ ਪਿਆ। ਇਹ ਸ਼ਹਿਰ ਵਸਾਉਣ ਲਈ ਉਹਨਾਂ ਨੇ ਸੰਧੀ ਗੋਤਰ ਦੇ ਜੱਟਾਂ ਤੋਂ ਇਹ ਜ਼ਮੀਨ ਖਰੀਦੀ ਸੀ। ਗੁਰੀਆ ਜੀ ਆਪ ਕੌਸ਼ਲ ਗੋਤਰ ਨਾਲ ਸਬੰਧਿਤ ਸੰਨਵਾਲ ਬ੍ਰਾਹਮਣ ਸਨ ਜੋ ਕਿ ਗੁਰਦਾਸਪੁਰ ਦੇ ਉੱਤਰ ਵਿੱਚ 5 ਮੀਲ ਦੂਰੀ ਤੇ ਵਸੇ ਪਿੰਡ 'ਪਨੀਆਰੇਂ' ਨਾਲ ਸਬੰਧ ਰੱਖਦੇ ਸਨ। ਗੁਰੀਆ ਜੀ ਦੇ ਪੂਰਵਜ ਕਈ ਸਾਲ ਪਹਿਲਾਂ ਅਯੋਧਿਆ ਤੋਂ ਆ ਕੇ ਪਿੰਡ ਪਨਿਆਰ ਵਿਖੇ ਵੱਸ ਗਏ ਸਨ। ਗੁਰੀਆ ਜੀ ਦਾ ਪੋਤਰਾ ਬਾਬਾ ਦੀਪ ਚੰਦ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ। ਅਜਿਹਾ ਮੰਨਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਦੀਪ ਚੰਦ ਨੂੰ 'ਗੰਜ ਬਖਸ਼' (ਖਜ਼ਾਨੇ ਦਾ ਮਾਲਕ) ਦੀ ਉਪਾਧੀ ਦਿੱਤੀ ਸੀ। ਬਾਬਾ ਦੀਪ ਸਿੰਘ ਦੇ ਉਤਰਾਧਿਕਾਰੀਆਂ ਨੂੰ ਮਹੰਤ ਕਿਹਾ ਜਾਂਦਾ ਹੈ।

- ਸ਼ਹਿਰ ਬਹਿਰਾਮਪੁਰ ਇਥੋਂ 10 ਕਿਲੋਮੀਟਰ ਦੀ ਦੂਰੀ 'ਤੇ ਹੈ, ਜਿੱਥੇ ਬਹਿਰਾਮ ਖਾਨ ਦਾ ਮਕਬਰਾ ਸਥਿਤ ਹੈ।
- ਦੀਨਾ ਨਗਰ ਸ਼ਹਿਰ ਜੋ ਕਿ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਰਿਹਾ ਸੀ, ਗੁਰਦਾਸਪੁਰ ਤੋਂ 12 ਕਿਲੋਮੀਟਰ ਦੀ ਦੂਰੀ 'ਤੇ ਹੀ ਹੈ।
- ਵਿਸ਼ਵਪੱਧਰੀ ਅਹਿਮਦੀਆਂ ਮੁਸਲਿਮ ਜਾਤੀ ਦਾ 127ਵਾਂ ਸਲਾਨਾ ਸੰਮੇਲਨ ਜ਼ਿਲ੍ਹਾ ਗੁਰਦਾਸਪੁਰ ਵਿੱਚ ਕਾਦੀਆਂ ਵਿਖੇ ਸੰਪਰੂਨ ਹੋਇਆ।

ਬਟਾਲਾ: ਇਸ ਦੀ ਨੀਂਹ ਰਾਏ ਰਾਮ ਦਿਓ ਨੇ 1472 ਏ.ਡੀ. ਵਿੱਚ ਰੱਖੀ ਸੀ ਜੋ ਕਿ ਕਪੂਰਥਲਾ ਤੋਂ ਇੱਕ ਭੱਟੀ ਰਾਜਪੂਤ ਸੀ। ਸ਼ਹਿਰ ਵਸਾਉਣ ਲਈ ਪਹਿਲਾਂ ਤੋਂ ਨਿਯਤ ਸਥਾਨ ਨੂੰ ਅਸ਼ੁੱਭ ਮੰਨਿਆ ਗਿਆ ਅਤੇ ਜੋਤਸ਼ੀਆਂ ਦੀ ਸਲਾਹ ਮਗਰੋਂ, ਇਸ ਨੂੰ ਮੌਜੂਦਾ ਥਾਂ ਨਾਲ ਵਟਾ ਲਿਆ ਗਿਆ। ਸੋ ਇਸ ਦਾ ਨਾਮ ਬਟਾਲਾ ਮਤਲਬ 'ਬੱਟਾ' ਜਾਂ 'ਵੱਟਾ' ਤੋਂ ਪਿਆ ਹੈ। ਸ਼ਹਿਰ ਵਿੱਚ ਅੱਜ ਵੀ ਰਾਮ ਦਿਓ ਦੀ ਸਮਾਧ ਮੌਜੂਦ ਹੈ।

ਡੇਰਾ ਬਾਬਾ ਨਾਨਕ: ਇਹ ਰਾਵੀ ਦਰਿਆ ਕੰਢੇ ਗੁਰਦਾਸਪੁਰ ਦੇ ਪੱਛਮ ਵਿੱਚ ਸਥਿਤ ਹੈ। ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਇੱਥੇ ਹੀ ਵਸੇ ਸਨ ਅਤੇ ਨੇੜੇ ਹੀ ਪਿੰਡ ਪੱਖੋਕੇ ਵਿਖੇ ਜੋਤੀ ਜੋਤ ਸਮਾਏ ਸਨ। ਪੱਖੋਕੇ ਵਰਤਮਾਨ ਸ਼ਹਿਰ ਤੋਂ ਉਲਟ ਦਿਸ਼ਾ ਵਿੱਚ ਹੈ ਅਤੇ ਇਸ ਦਾ ਨਾਮ 'ਕਰਤਾਰਪੁਰ' ਰੱਖਿਆ ਗਿਆ। ਮਾਤਾ ਸੁਲੱਖਣੀ ਆਪਣੇ ਦੋਹਾਂ ਪੁੱਤਰਾਂ ਨਾਲ ਇੱਥੇ ਹੀ ਰਹੇ ਸਨ। ਸ੍ਰੀਚੰਦ ਅਤੇ ਗੁਰੂ ਜੀ ਦੇ ਹੋਰਨਾਂ ਉਤਰਾਅਧਿਕਾਰੀਆਂ ਨੇ ਇੱਕ ਹੋਰ ਨਵਾਂ ਸ਼ਹਿਰ ਬਣਾਇਆ ਅਤੇ ਆਪਣੇ ਪੂਰਵਜਾਂ ਦੇ ਨਾਮ 'ਤੇ ਇਸ ਦਾ ਨਾਮ ਡੇਰਾ ਬਾਬਾ ਨਾਨਕ ਰੱਖਿਆ। ਇਹ ਇੱਕ ਇਤਿਹਾਸਕ ਸਥਾਨ ਹੈ।ਇਸ ਸਥਾਨ 'ਤੇ ਗੁਰੂ ਸਾਹਿਬ ਦੇ ਕਾਲ ਦੇ ਘਰ ਅਤੇ ਗਲੀਆਂ ਅੱਜ ਵੀ ਮੌਜੂਦ ਹਨ। ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਚੋਲਾ ਸਾਹਿਬ ਇਥੋਂ ਦੇ ਦੋ ਪ੍ਰਸਿੱਧ ਗੁਰਦੁਆਰੇ ਹਨ।

ਕਲਾਨੌਰ: ਇਸੇ ਜ਼ਿਲ੍ਹੇ ਦੇ ਇਸ ਇਤਿਹਾਸਕ ਸ਼ਹਿਰ ਬਾਰੇ ਇਹ ਕਿਹਾ ਜਾਂਦਾ ਹੈ ਕਿ ਇੱਥੇ ਮੁਗਲ ਬਾਦਸ਼ਾਹ ਅਕਬਰ ਦੀ ਤਾਜਪੋਸ਼ੀ ਹੋਈ ਸੀ।

Scanned with CamScanner

ਸਾਰਣੀ 9.16 ਗੁਰਦਾਸਪੁਰ

ਭਾਗ	ਜਲੰਧਰ ਡਵੀਜ਼ਨ
ਗੁਆਂਢੀ ਜ਼ਿਲ੍ਹੇ	ਅੰਮ੍ਰਿਤਸਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਪਠਾਨਕੋਟ
ਤਹਿਸੀਲਾਂ	ਗੁਰਦਾਸਪੁਰ, ਬਟਾਲਾ, ਡੇਰਾ ਬਾਬਾ ਨਾਨਕ ਅਤੇ ਕਲਾਨੌਰ
ਗੁਰਦਾਸਪੁਰ ਦੇ ਬਾਨੀ	ਗੁਰੀਆ ਜੀ
ਜ਼ਿਲ੍ਹੇ ਵਿੱਚੋਂ ਵਹਿੰਦੇ ਦਰਿਆ	ਬਿਆਸ ਅਤੇ ਰਾਵੀ
ਦੇਖਣਯੋਗ ਸਥਾਨ	ਡੇਰਾ ਬਾਬਾ ਨਾਨਕ ਵਿਖੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਚੋਲਾ ਸਾਹਿਬ; ਬਹਿਰਾਮਪੁਰ ਵਿਖੇ ਬਹਿਰਾਮਖਾਨ ਦਾ ਮਕਬਰਾ
ਪ੍ਰਸਿੱਧ ਸਖਸ਼ੀਅਤਾਂ	ਬਿਸ਼ਨ ਸਿੰਘ ਬੇਦੀ, ਦੇਵ ਆਨੰਦ, ਸ਼ਿਵ ਕੁਮਾਰ ਬਟਾਲਵੀ
ਦਰਜਾਬੰਦੀ	ਤੀਜਾ ਸਭ ਤੋਂ ਵੱਧ ਵੱਸੋਂ ਵਾਲਾ ਜ਼ਿਲ੍ਹਾ।

ਜ਼ਿਲ੍ਹਾ-ਪਠਾਨਕੋਟ

ਸਥਾਪਨਾ: ਪਠਾਨਕੋਟ, ਪੰਜਾਬ ਦਾ 21ਵਾਂ ਜ਼ਿਲ੍ਹਾ ਹੈ ਅਤੇ ਇਸ ਨੂੰ ਜ਼ਿਲ੍ਹਾ ਗੁਰਦਾਸਪੁਰ ਵਿੱਚੋਂ ਕੱਟ ਕੇ ਬਣਾਇਆ ਗਿਆ ਹੈ। ਪਠਾਨਕੋਟ 27 ਜੁਲਾਈ, 2011 ਨੂੰ ਜ਼ਿਲ੍ਹਾ ਐਲਾਨਿਆ ਗਿਆ।

ਭੂਗੋਲਿਕ ਸਥਿਤੀ: ਜ਼ਿਲ੍ਹਾ ਪਠਾਨਕੋਟ, ਪੰਜਾਬ ਪ੍ਰਾਂਤ ਦੇ ਉੱਤਰੀ ਸਿਰੇ 'ਤੇ ਹੈ। ਇਹ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿੱਚ ਵਸਿਆ ਹੋਇਆ ਹੈ। ਇਸ ਦੀ ਅੰਤਰਾਸ਼ਟਰੀ ਹੱਦ ਪਾਕਿਸਤਾਨੀ ਪੰਜਾਬ ਦੇ ਨਾਰੋਵਾਲ ਜ਼ਿਲ੍ਹੇ ਨਾਲ ਲੱਗਦੀ ਹੈ। ਇਸ ਦੀ ਹੱਦ ਜੰਮੂ-ਕਸ਼ਮੀਰ ਦੇ ਕਠੂਆ ਅਤੇ ਹਿਮਾਚਲ ਦੇ ਚੰਬਾ ਅਤੇ ਕਾਂਗੜਾ ਜਿਲ੍ਹਿਆਂ ਨਾਲ ਵੀ ਲੱਗਦੀ ਹੈ। ਦੱਖਣ ਵਿੱਚ ਇਸ ਦੀ ਹੱਦ ਗੁਰਦਾਸਪੁਰ ਨਾਲ ਸਾਂਝੀ ਹੈ। ਇਸ ਜ਼ਿਲ੍ਹੇ ਵਿੱਚ ਦੋ ਮੁੱਖ ਦਰਿਆ - ਬਿਆਸ ਅਤੇ ਰਾਵੀ ਵਹਿੰਦੇ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨ ਦੇ ਅਧਾਰ 'ਤੇ ਜ਼ਿਲ੍ਹਾ ਪਠਾਨਕੋਟ ਨੂੰ ਦੋ ਤਹਿਸੀਲਾਂ ਵਿੱਚ ਵੰਡਿਆ ਗਿਆ ਹੈ: 1) ਪਠਾਨਕੋਟ 2) ਧਾਰਕਲਾਂ।

ਪਠਾਨਕੋਟ: ਪਠਾਨਕੋਟ ਅਤੇ ਇਸ ਦਾ ਚੌਗਿਰਦਾ ਇਲਾਕਾ ਪਹਿਲਾ ਨੂਰਪੁਰ ਰਿਆਸਤ ਵਿੱਚ ਆਉਂਦਾ ਸੀ। ਨਰੂਪੁਰ ਦੇ ਮੁਸਲਿਮ ਉਤਰਾਅਧਿਕਾਰੀ ਸਈਦ ਖਾਨ ਨੇ ਇੱਥੇ 1781 ਈ: ਤੱਕ ਰਾਜ ਕੀਤਾ। ਐਨ-ਏ-ਅਕਬਰੀ ਵਿੱਚ ਵੀ ਪਠਾਨਕੋਟ ਦਾ ਪਰਗਨਾ ਦੇ ਸਦਰ ਮੁਕਾਮ ਹੋਣ ਦਾ ਵਰਣਨ ਮਿਲਦਾ ਹੈ। ਮੰਨਿਆ ਜਾਂਦਾ ਹੈ ਕਿ ਮੱਧਕਾਲੀਨ ਯੁੱਗ ਵਿੱਚ ਇੱਥੇ ਪਠਾਣਾਂ ਦਾ ਵਸੇਬਾ ਸੀ।

ਸਾਰਣੀ 9.17 ਪਠਾਨਕੋਟ

ਹੋਂਦ ਵਿੱਚ ਆਇਆ	27 ਜੁਲਾਈ, 2011
ਭਾਗ ਹੈ	ਜਲੰਧਰ ਡਵੀਜ਼ਨ ਦਾ
ਗੁਆਂਢੀ ਜ਼ਿਲ੍ਹੇ	ਗੁਰਦਾਸਪੁਰ
ਤੋਂ ਬਣਾਇਆ ਗਿਆ	ਗੁਰਦਾਸਪੁਰ
ਤਹਿਸੀਲਾਂ	ਪਠਾਨਕੋਟ ਅਤੇ ਧਾਰਕਲਾਂ
ਸਬ-ਤਹਿਸੀਲਾਂ	ਨਰੋਤ ਜੈਮਲ ਸਿੰਘ ਅਤੇ ਬਮਿਆਲ
ਊਰਜਾ ਪਲਾਂਟ	ਰਣਜੀਤ ਸਾਗਰ ਪਣ ਬਿਜਲੀ ਪ੍ਰੋਜੈਕਟ ਅਤੇ ਅੱਪਰ ਬਾਰੀ ਦੁਆਬ ਨਹਿਰ ਪਾਵਰ ਹਾਊਸ

Scanned with CamScanner

ਜ਼ਿਲ੍ਹਾ ਕਪੂਰਥਲਾ

ਸਥਾਪਨਾ: 20 ਅਗਸਤ, 1948 ਈ: ਵਿੱਚ ਪੈਪਸੂ ਬਣਨ ਉਪਰੰਤ ਹੀ ਜ਼ਿਲ੍ਹਾ ਕਪੂਰਥਲਾ ਹੋਂਦ ਵਿੱਚ ਆਇਆ ਸੀ। 1956 ਈ: ਵਿੱਚ ਜਦੋਂ ਪੈਪਸੂ ਨੂੰ ਪੰਜਾਬ ਰਾਜ ਵਿੱਚ ਮਿਲਾ ਦਿੱਤਾ ਗਿਆ ਤਾਂ ਕਪੂਰਥਲਾ ਜ਼ਿਲ੍ਹਾ ਪੰਜਾਬ ਦਾ ਹੀ ਭਾਗ ਬਣ ਗਿਆ।

ਭੂਗੋਲਿਕ ਸਥਿਤੀ: ਇਸ ਜ਼ਿਲ੍ਹੇ ਦੇ ਉੱਤਰ ਵਿੱਚ ਹੁਸ਼ਿਆਰਪੁਰ, ਗੁਰਦਾਸਪੁਰ ਅਤੇ ਅੰਮ੍ਰਿਤਸਰ ਜ਼ਿਲ੍ਹੇ ਹਨ। ਇਸ ਦੇ ਪੱਛਮ ਵਿੱਚ ਜ਼ਿਲ੍ਹਾ ਤਰਨਤਾਰਨ ਹੈ, ਜਿੱਥੇ ਬਿਆਸ ਦਰਿਆ ਵਹਿੰਦਾ ਹੈ। ਇਸ ਦੇ ਦੱਖਣ ਵਿੱਚ ਸਤਲੁਜ ਦਰਿਆ, ਜ਼ਿਲ੍ਹਾ ਜਲੰਧਰ, ਫਿਰੋਜ਼ਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ ਹਨ।

ਕਪੂਰਥਲਾ ਸ਼ਹਿਰ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਦਾ ਇੱਕ ਭਾਗ ਫਗਵਾੜਾ ਦੂਜੇ ਜ਼ਿਲ੍ਹੇ ਜਲੰਧਰ ਦੇ ਮੱਧ ਵਿੱਚ ਪੈਂਦਾ ਹੈ।

ਇਹ ਜ਼ਿਲ੍ਹਾ ਦੋ ਗੈਰ-ਲਾਗਲੇ ਭਾਗਾਂ ਵਿੱਚ ਵੰਡਿਆ ਹੋਇਆ ਹੈ:

1. ਕਪੂਰਥਲਾ, ਸੁਲਤਾਨਪੁਰ ਲੋਧੀ ਅਤੇ ਭੁਲੱਥ ਤਹਿਸੀਲ
2. ਤਹਿਸੀਲ ਫਗਵਾੜਾ

2011 ਦੇ ਜਨਸੰਖਿਆ ਸਰਵੇਖਣ ਦੇ ਆਧਾਰ ਤੇ, ਇਸ ਜ਼ਿਲ੍ਹੇ ਦੀ ਵੱਸੋਂ 8,15,168 ਹੈ । ਇਥੋਂ ਦੀ ਵਸੋਂ ਘਣਤਾ 499 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 912 ਹੈ ਅਤੇ ਇਥੋਂ ਦੇ 79.71% ਲੋਕ ਸਾਖਰ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨ ਦੇ ਅਧਾਰ 'ਤੇ ਕਪੂਰਥਲਾ ਨੂੰ 4 ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ: 1) ਕਪੂਰਥਲਾ 2) ਭੁਲੱਥ 3) ਸੁਲਤਾਨਪੁਰ ਲੋਧੀ 4) ਫਗਵਾੜਾ

ਕਪੂਰਥਲਾ: ਇਹ ਪੰਜਾਬ ਦੇ ਦੁਆਬੇ ਇਲਾਕੇ ਵਿੱਚ ਸਤਲੁਜ ਅਤੇ ਬਿਆਸ ਦਰਿਆ ਵਿਚਕਾਰ ਵਸਿਆ ਹੋਇਆ ਹੈ। ਇਸ ਪੁਰਾਤਨ ਰਿਆਸਤੀ ਸ਼ਹਿਰ ਦੀ ਨੀਂਹ 11ਵੀਂ ਸਦੀ ਦੇ ਆਰੰਭ ਵਿੱਚ (ਸੁਲਤਾਨ ਮੁਹੰਮਦ ਗਜ਼ਨੀ ਦੇ ਰਾਜਕਾਲ ਦੌਰਾਨ) ਰਾਣਾ ਕਪੂਰ ਨੇ ਰੱਖੀ ਸੀ। ਰਾਣਾ ਕਪੂਰ ਆਹਲੂਵਾਲੀਆ ਸ਼ਹਿਰ ਦੇ ਮੋਢੀਆਂ ਵਿੱਚੋਂ ਸਨ ਅਤੇ ਉਹ ਜੈਸਲਮੇਰ (ਰਾਜਸਥਾਨ) ਦੇ ਸ਼ਾਹੀ ਦਰਬਾਰ ਦਾ ਦਰਬਾਨ ਸਨ।

ਉੱਤਮ ਮਨਸੂਬਾ ਬੰਦੀ ਵਾਲੇ ਇਸ ਸ਼ਹਿਰ ਵਿੱਚ ਸੁੰਦਰ ਬਾਗ ਹਨ। ਇਥੋਂ ਦੇ ਸ਼ਾਲੀਮਾਰ ਬਾਗ ਦੀ ਰੂਪਰੇਖਾ ਸਰ ਐਡਵਰਡ ਲੂਟੀਅਨਸ ਨੇ ਤਿਆਰ ਕੀਤੀ ਸੀ ਜੋ ਕਿ ਨਵੀਂ ਦਿੱਲੀ ਦੇ ਪੂਰਾਂਕਣਕਾਰ ਰਹੇ ਸਨ। ਇਸ ਦੀ ਪ੍ਰਸਿੱਧ ਮੂਰਿਸ਼ ਮਸਜਿਦ, ਪੰਜ ਮੰਦਰ, ਦਰਬਾਰੀ ਹਾਲ, ਕੈਮੇਰਾ ਬਾਗ, ਕਾਂਜਲੀ ਭਰਭੂਮੀ, ਪੁਸ਼ਪਾ ਗੁਜਰਾਲ ਸਾਇੰਸ ਸਿਟੀ ਆਦਿ ਇਥੋਂ ਦੇ ਕੁਝ ਮੁੱਖ ਸੈਲਾਨੀ ਆਕਰਸ਼ਣ ਸਥਲ ਹਨ।

ਫਗਵਾੜਾ: ਸ਼ਾਹ ਜਹਾਨ ਵੱਲੋਂ ਵਸਾਇਆ ਇਹ ਸ਼ਹਿਰ ਜੀ.ਟੀ. ਰੋਡ 'ਤੇ ਲੁਧਿਆਣਾ ਅਤੇ ਜਲੰਧਰ ਵਿਚਕਾਰ ਸਥਿਤ ਹੈ। ਇਹ ਸ਼ਹਿਰ ਇਕ ਉਦਯੋਗਿਕ ਸ਼ਹਿਰ ਵਿੱਚ ਵਿਕਸਿਤ ਹੋ ਰਿਹਾ ਹੈ। ਮਸ਼ਹੂਰ ਜੇ.ਸੀ.ਟੀ. ਮਿੱਲ, ਸੁਖਜੀਤ ਸਟਾਰਚ ਮਿੱਲ, ਖੰਡ ਮਿੱਲ ਅਤੇ ਮੋਟਰ ਗੱਡੀਆਂ ਦੇ ਪੁਰਜ਼ੇ ਬਣਾਉਣ ਦੇ ਕਈ ਕੇਂਦਰ ਫਗਵਾੜਾ ਵਿਖੇ ਹੀ ਹਨ।

ਸੁਲਤਾਨਪੁਰ ਲੋਧੀ: ਇਸ ਸ਼ਹਿਰ ਦਾ ਨਾਮ ਇਸ ਦੇ ਬਾਨੀ ਸੁਲਤਾਨ ਖਾਂ ਲੋਧੀ ਦੇ ਨਾਮ ਉੱਤੇ ਪਿਆ। ਓਹ 1103 ਏ.ਡੀ. ਵਿੱਚ ਮੁਹੰਮਦ ਗਜ਼ਨੀ ਦਾ ਸੈਨਾਪਤੀ ਸੀ। ਸੁਲਤਾਨਪੁਰ ਲੋਧੀ ਦਾ ਮੁੱਖ ਭਗਤੀ ਸਥਾਨ ਗੁਰਦੁਆਰਾ ਬੇਰੀ ਸਾਹਿਬ ਕਾਲੀ ਬੇਈ ਦੇ ਕੰਢੇ 'ਤੇ ਸਥਿਤ ਹੈ। ਗੁਰੂ ਨਾਨਕ ਦੇਵ ਜੀ ਨੇ ਇੱਥੇ ਹੀ ਪ੍ਰਭਾਤ ਦੀ ਅਰਦਾਸ ਕੀਤੀ ਸੀ ਅਤੇ ਬੇਰੀ ਹੇਠਾਂ ਸਮਾਧੀ ਵਿੱਚ ਲੀਨ ਹੋ ਗਏ ਸਨ। ਗੁਰੂ ਜੀ ਨੇ ਇਸ ਦਰੱਖਤ ਹੇਠਾਂ 14 ਸਾਲ 9 ਮਹੀਨੇ ਅਤੇ 13 ਦਿਨ ਤਪੱਸਿਆ ਕੀਤੀ ਸੀ।

Scanned with CamScanner

ਸਾਰਣੀ 9.18 ਕਪੂਰਥਲਾ

ਹੋਂਦ ਵਿੱਚ ਆਇਆ	1948
ਭਾਗ	ਜਲੰਧਰ ਡਵੀਜ਼ਨ
ਗੁਆਂਢੀ ਜ਼ਿਲ੍ਹੇ	ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਫਿਰੋਜ਼ਪੁਰ ਅਤੇ ਤਰਨ ਤਾਰਨ
ਤਹਿਸੀਲਾਂ	ਕਪੂਰਥਲਾ, ਭੁਲੱਥ, ਸੁਲਤਾਨਪੁਰ ਲੋਧੀ ਅਤੇ ਫ਼ਗਵਾੜਾ
ਕਪੂਰਥਲਾ ਦਾ ਬਾਨੀ	ਰਾਣਾ ਕਪੂਰ
ਫਗਵਾੜਾ ਦਾ ਬਾਨੀ	ਸ਼ਾਹ ਜਹਾਂ
ਸੁਲਤਾਨਪੁਰ ਲੋਧੀ ਦਾ ਬਾਨੀ	ਸੁਲਤਾਨ ਖਾਂ ਲੋਧੀ
ਦੇਖਣਯੋਗ ਥਾਵਾਂ	ਮੂਰਿਸ਼ ਮਸਜਿਦ, ਸ਼ਾਲੀਮਾਰ ਬਾਗ, ਪੰਜ ਮੰਦਰ, ਦਰਬਾਰੀ ਹਾਲ, ਕੈਮੇਰਾ ਬਾਗ, ਕਾਂਜਲੀ ਭਰਭੂਮੀ, ਪੁਸ਼ਪਾ ਗੁਜਰਾਲ ਸਾਇੰਸ ਸਿਟੀ।

ਜ਼ਿਲ੍ਹਾ ਅੰਮ੍ਰਿਤਸਰ

ਭੂਗੋਲਿਕ ਸਥਿਤੀ: ਜ਼ਿਲ੍ਹਾ ਅੰਮ੍ਰਿਤਸਰ ਜਲੰਧਰ ਡਵੀਜ਼ਨ ਦਾ ਭਾਗ ਹੈ। ਇਹ ਰਾਜ ਦੇ ਉੱਤਰ ਵਿੱਚ ਸਥਿਤ ਹੈ। ਇਸ ਦੇ ਉੱਤਰ-ਪੂਰਬ ਵਿੱਚ ਜ਼ਿਲ੍ਹਾ ਗੁਰਦਾਸਪੁਰ ਅਤੇ ਦੱਖਣ ਵਿੱਚ ਜ਼ਿਲ੍ਹਾ ਕਪੂਰਥਲਾ ਅਤੇ ਤਰਨਤਾਰਨ ਜ਼ਿਲ੍ਹੇ ਹਨ।

2011 ਦੇ ਜਨਸੰਖਿਆ ਸਰਵੇਖਣ ਦੇ ਆਧਾਰ ਤੇ, ਇੱਥੇ ਦੀ ਜਨਸੰਖਿਆ 24,90,656 ਹੈ। ਵਸੋਂ ਘਣਤਾ 931 ਵਰਗ ਕਿਲੋਮੀਟਰ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 889 ਹੈ ਅਤੇ ਇੱਥੋਂ ਦੇ 76.27% ਲੋਕ ਸਾਖ਼ਰ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨ ਦੇ ਅਧਾਰ 'ਤੇ ਜ਼ਿਲ੍ਹਾ ਅੰਮ੍ਰਿਤਸਰ ਨੂੰ 5 ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ: (1) ਅੰਮ੍ਰਿਤਸਰ-1 2) ਅੰਮ੍ਰਿਤਸਰ-2 3) ਅਜਨਾਲਾ 4) ਬਾਬਾ ਬਕਾਲਾ 5) ਮਜੀਠਾ (ਨਵ ਨਿਰਮਿਤ)।

ਅੰਮ੍ਰਿਤਸਰ: ਇਹ ਪੰਜਾਬ ਦਾ ਇੱਕ ਮਹੱਤਵਪੂਰਨ ਸ਼ਹਿਰ ਹੈ। ਇਹ ਪ੍ਰਮੁੱਖ ਵਣਜ, ਸੱਭਿਆਚਾਰ ਅਤੇ ਸੈਲਾਨੀ ਕੇਂਦਰ ਹੈ। ਇਹ ਸਿੱਖੀ ਦਾ ਧੁਰਾ ਹੈ। ਸਿੱਖਾਂ ਦਾ ਪ੍ਰਮੁੱਖ ਭਗਤੀ ਸਥਾਨ ਹੈ। ਅੰਮ੍ਰਿਤਸਰ ਦਾ ਸ਼ਾਬਦਿਕ ਅਰਥ ਹੈ – ਅੰਮ੍ਰਿਤ ਦਾ ਤਲਾਬ ਇਸ ਦਾ ਨਾਮ ਆਲੀਸ਼ਾਨ ਸਵਰਣ ਮੰਦਰ ਦੇ ਚੁਫੇਰੇ ਫੈਲੇ ਅੰਮ੍ਰਿਤ ਸਰੋਵਰ ਤੋਂ ਪਿਆ।

ਅੰਮ੍ਰਿਤਸਰ ਕੋਈ ਬਹੁਤਾ ਪੁਰਾਣਾ ਸ਼ਹਿਰ ਨਹੀਂ ਹੈ। ਲਗਭਗ 400 ਸਾਲ ਪਹਿਲਾਂ ਗੁਰੂ ਰਾਮਦਾਸ ਜੀ ਨੇ ਇਸ ਜ਼ਮੀਨ 'ਤੇ ਇੱਕ ਖੂਹੀ ਪੁਟਵਾਈ ਸੀ। ਇਹ ਜ਼ਮੀਨ ਗੁਰੂ ਸਾਹਿਬ ਦੀ ਪਤਨੀ ਨੂੰ ਸ਼ਹਿਨਸ਼ਾਹ ਅਕਬਰ ਨੇ ਭੇਟ ਕੀਤੀ ਸੀ। ਗੁਰੂ ਬਣ ਮਗਰੋਂ ਰਾਮਦਾਸ ਜੀ ਇਸ ਖੂਹੀ ਦੇ ਨੇੜੇ ਜਾ ਕੇ ਰਹਿਣ ਲੱਗੇ ਸਨ ਅਤੇ ਉਹਨਾਂ ਨੇ ਇੱਥੇ ਇੱਕ ਸ਼ਹਿਰ ਵਸਾਉਣਾ ਆਰੰਭ ਕੀਤਾ। ਇਹ ਸ਼ਹਿਰ ਜਿਸ ਨੇ ਸਿੱਖਾਂ ਦੀ ਧਾਰਮਿਕ ਰਾਜਧਾਨੀ ਬਣਨਾ ਸੀ, ਦਾ ਨਾਮ, ਗੁਰੂ ਰਾਮਦਾਸ ਜੀ ਦੇ ਨਾਮ ਉੱਤੇ 'ਗੁਰੂ ਦਾ ਚੱਕ' ਰੱਖਿਆ ਗਿਆ। ਜੋ ਬਾਅਦ ਵਿੱਚ ਰਾਮਦਾਸਪੁਰ ਅਤੇ ਫਿਰ ਅੰਮ੍ਰਿਤਸਰ ਬਣ ਗਿਆ।

ਇੱਥੇ ਹੀ ਮਹਾਂਰਿਸ਼ੀ ਵਾਲਮੀਕ ਜੀ ਨੇ ਮਹਾਂਕਾਵਿ ਰਮਾਇਣ ਦੀ ਰਚਨਾ ਕੀਤੀ। ਰਾਜਾ ਰਾਮ ਅਤੇ ਉਹਨਾਂ ਦੀ ਪਤਨੀ ਸੀਤਾ ਮਾਤਾ ਨੇ ਇੱਥੇ ਹੀ ਆਪਣੇ ਬਨਵਾਸ ਦੇ 14 ਸਾਲ ਬਿਤਾਏ ਸਨ।

ਬਾਬਾ ਬਕਾਲਾ: ਬਾਬਾ ਬਕਾਲਾ ਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਬਹੁਤ ਗੂੜ੍ਹਾ ਸਬੰਧ ਹੈ। ਜਦੋਂ ਸਿੱਖਾਂ ਦੇ ਅੱਠਵੇਂ ਗੁਰੂ ਹਰ ਕ੍ਰਿਸ਼ਨ ਜੀ ਮਾਤਾ ਨਿਕਲਣ ਕਾਰਨ ਸਵਰਗ ਸਿਧਾਰਨ ਦੇ ਨੇੜੇ ਸਨ ਤਾਂ ਉਹਨਾਂ ਦੇ ਚੇਲਿਆਂ ਨੇ ਉਹਨਾਂ ਨੂੰ ਸਿੱਖਾਂ ਦੇ ਅਗਲੇ

Scanned with CamScanner

ਉਤਰਾ ਅਧਿਕਾਰੀ ਬਾਰੇ ਪੁੱਛਿਆ ਤਾਂ ਗੁਰੂ ਹਰਕ੍ਰਿਸ਼ਨ ਜੀ ਨੇ ਬਾਬਾ ਬਕਾਲਾ ਦਾ ਨਾਮ ਲਿਆ। ਉਹਨਾਂ ਨੇ ਇਹ ਸੰਕੇਤ ਦਿੱਤਾ ਸੀ ਕਿ ਅਗਲੇ ਗੁਰੂ ਬਾਬਾ ਬਕਾਲਾ ਵਿਖੇ ਰਹਿੰਦੇ ਹਨ। ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿੱਚ ਇੱਥੇ ਇੱਕ ਪਵਿੱਤਰ ਗੁਰਦੁਆਰਾ ਹੈ। ਗੁਰੂ ਤੇਗ ਬਹਾਦੁਰ ਜੀ ਨੇ ਇੱਥੇ ਪੂਰੇ 20 ਸਾਲ ਤਪ ਕੀਤਾ। ਉਹਨਾਂ ਨੇ ਇੱਥੇ ਸਾਧਨਾ ਲਈ ਇੱਕ ਵਿਸ਼ੇਸ਼ ਕਮਰਾ ਬਣਵਾਇਆ ਜਿੱਥੇ ਉਹ ਘੰਟਿਆਂ ਬੱਧੀ ਪ੍ਰਭੂ ਸਾਧਨਾ ਵਿੱਚ ਲੀਨ ਰਹਿੰਦੇ ਸਨ।

ਦੇਖਣਯੋਗ ਥਾਵਾਂ:

1. **ਹਰਿਮੰਦਰ ਸਾਹਿਬ (ਸਵਰਣ ਮੰਦਰ):** ਸਵਰਣ ਮੰਦਰ, ਸਿੱਖਾਂ ਦੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਖੇ ਸਥਿਤ ਹੈ। ਇਹ ਆਪਣੇ ਸੁਨਹਿਰੇ ਗੁੰਬਦ ਕਾਰਨ ਮਸ਼ਹੂਰ ਹੈ। ਇਹ ਸਿੱਖ ਸ਼ਰਧਾਲੂਆਂ ਦਾ ਸਭ ਤੋਂ ਪਵਿੱਤਰ ਸਥਾਨ ਹੈ। ਮਹਾਰਾਜਾ ਰਣਜੀਤ ਸਿੰਘ ਨੇ ਇਸ ਦੇ ਸਿਖ਼ਰਲੇ ਅੱਧ ਦੀ ਉਸਾਰੀ ਲਗਭਗ 400 ਕਿਲੋ ਸੋਨੇ ਨਾਲ ਕਰਵਾਈ ਸੀ। ਸਿੱਖਾਂ ਦੇ ਚੌਥੇ ਗੁਰੂ ਨੇ ਇੱਥੇ ਇੱਕ ਤਲਾਬ ਬਣਵਾਇਆ ਸੀ, ਜਿਸ ਦੇ ਕੇਂਦਰ ਵਿੱਚ ਅੱਜ ਹਰਿਮੰਦਰ ਸਾਹਿਬ ਹੈ। ਮੰਦਰ ਦੇ ਦੱਖਣ ਵੱਲ ਬਾਗ ਹੈ ਅਤੇ ਇਥੇ ਬਾਬਾ ਅਟੱਲ ਸਿੰਘ ਦਾ ਸਮਾਧ ਹੈ। ਕਲੋਕ ਮੀਨਾਰ ਦੇ ਉਪਰ ਹੀ ਕੇਂਦਰੀ ਸਿੱਖ ਅਜਾਇਬਘਰ ਸਥਿਤ ਹੈ। ਉਤਰ-ਪੱਛਮੀ ਦਿਸ਼ਾ ਵਿੱਚ ਉੱਗਿਆ ਬੇਰੀ ਦਾ ਦਰਖ਼ਤ ਆਪਣੀ ਅਲੌਕਿਕ ਸ਼ਕਤੀ ਕਾਰਨ ਜਾਣਿਆ ਜਾਂਦਾ ਹੈ। ਇਹ ਰੁੱਖ, ਸਵਰਣ ਮੰਦਰ ਦੇ ਪਹਿਲੇ ਮੁੱਖ ਗ੍ਰੰਥੀ, ਬਾਬਾ ਬੁੱਢਾ ਜੀ ਨੇ 450 ਸਾਲ ਪਹਿਲਾਂ ਲਗਵਾਇਆ ਸੀ। ਗੁਰਦੁਆਰਾ ਸਾਹਿਬ ਦੀ ਪਵਿੱਤਰ ਪਰਿਕਰਮਾ ਅੰਦਰ ਹੀ ਸ਼ਰਧਾਲੂ ਅਕਾਲ ਤਖ਼ਤ, ਹਰ ਕੀ ਪੌੜੀ, ਦੁੱਖ ਭੰਜਨੀ ਬੇਰੀ, ਬੜ੍ਹਾ ਸਾਹਿਬ, ਬੇਰ ਬਾਬਾ ਬੁੱਢਾ ਜੀ, ਗੁਰਦੁਆਰਾ ਇਲਾਇਚੀ ਬੇਰ, ਅੱਠ-ਸੱਠ ਤੀਰਥ ਅਤੇ ਬਾਬਾ ਦੀਪ ਸਿੰਘ ਦੀ ਸਮਾਧ 'ਤੇ ਨਤਮਸਤਕ ਹੁੰਦੇ ਹਨ।
2. **ਦੁਰਗਿਆਨਾ ਮੰਦਰ (ਲਕਸ਼ਮੀ ਨਰਾਇਣ ਮੰਦਰ):** 20ਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਬਣਿਆ ਇਹ ਮੰਦਰ ਰਵਾਇਤੀ ਹਿੰਦੂ ਮੰਦਰਾਂ ਵਰਗਾ ਨਹੀਂ ਹੈ। ਇਸ ਦੀ ਸ਼ਿਲਪ ਕਲਾ ਸਵਰਣ ਮੰਦਰ ਨਾਲ ਹੀ ਮਿਲਦੀ ਜੁਲਦੀ ਹੈ। ਇਹ ਵੀ ਉਸ ਤਰ੍ਹਾਂ ਹੀ ਤਲਾਬ ਦੇ ਮੱਧ ਵਿੱਚ ਸਥਿਤ ਹੈ। ਇਸ ਦਾ ਗੁੰਬਦ ਅਤੇ ਮੀਨਾਰਾਂ ਵੀ ਸਵਰਣ ਮੰਦਰ ਨਾਲ ਮੇਲ ਖਾਂਦੀਆਂ ਹਨ। ਭਾਰਤ ਦੇ ਉੱਭਰਦੇ ਰਾਜਨੀਤਿਕ ਨੇਤਾ ਅਤੇ ਸਮਾਜ ਸੁਧਾਰਕ ਪੰਡਿਤ ਮਦਨ ਮੋਹਨ ਮਾਲਵੀਆ ਨੇ ਇਸ ਦੀ ਨੀਂਹ ਰੱਖੀ। ਇਹ ਹਿੰਦੂ ਧਾਰਮਿਕ ਗ੍ਰੰਥਾਂ ਦਾ ਖਜ਼ਾਨਾ ਹੈ।
3. **ਵਾਹਗਾ ਬਾਡਰ:** ਇਹ ਭਾਰਤ ਅਤੇ ਪਾਕਿਸਤਾਨ ਵਿਚਕਾਰ ਅੰਤਰ ਰਾਸ਼ਟਰੀ ਸੀਮਾ ਹੈ। ਇਥੇ ਝੰਡਾ ਚੜ੍ਹਾਉਣ ਅਤੇ ਉਤਾਰਨ ਦੀ ਰਸਮ ਹੁੰਦੀ ਹੈ। ਇਥੇ ਹੀ ਕੌਮੀ ਝੰਡੇ ਨੂੰ ਸਲਾਮੀ ਦੇਣ ਦੀ ਰਸਮ ਕੀਤੀ ਜਾਂਦੀ ਹੈ। ਭਾਰਤੀ ਅਤੇ ਪਾਕਿਸਤਾਨੀ ਫੌਜਾਂ ਵਿਚਲੇ ਦੋਸਤਾਨਾ ਸਬੰਧਾਂ ਵਿਚ, ਇਹਨਾਂ ਰਸਮਾਂ ਦਾ ਮੁਕੰਮਲ ਹੋਣਾ ਇੱਕ ਦਿਲਕਸ਼ ਨਜ਼ਾਰਾ ਪੇਸ਼ ਕਰਦਾ ਹੈ।
4. **ਜਲ੍ਹਿਆਵਾਲਾ ਬਾਗ:** ਇਹ ਯਾਦਗਾਰ ਉਹਨਾਂ ਬੇਦੋਸ਼ੇ 2000 ਭਾਰਤੀਆਂ ਦੀ ਯਾਦ ਵਿੱਚ ਉਸਾਰੀ ਗਈ ਹੈ, ਜੋ ਇੱਕ ਸਾਂਤਮਈ ਜਲਸੇ ਵਿੱਚ ਹਿੱਸਾ ਲੈ ਰਹੇ ਸਨ, ਜਿੰਨ੍ਹਾਂ ਨੂੰ 13 ਅਪ੍ਰੈਲ, 1919 ਨੂੰ ਬਰਤਾਨਵੀ ਜਨਰਲ ਮਾਈਕਲ ਓਡਵਾਇਰ ਦੇ ਹੁਕਮਾਂ ਤਹਿਤ ਗੋਲੀਆਂ ਨਾਲ ਮਾਰ ਦਿੱਤਾ ਗਿਆ ਸੀ।
5. **ਰਾਮ ਬਾਗ:** ਇਹ ਸੁੰਦਰ ਬਾਗ ਸ਼ੇਰੇ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਹਜ਼ਾਰਾਂ ਘੋੜਿਆਂ ਦੀ ਪੈੜਚਾਲ ਦਾ ਗਵਾਹ ਹੈ। ਇਸ ਬਾਗ ਦੇ ਮੱਧ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਠੰਡਾ ਮਹਿਲ ਹੈ। ਇਸ ਬਾਗ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਹੀ ਬਣਵਾਇਆ ਸੀ। ਇਸ ਦਾ ਨਾਮ ਇਸ ਸ਼ਹਿਰ ਦੇ ਬਾਨੀ ਗੁਰੂ ਰਾਮ ਦਾਸ ਜੀ ਦੇ ਨਾਮ 'ਤੇ ਰੱਖਿਆ ਗਿਆ ਹੈ।
6. **ਰਾਮ ਤੀਰਥ:** ਰਾਮ ਤੀਰਥ ਅੰਮ੍ਰਿਤਸਰ ਤੋਂ 11 ਕਿਲੋਮੀਟਰ ਦੱਖਣ ਵੱਲ ਚੋਗਾਵਾਂ ਸੜਕ ਤੇ ਸਥਿਤ ਹੈ। ਇਹ ਰਾਮਾਇਣ

Scanned with CamScanner

ਦੇ ਯੁੱਗ ਨਾਲ ਸਬੰਧਿਤ ਹੈ। ਇਸ ਥਾਂ 'ਤੇ ਇੱਕ ਪੁਰਾਤਨ ਤਲਾਬ ਅਤੇ ਬਹੁਤ ਸਾਰੇ ਮੰਦਰ ਹਨ। ਉਹ ਸਥਾਨ ਜਿੱਥੇ ਲਵ-ਕੁਸ਼ ਦਾ ਜਨਮ ਹੋਇਆ, ਉਸ ਥਾਂ 'ਤੇ ਅੱਜ ਵੀ ਇੱਕ ਕੁਟੀਆ ਹੈ। ਰਾਮ ਤੀਰਥ ਮੰਦਰ ਵਿੱਚ ਰਿਸ਼ੀ ਵਾਲਮੀਕ ਦੀ ਕੁਟੀਆ ਅਤੇ ਪੌੜੀਆ ਵਾਲਾ ਉਹ ਖੂਹ ਜਿੱਥੇ ਮਾਤਾ ਸੀਤਾ ਜੀ ਇਸ਼ਨਾਨ ਕਰਿਆ ਕਰਦੇ ਸਨ, ਅੱਜ ਵੀ ਮੌਜੂਦ ਹੈ। ਚਿਰਕਾਲ ਤੋਂ ਹਰ ਸਾਲ ਨਵੰਬਰ ਦੀ ਪੂਰਨਮਾਸ਼ੀ ਨੂੰ ਇੱਥੇ ਚਾਰ ਰੋਜ਼ਾ ਮੇਲਾ ਲੱਗਦਾ ਹੈ।

7. **ਗੁਰੂ ਅੰਗਦ ਦੇਵ ਜੀ ਦੀ ਸਮਾਧੀ:** ਅੰਮ੍ਰਿਤਸਰ ਤੋਂ 30 ਕਿਲੋਮੀਟਰ ਦੂਰ ਦੱਖਣ-ਪੂਰਬ ਵੱਲ ਗੋਇੰਦਵਾਲ ਸਾਹਿਬ ਤੋਂ ਸਿੱਧਾ ਰਾਹ ਜਾਂਦੇ ਹੋਏ ਦੂਜੇ ਗੁਰੂ ਦੀ ਸਮਾਧੀ ਹੈ। ਇਸ ਨੂੰ 1815 ਏ.ਡੀ. ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਸੀ।

8. **ਜਾਮਾ ਮਸਜਿਦ ਖੈਰ-ਉਦ-ਦੀਨ:** ਇਸ ਮਸਜਿਦ ਦਾ ਨਿਰਮਾਣ 1876 ਈ: ਵਿੱਚ ਮੁਹੰਮਦ ਖੈਰ-ਉਦ-ਦੀਨ ਨੇ ਕਰਵਾਇਆ ਸੀ। ਹਾਲ ਬਜ਼ਾਰ ਵਿੱਚ ਸਥਿਤ ਇਹ ਇਮਾਰਤ ਸ਼ਿਲਪਕਲਾ ਦੀ ਇੱਕ ਜਿਉਂਦੀ ਜਾਗਦੀ ਤਸਵੀਰ ਵੀ ਪੇਸ਼ ਕਰਦੀ ਹੈ। ਇਹ ਉਹੀ ਮਹਾਨ ਸਥਾਨ ਹੈ ਜਿਥੋਂ ਤੂਤੀ-ਏ-ਹਿੰਦ ਸ਼ਾਹ ਅਤਾਉਲਾਹ ਬੁਖਾਰੀ ਨੇ ਅੰਗਰੇਜ਼ੀ ਹਕੂਮਤ ਖਿਲਾਫ਼ ਲੋਕਾਂ ਨੂੰ ਸੁਚੇਤ ਕੀਤਾ ਸੀ।

9. **ਸਰਵਣ ਦੀ ਸਮਾਧ:** ਜਸਤਰਵਾਲ ਤੋਂ 6 ਕਿਲੋਮੀਟਰ ਦੂਰ ਅਜਨਾਲਾ ਦੇ ਨੇੜੇ ਅੰਮ੍ਰਿਤਸਰ ਦੀ ਇੱਕ ਪ੍ਰਾਚੀਨ ਇਤਿਹਾਸਕ ਥਾਂ ਹੈ। ਇਹ ਰਮਾਇਣ ਦੇ ਯੁੱਗ ਨਾਲ ਸਬੰਧਿਤ ਹੈ। ਕਿਹਾ ਜਾਂਦਾ ਹੈ ਕਿ ਅਯੋਧਿਆ ਨਰੇਸ਼, ਰਾਜਾ ਦਸ਼ਰਥ ਹੱਥੋਂ ਤੀਰ ਵੱਜਣ ਉਪਰੰਤ ਸਰਵਣ ਨੇ ਇਸੇ ਥਾਂ ਪ੍ਰਾਣ ਤਿਆਗੇ ਸਨ। ਇਹ ਸਮਾਧ ਇੱਕ ਪੁਰਾਤਨ ਢਾਬ ਦੇ ਕੰਢੇ ਤੇ ਸਥਿਤ ਹੈ। ਸਰਵਣ ਆਪਣੇ ਅੰਨ੍ਹੇ ਮਾਤਾ-ਪਿਤਾ ਨੂੰ ਵਹਿੰਗੀ ਵਿੱਚ ਬਿਠਾ ਕੇ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਨਿਕਲਿਆ ਸੀ।

10. **ਕੱਲ੍ਹਿਆਣਵਾਲਾ ਵਾਲਾ ਖੂਹ:** ਜਦੋਂ 1857 ਈ: ਵਿੱਚ ਮੰਗਲ ਪਾਂਡੇ ਨੇ ਬਰਤਾਨਵੀ ਸਰਕਾਰ ਖਿਲਾਫ ਲੜਾਈ ਦਾ ਬਿਗਲ ਬਜਾਇਆ ਤਾਂ ਉਸ ਦੀ ਅਵਾਜ਼ ਅੰਮ੍ਰਿਤਸਰ ਵਿੱਚ ਵੀ ਗੂੰਜੀ। 400 ਸੈਨਿਕਾਂ ਦੀ ਟੁਕੜੀ ਨੇ ਆਪਣੀ ਬੈਰਕ ਛੱਡ ਕੇ ਲਾਹੌਰ ਵਿੱਚ ਬਰਤਾਨਵੀ ਸਰਕਾਰ ਖਿਲਾਫ ਵਿਦਰੋਹ ਕੀਤਾ। ਭਗੌੜੇ ਸੈਨਿਕਾਂ ਨੇ ਹੜ੍ਹੇ ਹੋਏ ਰਾਵੀ ਦਰਿਆ ਨੂੰ ਪਾਰ ਕੀਤਾ ਅਤੇ ਅਜਨਾਲਾ ਪਹੁੰਚ ਗਏ। ਇਹ ਸੂਚਨਾ ਉਦੋਂ ਦੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਫਰੈਡਰਿਕ ਕੂਪਰ ਨੂੰ ਜਾ ਪਹੁੰਚੀ। ਉਸ ਦੇ ਹੁਕਮਾਂ ਤਹਿਤ ਇਹਨਾਂ ਸਾਰੇ ਫੌਜੀਆਂ ਨੂੰ ਇੱਕ ਡੱਬੀ ਨੁਮਾ ਕਮਰੇ ਵਿੱਚ ਬੰਦ ਕਰ ਦਿੱਤਾ। ਜਿੱਥੇ ਲਗਭਗ 200 ਫੌਜੀਆਂ ਦੀ ਦਮ ਘੁੱਟਣ ਕਾਰਨ ਮੌਤ ਹੋ ਗਈ। ਬਾਕੀ ਬਚੇ ਫੌਜੀਆਂ ਨੂੰ ਅਗਲੀ ਸਵੇਰੇ ਹੀ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਅਤੇ ਉਹਨਾ ਦੀਆਂ ਲਾਸ਼ਾਂ ਅਜਨਾਲਾ ਦੇ ਇੱਕ ਖੂਹ ਵਿੱਚ ਸੁੱਟ ਦਿੱਤੀਆਂ ਗਈਆਂ। ਜਿਸ ਨੂੰ ਅੱਜ ਕਲ੍ਹਿਆਂ ਵਾਲਾ ਖੂਹ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

11. **ਸ਼ਹੀਦੀ ਬੋਹੜ (ਇਤਿਹਾਸਕ ਬੋਹੜ ਦਾ ਦਰਖ਼ਤ):** ਇਹ ਮੋਟਾ ਅਤੇ ਹਰਾ ਭਰਾ ਇਤਿਹਾਸਕ ਦਰਖ਼ਤ ਨਾਮਧਾਰੀ ਸ਼ਹੀਦੀ ਸਮਾਰਕ ਵਿੱਚ ਰਾਮ ਬਾਗ ਦੀ ਉੱਤਰ ਦਿਸ਼ਾ ਵਿੱਚ ਸ਼ਾਨ ਨਾਲ ਖੜ੍ਹਾ ਹੈ। 1871 ਈ: ਵਿੱਚ ਚਾਰ ਕੂਕਿਆਂ ਨੂੰ ਬਰਤਾਨਵੀ ਸਰਕਾਰ ਵੱਲੋਂ ਇਸੇ ਦਰਖ਼ਤ 'ਤੇ ਫਾਹਾ ਦੇ ਦਿੱਤਾ ਗਿਆ ਸੀ, ਕਿਉਂਕਿ ਉਹਨਾਂ ਨੇ ਸਵਰਣ ਮੰਦਿਰ ਦੇ ਨੇੜੇ ਮੀਟ ਦੀ ਵਿਕਰੀ 'ਤੇ ਵਿਰੋਧ ਕੀਤਾ ਸੀ।

12. **ਜਗਦੇਵ ਕਲਾਂ:** ਇਸ ਦਾ ਨਾਮ ਮੁਸਲਿਮ ਕਵੀ, ਹਾਸ਼ਮ ਸ਼ਾਹ ਦੇ ਨਾਮ ਨਾਲ ਸਬੰਧਿਤ ਹੈ। ਹਾਸ਼ਮ ਸ਼ਾਹ ਇੱਕ ਪ੍ਰਸਿੱਧ ਕਿੱਸਾ ਕਵੀ ਸੀ। ਜਿਸ ਨੇ 'ਸੱਸੀ-ਪੁੰਨੂੰ' ਨਾਮ ਦਾ ਮਸ਼ਹੂਰ ਕਿੱਸਾ ਲਿਖਿਆ ਸੀ। ਭਾਰਤ-ਪਾਕਿ ਦੋਸਤਾਨਾ ਸਬੰਧਾਂ ਦੇ ਦੌਰ ਵਿੱਚ ਇਹ ਪਿੰਡ ਆਪਸੀ ਸਾਂਝ, ਧਾਰਮਿਕ ਸਹਿਨਸ਼ੀਲਤਾ ਅਤੇ ਸਾਂਝੀ ਮਲਕੀਅਤ ਦਾ ਸਥਾਨ ਰਿਹਾ ਹੈ।

13. **ਕੋਟਲਾ ਸੁਲਤਾਨ ਸਿੰਘ:-** ਅੰਮ੍ਰਿਤਸਰ ਤੋਂ 32 ਕਿਲੋਮੀਟਰ ਦੂਰ ਇਹ ਸਥਾਨ, ਸਿਨੇਮਾ ਜਗਤ ਦੇ ਪ੍ਰਸਿੱਧ ਸੰਗੀਤਕਾਰ

Scanned with CamScanner

ਮੁਹੰਮਦ ਰਫ਼ੀ ਦੀ ਜਨਮਭੂਮੀ ਹੈ।

14. ਸਰਾਂ ਅਮਾਨਤ ਖਾਨ:- ਅੰਮ੍ਰਿਤਸਰ ਤੋਂ ਦੱਖਣ-ਪੱਛਮ ਵੱਲ ਇਹ ਬਿਹਤਰੀਨ ਇਮਾਰਤ ਇੱਕ ਛੋਟੇ ਜਿਹੇ ਪਿੰਡ ਵਿੱਚ ਸਥਿਤ ਹੈ। ਇਸ ਦਾ ਸੁੰਦਰ ਦਰਵਾਜ਼ਾ ਮੁਗਲਈ ਅੰਦਾਜ਼ ਵਿੱਚ ਬਣਿਆ ਹੋਇਆ ਹੈ। ਅਮਾਨਤ ਖਾਸ਼ ਦੀ ਸਮਾਧ ਦੇ ਆਲੇ-ਦੁਆਲੇ ਚਾਰ ਮੀਨਾਰਾਂ ਹਨ। ਸਮਾਧ ਦੇ ਨੇੜੇ ਮਸਜਿਦ ਦੀਆਂ ਦੀਵਾਰਾਂ 'ਤੇ ਫ਼ਾਰਸੀ ਭਾਸ਼ਾ ਵਿੱਚ ਸਤਰਾਂ ਉਕਰੀਆਂ ਹੋਈਆਂ ਹਨ।

ਸਾਰਣੀ 9.19 — ਅੰਮ੍ਰਿਤਸਰ

ਭਾਗ	ਜਲੰਧਰ ਡਿਵੀਜ਼ਨ
ਗੁਆਂਢੀ ਜ਼ਿਲ੍ਹੇ	ਤਰਨਤਾਰਨ, ਕਪੂਰਥਲਾ ਅਤੇ ਗੁਰਦਾਸਪੁਰ
ਤਹਿਸੀਲਾਂ	ਅੰਮ੍ਰਿਤਸਰ-1, ਅੰਮ੍ਰਿਤਸਰ-2, ਅਜਨਾਲਾ, ਬਾਬਾ ਬਕਾਲਾ ਅਤੇ ਮਜੀਠਾ
ਅੰਮ੍ਰਿਤਸਰ ਦੇ ਬਾਨੀ	ਗੁਰੂ ਰਾਮ ਦਾਸ ਜੀ
ਬਾਬਾ ਬਕਾਲਾ ਸੰਬੰਧਤ ਹੈ	ਗੁਰੂ ਤੇਗ ਬਹਾਦਰ ਜੀ
ਪ੍ਰਸਿੱਧ ਸਾਹਿਤ ਪ੍ਰੇਮੀ	ਗੁਰੂ ਅਰਜਨ ਦੇਵ, ਮਹਾਂਕਵੀ ਸੰਤੋਖ ਸਿੰਘ, ਭਾਈ ਵੀਰ ਸਿੰਘ
ਯੂਨੀਵਰਸਿਟੀ	ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
ਦੇਖਣਯੋਗ ਥਾਵਾਂ	ਸਵਰਨ ਮੰਦਰ, ਦੁਰਗਿਆਨਾ ਮੰਦਰ, ਬਾਘਾ ਬਾਡਰ, ਜਲ੍ਹਿਆਂ ਵਾਲਾ ਬਾਗ, ਰਾਮ ਬਾਗ, ਰਾਮ-ਤੀਰਥ ਮੰਦਰ, ਜਾਮਾ ਮਸਜ਼ਿਦ ਖੈਰ-ਉਦ-ਦੀਨ, ਕੱਲ੍ਹਿਆਣਵਾਲਾ ਖੂਹ, ਸ਼ਰਵਣ ਦੀ ਸਮਾਧ, ਇਤਿਹਾਸਿਕ ਬੋਹੜ ਦਾ ਦਰਖ਼ਤ
ਮੇਲੇ	ਰਾਮ ਤੀਰਥ ਮੇਲਾ, ਬਸੰਤ ਪੰਚਮੀ-ਗੁਰਦੁਆਰਾ ਛੇਹਰਟਾ ਸਾਹਿਬ ਵਿਖੇ, ਲੰਗੂਰ ਮੇਲਾ-ਦੁਰਗਿਆਨਾ ਮੰਦਰ ਵਿਖੇ।
ਦਰਜਾਬੰਦੀ	ਦੂਜਾ, ਸਭ ਤੋਂ ਵੱਧ ਵੱਸੋਂ ਵਾਲਾ ਜ਼ਿਲ੍ਹਾ ਦੂਜਾ, ਸਭ ਤੋਂ ਵੱਧ ਵੱਸੋਂ ਘਣਤਾ ਵਾਲਾ ਜ਼ਿਲ੍ਹਾ

ਜ਼ਿਲ੍ਹਾ-ਤਰਨਤਾਰਨ

ਸਥਾਪਨਾ: 2006 ਵਿੱਚ ਜ਼ਿਲ੍ਹਾ ਤਰਨਤਾਰਨ ਪੰਜਾਬ ਦਾ 19ਵਾਂ ਜ਼ਿਲ੍ਹਾ ਬਣਿਆ। ਇਸ ਨੂੰ ਜ਼ਿਲ੍ਹਾ ਅੰਮ੍ਰਿਤਸਰ ਵਿੱਚੋਂ ਕੱਟ ਕੇ ਬਣਾਇਆ ਗਿਆ ਹੈ।

ਭੂਗੋਲਿਕ ਸਥਿਤੀ: ਇਸ ਦੇ ਉੱਤਰ ਵਿੱਚ ਜ਼ਿਲ੍ਹਾ ਅੰਮ੍ਰਿਤਸਰ, ਪੂਰਬ ਵਿੱਚ ਜ਼ਿਲ੍ਹਾ ਕਪੂਰਥਲਾ, ਪੱਛਮ ਵਿੱਚ ਪਾਕਿਸਤਾਨ ਅਤੇ ਦੱਖਣ ਵਿੱਚ ਫਿਰੋਜ਼ਪੁਰ ਜ਼ਿਲ੍ਹੇ ਹਨ। ਸ਼ਹਿਰ ਤਰਨਤਾਰਨ, ਜ਼ਿਲ੍ਹੇ ਦਾ ਸਦਰ ਮੁਕਾਮ ਹੈ।

2011 ਦੇ ਜਨਸੰਖਿਆ ਸਰਵੇਖਣ ਦੇ ਆਧਾਰ ਤੇ, ਇਸ ਜ਼ਿਲ੍ਹੇ ਦੀ ਕੁੱਲ ਆਬਾਦੀ 11,19,627 ਹੈ। ਇਥੋਂ ਦੀ ਵੱਸੋਂ ਘਣਤਾ 464 ਪ੍ਰਤੀ ਵਰਗ ਕਿਲੋਮੀਟਰ ਹੈ। ਇੱਥੋਂ ਦਾ ਲਿੰਗ ਅਨੁਪਾਤ 900 ਹੈ ਅਤੇ 67.81% ਲੋਕ ਸਾਖ਼ਰ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਕੀ ਅਧਾਰ 'ਤੇ ਜ਼ਿਲ੍ਹਾ ਤਰਨਤਾਰਨ 4 ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ: 1) ਤਰਨਤਾਰਨ 2) ਪੱਟੀ 3) ਖਡੂਰ ਸਾਹਿਬ 4) ਭਿਖੀਵਿੰਡ (ਨਵ-ਨਿਰਮਿਤ)।

ਤਰਨਤਾਰਨ: ਇਸ ਨੂੰ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਸਾਇਆ ਸੀ। ਉਹਨਾਂ ਨੇ ਸ੍ਰੀ ਤਰਨਤਾਰਨ ਸਾਹਿਬ ਮੰਦਰ ਦੀ ਨੀਂਹ ਰੱਖੀ। ਇਸ ਸ਼ਹਿਰ ਵਿੱਚ ਕਈ ਇਤਿਹਾਸਕ ਗੁਰਦੁਆਰੇ ਹਨ ਜਿਵੇਂ:- ਦਰਬਾਰ ਸਾਹਿਬ- ਸ੍ਰੀ ਗੁਰੂ

Scanned with CamScanner

ਅਰਜਨ ਦੇਵ ਜੀ, ਗੁਰਦੁਆਰਾ ਗੁਰੂ ਕਾ ਖੂਹ, ਗੁਰਦੁਆਰਾ ਬੀਬੀ ਭਾਨੀ ਦਾ ਖੂਹ, ਗੁਰਦੁਆਰਾ ਟੱਕਰ ਸਾਹਿਬ, ਗੁਰਦੁਆਰਾ ਲਕੀਰ ਸਾਹਿਬ, ਗੁਰਦੁਆਰਾ ਬਾਬਾ ਗਰਜਾ ਸਿੰਘ- ਬਾਬਾ ਬੋਤਾ ਸਿੰਘ, ਗੁਰਦੁਆਰਾ ਝੂਲਨਾ ਮਹਿਲ ਅਤੇ ਥੱਟੀ ਖਰਾ। ਤਰਨਤਾਰਨ ਵਿਖੇ ਸਥਿਤ ਗੁਰਦੁਆਰਾ, ਦਰਬਾਰ ਸਾਹਿਬ ਦਾ ਸਰੋਵਰ ਵਿਸ਼ਵ ਦਾ ਸਭ ਤੋਂ ਵੱਡਾ ਸਰੋਵਰ ਹੈ। ਉਤਰੀ ਭਾਰਤ ਦੀ ਸਭ ਤੋਂ ਵੱਡੀ ਭਰਭੂਮੀ ਹਰੀਕੇ ਪੱਤਣ, ਇਸੇ ਜ਼ਿਲ੍ਹੇ ਵਿੱਚ ਸਥਿਤ ਹੈ।

ਖਡੂਰ ਸਾਹਿਬ: ਗੁਰੂ ਅੰਗਦ ਦੇਵ ਜੀ ਦੁਆਰਾ ਵਸਾਇਆ ਗਿਆ ਇਹ ਪਿੰਡ ਜ਼ਿਲ੍ਹਾ ਤਰਨਤਾਰਨ ਵਿੱਚ ਹੀ ਸਥਿਤ ਹੈ। ਇਸ ਸਥਾਨ ਨੂੰ ਅੱਠ ਸਿੱਖ ਗੁਰੂਆਂ ਦੀ ਚਰਨ ਛੂਹ ਪ੍ਰਾਪਤ ਹੈ। ਇਹ ਉਹ ਪਵਿੱਤਰ ਸਥਾਨ ਹੈ ਜਿੱਥੇ ਦੂਜੇ ਗੁਰੂ, ਗੁਰੂ ਅੰਗਦ ਦੇਵ ਜੀ 13 ਸਾਲ ਰਹੇ ਸਨ।ਇਥੇ ਹੀ ਗੁਰੂ ਅੰਗਦ ਦੇਵ ਜੀ, ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਦੇ ਰਹੇ ਸਨ। ਇੱਥੇ ਹੀ ਉਹਨਾਂ ਨੇ ਗੁਰਮੁੱਖੀ ਲਿਪੀ ਸ਼ੁਰੂ ਕੀਤੀ ਅਤੇ ਪਹਿਲੀ ਗੁਰਮੁੱਖੀ ਪੋਥੀ ਲਿਖੀ ਸੀ। ਇਸੇ ਥਾਂ ਪਹਿਲਾ ਸਿੱਖ ਸਕੂਲ ਖੋਲ੍ਹਿਆ ਗਿਆ ਸੀ। ਇਸੇ ਸਥਾਨ 'ਤੇ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਪਹਿਲਾ ਗੁਟਕਾ ਸਾਹਿਬ ਤਿਆਰ ਕੀਤਾ ਗਿਆ। ਇੱਥੇ ਹੀ ਦੰਗਲ ਲਈ ਪਹਿਲਾ ਮੱਲ ਅਖਾੜਾ ਸਥਾਪਿਤ ਕੀਤਾ ਗਿਆ ਸੀ। ਇਥੇ ਹੀ ਗੁਰੂ ਜੀ ਨੇ ਨਸ਼ਿਆਂ ਅਤੇ ਸਮਾਜਿਕ ਕੁਰੀਤੀਆਂ ਖਿਲਾਫ਼ ਲਗਾਤਾਰ ਕਈ ਮੁਹਿੰਮਾਂ ਚਲਾਈਆਂ ਸਨ। ਇੱਥੋਂ ਦੇ ਸਥਾਪਿਤ ਗੁਰਦੁਆਰੇ ਨੂੰ ਗੁਰੂ ਅੰਗਦ ਦੇਵ ਗੁਰਦੁਆਰੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਪੱਟੀ: ਇਹ ਤਰਨਤਾਰਨ ਜ਼ਿਲ੍ਹੇ ਦਾ ਹੀ ਹਿੱਸਾ ਹੈ। ਇਹ ਇੱਕ ਅਮੀਰ ਖੇਤਰ ਸੀ ਜਿਸ ਨੂੰ ਨੌਂ-ਲੱਖੀ-ਹਾਰ ਦਾ ਨਾਂ ਦਿੱਤਾ ਜਾਂਦਾ ਸੀ। ਅਜਿਹਾ ਸ਼ਾਇਦ ਇਸ ਦੇ ਨੌਂ ਲੱਖ ਦੇ ਲਗਾਨ ਕਾਰਨ ਆਖਿਆ ਜਾਂਦਾ ਸੀ। ਇੱਥੇ ਸ਼ਿਵ ਜੀ ਦਾ ਇੱਕ ਪੁਰਾਣਾ ਮੰਦਰ ਹੈ। ਇੱਥੇ ਇੱਕ ਜੈਨੀ ਮੰਦਰ ਅਤੇ ਬੀਬੀ ਰਜਨੀ ਦਾ ਇਤਿਹਾਸਕ ਗੁਰਦੁਆਰਾ ਵੀ ਹੈ।

ਹੋਰ ਮਹੱਤਵਪੂਰਨ ਸਥਾਨ:

ਗੋਇੰਦਵਾਲ ਸਾਹਿਬ:- 16ਵੀਂ ਸਦੀ ਵਿੱਚ ਗੁਰੂ ਅਮਰਦਾਸ ਜੀ ਨੇ ਬਿਆਸ ਦਰਿਆ ਦੇ ਕੰਢੇ ਇਕ ਖੂਹ ਬਣਵਾਇਆ ਸੀ। ਸ਼ੇਰਸ਼ਾਹ ਸੂਹੀ ਮਾਰਗ ਦੇ ਨਵਨਿਰਮਾਣ ਮਗਰੋਂ ਇਹ ਇੱਕ ਮਹੱਤਵਪੂਰਨ ਰਾਹਦਾਰੀ ਥਾਂ ਬਣ ਗਿਆ ਸੀ। ਇਸ ਕਰਕੇ ਇੱਕ ਗੌਡ ਮਰਵਾਹਾ ਖੱਤਰੀ ਵਪਾਰੀ ਨੂੰ ਕਸਬੇ ਦੇ ਪੱਛਮੀ ਖਿੱਤੇ ਵਿੱਚ ਇੱਕ ਪਿੰਡ ਵਸਾਉਣ ਦੀ ਸੁੱਝੀ। ਪਰ ਕੁਦਰਤੀ ਤਾਕਤਾਂ ਕਰਕੇ ਸਾਹਮਣੇ ਉਸ ਦੀਆਂ ਕੋਸ਼ਿਸ਼ਾਂ ਦੀ ਵਾਹ ਨਾ ਚੱਲੀ, ਜਿਸ ਪਿੱਛੇ ਗੌਂਡ ਬੁਰੀਆਂ ਆਤਮਾਵਾਂ ਦਾ ਪ੍ਰਭਾਵ ਮੰਨਦਾ ਸੀ। ਅੰਤ ਉਹ ਅਸ਼ੀਰਵਾਦ ਲੈਣ ਗੁਰੂ ਅੰਗਦ ਦੇਵ ਜੀ ਕੋਲ ਖਡੂਰ ਸਾਹਿਬ ਪਹੁੰਚਿਆ। ਗੁਰੂ ਸਾਹਿਬ ਨੇ ਆਪਣੇ ਸ਼ਿਸ਼, ਗੁਰੂ ਅਮਰਦਾਸ ਜੀ ਨੂੰ ਗੌਂਡਾਂ ਦੀ ਮੱਦਦ ਲਈ ਨਿਯੁਕਤ ਕੀਤਾ। ਗੁਰੂ ਅਮਰਦਾਸ ਜੀ ਜੋ ਰੋਜ਼ਾਨਾ ਇਸ ਰਸਤੇ, ਦਰਿਆ ਦਾ ਪਾਣੀ ਰੋਜ਼ਾਨਾ ਖਡੂਰ ਸਾਹਿਬ ਢੋਂਦੇ ਸਨ, ਇਸ ਰਾਹ ਤੋਂ ਚੰਗੀ ਤਰ੍ਹਾਂ ਜਾਣੂ ਸਨ, ਉਹਨਾਂ ਨੇ ਹੀ ਇਸ ਪਿੰਡ ਦੀ ਨੀਂਹ ਰੱਖੀ ਅਤੇ ਗੌਂਡਾਂ ਦੇ ਨਾਮ ਪਿੱਛੇ ਹੀ ਇਸ ਥਾਂ ਦਾ ਨਾਮ ਰੱਖਿਆ ਗਿਆ।

1552 ਈ: ਵਿੱਚ ਗੁਰੂ ਅਮਰ ਦਾਸ ਜੀ ਨੇ 84 ਪੌੜੀਆਂ ਦੀ ਇੱਕ ਬਾਉਲੀ ਗੋਇੰਦਵਾਲ ਸਾਹਿਬ ਵਿਖੇ ਬਣਵਾਈ ਜੋ ਸਿੱਖ ਇਤਿਹਾਸ ਦਾ ਸਭ ਤੋਂ ਪਹਿਲਾ ਤੀਰਥ ਅਸਥਾਨ ਬਣਿਆ।

ਸਾਰਣੀ 9.20

ਤਰਨ ਤਾਰਨ

ਹੋਂਦ ਵਿੱਚ ਆਇਆ	2006 (ਪੰਜਾਬ ਦਾ 19ਵਾਂ ਜ਼ਿਲ੍ਹਾ)
ਭਾਗ	ਜਲੰਧਰ ਡਿਵੀਜ਼ਨ
ਗੁਆਂਢੀ ਜ਼ਿਲ੍ਹੇ	ਫਿਰੋਜ਼ਪੁਰ, ਕਪੂਰਥਲਾ ਅਤੇ ਅੰਮ੍ਰਿਤਸਰ
ਤਹਿਸੀਲਾਂ	ਤਰਨ ਤਾਰਨ, ਪੱਟੀ, ਖਡੂਰ ਸਾਹਿਬ ਅਤੇ ਭਿਖੀਵਿੰਡ (ਨਵ ਨਿਰਮਿਤ)
ਤਰਨ ਤਾਰਨ ਦੇ ਬਾਨੀ	ਗੁਰੂ ਅਰਜਨ ਦੇਵ ਜੀ

Scanned with CamScanner

ਖਡੂਰ ਸਾਹਿਬ ਦੇ ਬਾਨੀ	ਗੁਰੂ ਅੰਗਦ ਦੇਵ ਜੀ
ਗੋਇੰਦਵਾਲ ਦੇ ਬਾਨੀ	ਗੁਰੂ ਅਮਰ ਦਾਸ ਜੀ (84 ਪੌੜੀਆਂ ਵਾਲੀ ਇੱਕ ਬਾਉਲੀ ਬਣਵਾਈ)
ਪਾਵਰ ਪਲਾਂਟ	ਗੋਇੰਦਵਾਲ ਸਾਹਿਬ ਪਾਵਰ ਪਲਾਂਟ
ਪ੍ਰਸਿੱਧ ਸਖ਼ਸ਼ੀਅਤਾਂ	ਸੋਹਨ ਸਿੰਘ ਭਕਨਾ, ਬਾਬਾ ਗੁਰਦਿੱਤਾ ਸਿੰਘ, ਦਾਰਾ ਸਿੰਘ ਅਤੇ ਪ੍ਰਤਾਪ ਸਿੰਘ ਕੈਰੋਂ
ਦੇਖਣਯੋਗ ਸਥਾਨ	ਦਰਬਾਰ ਸਾਹਿਬ-ਸ਼੍ਰੀ ਗੁਰੂ ਅਰਜਨ ਦੇਵ ਜੀ, ਗੁਰਦੁਆਰਾ ਲਕੀਰ ਸਾਹਿਬ, ਹਰੀਕੇ ਭਰਥੂਮੀ
ਦਰਜਾਬੰਦੀ	ਨਿਊਨਤਮ ਬਾਲਗ ਲਿੰਗ ਅਨੁਪਾਤ

ਡਿਵੀਜ਼ਨ-ਰੂਪਨਗਰ:

ਜ਼ਿਲ੍ਹਾ ਰੂਪਨਗਰ

ਸਥਾਪਨਾ: 1 ਨਵੰਬਰ, 1966 ਨੂੰ ਹੋਏ ਰਾਜ ਦੇ ਪੁਨਰਗਠਨ ਦੌਰਾਨ ਰੂਪਨਗਰ ਜ਼ਿਲ੍ਹਾ ਬਣਿਆ ਸੀ।

ਭੂਗੋਲਿਕ ਸਥਿਤੀ: ਇਹ ਸਤਲੁਜ ਦਰਿਆ ਦੇ ਕੰਢੇ 'ਤੇ ਵਸਿਆ ਹੋਇਆ ਹੈ। ਇਸ ਜ਼ਿਲ੍ਹੇ ਦੀ ਹੱਦ ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਲੁਧਿਆਣਾ, ਫਤਿਹਗੜ੍ਹ ਸਾਹਿਬ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨਾਲ ਲੱਗਦੀ ਹੈ। ਪਹਿਲਾਂ ਇਸ ਨੂੰ ਰੋਪੜ ਦੇ ਨਾਮ ਨਾਲ ਜਾਣਿਆ ਜਾਂਦਾ ਸੀ।

2011 ਦੇ ਜਨਸੰਖਿਆ ਸਰਵੇਖਣ ਦੇ ਆਧਾਰ ਤੇ, ਇਸ ਜ਼ਿਲ੍ਹੇ ਦੀ ਜਨਸੰਖਿਆ 6,84,627 ਹੈ। ਇੱਥੋਂ ਦੀ ਵੱਸੋਂ ਘਣਤਾ 489 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 915 ਹੈ ਅਤੇ ਇੱਥੋਂ ਦੇ 82.19% ਲੋਕ ਸਾਖ਼ਰ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨ ਦੇ ਅਧਾਰ 'ਤੇ ਜ਼ਿਲ੍ਹਾ ਰੂਪਨਗਰ ਨੂੰ 5 ਤਹਿਸੀਲਾਂ ਵਿੱਚ ਵੰਡਿਆ ਗਿਆ ਹੈ: 1) ਰੂਪਨਗਰ 2) ਅਨੰਦਪੁਰ ਸਾਹਿਬ 3) ਨੰਗਲ 4) ਚਮਕੌਰ ਸਾਹਿਬ 5) ਮੋਰਿੰਡਾ

ਰੂਪਨਗਰ: ਕਿਹਾ ਜਾਂਦਾ ਹੈ ਕਿ ਰੂਪਨਗਰ ਸ਼ਹਿਰ ਦੀ ਨੀਂਹ ਰਾਜਾ ਰੋਕੇਸ਼ਰ ਨੇ ਰੱਖੀ ਜੋ ਕਿ 11ਵੀਂ ਸਦੀ ਦਾ ਸ਼ਾਸਕ ਸੀ। ਉਸ ਨੇ ਆਪਣੇ ਪੁੱਤਰ ਰੂਪ ਸੇਨ ਦੇ ਨਾਮ 'ਤੇ ਇਸ ਸ਼ਹਿਰ ਦਾ ਨਾਮ ਰੱਖਿਆ।

ਇਸ ਸ਼ਹਿਰ ਦਾ ਪੁਰਾਤਨ ਅਤੇ ਮੱਧ ਕਾਲੀਨ ਭਾਰਤ ਦੇ ਇਤਿਹਾਸ ਵਿੱਚ ਵਿਸ਼ੇਸ਼ ਮਹੱਤਵ ਹੈ ਅਤੇ ਅਜੋਕੇ ਇਤਿਹਾਸ ਵਿੱਚ ਵੀ ਇਹ ਉਨਾਂ ਹੀ ਮਹੱਤਵਪੂਰਨ ਹੈ। ਹਾਲ ਹੀ ਵਿੱਚ ਹੋਈਆਂ ਖੁਦਾਈਆਂ ਤੋਂ ਪਤਾ ਲੱਗਦਾ ਹੈ ਕਿ ਰੂਪਨਗਰ ਪੰਜਾਬ ਦੀਆਂ ਸਭ ਤੋਂ ਪੁਰਾਤਨ ਥਾਵਾਂ ਵਿੱਚੋਂ ਇੱਕ ਹੈ। ਨਾਲਾਗੜ੍ਹ ਟਿੱਬੀ ਤੋਂ ਮਿਲੇ ਅਵਸ਼ੇਸਾਂ ਤੋਂ ਪਤਾ ਲੱਗਦਾ ਹੈ ਕਿ ਇਹ ਪੁਰਾਤਨ ਸਮੇਂ ਦਾ ਬਹੁਤ ਹੀ ਪ੍ਰਫੁਲਿਤ ਸ਼ਹਿਰ ਸੀ ਅਤੇ ਇੱਥੇ ਉੱਚ-ਦਰਜੇ ਦੀ ਸੱਭਿਅਤਾ ਪਾਈ ਗਈ। ਇਹ ਸੱਭਿਅਤਾ, ਹੜੱਪਾ ਸੱਭਿਅਤਾ ਨਾਲ ਮੇਲ ਖਾਂਦੀ ਹੈ।

ਇੱਥੇ ਹੀ ਪਿੱਪਲ ਦੇ ਦਰੱਖਤ ਹੇਠ, ਮਹਾਰਾਜਾ ਰਣਜੀਤ ਸਿੰਘ ਅਤੇ ਵਿਲੀਅਮ ਬੈਂਟਿੰਗ ਦੀ 26 ਅਕਤੂਬਰ, 1831 ਈ: ਨੂੰ ਇਤਿਹਾਸਿਕ ਮਿਲਣੀ ਹੋਈ ਸੀ। ਜਿਸ ਵਿੱਚ ਸੀਮਾਵਾਂ ਨਾਲ ਸਬੰਧਿਤ ਕਈ ਅਹਿਮ ਫੈਸਲੇ ਲਏ ਗਏ ਸਨ। ਸ਼ਹਿਰ ਵਿੱਚ ਅਤੇ ਇਸਦੇ ਨੇੜੇ-ਤੇੜੇ ਕਈ ਥਾਵਾਂ ਵੇਖਣਯੋਗ ਹਨ ਜਿਵੇਂ ਕਿ, ਸ਼ਹਿਰ ਦਾ ਹੈੱਡ ਵਰਕ, ਪਿਨਕੈਸੀਆ ਕਿਸ਼ਤੀ ਕਲੱਬ, ਮਹਾਰਾਜਾ ਰਣਜੀਤ ਸਿੰਘ ਅਤੇ ਵਿਲੀਅਮ ਬੈਂਟਿਕ ਵਿੱਚ ਹੋਈ ਸੰਧੀ ਦਾ ਸਥਾਨ, ਹੜੱਪਨ ਸੱਭਿਅਤਾ ਨਾਲ ਸਬੰਧਿਤ ਸਥਾਨ,

Scanned with CamScanner

ਮਹਾਰਾਜਾ ਰਣਜੀਤ ਸਿੰਘ ਬਾਗ, ਗੁਰਦੁਆਰਾ ਭੱਠਾ ਸਾਹਿਬ ਅਤੇ ਗੁਰਦੁਆਰਾ ਗੁਰੂਗੜ੍ਹ ਸਾਹਿਬ ਸਦਾਬਰਤ।

ਅਨੰਦਪੁਰ ਸਾਹਿਬ: ਇਸ ਸ਼ਹਿਰ ਨੂੰ ਸਿੱਖਾਂ ਦੇ ਨੌਂਵੇ ਗੁਰੂ ਤੇਗ ਬਹਾਦੁਰ ਜੀ ਨੇ ਵਸਾਇਆ ਸੀ। ਗੁਰੂ ਜੀ ਨੇ ਬਾਬਾ ਬਕਾਲਾ ਛੱਡਣ ਉਪਰੰਤ ਬਿਲਾਸਪੁਰ ਦੇ ਰਾਜਾ ਤੋਂ ਇਹ ਜ਼ਮੀਨ ਖਰੀਦੀ ਸੀ। ਅਨੰਦਪੁਰ ਸਾਹਿਬ ਵਿਖੇ ਹੀ ਕਸ਼ਮੀਰੀ ਪੰਡਿਤ ਗੁਰੂ ਤੇਗ ਬਹਾਦੁਰ ਜੀ ਕੋਲ ਆਪਣੀ ਜਾਨ ਦੀ ਰੱਖਿਆ ਦੀ ਫਰਿਆਦ ਲੈ ਕੇ ਆਏ ਸਨ। ਉਹਨਾਂ ਦੀ ਬੇਨਤੀ 'ਤੇ ਹੀ ਗੁਰੂ ਤੇਗ ਬਹਾਦੁਰ ਜੀ ਦਿੱਲੀ ਵੱਲ ਅਦੁੱਤੀ ਸ਼ਹਾਦਤ ਲਈ ਰਵਾਨਾ ਹੋਏ ਸਨ।

ਅਨੰਦਪੁਰ ਸਾਹਿਬ ਵਿਖੇ ਹੀ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਬਚਪਨ ਬਿਤਾਇਆ ਸੀ। ਇੱਥੇ ਹੀ ਕਿਲ੍ਹਾ ਅਨੰਦਪੁਰ ਸਾਹਿਬ ਵਿਖੇ ਆਪ ਨੇ ਸ਼ਸਤਰ ਵਿੱਦਿਆ ਸਿੱਖੀ ਸੀ।

ਅਨੰਦਪੁਰ ਸਾਹਿਬ ਵਿੱਚ ਸਥਿਤ ਧਾਰਮਿਕ ਅਸਥਾਨਾਂ ਵਿਚੋਂ ਸਭ ਤੋਂ ਮਹੱਤਵ ਪੂਰਨ ਗੁਰਦੁਆਰਾ ਕੇਸ਼ਗੜ੍ਹ ਸਾਹਿਬ ਹੈ। ਇਸੇ ਥਾਂ 'ਤੇ ਖਾਲਸਾ ਪੰਥ ਦੀ ਸਾਜਨਾ ਹੋਈ ਸੀ। ਇਹ ਸਿੱਖਾਂ ਦੇ ਪੰਜ ਪਵਿੱਤਰ ਤਖ਼ਤਾਂ ਵਿੱਚ ਇਕ ਹੈ। 1699 ਈ: ਵਿੱਚ ਵਿਸਾਖੀ ਵਾਲੇ ਦਿਨ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ।

ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੋਲਾ ਮਹੱਲਾ ਇੱਕ ਅਲੌਕਿਕ ਦ੍ਰਿਸ਼ ਪੇਸ਼ ਕਰਦਾ ਹੈ। ਇਸ ਨੂੰ ਹੋਲੀ ਤੋਂ ਅਗਲੇ ਦਿਨ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।

ਸ਼ਹਿਰ ਵਿਚ ਕਈ ਗੁਰਦੁਆਰੇ ਹਨ ਜਿਵੇਂ ਕਿ, ਗੁਰਦੁਆਰਾ ਸ੍ਰੀ ਕੇਸਗੜ੍ਹ ਸਾਹਿਬ, ਗੁਰਦੁਆਰਾ ਮੰਜੀ ਸਾਹਿਬ, ਗੁਰਦੁਆਰਾ ਸ਼ੀਸ ਗੰਜ, ਗੁਰਦੁਆਰਾ ਭੋਰਾ ਸਾਹਿਬ, ਗੁਰਦੁਆਰਾ ਅਨੰਦਗੜ੍ਹ ਸਾਹਿਬ ਅਤੇ ਗੁਰਦੁਆਰਾ ਮਾਤਾ ਜੀਤੋ ਜੀ। ਇਹ ਗੁਰਦੁਆਰੇ ਨੌਂਵੀ ਅਤੇ ਦਸਵੀਂ ਪਾਤਸ਼ਾਹੀ ਨਾਲ ਸਬੰਧਿਤ ਹਨ।

ਵਿਰਾਸਤ-ਏ-ਖਾਲਸਾ:

ਇਹ ਅਜਾਇਬ ਘਰ, ਜਿਸ ਦਾ ਪੁਰਾਣਾ ਨਾਮ ਖ਼ਾਲਸਾ ਹੈਰੀਟੇਜ਼ ਮੈਮੋਰੀਅਲ ਹੈ, ਅਨੰਦਪੁਰ ਸਾਹਿਬ ਵਿਖੇ ਹੀ ਸਥਿਤ ਹੈ। ਇਸ ਅਜਾਇਬ ਘਰ ਦੀ ਸਥਾਪਨਾ ਸਿੱਖ ਇਤਿਹਾਸ ਦੀ 500ਵੀਂ ਅਤੇ ਖਾਲਸਾ ਦੀ 300ਵੀਂ ਸ਼ਤਾਬਦੀ ਦੀ ਯਾਦ ਵਿੱਚ ਕਰਵਾਈ ਗਈ। 1999 ਈ: ਵਿੱਚ ਖਾਲਸੇ ਦੀ ਤ੍ਰੈਸ਼ਤਾਬਦੀ ਮਨਾਈ ਗਈ। ਇਸ ਦਿਵਸ ਦੀ ਯਾਦ ਵਿੱਚ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿਰਾਸਤ-ਏ-ਖ਼ਾਲਸਾ ਦਾ ਨੀਂਹ ਪੱਥਰ ਰੱਖਿਆ। ਇਹ ਅਜਾਇਬ ਘਰ ਸਿੱਖ ਵਿਰਸੇ, ਇਤਿਹਾਸ ਅਤੇ ਸੱਭਿਆਚਾਰ ਦਾ ਅਮੁੱਲ ਭੰਡਾਰ ਹੈ। ਇਹ ਸਮੁੱਚੀ ਮਾਨਵਤਾ ਨੂੰ ਭਗਤੀ-ਭਾਵ ਦਾ ਸੁਨੇਹਾ ਦਿੰਦਾ ਹੈ। ਰਵਾਇਤ ਨਾਲੋਂ ਹਟ ਕੇ, ਸਿੱਖ ਗੁਰਦੁਆਰਿਆਂ ਵਿੱਚ ਪ੍ਰਚਲਿਤ ਗੁੰਬਦਾਂ ਦੀ ਥਾਂ ਇਸ ਅਜਾਇਬ ਘਰ ਦੀ ਛੱਤ ਉਤਲ ਕਿਸਮ ਦੀ, ਅਕਾਸ਼ ਵੱਲ ਨੂੰ ਬਣਾਈ ਗਈ ਹੈ। ਇਸਪਾਤ ਦੀ ਪਰਤ ਨਾਲ ਢੱਕੇ ਇਹ ਸ਼ੀਸ਼ੇ, ਗੁਰਦੁਆਰਾ ਸਾਹਿਬ ਅਤੇ ਕਿਲ੍ਹੇ ਵੱਲ ਰੌਸ਼ਨੀ ਕੇਂਦਰਿਤ ਕਰਦੇ ਹਨ। 13 ਸਾਲ ਦੇ ਨਿਰਮਾਣ ਸਮੇਂ ਮਗਰੋਂ 25 ਨਵੰਬਰ, 2011 ਨੂੰ ਇਸ ਦਾ ਉਦਘਾਟਨ ਕੀਤਾ ਗਿਆ। ਇਸ ਇਮਾਰਤ ਦੇ ਹਰ ਹਿੱਸੇ ਵਿੱਚ ਦੋ ਇਮਾਰਤੀ ਵਿਭਾਗ ਹਨ, ਜੋ ਕਿ ਇੱਕ ਦੂਜੇ ਨਾਲ ਪੁਲ ਰਾਹੀਂ ਜੁੜੇ ਹੋਏ ਹਨ:

ਛੋਟੇ ਪੱਛਮੀ ਇਮਾਰਤੀ ਢਾਂਚੇ ਵਿੱਚ ਸੁਆਗਤੀ ਗੈਲਰੀ, 400 ਦਰਸ਼ਕਾਂ ਦੀ ਸਮਾਈ ਵਾਲਾ ਹਾਲ, ਦੋ ਮੰਜ਼ਿਲੀ ਖੋਜ ਅਤੇ ਹਵਾਲਾ ਲਾਇਬਰੇਰੀ ਅਤੇ ਪਰਦਰਸ਼ਨੀ ਗੈਲਰੀਆਂ ਹਨ।

ਪੂਰਬੀ ਇਮਾਰਤੀ ਢਾਂਚੇ ਵਿੱਚ ਗੋਲਾਕਾਰ ਯਾਦਗਾਰੀ ਇਮਾਰਤ ਦੇ ਨਾਲ-ਨਾਲ ਪਰਦਰਸ਼ੀਆਂ ਲਗਾਉਣ ਦੀ ਖੁਲੀ ਥਾਂ ਹੈ। ਇੱਥੇ ਮੌਜੂਦ ਗੈਲਰੀਆਂ ਉਸ ਸਮੇਂ ਦੀ ਕਿਲ੍ਹਾ ਨਿਰਮਾਣ ਕਲਾ ਨੂੰ ਉਜਾਗਰ ਕਰਦੀਆਂ ਹਨ। ਗਲੈਰੀਆਂ ਦੇ 5 ਸਮੂਹ ਹਨ। ਇਹ ਸਿੱਖੀ ਦੇ 5 ਅਸੂਲਾਂ ਨੂੰ ਦਰਸਾਉਂਦੇ ਹਨ। ਇਸ ਇਮਾਰਤ ਦੀ ਰੂਪਰੇਖਾ ਵਿਸ਼ਵ ਪ੍ਰਸਿੱਧ ਸ਼ਿਲਪਕਾਰ ਸ੍ਰੀ ਮੋਸ਼ੇ ਸੈਫਦੀ ਨੇ ਤਿਆਰ ਕੀਤੀ ਸੀ।

Scanned with CamScanner

ਖਾਲਸੇ ਦੀ ਜਨਮਭੂਮੀ- ਅਨੰਦਪੁਰ ਸਾਹਿਬ ਇੱਕ ਸੈਲਾਨੀ ਕੇਂਦਰ ਵੱਜੋਂ ਤੇ ਵੀ ਉੱਭਰ ਰਿਹਾ ਹੈ। ਇਸ ਨੂੰ 'ਸਫੈਦ ਸ਼ਹਿਰ' ਦਾ ਰੂਪ ਦਿੱਤਾ ਗਿਆ ਹੈ।

ਚਮਕੌਰ ਸਾਹਿਬ: ਸਰਹਿੰਦ ਨਹਿਰ ਦੇ ਕੰਢੇ ਵਸਿਆ ਇਹ ਸ਼ਹਿਰ ਰੂਪਨਗਰ ਤੋਂ 16 ਕਿਲੋਮੀਟਰ ਦੂਰ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਆਪਣੇ ਦੋ ਵੱਡੇ ਸਾਹਿਬਜ਼ਾਦਿਆਂ ਅਤੇ 40 ਸਿੱਖਾਂ ਨਾਲ ਕੋਟਲਾ ਨਹਿੰਗ ਤੋਂ ਇੱਥੇ ਹੀ ਬਿਰਾਜੇ ਸਨ।ਉਹ ਇੱਥੇ ਰਾਜਾ ਬਿਧੀ ਚੰਦ ਦੇ ਬ਼ਾਗ ਵਿੱਚ ਪਹੁੰਚੇ ਸਨ। ਰਾਜੇ ਦਾ ਗੁਰੂ ਜੀ ਪ੍ਰਤੀ ਰਵੱਈਆ ਚੰਗਾ ਨਹੀਂ ਸੀ। ਇਸ ਕਰਕੇ ਗੁਰੂ ਜੀ ਨੇ ਰਾਜਪੂਤ ਭਰਾਵਾਂ ਦੇ ਕਿਲ੍ਹੇ ਵਿੱਚ ਠਹਿਰ ਕੀਤੀ ਕੁਝ ਸਮੇਂ ਮਗਰੋਂ ਹੀ ਮੁਗਲ ਫ਼ੌਜਾਂ ਨੇ ਕਿਲ੍ਹੇ ਤੇ ਹਮਲਾ ਬੋਲ ਦਿੱਤਾ ਅਤੇ ਇਸ ਲੜਾਈ ਵਿੱਚ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਸ਼ਹੀਦੀ ਪਾ ਗਏ ਸਨ।

ਇਸ ਥਾਂ 'ਤੇ ਗੁਰੂ ਸਾਹਿਬ ਦੀ ਚਰਨ ਛੂਹ ਪ੍ਰਾਪਤ ਕਈ ਗੁਰਦੁਆਰੇ ਸਥਿਤ ਹਨ। ਗੁਰਦੁਆਰਾ ਕਤਲਗੜ੍ਹ ਸਾਹਿਬ, ਜਿਸ ਨੂੰ ਗੁਰਦੁਆਰਾ ਸ਼ਹੀਦਗੰਜ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਚਮਕੌਰ ਸਾਹਿਬ ਵਿੱਚ ਸਥਿਤ ਗੁਰਦੁਆਰਿਆਂ ਵਿਚੋਂ ਸਭ ਤੋਂ ਮਹੱਤਵਪੂਰਨ ਹੈ। ਇੱਥੇ ਹੀ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਮੁਗਲ ਫੌਜਾਂ ਵਿਰੁੱਧ ਲੜਦਿਆਂ ਸ਼ਹੀਦ ਹੋਏ ਸਨ।

ਚਮਕੌਰ ਸਾਹਿਬ ਵਿਖੇ ਹੀ ਹਰ ਸਾਲ ਦਸੰਬਰ ਵਿੱਚ ਸਾਹਿਬਜ਼ਾਦਿਆਂ ਦੀ ਅਲੌਕਿਕ ਸ਼ਹੀਦੀ ਦੀ ਯਾਦ ਵਿੱਚ ਤਿੰਨ ਰੋਜ਼ਾ ਸ਼ਹੀਦੀ ਜ਼ੋੜ-ਮੇਲਾ ਲੱਗਦਾ ਹੈ।

ਨੰਗਲ: ਸ਼ਿਵਾਲਿਕ ਦੇ ਪੈਰਾਂ ਵਿੱਚ ਵਸਿਆ ਇਹ ਸ਼ਹਿਰ, ਸੁੰਦਰ ਪਹਾੜੀਆਂ, ਨਦੀਆਂ ਅਤੇ ਦਰਿਆਵਾਂ ਨਾਲ ਘਿਰਿਆ ਹੋਇਆ ਹੈ। ਇਹ ਇੱਕ ਮਹੱਤਵਪੂਰਨ ਸੈਲਾਨੀ ਕੇਂਦਰ ਵੀ ਹੈ।

ਇਸ ਦੇ ਦੋ ਭਾਗ ਹਨ। ਨੰਗਲ ਉਪਨਗਰ ਅਤੇ ਨਵਾਂ ਨੰਗਲ। ਤਿੰਨ ਪਿੰਡਾਂ ਦੀ ਜ਼ਮੀਨ ਜੁੜਨ ਕਰਨ ਉਪਰੰਤ ਹੀ ਇਸ ਸ਼ਹਿਰ ਦਾ ਨਾਮ ਨੰਗਲ ਪਿਆ ਅਤੇ ਇਹ ਤਿੰਨ ਪਿੰਡ ਸਨ - ਨੰਗਲ ਨਿੱਕੂ, ਹੰਭੋਵਾਲ ਅਤੇ ਦੁਬੇਟਾ। ਨਵੰਬਰ 1955 ਵਿੱਚ ਇੱਥੇ ਸਤਲੁਜ ਦਰਿਆ ਦਾ ਨਿਰਮਾਣ ਕਾਰਜ ਆਰੰਭ ਹੋਣ ਮਗਰੋਂ ਇਸ ਸਥਾਨ ਦੀ ਮਹੱਤਤਾ ਵੱਧ ਗਈ। ਬਹੁ-ਮੰਤਵੀ ਭਾਖੜਾ ਪ੍ਰੋਜੈਕਟ ਕਾਰਨ ਇਹ ਸੈਲਾਨੀ ਕੇਂਦਰ ਬਣ ਗਿਆ। ਭਾਖੜਾ ਬੰਨ੍ਹ, ਨੰਗਲ ਬੰਨ੍ਹ, ਨੰਗਲ ਜਲ ਮਾਰਗ, ਗੰਗੂਵਾਲ ਅਤੇ ਕੋਟਲਾ ਊਰਜਾ ਘਰ ਇਸ ਬਹੁ-ਮੰਤਵੀ ਪ੍ਰਯੋਜਨਾ ਦੇ ਅੰਤਰਗਤ ਆਉਂਦੇ ਹਨ।

ਉੱਤਰ ਵਿੱਚ ਸਥਿਤ ਨਵਾਂ ਨੰਗਲ ਵਿੱਚ ਭਾਰਤ ਸਰਕਾਰ ਦੇ ਅੰਤਰਗਤ ਆਉਂਦਾ ਰਾਸ਼ਟਰੀ ਰਸਾਇਣਕ ਖਾਦ ਨਿਗਮ ਹੈ। ਇੱਥੇ ਸਥਿਤ- ਨੰਗਲ ਰਸਾਇਣਕ ਖਾਦਾਂ ਅਤੇ ਭਾਰੇ ਪਾਣੀ ਦੇ ਕਾਰਖਾਨੇ ਨੇ 1964 ਵਿੱਚ ਉਤਪਾਦਨ ਆਰੰਭ ਕੀਤਾ ਸੀ ਅਤੇ ਇਹ ਭਾਖੜਾ ਊਰਜਾ ਘਰ ਤੋਂ ਆਉਂਦੀ ਬਿਜਲੀ ਦਾ ਸਭ ਤੋਂ ਵੱਡਾ ਉਪਭੋਗੀ ਹੈ।

ਨੰਗਲ ਨਦੀ ਤੋ ਮਗਰੋਂ, ਗੁਰਦੁਆਰਾ ਵਿਭੋਰ ਸਾਹਿਬ ਆਲੀਸ਼ਾਨ ਨਜ਼ਾਰਾ ਪੇਸ਼ ਕਰਦਾ ਹੈ। ਗੁਰਦੁਆਰਾ ਨੰਗਲ ਤੋਂ 5 ਕਿ:ਮੀ ਦੀ ਦੂਰੀ ਤੇ ਹੈ। ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇੱਥੇ ਤਪੱਸਿਆ ਕੀਤੀ ਸੀ।

ਹੋਰ ਮਹੱਤਵਪੂਰਨ ਸ਼ਹਿਰ:

ਕੀਰਤਪੁਰ ਸਾਹਿਬ: ਸਤਲੁਜ਼ ਦਰਿਆ ਦੇ ਕੰਢੇ ਵਸਿਆ ਇਹ ਸ਼ਹਿਰ ਅਨੰਦਪੁਰ ਸਾਹਿਬ ਤੋ 10 ਕਿ:ਮੀ ਦੀ ਦੂਰੀ ਤੇ ਦੱਖਣ ਵੱਲ, ਨੰਗਲ-ਰੂਪਨਗਰ ਚੰਡੀਗੜ੍ਹ ਸੜਕ ਤੇ ਸਥਿਤ ਹੈ। ਇਹ ਸਿੱਖਾਂ ਦਾ ਇੱਕ ਪਵਿੱਤਰ ਸ਼ਹਿਰ ਹੈ ਅਤੇ ਉਹ ਆਪਣੇ ਮ੍ਰਿਤਕ ਸਨੇਹੀਆਂ ਦੀਆਂ ਅਸਥੀਆਂ ਇਥੇ ਹੀ ਪ੍ਰਵਾਹਿਤ ਕਰਦੇ ਹਨ। ਬਹੁਤ ਸਾਰੇ ਨਿੱਥ ਗੁਰੂਆਂ ਨਾਲ ਇਸ ਸਥਾਨ ਦਾ ਸਬੰਧ ਰਿਹਾ। ਜਦੋਂ ਇਹ ਸੁੰਨਸਾਨ ਇਲਾਕਾ ਸੀ ਤਾਂ ਗੁਰੂ ਨਾਨਕ ਦੇਵ ਜੀ ਨੇ ਇਥੇ ਫੇਰੀ ਪਾਈ। ਗੁਰੂ ਹਰਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੇ ਆਖਰੀ ਸਾਲ ਇੱਥੇ ਹੀ ਬਿਤਾਏ। ਸੱਤਵੇਂ ਅਤੇ ਅੱਠਵੇਂ ਗੁਰੂ ਜੀ ਨੂੰ ਗੁਰਗੱਦੀ ਇੱਥੇ ਹੀ ਮਿਲੀ। ਨੌਵੇਂ ਅਤੇ

Scanned with CamScanner

ਦਸਵੇਂ ਗੁਰੂ ਜੀਦਾ ਵੀ ਇਸ ਸਥਾਨ ਨਾਲ ਡੂੰਘਾ ਸਬੰਧ ਰਿਹਾ। ਇਸ ਥਾਂ ਤੇ ਕਈ ਗੁਰਦੁਆਰੇ ਹਨ ਜਿਵੇਂ ਕਿ ਗੁਰਦੁਆਰਾ ਚਰਨ ਕਮਲ, ਗੁਰਦੁਆਰਾ ਬਾਬਾ ਗੁਰਦਿੱਤਾ, ਬਾਬਾ ਬੁੱਢਾ ਸ਼ਾਹ ਜੀ ਦੀ ਮਜ਼ਾਰ, ਗੁਰਦੁਆਰਾ ਭਵਨਗੜ੍ਹ, ਗੁਰਦੁਆਰਾ ਪਤਾਲ ਪੁਰੀ ਅਤੇ ਗੁਰਦੁਆਰਾ ਸ਼ੀਸ ਮਹੱਲ ।

ਸਾਰਣੀ 9.21 **ਰੂਪਨਗਰ**

ਹੋਂਦ ਵਿੱਚ ਆਇਆ	1966
ਭਾਗ	ਰੋਪੜ ਡਿਵੀਜ਼ਨ, (31 ਦਸੰਬਰ, 2010 ਨੂੰ ਨਵ ਨਿਰਮਿਤ)
ਗੁਆਂਢੀ ਜ਼ਿਲ੍ਹੇ	ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਲੁਧਿਆਣਾ ਅਤੇ ਫਤਿਹਗੜ੍ਹ ਸਾਹਿਬ
ਰੋਪੜ ਦਾ ਬਾਨੀ	ਰਾਜਾ ਰੋਕੇਸ਼ਵਰ
ਤਹਿਸੀਲਾਂ	ਰੋਪੜ, ਨੰਗਲ, ਅਨੰਦਪੁਰ ਸਾਹਿਬ, ਚਮਕੌਰ ਸਾਹਿਬ ਅਤੇ ਮੋਰਿੰਡਾ
ਅਨੰਦਪੁਰ ਸਾਹਿਬ ਦਾ ਬਾਨੀ	ਗੁਰੂ ਤੇਗ ਬਹਾਦਰ ਜੀ
ਪਾਵਰ ਪਲਾਂਟ	ਗੁਰੂ ਗੋਬਿੰਦ ਸਿੰਘ ਉਚ-ਤਾਪ ਬਿਜਲੀ ਘਰ
ਦੇਖਣਯੋਗ ਥਾਵਾਂ	ਗੁਰਦੁਆਰਾ ਕੇਸਗੜ੍ਹ ਸਾਹਿਬ, ਗੁਰਦੁਆਰਾ ਮੰਜੀ ਸਾਹਿਬ, ਗੁਰਦੁਆਰਾ ਸੀਸ ਗੰਜ, ਗੁਰਦੁਆਰਾ ਸ਼ਹੀਦਗੰਜ (ਚਮਕੌਰ ਸਾਹਿਬ), ਗੁਰਦੁਆਰਾ ਭੋਰਾ ਸਾਹਿਬ, ਗੁਰਦੁਆਰਾ ਆਨੰਦਗੜ੍ਹ ਸਾਹਿਬ, ਗੁਰਦੁਆਰਾ ਮਾਤਾ ਜੀਤੋ ਅਤੇ ਵਿਰਾਸਤ-ਏ-ਖਾਲਸਾ (ਆਨੰਦਪੁਰ ਸਾਹਿਬ)।
ਮੇਲੇ	ਚਮਕੌਰ ਸਾਹਿਬ ਦਾ ਸ਼ਹੀਦੀ ਜੋੜ ਮੇਲਾ ਅਤੇ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ
ਦਰਜਾਬੰਦੀ	ਲਿੰਗ ਅਨੁਪਾਤ ਦੇ ਸੰਦਰਭ ਵਿੱਚ ਤੀਜਾ ਅਧਿਕਤਮ

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

ਨਿਰਮਾਣ: ਜ਼ਿਲ੍ਹਾ ਨਵਾਂ ਸ਼ਹਿਰ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਜ਼ਿਲ੍ਹਾ ਜਲੰਧਰ ਨੂੰ ਕੱਟ ਕੇ 7 ਨਵੰਬਰ, 1995 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਜਨਮ ਪੁਰਬ ਮੌਕੇ ਪੰਜਾਬ ਦਾ ਸੋਹਲਵਾਂ ਜ਼ਿਲ੍ਹਾ ਬਣਾਇਆ ਗਿਆ।

27/09/2008 ਨੂੰ ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਕਾਸ ਸਿੰਘ ਬਾਦਲ ਨੇ ਖਟਕੜ ਕਲਾਂ ਵਿਖੇ ਮਹਾਨ ਦੇਸ਼ ਭਗਤ, ਸਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਮੌਕੇ, ਇੱਕ ਰੈਲੀ ਨੂੰ ਸੰਬੋਧਿਤ ਕਰਦੇ ਨਵਾਂ ਸ਼ਹਿਰ ਦਾ ਨਾਮ ਬਦਲ ਕੇ ਸ਼ਹੀਦ ਭਗਤ ਸਿੰਘ ਨਗਰ ਰੱਖ ਦਿੱਤਾ।

ਭੂਗੋਲਿਕ ਸਥਿਤੀ: ਸ਼ਹੀਦ ਭਗਤ ਸਿੰਘ ਨਗਰ, ਸਤਲੁਜ ਦਰਿਆ ਦੇ ਸੱਜੇ ਕੰਢੇ 'ਤੇ ਸਥਿਤ ਹੈ ਅਤੇ ਪੰਜ ਹੋਰ ਜਿਲ੍ਹਿਆਂ ਨਾਲ ਘਿਰਿਆ ਹੋਇਆ ਹੈ। ਇਸ ਦੀ ਪੱਛਮੀ ਹੱਦ-ਜਲੰਧਰ ਨਾਲ, ਪੂਰਬੀ ਹੱਦ-ਰੂਪਨਗਰ ਜ਼ਿਲ੍ਹੇ ਨਾਲ, ਉੱਤਰੀ ਹੱਦ-ਜ਼ਿਲ੍ਹਾ ਹੁਸ਼ਿਆਰਪੁਰ ਨਾਲ, ਦੱਖਣ ਵਿੱਚ ਲੁਧਿਆਣਾ ਅਤੇ ਉੱਤਰ-ਪੱਛਮੀ ਹੱਦ ਕਪੂਰਥਲਾ ਨਾਲ ਲੱਗਦੀ ਹੈ।

2011 ਦੇ ਜਨਸੰਖਿਆ ਸਰਵੇਖਣ ਦੇ ਆਧਾਰ 'ਤੇ, ਇਸ ਜ਼ਿਲ੍ਹੇ ਦੀ ਵੱਸੋਂ 6,12,310 ਹੈ। ਇਥੋਂ ਦੀ ਵੱਸੋਂ ਘਣਤਾ 478 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 954 ਹੈ ਅਤੇ ਇੱਥੋਂ ਦੇ 79.78% ਲੋਕ ਸਾਖਰ ਹਨ।

ਪ੍ਰਸ਼ਾਸਨਿਕ ਵੰਡ: ਪ੍ਰਸ਼ਾਸਨ ਦੇ ਅਧਾਰ 'ਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ 3 ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ: 1) ਨਵਾਂ ਸ਼ਹਿਰ 2) ਬਲਾਚੌਰ 3) ਬੰਗਾ

Scanned with CamScanner

ਨਵਾਂ ਸ਼ਹਿਰ: ਇਸ ਸ਼ਹਿਰ ਨੂੰ ਅਫ਼ਗਾਨੀ ਸੈਨਿਕ ਨੌਸ਼ਰ ਖਾਨ ਨੇ ਬਣਵਾਇਆ ਸੀ। ਪਹਿਲਾਂ ਇਸ ਨੂੰ ਨੌਸਰ ਕਿਹਾ ਜਾਂਦਾ ਸੀ ਪਰ ਸਮਾਂ ਬੀਤਣ ਮਗਰੋਂ ਇਸ ਦਾ ਨਾਮ ਨਵਾਂਸ਼ਹਿਰ ਪੈ ਗਿਆ। ਇਸ ਥਾਂ 'ਤੇ ਪਹਿਲਾਂ ਘੋਤੇਵਾਹਾ ਰਾਜਪੂਤਾਂ ਦਾ ਕਬਜ਼ਾ ਸੀ।

ਬਲਾਚੌਰ: ਕਿਹਾ ਜਾਂਦਾ ਹੈ ਕਿ ਇਸ ਸ਼ਹਿਰ ਵਿੱਚ ਪਹਿਲਾਂ ਮਾਹਟਨ ਰਾਜਪੂਤਾਂ ਦਾ ਰਾਜ ਸੀ। ਇੱਥੇ ਬਾਬਾ ਬਲਰਾਜ ਜੀ ਨਾਮ ਦੇ ਸੰਤ ਸਨ, ਜਿੰਨ੍ਹਾਂ ਦੇ ਨਾਮ 'ਤੇ ਇੱਕ ਸਮਾਧ ਵੀ ਹੈ। ਲੋਕਾਂ ਵਿੱਚ ਇਸ ਸਮਾਧ ਦੀ ਬਹੁਤ ਮਾਨਤਾ ਹੈ। ਹਰ ਸਾਲ ਦਿਵਾਲੀ ਤੋਂ ਅਗਲੇ ਦਿਨ ਇੱਥੇ ਬਹੁਤ ਵੱਡਾ ਮੇਲਾ ਲੱਗਦਾ ਹੈ ਅਤੇ ਮੱਲ-ਅਖਾੜੇ ਲੱਗਦੇ ਹਨ।

ਹੋਰ ਮਹੱਤਵਪੂਰਨ ਥਾਵਾਂ:

ਖਟਕੜ ਕਲਾਂ: ਇਹ ਸ਼ਹਿਰ, ਸ਼ਹਿਰ ਬੰਗਾ ਤੋਂ ਬਾਹਰ ਨਿਕਲਦੇ ਸਾਰ ਹੀ ਹੈ। ਇਹ ਸ਼ਹੀਦ ਭਗਤ ਸਿੰਘ ਦਾ ਜੱਦੀ ਪਿੰਡ ਹੈ। ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਹੀ ਇਸ ਜ਼ਿਲ੍ਹੇ ਦਾ ਨਾਮ ਰੱਖਿਆ ਗਿਆ ਹੈ ਸ਼ਹੀਦ ਭਗਤ ਸਿੰਘ ਦੀ 50ਵੀਂ ਸ਼ਹੀਦੀ ਵਰੇਗੰਢ ਮੌਕੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਜਾਇਬ ਘਰ ਦਾ ਉਦਘਾਟਨ ਕੀਤਾ ਗਿਆ।

ਸਾਰਣੀ 9.22

ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ)

ਹੋਂਦ ਵਿੱਚ ਆਇਆ	1995
ਭਾਗ	ਰੋਪੜ ਡਿਵੀਜ਼ਨ
ਗੁਆਂਢੀ ਜ਼ਿਲ੍ਹੇ	ਹੁਸ਼ਿਆਰਪੁਰ, ਜਲੰਧਰ, ਲੁਧਿਆਣਾ ਅਤੇ ਰੋਪੜ
ਬਦਲਿਆ ਨਾਂ	27/9/2008 ਨੂੰ ਬਦਲ ਕੇ ਸ਼ਹੀਦ ਭਗਤ ਸਿੰਘ ਨਗਰ ਰੱਖਿਆ
ਤਹਿਸੀਲਾਂ	ਨਵਾਂ ਸ਼ਹਿਰ, ਬਲਾਚੌਰ ਅਤੇ ਬੰਗਾ
ਨਵਾਂ ਸ਼ਹਿਰ ਦੇ ਬਾਨੀ	ਨੌਸ਼ਰ ਖਾਨ
ਦੇਖਣ ਯੋਗ ਸਥਾਨ	ਭਗਤ ਸਿੰਘ ਅਜਾਇਬ-ਘਰ, ਗੁਰਦੁਆਰਾ ਟਾਹਲੀ ਸਾਹਿਬ, ਗੁਰਦੁਆਰਾ ਚਰਨ ਕੌਵਲ
ਪ੍ਰਸਿੱਧ ਸਖ਼ਸ਼ੀਅਤਾਂ	ਸ਼ਹੀਦ ਭਗਤ ਸਿੰਘ (ਖਟਕੜ ਕਲਾਂ), ਯਸ਼ ਚੋਪੜਾ, ਅਮਰੀਸ਼ ਪੁਰੀ
ਦਰਜਾਬੰਦੀ	ਦਸ਼ਕ ਵਿਕਾਸ ਦੇ ਸੰਦਰਭ ਵਿੱਚ ਨਿਊਨਤਮ ਲਿੰਗ ਅਨੁਪਾਤ ਅਨੁਸਾਰ ਦੂਜਾ ਅਧਿਕਤਮ ਬਾਲ ਅਨੁਪਾਤ ਅਨੁਸਾਰ ਪਹਿਲਾ ਅਧਿਕਤਮ

ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)

ਸਥਾਪਨਾ: ਜ਼ਿਲ੍ਹਾ-ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਮੋਹਾਲੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਰੋਪੜ ਅਤੇ ਪਟਿਆਲਾ ਜ਼ਿਲ੍ਹਿਆਂ ਵਿੱਚੋਂ ਕੱਟ ਕੇ 14 ਅਪ੍ਰੈਲ, 2006 ਨੂੰ ਇਹ ਪੰਜਾਬ ਦਾ 18ਵਾਂ ਜ਼ਿਲ੍ਹਾ ਬਣਿਆ। ਇਸ ਜ਼ਿਲ੍ਹੇ ਦਾ ਨਾਮ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ, ਸਾਹਿਬਜ਼ਾਦਾ ਅਜੀਤ ਸਿੰਘ ਦੇ ਨਾਮ 'ਤੇ ਰੱਖਿਆ ਗਿਆ ਸੀ।

ਭੂਗੋਲਿਕ ਸਥਿਤੀ: ਇਹ ਪੰਜਾਬ ਰਾਜ ਦੇ ਉੱਤਰ-ਪੂਰਬ ਭਾਗ ਵਿੱਚ ਸਥਿਤ ਹੈ। ਇਹ ਡਿਵੀਜ਼ਨ - ਰੂਪਨਗਰ ਦਾ ਹਿੱਸਾ ਹੈ। ਇਹ ਚੰਡੀਗੜ੍ਹ ਦੇ ਦੱਖਣ ਵਿੱਚ ਸਥਿਤ ਹੈ। ਇਹ ਲਗਭਗ ਚੰਡੀਗੜ੍ਹ ਦਾ ਗੁਆਂਢੀ ਜ਼ਿਲ੍ਹਾ ਹੈ। ਇਸ ਦੇ ਉੱਤਰ ਵਿੱਚ ਜ਼ਿਲ੍ਹਾ ਰੂਪਨਗਰ ਹੈ, ਦੱਖਣ ਵਿੱਚ ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਜ਼ਿਲ੍ਹੇ ਹਨ।

Scanned with CamScanner

2011 ਦੇ ਜਨਸੰਖਿਆ ਸਰਵੇਖਣ ਦੇ ਆਧਾਰ 'ਤੇ, ਇਸ ਜ਼ਿਲ੍ਹੇ ਦੀ ਵੱਸੋਂ 9,94,628 ਹੈ। ਇਥੇ ਦੀ ਜਨਸੰਖਿਆ ਘਣਤਾ 837 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 879 ਹੈ ਅਤੇ ਇੱਥੋਂ ਦੇ 83.80% ਲੋਕ ਸਾਖ਼ਰ ਹਨ। 2001-2011 ਵਿੱਚ ਮੋਹਾਲੀ ਨੇ ਇੱਕ ਦਹਾਕੇ ਦੀ ਸਭ ਤੋਂ ਵੱਧ ਉੱਨਤੀ ਕਰਕੇ ਰਿਕਾਰਡ ਬਣਾਇਆ।

ਪ੍ਰਸ਼ਾਸਕੀ ਵੰਡ: ਪ੍ਰਸ਼ਾਸਨ ਦੇ ਅਧਾਰ 'ਤੇ ਇਸ ਜ਼ਿਲ੍ਹੇ ਨੂੰ 3 ਤਹਿਸੀਲਾਂ ਵਿੱਚ ਵੰਡਿਆ ਹੋਇਆ ਹੈ: 1) ਖਰੜ 2) ਐਸ.ਏ.ਐਸ. ਨਗਰ (ਮੋਹਾਲੀ) 3) ਡੇਰਾ ਬੱਸੀ।

- ਇਸ ਜ਼ਿਲ੍ਹੇ ਦੇ ਮਹੱਤਵਪੂਰਨ ਸ਼ਹਿਰ ਹਨ ਖਰੜ, ਕੁਰਾਲੀ, ਮੋਹਾਲੀ, ਬਨੂੜ, ਜ਼ੀਰਕਪੁਰ ਅਤੇ ਡੇਰਾ ਬੱਸੀ।
- ਅੰਤਰ ਰਾਸ਼ਟਰੀ ਪੱਧਰ ਦਾ ਕ੍ਰਿਕੇਟ ਸਟੇਡੀਅਮ (ਪੀ.ਸੀ.ਏ.) ਵੀ ਇਥੇ ਹੀ ਸਥਿਤ ਹੈ।
- ਨਾਈਪਰ (ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟਿਕਲ ਐਡੂਕੇਸ਼ਨ ਅਤੇ ਰਿਸਰਚ) ਮੋਹਾਲੀ ਵਿਖੇ ਹੀ ਹੈ।
- ਕੁਆਰਕ ਸਿਟੀ, ਮੋਹਾਲੀ ਵਿਖੇ ਹੀ 51 ਏਕੜ ਖੇਤਰ ਵਿੱਚ ਫੈਲਿਆ ਹੋਇਆ ਹੈ। ਇਸ ਵਿੱਚ ਇੱਕ ਵਿਸ਼ੇਸ਼ ਆਰਥਿਕ ਖੇਤਰ (ਐਸ ਈ ਜ਼ੈਡ) ਵੀ ਹੈ।
- ਜ਼ਿਲ੍ਹਾ ਮੋਹਾਲੀ, ਉੱਤਰ ਭਾਰਤ ਦੇ ਸੂਚਨਾ ਵਿਗਿਆਨ ਦੇ ਗੜ੍ਹ ਵੱਜੋਂ ਉੱਤਰ ਰਿਹਾ ਹੈ। ਕਈ ਵੱਡੀਆਂ ਕੰਪਨੀਆਂ ਜਿਵੇਂ ਕੁਆਰਕ, ਡੈੱਲ ਅਤੇ ਟੀ.ਸੀ.ਐਸ. ਇੱਥੇ ਸਥਾਪਿਤ ਹੋ ਚੁੱਕੀਆਂ ਹਨ।
- ਪੀ.ਟੀ.ਐਲ. (ਪੰਜਾਬ ਟਰੈਕਟਰ ਨਿਗਮ) ਭਾਰਤ ਦਾ ਪਹਿਲਾ ਸਵਦੇਸ਼ੀ ਟਰੈਕਟਰ-ਸਵਰਾਜ ਨਾਮ ਦੇ ਬਰਾਂਡ ਹੇਠ ਬਣਾਉਂਦਾ ਹੈ।
- ਆਈ.ਸੀ.ਆਈ. ਪੇਂਟ, ਗੋਦਰੇਜ, ਫਿਲਿਪਸ, ਐਸ.ਸੀ.ਐਲ. ਅਤੇ ਪਨਕੌਮ ਵੀ ਇੱਥੇ ਹੀ ਸਥਿਤ ਹਨ।
- ਰਨਬੈਕਸੀ ਪ੍ਰਯੋਗਸ਼ਾਲਾ ਦਾ ਉਤਪਾਦਨ ਪਲਾਂਟ ਵੀ ਮੋਹਾਲੀ ਵਿਖੇ ਹੀ ਹੈ।
- ਫੋਰਟਿਸ ਸਿਹਤ ਸੇਵਾਵਾਂ ਨਿਗਮ ਵੱਲੋਂ ਮੋਹਾਲੀ ਵਿਖੇ ਆਧੁਨਿਕ ਵਿਸ਼ੇਸ਼ ਹਸਪਤਾਲ ਸਥਾਪਿਤ ਕੀਤਾ ਗਿਆ ਹੈ।

ਸਾਰਣੀ 9.23 **ਸਾਹਿਬਜ਼ਾਦਾ ਅਜੀਤ ਸਿੰਘ ਨਗਰ**

ਹੋਂਦ ਵਿੱਚ ਆਇਆ	2006 (ਪੰਜਾਬ ਦਾ 18ਵਾਂ ਜ਼ਿਲ੍ਹਾ)
ਭਾਗ	ਰੂਪਨਗਰ ਡਵੀਜ਼ਨ
ਗੁਆਂਢੀ ਜ਼ਿਲ੍ਹੇ	ਪਟਿਆਲਾ, ਫਤਿਹਗੜ੍ਹ ਸਾਹਿਬ ਅਤੇ ਰੋਪੜ
ਤਹਿਸੀਲਾਂ	ਖਰੜ, ਸ਼ਹੀਦ ਭਗਤ ਸਿੰਘ ਨਗਰ, ਡੇਰਾ ਬੱਸੀ
ਦਫ਼ਤਰੀ ਨਾਮ	ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਉਦਯੋਗ ਅਤੇ ਆਈ.ਟੀ ਹੱਬ	ਕੁਆਰਕ ਸਿਟੀ, ਰਨਬੈਕਸੀ, ਪੀ.ਟੀ.ਐਲ, ਫਿਲਿਪਸ, ਗੋਦਰੇਜ, ਡੈਲ, ਟੀ.ਸੀ.ਐਸ ਆਦਿ।
ਦੇਖਣਯੋਗ ਸਥਾਨ	ਬਾਬਾ ਬੰਦਾ ਸਿੰਘ ਬਹਾਦਰ ਜੰਗੀ ਯਾਦਗਾਰ (ਫਤਿਹ ਬੁਰਜ)
ਯੂਨੀਵਰਸਿਟੀਆਂ	ਚੰਡੀਗੜ੍ਹ ਯੂਨੀਵਰਸਿਟੀ (ਘੜੂੰਆਂ), ਰਿਆਤ ਬਾਹਰਾ ਯੂਨੀਵਰਸਿਟੀ (ਖਰੜ)
ਦਰਜਾਬੰਦੀ	ਸਾਖਰਤਾ ਅਨੁਸਾਰ ਦੂਜਾ ਅਧਿਕਤਮ ਜ਼ਿਲ੍ਹਾ ਦਸ਼ਕ ਵਿਕਾਸ - ਅਧਿਕਤਮ ਵਸੋਂ ਘਣਤਾ - ਤੀਜਾ ਅਧਿਕਤਮ ਜ਼ਿਲ੍ਹਾ ਖੇਤਰਫ਼ਲ - ਸਭ ਤੋਂ ਘੱਟ

Scanned with CamScanner

ਪਾਠ 10

ਜਨਸੰਖਿਆ

10.1 ਵਸੋਂ ਗਣਨਾ ਕੀ ਹੈ?

ਵੱਸੋਂ ਗਣਨਾ ਇੱਕ ਖਾਸ ਸਮੇਂ 'ਤੇ ਕਿਸੇ ਦੇਸ਼ ਜਾਂ ਸੀਮਾਬੰਦ ਇਲਾਕੇ ਵਿੱਚ ਰਹਿ ਰਹੇ ਲੋਕਾਂ ਸਬੰਧੀ ਜਾਣਕਾਰੀ ਇਕੱਠੀ ਕਰਨੀ, ਜਮ੍ਹਾਂ ਕਰਨੀ, ਜਾਂਚ-ਪੜਤਾਲ ਕਰਨੀ ਅਤੇ ਜਨਸੰਖਿਆ ਸਬੰਧੀ, ਆਰਥਿਕ ਅਤੇ ਸਮਾਜਿਕ ਅੰਕੜੇ ਪ੍ਰਕਾਸ਼ਿਤ ਕਰਨ ਜਾਂ ਵਿਤਰਿਤ ਕਰਨ ਦੀ ਕੁੱਲ ਪ੍ਰਕਿਰਿਆਂ ਨੂੰ ਆਖਦੇ ਹਨ।

10.2 ਵੱਸੋਂ ਗਣਨਾ ਦਾ ਇਤਿਹਾਸ:

ਭਾਰਤੀ ਇਤਿਹਾਸ ਵਿੱਚ ਗਣਨਾ ਦੇ ਵੇਰਵੇ ਮੌਰੀਆ ਕਾਲ ਵਿੱਚ (321-296 ਬੀ.ਸੀ) ਕੌਟਿਲਿਆ ਦੇ ਅਰਥ ਸ਼ਾਸ਼ਤਰ ਅਤੇ ਬਾਅਦ ਵਿੱਚ ਮੁਗਲ ਕਾਲ ਦੌਰਾਨ (1595-96) ਅਬੁੱਲ ਫ਼ਜਲ ਦੀ ਐਨ-ਏ-ਅਕਬਰੀ ਦੀਆਂ ਲਿਖਤਾਂ ਵਿੱਚ ਮਿਲਦੇ ਹਨ।

ਇਹ ਕ੍ਰਮਬੱਧ ਅਤੇ ਅਜੋਕੀ ਜਨ ਗਣਨਾ ਆਪਦੇ ਮੌਜੂਦਾ ਵਿਗਿਆਨਿਕ ਰੂਪ ਵਿੱਚ 1865 ਈ: ਅਤੇ 1872 ਈ: ਦੇ ਕਾਲ ਦੌਰਾਨ, ਗੈਰ-ਇਕਸਾਰ ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਕਰਵਾਈ ਗਈ। 1872 ਵਿੱਚ ਕਰਵਾਈ ਗਈ ਗਨਣਾ ਭਾਰਤ ਦੀ ਪਹਿਲੀ ਕ੍ਰਮਬੱਧ (ਗੈਰ-ਇਕਸਾਰ) ਗਨਣਾ ਸੀ।ਪਰ ਪਹਿਲੀ ਇਕਸਾਰ ਗਨਣਾ ਭਾਰਤ ਵਿੱਚ 1881 ਈ: ਵਿੱਚ ਕਰਵਾਈ ਗਈ। ਅਜ਼ਾਦ ਭਾਰਤ ਵਿੱਚ ਸਭ ਤੋਂ ਪਹਿਲੀ ਵਸੋਂ ਗਣਨਾ, 1951 ਈ: ਵਿੱਚ ਹੋਈ।ਉਸ ਸਮੇਂ ਤੋਂ ਹੁਣ ਤੱਕ, ਲਗਾਤਾਰ ਚੱਲ ਰਹੀ ਇਸ ਕੜੀ ਨੇ ਭਾਰਤੀ ਵੱਸੋਂ ਗਣਨਾ ਨੂੰ ਇੱਕ ਵਿਲੱਖਣ ਪਛਾਣ ਦਿੱਤੀ।2011 ਵਿੱਚ ਹੋਈ ਜਨਗਣਨਾ, 1872 ਤੋਂ ਚੱਲ ਰਹੀ ਲਗਾਤਾਰ ਕੜੀ ਦੀ 15ਵੀਂ ਅਤੇ ਅਜ਼ਾਦੀ ਮਗਰੋਂ ਹੋਈ ਸੱਤਵੀ (7ਵੀਂ) ਜਨਗਣਨਾ ਹੈ।

ਸਾਰਣੀ 10.1 ਗਣਨਾ ਦਾ ਇਤਿਹਾਸ

ਰਿਗਵੇਦ	800-600 ਬੀ.ਸੀ
ਅਰਥਸ਼ਾਸਤਰ	321-296 ਬੀ.ਸੀ
ਏਨ-ਏ-ਅਕਬਰੀ	1595-96
ਸਮੁੱਚੇ ਭਾਰਤ ਵਿੱਚ ਕੀਤੀ ਪਹਿਲੀ ਕ੍ਰਮਬੱਧ ਗਣਨਾ (ਗੈਰ-ਇਕਸਾਰ)	1872
ਪਹਿਲੀ ਸਮਕਾਲੀਨ (ਇਕਸਾਰ) ਗਣਨਾ	1881
ਆਜ਼ਾਦ ਭਾਰਤ ਦੀ ਪਹਿਲੀ ਗਣਨਾ	1951
ਗਣਨਾ - 2011	1872 ਤੋਂ ਪੰਦਰਵੀ ਅਤੇ ਅਜ਼ਾਦੀ ਉਤਰੰਤ ਸੱਤਵੀ

Scanned with CamScanner

ਭਾਰਤ ਵਿਚ ਸਨ ਗਣਨਾ ਸਿਰ ਕੇਂਦਰੀ ਵਿਸ਼ਾ ਹੈ ਅਤੇ ਗਣਨਾ ਕਾਨੂੰਨ-1948, ਅਜਿਹਾ ਭਾਰਤ ਵਿਚ ਗਣਨਾ ਕਰਾਉਣ ਦਾ ਕਾਨੂੰਨੀ ਆਧਾਰ ਹੈ। ਜਥਿਸਟਰਾਰ ਜਨਰਲ ਦਾ ਦਫ਼ਤਰ ਅਤੇ ਗਣਨਾ ਕਮਿਸ਼ਨਰ ਨੇ ਕਿ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੇ ਅਧੀਨ ਆਉਂਦਾ ਹੈ, ਭਾਰਤ ਵਿਚ ਗਣਨਾ ਕਰਵਾਉਣ ਲਈ ਪ੍ਰਤੀਬੱਧ ਹੈ।

10.3 ਭਾਰਤ ਦੀ ਵਸੋਂ ਗਣਨਾ 2011 (ਮੰਤਿਮ ਜਨਸੰਖਿਆ):

2011 ਜਨਸੰਖਿਆ ਗਣਨਾ ਦੇ 35 ਰਾਜਾਂ ਅਤੇ ਕੇਂਦਰੀ ਸਾਸਤ ਪ੍ਰਦੇਸ਼ ਅਤੇ 640 ਜਿਲ੍ਹਿਆਂ ਵਿੱਚ ਹੋਈ। 2001 ਗਣਨਾ ਮੁਕਾਬਲੇ 47 ਨਵੇਂ ਜਿਲ੍ਹੇ ਦਾ ਵਾਧਾ ਹੋਇਆ। ਭਾਰਤ ਦੀ ਕੁਲ ਜਨ ਸੰਖਿਆ, ਮਾਰਚ 2011 ਨੂੰ 0:00 ਘੰਟੇ ਅਨੁਸਾਰ 1,21,05,69,573 ਹੈ। ਜਿਸ ਦੇ ਮੁਕਾਬਲੇ 2001 ਵਿੱਚ ਹੋਈ ਗਣਨਾ ਅਨੁਸਾਰ ਕੁਲ ਜਨ ਸੰਖਿਆ 1,028,610,328 ਸੀ।

ਭਾਰਤ ਅਤੇ ਵਿਸ਼ਵ ਜਨਸੰਖਿਆ: 2010 ਦੀ ਅਨੁਮਾਨਿਤ ਵਿਸ਼ਵ ਜਨ ਸੰਖਿਆ 6906.7 ਲੱਖ ਸੀ। ਭਾਰਤ ਵਿਚ ਵਿਸ਼ਵ ਜਨਸੰਖਿਆ ਦਾ 17.5% ਹਿੱਸਾ ਹੈ। ਸੰਸਾਰ ਵਿਸ਼ਵ ਦੇ ਹਰ ਛੇ ਵਿਅਕਤੀਆਂ ਵਿੱਚ ਇੱਕ ਵਿਅਕਤੀ ਭਾਰਤੀ ਹੈ।

ਸਾਰਣੀ No.5

ਚੋਟੀਂ ਦੇਸ਼ ਦੀ ਜਨਸੰਖਿਆ

ਦਰਜਾ	ਦੇਸ਼	ਜਨਸੰਖਿਆ (ਲੱਖਾਂ ਵਿੱਚ)
1	ਚੀਨ	1341.0
2	ਭਾਰਤ	1210.2
3	ਯੂ.ਐਸ.ਏ	308.7
4	ਇੰਡੋਨੇਸ਼ੀਆ	237.6
5	ਬ੍ਰਾਜ਼ੀਲ	190.7
6	ਪਾਕਿਸਤਾਨ	184.8
7	ਬੰਗਲਾ ਦੇਸ਼	164.4
8	ਨਾਈਜੀਰੀਆ	158.3
9	ਰੂਸ	140.4
10	ਜਾਪਾਨ	128.1

ਸ੍ਰੋਤ: ਭਾਰਤ ਦੀ ਜਨਗਣਨਾ, 2011

ਭਾਰਤ ਵਿੱਚ ਜਨਸੰਖਿਆ 'ਚ ਵਾਧਾ:

20ਵੀਂ ਸਦੀ ਦੇ ਕੋਰ ਵਿੱਚ ਭਾਰਤ ਦੀ ਜਨਸੰਖਿਆ 238.4 ਲੱਖ ਨੇੜੇ ਸੀ। 2011 ਵਿੱਚ ਇਹ ਗਿਣਤੀ 110 ਸਾਲਾਂ ਦੌਰਾਨ ਚਾਰ ਗੁਣਾ ਵੱਧ ਕੇ 1210 ਲੱਖ ਹੋ ਗਈ। ਗਣਨਾ ਸਾਲਾਂ ਵਿੱਚ ਦਸਕ ਵਾਧਾ ਹੇਠ ਲਿਖੇ ਅਨੁਸਾਰ ਹੈ:

- 2001-2011 ਪਹਿਲਾ ਦਹਾਕਾ ਹੈ ਜਿਸ ਦੌਰਾਨ (1911-1921 ਨੂੰ ਛੱਡ ਕੇ) ਅਸਲ ਵਿੱਚ ਜਨਸੰਖਿਆ ਵਾਧਾ ਪਿਛਲੇ ਸਾਰੇ ਦਹਾਕਿਆਂ ਨਾਲੋਂ ਘੱਟ ਹੋਇਆ।
- ਇਹ ਮਹੱਤਵਪੂਰਨ ਹੈ ਕਿ ਪ੍ਰਤੀਸ਼ਤ ਦਸਕ ਵਾਧਾ 2001-2011 ਦੌਰਾਨ ਆਜ਼ਾਦੀ ਮਗਰੋਂ ਸਭ ਤੋਂ ਘੱਟ ਸੀ। 1981-91 ਦੌਰਾਨ ਇਹ 23.87% ਸੀ ਜੋ 1991-2001 ਦੌਰਾਨ ਘੱਟ ਕੇ 21.54% ਰਹਿ ਗਿਆ। ਇਸ ਸਮੇਂ ਦੌਰਾਨ 2.33% ਦੀ

Scanned with CamScanner

ਕਮੀ ਹੋਈ।2001-2011 ਵਿੱਚ ਇਹ ਦਸ਼ਕ ਵਾਧਾ 17.70% ਹੋ ਗਿਆ ਜੋ ਕਿ ਪਿਛਲੇ ਨਾਲੋ 3.94% ਅੰਕ ਘੱਟ ਸੀ।

- ਪੂਰਨ ਰੂਪ ਵਿੱਚ 2001-2011 ਦੇ ਦਹਾਕੇ ਦੌਰਾਨ ਜਨਸੰਖਿਆ 182 ਲੱਖ ਤੋਂ ਵੀ ਵੱਧ ਦੇ ਅੰਤਰਾਲ ਨਾਲ ਵਧੀ ਹੈ।ਭਾਰਤ ਵਿੱਚ ਜਨਸੰਖਿਆ ਵਾਧਾ ਦਰ ਪਿਛਲੇ ਦਹਾਕੇ 17.7% ਸੀ।(ਪੇਂਡੂ-1.3% ਅਤੇ ਸ਼ਹਿਰੀ-31.8%) 2001-2011 ਵਿੱਚ ਪੇਂਡੂ ਜਨਸੰਖਿਆ ਵਿੱਚ ਸਭ ਤੋਂ ਵੱਧ ਦਾ ਦਸ਼ਕ ਵਾਧਾ ਮੇਘਾਲਿਆ ਵਿੱਚ ਅੰਕਿਤ ਹੋਇਆ ਪਰ ਸ਼ਹਿਰੀ ਜਨ ਸੰਖਿਆ ਵਿੱਚ ਦਸ਼ਕ ਵਾਧਾ ਦਮਨ ਅਤੇ ਦਿਉ ਵਿੱਚ ਦਰਜ ਹੋਇਆ।

ਸਾਲ ਦੇ ਸਾਲ	ਦਸ਼ਕ ਵਾਧਾ (%)
1901	-
1911	5.75%
1921	-0.31%
1931	11.00%
1941	14.22%
1951	13.31%
1961	21.64%
1971	24.80%
1981	24.66%
1991	23.87%
2001	21.54%
2011	17.70%

ਸਾਰਣੀ 10.4

ਭਾਰਤੀ ਅੰਕੜੇ

ਕੁੱਲ ਜਨਸੰਖਿਆ	121.06 ਕਰੋੜ
ਪੁਰਸ਼	62.33 ਕਰੋੜ
ਮਹਿਲਾ	58.76 ਕਰੋੜ
ਪੇਂਡੂ (ਕੁੱਲ ਵੱਸੋਂ ਦਾ 68.8%)	83.37 ਕਰੋੜ
ਸ਼ਹਿਰੀ (ਕੁੱਲ ਵੱਸੋਂ ਦਾ 31.2%)	37.71 ਕਰੋੜ
ਵੱਸੋਂ ਵਿੱਚ ਦਸ਼ਕ ਵਾਧਾ	17.7%
ਵੱਸੋਂ ਘਣਤਾ (ਵਿਅਕਤੀ ਪ੍ਰਤੀ ਵਰਗ ਕਿਲੋਮੀਟਰ)	382
ਲਿੰਗ ਅਨੁਪਾਤ (1000 ਪੁਰਸ਼ ਪਿੱਛੇ ਇਸਤਰੀਆਂ)	943
ਲਿੰਗ ਅਨੁਪਾਤ (ਪੇਂਡੂ)	949
ਲਿੰਗ ਅਨੁਪਾਤ (ਸ਼ਹਿਰੀ)	929
ਬਾਲ ਲਿੰਗ ਅਨੁਪਾਤ (0-6 ਸਾਲ) ਦੀ ਅਵਧੀ (ਔਰਤਾ 1000 ਪੁਰਸ਼ ਪਿੱਛੇ)	918
ਸਾਖ਼ਰਤਾ (ਕੁੱਲ ਵਿਅਕਤੀ) (ਪ੍ਰਤੀਸ਼ਤ)	73.0
ਮਰਦਾਂ ਦੀ ਸਾਖ਼ਰਤਾ (ਪ੍ਰਤੀਸ਼ਤ)	80.9
ਔਰਤਾਂ ਦੀ ਸਾਖ਼ਰਤਾ (ਪ੍ਰਤੀਸ਼ਤ)	64.6
ਸ਼ਹਿਰੀ ਸਾਖ਼ਰਤਾ (ਪ੍ਰਤੀਸ਼ਤ)	84.1
ਪੇਂਡੂ ਸਾਖ਼ਰਤਾ (ਪ੍ਰਤੀਸ਼ਤ)	67.8

ਸ੍ਰੋਤ: ਭਾਰਤ ਦੀ ਜਨਗਣਨਾ, 2011

ਰਾਜ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਦੀ ਜਨਸੰਖਿਆ:

ਉੱਤਰ ਪ੍ਰਦੇਸ਼ ਭਾਰਤ ਦਾ ਸਭ ਤੋਂ ਵੱਧ ਵੱਸੋਂ ਵਾਲਾ ਸ਼ਹਿਰ ਹੈ। ਜਿੱਥੋਂ ਦੀ ਜਨਸੰਖਿਆ ਲੱਗਭਗ 200 ਲੱਖ ਹੈ ਅਤੇ ਇਹ ਬ੍ਰਾਜ਼ੀਲ ਦੀ ਵੱਸੋਂ (ਜੋ ਕਿ ਵਸੋਂ ਅਨੁਸਾਰ ਵਿਸ਼ਵ ਦਾ ਪੰਜਵਾਂ ਸਭ ਤੋਂ ਵੱਧ ਵਸੋਂ ਵਾਲਾ ਦੇਸ਼ ਹੈ) ਨਾਲੋਂ ਵੀ ਵੱਧ ਹੈ।

2001 ਦੇ ਅੰਕੜਿਆਂ ਦੇ ਮੁਕਾਬਲੇ, 2011 ਦੇ ਜਨਸੰਖਿਆ ਅੰਕੜਿਆਂ ਅਨੁਸਾਰ ਸੂਚੀ ਵਿੱਚ ਪਹਿਲੇ ਪੰਜ ਸਭ ਤੋਂ ਵੱਧ

Scanned with CamScanner

ਵਸੋਂ ਵਾਲੇ ਰਾਜ ਹਨ, ਉੱਤਰ ਪ੍ਰਦੇਸ਼ (199.81 ਲੱਖ), ਮਹਾਂਰਾਸ਼ਟਰ (112.37 ਲੱਖ), ਬਿਹਾਰ (104.09 ਲੱਖ), ਪਛਮੀ ਬੰਗਾਲ (91.27 ਲੱਖ) ਅਤੇ ਆਂਧਰਾ ਪ੍ਰਦੇਸ਼ (84.54 ਲੱਖ) ਹੈ। 2011 ਵਿੱਚ ਮੱਧ ਪ੍ਰਦੇਸ਼ (72.63 ਲੱਖ) ਸੂਚੀ ਵਿਚ ਤਾਮਿਲਨਾਡੂ (72.15 ਲੱਖ) ਨੂੰ ਖਦੇੜਦਾ ਹੋਇਆ ਛੇਵੇਂ ਸਥਾਨ 'ਤੇ ਆ ਗਿਆ ਅਤੇ ਤਾਮਿਲਨਾਡੂ ਸੱਤਵੇਂ ਸਥਾਨ 'ਤੇ ਹੈ। ਹਰ ਦਸ ਭਾਰਤੀਆਂ ਵਿੱਚੋਂ ਛੇ ਤੋਂ ਕੁੱਝ ਵੱਧ ਇਹਨਾਂ ਸੱਤਾਂ ਰਾਜਾਂ ਵਿੱਚ ਹੀ ਰਹਿੰਦੇ ਹਨ।

ਸਾਰਣੀ 10.5 ਭਾਰਤ ਦੇ ਅਧਿਕਤਮ / ਨਿਊਨਤਮ ਰਾਜ ਅਤੇ ਕੇਂਦਰੀ ਸ਼ਾਸ਼ਤ ਪ੍ਰਦੇਸ਼

ਵੱਸੋਂ (ਅਧਿਕਤਮ)	1st ਉੱਤਰ ਪ੍ਰਦੇਸ਼ (19.98 ਕਰੋੜ) 2nd ਮਹਾਂਰਾਸ਼ਟਰ (11.24 ਕਰੋੜ) 3rd ਬਿਹਾਰ (10.4 ਕਰੋੜ)
ਵੱਸੋਂ (ਨਿਊਨਤਮ)	ਲਕਸ਼ਦੀਪ (64473)
ਲਿੰਗ ਅਨੁਪਾਤ (ਅਧਿਕਤਮ)	ਕੇਰਲਾ (1084)
ਲਿੰਗ ਅਨੁਪਾਤ (ਨਿਊਨਤਮ)	ਦਮਨ ਅਤੇ ਦਿਉ (618)
ਬਾਲਕ ਲਿੰਗ ਅਨੁਪਾਤ (ਅਧਿਕਤਮ)	ਮਿਜ਼ੋਰਮ (970)
ਬਾਲਕ ਲਿੰਗ ਅਨੁਪਾਤ (ਨਿਊਨਤਮ)	ਹਰਿਆਣਾ (834)
ਦਸ਼ਕ ਵਿੱਚ ਵੱਸੋਂ ਦੀ ਵਾਧਾ ਦਰ (ਅਧਿਕਤਮ)	ਦਾਦਰ ਅਤੇ ਨਗਰ ਹਵੇਲੀ
ਦਸ਼ਕ ਵਿਚ ਵੱਸੋਂ ਦੀ ਵਾਧ ਦਰ (ਨਿਊਨਤਮ)	ਨਾਗਾਲੈਂਡ (-0.6%)
ਸਾਖ਼ਰਤਾ ਦਰ (ਅਧਿਕਤਮ)	ਕੇਰਲਾ (94%)
ਸਾਖ਼ਰਤਾ ਦਰ (ਨਿਊਨਤਮ)	ਬਿਹਾਰ (61.8%)
ਸਾਖ਼ਰਤਾ ਦਰ (ਅਧਿਕਤਮ) (ਮਰਦ)	ਕੇਰਲਾ (96.1%)
ਸਾਖ਼ਰਤਾ ਦਰ (ਨਿਊਨਤਮ) (ਮਰਦ)	ਬਿਹਾਰ (71.2%)
ਸਾਖ਼ਰਤਾ ਦਰ (ਅਧਿਕਤਮ) (ਇਸਤਰੀ)	ਕੇਰਲਾ (92.1%)
ਸਾਖ਼ਰਤਾ ਦਰ (ਨਿਊਨਤਮ) (ਇਸਤਰੀ)	ਬਿਹਾਰ (51.5%)
ਵੱਸੋਂ ਦੀ ਘਣਤਾ (ਅਧਿਕਤਮ)	ਦਿੱਲੀ (11320 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ)
ਵੱਸੋਂ ਦੀ ਘਣਤਾ (ਨਿਊਨਤਮ)	ਅਰੁਨਾਚਲ ਪ੍ਰਦੇਸ਼ (17 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ)

ਸ੍ਰੋਤ: ਭਾਰਤ ਦੀ ਜਨਗਣਨਾ, 2011

- ਦੇਸ਼ ਦੀ ਕੁੱਲ ਪੇਂਡੂ ਜਨਸੰਖਿਆ ਦਾ ਸਭ ਤੋਂ ਵੱਡਾ ਹਿੱਸਾ ਉਤਰ ਪ੍ਰਦੇਸ਼ ਵਿੱਚ ਹੈ।
- ਦੇਸ਼ ਦੀ ਕੁੱਲ ਸ਼ਹਿਰੀ ਜਨਸੰਖਿਆ ਦਾ ਸਭ ਤੋਂ ਵੱਡ ਹਿੱਸਾ ਮਹਾਂਰਾਸ਼ਟਰ ਵਿੱਚ ਹੈ।
- ਪੇਂਡੂ ਜਨਸੰਖਿਆ ਵਿੱਚ ਸਭ ਤੋਂ ਵੱਧ ਦਸ਼ਕ ਵਾਧਾ ਦਰ ਮੇਘਾਲਿਆ ਵਿੱਚ ਅਤੇ ਸ਼ਹਿਰੀ ਜਨਸੰਖਿਆ ਦੀ ਸਭ ਤੋਂ ਵੱਧ ਦਸ਼ਕ ਵਾਧਾ ਦਰ ਦਮਨ-ਦਿਓ ਵਿੱਚ ਅੰਕਿਤ ਕੀਤੀ ਗਈ।
- ਪ੍ਰਾਂਤਾ ਅਤੇ ਕੇਂਦਰ ਸ਼ਾਸਤ ਪ੍ਰੇਦੇਸ਼ਾਂ ਵਿੱਚ ਜਨਸੰਖਿਆ ਘਣਤਾ ਸਭ ਤੋਂ ਵੱਧ ਦਿੱਲੀ ਵਿੱਚ ਪਾਈ ਗਈ। ਦੂਜੇ ਸਥਾਨ ਤੇ ਚੰਡੀਗੜ੍ਹ ਰਿਹਾ। ਪ੍ਰਾਂਤਾਂ ਵਿੱਚ ਸਭ ਤੋਂ ਵੱਧ ਘਣਤਾ ਬਿਹਾਰ ਵਿੱਚ ਪਾਈ ਗਈ ਜਿਸ ਦੀ ਘਣਤਾ 1106 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ।

Scanned with CamScanner

- ਦੂਜੇ ਸਥਾਨ ਤੇ ਚੰਡੀਗੜ੍ਹ ਰਿਹਾ। ਪ੍ਰਾਂਤਾਂ ਵਿੱਚ ਸਭ ਤੋਂ ਵੱਧ ਘਣਤਾ ਬਿਹਾਰ ਵਿਚ ਪਾਈ ਗਈ ਜਿਸ ਦੀ ਘਣਤਾ 1106 ਪ੍ਰਤੀ ਵਰਗ ਕਿਲੋਮੀਟਰ ਹੈ।
- ਰਾਜ ਦੀ ਕੁੱਲ ਜਨਸੰਖਿਆ ਵਿੱਚੋਂ ਸਭ ਤੋਂ ਵੱਧ ਪੇਂਡੂ ਸੰਖਿਆ ਹਿਮਾਚਲ ਪ੍ਰਦੇਸ਼ ਵਿਚ ਪਾਈ ਗਈ ਅਤੇ ਕੁਲ ਦੀ ਕੁੱਲ ਆਬਾਦੀ ਵਿੱਚ ਸਭ ਤੋਂ ਵੱਧ ਸ਼ਹਿਰੀ ਆਬਾਦੀ ਦਿੱਲੀ ਵਿੱਚ ਪਾਈ ਗਈ।
- ਕੁੱਲ ਜਨਸੰਖਿਆ, ਪੇਂਡੂ ਜਨਸੰਖਿਆ ਅਤੇ ਸ਼ਹਿਰੀ ਆਬਾਦੀ ਵਿੱਚੋਂ ਸਭ ਤੋਂ ਵੱਧ ਲਿੰਗ ਅਨੁਪਾਤ ਖੇਤਰਾਂ ਵਿੱਚ ਦਰਜ ਕੀਤਾ ਗਿਆ।
- ਚੰਡੀਗੜ੍ਹ ਦੇ ਪੇਂਡੂ ਖੇਤਰ ਵਿੱਚ ਸਭ ਤੋਂ ਘੱਟ ਲਿੰਗ ਅਨੁਪਾਤ ਅੰਕਿਤ ਕੀਤਾ ਗਿਆ ਅਤੇ ਦਮਨ ਦਿਊ ਦੇ ਸ਼ਹਿਰੀ ਖੇਤਰਾਂ ਦਾ ਸਭ ਤੋਂ ਘੱਟ ਲਿੰਗ ਅਨੁਪਾਤ ਹੈ।
- ਪੇਂਡੂ ਖੇਤਰਾਂ ਵਿੱਚ ਸਭ ਤੋਂ ਵੱਧ ਬਾਲਗ ਲਿੰਗ ਅਨੁਪਾਤ ਛੱਤੀਸਗੜ੍ਹ ਅਤੇ ਸਭ ਤੋਂ ਘੱਟ ਦਿੱਲੀ ਵਿੱਚ ਦਰਜ ਕੀਤਾ ਗਿਆ।
- ਸ਼ਹਿਰੀ ਖੇਤਰਾਂ ਵਿੱਚ ਸਭ ਤੋਂ ਵੱਧ ਬਾਲਗ ਲਿੰਗ ਅਨੁਪਾਤ ਹਰਿਆਣਾ ਅਤੇ ਸਭ ਤੋਂ ਵੱਧ ਪਾਂਡੀਚਰੀ ਵਿੱਚ ਪਾਇਆ ਗਿਆ।
- ਅਨੁਪਾਤ ਅਨੁਸਾਰ ਹਰੀਜਨ ਅਬਾਦੀ ਭਾਰਤ ਦੀ ਕੁੱਲ ਜਨਸੰਖਿਆ ਦਾ 16.6% ਹੈ।
- ਪੰਜਾਬ ਵਿੱਚ ਅਨੁਪਾਤ ਅਨੁਸਾਰ ਹਰੀਜਨ ਅਬਾਦੀ ਸਭ ਤੋਂ ਵੱਧ (31.9%) ਪਾਈ ਗਈ ਅਤੇ ਘੱਟ ਤੋਂ ਘੱਟ ਮਿਜ਼ੋਰਮ (0.1%) ਵਿੱਚ ਪਾਈ ਗਈ।
- ਉੱਤਰ ਪ੍ਰਦੇਸ਼ ਵਿੱਚ ਸਭ ਤੋਂ ਵੱਧ ਹਰੀਜਨ ਜਾਤੀਆਂ ਪਾਈਆਂ ਗਈਆਂ ਜੋ ਕਿ ਮਿਜ਼ੋਰਮ ਵਿੱਚ ਘੱਟੋ-ਘੱਟ ਸੀ।
- ਅਨੁਪਾਤ ਅਨੁਸਾਰ ਅਨੁਸੂਚਿਤ ਵਰਗ ਭਾਰਤ ਦੀ ਕੁੱਲ ਜਨਸੰਖਿਆ ਦਾ 8.6% ਹੈ।
- ਅਨੁਸੂਚਿਤ ਵਰਗ ਦਾ ਸਭ ਤੋਂ ਵੱਧ ਅਨੁਪਾਤ ਲਕਸ਼ਦੀਪ (94.87%) ਅਤੇ ਸਭ ਤੋਂ ਘੱਟ ਉਤਰ ਪ੍ਰਦੇਸ਼ (0.6% ਵਿੱਚ ਪਾਇਆ ਗਿਆ।
- ਸਭ ਤੋਂ ਵੱਧ ਅਨੁਸੂਚਿਤ ਵਰਗ ਮੱਧ-ਪ੍ਰਦੇਸ ਅਤੇ ਸਭ ਤੋਂ ਘੱਟ ਦਮਨ ਦਿਓ ਵਿੱਚ ਪਾਏ ਗਏ ਹਨ।

10.4 ਪੰਜਾਬ ਵਸੋਂ ਗਣਨਾ 2011 (ਅੰਤਿਮ ਜਨਸੰਖਿਆ):

- 2011 ਗਣਨਾ ਦੇ ਅੰਤਿਮ ਅੰਕੜਿਆਂ ਅਨੁਸਾਰ ਪੰਜਾਬ ਦੀ ਵਸੋਂ 1 ਮਾਰਚ, 2011 ਨੂੰ 0:00 ਘੰਟੇ 'ਤੇ 27,743,338 ਹੈ ਜੋ ਕਿ 2001 ਵਿੱਚ 24,358,999 ਸੀ। ਕੁੱਲ ਵਸੋਂ ਵਿੱਚ 14.64 ਲੱਖ ਮਰਦ ਅਤੇ 13.10 ਲੱਖ ਔਰਤਾਂ ਹਨ।
- ਪੰਜਾਬ ਇੱਕ ਛੋਟਾ ਪ੍ਰਾਂਤ ਹੈ। ਜਿਸ ਦਾ ਖੇਤਰਫ਼ਲ 50362 ਵਰਗ ਕਿਲੋਮੀਟਰ ਹੈ ਜੋ ਕਿ ਭਾਰਤ ਦੇ ਖੇਤਰਫ਼ਲ ਦਾ 1.56% ਹੈ। 2011 ਦੇ ਅੰਕੜਿਆ ਅਨੁਸਾਰ ਭਾਰਤ ਦੇ 2.29% ਲੋਕ ਪੰਜਾਬ ਵਿੱਚ ਰਹਿੰਦੇ ਹਨ।
- ਪੰਜਾਬ ਭਾਰਤ ਦਾ 15ਵਾਂ ਸਭ ਤੋਂ ਵੱਧ ਵਸੋਂ ਵਾਲਾ ਪ੍ਰਾਂਤ ਹੈ।
- ਪੰਜਾਬ (551) ਭਾਰਤ ਦੀ ਔਸਤ ਜਨਸੰਖਿਆ ਘਣਤਾ (382) ਤੋਂ ਵੱਧ ਘਣਤਾ ਵਾਲਾ ਪ੍ਰਾਂਤ ਹੈ।
- ਲੁਧਿਆਣਾ (978) ਪੰਜਾਬ ਦਾ ਸਭ ਤੋਂ ਵੱਧ ਵੱਸੋਂ ਘਣਤਾ ਵਾਲਾ ਜ਼ਿਲ੍ਹਾ ਹੈ।
- ਲੁਧਿਆਣਾ ਦੀ ਅਬਾਦੀ 34.99 ਲੱਖ ਹੈ। ਇਹ ਸਭ ਤੋਂ ਵੱਧ ਅਬਾਦੀ ਵਾਲਾ ਜ਼ਿਲ੍ਹਾ ਹੈ। ਫ਼ਰਨਾਲਾ (5.96 ਲੱਖ) ਸਭ ਤੋਂ

Scanned with CamScanner

ਘੱਟ ਅਬਾਦੀ ਵਾਲਾ ਜ਼ਿਲ੍ਹਾ ਹੈ।

- 2001-2011 ਵਿੱਚ ਪੰਜਾਬ ਵਿੱਚ ਦਸ਼ਕ ਵਾਧਾ ਦਰ 13.9% ਅੰਕਿਤ ਕੀਤੀ ਗਈ ਜਦੋਂ ਕਿ 1991-2001 ਵਿੱਚ ਇਹ 20.10% ਸੀ।
- ਪੰਜਾਬ ਵਿੱਚ ਲਿੰਗ ਅਨੁਪਾਤ 876 (2001 ਵਿੱਚ) ਤੋਂ ਵੱਧ ਕੇ 2011 ਵਿੱਚ 895 ਹੋ ਗਿਆ। ਲਿੰਗ ਅਨੁਪਾਤ ਹੁਸ਼ਿਆਰਪੁਰ ਵਿੱਚ ਸਭ ਤੋਂ ਵੱਧ ਪਾਇਆ ਗਿਆ।
- ਸਾਲਗ (0-6ਸਾਲ) ਲਿੰਗ ਅਨੁਪਾਤ 798 (2001 ਵਿੱਚ) ਤੋਂ ਵੱਧ ਕੇ 2011 ਵਿੱਚ 846 ਹੋ ਗਿਆ।
- ਪੰਜਾਬ ਦੀ ਸਾਖ਼ਰਤਾ ਦਰ 75.84% ਪਾਈ ਗਈ ਅਤੇ ਪੰਜਾਬ ਦੇਸ਼ ਵਿੱਚ 21ਵੇਂ ਸਥਾਨ 'ਤੇ ਹੈ। ਮਰਦ ਅਤੇ ਔਰਤ ਸਾਖ਼ਰਤਾ ਦਰਾਂ ਕ੍ਰਮਵਾਰ 80.44% ਅਤੇ 70.73% ਹੈ।
- ਹੁਸ਼ਿਆਰਪੁਰ (84.59%) ਪੰਜਾਬ ਦਾ ਸਭ ਤੋਂ ਵੱਧ ਸਾਖ਼ਰ ਜ਼ਿਲ੍ਹਾ ਹੈ।

ਸਾਰਣੀ 10.6 ਪੰਜਾਬ ਦੇ ਅੰਕੜੇ

ਕੁੱਲ ਜਨਸੰਖਿਆ	277.43 ਲੱਖ
ਪੁਰਸ਼ ਜਨਸੰਖਿਆ	146.39 ਲੱਖ (52.8%)
ਇਸਤਰੀ ਜਨਸੰਖਿਆ	131.04 ਲੱਖ (47.2%)
ਪੇਂਡੂ ਜਨਸੰਖਿਆ	173.44 ਲੱਖ (62.52%)
ਸ਼ਹਿਰੀ ਜਨਸੰਖਿਆ	103.99 ਲੱਖ (37.48%)
ਸਾਖ਼ਰਤਾ ਦਰ	75.84%
ਪੁਰਸ਼ ਸਾਖ਼ਰਤਾ ਦਰ	80.44%
ਇਸਤਰੀ ਸਾਖ਼ਰਤਾ ਦਰ	70.73%
ਲਿੰਗ ਅਨੁਪਾਤ (1000 ਪੁਰਸ਼ ਪਿੱਛੇ ਔਰਤਾਂ ਦੀ ਗਿਣਤੀ)	895
ਬਾਲਗ ਲਿੰਗ ਅਨੁਪਾਤ (0-6 ਸਾਲ)	846
ਦਸ਼ਕ ਵਾਧਾ ਦਰ (2001-2011)	13.9%
ਵੱਸੋਂ ਘਣਤਾ (ਵਿਅਕਤੀ ਪ੍ਰਤੀ ਵਰਗ ਕਿਲੋਮੀਟਰ)	551
ਧਰਮ ਅਨੁਸਾਰ ਜਨਸੰਖਿਆ:	
ਸਿੱਖ	59.91 %
ਹਿੰਦੂ	36.94 %
ਮੁਸਲਿਮ	1.57 %
ਇਸਾਈ	1.20 %
ਹੋਰ	0.38 %
ਅਨੁਸੂਚਿਤ ਜਾਤੀ ਜਨਸੰਖਿਆ	8860179
ਕੁੱਲ ਵੱਸੋਂ ਵਿੱਚ ਅਨੁਸੂਚਿਤ ਜਾਤੀ ਪ੍ਰਤੀਸ਼ਤਤਾ	31.94 %

ਸ੍ਰੋਤ: ਭਾਰਤ ਦੀ ਜਨਗਣਨਾ, 2011

Scanned with CamScanner

ਜ਼ਿਲ੍ਹੇ ਵਾਰ ਅੰਕੜੇ

ਸਾਰਣੀ 10.7

ਸਭ ਤੋਂ ਵੱਧ ਸਾਖਰ ਜ਼ਿਲ੍ਹਾ	ਹੁਸ਼ਿਆਰਪੁਰ (84.6 %)
ਸਭ ਤੋਂ ਘੱਟ ਸਾਖਰ ਜ਼ਿਲ੍ਹਾ	ਮਾਨਸਾ (61.8%)
ਸਭ ਤੋਂ ਵੱਧ ਵੱਸੋਂ ਵਾਲਾ ਜ਼ਿਲ੍ਹਾ	ਲੁਧਿਆਣਾ (34.99 ਲੱਖ)
ਸਭ ਤੋਂ ਘੱਟ ਵੱਸੋਂ ਵਾਲਾ ਜ਼ਿਲ੍ਹਾ	ਬਰਨਾਲਾ (5.96 ਲੱਖ)
ਖੇਤਰਫਲ ਅਨੁਸਾਰ ਸਭ ਤੋਂ ਵੱਡਾ ਜ਼ਿਲ੍ਹਾ	ਲੁਧਿਆਣਾ
ਖੇਤਰਫਲ ਅਨੁਸਾਰ ਸਭ ਤੋਂ ਛੋਟਾ ਜ਼ਿਲ੍ਹਾ	ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)
ਸਭ ਤੋਂ ਵੱਧ ਲਿੰਗ ਅਨੁਪਾਤ	ਹੁਸ਼ਿਆਰਪੁਰ (961 ਔਰਤਾਂ ਪ੍ਰਤੀ 1000 ਮਰਦ)
ਸਭ ਤੋਂ ਘੱਟ ਲਿੰਗ ਅਨੁਪਾਤ	ਬਠਿੰਡਾ (868 ਔਰਤਾਂ ਪ੍ਰਤੀ 1000 ਮਰਦ)
ਸਭ ਤੋਂ ਵੱਧ ਬਾਲਗ ਲਿੰਗ ਅਨੁਪਾਤ	ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) (885 ਔਰਤਾਂ ਪ੍ਰਤੀ 1000 ਮਰਦ)
ਸਭ ਤੋਂ ਘੱਟ ਬਾਲਗ ਲਿੰਗ ਅਨੁਪਾਤ	ਤਰਨ ਤਾਰਨ (820 ਔਰਤਾਂ ਪ੍ਰਤੀ 1000 ਮਰਦ)
ਸਭ ਤੋਂ ਵੱਧ ਵੱਸੋਂ ਘਣਤਾ ਵਾਲਾ ਜ਼ਿਲ੍ਹਾ	ਲੁਧਿਆਣਾ (978 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ)
ਸਭ ਤੋਂ ਘੱਟ ਵੱਸੋਂ ਘਣਤਾ ਵਾਲਾ ਜ਼ਿਲ੍ਹਾ	ਮੁਕਤਸਰ (348 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ)
ਵੱਸੋਂ ਵਿੱਚ ਸਭ ਤੋਂ ਵੱਧ ਦਸ਼ਕ ਵਾਧਾ	ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)
ਵੱਸੋਂ ਵਿੱਚ ਸਭ ਤੋਂ ਘੱਟ ਦਸ਼ਕ ਵਾਧਾ	ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ)
ਸਭ ਤੋਂ ਵੱਧ ਸਾਖਰਤਾ (ਮਰਦਾਂ)	ਹੁਸ਼ਿਆਰਪੁਰ
ਸਭ ਤੋਂ ਘੱਟ ਸਾਖਰਤਾ (ਮਰਦਾਂ)	ਮਾਨਸਾ
ਸਭ ਤੋਂ ਵੱਧ ਸਾਖਰਤਾ (ਔਰਤਾਂ)	ਹੁਸ਼ਿਆਰਪੁਰ
ਸਭ ਤੋਂ ਘੱਟ ਸਾਖਰਤਾ (ਔਰਤਾਂ)	ਮਾਨਸਾ
ਪੰਜਾਬ ਦੀ ਇੱਕਲੀ ਤਹਿਸੀਲ ਜਿਥੇ ਸ਼ਹਿਰੀ ਵੱਸੋਂ ਨਹੀਂ ਹੈ	ਖਡੂਰ ਸਾਹਿਬ

ਸ੍ਰੋਤ: ਭਾਰਤ ਦੀ ਜਨਗਣਨਾ, 2011

ਨੋਟ: 27 ਜੁਲਾਈ 2011 ਨੂੰ ਪਠਾਨਕੋਟ ਅਤੇ ਫ਼ਾਜ਼ਿਲਕਾ ਨਵੇਂ ਜ਼ਿਲ੍ਹੇ ਬਣੇ। ਇਸ ਕਾਰਨ ਇਨ੍ਹਾਂ ਦੇ ਜ਼ਿਲ੍ਹਿਆਂ ਦੇ ਗਠਨ ਅੰਕੜੇ ਉਪਲੱਬਧ ਨਹੀਂ ਹਨ। ਸਗੋਂ ਇਨ੍ਹਾਂ ਸਬੰਧੀ ਸਾਰੀ ਜਾਣਕਾਰੀ ਇਨ੍ਹਾਂ ਜ਼ਿਲ੍ਹਿਆ ਦੇ ਮੂਲ ਜ਼ਿਲ੍ਹਿਆਂ ਵਿੱਚ ਸ਼ਾਮਿਲ ਹੈ।

Scanned with CamScanner

ਪਾਠ 11

ਪੰਜਾਬ ਦੀ ਅਰਥ ਵਿਵਸਥਾ

ਕਿਸੇ ਦੇਸ਼ ਦੀ ਆਦਤ ਅਤੇ ਸੋਦਾਵਾ ਗਤਾਵਿਧਿ ਦੀ ਅਮਲੇਸ਼ਾ ਨੂੰ ਅਰਥ ਵਿਵਸਥਾ ਕਿਹਾ ਜਾਂਦਾ ਹੈ ਅਤੇ ਆਦਤ ਅਤੇ ਸੋਦਾਵਾਂ ਵਿਚ ਵਾਧਾ ਕਰਨ ਦੀ ਅਮਲੇਸ਼ਾ ਨੂੰ ਆਰਥਿਕ ਵਿਕਾਸ ਦਾ ਨਾਮ ਦਿਤਾ ਜਾਂਦਾ ਹੈ।

11.1 ਅਰਥ ਵਿਵਸਥਾ ਦੀ ਦਸਾ:

ਪੰਜਾਬ ਖੇਤ ਵਿਚ ਹੋ ਇੱਕ ਖੇਤੀ ਪ੍ਰਧਾਨ ਖੇਤਰ ਹੈ। 1960 ਈ: ਵਿਚ ਆਈ ਹਰਿਤ-ਕ੍ਰਾਂਤੀ ਰਾਹੀਂ ਪੰਜਾਬ ਨੇ ਕਣਕ ਦੇ ਉਤਪਾਦਨ 2018-2019 ਵਿਚਾਲ 400 ਕੁਇੰਟਲ ਪ੍ਰਤੀ ਹੈਕਟੇਅਰ ਅਤੇ ਚਾਵਲ ਦੀ ਪੈਦਾਵਰ 41.31 ਕੁਇੰਟਲ ਪ੍ਰਤੀ ਹੈਕਟੇਅਰ ਕਰ ਕੇ ਇੱਕ ਵਡੀ ਪ੍ਰਾਪਤੀ ਪ੍ਰਾਪਤ ਕੀਤੀ ਹੈ। ਦੇਸ਼ ਦੀ ਕੇਂਦਰੀ ਭੰਡਾਰ ਵਿਚ ਮਹੱਤਵਪੂਰਨ ਦੇਣ ਹੈ, ਜੋ ਭਾਰਤ ਨੂੰ ਅਤੇ ਖਾਦਾਨ ਸੁਰਕਿਆ ਵਿਚ ਮੁਖ ਭੂਮਿਕਾ ਨਿਭਾਉਂਦੀ ਹੈ। ਸਾਲ 2017-18 ਦੌਰਾਨ ਕੇਂਦਰੀ ਰਾਜਾਂ ਲਈ ਚਾਵਲ ਦੇ 30.96 ਪ੍ਰਤੀਸ਼ਤ ਯੋਗਦਾਨ ਅਤੇ ਕਣਕ ਦੇ 37.97 ਪ੍ਰਤੀਸ਼ਤ ਯੋਗਦਾਨ ਦੇ ਨਾਲ ਪੰਜਾਬ ਰਾਜਾਂ ਵਿਚ ਸਭ ਤੋਂ ਅੱਗੇ ਹੈ। ਚਾਵਲ ਅਤੇ ਕਣਕ ਦਾ ਕੇਂਦਰੀ ਭੰਡਾਰ ਵਿਚ ਪੰਜਾਬ ਦਾ ਕੁਲ ਯੋਗਦਾਨ ਸਾਲ 2010-11 ਵਿਚ 188.40 ਲੱਖ ਟਨ ਦੇ ਮੁਕਾਬਲੇ ਵਧ ਕੇ ਸਾਲ 2017-18 ਵਿਚ 235.39 ਲੱਖ ਟਨ ਦੇ ਕਿਆਸ ਹੈ ਜਿਸ ਵਿਚ ਚਾਵਲ ਦਾ ਹਿੱਸਾ 118.33 ਲੱਖ ਟਨ ਅਤੇ ਕਣਕ 117.06 ਲੱਖ ਟਨ ਹੈ।

ਇਹ ਮੌਜੂਦਾ ਸਥਿਤੀ ਵਿਚ ਪੰਜਾਬ ਬਹੁਤ ਹੀ ਕਠੋਰ ਆਰਥੀ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਪੰਜਾਬ ਦਾ ਉਦਯੋਗੀ ਵਿਕਾਸ, ਕੋਸਤ ਅਤੇ ਹੋਰ ਅੰਤਰਕੀ ਕਾਰਨ ਸਾਲੋ ਪੱਛੜ ਗਿਆ ਹੈ। ਪੰਜਾਬ ਦੀ ਪੇਂਡੂ ਆਬਾਦੀ ਦੀ ਰੀੜ੍ਹ ਦੀ ਹੱਡੀ ਜਾਣੀ ਜਾਂਦੀ-ਖੇਤੀ ਕਰਨੇ ਦੀ ਮਾਰ ਹੇ ਬਹੁਤ ਹੀ ਮਾੜੇ ਦੌਰ ਵਿਚ ਵਿਚੋਂ ਗੁਜ਼ਰ ਰਹੀ ਹੈ। ਭਾਵੇਂ ਕਣਕ ਅਤੇ ਚਾਵਲ ਦੀ ਕੇਂਦਰੀ ਭੰਡਾਰ ਵਿਚ ਪੰਜਾਬ ਦੀ ਵਧੇਰੇ ਹਿੱਸੇਦਾਰੀ ਹੈ ਪਰ ਇਹਨਾਂ ਦਾ ਖਰਚੇ ਦੀ ਮਾਰ ਸਹਿ ਰਹੇ ਛੋਟੇ ਕਿਸਾਨਾ ਨੂੰ ਕੋਈ ਆਸਰਾ ਨਹੀ। ਮੌਜੂਦਾ ਸਰਕਾਰ ਨੂੰ ਪੰਜਾਬ ਦੇ ਵਿਤ ਨੂੰ ਸੁਧਾਰਨ ਲਈ ਅਤੇ ਵਾਧੂ ਖਰਚਿਆਂ ਨੂੰ ਘਟਾਉਣ ਲਈ ਠੋਸ ਕਦਮ ਚੁੱਕਣ ਦੀ ਲੋੜ ਹੈ।

ਜੀ ਐਸ ਡੀ ਪੀ (ਕੁੱਲ ਘਰੇਲੂ ਉਤਪਾਦ):

- ਸਾਲ 2018-2019 ਦੇ ਅਖੀਰੇ ਅਨੁਮਾਨ ਅਨੁਸਾਰ ਰਾਜ ਦਾ ਕੁੱਲ ਰਾਜ ਉਤਪਾਦਨ ਵਰਤਮਾਨ ਕੀਮਤਾਂ 'ਤੇ 2017-18 ਦੇ ਤੁਰੰਤ ਅਨੁਮਾਨਾਂ ਦੇ ਮੁਕਾਬਲੇ 8.99 ਪ੍ਰਤੀਸ਼ਤ ਦਾ ਵਾਧਾ ਦਰਸਾਉਂਦਾ ਹੈ।
- ਕੁੱਲ ਰਾਜ ਘਰੇਲੂ ਉਤਪਾਦਨ ਸਥਿਰ ਕੀਮਤਾਂ (2011-12) 'ਤੇ 2018-19 ਦੇ ਅਗੇਤੇ ਅਨੁਮਾਨਾ ਅਨੁਸਾਰ ਸਾਲ 2017-18 ਦੇ ਤੁਰੰਤ ਅਨੁਮਾਨਾਂ ਮੁਕਾਬਲੇ 5.93 ਪ੍ਰਤੀਸ਼ਤ ਦਾ ਵਾਧਾ ਦਰਸਾਉਂਦਾ ਹੈ।

Scanned with CamScanner

- [illegible]
- [illegible]
- [illegible]
- [illegible]
- [illegible]

ਸਾਰਣੀ 10.3 ਕੁੱਲ ਰਾਜ ਮੁੱਲ ਵਾਧਾ ਵਿਚ ਖੇਤਰੀ ਹਿੱਸਾ (ਸਥਿਰ ਕੀਮਤਾਂ 'ਤੇ)

ਸੈਕਟਰ ਦਾ ਨਾਮ	ਹਿੱਸਾ (ਪ੍ਰਤੀਸ਼ਤ 'ਚ)
ਪ੍ਰਾਥਮਿਕੀ ਸੈਕਟਰ	[illegible]
ਸਿਕੰਡਰੀ ਸੈਕਟਰ	[illegible]
ਟਰਸਰੀ ਸੈਕਟਰ	[illegible]

ਪ੍ਰਤੀ ਵਿਅਕਤੀ ਆਮਦਨ:

- ਵਰਤਮਾਨ ਕੀਮਤਾਂ 'ਤੇ ਰਾਜ ਦੀ ਪ੍ਰਤੀ ਵਿਅਕਤੀ ਆਮਦਨ ਸਾਲ 2016-17 'ਚ 129[illegible] ਰੁਪਏ ਤੋਂ ਵੱਧ ਕੇ 2017-18 'ਚ 141552 ਰੁਪਏ ਹੋ ਗਈ ਹੈ, ਜੋ ਕਿ 9.46% ਦੀ ਵਿਕਾਸ ਦਰ ਦਰਸਾਉਂਦੀ ਹੈ ਅਤੇ 2018-19 ਵਿਚ 15[illegible] ਰੁਪਏ ਹੋਣ ਦੀ ਸੰਭਾਵਨਾ ਹੈ ਜੋ ਕਿ 8.13 ਪ੍ਰਤੀਸ਼ਤ ਦਾ ਵਾਧਾ ਦਰਸਾਉਂਦੀ ਹੈ।
- ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿਚ ਪੰਜਾਬ ਰਾਜ ਭਾਰਤ ਵਿਚ ਸਾਰੇ ਰਾਜਾਂ ਵਿਚੋਂ 10ਵੇਂ ਸਥਾਨ 'ਤੇ ਹੈ।

ਵਿੱਤੀ ਮਜ਼ਬੂਤੀ:

- 14ਵੇਂ ਵਿੱਤ ਕਮਿਸ਼ਨ ਅਤੇ ਐਫ.ਆਰ.ਬੀ.ਐਮ ਐਕਟ ਰਾਹੀਂ ਸਾਰੇ ਰਾਜਾਂ ਲਈ ਵਿੱਤੀ ਮਜ਼ਬੂਤੀ ਮਾਡਲ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਰਾਜ ਨੂੰ ਆਪਣਾ ਵਿੱਤੀ ਘਾਟਾ ਆਪਣੇ ਜੀ ਐਸ ਡੀ ਪੀ ਦੇ 3% ਵਿਚ ਕਮਿਟ ਕਰਨ ਦੀ ਲੋੜ ਸੀ।
- ਬਦਕਿਸਮਤੀ ਨਾਲ ਰਾਜ ਸਰਕਾਰ ਇਹ ਨਿਸ਼ਾਨਾ ਪੂਰਾ ਨਹੀਂ ਕਰ ਸਕੀ। ਸਾਲ 2016-17 ਦੇ ਦੌਰਾਨ ਮਾਲੀ ਘਾਟਾ ਕੁੱਲ ਰਾਜ ਉਤਪਾਦਨ ਦਾ 12.30 ਪ੍ਰਤੀਸ਼ਤ ਸੀ ਜੋ ਕਿ ਸਾਲ 2018-19 ਦੌਰਾਨ ਘੱਟ ਕੇ 3.41 ਪ੍ਰਤੀਸ਼ਤ ਹੋ ਗਿਆ ਅਤੇ ਸਾਲ 2019-20 ਦੌਰਾਨ ਇਸ ਦੀ ਦਰ 3.40 ਪ੍ਰਤੀਸ਼ਤ ਹੋ ਜਾਣ ਦੀ ਸੰਭਾਵਨਾ ਹੈ।
- 14ਵੇਂ ਵਿੱਤ ਕਮਿਸ਼ਨ ਨੇ ਆਪਣੀ ਸਿਫਾਰਸ਼ ਦੇ ਨਾਲ ਕੇਂਦਰੀ ਟੈਕਸਾਂ ਵਿਚ ਪੰਜਾਬ ਦੀ ਹਿੱਸੇਦਾਰੀ 1.3[illegible]% ਤੋਂ ਵਧਾ ਕੇ 1.577% ਕਰ ਦਿੱਤੀ ਹੈ।
- ਸਾਲ 2011-12 ਤੋਂ ਸੂਬੇ ਨੂੰ ਜੀਰੋ ਮਾਲੀ ਘਾਟਾ ਪ੍ਰਾਪਤ ਕਰਨਾ ਸੀ। ਹਾਲਾਂਕਿ 5ਵੇਂ ਪੰਜਾਬ ਪੇਨਸ਼ਨ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਦੇ ਮੰਦੇ ਨਤੀਜੇ ਮਾਲੀ ਘਾਟੇ ਵਿਚ ਸਿੱਧਿਆ ਦੀ ਚੁਣੌਤੀ ਰਾਜ ਸਰਕਾਰ ਚੁਣੌਤੀ ਬਣ ਗਈ ਹੈ ਜਿਸ

Scanned with CamScanner

ਵਿੱਚ ਤਨਖਾਹਾਂ ਅਤੇ ਪੈਨਸ਼ਨਾਂ ਦੇ ਖਰਚੇ ਵਿਚ ਮਹੱਤਵਪੂਰਨ ਵਾਧਾ ਹੋਇਆ ਹੈ।

- ਸਾਲ 2016-17 ਦੇ ਅਖ਼ੀਰ ਵਿਚ ਮਾਲੀ ਘਾਟਾ 1.70% ਸੀ ਅਤੇ ਸਾਲ 2018-19 ਵਿਚ 2.30% ਤੱਕ ਵੱਧ ਗਿਆ, ਜੋ ਕਿ 2019-20 ਵਿਚ 2.02% ਹੋ ਜਾਣ ਦੀ ਸੰਭਾਵਨਾ ਹੈ।

ਪਬਲਿਕ ਰਿਣ :

- ਵੱਧ ਰਿਹਾ ਕਰਜ਼ਾ ਰਾਜ ਸਰਕਾਰ ਲਈ ਇਕ ਗੰਭੀਰ ਸਮੱਸਿਆ ਹੈ। ਸਾਲ 2012-13 ਤੋਂ ਰਾਜ ਦਾ ਬਕਾਇਆ ਜਨਤਕ ਕਰਜ਼ਾ ਲਗਾਤਾਰ ਵਧ ਰਿਹਾ ਹੈ। ਸਾਲ 2017-18 ਦੇ ਮੁਤਾਬਿਕ ਕਰਜ਼ਾ 195978 ਕਰੋੜ ਰੁਪਏ ਸੀ ਅਤੇ ਸਾਲ 2018-19 ਵਿਚ ਵਧ ਕੇ 211525 ਕਰੋੜ ਰੁਪਏ ਹੋ ਗਿਆ। ਇਹ 2019-20 (ਬਜਟ ਅਨੁਮਾਨ) ਅਨੁਸਾਰ 229612 ਕਰੋੜ ਰੁਪਏ ਵੱਧ ਜਾਣ ਦੀ ਸੰਭਾਵਨਾ ਹੈ ਜੋ ਕਿ ਕੁੱਲ ਰਾਜ ਮੁੱਲ ਉਤਪਾਦਨ ਦਾ 39.74 ਪ੍ਰਤੀਸ਼ਤ ਹੈ।

ਸਲਾਨਾ ਬਜਟ ਆਕਾਰ:

- ਸਾਲ 2019-20 ਲਈ ਕੁੱਲ ਬਜਟ ਆਕਾਰ 158493 ਕਰੋੜ ਰੁਪਏ ਹੈ ਪ੍ਰੰਤੂ ਚਾਲੂ ਸਾਲ ਲਈ ਉਪਾਅ ਅਤੇ ਸਾਧਨ ਲੈਣ ਦੇਣ ਲਈ 32000 ਕਰੋੜ ਰੁਪਏ ਦਾ ਬਜਟ ਉਪਬੰਧ ਕਰਨ ਤੋਂ ਬਾਅਦ ਵਾਸਤਵਿਕ ਬਜਟ ਆਕਾਰ 126493 ਕਰੋੜ ਰੁਪਏ ਹੈ। ਕੁੱਲ ਪ੍ਰਾਪਤੀਆਂ 154170 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ।

Scanned with CamScanner

ਰੁਪਿਆ ਜਿਵੇਂ ਆਉਂਦਾ ਜਾਉਂਦਾ ਹੈ (ਬਜ਼ਟ 2018-19 ਦੇ ਅਨੁਮਾਨਾਂ ਅਨੁਸਾਰ)





Scanned with CamScanner

11.2 ਖੇਤੀਬਾੜੀ:

ਖੇਤੀਬਾੜੀ ਦਾ ਪੰਜਾਬ ਦੀ ਅਰਥ ਵਿਵਸਥਾ ਵਿੱਚ ਅਹਿਮ ਰੋਲ ਹੈ। ਖੇਤੀਬਾੜੀ ਖੇਤਰ ਪੰਜਾਬ ਦੇ ਆਰਥਿਕ ਵਿਕਾਸ ਦਾ ਧੁਰਾ ਰਿਹਾ ਹੈ। ਇਸ ਦੀ ਜਿਆਦਾਤਰ ਜਨ ਸੰਖਿਆ ਪਿੰਡਾਂ ਵਿੱਚ ਰਹਿੰਦੀ ਹੈ ਜਿਥੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਸਾਲ 2011 ਦੀ ਜਨਗਣਨਾ ਅਨੁਸਾਰ ਕਾਮਿਆਂ ਦੀ ਜਨਗਣਨਾ ਦਾ ਤਕਰੀਬਨ 36 ਪ੍ਰਤੀਸ਼ਤ ਹਿੱਸਾ ਇਸ ਤੇ ਨਿਰਭਰ ਹੈ।

ਪੰਜਾਬ ਵਿੱਚ ਮੁੱਖ ਤੌਰ ਤੇ ਅਨਾਜੀ ਫਸਲਾਂ ਕਣਕ ਅਤੇ ਚਾਵਲ ਹਰ ਸਾਲ ਰੋਟੇਸ਼ਨ ਵਿੱਚ ਉਗਾਏ ਜਾਂਦੇ ਹਨ। ਕਣਕ ਅਤੇ ਚਾਵਲ ਤੋਂ ਇਲਾਵਾ ਕੁੱਝ ਹੋਰ ਅਨਾਜ ਜਿਵੇਂ ਮੱਕੀ, ਜੌਂ, ਕਪਾਹ, ਗੰਨਾ, ਛੋਲੇ, ਸੂਰਜਮੁੱਖੀ, ਮੂੰਗਫਲੀ ਆਦਿ ਵੀ ਥੋੜੇ ਏਰੀਏ ਵਿੱਚ ਉਗਾਏ ਜਾਂਦੇ ਹਨ। ਪੰਜਾਬ ਦਾ ਮੁੱਖ ਫਲ ਕੀਨੂੰ ਹੈ ਜੋ ਕਿ ਮਾਲਵਾ ਖੇਤਰ ਵਿੱਚ ਉਗਾਇਆ ਜਾਂਦਾ ਹੈ। ਰਾਜ ਦੀ ਆਪਣੀ ਖੱਪਤ ਲਈ ਕੁਝ ਖੇਤਰਾਂ ਵਿੱਚ ਅੰਬ, ਅਮਰੂਦ, ਬੇਰ ਵੀ ਉਗਾਏ ਜਾਂਦੇ ਹਨ। ਰਾਜ ਵਿੱਚ ਪੈਦਾ ਕੀਤੀ ਜਾਂਦੀ ਇਕ ਮਾਤਰ ਮੁੱਖ ਸਬਜ਼ੀ ਆਲੂ ਹੈ ਅਤੇ ਹੋਰ ਮੁੱਖ ਸਬਜੀਆਂ ਗੋਭੀ, ਭਿੰਡੀ, ਟਮਾਟਰ, ਗਾਜਰ ਅਤੇ ਮੂਲੀ ਹਨ। ਰਾਜ ਵਿੱਚ ਸਮੁੱਚੀ ਖਪਤ ਦੇ ਮੁਕਾਬਲੇ ਸਬਜੀਆ ਦਾ ਕੁੱਲ ਉਤਪਾਦਨ ਘੱਟ ਹੈ। ਸਿੰਚਾਈ ਦਾ ਮੁੱਖ ਸਰੋਤ ਨਹਿਰਾਂ ਅਤੇ ਟਿਊਬਵੈਲ ਹਨ। ਹਾੜੀ ਅਤੇ ਬਸੰਤ ਰੁੱਤ ਵਿੱਚ ਕਣਕ, ਛੋਲੇ, ਬਾਜਰਾ, ਆਲੂ ਅਤੇ ਸਰਦੀਆਂ ਦੀਆਂ ਸਬਜੀਆਂ ਹੁੰਦੀਆਂ ਹਨ। ਸਾਉਣੀ ਅਤੇ ਪਤਝੜ ਰੁੱਤ ਵਿੱਚ ਚਾਵਲ, ਮੱਕੀ, ਗੰਨਾ, ਕਪਾਹ ਅਤੇ ਦਾਲਾਂ ਹਨ।

ਵਰਤਮਾਨ ਸਥਿਤੀ ਵਿੱਚ ਪੰਜਾਬ ਦੇ ਕੁੱਲ ਭੂਗੋਲਿਕ ਖੇਤਰਫਲ ਦਾ 82% ਹਿੱਸਾ ਖੇਤੀਬਾੜੀ ਅਧੀਨ ਹੈ ਅਤੇ ਖੇਤੀ ਅਧੀਨ ਰਕਬੇ ਦਾ 99.9% ਹਿੱਸਾ ਸਿੰਚਾਈ ਅਧੀਨ ਹੈ ਅਤੇ ਫਸਲੀ ਘਣਤਾ 189% ਹੈ। ਭਾਰਤ ਦੇ ਪੰਜਾਬ ਨੂੰ ਭਾਰਤ ਦਾ 'ਪੰਜਾਬ ਦੀ ਗਰੇਨਰੀ' ਜਾਂ 'ਭਾਰਤੀ ਬਰੈਡ ਬਾਸਕਿਟ' ਕਿਹਾ ਜਾਂਦਾ ਹੈ। ਰਾਜ ਦਾ ਕੁੱਲ ਉਪਜਾਊ ਖੇਤਰ 4.2 ਲੱਖ ਹੈਕਟਰ ਹੈ, ਜੋ ਕਿ ਦੇਸ਼ ਵਿੱਚ ਬੀਜਿਆ ਸ਼ੁੱਧ ਖੇਤਰ ਦਾ ਸਿਰਫ 3% ਬਣਦਾ ਹੈ। ਇਹ ਸੀਮਤ ਰਕਬਾ 19% ਕਣਕ, 10% ਚਾਵਲ, 10% ਦੁੱਧ, 20% ਸ਼ਹਿਦ, 48% ਮਸ਼ਰੂਮ ਅਤੇ 5% ਕਪਾਹ ਪੈਦਾ ਕਰਦਾ ਹੈ। ਦੁਨੀਆ ਵਿੱਚ ਕਣਕ ਦੇ ਕੁੱਲ ਉਤਪਾਦਨ ਵਜੋਂ ਪੰਜਾਬ ਸਤਵੇਂ ਸਥਾਨ ਤੇ ਹੈ, ਕੈਨੇਡਾ ਅਤੇ ਅਸਟਰੇਲੀਆ ਤੋਂ ਬਾਅਦ ਇਹ ਤੀਜਾ ਸਭ ਤੋਂ ਵੱਧ ਮੰਡੀ ਯੋਗ ਉਤਪਾਦਨ ਪੈਦਾ ਕਰਦਾ ਹੈ ਜੋ ਕਿ ਕਣਕ ਵਿੱਚ ਵਿਸ਼ਵ ਵਪਾਰ ਦਾ ਲੱਗਭਗ 10ਵਾਂ ਹਿੱਸਾ ਹੈ। ਚਾਵਲ ਦੇ ਮਾਮਲੇ ਵਿੱਚ ਇਸ ਦਾ ਮੰਡੀ ਯੋਗ ਉਤਪਦਾਨ ਥਾਈਲੈਂਡ ਤੋਂ ਬਾਅਦ ਦੂਜੇ ਸਥਾਨ ਤੇ ਹੈ।

ਹਰੀ-ਕ੍ਰਾਂਤੀ ਆਉਣ ਕਾਰਨ, ਮੁੱਖ ਫਸਲਾ ਜਿਵੇਂ ਕਿ ਕਣਕ ਅਤੇ ਚੌਲ ਦੀ ਪੈਦਾਵਾਰ ਵਿੱਚ ਕਈ ਗੁਣਾ ਵਾਧਾ ਹੋਇਆ, ਮੁੱਖ ਤੌਰ ਤੇ ਸਾਲ 2018-19 ਦੌਰਾਨ ਕਣਕ ਦਾ ਝਾੜ 49.0 ਕੁਇੰਟਲ ਪ੍ਰਤੀ ਹੈਕਟੇਅਰ ਅਤੇ ਚਾਵਲ ਦਾ ਝਾੜ 41.31 ਕੁਇੰਟਲ ਪ੍ਰਤੀ ਹੈਕਟੇਅਰ ਰਿਹਾ। ਕੇਂਦਰੀ ਭੰਡਾਰ ਵਿੱਚ ਕਣਕ ਅਤੇ ਚਾਵਲ ਦਾ ਮਹੱਤਵਪੂਰਣ ਯੋਗਦਾਨ ਪਾਉਣ ਨਾਲ ਦੇਸ਼ ਦੀ ਭੋਜਨ ਸੁਰਖਿਆ ਵਿੱਚ ਪੰਜਾਬ ਦੀ ਅਹਿਮ ਭੂਮਿਕਾ ਹੈ। ਸਾਲ 2017-18 ਦੌਰਾਨ ਕੇਂਦਰੀ ਰਾਜਾਂ ਲਈ ਚਾਵਲ ਦੇ 30.98 ਪ੍ਰਤੀਸ਼ਤ ਯੋਗਦਾਨ ਅਤੇ ਕਣਕ ਦੇ 37.97 ਪ੍ਰਤੀਸਤ ਯੋਗਦਾਨ ਦੇ ਨਾਲ ਪੰਜਾਬ ਰਾਜਾਂ ਵਿੱਚ ਸਭ ਤੋਂ ਅੱਗੇ ਹੈ। ਚਾਵਲ ਅਤੇ ਕਣਕ ਦਾ ਕੇਂਦਰੀ ਭੰਡਾਰ ਵਿੱਚ ਕੁਲ ਯੋਗਦਾਨ ਸਾਲ 2010-11 ਵਿੱਚ 188.40 ਲੱਖ ਟਨ ਦੇ ਮੁਕਾਬਲੇ ਵੱਧ ਕੇ ਸਾਲ 2017-18 ਵਿੱਚ 235.39 ਲੱਖ ਟਨ ਹੋ ਗਿਆ ਹੈ ਜਿਸ ਵਿੱਚ ਚਾਵਲ ਦਾ ਹਿੱਸਾ 118.33 ਲੱਖ ਟਨ ਅਤੇ ਕਣਕ 117.06 ਲੱਖ ਟਨ ਹੈ।

ਹਾਲਾਂਕਿ ਖੇਤੀਬਾੜੀ ਸੈਕਟਰ ਕੌਮੀ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਸਹਾਇਕ ਹੈ ਪਰ ਖੇਤੀਬਾੜੀ ਡੂੰਘੀ ਸੰਕਟ ਵਿੱਚ ਹੈ ਅਤੇ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਖੇਤੀਬਾੜੀ ਸੈਕਟਰ ਦੀ ਮੁੱਖ ਚਿੰਤਾ ਦੁਰਲੱਭ ਜਲ ਸਰੋਤਾਂ ਦਾ ਬੋਝ ਤੋ ਵੱਧ ਸੋਖਣ ਜਿਵੇਂ ਕਿ ਰਾਜ ਦੇ ਖੇਤੀਬਾੜੀ ਉਤਪਾਦ ਖਾਸ ਤੌਰ ਤੇ ਕਣਕ ਅਤੇ ਝੋਨੇ ਵਿੱਚ ਵਾਧਾ ਕਰਨ

Scanned with CamScanner

ਲਈ ਸਿੰਚਾਈ ਸਹੂਲਤਾਂ ਦੀ ਵੱਧ ਤੋ ਵੱਧ ਵਰਤੋਂ ਕੀਤੀ ਜਾ ਚੁਕੀ ਹੈ। ਪਿਛਲੇ ਕੁਝ ਸਾਲਾਂਵਿਚ ਹੇਠਾਂ ਨਹਿਰੀ ਪਾਣੀ ਤੇਜੀ ਨਾਲ ਘੱਟ ਗਿਆ ਹੈ। ਇਸ ਖੇਤਰ ਦੀ ਅਲੋਪ ਹੋ ਰਹੀ ਸਾਨ ਨੂੰ ਮੁੜ ਬਹਾਲ ਕਰਨ ਲਈ ਖੋਜ ਅਤੇ ਵਿਕਾਸ ਫਸਲੀ ਵਿਭਿੰਨਤਾ ਅਤੇ ਦਿਹਾਤੀ ਖੇਤਰ ਵਿੱਚ ਗੈਰ ਖੇਤੀ ਗਤੀਵਿਧੀਆਂ ਵਿੱਚ ਤੇਜੀ ਲਿਆਉਣ ਦੀ ਲੋੜ ਹੈ।

ਦੋ ਹੋਰ ਮੁੱਖ ਚਿੰਤਾਵਾਂ ਹਨ: (1) ਕਿਸਾਨਾਂ ਨੂੰ ਜਿਆਦਾ ਕਰਜ਼ੇ ਦੀ ਹੈ ਜਿਸ ਦੇ ਨਤੀਜੇ ਵਜੋਂ ਕਿਸਾਨ ਖੁਦਕਸ਼ੀਆਂ ਕਰ ਰਹੇ ਹਨ (2) ਝੋਨੇ ਦੇ ਸੀਜਨ ਵਿੱਚ ਪਰਾਲੀ ਨੂੰ ਸਾੜਨ ਨਾਲ ਪ੍ਰਦੂਸ਼ਨ ਵੱਧ ਗਿਆ ਹੈ। ਜਿਸ ਨੂੰ ਕੰਟਰੋਲ ਕਰਨ ਲਈ ਪਰਾਲੀ ਸਾੜਨ ਦੀ ਰੋਕਥਾਮ ਲਈ ਵਸੀਲੇ ਲੱਭਣ ਦੀ ਜਰੂਰਤ ਹੈ। ਰਾਜ ਸਰਕਾਰ ਇਨ੍ਹਾਂ ਨੂੰ ਵਿਚ ਤਕਨੀਕ ਦੇਕੇ ਵਜੋਂ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਖੇਤੀਬਾੜੀ ਸੈਕਟਰ ਦਾ ਸੰਖੇਪ ਵਰਣਨ:

- ਕੁੱਲ ਰਾਜ ਮੁੱਲ ਵਾਧੇ ਸਥਿਰ ਕੀਮਤਾਂ (GSVA) ਤੇ ਖੇਤੀਬਾੜੀ ਅਤੇ ਸਹਿਯੋਗੀ ਖੇਤਰ ਦਾ ਯੋਗਦਾਨ ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਘੱਟ ਰਿਹਾ ਹੈ। ਇਹ ਹਿੱਸਾ 2011-12 ਵਿੱਚ 30.80 ਪ੍ਰਤੀਸਤ ਸੀ, ਜੋ ਸਾਲ 2017-18 ਦੇ ਅਨੁਸਾਰ 25.59 ਪ੍ਰਤੀਸ਼ਤ ਹੈ ਅਤੇ ਸਾਲ 2018-19 ਵਿੱਚ 24.40% ਪ੍ਰਤੀਸਤ ਰਹਿਣ ਦੀ ਸੰਭਾਵਨਾ ਹੈ। ਇਹ ਘੱਟ ਰਿਹਾ ਅਨੁਪਾਤ ਖੇਤੀਬਾੜੀ ਤੋਂ ਹੋਰ ਸੈਕਟਰਾਂ ਵੱਲ ਢਾਂਚਾਗਤ ਤਬਦੀਲੀ ਦਾ ਸੰਕੇਤ ਹੈ।
- ਖੇਤੀਬਾੜੀ (ਪਰੋਪਰ) ਖੇਤਰ ਦੀ ਵਿਕਾਸ ਦਰ ਸਥਿਰ (2011-12) ਕੀਮਤਾਂ ਤੇ ਸਾਲ 2018-19 ਅਨੁਸਾਰ (-)2.71 ਪ੍ਰਤੀਸ਼ਤ ਹੋਣ ਦੀ ਸੰਭਾਵਨਾ ਹੈ। ਜਦਕਿ ਇਹ ਵਿਕਾਸ ਦਰ ਸਾਲ 2017-18 ਅਨੁਸਾਰ 3.26 ਪ੍ਰਤੀਸ਼ਤ ਹੈ।
- ਫਸਲੀ ਘਣਤਾ ਅਤੇ ਸਿੰਚਾਈ ਦੀ ਸਮਰੱਥਾ ਦਾ ਪਹਿਲਾਂ ਹੀ ਪੂਰੀ ਤਰ੍ਹਾਂ ਸੋਸ਼ਣ ਕੀਤਾ ਜਾ ਚੁੱਕਾ ਹੈ ਅਤੇ ਉਤਪਾਦਕਤਾ ਵਿੱਚ ਵਾਧਾ ਵੀ ਇੱਕ ਚਰਮ ਸੀਮਾ ਤੱਕ ਪਹੁੰਚ ਗਿਆ ਹੈ। ਖੇਤੀਬਾੜੀ ਸੈਕਟਰ ਦਾ ਵਿਕਾਸ ਔਸਤ ਆਧਾਰ ਦੇ ਸਮੇਂ ਅਨੁਸਾਰ ਹੋਲੀ ਹੋ ਰਿਹਾ ਹੈ, ਕਿਉਂਕਿ ਇਸ ਤੋਂ ਇਲਾਵਾ ਇਸ ਖੇਤਰ ਵਿੱਚ ਨਵੀਆਂ ਥੰਜਾਂ ਦੀ ਕਮੀ ਕਾਰਣ ਅਤੇ ਕਣਕ ਤੇ ਝੋਨੇ ਦੀ ਬਝਵੀਂ ਯਕੀਨੀ ਆਮਦਨ ਨਿਸਚਿਤ ਹੋਣ ਕਾਰਣ ਕਿਸਾਨ ਜੋਖਮ ਲੈਣ ਲਈ ਤਿਆਰ ਨਹੀਂ ਹਨ। ਜਿਆਦਾਤਰ ਵਿਕਾਸ ਕਣਕ ਅਤੇ ਝੋਨੇ ਦੀ ਹਰ ਸਾਲ ਵੱਧਦੀ ਐਮ.ਐਸ.ਪੀ. ਕਾਰਨ ਹੁੰਦਾ ਹੈ ਨਾ ਕਿ ਫਸਲੀ ਉਪਜ ਕਾਰਨ।
- ਕੇਂਦਰੀ ਭੰਡਾਰ ਵਿੱਚ ਪੰਜਾਬ ਦੀ ਦੇਣ (2017-18):
  ਕਣਕ: 37.97% (ਸਾਰੇ ਪ੍ਰਾਂਤਾ ਤੋਂ ਵੱਧ)
  ਚਾਵਲ: 30.98% (ਸਾਰੇ ਪ੍ਰਾਂਤਾ ਤੋਂ ਵੱਧ)
- ਦੁਨੀਆ ਵਿੱਚ ਕਣਕ ਦੇ ਕੁੱਲ ਉਤਪਾਦਨ ਵਜੋਂ ਪੰਜਾਬ ਸਤਵੇਂ ਸਥਾਨ ਤੇ ਹੈ, ਕੈਨੇਡਾ ਅਤੇ ਅਸਟਰੇਲੀਆ ਤੋਂ ਬਾਅਦ ਇਹ ਤੀਜਾ ਸਭ ਤੋਂ ਵੱਧ ਮੰਡੀ ਯੋਗ ਉਤਪਾਦਨ ਪੈਦਾ ਕਰਦਾ ਹੈ ਜੋ ਕਿ ਕਣਕ ਵਿੱਚ ਵਿਸ਼ਵ ਵਪਾਰ ਦਾ ਲਗਭਗ 10ਵਾਂ ਹਿੱਸਾ ਹੈ। ਚਾਵਲ ਦੇ ਮਾਮਲੇ ਵਿੱਚ ਇਸ ਦਾ ਮੰਡੀ ਯੋਗ ਉਤਪਾਦਨ ਥਾਈਲੈਂਡ ਤੋਂ ਬਾਅਦ ਦੂਜੇ ਸਥਾਨ ਤੇ ਹੈ।
- ਭਾਰਤ ਦੇ ਪੰਜਾਬ ਨੂੰ ਭਾਰਤ ਦਾ 'ਪੰਜਾਬ ਦੀ ਗਰੇਨਰੀ' ਜਾਂ 'ਭਾਰਤੀ ਬਰੈਡ ਬਾਸਕਿਟ' ਕਿਹਾ ਜਾਂਦਾ ਹੈ।
- ਰਾਜ ਦਾ ਕੁੱਲ ਬੀਜਿਆ ਰਕਬਾ 78,25,000 ਹੈਕਟੇਅਰ ਹੈ।
- ਰਾਜ ਦਾ ਨਿਰੋਲ ਬੀਜਿਆ ਰਕਬਾ 4125000 ਹੈਕਟੇਅਰ ਹੈ।
- ਨਿਰੋਲ ਬੀਜੇ ਰਕਬੇ ਦਾ 99.9% (4124000 ਹੈਕਟੇਅਰ) ਸਿੰਜਿਆ ਰਕਬਾ ਹੈ।
- ਰਾਜ ਦੀ ਫਸਲੀ ਘਣਤਾ ਜੋ ਕਿ ਕੁੱਲ ਬੀਜੇ ਰਕਬੇ ਦੀ ਨਿਰੋਲ ਬੀਜੇ ਰਕਬੇ ਨਾਲ ਪ੍ਰਤੀਖਤਤਾ ਦਰਸਾਉਂਦੀ ਹੈ, 189%

Scanned with CamScanner

ਪਹਿਲਾ: ਕਣਕ
ਦੂਸਰਾ: ਚਾਵਲ
ਤੀਸਰਾ: ਕਪਾਹ
ਚੌਥਾ: ਹੋਰ ਅਨਾਜ
ਪੰਜਵਾਂ: ਗੰਨਾ

ਪਹਿਲਾ: ਕਣਕ
ਦੂਸਰਾ: ਚਾਵਲ
ਤੀਸਰਾ: ਗੰਨਾ
ਚੌਥਾ: ਕਪਾਹ
ਪੰਜਵਾਂ: ਹੋਰ ਅਨਾਜ

ਹਰੀ ਕ੍ਰਾਂਤੀ:

ਇਹ ਸ਼ਬਦ ਮੁੱਖ ਤੌਰ ਤੇ ਫਸਲੀ ਪੈਦਾਵਾਰ ਅਤੇ ਫਸਲੀ ਵਿਭਿੰਨਤਾ ਵਿੱਚ ਹੋਏ ਵਾਧੇ ਨੂੰ ਪੇਸ਼ ਕਰਦਾ ਹੈ। ਵੀਹਵੀਂ ਸਦੀ ਵਿੱਚ ਆਧੁਨਿਕ ਖੋਜਾਂ ਰਾਹੀਂ ਖੇਤੀਬਾੜੀ ਵਿੱਚ ਹੋਏ ਸੁਧਾਰਾਂ ਨੇ ਫਸਲੀ ਪੈਦਾਵਾਰ ਵਿੱਚ ਕਈ ਗੁਣਾ ਵਾਧਾ ਕਰ ਦਿੱਤਾ ਹੈ। ਇਹ ਵਾਧਾ ਸੁਧਰੀਆਂ ਖੇਤੀਬਾੜੀ ਕਿਰਿਆਵਾਂ, ਆਧੁਨਿਕ ਪੌਧ ਪ੍ਰਜਣਨ ਦੀਆਂ ਤਕਨੀਕਾ ਅਤੇ ਨਵੀਆਂ ਰਸਾਇਣਿਕ ਖਾਦਾ ਦੇ ਵਿਕਾਸ ਨਾਲ ਹੀ ਸੰਭਵ ਹੋ ਸਕਿਆ ਹੈ। ਪਰ ਇਹ ਵਾਧਾ ਵਿਕਾਸਸ਼ੀਲ ਦੇਸ਼ਾਂ ਵਿੱਚ ਕਾਫੀ ਮੱਧਮ ਸੀ। ਜਨਸੰਖਿਆ ਵਿੱਚ ਹੁੰਦੇ ਲਗਾਤਾਰ ਵਾਧੇ ਨੇ ਹਾਲਾਤ ਹੋਰ ਵੀ ਨਜਕ ਕਰ ਦਿੱਤੇ ਸਨ। ਇਸ ਦੇ ਕਾਰਣ 1960 ਦੇ ਮੱਧ ਵਿੱਚ ਪੂਰੇ ਏਸ਼ੀਆ ਵਿੱਚ ਭੁੱਖਮਰੀ ਅਤੇ ਕੁਪੋਸ਼ਣ ਫੈਲ ਗਿਆ ਸੀ।

ਵਿਸ਼ਵ ਪੱਧਰ ਤੇ ਹਰੀ ਕ੍ਰਾਂਤੀ:

ਹਰੀ ਕ੍ਰਾਂਤੀ ਸ਼ਬਦ ਸਭ ਤੋਂ ਪਹਿਲਾਂ 1908 ਵਿੱਚ ਅੰਤਰਰਾਸ਼ਟਰੀ ਵਿਕਾਸ ਲਈ ਪੂਰਵ ਸੁੰਯੁਕਤ ਰਾਜ ਏਜੰਸੀ (ਯੂ.ਸ.ਏ.ਆਈ.ਡੀ) ਦੇ ਡਾਇਰੈਕਟਰ ਵਿਲੀਅਮ ਗਾਡ ਵੱਲੋਂ ਤਕਨਾਲਜੀ ਦੇ ਖੇਤੀਬਾੜੀ ਵਿੱਚ ਵੱਧ ਰਹੇ ਪਸਾਰ ਅਤੇ ਪੈਦਾਵਾਰ ਵਿੱਚ ਹੋ ਰਹੇ ਵਾਧੇ ਦੇ ਸੰਦਰਭ ਵਿੱਚ ਵਰਤਿਆ ਗਿਆ।

ਭੁੱਖਮਰੀ ਖਿਲਾਫ ਲੜਨ ਲਈ ਭਾਰਤ ਵਿੱਚ 1963 ਈ: ਵਿੱਚ ਅਮਰੀਕਨ ਖੇਤੀਬਾੜੀ ਵਿਗਿਆਨੀ ਡਾ. ਨਾਰਮਨ ਬਾਰਲਾ ਨੇ ਵਧੀਕ ਝਾੜ ਵਾਲੀ ਕਿਸਮ ਦੀ ਕਣਕ ਦੀ ਖੇਤੀ ਕਰਵਾਈ ਸੀ। ਇਸੇ ਕਾਰਨ ਇਹਨਾਂ ਨੂੰ ਹਰੀ ਕ੍ਰਾਂਤੀ ਦਾ ਪਿਤਾਮਾ ਆਖਿਆ ਜਾਂਦਾ ਹੈ।

ਨਾਰਮਨ ਬਾਰਲਾ ਸੰਬੰਧੀ:

ਇਹ ਇੱਕ ਅਮਰੀਕੀ ਖੇਤੀਬਾੜੀ ਵਿਗਿਆਨੀ ਸਨ ਜਿੰਨ੍ਹਾਂ ਨੂੰ 1970 ਵਿੱਚ ਲੱਖਾ ਲੋਕਾ ਨੂੰ ਭੁੱਖਮਰੀ ਤੋਂ ਬਚਾਉਣ ਕਾਰਨ, ਨੋਬਲ ਇਨਾਮ ਨਾਲ ਨਿਵਾਜਿਆ ਗਿਆ। ਉਹ ਅਨਾਜ ਦੀਆਂ ਉੱਤਮ ਅਤੇ ਵਧੀਕ ਝਾੜ ਵਾਲੀਆਂ ਕਿਸਮਾਂ ਦੇ ਵਿਕਾਸ, ਸਿੰਜਾਈ ਦੇ ਸਾਧਨਾਂ ਦੇ ਪ੍ਰਸਾਰ, ਪ੍ਰਬੰਧਕੀ ਤਕਨੀਕਾਂ ਦੇ ਆਧੁਨੀਕਰਨ, ਹਾਈਬ੍ਰਿਡ ਬੀਜਾਂ ਦੀ ਵੰਡ ਅਤੇ ਰਸਾਇਣਕ ਖਾਦਾਂ ਅਤੇ ਕੀਟ ਨਾਸ਼ਕਾਂ ਕਿਸਾਨਾਂ ਨੂੰ ਮੁਹੱਈਆ ਕਰਾਉਣ ਲਈ ਜਾਣੇ ਜਾਂਦੇ ਹਨ।.

ਵਧੀਕ ਝਾੜ ਵਾਲੀਆਂ ਕਿਸਮਾਂ ਦੇ ਬੀਜਾਂ ਦੀ ਸਮੂਲੀਅਤ ਨਾਲ ਅਤੇ ਰਸਾਇਣਾਂ ਅਤੇ ਸਿੰਜਾਈ ਦੇ ਸਾਧਨਾ ਦੀ ਵਧੇਰੇ ਵਰਤੋਂ ਨਾਲ ਪੈਦਾਵਾਰ ਵਿੱਚ ਹੋਏ ਵਾਧੇ ਨੇ ਭਾਰਤ ਨੂੰ ਅਨਾਜ ਪੈਦਾ ਕਰਨ ਵਿੱਚ ਸਵੈ ਨਿਰਭਰ ਬਣਾ ਦਿੱਤਾ।

Scanned with CamScanner

ਪੰਜਾਬ ਅਤੇ ਹਰੀ ਕ੍ਰਾਂਤੀ: ਸੰਨ 1961 ਈ: ਵਿੱਚ ਜਦੋਂ ਭਾਰਤ ਅਕਾਲ ਅਤੇ ਭੁੱਖਮਰੀ ਦੀ ਕਗਾਰ 'ਤੇ ਸੀ। ਉਦੋਂ ਭਾਰਤੀ ਖੇਤੀਬਾੜੀ ਮੰਤਰਾਲੇ ਦੇ ਸਲਾਹਕਾਰ ਸੀ.ਸੁਬਰਾਮਨੀਅਮ ਨੇ ਡਾ. ਨਾਰਮਨ ਬਾਰਲਾ ਨੂੰ ਭਾਰਤ ਬੁਲਾਇਆ। ਭਾਰੀ ਔਕੜਾਂ ਦੇ ਹੁੰਦਿਆਂ ਹੋਇਆ ਵੀ ਫੋਰਡ ਫਾਉਂਡੇਸ਼ਨ ਅਤੇ ਭਾਰਤੀ ਸਰਕਾਰ ਨੇ ਮਿਲ ਕੇ 'ਅੰਤਰਰਾਸ਼ਟਰੀ ਮੱਕੀ ਅਤੇ ਕਣਕ ਵਿਕਾਸ ਕੇਂਦਰ' ਤੋਂ ਬੀਜਾਂ ਦਾ ਅਯਾਤ ਕੀਤਾ। ਭਾਰਤ ਸਰਕਾਰ ਵੱਲੋਂ ਪੰਜਾਬ ਦੀ ਧਰਤੀ ਨੂੰ ਇਹਨਾਂ ਬੀਜਾਂ ਤੇ ਤਜਰਬਾ ਕਰਨ ਲਈ ਪਹਿਲ ਦੇ ਆਧਾਰ ਤੇ ਚੁਣਿਆ ਗਿਆ। ਜਿਸ ਦਾ ਮੁੱਖ ਕਾਰਨ ਇੱਥੇ ਸਿੰਜਾਈ ਦੇ ਪਾਣੀ ਦੀ ਬਹੁਤਾਤ ਸੀ। ਇਸ ਤਰ੍ਹਾਂ ਇੱਥੋਂ ਹੀ ਭਾਰਤ ਨੇ ਹਰੀ ਕ੍ਰਾਂਤੀ (ਜਿਸ ਵਿੱਚ ਪੌਦ ਪ੍ਰਜਣਨ, ਸਿੰਜਾਈ ਸਾਧਨਾ ਦੇ ਵਿਕਾਸ ਅਤੇ ਖੇਤੀ ਸੰਬੰਧੀ ਰਸਾਇਣਾਂ ਲਈ ਵਿੱਤੀ ਸਹਾਇਤਾ ਕਰਨਾ ਆਦਿ ਸ਼ਾਮਿਲ ਹਨ) ਦਾ ਸਫਰ ਸ਼ੁਰੂ ਕੀਤਾ। ਛੇਤੀ ਹੀ ਭਾਰਤ ਨੇ ਆਈ.ਆਰ.8 ਕਿਸਮ ਨੂੰ ਅਪਨਾਇਆ ਜੋ ਕਿ ਚਾਵਲ ਦੀ ਅਰਧ ਬੌਨੀ ਕਿਸਮ ਹੈ। ਇਸ ਨੂੰ ਅੰਤਰਰਾਸ਼ਟਰੀ ਚਾਵਲ ਖੋਜ ਸੰਸਥਾ ਨੇ ਵਿਕਸਿਤ ਕੀਤਾ ਸੀ। ਇਸ ਨੇ ਪ੍ਰਚਲਿਤ ਚਾਵਲ ਦੀਆਂ ਕਿਸਮਾਂ ਨਾਲੋਂ 10 ਗੁਣਾਂ ਵੱਧ ਝਾੜ ਦਿੱਤਾ। ਸੋ ਇਸ ਨੂੰ 'ਚਮਤਕਾਰੀ ਚਾਵਲ' ਦੇ ਨਾਮ ਨਾਲ ਜਾਣਿਆ ਜਾਣ ਲੱਗਾ।

ਹਰੀ ਕ੍ਰਾਂਤੀ ਰਾਹੀਂ ਖੇਤੀਬਾੜੀ ਤਕਨੀਕ ਅਤੇ ਭੋਜਨ ਸੁਰੱਖਿਆ:

ਹਰੀ ਕ੍ਰਾਂਤੀ ਰਾਹੀਂ ਪਹਿਲਾਂ ਵਿਕਸਿਤ ਹੋਈਆਂ ਤਕਨੀਕਾਂ ਦਾ ਹੋਰ ਪ੍ਰਸਾਰ ਹੋਇਆ ਪਰ ਇਹ ਪਸਾਰ ਉਦਯੋਗਿਕ ਰਾਸ਼ਟਰਾਂ ਤੋਂ ਬਾਹਰ ਨਾ ਹੋ ਸਕਿਆ। ਇਹਨਾਂ ਤਕਨੀਕਾਂ ਵਿੱਚ ਸ਼ਾਮਿਲ ਸਨ:

1. ਆਧੁਨਿਕ ਸਿੰਜਾਈ ਪ੍ਰਾਜੈਕਟ,
2. ਰਸਾਇਣਕ ਨਾਈਟ੍ਰੋਜਨ ਖਾਦਾਂ ਅਤੇ ਕੀਟਨਾਸ਼ਕ ਮੁਹੱਈਆ ਕਰਵਾਉਣਾ
3. ਸੁਧਰੀਆਂ ਹੋਈਆਂ ਕਿਸਮਾਂ ਦਾ ਵਿਕਾਸ ਕਰਨਾ ਜਿੰਨ੍ਹਾਂ ਨੂੰ ਵਧੀਕ ਝਾੜ ਵਾਲੀਆਂ ਕਿਸਮਾਂ ਕਿਹਾ ਜਾਂਦਾ ਹੈ। ਅਜਿਹੀਆਂ ਕਿਸਮਾਂ ਦੇਸੀ ਕਿਸਮਾਂ ਨਾਲੋਂ ਮਿੱਟੀ ਵਿੱਚ ਵੱਧ ਨਾਈਟ੍ਰੋਜਨ ਸੋਖਣ ਦੀ ਸਮਰੱਥਾ ਰੱਖਦੀਆਂ ਹਨ। ਦੋਗ਼ਲਾਕਰਣ ਤਕਨੀਕਾਂ ਰਾਹੀਂ ਜਨ ਸਮੂਹ ਵਿੱਚ ਹੋਰ ਵੀ ਸੁਧਾਰ ਕੀਤਾ ਗਿਆ।

   ਚਾਵਲ ਦੀ ਪਹਿਲੀ ਵਧੀਕ ਝਾੜ ਵਾਲੀ ਕਿਸਮ ਆਈ.ਆਰ.8 ਸੀ। ਇਹ ਭਾਰਤੀ ਚਾਵਲ ਖੋਜ ਸੰਸਥਾ ਨੇ ਇੰਡੋਨੇਸੀਆ ਦੀ ਕਿਸਮ 'ਪੇਟਾ' ਅਤੇ ਚੀਨੀ ਕਿਸਮ 'ਡੀ-ਜੀਓ-ਵੂ-ਜੈਨ' ਦੇ ਸੰਕਰਣ ਨਾਲ ਵਿਕਸਿਤ ਕੀਤੀ ਸੀ।
4. ਦੂਹਰੀ ਖੇਤੀ ਪ੍ਰਣਾਲੀ: ਦੂਹਰੀ ਖੇਤੀ ਪ੍ਰਣਾਲੀ ਦਾ ਅਰਥ ਹੈ ਸਲਾਨਾ ਪ੍ਰਤੀ ਰੁੱਤ ਇੱਕ ਫਸਲ ਦੀ ਥਾਂ ਦੋ ਫਸਲਾਂ ਦੀ ਖੇਤੀ ਕਰਨਾ ਹੈ। ਇਸਨੂੰ ਉੱਤਮ ਸਿੰਜਾਈ ਪ੍ਰਣਾਲੀ ਰਾਹੀਂ ਹੋਰ ਵੀ ਮਜਬੂਤ ਕੀਤਾ ਗਿਆ ਹੈ। ਕੁਦਰਤੀ ਮੌਨਸੂਨ ਦੇ ਪਾਣੀ ਨੂੰ ਇੱਕਠਾ ਕਰਨ ਲਈ ਵੱਡੇ ਡੈਮਾਂ ਦਾ ਨਿਰਮਾਣ ਕੀਤਾ ਗਿਆ। ਸਿੰਜਾਈ ਦੇ ਉੱਤਮ ਸਾਧਨਾਂ ਦਾ ਵਿਕਾਸ ਕੀਤਾ ਗਿਆ।

ਹਰੀ ਕ੍ਰਾਂਤੀ ਦੇ ਅੰਕੜਾ ਨਤੀਜੇ:

1. 1978-79 ਵਿੱਚ ਹਰੀ ਕ੍ਰਾਂਤੀ ਰਾਹੀਂ 131 ਲੱਖ ਟਨ ਰਿਕਾਰਡ ਤੋੜ ਅਨਾਜ ਦੀ ਪੈਦਾਵਾਰ ਹੋਈ ਸੀ। ਇਸ ਨੇ ਭਾਰਤ ਨੂੰ ਸੰਸਾਰ ਦਾ ਸਭ ਤੋਂ ਵੱਧ ਖੇਤੀਬਾੜੀ ਪੈਦਾਵਾਰ ਵਾਲੇ ਦੇਸ਼ ਦੇ ਰੂਪ ਵਿੱਚ ਸਥਾਪਿਤ ਕੀਤਾ।
2. ਪ੍ਰਤੀ ਏਕੜ ਖੇਤੀ ਪੈਦਾਵਾਰ ਵਿੱਚ ਸੰਨ 1947 ਤੋਂ 1979 ਤੱਕ 30% ਵਾਧਾ ਹੋਇਆ।
3. ਹਰੀ ਕ੍ਰਾਂਤੀ ਦੇ 10 ਸਾਲਾਂ ਦੌਰਾਨ ਵਧੀਕ ਝਾੜ ਵਾਲੀਆਂ ਕਿਸਮਾਂ ਹੇਠ ਰਕਬਾ 7% ਤੋਂ ਵੱਧ ਕੇ 22% ਹੋ ਗਿਆ। ਕਣਕ ਦੇ ਪੈਦਾਵਰ ਵਾਲੇ 70%, ਚਾਵਲ ਪੈਦਾਵਰ ਵਾਲੇ 35% ਅਤੇ ਬਾਜਰੇ ਅਤੇ ਮੱਕੀ ਵਾਲੇ 20% ਤੋਂ ਵੱਧ ਖੇਤਰਾ ਨੇ ਵਧੀਕ ਝਾੜ ਵਾਲੇ ਬੀਜਾਂ ਦਾ ਇਸਤੇਮਾਲ ਕੀਤਾ।

Scanned with CamScanner

- ਭਾਰਤ-ਡੱਚ ਸਮਝੌਤੇ ਤਹਿਤ ਆਲੂ ਲਈ ਉੱਚ ਦਰਜੇ ਦਾਂ ਕੇਂਦਰ ਜਲੰਧਰ ਦੇ ਢੋਗਰੀ ਵਿਖੇ ਸਥਾਪਤ ਕੀਤਾ ਜਾ ਰਿਹਾ ਹੈ। ਅਗਲੇ ਤਿੰਨ ਸਾਲਾ ਵਿੱਚ ਬੰਕਰ ਪ੍ਰਣਾਲੀ ਵਾਲੇ ਮੌਜੂਦਾਂ ਕੋਲਡ ਸਟੋਰਾਂ ਦਾ ਆਧੁਨਕੀਕਰਨ ਕਰਨ ਦੀ ਯੋਜਨਾ ਹੈ।
- ਕੇਂਦਰੀ ਸਰਕਾਰ ਵੱਲੋਂ ਅਮ੍ਰਿਤਸਰ ਵਿਖੇ ਬਾਗ਼ਬਾਨੀ ਸਬੰਧੀ ਉੱਚ ਸਿੱਖਿਆ (ਸਨਾਤਕੋਹਰ) ਸੰਸਥਾਵਾਂ ਦੀ ਸਥਾਪਨਾ ਦੇ ਐਲਾਨ ਦਾ ਵੀ ਪੰਜਾਬ ਸਰਕਾਰ ਨੇ ਨਿੱਘਾ ਸਵਾਗਤ ਕੀਤਾ।
- ਵਿਸ਼ਵ ਪੱਧਰੀ ਫੁੱਲਾਂ ਦੀ ਕਾਸਤ ਦੀ ਤਕਨੀਕਾਂ ਦੇ ਪ੍ਰਦਸ਼ਨ ਅਤੇ ਮਿਆਰੀਕਰਣ ਲਈ ਭਾਰਤ-ਡੱਚ ਸਮਝੌਤੇ ਤਹਿਤ ਫੁੱਲ ਦੀ ਕਾਸਤ ਦਾ ਉੱਤਮ ਦਰਜੇ ਦਾ ਕੇਂਦਰ ਲੁਧਿਆਣਾ ਦੇ ਢੋਰਾਹਾ ਵਿਖੇ ਸਥਾਪਤ ਕੀਤਾ ਜਾ ਰਿਹਾ ਹੈ।
- **ਆਲੂ ਬੀਜ ਪੇਂਡੂ ਸਕੀਮ:** ਪੰਜਾਬ ਦੀ ਦੇਸ਼ ਵਿਚ ਆਲੂ ਬੀਜ ਕੇਂਦਰ ਵਜੋਂ ਸਮਰੱਥਾ ਨੂੰ ਮਹਿਸੂਸ ਕਰਦਿਆਂ ਅਤੇ ਆਲੂ ਬੀਜ ਦੀ ਗੁਣਵੱਤਾ ਵਿਚ ਸੁਧਾਰ ਕਰਨ ਅਤੇ ਬੀਜ ਉਤਪਾਦਨ ਅਧੀਨ ਖੇਤਰ ਦਾ ਵਿਸਤਾਰ ਕਰਨ ਦੇ ਮੰਤਵ ਨਾਲ 'ਆਲੂ ਬੀਜ ਪੇਂਡੂ ਸਕੀਮ' ਨਾਂ ਦੀ ਨਵੀਂ ਸਕੀਮ ਦੀ ਤਜਵੀਜ਼ ਕੀਤੀ ਗਈ ਹੈ। ਕਾਸ਼ਤਕਾਰਾਂ ਦੀ ਸਹਾਇਤਾ ਲਈ ਆਲੂ ਬੀਜ ਲੱਭਣਯੋਗਤਾ ਪ੍ਰਣਾਲੀ ਨੂੰ ਵਿਕਸਿਤ ਕਰਨ, ਸਾਂਭ-ਸੰਭਾਲ ਅਤੇ ਕਾਰਜਸ਼ੀਲ ਕਰਨ ਲਈ ਇਕ ਸਮਰਪਿਤ ਰਾਜ ਏਜੰਸੀ ਅਧਿਸੂਚਿਤ ਵੀ ਕੀਤੀ ਜਾਵੇਗੀ। ਸਾਲ 2019-20 ਦੌਰਾਨ ਇਸ ਸਕੀਮ ਲਈ 2 ਕਰੋੜ ਰੁਪਏ ਰਾਖਵੇਂ ਗਏ ਹਨ।
- **ਫਲਾਂ ਅਤੇ ਸਬਜ਼ੀ ਕਾਸ਼ਤਕਾਰਾਂ ਦੇ ਲਾਭ ਲਈ ਫਲਾਂ ਅਤੇ ਸਬਜ਼ੀਆਂ ਲਈ ਸਮੂਹਿਕ ਸੁਵਿਧਾ** ਅਬੋਹਰ ਵਿਖੇ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ (PAGREXCO) ਵਲੋਂ ਸਥਾਪਤ ਕੀਤੀ ਜਾ ਰਹੀ ਹੈ। ਇਹ ਸਹੂਲਤ ਗਾਜਰ ਲਈ ਵਾਸ਼ਿੰਗ-ਗਰੇਡਿੰਗ ਪੈਕਿੰਗ ਲਾਈਨ, ਇਨਡਿਵਿਜ਼ੂਅਲ ਕਵਿਕ ਫ੍ਰੀਜ਼ਿੰਗ ਯੂਨਿਟ (ਆਈ.ਕਿਊ.ਐੱਫ.) ਤਾਜ਼ੇ ਫਲਾਂ ਅਤੇ ਸਬਜ਼ੀਆਂ ਦੀ ਡੀਹਾਈਡ੍ਰੇਸ਼ਨ ਯੂਨਿਟ ਅਤੇ ਗਾਜਰ ਹਾਰਵੈਸਟਰ ਅਤੇ ਨਿਊਮੈਟਿਕ ਪਲਾਂਟਰ ਆਦਿ ਨੂੰ ਉਪਲਬਧ ਅਤੇ ਉਨ੍ਹਾਂ ਦੇ ਵਰਤੋਂਯੋਗ ਰਹਿਣ ਦੀ ਅਵਧੀ ਨੂੰ ਵਧਾਉਣ, ਖਰਾਬ ਹੋਣ ਯੋਗ ਵਸਤੂਆਂ ਦੀ ਗੁਣਵੱਤਾ ਦੀ ਸੰਭਾਲ, ਵਾਢੀ ਚੱਕਰ ਦਾ ਮਾਰਕੀਟਿੰਗ ਚੱਕਰ ਨਾਲ ਸੰਤੁਲਨ ਰਖਣ ਅਤੇ ਖੇਤੀਬਾੜੀ ਵਨਸੁਵੰਨਤਾ ਨੂੰ ਸਮਰਥ ਬਣਾਵੇਗੀ। ਪੰਜਾਬ ਸਰਕਾਰ ਸਾਲ 2019-20 ਵਿਚ ਇਸ ਪ੍ਰਾਜੈਕਟ ਲਈ 19.67 ਕਰੋੜ ਰੁਪਏ ਦੇ ਰਾਖਵੇਂਕਰਨ ਨਾਲ ਸ਼ੁਰੂਆਤ ਕਰ ਰਹੀ ਹੈ।
- **ਬਾਗ਼ਬਾਨੀ ਮਿਲਖਾਂ:** ਪੰਜਾਬ ਸਰਕਾਰ ਨੇ ਸਿਰਜਤ ਬੁਨਿਆਦੀ ਢਾਂਚਾ ਅਤੇ ਸਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਦੇ ਮੰਤਵ ਨਾਲ 5 ਖੱਟਾ ਪ੍ਰਜਾਤੀ ਮਿਲਖਾਂ ਨੂੰ ਬਾਗ਼ਬਾਨੀ ਮਿਲਖਾਂ ਵਿਚ ਤਬਦੀਲ ਕਰਨ ਦਾ ਐਲਾਨ ਕੀਤਾ ਹੈ, ਜੋ ਕਿ ਉਸ ਖੇਤਰ ਵਿਚ ਅਧਿਸੂਚਿਤ ਖੇਤਰਾਂ ਵਿਚ ਆਮ ਤੌਰ ਤੇ ਕਾਸ਼ਤ ਕੀਤੀਆਂ ਜਾਂਦੀਆਂ ਵਧੇਰੇ ਫਸਲਾਂ ਨੂੰ ਕਵਰ ਕਰਕੇ ਕੀਤਾ ਜਾਵੇਗਾ। ਬਾਗਬਾਨੀ ਮਿਲਖਾਂ ਦੀ ਸਥਾਪਤੀ ਲਈ ਵਧੀਕ ਮਸ਼ੀਨਰੀਆਂ ਅਤੇ ਸਹੂਲਤਾਂ ਮੁਹੱਈਆ ਕਰਨ ਲਈ ਸਾਲ 2019-20 ਵਿਚ 10 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਹੈ।

ਸਹਾਇਕ-ਖੇਤਰ (ਪਸ਼ੂ ਪਾਲਣ, ਡੇਅਰੀ ਅਤੇ ਮੱਛੀ ਪਾਲਣ):

ਖੇਤੀ ਦੇ ਸਹਾਇਕ-ਖੇਤਰ ਜਿਵੇਂ ਪਸ਼ੂ ਪਾਲਣ, ਡੇਅਰੀ ਅਤੇ ਮੱਛੀ ਪਾਲਣ, ਪਿਛਲੇ ਕਈ ਸਾਲ ਦੌਰਾਨ ਮੁਨਾਫ਼ੇ ਦੇ ਅਹਿਮ ਖੇਤਰ ਸਾਬਿਤ ਹੋਏ ਹਨ।

ਪਸ਼ੂ ਪਾਲਣ:

ਪਸ਼ੂ ਪਾਲਣ ਰਾਜ ਦੀ ਪੇਂਡੂ ਅਰਥ ਵਿਵਸਥਾ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇਸ ਖੇਤਰ ਤੋਂ ਰਾਜ ਦੇ ਕਿਸਾਨਾਂ ਦੀ ਖੇਤੀ ਆਮਦਨ ਵਿੱਚ ਕਾਫੀ ਵਾਧਾ ਹੋਣ ਦੇ ਆਸਾਰ ਹਨ। ਇਹ ਖੇਤਰ ਮਜਦੂਰੀ-ਮੁਖੀ ਹੋਣ ਕਰਕੇ ਬੇਰੁਜਗਾਰ

Scanned with CamScanner

ਦਿਹਾਤੀ ਨੌਜਵਾਨ ਅਤੇ ਸਮਾਜ ਦੇ ਗਰੀਬ ਵਰਗ ਨੂੰ ਮਜਦੂਰੀ ਅਤੇ ਸਵੈ-ਰੁਜਗਾਰ ਦੇਣ ਵਿੱਚ ਸਹਾਈ ਹੁੰਦੇ ਹੈ। ਇਸ ਖੇਤਰ ਨੂੰ ਹੋਰ ਉਤਸਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਹੇਠ ਲਿਖੇ ਕਦਮ ਚੁੱਕੇ ਗਏ ਹਨ:

- ਡੇਅਰੀ, ਸੂਰ ਪਾਲਣ, ਬੱਕਰੀ ਪਾਲਣ ਅਤੇ ਮੱਛੀ ਪਾਲਣ ਲਈ ਸਲਾਹਕਾਰੀ ਬੋਰਡ ਸਥਾਪਿਤ ਕੀਤੇ ਗਏ ਹਨ।
- ਪਠਾਨਕੋਟ, ਬਰਨਾਲਾ ਅਤੇ ਫਾਜਿਲਕਾ ਵਿਖੇ ਤਿੰਨ ਨਵੇਂ ਪਸ਼ੂ ਚਿਕਿਤਸਾ ਪੋਲੀਕਲੀਨਿਕ ਬਣਵਾਏ ਗਏ ਹਨ।
- ਰਾਜ ਵਿੱਚ ਭੇਡ, ਸੂਰ ਅਤੇ ਮੁਰਗੀ ਪਾਲਣ ਦੇ ਵਿਕਾਸ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ।
- ਜਿਲ੍ਹਾ ਬਠਿੰਡਾ ਦੇ ਰਾਮਪੁਰਾਫੂਲ ਵਿੱਚ ਪਸ਼ੂ ਚਿਕਿਤਸਾ ਕਾਲਜ ਸਥਾਪਿਤ ਕੀਤਾ ਜਾ ਰਿਹਾ ਹੈ।
- ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ (GADVASU) ਲੁਧਿਆਣਾ, ਮੱਛੀ ਪਾਲਣ, ਮੁਰਗੀ ਪਾਲਣ, ਸੂਰ ਪਾਲਣ, ਬਣਾਉਟੀ ਗਰਭ ਧਾਰਣ ਅਤੇ ਡੇਅਰੀ ਲਈ ਸਿੱਖਿਅਤ ਕਾਮੇ ਪੈਦਾ ਕਰ ਰਹੀ ਹੈ। GADVASU ਦੇ ਬੁਨਿਆਦੀ ਢਾਂਚੇ ਨੂੰ ਮਜਬੂਤ ਕੀਤਾ ਗਿਆ ਹੈ।
- ਲੁਧਿਆਣੇ ਦੇ ਪੰਜਾਬ ਵੈਟਰਨਰੀ ਵੈਕਸੀਨ ਸੰਸਥਾਨ ਦਾ ਵੀ ਜੀ.ਐਮ.ਪੀ ਨਿਯਮਾਂ ਅਨੁਸਾਰ ਵਿਕਾਸ ਕੀਤਾ ਜਾ ਰਿਹਾ ਹੈ।
- ਸਰਕਾਰੀ ਸੂਰ ਫਾਰਮ ਨਾਭਾ (ਪਟਿਆਲਾ) ਦਾ ਆਧੁਨੀਕੀਕਰਨ ਕੀਤਾ ਗਿਆ ਹੈ।
- ਹੁਸ਼ਿਆਰਪੁਰ ਅਤੇ ਗੁਰਦਾਸਪੁਰ ਵਿਖੇ ਦੋ ਨਵੇਂ ਸੂਰ ਫਾਰਮ ਸਥਾਪਿਤ ਕੀਤੇ ਜਾ ਰਹੇ ਹਨ।
- ਲੁਧਿਆਣੇ ਵਿਖੇ ਤਿੰਨ-ਨਵੇ ਬਕਰੀ ਫਾਰਮ ਦਾ ਆਧੁਨੀਕੀਕਰਨ ਕੀਤਾ ਜਾ ਰਿਹਾ ਹੈ।
- ਕੋਟਕਪੁਰਾ (ਫਰੀਦਕੋਟ), ਕੁੱਲੇਮਾਜਰਾ (ਪਟਿਆਲਾ) ਅਤੇ ਮੱਤੇਵਾਰਾ (ਲੁਧਿਆਣਾ) ਵਿਖੇ ਤਿੰਨ ਨਵੇਂ ਬਕਰੀ ਫਾਰਮ ਦਾ ਆਧੁਨੀਕੀਕਰਨ ਕੀਤਾ ਜਾ ਰਿਹਾ ਹੈ।
- ਰਾਜ ਸਰਕਾਰ ਵਿਸ਼ੇਸ ਰਾਜ ਯੋਜ਼ਨਾ ਸਕੀਮ ਪਸ਼ੂ ਪਾਲਣ ਵਿਸਥਾਰ ਅਤੇ ਸਿਖਲਾਈ ਪ੍ਰੋਗਰਾਮ ਲਾਗੂ ਕਰ ਰਹੀ ਹੈ ਜਿਸ ਨਾਲ ਦਿਹਾਤੀ ਖੇਤਰ ਵਿੱਚ ਪੜ੍ਹੇ ਲਿਖੇ ਬੇਰੁਜਗਾਰ ਨੌਜਵਾਨਾਂ ਨੂੰ ਰੋਜਗਾਰ ਅਤੇ ਸਵੈ-ਰੋਜਗਾਰ ਦੇ ਮੌਕੇ ਪੈਦਾ ਕੀਤੇ ਗਏ ਹਨ।

ਡੇਅਰੀ ਵਿਕਾਸ:

ਪੰਜਾਬ ਦੇਸ਼ ਦਾ ਸਭ ਤੋਂ ਵੱਧ ਦੁੱਧ ਦਾ ਉਤਪਾਦਨ ਕਰਨ ਵਾਲਾ ਮੋਹਰੀ ਸੂਬਾ ਹੈ। ਇੱਥੇ ਪ੍ਰਤੀ ਦਿਨ 325 ਲੱਖ ਲੀਟਰ ਦੁੱਧ ਦਾ ਉਤਪਾਦਨ ਹੁੰਦਾ ਹੈ। ਪੰਜਾਬ ਵਿੱਚ ਪ੍ਰਤੀ ਵਿਅਕਤੀ ਪ੍ਰਤੀ ਦਿਨ ਦੁੱਧ ਦੀ ਖ਼ਪਤ 1182 ਗ੍ਰਾਮ ਹੈ ਜੋ ਕਿ ਰਾਸ਼ਟਰੀ ਪੱਧਰ ਤੇ ਹੁੰਦੀ ਉਪਲੱਭਤਾ ਤੋਂ 3 ਗੁਣਾ ਵੱਧ ਹੈ। ਇਸ ਅਦਾਰੇ ਦੇ ਵਿਕਾਸ ਲਈ ਪੰਜਾਬ ਸਰਕਾਰ ਨੇ ਹੇਠ ਲਿਖੇ ਉਪਰਾਲੇ ਕੀਤੇ ਹਨ:

- ਰਾਜ ਸਰਕਾਰ ਵੱਲੋਂ ਡੇਅਰੀ ਉਦਯੋਗ ਦੇ ਵਿਕਾਸ ਲਈ ਵਿਸ਼ੇਸ ਫੋਕਸ ਕੀਤਾ ਗਿਆ ਹੈ ਜਿਸ ਦੇ ਅਧੀਨ ਦੁੱਧ ਅਤੇ ਦੁੱਧ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਕਮਰਸ਼ੀਅਲ ਡੇਅਰੀ ਫਾਰਮਿੰਗ ਦੇ ਕਿਸਾਨਾ ਨੂੰ ਵਿਸੇਸ ਸਿੱਖਿਆ ਅਤੇ ਸਿਖਲਾਈ ਤੇ ਜੋਰ ਦਿੱਤਾ ਗਿਆ ਹੈ।
- ਆਟੋਮੈਟਿਕ ਮਿਲਕ ਡਿਸਪੈਸਿੰਗ ਯੂਨਿਟ ਲਗਾਉਣ ਲਈ ਸਬਸਿਡੀ ਦਿੱਤੀ ਜਾ ਰਹੀ ਹੈ।
- ਮਹਿੰਗੀ ਮਸ਼ੀਨਰੀ ਨੂੰ ਕਿਰਾਏ ਤੇ ਉਪਲੱਭਧ ਕਰਵਾਉਣ ਲਈ ਡੇਅਰੀ ਸੇਵਾ ਕੇਂਦਰ ਸਥਾਪਤ ਕੀਤੇ ਗਏ ਹਨ।
- ਪਸ਼ੂਆਂ ਦੀ ਨਸਲ ਵਿੱਚ ਸੁਧਾਰ ਅਤੇ ਦੁੱਧ ਉਤਪਾਦ ਵਿੱਚ ਵਾਧਾ ਕਰਨ ਲਈ 4.25 ਲੱਖ ਫਰੋਜਨ ਵੀਰਜ਼ ਸਟਰਾਅ

Scanned with CamScanner

ਅਮਰੀਕਾ ਅਤੇ ਕਨੇਡਾ ਤੋਂ ਆਯਾਤ ਕੀਤੇ ਗਏ ਹਨ। ਲਗਭਗ 50,000 ਲਿਟਰ ਵੀਰਜ ਸਟਰਾਅ ਆਯਾਤ ਕੀਤੇ ਗਏ ਹਨ।

- ਲੋਹੀ (ਜ਼ਿਲ੍ਹਾ ਪਟਿਆਲਾ) ਵਿਖੇ ਨਸਲ ਸੁਧਾਰਨ ਲਈ ਪਸ਼ੂ ਸੁਧਾਰ ਫਾਰਮ ਸਥਾਪਤ ਕੀਤਾ ਗਿਆ ਹੈ। ਨਾਭੇ ਦੇ ਫੀਡ ਪ੍ਰੈਸ ਵਿੱਚ ਵੀ ਸੁਧਾਰ ਕੀਤਾ ਗਿਆ ਹੈ।
- ਦੇਸੀ ਸਾਹੀਵਾਲ ਪਸ਼ੂਆਂ ਦੀ ਮੰਡਾਲ 'ਰਾਸ਼ਟਰੀ ਗੋਕੁਲ ਮਿਸ਼ਨ' ਅਧੀਨ 30 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟ ਨੂੰ ਭਾਰਤ ਸਰਕਾਰ ਵੱਲੋਂ ਮਨਜ਼ੂਰੀ ਮਿਲ ਚੁੱਕੀ ਹੈ ਅਤੇ ਤੁੱਲੇ-ਮਾਜਰਾ (ਨਾਭਾ ਤਹਿਸੀਲ, ਜ਼ਿਲ੍ਹਾ ਪਟਿਆਲਾ) ਵਿਖੇ 'ਗੋਕੁਲ ਗ੍ਰਾਮ' ਵਿੱਚ ਸਥਾਪਿਤ ਕੀਤਾ ਜਾ ਰਿਹਾ ਹੈ।
- ਸੰਗਰੂਰ ਵਿਖੇ ਇਕ ਨਵਾਂ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਸਥਾਪਿਤ ਕੀਤਾ ਗਿਆ ਹੈ। ਸੰਗਰੂਰ ਦੇ ਕੇਂਦਰ ਨੂੰ ਮਿਲਾ ਕੇ, ਰਾਜ ਵਿੱਚ ਕੁਲ 9 ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਹਨ।
- ਨੈਸ਼ਨਲ ਪ੍ਰੋਗਰਾਮ ਫਾਰ ਡੇਅਰੀ ਡਿਵੈਲਪਮੈਂਟ ਅਧੀਨ ਮਿਲਕਫੈਡ ਪੰਜਾਬ ਵਲੋਂ ਮਿਲਕ ਯੂਨੀਅਨ ਬਠਿੰਡਾ, ਜਲੰਧਰ ਅਤੇ ਅੰਮ੍ਰਿਤਸਰ ਵਿਖੇ ਵੱਡੇ ਪ੍ਰਾਜੈਕਟ ਲਾਗੂ ਕੀਤੇ ਜਾ ਰਹੇ ਹਨ। ਇਨ੍ਹਾਂ ਪ੍ਰੋਜੈਕਟਾਂ ਦਾ ਮੁੱਖ ਮੰਤਵ ਮਿਲਕ ਯੂਨੀਅਨ ਬਠਿੰਡਾ ਵਿਖੇ ਇੱਕ ਨਵਾਂ ਆਈਸ ਕਰੀਮ ਪਲਾਂਟ, ਮਿਲਕ ਯੂਨੀਅਨ ਜਲੰਧਰ ਵਿਖੇ ਮਿਲਕ ਪਾਊਡਰ ਪਲਾਂਟ ਅਤੇ ਮਿਲਕ ਯੂਨੀਅਨ ਅੰਮ੍ਰਿਤਸਰ ਵਿਖੇ ਦੁੱਧ ਪ੍ਰੋਸੈਸ ਕਰਨ ਦੀ ਸਮਰੱਥਾ ਨੂੰ ਵਧਾਉਣਾ ਹੈ।
- ਮਿਲਕਫੈਡ (ਵੇਰਕਾ) ਵੱਲੋਂ ਬੇਸੀ ਪਠਾਣਾ ਵਿਖੇ 10LLPD ਸਮੱਰਥਾ ਵਾਲਾ ਵਿਸ਼ੇਸ਼ ਪ੍ਰੋਜੈਕਟ ਲਗਾਇਆ ਜਾ ਰਿਹਾ ਹੈ।
- ਪੰਜਾਬ ਸਰਕਾਰ ਸਥਿਰ ਪਸ਼ੂ ਪਾਲਣ ਅਤੇ ਰੁਜ਼ਗਾਰ ਸਿਰਜਣ ਲਈ ਸੂਬੇ ਵਿੱਚ ਨਵੇਂ ਡੇਅਰੀ ਯੂਨਿਟਾਂ ਦੀ ਸਥਾਪਤੀ ਕਰ ਰਹੀ ਹੈ।

ਮੱਛੀ ਪਾਲਣ:

ਮੱਛੀ ਪਾਲਣ ਖੇਤਰ ਕਿਸਾਨਾਂ ਲਈ ਕਿੱਤਾ ਰੋਜ਼ਗਾਰ ਦੇ ਨਾਲ-ਨਾਲ ਕਮਾਈ ਦਾ ਵੀ ਚੰਗਾ ਸਾਧਨ ਹੈ। ਸਾਲ 2018-19 ਦੌਰਾਨ ਪਾਣੀ ਦਾ ਕੁੱਲ 37210.17 ਏਕੜ ਖੇਤਰਫਲ ਮੱਛੀ ਪਾਲਣ ਅਧੀਨ ਲਿਆਂਦਾ ਗਿਆ। ਪੰਜਾਬ ਵਿੱਚ ਮੱਛੀ ਪਾਲਣ ਨੂੰ ਉਤਸਾਹਿਤ ਕਰਨ ਲਈ ਰਾਜ ਸਰਕਾਰ ਨੇ ਹੇਠ ਲਿਖੇ ਕਦਮ ਚੁੱਕੇ ਹਨ:

- ਦੱਖਣ ਪੱਛਮੀ ਜ਼ਿਲ੍ਹਿਆਂ ਜਿਵੇਂ ਕਿ ਸ੍ਰੀ ਮੁਕਤਸਰ ਸਾਹਿਬ, ਫਿਰੋਜਪੁਰ, ਮਾਨਸਾ, ਫਾਜ਼ਿਲਕਾ ਅਤੇ ਫਰੀਦਕੋਟ ਵਿੱਚ ਖਾਰੇ ਪਾਣੀ ਨਾਲ ਪ੍ਰਭਾਵਿਤ ਇਲਾਕਿਆ ਨੂੰ ਮੱਛੀ ਪਾਲਣ ਹੇਠ ਲਿਆਉਣ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ।
- ICAR, ਭੁਵਨੇਸ਼ਵਰ ਦਾ ਖੇਤਰੀ ਖੋਜ ਕੇਂਦਰ, ਜਿਲ੍ਹਾ ਬਠਿੰਡਾ ਦੇ ਪਿੰਡ ਜੋਧਪੁਰ ਰੁਮਾਣਾ ਵਿਖੇ ਸਥਾਪਿਤ ਕੀਤਾ ਜਾ ਰਿਹਾ ਹੈ।
- ਲੁਧਿਆਣੇ ਵਿਖੇ ਆਧੁਨਿਕ ਆਧੁਨਿਕ ਸਵਸਥ ਥੋਕ ਮੱਛੀ ਮਾਰਕੀਟ ਸਥਾਪਿਤ ਕੀਤੀ ਗਈ ਹੈ। ਇਸੇ ਕਿਸਮ ਦੀ ਮਾਰਕੀਟ ਜ਼ਿਲ੍ਹਾ ਬਠਿੰਡਾ ਅਤੇ ਅੰਮ੍ਰਿਤਸਰ ਵਿਖੇ ਵੀ ਸਥਾਪਿਤ ਕੀਤੀ ਗਈ ਹੈ।
- ਜ਼ਿਲ੍ਹਾ ਪਟਿਆਲਾ ਵਿਖੇਂ ਇੱਕ ਮੱਛੀ ਰੀਟੇਲ ਮੰਡੀ ਦੀ ਸਥਾਪਨਾ ਕੀਤੀ ਜਾ ਰਹੀ ਹੈ ਜਿਸ ਸਬੰਧੀ ਪੰਜਾਬ ਮੰਡੀ ਬੋਰਡ ਵੱਲੋ ਜ਼ਮੀਨ ਦਾ ਪ੍ਰਬੰਧ ਕਰ ਲਿਆ ਗਿਆ ਹੈ।
- ਆਰ. ਕੇ. ਵੀ. ਵਾਈ ਅਤੇ ਨੀਲੀ ਕ੍ਰਾਂਤੀ ਸਕੀਮ ਅਧੀਨ ਰਾਜ ਦੇ ਵੱਖ ਵੱਖ ਸਰਕਾਰੀ ਪ੍ਰੂੱਗ ਫਾਰਮਾਂ ਤੇ 11 ਮੱਛੀ ਫੀਡ ਮਿਲਾਂ ਸਥਾਪਿਤ ਕੀਤੀਆਂ ਜਾ ਰਹੀਆਂ ਹਨ।

Scanned with CamScanner

- ਮਾਨਸਾ ਜਿਲ੍ਹੇ ਵਿੱਚ ਇੱਕ ਮੱਛੀ ਪੁੰਗ ਫਾਰਮ ਸਥਾਪਿਤ ਕੀਤਾ ਜਾ ਰਿਹਾ ਹੈ।
- ਵਧੇਰੇ ਮੱਛੀ ਉਤਪਾਦਨ ਲਈ ਛੇ ਰੀ-ਸਰਕੁਲੇਟਰੀ ਐਕੁਆ-ਕਲਚਰ ਸਿਸਟਮ ਅਤੇ ਸਰਕਾਰੀ ਪੁੰਗ ਫਾਰਮਾਂ ਤੇ 15 ਮੈਗਾ ਵਾਟ ਸੂਰਜੀ ਊਰਜਾ ਸਹਾਇਕ ਪ੍ਰਣਾਲੀ ਸਥਾਪਿਤ ਕੀਤੇ ਜਾ ਰਹੇ ਹਨ।
- ਨੀਲੀ ਕ੍ਰਾਂਤੀ ਸਕੀਮ ਅਧੀਨ ਰਾਜ ਦੇ ਵੱਖ ਵੱਖ ਸਰਕਾਰੀ ਮੱਛੀ ਪੁੰਗ ਫਾਰਮਾਂ ਤੇ ਮਿੱਟੀ ਪਾਣੀ ਅਤੇ ਮੱਛੀਆਂ ਦੀ ਬਿਮਾਰੀ ਦੀ ਜਾਂਚ ਸਬੰਧੀ 5 ਲੈਬਾਰਟਰੀਆਂ ਦੀ ਸਥਾਪਨਾ ਕੀਤੀ ਜਾ ਚੁਕੀ ਹੈ।

ਕਿਸਾਨ:

ਕਿਸਾਨਾਂ ਤੇ ਵੱਧ ਰਹੇ ਕਰਜੇ ਦੀਆਂ ਘਟਨਾਵਾਂ ਸਚਮੁੱਚ ਚਿੰਤਾ ਦਾ ਵਿਸਾ ਹਨ। ਅਜਿਹਾ ਮੁੱਖ ਤੌਰ 'ਤੇ ਖੇਤੀ ਤੋਂ ਆਮਦਨ ਘੱਟਣ ਕਾਰਨ ਹੋ ਰਿਹਾ ਹੈ। ਸ਼ੱਕ ਵੱਲੋਂ ਹਾਲ ਹੀ ਵਿੱਚ ਕੀਤੇ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਲਗਭਗ 5000 ਕਿਸਾਨਾਂ ਅਤੇ ਖੇਤ ਕਾਮਿਆਂ ਨੇ ਪਿਛਲੇ 10 ਸਾਲਾਂ ਵਿੱਚ ਖੁਦਕੁਸ਼ੀ ਕੀਤੀ ਹੈ।

ਪੰਜਾਬ ਵਿੱਚ ਖੇਤੀ ਕਰਜੇ ਦੀ ਕੀਮਤ ਲੱਗਭਗ 35,000 ਕਰੋੜ ਰੁਪਏ ਹੈ। ਇਹ ਇੱਕ ਮੰਦਭਾਗੀ ਘਟਨਾ ਹੈ। NSSO ਵੱਲੋਂ ਕੀਤੇ ਸਰਵੇਖਣ ਅਨੁਸਾਰ ਲੱਗਭਗ 50% ਖੇਤੀ ਆਧਾਰਿਤ ਪਰਿਵਾਰ ਕਰਜੇ ਦੇ ਬੋਝ ਹੇਠਾਂ ਦਬੇ ਹੋਏ ਹਨ। ਪੰਜਾਬ ਵਿੱਚ ਅਜਿਹੇ ਪਰਿਵਾਰਾਂ ਦੀ ਗਿਣਤੀ 66% ਹੈ। ਇਹ ਦੇਸ਼ ਵਿੱਚ ਆਂਧਰਾ ਪ੍ਰਦੇਸ਼ ਅਤੇ ਤਮਿਲਨਾਡੂ ਤੋਂ ਬਾਅਦ ਤੀਜੇ ਸਥਾਨ 'ਤੇ ਹੈ।

ਕਿਸਾਨਾਂ ਲਈ ਰਾਜ ਸਰਕਾਰਾਂ ਵੱਲੋਂ ਕੀਤੇ ਉਪਰਾਲੇ:

- ਪੰਜਾਬ ਖੇਤੀ ਬਾੜੀ ਕਰਜਦਾਰੀ ਐਕਟ, 2016 ਦਾ ਪੰਜਾਬ ਸਥਾਪਨਾ ਬਣਾਇਆ ਗਿਆ ਹੈ।
- **ਖੇਤੀ ਕਰਜ਼ਾਂ ਮਾਫ਼ੀ/ਮੁਆਫੀ ਸਕੀਮ:** ਡਾ: ਈ ਹੱਕ ਦੀ ਅਗਵਾਈ ਹੇਠ ਕੰਮ ਕਰ ਰਹੀ ਮਾਹਰਾਂ ਦੀ ਟੀਮ ਵੱਲੋਂ ਦਿੱਤੀ ਗਈ ਵਿਸ਼ੇਸ ਰਿਪੋਰਟ ਤਹਿਤ ਰਾਜ ਸਰਕਾਰ ਨੇ ਛੋਟੇ ਅਤੇ ਮੱਧ ਵਰਗੀ ਕਿਸਾਨਾ ਜਿੰਨਾ ਉੱਪਰ ਲੱਗਭਗ 2 ਲੱਖ ਤੱਕ ਦਾ ਕਰਜ਼ਾ ਹੈ ਅਤੇ ਜ਼ੋ ਲੱਗਭਗ 5 ਏਕੜ ਤੱਕ ਦੀ ਜ਼ਮੀਨ ਦੇ ਮਾਲਿਕ ਹਨ, ਲਈ ਰਾਜ ਵਿੱਚ ਕਰਜ਼ਾ ਮੁਆਫੀ ਸਕੀਮ ਆਰੰਭ ਕੀਤੀ ਹੈ। ਬਾਕੀ ਰਹਿੰਦੇ ਕਿਸਾਨਾ ਨੂੰ ਵੀ 2 ਲੱਖ ਰੁਪਏ ਤੱਕ ਦੀ ਰਾਹਤ ਦੇਣ ਦਾ ਫੈਸਲਾ ਕੀਤਾ ਗਿਆ ਹੈ। ਲੱਗਭਗ 10.25 ਲੱਖ ਕਿਸਾਨਾ ਨੂੰ ਇਸ ਸਕੀਮ ਦਾ ਲਾਭ ਮਿਲਣ ਦੀ ਉਮੀਦ ਹੈ।
- ਸੂਬਾ ਸਰਕਾਰ ਨੇ ਕਿਸਾਨਾਂ ਦੇ ਖੁਦਕੁਸ਼ੀ ਦੇ ਮਾਮਲੇ ਵਿੱਚ ਕਿਸਾਨਾਂ ਦੇ ਪਰਿਵਾਰਾਂ ਨੂੰ ਦੇਈ ਜਾਣ ਵਾਲੀ ਰਾਸ਼ੀ 3 ਲੱਖ ਰੁਪਏ ਤੋ ਵਧਾ ਕੇ 5 ਲੱਖ ਤੱਕ ਕਰ ਦਿੱਤੀ ਗਈ ਹੈ।
- **ਮੁਫ਼ਤ ਪਾਵਰ ਸਬਸਿਡੀ:–** ਕਿਸਾਨਾ ਨੂੰ ਮੁਫ਼ਤ ਬਿਜਲੀ ਸਬਸਿਡੀ ਮੁਹੱਈਆ ਕਰਵਾਈ ਜਾ ਰਹੀ ਹੈ।
- **ਬਿਨਾ ਵਿਆਜ ਤੋਂ ਖੇਤੀ ਕਰਜੇ:** ਪੰਜਾਬ ਸਰਕਾਰ ਨੇ ਛੋਟੇ ਅਤੇ ਦਰਮਿਆਨੇ ਮਲਕੀਅਤ ਵਾਲੇ ਕਿਸਾਨਾਂ ਨੂੰ 50,000 ਰੁਪਏ ਪ੍ਰਤੀ ਫਸਲ ਤੱਕ ਦਾ ਵਿਆਜ ਰਹਿਤ ਖੇਤੀ ਕਰਜਾ ਦੇਣ ਦੀ ਸਿਫ਼ਾਰਸ ਕੀਤੀ ਹੈ। ਇਸ 'ਤੇ ਲੱਗਦਾ 4% ਦਾ ਵਿਆਜ ਜ਼ੋ ਪਹਿਲਾਂ ਕਿਸਾਨਾਂ ਨੂੰ ਦੇਣਾ ਪੈਂਦਾ ਸੀ ਹੁਣ ਇਸ ਦਾ ਭੁਗਤਾਨ ਰਾਜ ਸਰਕਾਰ ਕਰੇਗੀ।
- **ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ:** ਤਹਿਤ ਬੀਮਾ ਸਕੀਮ ਰਾਜ ਸਰਕਾਰ ਨੇ ਭਗਤ ਪੂਰਨ ਸਿੰਘ ਬੀਮਾ ਯੋਜਨਾ ਦੁਆਰਾ 11 ਲੱਖ ਕਿਸਾਨਾਂ ਦਾ ਬੀਮਾ ਕਰਨ ਦਾ ਫੈਸਲਾ ਲਿਆ ਹੈ। ਇਸ ਸਕੀਮ ਤਹਿਤ ਪਰਿਵਾਰ ਦੇ ਮੁੱਖੀ ਦੀ ਮੌਤ ਜਾਂ ਅਪੰਗਤਾ ਹੋਣ ਤੇ ਉਸ ਦੇ ਪਰਿਵਾਰ ਨੂੰ 5 ਲੱਖ ਰੁਪਏ ਦਿੱਤੇ ਜਾਣਗੇ। ਪਰਿਵਾਰ ਨੂੰ ਇਸੇ ਸਕੀਮ ਤਹਿਤ 50,000 ਰੁਪਏ ਤੱਕ ਦੀ ਮੁਫਤ ਮੈਡੀਕਲ ਸੁਵਿਧਾ ਵੀ ਪ੍ਰਦਾਨ ਕੀਤੀ ਜਾਵੇਗੀ।

Scanned with CamScanner

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

Scanned with CamScanner

੫.੬ ਸਿੰਚਾਈ

ਪੰਜਾਬ ਵਿਚ ਸਿੰਚਾਈ ਦੀਆਂ ਸਹੂਲਤਾਂ ਦਾ ਅਹਾਤਾ ਬਿਆਨ ਕਰਦਾ ਹਵਾਲਾ ਇਹਨਾਂ ਹੈ। ਪੰਜਾਬ ਦੇ ਕੁਲ ਬੁਆਈ ਹੇਠ ਰਕਬੇ ਵਿਚੋਂ ਲਗਭਗ ੯੬.੪੫ ਫੀਸਦੀ ਰਕਬਾ ਸਿੰਚਾਈ ਪ੍ਰਣਾਲੀ ਨੂੰ ਵਿਕਸਿਤ ਕੀਤਾ ਹੈ। ਇਹ ਪ੍ਰਣਾਲੀ ਵਿਸ਼ਵ ਵਿਚੋਂ ਦੂਸਰੀ ਹੈ ਅਤੇ ੧੯੪੭ ਵਿਚ ਭਿਆਨਕ ਪਾਣੀ ਦੇਣਾਂ ਪੰਜਾਬ ਵਿਚ ਸਿੰਚਾਈ ਪਾਣੀ ਦਾਖਲ ਕਰਦਾਹ ਕੀਤਾ ਗਿਆ ਸੀ। ਦੇਸ਼ ਦੇ ਕੁਲ ਸਿੰਚਾਈ ਰਕਬੇ ਵਿਚ ਚਾਰ ਪਾਣੀਆਂ ਦੇ ਭਾਗਾਂ ਦਾ ਅਨੁਪਾਤ ਪਾਣੀ ਪ੍ਰਣਾਲੀ ਦਰਸਾਉਂਦਾ, ਪੰਜਾਬ ਅਤੇ ਹਰਿਆਣੇ ਦੀ ਸਾਰਥਕ ਸਿੰਚਾਈ ਰਕਬੇ ਤਕ ਪਹੁੰਚ ਸੀ। ਪੰਜਾਬ ਵਿਚ ਨਹਰੀ ਪ੍ਰਣਾਲੀ ਦੀ ਕਾਰਜਕਾਰੀ ਸਫਲਤਾ ਵਿਚ ਮਹੀਨੀ ਪ੍ਰਣਾਲੀ ਦਾ ਵਿਕਾਸ ਇਕ ਮਹਤਵਪੂਰਨ ਪੜਾਅ ਹੈ।

ਦੇਸ਼ਭਗਤ ਅਤੇ ਦੇਸ਼ਾਲ ਕਾਲ ਵਿਚ ਖੇਤੀ ਲਈ ਸਰਕਾਰ ਕਾਰਨ ਖੇਤੀ ਅਧੀਨ ਰਕਬਾ ਬਿਜਾਈ ਅਧੀਨ ਹੈ। ਪੰਜਾਬ ਵਿਚ ਕੁਲ ਸਿੰਚਾਈ ਸਿੰਚਾਈਆਂ ਰਕਬਾ ੪.੨੪੮੮ ਹੈਕਟੇਅਰ ਹੈ ਅਤੇ ਕੁਲ ਬੀਜਿਆ ਰਕਬੇ ਦਾ ੫੬.੭ ਪ੍ਰਤੀਸ਼ਤ ਬਿਜਾਈ ਅਧੀਨ ਹੈ। ਕੁਲ ਵਿਚ ਸਿੰਚਾਈ ਦੇ ਮੁਖੇ ਸਾਧਨ ਟਿਊਬਵੈਲ ਅਤੇ ਨਹਰਾਂ ਹਨ।

- ਟਿਊਬਵੈਲ ੭੭%
- ਨਹਰਾਂ ੨੩%

ਪੰਜਾਬ ੭੭% ਖੇਤਰ ਵਿਚ ਟਿਊਬਵੈਲਾਂ ਨਾਲ ਸਿੰਚਾਈ ਹੁੰਦੀ ਹੈ। ਸਿੰਚਾਈ ਲਈ ਟਿਊਬਵੈਲਾਂ ਤੇ ਨਿਰਭਰਤਾ ਵੱਧਣ ਨਾਲ ਧਰਤੀ ਦਾ ਪੱਧਰ ਲੋਕ ਰਹਿਆ ਹੈ। ਜ਼ਮੀਨਦੋਜ਼ ਪਾਣੀ ਸੰਭਾਲ ਅਤੇ ਕਾਸ਼ਤ ਅਧੀਨ ਵਿਚ ਤੇਜ਼ੀ ਨਾਲ ਅਤੇ ਨਿਰੰਤਰ ਵਧਦੇ ਹੋਏ ਖਰਚੇ ਕਾਰਨ ਪੰਜਾਬ ਵਿਚ ਪਾਣੀ ਦੀ ਡੂੰਘਾਈ ਦਾ ਪੱਧਰ ਲਗਾਤਾਰ ਘੱਟਦਾ ਜਾ ਰਿਹਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਦੇ ਕਈ ਖੇਤਰਾਂ ਵਿਚ ਪਾਣੀ ਦੀ ਮਾਤਰਾ ਵਿਚ ਭਾਰੀ ਗਿਰਾਵਟ ਹੋਣ ਕਾਰਨ ਕੇਂਦਰ ਸਰਕਾਰ ਨੂੰ ਇਸ ਖੇਤਰ ਪਾਣੀ ਪ੍ਰਬੰਧਨ ਵਿਚ ਸੁਧਾਰ ਕਰਨ ਲਈ ਨਵੇਂਨਾਂ ਕਾਨੂੰਨ ਬਣਾਉਣ ਦੀ ਲੋੜ ਹੈ। ਪੰਜਾਬ ਵਿਚ ੨੨ ਜਿਲ੍ਹਿਆਂ ਵਿਚੋਂ ੧੨ ਜਿਲ੍ਹਿਆਂ ਵਿਚ ਪਾਣੀ ਦਾ ਪੱਧਰ ਹਰ ਸਾਲ ੨੫ ਮੀਟਰ ਤੋਂ ਹੇਠਾਂ ਚਲਾ ਗਿਆ ਹੈ। ਇਹ ਜਿਲ੍ਹੇ ਹਨ - ਫਿਰੋਜ਼ਪੁਰ ਤੇ ਫਾਜ਼ਿਲਕਾ, ਮੋਗਾ ਤੇ ਮੋਗਾ ਨਗਰ, ਤੁਸ਼ਾਰਨਗਰ, ਪਟਨਕੋਟ, ਗੁਰਦਾਸਪੁਰ, ਨਵਾਂਸ਼ਹਰ, ਸ੍ਰੀਮੁਕਤਸਰ, ਬੁਰਨਾਲਾ, ਮਲੇਰਕੋਟਲਾ, ਲੁਧਿਆਣਾ, ਕਪੂਰਥਲਾ ਅਤੇ ਮਾਨਸਾ। ਜਿਸ ਕਾਰਨ ਕੁਦਰਤੀ ਪਾਣੀ ਦਾ ਪੱਧਰ ਦਾ ਹੇਠਾਂ ਜਾਣ ਵਿਚ ਵੱਖ ਵੱਖ ਕਾਰਨ ਹਨ।

ਪੰਜਾਬ ਸਰਕਾਰ ਨੇ ਇਸ ਵਿਚ ਸਹਿਣੀ ਪ੍ਰਣਾਲੀ ਨੂੰ ਮੁਖੇ ਤੌਰ ਤੇ ਅਪਣਾਇਆ ਹੈ। ਜਿਸ ਨਾਲ ਜਮੀਨ ਦੇ ਹੇਠਲੇ ਪਾਣੀ ਦੇ ਨਿਘਾਰਤਾ ਘਟਾਉਣੀ ਸਾਰ ਅਤੇ ਇਸ ਤੋਂ ਮੈਲੂਦ ਪਾਣੀ ਨੂੰ ਸਹਿਣੀਆਂ ਦੀ ਕੁਸ਼ਲਤਾ ਸਮਾਂਤਰ ਵਧਾ ਕੇ ਨਵਾ ਅਵੇਸਾ ਦੀ ਕਾਸ਼ਤਯੋਗਤਾ ਕਾਬਲਤਾਂ ਸਾਂਚੀ ਹੈ। ਪਾਣੀ ਖੇਤਰਾਂ ਵਿਚ ਘੱਟ ਲਾਗਤ ਵਾਲੇ ਕੈਮ ਸਟਰਾ ਦੇ ਨਿਰਮਾਣ ਲਈ ਸਰਕਾਰ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪਾਣੀ ਅਤੇ ਮਿੱਟੀ ਦੀ ਸਾਂਭ ਸੰਭਾਲ ਲਈ ਕਾਨੂੰ ਸਰਕਾਰ ਵੱਲੋਂ ਕੀਤੇ ਉਪਰਾਲੇ:

ਪਾਣੀ ਕੀਮਤੀ ਦੇਣ ਮਿੱਟੀ ਅਤੇ ਪਾਣੀ ਦੀ ਸਾਂਭ ਸੰਭਾਲ ਲਈ ਕਾਨੂੰ ਸਰਕਾਰ ਨੇ ਹੇਠ ਲਿਖੇ ਉਪਰਾਲੇ ਕੀਤੇ ਹਨ:

- **ਪੰਜਾਬ ਤੁਪਕਾਨੀ ਪ੍ਰਸਿਕਵੇਸ਼ਨ ਐਕਟ, 2014:** ਇਹ ਐਕਟ ਸਕਰਾਤਮਕ ਲਾਗੂ ਕੀਤਾ ਜਾ ਰਹਾ ਹੈ। ਇਸ ਐਕਟ ਅਧੀਨ 15 ਜੂਨ ਤੋਂ ਪਹਿਲਾਂ ਝੋਨੇ ਦੀ ਲਾਗਤੀ ਤੋਂ ਬਿਨਾਂ ਵਾਲਿਆਂ ਕਿਸਾਨਾਂ ਦੀ ਪਾਬੰਦੀ ਲਗਾਉਣ ਦੇ ਵੇਖ ਹੈ। ਇਸ ਐਕਟ ਲਾਗੂ ਹੋਣ ਨਾਲ ਜਮੀਨ ਪਾਣੀ ਦੀ ਬੱਚਤ ਤੇ ਵੱਧ ਵਾਧੇ ਤੇ ਵੇਖ ਲਗੀ ਹੈ।
- ਕਾਨੂੰ ਇਕ ਕਿਸਾਨਾਂ ਪਾਣੀ ਦੀ ਸੰਭਾਲ ਸਬੰਧੀ ਸਕੀਮ: ਜਮੀਨ ਹੇਠਲੇ ਪਾਣੀ ਦੇ ਬੱਚਾਅ ਵਿਚ ਵਾਧਾ ਕਰਨੇ ਹੇਤੋਂ ਨਾ

ਰਹੇ ਪਾਣੀ ਦੇ ਪੱਧਰ ਨੂੰ ਠੱਲ ਪਾਉਣ ਲਈ ਇਹ ਸਕੀਮ ਰਾਜ ਦੇ ਕੰਢੀ ਖੇਤਰਾਂ ਵਿੱਚ ਲਾਗੂ ਕੀਤੀ ਗਈ ਹੈ।

- **ਗੈਰ ਪਰਿਯੋਜਨਾ ਵਾਲੇ ਕੰਢੀ ਖੇਤਰਾਂ ਵਿੱਚ ਜਲਵੰਡ ਦੇ ਅਧਾਰ ਤੇ ਮਿੱਟੀ ਅਤੇ ਪਾਣੀ ਦੀ ਸਾਂਭ ਸੰਭਾਲ:** ਇਹ ਸਕੀਮ ਮੁੱਖ ਤੌਰ 'ਤੇ ਰਾਜ ਦੇ ਕੰਢੀ ਖੇਤਰਾਂ ਵਿੱਚ ਮਿੱਟੀ ਅਤੇ ਪਾਣੀ ਦੀ ਸਾਂਭ ਸੰਭਾਲ ਨਾਲ ਸਬੰਧਿਤ ਹੈ। ਇਸ ਸਕੀਮ ਦੇ ਮੁੱਖ ਅੰਗ ਹਨ - ਨਿਕਾਸੀ ਲਾਈਨ ਟਰੀਟਮੈਂਟ, ਗੁਲੀ ਕੰਟਰੋਲ, ਇਨ-ਸਿਟੂ ਨਮੀ ਬਚਾਉ, ਬਰਸਾਤੀ ਪਾਣੀ ਦੀ ਸੰਭਾਲ, ਨਦੀਆਂ ਦੇ ਕਿਨਾਰਿਆਂ 'ਤੇ ਭੂ-ਖੋਰ ਦੀ ਰੋਕਥਾਮ ਅਤੇ ਕੰਢੀ ਦੇ ਪਰਿਯੋਜਨਾ ਰਹਿਤ ਖੇਤਰਾਂ ਵਿੱਚ ਪਾਣੀ ਦੇ ਛੋਟੇ ਸ੍ਰੋਤਾਂ ਦਾ ਵਿਕਾਸ ਕਰਨਾ ਹੈ।
- **ਲੇਜਰ ਲੇਵਲਰ ਨਾਲ ਸ੍ਰੋਤਾਂ ਦੀ ਸੰਭਾਲ:** ਇਸ ਸਕੀਮ ਦਾ ਮੁੱਖ ਮੰਤਵ, ਖੇਤਾਂ ਨੂੰ ਇਕਸਾਰ ਪੱਧਰੇ ਕਰਨ ਨਾਲ ਖੇਤਰਾਂ ਵਿੱਚ ਸਿੰਜਾਈ ਦੇ ਪਾਣੀ ਦੀ ਬਚਤ ਕਰਨਾ ਹੈ। ਇਹ ਲੇਵਲਰ ਲੈਣ ਲਈ ਕਿਸਾਨਾਂ ਨੂੰ ਸਬਸਿਡੀ ਦਿੱਤੀ ਜਾ ਰਹੀ ਹੈ।
- ਜ਼ਮੀਨੀ ਪਾਣੀ ਦੀ ਸੰਭਾਲ ਲਈ ਵਿਸ਼ੇਸ਼ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ। ਇਹਨਾਂ ਵਿੱਚ ਵਿਸ਼ੇਸ਼ ਹਨ - ਜੀਰੋ ਟੀਲੇਜ਼ ਤਕਨੀਕ, ਮਾਈਕਰੋਇਰੀਗੇਸ਼ਨ ਸਕੀਮ, ਡਰਿੱਪ ਅਤੇ ਸਪਰਿੰਕਲਰ ਸਿੰਜਾਈ ਸਿਸਟਮ ਅਤੇ ਕੰਢੀ ਖੇਤਰਾਂ ਵਿੱਚ ਛੋਟੇ ਨਾਲਿਆਂ ਦੁਆਲੇ ਚੈਕ ਡੈਮ ਬਨਾਉਣਾ ਅਤੇ ਨਹਿਰੀ ਸਿੰਜਾਈ ਲਈ ਜਮੀਨ ਹੇਠ ਪਾਈਪਾਂ ਪਾਉਣਿਆਂ।
- ਭੂਮੀਗਤ ਪਾਣੀ ਨੂੰ ਬਚਾਉਣ ਲਈ ਹਰ ਤਰਾਂ ਦੀ ਮੁਮਕੀਨ ਉਪਰਾਲੇ ਕਰਨ ਲਈ ਮਿਸ਼ਨ ਡਾਇਰੈਕੇਟੋਰੇਟ ਆਫ ਭੂਮੀਗਤ ਪਾਣੀ ਪ੍ਰਬੰਧ ਸਥਾਪਿਤ ਕੀਤਾ ਗਿਆ ਹੈ।
- **ਬੁੱਢੇ ਨਾਲੇ ਦੀ ਸਫਾਈ:** ਪੰਜਾਬ ਸਰਕਾਰ ਨੇ 'ਸਤਿਗੁਰ ਉਦੈ ਸਿੰਘ ਜੀ ਨਾਮਧਾਰੀ ਸੰਪਰਦਾ' ਅਧੀਨ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਸਥਾਪਿਤ ਕੀਤੀ ਹੈ ਅਤੇ ਬੁੱਢਾ ਨਾਲਾ ਵਿੱਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਗੰਦੇ ਪਾਣੀ ਜਾਂ ਕਿਸੇ ਹੋਰ ਪ੍ਰਦੂਸ਼ਣ ਸ੍ਰੋਤ ਨੂੰ ਰੋਕਣ ਲਈ ਇਕ ਵਿਸਤ੍ਰਿਤ ਕਾਰਜ ਯੋਜਨਾ ਵੀ ਤਿਆਰ ਕੀਤੀ ਗਈ ਹੈ।
- ਭਾਰਤ ਸਰਕਾਰ ਦੀ ਬ੍ਰਿਜਿੰਗ ਇਰੀਗੇਸ਼ਨ ਗੈਪ (ਆਈ.ਐੱਸ. ਬੀ.ਆਈ. ਜੀ.) ਸਕੀਮ ਅਧੀਨ ਸਾਲ 2019-20 ਦੌਰਾਨ 12,49,257 ਹੈਕਟੇਅਰ ਦੇ ਕੁੱਲ ਖੇਤਰ ਵਾਲੇ 12 ਨਹਿਰੀ ਪ੍ਰਾਜੈਕਟਾਂ ਦੀਆਂ ਕਮੀਆਂ ਨੂੰ ਦੂਰ ਕਰਨ ਸਬੰਧੀ ਕਾਰਜ ਪੂਰਾ ਕੀਤਾ ਜਾ ਰਿਹਾ ਹੈ।
- **ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ:** ਜੰਮੂ ਕਸ਼ਮੀਰ ਸਰਕਾਰ ਦੀ ਦਖ਼ਲਅੰਦਾਜ਼ੀ ਕਾਰਨ ਲੰਮੇ ਸਮੇਂ ਤੋਂ ਲਟਕੇ ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ ਦੇ ਕਾਰਜ ਨੂੰ ਹੁਣ ਦਸੰਬਰ, 2018 ਤੋਂ ਮੁੜ ਸ਼ੁਰੂ ਕੀਤਾ ਗਿਆ ਹੈ। ਭਾਰਤ ਸਰਕਾਰ ਨੇ ਵੀ ਇਸ ਪ੍ਰਾਜੈਕਟ ਲਈ 2716 ਕਰੋੜ ਰੁਪਏ ਦੀ ਸੋਧੀ ਲਾਗਤ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਪ੍ਰਾਜੈਕਟ ਨੂੰ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ (ਪੀ ਐੱਮ ਕੇ ਐੱਸ ਵਾਈ) ਅਧੀਨ 99 ਮਹੱਤਵਪੂਰਨ ਪ੍ਰਾਜੈਕਟਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਪ੍ਰਾਜੈਕਟ ਦੇ ਸ਼ੇਅਰਿੰਗ ਪੈਟਰਨ ਨੂੰ ਹੁਣ 60:40 ਤੋਂ ਤਬਦੀਲ ਕਰਕੇ 86:14 ਕਰ ਦਿੱਤਾ ਗਿਆ ਹੈ। ਇਸ ਨਾਲ ਰਾਜ ਨੂੰ 145 ਕਰੋੜ ਰੁਪਏ ਦਾ ਲਾਭ ਹੋਇਆ ਹੈ। ਇਸ ਪ੍ਰਾਜੈਕਟ ਦੇ ਦਸੰਬਰ 2022 ਤੋਂ ਪਹਿਲਾਂ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ਅਤੇ ਇਸ ਤੋਂ 207 ਮੈਗਾਵਾਟ ਊਰਜਾ ਪੈਦਾ ਹੋਵੇਗੀ।

ਸਿੰਜਾਈ ਅਤੇ ਮਿੱਟੀ ਅਤੇ ਪਾਣੀ ਦੀ ਸੰਭਾਲ ਲਈ ਪੰਜਾਬ 2019-20 ਦੇ ਬਜਟ ਵਿੱਚ ਕੀਤੀਆਂ ਘੋਸ਼ਣਾਵਾ ਹਨ:-

ਸਾਲ 2019-20 ਵਿਚ ਸਿੰਜਾਈ ਲਈ ਮਹੱਤਵਪੂਰਨ ਵੰਡਾਂ ਨਿਰਧਾਰਤ ਕੀਤੀਆਂ ਗਈਆ ਹਨ:

- 1976.75 ਕਰੋੜ ਰੁਪਏ (ਭਾਰਤ ਸਰਕਾਰ ਦੁਆਰਾ) ਅਤੇ 200 ਕਰੋੜ ਰੁਪਏ (ਪੰਜਾਬ ਸਰਕਾਰ ਦੁਆਰਾ)-ਰਾਜਸਥਾਨ ਫੀਡਰ ਅਤੇ ਸਰਹਿੰਦ ਫੀਡਰ ਕੈਨਾਲ ਦੀ ਰੀ-ਲਾਈਨਿੰਗ ਦੇ ਪ੍ਰਾਜੈਕਟਾਂ ਲਈ।
- 19 ਕਰੋੜ ਰੁਪਏ - ਸ੍ਰੀ ਆਨੰਦਪੁਰ ਸਾਹਿਬ ਵਿੱਚ ਖੇਤੀਬਾੜੀ ਦੀ ਤਰੱਕੀ ਅਤੇ ਪਾਣੀ ਦੀ ਉਪਲਬਧਤਾ ਲਈ ਬਣਾਈ

Scanned with CamScanner

ਗਈ ਇਕ ਵਿਸ਼ੇਸ਼ ਲਿਫਟ ਸਿੰਜਾਈ ਸਕੀਮ ਲਈ।

- 207.00 ਕਰੋੜ ਰੁਪਏ - ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ ਲਈ।
- 18.12 ਕਰੋੜ ਰੁਪਏ - ਕੰਢੀ ਖੇਤਰ ਦੇ 1800 ਹੈਕਟੇਅਰ ਬੰਜਰ ਭੂਮੀ ਨੂੰ ਟਿਊਬਵੈਲ ਸਿੰਜਾਈ ਅਧੀਨ ਲਿਆਉਣ ਲਈ 36 ਅਲਟਰਨੇਟ ਡੂੰਘੇ ਟਿਊਬਵੈਲਾਂ ਦੀ ਸਥਾਪਤੀ ਲਈ।
- 100 ਕਰੋੜ ਰੁਪਏ - ਸੂਬੇ ਵਿੱਚ ਸੇਮ ਅਤੇ ਹੜ੍ਹਾਂ ਦੀ ਸਮੱਸਿਆ ਨਾਲ ਨਿਪਟਣ ਲਈ।
- 4.38 ਕਰੋੜ ਰੁਪਏ - ਬੁੱਢੇ ਨਾਲੇ ਦੀ ਸਫਾਈ ਅਤੇ ਸੰਭਾਲ ਲਈ।

Scanned with CamScanner

11.4 ਪੇਂਡੂ ਅਤੇ ਸਹਿਰੀ ਵਿਕਾਸ:

ਪੇਂਡੂ ਵਿਕਾਸ ਲਈ ਸਰਕਾਰ ਵਲੋਂ ਕੀਤੇ ਉਪਰਾਲੇ:

- ਪੰਜਾਬ ਸਰਕਾਰ ਨੇ 2015 ਵਿਚ ਮੁਖੰਮ ਮੰਤਰੀ ਪੇਂਡੂ ਵਿਕਾਸ ਯੋਜਨਾ ਦਾ ਉਦਘਾਟਨ ਕੀਤਾ। ਇਸ ਸਕੀਮ ਦਾ ਮੰਤਵ ਪਿੰਡਾਂ ਨੂੰ ਬੁਨਿਆਦੀ ਸਹੂਲਤਾਂ ਉਪਲੰਧ ਰਾਹੀਂ ਵਿਕਾਸ ਵੱਲ ਲੈ ਕੇ ਜਾਣਾ ਹੈ।
- ਏਕੀਕ੍ਰਿਤ ਵਾਟਰਸ਼ੈਡ ਪ੍ਰਬੰਧਨ ਪ੍ਰੋਗਰਾਮ: ਇਸ ਨੂੰ ਹੁਣ ਪ੍ਰਧਾਨ ਮੰਤਰੀ ਖੇਤੀ ਸਿੰਚਾਈ ਯੋਜਨਾ ਕਹਿੰਦੇ ਹਨ, ਇਸ ਸਕੀਮ ਦਾ ਉਦੇਸ਼ ਪੰਜਾਬ ਵਿੱਚ ਜਲ, ਪਾਣੀ, ਜਮੀਨ ਅਤੇ ਕੁਦਰਤੀ ਸ੍ਰੋਤਾਂ ਦੀ ਸਾਂਭ ਸੰਭਾਲ ਅਤੇ ਖੇਤੀ ਕਾਰੀ ਲਈ ਇਨ੍ਹਾਂ ਦੀ ਉਚਿਤ ਵਰਤੋਂ ਕਰਨਾ ਹੈ। ਇਸ ਪ੍ਰੋਗਰਾਮ ਰਾਹੀਂ ਪਿੰਡਾਂ ਵਿਚ ਵਸਦੇ ਜਮੀਨ ਰਹਿਤ ਪਰਿਵਾਰਾਂ ਲਈ ਰੁਜ਼ਗਾਰ ਦੇ ਸਾਧਨ ਮੁਹੈਯਾ ਕੀਤੇ ਜਾ ਰਹੇ ਹਨ। ਪੰਜਾਬ ਵਿਚ ਇਹ ਸਕੀਮ 2009-10 ਵਿਚ ਸ਼ੁਰੂ ਕੀਤੀ ਗਈ ਸੀ।
- ਰਾਜ ਸਰਕਾਰ ਨੇ ਇਕ ਪਾਲਿਸੀ ਬਣਾ ਕੇ ਪਿੰਡਾਂ ਵਿਚ ਗਰੀਬ ਪੇਂਡੂ ਪਰਿਵਾਰਾਂ ਨੂੰ ਸ਼ਾਮਲਾਟ ਜ਼ਮੀਨਾਂ ਵਿਚ 5 ਮਰਲੇ ਦਾ ਪਲਾਟ (125 ਗਜ਼) ਦੇਣਾ ਅਰੰਭੀ ਬਣਾਇਆ ਹੈ। ਇੰਦਰਾ ਗਾਂਧੀ ਆਵਾਸ ਯੋਜਨਾ ਰਹਿਤ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਲਈ ਘਰਾਂ ਦੀ ਉਸਾਰੀ ਕੀਤੀ ਜਾ ਰਹੀ ਹੈ।
- ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਸਕੀਮ ਅਧੀਨ ਪਿੰਡਾਂ ਦੀਆਂ ਪੰਚਾਇਤਾਂ, ਪੇਂਡੂ ਖੇਤਰਾਂ ਵਿੱਚ ਪਿੰਡਾਂ ਦੇ ਪਰਿਵਾਰਾਂ ਦੀ ਉਪਜੀਵਿਕਾ ਸੁਰੱਖਿਆ ਵਿਚ ਵਧਾ ਕਰਨ ਲਈ ਕੰਮਰਤ ਦੇ ਰਹੀਆਂ ਹਨ। ਇਸ ਸਕੀਮ ਰਾਹੀਂ ਕੋਵਿਆਕੀਤ 11 ਲਾਭ ਤੋਂ ਉਤਮ ਪੰਚਾਇਤਾਂ ਵਿਚੋਂ ਜ਼ਿਲ੍ਹਾ ਮਾਨਸਾ ਦੀ ਕੁਸ਼ਲ ਕੁਮ ਪੰਚਾਇਤ ਸਰਵਉਤਮ ਪੰਚਾਇਤ ਕੀਤੀ ਗਈ ਹੈ। ਰਾਜ ਵਿਚ ਹੁਣ ਦੇਹਾੜਾ ਉਜਰਤ ਦਰ 184 ਰੁਪਏ ਤੋਂ ਵਧਾ ਕੇ 210 ਰੁਪਏ ਕਰ ਦਿੱਤੀ ਗਈ ਹੈ। ਇਸ ਸਕੀਮ ਰਹਿਤ ਸਾਰਥਕ ਅਤੇ ਉਤਪਾਦਨਸ਼ੀਲ ਸੰਪਤੀ ਬਣਾਉਣ ਤੇ ਜ਼ੋਰ ਦਿੱਤਾ ਜਾ ਰਿਹਾ ਹੈ।
- ਪੇਂਡੂ ਮਿਸ਼ਨ: ਰਾਜ ਸਰਕਾਰ ਨੇ ਰੂਰਲ ਮਿਸ਼ਨ ਦਾ ਆਰੰਭ ਕੀਤਾ ਹੈ ਜਿਸ ਅਧੀਨ ਪੇਂਡੂ ਬੁਨਿਆਦੀ ਢਾਂਚਾ ਵਿਚ ਸੁਧਾਰ ਕਰਕੇ ਪੇਂਡੂ ਲੋਕਾਂ ਦੀ ਸਮਾਜਿਕ ਅਤੇ ਆਰਥਿਕ ਅਵਸਥਾ ਵਿਚ ਸੁਧਾਰ ਲਿਆਉਣਾ ਜਾ ਰਿਹਾ ਹੈ। ਇਸ ਮਿਸ਼ਨ ਦਾ ਉਦੇਸ਼ ਪੇਂਡੂ ਖੇਤਰਾਂ ਵਿੱਚ ਸਕੂਲ ਇਮਾਰਤਾਂ, ਜਿਹਤ ਡਿਸਪੈਂਸਰੀਆਂ, ਹਸਪਤਾਲਾਂ, ਸਾਫ ਪਾਣੀ ਅਤੇ ਖੇਡਾਂ ਲਈ ਸਹੂਲਤਾਂ ਮੁਹੱਈਆ ਕਰਕੇ ਬੁਨਿਆਦੀ ਢਾਂਚੇ ਵਿੱਚ ਵਿਕਾਸ ਕਰਨਾ ਅਤੇ ਪੇਂਡੂ ਖੇਤਰਾਂ ਵਿੱਚ ਪ੍ਰਦੂਸ਼ਣ ਮੁਕਤ ਵਾਤਾਵਰਨ ਮੁਹੱਈਆ ਕਰਨਾ ਹੈ।
- ਸਾਂਝੇ ਕਮਿਊਨਿਟੀ: ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਲਈ, ਰਾਜ ਸਰਕਾਰ ਪਿੰਡਾਂ ਵਿੱਚ ਵੱਖਰੀਆਂ ਮੜ੍ਹੀਆਂ ਦੀ ਥਾਂ ਸਾਰੀਆਂ ਸੁਵਿਧਾਵਾਂ ਨਾਲ ਲੈਸ ਸਾਂਝੀਆਂ ਮੜ੍ਹੀਆਂ ਬਣਾ ਰਹੀ ਹੈ।
- ਸਮਾਰਟ ਪਿੰਡ ਮੁਹਿੰਮ: ਪੇਂਡੂ ਖੇਤਰਾਂ ਵਿਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਅਤੇ ਬਿਹਤਰ ਸੁਵਿਧਾਵਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਸਮਾਰਟ ਪਿੰਡ ਮੁਹਿੰਮ ਸ਼ੁਰੂ ਕੀਤੀ ਗਈ ਹੈ। ਪਿੰਡਾਂ ਵਿਚ ਸੂਰਜੀ ਰੋਸ਼ਨੀ ਨਾਲ ਚਲਦੀਆਂ ਸਟਰੀਟ ਲਾਈਟਾਂ, ਸੋਲਰ ਕੋਕਰ, ਪਸੀ, ਸੀਵਰੇਜ ਨਿਕਾਸੀ ਪ੍ਰਣਾਲੀ, ਬੈਂਕ ਬਰਾਂਚਾ ਅਤੇ ਮਾਡਲ ਸਕੂਲ ਵਰਗੀਆਂ ਹੋਰ ਕਈ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਮੰਤਵ ਲਈ ਸਾਲ 2019-20 ਵਿਚ 2600 ਕਰੋੜ ਰੁਪਏ ਦਾ ਰਾਖਵੰਕਰਨ ਕੀਤਾ ਗਿਆ ਹੈ।

  ਅਜਿਹੀਆਂ ਪੰਚਾਇਤਾਂ ਜਿਹੜੀਆਂ ਸਮਾਰਟ ਵਿਲੇਜ ਕੈਂਪੇਨ ਵਿਚ ਅੱਛਾ ਕੰਮ ਕਰ ਰਹੀਆਂ ਹਨ ਉਨ੍ਹਾਂ ਨੂੰ ਪੁਰਸਕਾਰ ਵੀ ਦਿੱਤਾ ਜਾ ਰਿਹਾ ਹੈ।
- ਮਹਾਤਮਾ ਗਾਂਧੀ ਸਾਫ਼ਲ ਵਿਕਾਸ ਯੋਜਨਾ (ਐੱਮ.ਜੀ.ਐੱਸ.ਵੀ.ਵਾਈ.): ਸਰਕਾਰ ਨੇ ਮਹਾਤਮਾ ਗਾਂਧੀ ਸਰਕਤ ਵਿਕਾਸ

Scanned with CamScanner

ਯੋਜਨਾ ਨੂੰ ਇਕ ਅੰਬ੍ਰੇਲਾ ਸਕੀਮ ਦੇ ਤੌਰ 'ਤੇ ਆਰੰਭ ਕੀਤਾ ਹੈ, ਜਿਸ ਦਾ ਮੰਤਵ ਸਮਾਜ ਦੇ ਪਿੱਛੜੇ ਅਤੇ ਲਾਭ ਵਿਹੂਣੇ ਵਰਗਾਂ ਦੀ ਭਲਾਈ ਕਰਨਾ ਹੈ ਅਤੇ ਉਨ੍ਹਾਂ ਨੂੰ ਗਰੀਬੀ ਦੀ ਦਲਦਲ ਵਿਚੋਂ ਬਾਹਰ ਕੱਢਣਾ ਹੈ। ਇਸ ਯੋਜਨਾ ਦਾ ਟੀਚਾ ਸਮਾਜ ਦੇ ਲਾਭ-ਵਿਹੂਣੇ ਵਰਗਾਂ ਦੇ ਸਮਾਜਿਕ ਵਿਕਾਸ ਨੂੰ ਯਕੀਨੀ ਬਣਾਉਣਾ ਹੈ।

- **ਕੂੜਾ ਪ੍ਰਬੰਧ (ਐੱਸ. ਡਬਲਿਊ. ਐੱਮ):** ਰਾਜ ਸਰਕਾਰ ਨੇ ਪਿੰਡਾਂ ਵਿਚ ਕੂੜੇ ਨੂੰ ਵਿਗਿਆਨਿਕ ਤਰੀਕੇ ਨਾਲ ਇਕੱਠਾ ਕਰਨਾ, ਵੱਖ ਕਰਨਾ, ਉਚਿਤ ਨਿਪਟਾਰਾ ਕਰਨ ਦਾ ਐਲਾਨ ਕੀਤਾ ਹੈ। ਰਾਜ ਸਰਕਾਰ ਨੇ ਇਸ ਪ੍ਰਾਜੈਕਟ ਨੂੰ 'ਪਾਇਲਟ' ਆਧਾਰ 'ਤੇ ਉਨ੍ਹਾਂ ਪਿੰਡਾਂ ਵਿਚ ਲਾਗੂ ਕਰਨ ਦਾ ਐਲਾਨ ਕੀਤਾ ਹੈ, ਜਿਥੇ ਮਾਲੀਏ ਦੇ ਆਪਣੇ ਸਰੋਤ (ਓ.ਐੱਸ.ਆਰ) ਦੇ ਰੂਪ ਵਿਚ ਫੰਡ ਉਪਲਬੱਧ ਹਨ।
- **ਤਰਲ ਕੂੜਾ ਪ੍ਰਬੰਧ:** ਰਾਜ ਸਰਕਾਰ ਨੇ ਪਿੰਡਾਂ ਵਿਚ ਸਥਿਤ ਛੱਪੜਾਂ ਵਿਚਲੇ ਗੰਧਲੇ ਪਾਣੀ ਨੂੰ ਵਿਗਿਆਨਿਕ ਤਰੀਕੇ ਨਾਲ ਸ਼ੁਧੀਕਰਨ ਕਰਨ ਦਾ ਐਲਾਨ ਕੀਤਾ ਹੈ। ਰਾਜ ਸਰਕਾਰ ਨੇ ਇਸ ਪ੍ਰਾਜੈਕਟ ਨੂੰ 'ਪਾਇਲਟ' ਆਧਾਰ 'ਤੇ ਉਨ੍ਹਾਂ ਪਿੰਡਾਂ ਵਿਚ ਲਾਗੂ ਕਰਨ ਦਾ ਐਲਾਨ ਕੀਤਾ ਹੈ, ਜਿਥੇ ਮਾਲੀਏ ਦੇ ਆਪਣੇ ਸਰੋਤ (ਓ.ਐੱਸ.ਆਰ) ਦੇ ਰੂਪ ਵਿਚ ਫੰਡ ਉਪਲਬੱਧ ਹਨ। ਜ਼ਿਲ੍ਹਾ ਸੰਗਰੂਰ ਦੇ ਭਵਾਨੀਗੜ੍ਹ ਬਲਾਕ ਦੇ 79 ਪੇਂਡੂ ਛੱਪੜਾਂ ਨੂੰ ਕਵਰ ਕਰਦੇ ਹੋਏ ਇਕ ਪਾਇਲਟ ਪ੍ਰਾਜੈਕਟ ਸਫਲਤਾਪੂਰਵਕ ਸ਼ੁਰੂ ਕੀਤਾ ਗਿਆ ਸੀ। ਛੱਪੜ ਦੇ ਪਾਣੀ ਭਰਨ ਵਾਲੇ ਹਿੱਸੇ 'ਤੇ ਸੀਦੇਵਾਲ ਮਾਡਲ 'ਤੇ ਆਧਾਰਤ ਇਕ ਮੁੱਢਲਾ ਸ਼ੁਧੀਕਰਨ ਯੂਨਿਟ ਮੁਹੱਈਆ ਕਰਾਇਆ ਜਾ ਰਿਹਾ ਹੈ ਜੋ ਕਿ ਮਹੱਤਵਪੂਰਣ ਪੱਧਰ ਤੱਕ ਬੀ ਓ ਡੀ ਨੂੰ ਘੱਟ ਕਰਨ ਵਿਚ ਸਹਾਇਤਾ ਕਰੇਗਾ। ਇਸ ਤੋਂ ਇਲਾਵਾ ਛੱਪੜਾਂ ਨੂੰ 2-3 ਭਾਗਾਂ ਵਿੱਚ ਵੰਡਿਆ ਜਾ ਰਿਹਾ ਹੈ ਤਾਂ ਜੋ ਇਨ੍ਹਾਂ ਨੂੰ ਸਿੰਜਾਈ ਲਈ ਯੋਗ ਬਣਾਇਆ ਜਾ ਸਕੇ।
- **ਪੰਜਾਬ ਪੇਂਡੂ ਅਵਾਸ ਯੋਜਨਾ (ਪੀ.ਪੀ.ਏ.ਵਾਈ.):** ਰਾਜ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਕ ਨਵੀਂ ਸਕੀਮ ਪੰਜਾਬ ਪੇਂਡੂ ਅਵਾਸ ਯੋਜਨਾ (ਪੀ.ਪੀ.ਏ.ਵਾਈ) ਤਹਿਤ ਪਹਿਲੇ ਪੜਾਅ ਵਿਚ ਪੇਂਡੂ ਖੇਤਰਾਂ ਵਿਚ ਰਹਿੰਦੇ ਸਾਰੇ ਗਰੀਬਾਂ ਅਤੇ ਬੇਘਰੇ ਪਰਿਵਾਰਾਂ ਜਿਨ੍ਹਾਂ ਦੀ ਸਾਲਾਨਾ ਆਮਦਨ 3 ਲੱਖ ਰੁਪਏ ਤੋਂ ਘੱਟ ਹੈ ਅਤੇ ਬੇਘਰੇ ਆਜ਼ਾਦੀ ਘੁਲਾਟੀਆਂ ਨੂੰ ਮਕਾਨ ਮੁਹੱਈਆ ਕਰਵਾਇਆ ਜਾਵੇਗਾ।
- **ਪੇਂਡੂ ਅੰਕੜਿਆਂ ਦਾ ਕੰਪਊਟਰੀਕਰਨ:** ਕੁਸ਼ਲ ਪ੍ਰਬੰਧਨ ਅਤੇ ਲਾਗੂਕਰਨ ਲਈ ਰਾਜ ਸਰਕਾਰ ਨੇ ਸਰਵੇ ਰਾਹੀਂ ਅੰਕੜੇ ਇਕੱਠੇ ਕਰਨ ਪਿੰਡਾ ਦੀਆਂ ਸੜਕਾਂ, ਨਿਕਾਸੀ ਨਾਲਿਆਂ ਅਤੇ ਜਮੀਨੀ ਤਲ ਆਦਿ ਦੇ ਵੇਰਵਿਆਂ ਦਾ ਸੰਪੂਰਨ ਕੰਪਊਟਰੀਕ੍ਰਿਤ ਨਕਸ਼ਾ ਬਣਾਉਣ ਦਾ ਫੈਸਲਾ ਕੀਤਾ ਹੈ।

ਸ਼ਹਿਰੀ ਵਿਕਾਸ ਲਈ ਰਾਜ ਸਰਕਾਰ ਵੱਲੋਂ ਕੀਤੇ ਉਪਰਾਲੇ:

- **ਪੰਜਾਬ ਸ਼ਹਿਰੀ ਵਿਕਾਸ ਮਿਸ਼ਨ:** ਰਾਜ ਸਰਕਾਰ, ਪੰਜਾਬ ਸ਼ਹਿਰੀ ਵਿਕਾਸ ਮਿਸ਼ਨ ਅਧੀਨ ਸ਼ਹਿਰੀ ਇਲਾਕਿਆਂ ਵਿੱਚ ਲੋਕਾਂ ਨੂੰ 100 ਫ਼ੀਸਦ ਨਾਗਰਿਕ ਸਹੂਲਤਾਂ ਜਿਵੇਂ ਕਿ ਜਲ ਸਪਲਾਈ, ਸੀਵਰੇਜ ਟਰੀਟਮੈਂਟ ਪਲਾਂਟ, ਸਟਰੀਟ ਲਾਈਟਾਂ, ਠੋਸ ਕੂੜਾ ਪ੍ਰਬੰਧਨ, ਸੜਕਾਂ ਅਤੇ ਫਲਾਈਓਵਰ, ਪਾਵਰ ਅਤੇ ਪਾਰਕਿੰਗ ਥਾਵਾਂ, ਮਹੁੱਇਆ ਕਰਵਾ ਰਹੀ ਹੈ। ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਪੇਸ਼ੇਵਰ ਲੀਹਾਂ ਤੇ ਲਿਆਉਣ ਲਈ ਅਤੇ ਸੇਵਾਵਾਂ ਪ੍ਰਦਾਨ ਕਰਨ ਦੀ ਪ੍ਰਣਾਲੀ ਵਿੱਚ ਗੁਣਵੱਤਾ ਵਾਲੀਆਂ ਤਬਦੀਲੀਆਂ ਲਿਆਉਣ ਦੇ ਟੀਚੇ ਨਾਲ ਵਿਸਤਾਰਪੂਰਵਕ ਢੰਗ ਨਾਲ ਗਠਿਤ ਕੀਤਾ ਗਿਆ ਹੈ।
- **ਅਮਰੁਤ (ਅਟਲ ਮਿਸ਼ਨ ਫਾਰ ਰਿਜੁਵੀਨੇਸ਼ਨ ਅਤੇ ਸ਼ਹਿਰੀ ਰੂਪਾਂਤਰਣ):** ਅਮਰੁਤ ਦਾ ਮੁੱਖ ਉਦੇਸ਼ ਪੰਜਾਬ ਦੇ ਇੱਕ ਲੱਖ ਤੋਂ ਵੱਧ ਦੀ ਆਬਾਦੀ ਵਾਲੇ 16 ਸ਼ਹਿਰਾਂ ਵਿੱਚ ਜਲ ਸਪਲਾਈ, ਸੀਵਰੇਜ਼, ਸੱਪਟੇਜ਼, ਸ਼ਹਿਰੀ ਟਰਾਂਸਪੋਰਟ ਅਤੇ ਗਰੀਨ

Scanned with CamScanner

ਪਾਰਕਾਂ ਵਰਗੇ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਅਪਗਰੇਡ ਕਰਨ ਦਾ ਟੀਚਾ ਹੈ। ਇਸ ਵਾਸਤੇ ਸਾਲ 2019-20 ਦੌਰਾਨ 700 ਕਰੋੜਾਂ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

- **ਨਵਾਂ ਚੰਡੀਗੜ੍ਹ:** ਰਾਜ ਸਰਕਾਰ 15000 ਏਕੜ ਜਮੀਨ ਤੇ ਸਮਾਰਟ ਸ਼ਹਿਰ ਦੀ ਤਰਜ 'ਤੇ ਵਿੱਚ ਨਿਊਂ ਚੰਡੀਗੜ੍ਹ ਵਿਕਸਿਤ ਕਰ ਰਹੀ ਹੈ। ਨਵਾਂ ਚੰਡੀਗੜ੍ਹ ਪੁਰਾਣੇ ਚੰਡੀਗੜ੍ਹ ਦੇ ਨੇੜੇ ਹੋਣ ਕਾਰਣ ਅਜਿਹੀ ਵਿਉਂਤਬੰਦੀ ਕੀਤੀ ਜਾ ਰਹੀ ਹੈ ਤਾਂ ਕਿ ਇਹ ਸਰਵੋਤਮ ਵਿਉਂਤਬੰਧ ਸਹਿਰਾਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਹੋ ਸਕੇ। ਸ਼ਿਵਾਲਿਕ ਦੇ ਪੈਰਾਂ ਵਿੱਚ ਵਸੇ ਇਸ ਸ਼ਹਿਰ ਦਾ ਘੱਟੋ-ਘੱਟ 30% ਫੀਸਦ ਰਕਬਾ ਹਰਿਆਲੀ ਹੇਠ ਰੱਖਿਆ ਜਾਵੇਗਾ। ਇਸ ਸ਼ਹਿਰ ਵਿੱਚ ਕੌਮਾਂਤਰੀ ਪੱਧਰ ਦੀਆਂ ਵਿਲੱਖਣ ਸਿਹਤ ਸੁਵਿਧਾਵਾਂ ਅਤੇ ਵਿਦਿਅਕ ਬੁਨਿਆਦੀ ਢਾਂਚਾ ਮੁੱਹਈਆ ਕਰਵਾਇਆ ਜਾਵੇਗਾ।
- **ਮੈਡੀਸਿਟੀ:** ਮੋਹਾਲੀ ਕੋਲ ਮੁਲਾਂਪੁਰ ਨੇੜੇ ਲੱਗਭਗ 250 ਏਕੜ ਦੀ ਜ਼ਮੀਨ ਉਤੇ 700 ਕਰੋੜ ਰੁਪਏ ਦੀ ਲਾਗਤ ਨਾਲ ਇਕ ਮੈਡੀਸਿਟੀ ਵਿਕਸਿਤ ਕੀਤਾ ਜਾ ਰਿਹਾ ਹੈ। ਇਸ ਸਥਾਨ ਤੇ ਵਿਸ਼ਵਪੱਧਰ ਦੀ ਉਚਤਮ ਮੈਡੀਕਲ ਸੁਵਿਧਾ ਉਪਲੱਬਧ ਕਰਵਾਈ ਜਾਵੇਗੀ। ਇਹ ਇਕ ਮੈਡੀਕਲ ਕਾਲਜ ਅਤੇ ਮੈਡੀਕਲ ਖੋਜ ਕੇਂਦਰ ਹੋਵੇਗਾ। ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ (ਜੋ ਕਿ ਭਾਰਤ ਸਰਕਾਰ ਦੇ ਪ੍ਰਮਾਣੂ ਊਰਜਾ ਵਿਭਾਗ ਅਧੀਨ ਆਉਂਦਾ ਹੈ), ਮੈਕਸ ਹੈਲਥ ਕੇਅਰ, ਚੈਤਨਯ ਹਸਪਤਾਲ, ਜਿੰਦਲ IVF ਨਰਸਿੰਗ ਹੋਮ ਅਤੇ ਗਰੇਵਾਲ ਅੱਖਾਂ ਦੇ ਕੇਂਦਰ ਨੂੰ ਜਮੀਨ ਅਲਾਟ ਕਰਾ ਦਿੱਤੀ ਗਈ ਹੈ। ਬਾਕੀ ਰਹਿੰਦੀ ਜਮੀਨ ਵੀ ਮੈਡੀਕਲ ਹਸਪਤਾਲਾਂ ਅਤੇ ਹੋਰ ਚੰਗੇ ਸੰਸਥਾਨਾਂ ਨੂੰ ਛੇਤੀ ਹੀ ਦੇ ਦਿੱਤੀ ਜਾਵੇਗੀ।
- **ਐਜੂ ਸਿਟੀ:** ਰਾਜ ਵਿੱਚ ਮਨੁੱਖੀ ਸ੍ਰੋਤਾਂ ਦੇ ਵਿਕਾਸ ਲਈ 1600 ਏਕੜ ਜ਼ਮੀਨ ਤੇ ਲਗਭਗ 4000 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਵਿਦਿਅਕ ਸ਼ਹਿਰ ਦੀ ਸਥਾਪਨਾ ਵਿਚਾਰ ਅਧੀਨ ਹੈ। ਇਸ ਸਥਾਨ ਤੇ ਅੰਤਰਰਾਸ਼ਟਰੀ ਪੱਧਰ ਦੀਆਂ ਸਕੂਲ ਪੱਧਰ ਤੋਂ ਲੈ ਕੇ ਖੋਜ਼ ਤੱਕ ਦੀਆਂ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਵਿੱਚ ਅੰਤਰਰਾਸ਼ਟਰੀ ਯੂਨੀਵਰਸਿਟੀਆਂ ਦੀਆਂ ਸ਼ਾਖਾਵਾਂ ਵੀ ਸਥਾਪਿਤ ਕੀਤੀਆ ਜਾਣਗੀਆਂ।
- **ਆਈ.ਟੀ ਸ਼ਹਿਰ:** ਰਾਜ ਵਿੱਚ ਰੁਜ਼ਗਾਰ ਦੇ ਵਧੇਰੇ ਮੌਕੇ ਪ੍ਰਦਾਨ ਕਰਨ ਲਈ ਅੰਤਰਰਾਸ਼ਟਰੀ ਹਵਾਈ ਅੱਡੇ ਨਜ਼ਦੀਕ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ 1700 ਕਰੋੜ ਦੀ ਜਮੀਨ ਤੇ ਗਮਾਡਾ ਦੁਆਰਾ ਆਈ.ਟੀ ਸ਼ਹਿਰ ਵਿਕਸਿਤ ਕੀਤਾ ਜਾ ਰਿਹਾ ਹੈ। ਸਿਰਮੌਰ 20 ਆਈ.ਟੀ ਕੰਪਨੀਆਂ ਨੂੰ ਜ਼ਮੀਨ ਦਿੱਤੀ ਜਾ ਚੁੱਕੀ ਹੈ ਹੋਰ 23 ਕੰਪਨੀਆਂ ਨੂੰ ਜ਼ਮੀਨ ਨਿਰਧਾਰਿਤ ਕਰਨ ਦੀ ਪ੍ਰਕਿਰਿਆ ਜਾਰੀ ਹੈ। ਇਹ ਸ਼ਹਿਰ ਆਉਣ ਵਾਲੇ ਸਮੇਂ ਵਿੱਚ ਲਗਭਗ 50,000 ਨੌਕਰੀਆਂ ਤੋਂ ਵੱਧ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰੇਗਾ।
- **ਸਮਾਰਟ ਸ਼ਹਿਰ (ਸਿਟੀ):** ਬੁਨਿਆਦੀ ਢਾਂਚਾ ਮੁਹੱਇਆ ਕਰਵਾਉਣ ਅਤੇ ਨਾਗਰਿਕਾਂ ਨੂੰ ਇਕ ਸਾਫ ਸੁਥਰਾ ਅਤੇ ਸੁਖਾਵਾਂ ਮਾਹੌਲ ਉਪਲਬਧ ਕਰਵਾ ਕੇ ਉਨ੍ਹਾਂ ਦੇ ਜੀਵਨ ਗੁਣਵੱਤਾ ਵਿੱਚ ਸੁਧਾਰ ਲਿਆਉਣ ਵਾਲੇ ਸ਼ਹਿਰਾਂ ਨੂੰ ਪ੍ਰੋਤਸਾਹਿਤ ਅਤੇ 'ਸਮਾਰਟ' ਸੋਲੂਸ਼ਨਜ਼ ਲਾਗੂ ਕਰਨ ਦੇ ਮੰਤਵ ਨਾਲ ਭਾਰਤ ਸਰਕਾਰ ਵੱਲੋਂ ਸਮਾਰਟ ਸਿਟੀਜ਼ ਮਿਸਨ (ਐੱਸ. ਸੀ. ਐੱਮ) ਦੀ ਘੋਸ਼ਣਾ ਕੀਤੀ ਗਈ ਹੈ ਜਿਸ ਦੇ ਅਧੀਨ 100 ਸ਼ਹਿਰਾਂ ਨੂੰ ਕਵਰ ਕੀਤਾ ਗਿਆ ਹੈ। ਪੰਜਾਬ ਦੇ 3 ਸ਼ਹਿਰ ਲੁਧਿਆਣਾ, ਜਲੰਧਰ ਅਤੇ ਅਮ੍ਰਿਤਸਰ ਇਸ ਮਿਸ਼ਨ ਅਧੀਨ ਕਵਰ ਕੀਤੇ ਜਾ ਰਹੇ ਹਨ। ਇਸ ਪ੍ਰਾਜੈਕਟ ਅਧੀਨ ਈ-ਮਿੰਨੀ ਬੱਸਾਂ ਅਤੇ ਈ-ਥ੍ਰੀ ਵਹੀਲਰ ਅਤੇ ਈ-ਰਿਕਸ਼ਾਵਾਂ ਰਾਹੀਂ ਸਥਿਰ ਅਤੇ ਗਰੀਨ ਜਨਤਕ ਢੋਆ ਢੁਆਈ ਮੁਹੱਈਆ ਕਰਵਾਈ ਜਾਵੇਗੀ। ਈ-ਵਹੀਕਲਜ਼ ਲਈ ਉਚਿਤ ਬੁਨਿਆਦੀ ਢਾਂਚਾ ਵੀ ਸਿਰਜਿਆ ਜਾਵੇਗਾ। ਇਸ ਲਈ ਸਾਲ 2019-20 ਦੌਰਾਨ 296 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।
- **ਨਵੀਨ ਸ਼ਹਿਰੀ ਸੰਪਤੀਆਂ:-** ਸੂਬਾ ਸਰਕਾਰ ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਸਮੇਤ ਵੱਖ ਵੱਖ

Scanned with CamScanner

ਥਾਵਾਂ 'ਤੇ ਨਵੇਂ ਰਿਹਾਇਸ਼ੀ ਸ਼ਹਿਰੀ ਅਸਟੇਟ ਅਤੇ ਉਦਯੋਗੀ ਅਸਟੇਟ ਵਿਕਸਤ ਕਰ ਰਹੀ ਹੈ।

- **ਫਲੈਗਸ਼ਿਪ ਸਵੱਛਤਾ ਪ੍ਰੋਗਰਾਮ, ਸਵੱਛ ਭਾਰਤ ਮਿਸ਼ਨ** ਦਾ ਮੁੱਖ ਉਦੇਸ਼ ਸ਼ਹਿਰੀ ਖੇਤਰਾਂ ਨੂੰ ਖੁਲ੍ਹੇ ਵਿਚ ਸ਼ੌਚ ਤੋਂ ਮੁਕਤ ਕਰਨਾ ਹੈ। ਇਸ ਤਹਿਤ ਪੰਜਾਬ ਦੇ ਸਮੂਹ 167 ਮਿਊਂਸੀਪਲ ਕਸਬਿਆਂ/ਇਲਾਕਿਆਂ ਨੂੰ 2 ਅਕਤੂਬਰ, 2018 ਨੂੰ ਖੁਲ੍ਹੇ ਵਿਚ ਸ਼ੌਚ ਤੋਂ ਮੁਕਤ ਘੋਸ਼ਿਤ ਕਰ ਦਿੱਤਾ ਗਿਆ ਹੈ।
- ਅੰਮ੍ਰਿਤਸਰ ਨੂੰ ਵੀ ਆਈ.ਟੀ ਹੱਬ ਅਤੇ ਵਿੱਦਿਆ ਕੇਂਦਰ ਵਜੋਂ ਵਿਕਸਿਤ ਕੀਤਾ ਜਾਵੇਗਾ।
- ਭਾਰਤ ਦੇ ਸਾਫਟ ਵੇਅਰ ਤਕਨਾਲੋਜੀ ਪਾਰਕ ਅੰਮ੍ਰਿਤਸਰ ਵਿੱਚ ਸਾਫਟਵੇਅਰ ਤਕਨੀਕ ਸੁਵਿਧਾਵਾਂ ਅਤੇ ਕਲਾ ਵਿਕਾਸ ਸੁਵਿਧਾਵਾਂ ਸਥਾਪਿਤ ਕੀਤੀ ਜਾ ਰਹੀ ਹੈ।
- ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਿੱਚ ਸ਼ਹਿਰੀ ਬਸ ਸੇਵਾ ਸ਼ੁਰੂ ਕੀਤੀ ਗਈ ਹੈ।
- **'ਸਭ ਲਈ ਵਾਜਬਮੁੱਲ ਘਰ':** ਪੰਜਾਬ ਸਰਕਾਰ ਰਾਜ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਲੋਕਾਂ ਨੂੰ ਵਾਜਬਮੁੱਲ ਤੇ ਘਰ ਮੁਹੱਈਆ ਕਰਵਾਉਣ ਲਈ ਉਪਰਾਲੇ ਕਰ ਰਹੀ ਹੈ। ਪ੍ਰਧਾਨ ਮੰਤਰੀ ਅਵਾਸ ਯੋਜਨਾਂ (PMAY) ਦੇ ਤਹਿਤ 1.50 ਲੱਖ ਰੁਪਏ ਪ੍ਰਤੀਘਰ ਦੀ ਕੇਂਦਰੀ ਮੱਦਦ ਨਾਲ ਗਰੀਬੀ ਰੇਖਾ ਤੋਂ ਹੇਠਲੀ ਵੱਸੋਂ ਲਈ 10,000 ਨਵੇਂ ਘਰ ਬਣਾਏ ਜਾ ਰਹੇ ਹਨ ਅਤੇ ਬਾਕੀ ਫੰਡ ਰਾਜ ਸਰਕਾਰ ਦੁਆਰਾ ਮੁਹੱਈਆ ਕਰਾਇਆ ਜਾ ਰਿਹਾ ਹੈ।
- **ਪੰਜਾਬ ਸ਼ਹਿਰੀ ਅਵਾਸ ਯੋਜਨਾ:** ਰਾਜ ਸਰਕਾਰ ਨੇ ਪੰਜਾਬ ਸ਼ਹਿਰੀ ਅਵਾਸ ਯੋਜਨਾ ਤਹਿਤ ਬੇਘਰ, ਅਨੁਸੂਚਿਤ ਅਤੇ ਪੱਛੜੇਂ ਵਰਗਾਂ ਨਾਲ ਸਬੰਧਿਤ ਪਰਿਵਾਰਾਂ ਜਿਨ੍ਹਾਂ ਦੀ ਆਮਦਨ 5 ਲੱਖ ਰੁਪਏ ਤੋਂ ਘੱਟ ਹੈ, ਨੂੰ ਮੁਫ਼ਤ ਘਰ ਦੀ ਸਹੂਲਤਾ ਦੇਣ ਦੀ ਯੋਜਨਾਂ ਲਾਗੂ ਕੀਤੀ ਹੈ।ਗਰੀਬ ਸ਼ਹਿਰੀਆਂ ਅਤੇ ਝੋਪੜ ਪੱਟੀ ਵਿੱਚ ਰਹਿੰਦੇ ਗਰੀਬਾਂ ਅਤੇ ਸ਼ਹਿਰੀ ਮੱਧਵਰਤੀ ਵਰਗਾਂ ਨੂੰ ਸਬਸਿਡੀ ਤੇ ਘਰ ਮਹੁੱਈਆਂ ਕਰਵਾਉਣ ਦੀ ਵਿਉਂਤ ਹੈ।
- **ਪੰਜਾਬ ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ (ਯੂ.ਈ.ਆਈ.ਪੀ):** ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਸੂਬੇ ਦੇ 167 ਸ਼ਹਿਰੀ ਸਥਾਨਕ ਸੰਸਥਾਵਾਂ ਦੀ ਵਾਤਾਵਰਣ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਹੈ। ਇਸ ਤਹਿਤ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੜਕਾਂ, ਗਲੀਆਂ ਅਤੇ ਨਾਲੀਆਂ, ਸਟਰੀਟ ਲਾਈਟਾਂ ਅਤੇ ਕੂੜਾ ਨਿਪਟਾਰੇ ਅਤੇ ਪਾਰਕਾਂ ਦੇ ਨਿਰਮਾਣ ਅਤੇ ਸਾਂਭ-ਸੰਭਾਲ ਸਬੰਧੀ ਕਾਰਜਾਂ ਲਈ ਦੇ ਫ਼ੰਡ ਦਿੱਤੇ ਜਾ ਰਹੇ ਹਨ।
- **ਪ੍ਰਮੁੱਖ ਯੋਜਨਾਵਾਂ ਦੀ ਡਿਜੀਟਾਈਜੇਸ਼ਨ:** ਪੰਜਾਬ, ਮਾਲੀਆ ਆਧਾਰਿਤ ਯੋਜਨਾਵਾਂ ਦੇ ਡਿਜੀਟਾਈਜੇਸ਼ਨ ਵਿੱਚ ਮੋਢੀ ਸੂਬਾ ਹੈ। ਸੂਬੇ ਦੇ ਵੱਖ-ਵੱਖ ਸ਼ਹਿਰਾਂ/ਕਸਬਿਆਂ ਦੀਆਂ ਪ੍ਰਮੁੱਖ ਯੋਜਨਾਵਾਂ ਦੇ ਜ਼ੋਨਿੰਗ ਰੈਗੂਲੇਸ਼ਨਜ਼ ਅਤੇ ਵਿਕਾਸ ਨਿਯੰਤਰਣਾਂ ਵਿੱਚ ਇਕਸਾਰਤਾ ਲਿਆਉਣ ਲਈ ਏਕੀਕ੍ਰਿਤ ਜ਼ੋਨਿੰਗ ਰੈਗੂਲੇਸ਼ਨਜ਼ ਅਤੇ ਵਿਕਾਸ ਨਿਯੰਤਰਣਾਂ ਨੂੰ ਅਧਿਸੂਚਿਤ ਕੀਤਾ ਗਿਆ ਹੈ।
- **ਮਿਊਂਸੀਪਲ ਵਿਕਾਸ ਫ਼ੰਡ (ਐੱਮ.ਡੀ.ਐੱਫ.):** ਰਾਜ ਸਰਕਾਰ ਸ਼ਹਿਰਾਂ ਵਿਚ ਬੁਨਿਆਦੀ ਢਾਂਚਾ ਜਿਵੇਂ ਕਿ ਸੜਕਾਂ, ਗਲੀਆਂ ਅਤੇ ਨਾਲੀਆਂ ਆਦਿ ਦੇ ਨਿਰਮਾਣ ਲਈ ਮਿਊਂਸੀਪਲ ਵਿਕਾਸ ਫ਼ੰਡ ਰਾਹੀਂ ਸਹਾਇਤਾ ਮੁਹੱਈਆ ਕਰਵਾ ਰਹੀ ਹੈ। ਸਾਲ 2019-20 ਦੌਰਾਨ ਇਸ ਉਦੇਸ਼ ਲਈ 12.07 ਕਰੋੜ ਰੁਪਏ ਰਾਖਵੇਂਕਰਨ ਦੀ ਤਜਵੀਜ਼ ਹੈ।

ਜਲ ਸਪਲਾਈ ਅਤੇ ਸਫਾਈ ਲਈ ਰਾਜ ਸਰਕਾਰ ਵੱਲੋਂ ਕੀਤੇ ਗਏ ਉਪਰਾਲੇ:

ਮੌਜੂਦਾ ਸਮੇਂ ਵਿੱਚ 98% ਪੇਂਡੂ ਖੇਤਰ ਵਿੱਚ ਪੀਣ ਵਾਲੇ ਸਾਫ਼ ਪਾਣੀ ਦੀ ਸਪਲਾਈ ਯਕੀਨੀ ਬਣਾਈ ਗਈ ਹੈ।

- ਪੰਜਾਬ ਸਰਕਾਰ ਨੇ **ਪੰਜਾਬ ਰਾਜ ਪੇਂਡੂ ਜਲ ਸਪਲਾਈ ਅਤੇ ਸਾਫ਼ ਸਫ਼ਾਈ ਪਾਲਿਸੀ** 2014 ਨੂੰ ਅਧਿਸੂਚਿਤ ਕੀਤਾ

Scanned with CamScanner

ਹੈ। ਇਸ ਪਾਲਿਸੀ ਦਾ ਉਦੇਸ਼:

- ਪੰਜਾਬ ਦੇ ਪੇਂਡੂ ਖੇਤਰਾਂ ਵਿੱਚ 100% ਜਲ ਸਪਲਾਈ ਯਕੀਨੀ ਬਨਾਉਣਾ ਹੈ। ਜਿਸ ਅੰਤਰਗਤ ਵਿਅਕਤੀਗਤ ਰੂਪ ਵਿੱਚ ਘੱਟੋ-ਘੱਟ 70 ਲੀਟਰ ਪ੍ਰਤੀ ਦਿਨ ਪ੍ਰਤੀ ਵਿਅਕਤੀ ਲੋੜ (ਆਈ.ਪੀ.ਸੀ.ਡੀ.) ਅਨੁਸਾਰ ਨਿਰੰਤਰ (24x7) ਪਾਈਪਾਂ ਰਾਹੀਂ ਜਲ ਸਪਲਾਈ ਯਕੀਨੀ ਬਨਾਉਣਾ ਹੈ। ਇਸ ਲਈ ਸਬੰਧਿਤ ਮੀਟਰ ਕਨੈਕਸ਼ਨ ਵੀ ਦਿੱਤੇ ਗਏ ਹਨ।
- 100% ਪੇਂਡੂ ਘਰਾਂ ਨੂੰ ਸਹੀ ਅਤੇ ਸਾਫ਼ ਨਿਕਾਸ ਪ੍ਰਣਾਲੀ ਦੀ ਸਹੂਲਤ ਯਕੀਨੀ ਬਨਾਉਣਾ ਤਾਂ ਜੋ ਜ਼ਮੀਨੀ ਪਾਣੀ ਪ੍ਰਦੂਸ਼ਿਤ ਨਾ ਹੋਵੇ।

- ਵਿਸ਼ਵ ਬੈਂਕ ਨੇ 2200 ਕਰੋੜ ਰੁਪਏ ਦੀ ਕੁਲ ਲਾਗਤ ਦੇ ਛੇ ਸਾਲਾਂ (2015-2021) ਵਾਲੇ **ਦੂਜੇ ਪੰਜਾਬ ਪੇਂਡੂ ਜਲ ਪੂਰਤੀ ਅਤੇ ਸਾਫ਼-ਸਫ਼ਾਈ ਪ੍ਰਾਜੈਕਟ** ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਪ੍ਰਾਜੈਕਟ ਦਾ ਮੰਤਵ ਰਾਜ ਵਿਚ ਪੇਂਡੂ ਜਲ ਪੂਰਤੀ ਅਤੇ ਸਾਫ਼-ਸਫ਼ਾਈ ਸੇਵਾਵਾਂ ਅਤੇ ਸੇਵਾ ਪ੍ਰਬੰਧਾਂ ਨੂੰ ਬਿਹਤਰ ਕਰਨਾ ਹੈ।
- ਰਾਜ ਸਰਕਾਰ ਪਿੰਡ ਦੇ ਹਰ ਘਰ ਵਿਚ ਜਲ ਸਪਲਾਈ ਦੇ ਘੰਟਿਆਂ ਨੂੰ ਵਧਾਉਣ ਅਤੇ 100% ਪਾਈਪ ਰਾਹੀਂ ਜਲ ਸਪਲਾਈ ਤੇ ਧਿਆਨ ਕੇਂਦਰਿਤ ਕਰਦੇ ਹੋਏ ਪੇਂਡੂ ਜਲ ਸਪਲਾਈ ਖੇਤਰ ਦੀ ਨੁਹਾਰ ਬਦਲਣ ਤੇ ਜ਼ੋਰ ਦੇ ਰਹੀ ਹੈ। ਇਸ ਦੀ ਪਾਲਣਾ ਕਰਦਿਆਂ ਰਾਜ ਸਰਕਾਰ ਨੇ ਮਾਰਚ, 2019 ਤੱਕ ਹਰ ਘਰ ਵਿਚ ਪਾਈਪ ਰਾਹੀਂ ਪਾਣੀ ਦਾ ਕੁਨੈਕਸ਼ਨ ਉਪਲੱਬਧ ਕਰਵਾਉਣ ਦਾ ਫ਼ੈਸਲਾ ਕੀਤਾ ਹੈ।
- ਲੋਕਾਂ ਨੂੰ ਸੁਰੱਖਿਅਤ ਪੀਣ ਵਾਲੇ ਪਾਣੀ ਮੁਹੱਈਆ ਕਰਵਾਉਣ ਲਈ, ਪੰਜਾਬ ਦੇ ਪੇਂਡੂ ਖੇਤਰਾਂ ਵਿਚ 2311 ਆਰ.ਓ. ਸਿਸਟਮ ਸਥਾਪਤ ਕੀਤੇ ਗਏ ਹਨ ਅਤੇ ਸਾਲ 2018-19 ਦੌਰਾਨ 193 ਹੋਰ ਆਰ.ਓ. ਸਿਸਟਮ ਲਗਾਏ ਜਾ ਰਹੇ ਹਨ।
- **ਸਵੱਛ ਭਾਰਤ ਅਭਿਆਨ ਪ੍ਰੋਗਰਾਮ ਅਧੀਨ** ਰਾਜ ਸਰਕਾਰ 2018 ਤੱਕ ਰਾਜ ਵਿਚ ਹਰੇਕ ਪਰਿਵਾਰ ਨੂੰ ਨਿੱਜੀ ਘਰੇਲੂ ਪਾਖ਼ਾਨੇ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਰਾਜ ਸਰਕਾਰ ਵੱਲੋਂ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦੇ ਅੰਤਰਗਤ 12000 ਰੁਪਏ ਅਤੇ ਇਸ ਤੋਂ ਇਲਾਵਾ ਰਾਜ ਦੇ ਸਰੋਤਾਂ ਵਿਚੋਂ ਖੁੱਲ੍ਹੇ ਵਿੱਚ ਸ਼ੌਚ ਨੂੰ ਰੋਕਣ ਅਤੇ ਪੇਂਡੂ ਇਲਾਕਿਆਂ ਵਿਚ ਹਰੇਕ ਘਰ ਵਿਚ ਆਪਣੀ ਮਰਜ਼ੀ ਦਾ ਸ਼ੌਚਾਲਿਆ ਬਣਾਉਣ ਲਈ 3000 ਰੁਪਏ ਦਾ ਵਾਧੂ ਲਾਭ ਦਿੱਤਾ ਜਾਂਦਾ ਹੈ।
- **ਸਵੱਛ ਪੰਜਾਬ ਸਵੱਸਥ ਪੰਜਾਬ:** ਪੰਜਾਬ ਸਰਕਾਰ ਨੇ ਪਿੰਡਾਂ ਵਿਚ ਸਭ ਘਰਾਂ ਵਿਚ ਨਵੀਂ ਸਾਫ ਅਤੇ ਸੁਰੱਖਿਅਤ ਜਲ ਸਪਲਾਈ, ਖੁੱਲ੍ਹੇ ਵਿਚ ਸ਼ੌਚ ਤੋਂ ਮੁਕਤੀ ਨੂੰ ਯਕੀਨੀ ਬਣਾਉਂਦਿਆਂ, ਸਾਫ ਅਤੇ ਸਿਹਤਮੰਦ ਰਾਜ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਰਾਜ ਦੇ ਪੇਂਡੂ ਇਲਾਕਿਆਂ ਵਿਚ 'ਸਵੱਛ ਪੰਜਾਬ ਸਵੱਸਥ ਪੰਜਾਬ' ਮਿਸ਼ਨ ਆਰੰਭ ਕੀਤਾ ਹੈ।
- ਵਿਸ਼ਵ ਬੈਂਕ ਅਤੇ ਏ.ਡੀ.ਬੀ. ਦੀ ਸਹਾਇਤਾ ਨਾਲ ਅੰਮ੍ਰਿਤਸਰ, ਲੁਧਿਆਣਾ, ਜਲੰਧਰ ਅਤੇ ਪਟਿਆਲਾ ਵਿਖੇ 24x7 ਨਹਿਰ ਆਧਾਰਿਤ ਜਲ ਸਪਲਾਈ ਸਕੀਮ ਵੀ ਲਾਗੂ ਕੀਤੀ ਗਈ ਹੈ।
- **ਹਰ ਘਰ ਸਫਾਈ, ਹਰ ਘਰ ਪਾਣੀ:** ਪੰਜਾਬ ਸਰਕਾਰ ਸਾਲ 2021 ਤੱਕ ਰਾਜ ਦੇ 100 ਫ਼ੀਸਦ ਪੇਂਡੂ ਪਰਿਵਾਰਾਂ ਨੂੰ ਵਿਅਕਤੀਗਤ ਤੌਰ ਤੇ ਪੀਣ ਯੋਗ ਪਾਣੀ ਦਾ ਜਲ ਸਪਲਾਈ ਕੁਨੈਕਸ਼ਨ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

Scanned with CamScanner

11.5 ਊਰਜਾ:

"ਸੱਭ ਤੋਂ ਮਹੱਤਵਪੂਰਨ ਇੱਕਲਾ ਕਾਰਜ ਜੋ ਵਿੱਤੀ ਵਿਕਾਸ ਵਿੱਚ ਸਹਾਇਕ ਹੈ, ਉਹ ਹੈ ਊਰਜਾ"

ਰੁਦਰ ਦੱਤ

ਊਰਜਾ ਰਾਜ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਪੰਜਾਬ ਵਿੱਚ ਉਦਯੋਗਿਕ ਖੇਤਰ ਦੇ ਨਾਲ-ਨਾਲ ਖੇਤੀਬਾੜੀ ਵੀ ਊਰਜਾ ਤੇ ਨਿਰਭਰ ਹੈ। ਵਿੱਤੀ ਵਿਕਾਸ ਲਈ ਲੋੜੀਂਦੀ ਊਰਜਾ ਦੀ ਲਗਾਤਾਰ ਸਪਲਾਈ ਅਤਿ ਜ਼ਰੂਰੀ ਹੈ। ਊਰਜਾ ਦੋ ਮੁੱਖ ਸ੍ਰੋਤਾਂ ਤੋਂ ਹਾਸਿਲ ਕੀਤੀ ਜਾਂਦੀ ਹੈ:

1. **ਨਵਿਆਉਣਯੋਗ:** ਪਣ-ਊਰਜਾ, ਬਾਇਓਗੈਸ, ਹਵਾ ਊਰਜਾ, ਸੂਰਜੀ ਊਰਜਾ, ਭੂ-ਥਰਮਲ ਅਤੇ ਜ਼ੋਰ ਸ਼ਕਤੀ।
2. **ਨਾਂ ਨਵਿਆਉਣਯੋਗ:** ਕੋਲਾ, ਤੇਲ ਅਤੇ ਗੈਸ ਊਰਜਾ।

ਪੰਜਾਬ ਵਿੱਚ ਨਾ ਹੀ ਕੋਲੇ ਅਤੇ ਤੇਲ ਦੇ ਭੰਡਾਰ ਹਨ ਅਤੇ ਨਾਂ ਹੀ ਭੂ-ਥਰਮਲ ਅਤੇ ਜ਼ੋਰ ਸ਼ਕਤੀ ਤੋਂ ਊਰਜਾ ਮਿਲਦੀ ਹੈ, ਇਸ ਲਈ ਪੰਜਾਬ ਵਿੱਚ ਊਰਜਾ ਦੇ ਮੁੱਖ ਸ੍ਰੋਤ -ਤਾਪਘਰ, ਪਣ ਅਤੇ ਸੂਰਜੀ ਊਰਜਾ ਹਨ।ਪੰਜਾਬ ਵਿੱਚ ਸਭ ਤੋਂ ਵੱਧ ਊਰਜਾ ਦੀ ਖਪਤ ਉਦਯੋਗਿਕ ਖੇਤਰ ਵਿੱਚ ਹੈ।ਦੂਜੇ ਨੰਬਰ ਤੇ ਖੇਤੀਬਾੜੀ ਅਤੇ ਹੋਰ ਘਰੇਲੂ ਉਤਪਾਦ ਹਨ।

ਬਿਜਲੀ:

ਰਾਜ ਦੀ ਵਰਤਮਾਨ ਬਿਜਲੀ ਉਤਪਾਦਨ ਸਮਰੱਥਾ 4087 ਮੈਗਾਵਾਟ ਹੈ। ਸਾਲ 2018-2019 (ਸੋਧੇ ਅਨੁਸਾਰ) ਵਿੱਚ ਹਾਈਡਰੋ ਅਤੇ ਸਟੀਮ (ਥਰਮਲ) ਪਲਾਂਟ ਦੀ ਸਮੱਰਥਾ ਕ੍ਰਮਵਾਰ 2327 ਮੈਗਾਵਾਟ ਅਤੇ 1760 ਮੈਗਾਵਾਟ ਹੈ।

ਵਿਅਕਤੀਗਤ ਤੌਰ ਤੇ ਹਰ ਨਾਗਰਿਕ ਨੂੰ ਜਿੰਮੇਵਾਰ ਬਣਾਉਣ ਦੇ ਉਦੇਸ਼ ਨਾਲ ਅਤੇ ਸੰਚਾਰ ਅਤੇ ਬਿਜਲੀ ਦੀ ਵੰਡ ਦੌਰਾਨ ਨੁਕਸਾਨ ਨੂੰ ਘਟਾਉਣ ਲਈ, ਸਬਸਿਡੀ, ਭ੍ਰਿਸ਼ਟਾਚਾਰ ਅਤੇ ਹੋਰ ਵਾਧੂ ਬੋਝਾਂ ਨੂੰ ਘਟਾਉਣ ਲਈ ਅਤੇ ਕਾਰਜ ਕੁਸ਼ਲਤਾ ਵਧਾਉਣ ਦੇ ਮੰਤਵ ਨਾਲ ਭਾਰਤ ਸਰਕਾਰ ਨੇ ਇਸ ਖੇਤਰ ਵਿੱਚ ਕਈ ਸੁਧਾਰ ਕੀਤੇ ਹਨ।

ਦੇਸ਼ ਦੇ ਹੋਰਨਾਂ ਰਾਜਾ ਨਾਲ ਕਦਮ ਮਿਲਾ ਕੇ ਊਰਜਾ ਖੇਤਰ ਵਿੱਚ ਹੋਏ ਸੁਧਾਰਾਂ ਨੂੰ ਅਮਲ ਵਿੱਚ ਲਿਆਉਣ ਲਈ ਪੰਜਾਬ ਸਰਕਾਰ ਨੇ ਪੰਜਾਬ ਰਾਜ ਬਿਜਲੀ ਬੋਰਡ ਭੰਗ ਕਰ ਦਿੱਤਾ ਹੈ। ਇਹ ਸੰਸਥਾ 01/02/1959 ਵਿੱਚ ਊਰਜਾ ਪੈਦਾ ਕਰਨ, ਪ੍ਰਵਾਹ ਅਤੇ ਵਿਤਰਣ ਲਈ ਹੋਂਦ ਵਿੱਚ ਲਿਆਂਦੀ ਗਈ ਸੀ।

ਪੰਜਾਬ ਰਾਜ ਬਿਜਲੀ ਬੋਰਡ ਨੂੰ ਭੰਗ ਕਰਨ ਉਪਰੰਤ ਹੇਠ ਲਿਖੀਆਂ ਦੋ ਕਾਰਪੋਰੇਸ਼ਨਾਂ ਬਣਾਈਆਂ ਗਈਆਂ ਹਨ:

- ਪੰਜਾਬ ਰਾਜ ਊਰਜਾ ਕਾਰਪੋਰੇਸ਼ਨ ਲਿਮਿਟਿਡ (ਪੀ.ਐਸ.ਪੀ.ਸੀ.ਐਲ)
- ਪੰਜਾਬ ਰਾਜ ਵਿਤਰਣ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਟੀ.ਸੀ.ਐਲ)

ਪੰਜਾਬ ਵਿੱਚ ਊਰਜਾ ਦਾ ਉਤਪਾਦਨ ਹੇਠ ਲਿਖੇ ਸ੍ਰੋਤਾਂ ਤੋਂ ਹੁੰਦਾ ਹੈ:

ੳ) ਪੰਜਾਬ ਦੇ ਆਪਣੇ ਪਣ ਅਤੇ ਤਾਪ ਊਰਜਾ ਪ੍ਰੋਜੈਕਟ (4087 ਮੈਗਾਵਾਟ)

ਅ) ਸਾਂਝੇ ਪ੍ਰਾਜੈਕਟ (1258 ਮੈਗਾਵਾਟ)

ੲ) ਕੇਂਦਰ ਸਰਕਾਰ ਦੇ ਪ੍ਰਾਜੈਕਟ

ਪੰਜਾਬ ਦੇ ਆਪਣੇ ਪਣ ਹਾਈਡਰੋ ਅਤੇ ਥਰਮਲ ਊਰਜਾ ਪ੍ਰੋਜੈਕਟ:

1. ਥਰਮਲ ਊਰਜਾ ਪ੍ਰੋਜੈਕਟ:

1) ਮੌਜੂਦਾ ਪ੍ਰੋਜੈਕਟ:

Scanned with CamScanner

ੳ) ਗੁਰੂ ਨਾਨਕ ਥਰਮਲ ਪਲਾਂਟ ਘਵਦ, ਬਠਿੰਡਾ:

- ਇਹ ਪੰਜਾਬ ਦਾ ਪਹਿਲਾ ਤਾਪ ਪਲਾਂਟ ਘਵਦ ਹੈ।
- ਪੈਦਾਵਾਰ ਸਮਰੱਥਾ: 440 ਮੈਗਾਵਾਟ
- ਪਾਣੀ ਦਾ ਸ੍ਰੋਤ: ਸਤਲੁਜ ਪਾਣੀ।
- ਬਾਲਣ ਕਿਸਮ: ਕੁਦਰਤੀ ਤੇ ਪੈਟ੍ਰੋਲੀਅਮ ਕਿਸਮ ਦਾ ਕੋਲਾ।
- ਇਸ ਪ੍ਰੋਜੈਕਟ ਨੂੰ ਹਾਲ ਵਿਚ ਹੀ ਕੇਂਦਰ ਸਰਕਾਰ ਵਿਤਾ ਕਿਸਮ ਹੈ।

ਅ) ਗੁਰੂ ਗੋਬਿੰਦ ਸਿੰਘ ਤਾਪ ਬਠਿੰਡਾ ਘਵਦ, ਲਹਰਾ:

- ਇਹ ਲਹਰਾ-ਖੇਤਰ ਪ੍ਰਮੁਖ ਮਾਰਗ 'ਤੇ ਰਾਜਿਆ ਸਤਲੁਜ ਦੇ ਕੰਢੇ ਅਨੇਕੀ ਪਿੰਡ ਲੇਤੇ ਹੈ।
- ਪੈਦਾਵਾਰ ਸਮਰੱਥਾ: 4×210= 840 ਮੈਗਾਵਾਟ
- ਪੈਦਾਵਾਰ ਇਕਾਈ: ਕਿਲਾ ਸਥਿਤ।
- ਬਾਲਣ ਦੀ ਕਿਸਮ: ਕਿਹਾਰ, ਪੇਟਮੀ ਕੋਲਾ ਅਤੇ ਮੇਘਾਲਯ ਤੋਂ ਆਉਂਦਾ ਕੋਲਾ।

ੲ) ਗੁਰੂ ਨਾਨਕਦੇਵ ਤਾਪਘਰ ਲਹਰਾ ਮੁਹੱਬਤ, ਬਠਿੰਡਾ

- ਪੈਦਾਵਾਰ ਸਮਰੱਥਾ: ਯੂਨਿਟ 1 (420 ਮੈਗਾਵਾਟ) + ਯੂਨਿਟ 2 (500 ਮੈਗਾਵਾਟ)=920 ਮੈਗਾਵਾਟ
- ਪਾਣੀ ਦਾ ਸ੍ਰੋਤ: ਸਤਲੁਜ ਦਰਿਆ ਦੀ ਬਠਿੰਡਾ ਸਾਖਾ
- ਬਾਲਣ ਦੀ ਕਿਸਮ: PANEM ਤੋਂ ਆਉਂਦਾ ਕੋਲਾ (PANEM, EMTA ਗਰੁੱਪ ਅਤੇ ਕੋਲ ਇੰਡੀਆ ਲਿਮਟਿਡ (CIL) ਦਾ ਸਾਂਝਾ ਉਪਰਾਲਾ ਹੈ)।

ਸ) ਦਾਮੋਦਰ ਤਾਪਘਰ ਪ੍ਰੋਜੈਕਟ:

- ਇਹ ਜਿਲ੍ਹਾ ਦਾਮੋਦਰ ਵਿਚ ਕਠਿਨ ਲਾਮਪੁਰਾ ਨੇੜੇ ਪਿੰਡ ਨਲਾਸ ਵਿਖੇ ਹੈ।
- ਉਤਪਾਦਨ ਸਮਰੱਥਾ: 1440 ਮੈਗਾਵਾਟ
- ਲਾਗੂ ਕਰਤਾ ਏਜੰਸੀ: ਐਚ.ਐਂਡ.ਈ ਲਿਮਟਿਡ (ਸਬਸੀਡਿਆਰੀ ਕੰਪਨੀ ਨਾਲਾ ਉਰਜਾ ਲਿਮਟਿਡ ਰਾਂਚੀ)।
- ਬਾਲਣ ਸਪਲਾਈ: ਦੱਖਣ ਪੂਰਬ ਕੋਲਾ ਖਾਣ ਲਿਮਟਿਡ (ਐਸ.ਈ.ਸੀ.ਐਲ) ਬਿਲਾਸਪੁਰ (ਛੱਤੀਸਗੜ) ਤੋਂ।

2) ਵਿਕਾਸਧੀਨ ਪ੍ਰੋਜੈਕਟ:

ੳ) ਕੋਟਿੰਦਰਾ ਤਾਪਘਰ:

- ਇਹ ਤਲਵਾੜਾ ਵਿਚ ਕੋਟਿੰਦਰਾ ਸਾਹਿਬ ਵਿਖੇ ਹੈ।
- ਲਾਗੂ ਕਰਤਾ ਏਜੰਸੀ : ਐਨ.ਵੀ.ਏ ਉਰਜਾ
- ਉਤਪਾਦਨ ਸਮਰੱਥਾ: 2×270 = 540 ਮੈਗਾਵਾਟ
- ਬਾਲਣ ਦੀ ਵਰਤੋਂ: ਕੁਦਰਤੀ ਵਿਕਲਾਂਗਾਂ ਕੋਲਾ ਖਾਣਾਂ ਤੋਂ

ਅ) ਤਲਵੰਡੀ ਸਾਬੋ ਤਾਪਘਰ ਪ੍ਰੋਜੈਕਟ (ਕੋਲਾ ਨਿਕਲਣ):

- ਇਹ ਜਿਲ੍ਹਾ ਮਾਨਸਾ ਵਿੱਚ ਹੈ।
- ਲਾਗੂ ਕਰਤਾ ਏਜੰਸੀ : ਸਟਰਲਾਈਟ ਗਰੁੱਪ (ਵੇਦਾਂਤ ਗਰੁੱਪ ਦੀ ਕੰਪਨੀ)
- ਉਤਪਾਦਨ ਸਮਰੱਥਾ : 1980 ਮੈਗਾਵਾਟ

Scanned with CamScanner

- ਇਸਦਾ ਹੀ ਸਹਾਇਕੀ [illegible] ਕੰਪਨੀਆਂ [illegible] ਕੀਤੀ ਗਈ ਹੈ

ii) 2640 ਮੈਗਾਵਾਟ ਵਾਲਾ ਕਿੰਦਰਵਾਰਾ ਡੈਮ ਤਾਂ ਪਾਸ ਪਾਸ ਪਿਛਲੀ ਤਿਮਾਹੀ ਵਿਚ ਐਨ.ਟੀ.ਪੀ.ਸੀ. ਕੋਲੋਂ ਵਾਪਸ ਲਈ ਗਈ।

2. ਪਣਬਿਜਲੀ ਪ੍ਰੋਜੈਕਟ:

1) ਕਾਰਜਸ਼ੀਲ ਪ੍ਰੋਜੈਕਟ:

i) ਰਣਜੀਤ ਸਾਗਰ ਡੈਮ (ਥੀਨ ਡੈਮ) ਪਣ ਬਿਜਲੀ ਪ੍ਰੋਜੈਕਟ:

- ਇਹ ਰਾਵੀ ਦਰਿਆ ਤਾਂ ਤੇ ਪਿੰਡ ਥੀਨ ਸਾਹਮਣੇ ਕੰਢੀ ਪਠਾਨਕੋਟ ਜਿਲੇ ਅਧੀਨ ਹੈ।
- ਉਤਪਾਦਨ ਸਮਰੱਥਾ : 4 × 150 = 600 ਮੈਗਾਵਾਟ

ii) ਸ਼ਾਹਪੁਰ ਸਾਹਿਬ ਪਣਬਿਜਲੀ ਪ੍ਰੋਜੈਕਟ:

- ਇਹ ਬਾਘਪਾ ਡੈਮ ਤੋਂ ਲਹਿਰੇ ਵੱਲ 32 ਕਿਲੋਮੀਟਰ ਦੂਰੀ ਤੇ ਸੇਹਰ ਕੋਲ ਅਧੀਨ ਹੈ।
- ਇਹ ਸੇਹਰ ਨੂੰ ਦਰਿਆ ਬਿਆਸ ਅਤੇ ਸਤਲੁਜ ਦਰਮਿਆਨ ਨੈਸਰਗਿਕ ਬਾਘਪਾ ਰੋਕਣ ਕਿਸਮੀ ਵਸਤੂ ਪਾਣੀ ਦੀ ਉਚਿਤ ਵਰਤੋਂ ਦੇ ਸਕਦੀਆਂ ਸਾਰਥ ਉਸਾਰਿਆ ਹੈਂਦਾ।
- ਉਤਪਾਦਨ ਸਮਰੱਥਾ : 67 × 2 = 134 ਮੈਗਾਵਾਟ

iii) ਮੁਕੇਰੀਆਂ ਪਣ ਬਿਜਲੀ ਪ੍ਰੋਜੈਕਟ:

- ਇਹ ਜਿਲ੍ਹਾ ਹੁਸ਼ਿਆਰਪੁਰ ਵਿਚ ਦਰਿਆ ਚੋਆਰ ਤੇ ਬਣੇ ਛੋਟੇ ਡੈਮ ਤੇ ਬਣੇ ਕਾਨਾਲਾਤ ਰੈਗੀਮਰ ਤੇ ਮੁਕੇਰੀਆਂ ਨਹਿਰ ਤੇ ਸਥਿਤ ਹੈਂਦਾ ਹੈ।
- ਉਤਪਾਦਨ ਸਮਰੱਥਾ: ਤਲਵਾੜਾ 207 ਮੈਗਾਵਾਟ

iv) ਅਪਰ ਬਾਰੀ ਦੁਆਬ ਨਹਿਰ ਉਰਜਾ ਘਰ ਪੰਧਰ 1 ਅਤੇ 2:

- ਇਹ ਪਠਾਨਕੋਟ ਵਿਚ ਅਪਰ ਬਾਰੀ ਦੁਆਬ ਨਹਿਰ ਤੇ ਸਥਿਤ ਹੈਂਦਾ ਹੈ: ਜਿਸ ਵਿਚ ਰਾਵੀ ਤੋਂ ਪਾਣੀ ਪੈਂਦਾ ਹੈ।
- ਉਤਪਾਦਨ ਸਮਰੱਥਾ: ਪੰਧਰ 1 = 45 ਮੈਗਾਵਾਟ ਅਤੇ ਪੰਧਰ 2 = 46.5 ਮੈਗਾਵਾਟ ਕੁਲ 91.35 ਮੈਗਾਵਾਟ

v) ਸ਼ਾਹਨਹਰ ਉਰਜਾ ਘਰ, ਜੁਗਿੰਦਰਨਗਰ:

- ਇਹ ਜੁਗਿੰਦਰਨਗਰ ਮੰਡੀ (ਹਿਮਾਚਲ ਪ੍ਰਦੇਸ਼) ਵਿਚ ਸਥਿਤ ਹੈ।
- ਇਹ ਰਾਜ ਪੰਜਾਬ ਦੇ ਅਧੀਨ ਹੈ।
- ਉਤਪਾਦਨ ਸਮਰੱਥਾ: 110 ਮੈਗਾਵਾਟ

3) ਵਿਚਾਰ ਅਧੀਨ ਪ੍ਰੋਜੈਕਟ:

i) ਸ਼ਾਹਪੁਰ ਕੰਢੀ ਪ੍ਰੋਜੈਕਟ:

- ਇਹ ਰਾਵੀ ਦਰਿਆ ਤੇ 2020 ਤੱਕ ਉਸਾਰਿਆ ਜਾਵੇਗਾ।
- ਉਤਪਾਦਨ ਸਮਰੱਥਾ : 206 ਮੈਗਾਵਾਟ

ii) ਮੁਕੇਰੀਆਂ ਹਾਈਡਲ ਉਰਜਾ ਪ੍ਰੋਜੈਕਟ ਪੰਧਰ-2:

- ਪੈਦਾਵਾਰ ਸਮਰੱਥਾ : 18 ਮੈਗਾਵਾਟ

Scanned with CamScanner

ੲ) ਅਪਰ ਬਾਰੀ ਦੁਆਬ ਨਹਿਰ ਪ੍ਰੋਜੈਕਟ ਪੱਧਰ -3:

- ਪੈਦਾਵਾਰ ਸਮਰੱਥਾ: 85 ਮੈਗਾਵਾਟ

ਸ) ਮੁਕੇਰੀਆ ਪਣ ਬਿਜਲੀ ਪ੍ਰੋਜੈਕਟ ਪੱਧਰ -3:

- ਪੈਦਾਵਾਰ ਸਮਰੱਥਾ: 42 ਮੈਗਾਵਾਟ

ਊਰਜਾ ਖੇਤਰ ਵਿੱਚ ਰਾਜ ਸਰਕਾਰ ਦੇ ਉਪਰਾਲੇ:

- ਪੰਜਾਬ ਸਰਕਾਰ ਰਾਜ ਦੇ ਸਾਰੇ ਖੇਤੀਬਾੜੀ ਖਪਤਕਾਰਾਂ ਨੂੰ ਮੁਫਤ ਬਿਜਲੀ ਮਹੁੱਈਆ ਕਰਵਾ ਰਹੀ ਹੈ।
- ਪੰਜਾਬ ਸਰਕਾਰ ਐਸ.ਸੀ, ਬੀ.ਸੀ, ਗੈਰ ਐਸ.ਸੀ, ਬੀ ਪੀ ਐਲ ਅਤੇ ਘਰੇਲੂ ਵਰਗ ਦੇ ਖਪਤਕਾਰਾਂ ਨੂੰ ਸਬਸੀਡੀ ਤੇ ਬਿਜਲੀ ਮੁਹੱਇਆ ਕਰਵਾ ਰਹੀ ਹੈ। ਸਰਕਾਰ ਨੇ ਇਹਨਾਂ ਖਪਤਕਾਰਾਂ ਉਤੇ ਲਾਗੂ ਹੁੰਦੀ ਪ੍ਰਤੀ ਮਹੀਨਾ 200 ਯੂਨਿਟਾਂ ਦੀ ਮੁਫ਼ਤ ਪਾਵਰ ਸਹੂਲਤ ਲੈਣ ਲਈ 3000 ਯੂਨਿਟਾਂ ਦੀ ਉਪਰਲੀ ਸਾਲਾਨਾ ਸ਼ਰਤ ਨੂੰ ਹਟਾ ਦਿੱਤਾ ਹੈ। ਆਜਾਦੀ ਘੁਲਾਟਿਆਂ ਅਤੇ 1 ਕਿਲੋਵਾਟ ਤੱਕ ਦਾ ਮਨਜੂਰ ਲੋਡ ਵਾਲੇ ਘਰੇਲੂ ਉਪਭੋਗਤਾਵਾਂ ਨੂੰ ਵੀ ਪ੍ਰਤੀ ਮਹੀਨਾ 300 ਯੂਨਿਟ ਮੁਫ਼ਤ ਬਿਜਲੀ ਮੁਹੱਇਆ ਕਰਵਾਈ ਜਾ ਰਹੀ ਹੈ।
- ਪੰਜਾਬ ਸਰਕਾਰ ਨੇ ਖ਼ਪਤਕਾਰਾਂ ਦੀ ਸਹੂਲਤ ਲਈ ਪੇ.ਟੀ.ਐੱਮ, ਬੀ.ਬੀ.ਪੀ.ਐੱਸ, ਭੀਮ ਐਪ, ਆਰ.ਟੀ.ਜੀ.ਐਸ, ਐੱਨ.ਈ.ਐੱਫ.ਟੀ ਆਦਿ ਦੁਆਰਾ ਡਿਜੀਟਲ ਅਦਾਇਗੀ ਸ਼ੁਰੂ ਕਰਨ ਲਈ ਪਹਿਲਕਦਮੀਆਂ ਕੀਤੀਆਂ ਹਨ।
- **ਪਾਣੀ ਬਚਾਓ, ਪੈਸਾ ਕਮਾਓ:** ਪੰਜਾਬ ਰਾਜ ਊਰਜਾ ਕਾਰਪੋਰੇਸ਼ਨ ਲਿਮਿਟਿਡ ਨੇ ਤਿੰਨ ਜ਼ਿਲ੍ਹਿਆਂ ਫਤਿਹਗੜ੍ਹ ਸਾਹਿਬ, ਜਲੰਧਰ ਅਤੇ ਹੁਸ਼ਿਆਰਪੁਰ ਵਿੱਚ ਪ੍ਰਯੋਗੀ ਆਧਾਰ ਤੇ ਨਵੀਂ ਸਕੀਮ ਦਾ ਉਦਘਾਟਨ ਕੀਤਾ ਹੈ ਜਿਸ ਤਹਿਤ ਕਿਸਾਨਾਂ ਨੂੰ ਘੱਟ ਬਿਜਲੀ ਉਪਭੋਗਤਾ ਲਈ ਨਕਦੀ ਰਾਸ਼ੀ ਦਿੱਤੀ ਜਾਵੇਗੀ। ਇਸ ਸਕੀਮ ਦਾ ਮੁੱਖ ਉਦੇਸ਼ ਘੱਟ ਬਿਜਲੀ ਵਰਤੋਂ ਰਾਹੀ ਕਮਾਈ ਕਰਨਾ ਹੈ। ਜੀਰੀ ਦੀ ਬਿਜਾਈ ਦੌਰਾਨ ਪਾਣੀ ਦੀ ਸੁਚੱਜੀ ਅਤੇ ਵਿਗਿਆਨਕ ਢੰਗ ਨਾਲ ਵਰਤੋਂ ਦੀ ਲੋੜ ਹੈ। ਇਸ ਸਕੀਮ ਤਹਿਤ ਜੇਕਰ ਕੋਈ ਕਿਸਾਨ ਮਿਥੀ ਦਰ ਜਾ ਸੀਮਾਂ ਤੋਂ ਘੱਟ ਬਿਜਲੀ ਦੀ ਵਰਤੋਂ ਕਰਦਾ ਹੈ ਤਾਂ ਚਾਰ ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਣਦੀ ਰਾਸ਼ੀ ਉਸ ਦੇ ਬੈਂਕ ਖਾਤੇ ਵਿੱਚ ਭੇਜ ਦਿੱਤੀ ਜਾਵੇਗੀ। ਬਿਜਲੀ ਬੋਰਡ ਵੱਲੋ ਛੇ ਪਾਵਰ ਸਟੇਸ਼ਨਾਂ ਵਿੱਚ ਵਰਤੀ ਜਾਦੀ ਔਸਤਨ ਹਾਰਸ ਪਾਵਰ ਗਣਨਾ ਕੀਤੀ ਗਈ ਹੈ ਅਤੇ ਜੋ ਕਿਸਾਨ ਇਸ ਸਕੀਮ ਵਿੱਚ ਸਵੈਇਛਿਤ ਭਾਵ ਨਾਲ ਭਾਗ ਲੈਂਦੇ ਹਨ, ਉਹ ਇਸ ਸਕੀਮ ਦੇ ਲਾਭਪਾਤਰੀ ਹੋਣਗੇ। ਜੇਕਰ ਕਿਸੇ ਕਿਸਾਨ ਜਾਂ ਉਪਭੋਗਤਾ ਦੀ ਵਰਤੋਂ ਮਿਥੀ ਦਰਮਿਆਨੀ ਦਰ ਤੋਂ ਵੱਧ ਜਾਦੀ ਹੈ ਤਾਂ ਵੀ ਉਸ ਤੋਂ ਕੋਈ ਵਾਧੂ ਰਾਸ਼ੀ ਚਾਰਜ ਨਹੀਂ ਕੀਤੀ ਜਾਵੇਗੀ। ਇਹ ਸਕੀਮ ਪੂਰਨ ਤੋਰ ਤੇ ਸਵੈ-ਇਛਿਤ ਆਧਾਰਿਤ ਹੈ ਅਤੇ ਊਰਜਾ ਵਿਭਾਗ ਕਿਸਾਨਾ ਨੂੰ ਇਸ ਪ੍ਰਤੀ ਚੇਤੰਨ ਅਤੇ ਉਤਸ਼ਾਹਿਤ ਕਰਨ ਲਈ ਲਗਾਤਾਰ ਮੁਹਿੰਮ ਚਲਾ ਰਿਹਾ ਹੈ। ਊਰਜਾ ਵਿਭਾਗ ਵੱਲੋਂ ਇਸ ਵਿਸ਼ੇ ਨਾਲ ਸਬੰਧਿਤ ਸਾਹਿਤ ਜੋ ਕਿ 'ਕਰ ਭਲਾ ਹੋ ਭਲਾ' ਦੇ ਸਿਰਲੇਖ ਅਧੀਨ ਤਿਆਰ ਕੀਤਾ ਜਾ ਰਿਹਾ ਹੈ ਅਤੇ ਇਹ ਛੇਤੀ ਹੀ ਕਿਸਾਨਾ ਤੱਕ ਪਹੁੰਚਦਾ ਕੀਤਾ ਜਾਣਾ ਹੈ।
- 2826 ਕਰੋੜ ਰੁਪਏ ਦੀ ਲਾਗਤ ਦੇ 206 ਮੈਗਾਵਾਟ ਦੀ ਸਮਰੱਥਾ ਵਾਲੇ ਸ਼ਾਹਪੁਰ ਕੰਢੀ ਡੈਮ ਦੀ ਉਸਾਰੀ ਸ਼ੁਰੂ ਹੋ ਗਈ ਹੈ। 2020 ਤੱਕ ਇਹ ਪਲਾਂਟ ਚਾਲੂ ਕਰ ਦਿੱਤਾ ਜਾਵੇਗਾ।

ਨਵਿਆਉਣਯੋਗ ਊਰਜਾ:

ਪੰਜਾਬ ਵਿਚ ਨਵਿਆਉਣਯੋਗ ਊਰਜਾ ਕਈ ਸ੍ਰੋਤਾਂ ਤੋਂ ਉਤਪੰਨ ਕੀਤੀ ਜਾ ਰਹੀ ਹੈ। 2015 ਫਰਵਰੀ ਨੂੰ ਨਵੀ ਦਿੱਲੀ ਦੇ

Scanned with CamScanner

ਵਿਗਿਆਨ ਭਵਨ ਵਿੱਚ 'ਨਿਵੇਸ਼ਕ ਸੀਟ ਅਤੇ ਐਕਸਪੋ' ਦੌਰਾਨ ਪੰਜਾਬ ਨੂੰ ਆਪਣੀ ਕਾਰਜਕੁਸ਼ਲਤਾ ਲਈ ਸਰਵਉਚ ਅਵਾਰਡ ਪ੍ਰਦਾਨ ਕੀਤਾ ਗਿਆ।ਅਜਿਹਾ ਪੰਜਾਬ ਵੱਲੋਂ ਵਿਲੱਖਣ ਤਕਨੀਕਾਂ ਦੀ ਵਰਤੋਂ ਰਾਹੀਂ ਸੋਲਰ ਮਿਸ਼ਨ ਦੇ ਮਿੱਥੇ ਨਤੀਜਿਆਂ ਨੂੰ ਸਹੀ ਸਮੇਂ ਵਿੱਚ ਪੂਰਾ ਕਰਨ ਨਾਲ ਹੀ ਸੰਭਵ ਹੋ ਸਕਿਆ।

ਪੰਜਾਬ ਵਿੱਚ ਪੰਜਾਬ ਊਰਜਾ ਵਿਕਾਸ ਏਜੰਸੀ (ਪੀ.ਈ.ਡੀ.ਏ) ਪੰਜਾਬ ਵਿੱਚ ਨਵਿਆਉਣ ਯੋਗ ਸਾਧਨਾਂ ਦੇ ਵਿਕਾਸ ਅਤੇ ਵਾਧੇ ਲਈ ਵਿਸ਼ੇਸ਼ ਭੂਮਿਕਾ ਨਿਭਾ ਰਹੀ ਹੈ। ਮੌਜੂਦਾ ਰਾਜ ਦੀ ਨਵਿਆਉਣ ਯੋਗ ਊਰਜਾ ਸਮਰੱਥਾ 1607.55 ਮੈਗਾਵਾਟ 2023 ਤੱਕ ਇਹ ਸਮਰੱਥਾ 2417 ਮੈਗਾਵਾਟ ਹੋਰ ਵਧਾਉਣ ਦੇ ਆਸਾਰ ਹਨ। ਇਹ ਊਰਜਾ ਮੁੱਖ ਤੌਰ 'ਤੇ ਸੂਰਜ, ਜੈਵਿਕ ਬਾਲਣ , ਸਹਿਉਤਪਾਦਨ , ਪਣ ਅਤੇ ਕੂੜਾ ਕਰਕਟ ਵਰਗੇ ਸ੍ਰੋਤਾਂ ਤੋਂ ਉਤਪੰਨ ਕੀਤੀ ਜਾਵੇਗੀ।

ਨਵਿਆਉਣਯੋਗ ਊਰਜਾ ਉਤਪੰਨ ਕਰਨ ਲਈ ਸਰਕਾਰ ਵੱਲੋਂ ਕੀਤੇ ਉਪਰਾਲੇ:

- **ਸੌਰ ਊਰਜਾ ਪ੍ਰੋਗਰਾਮ:** ਪੰਜਾਬ ਵਿਚ ਸਾਲ ਵਿੱਚ 300 ਦਿਨਾਂ ਤੋਂ ਵੱਧ ਸੂਰਜੀ ਰੋਸ਼ਨੀ ਉਪਲੱਭਧ ਹੋਣ ਕਾਰਕੇ ਇੱਥੇ ਸੋਰ ਊਰਜਾ ਉਤਪੰਨ ਕਰਨ ਦੇ ਵਧੇਰੇ ਮੌਕੇ ਹਨ।ਲੱਗਭਗ ਪ੍ਰਤੀ ਵਰਗ ਕਿਲੋਮੀਟਰ 4-7 ਕਿਲੋ ਵਾਟ ਊਰਜਾ ਪ੍ਰਤੀ ਘੰਟਾ ਇਕੱਠੀ ਕੀਤੀ ਜਾ ਸਕਦੀ ਹੈ। ਸੂਰਜੀ ਊਰਜਾ ਪ੍ਰਾਜੈਕਟਾਂ ਦੀ ਸਮਰੱਥਾ ਵਰਤਮਾਨ ਸਮੇਂ ਵਿਚ 935 ਮੈਗਾਵਾਟ ਹੈ। ਜਿਸ ਵਿੱਚ 19.5 ਮੈਗਾਵਾਟ ਦੀ ਸਮਰੱਥਾ ਵਾਲਾ ਵਿਸ਼ਵ ਦੀ ਸਭ ਤੋਂ ਵੱਡਾ ਛੱਤਾਂ ਦੇ ਸੂਰਜੀ ਊਰਜਾ ਪਲਾਂਟ ਜਿਸ ਨੂੰ ਰਾਧਾ ਸੁਵਾਮੀ ਸਤਿਸੰਗ ਬਿਆਸ (ਆਰ.ਐਸ.ਐਸ.ਬੀ) ਦੀ ਸਿੱਖਿਆ ਅਤੇ ਵਾਤਾਵਰਣ ਸਮਾਜ ਦੁਆਰਾ ਡੇਰਾ ਬਿਆਸ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਆਰੰਭ ਕੀਤਾ ਗਿਆ ਹੈ, ਸ਼ਾਮਿਲ ਹੈ।
- **ਬਾਇਓਮਾਸ ਪਾਵਰ (ਜੈਵਿਕ ਊਰਜਾ) ਪ੍ਰੋਜੈਕਟ:** ਰਾਜ ਵਿੱਚ ਹੁਣ ਤੱਕ 66.50 ਮੈਗਾਵਾਟ ਸਮਰੱਥਾ ਦੇ ਕੁੱਲ 8 ਪ੍ਰੋਜੈਕਟ ਲੱਗ ਚੁੱਕੇ ਹਨ। 36 ਮੈਗਾਵਾਟ ਦੇ ਤਿੰਨ ਪ੍ਰੋਜੈਕਟਾਂ ਦਾ ਕੰਮ ਉਸਾਰੀ ਅਧੀਨ ਹੈ।
- **ਬਾਇਓ ਗੈਸ ਪਲਾਂਟ:** ਬਾਇਓ ਗੈਸ ਪਲਾਂਟ ਨਾ ਕੇਵਲ ਦਿਹਾਤੀ ਇਲਾਕੇ ਵਿੱਚ ਸਾਫ ਸੁਥਰੀ ਅਤੇ ਧੂੰਏਂ ਰਹਿਤ ਉਰਜਾ ਦਾ ਸ੍ਰੋਤ ਹਨ, ਸਗੋਂ ਫਸਲਾਂ ਦੀ ਪੈਦਾਵਾਰ ਵਧਾਉਣ ਲਈ ਨਾਈਟਰੋਜਨ ਭਰਪੂਰ ਖਾਦ ਵੀ ਪੈਦਾ ਕਰਕੇ ਹਨ। ਸਾਲ 2018-19 ਵਿੱਚ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵਲੋਂ ਨਿਰਧਾਰਤ 3000 ਬਾਇਓਗੈਸ ਪਲਾਂਟਾਂ ਦੇ ਟੀਚੇ ਵਿੱਚੋਂ ਹੁਣ ਤੱਕ 1200 ਬਾਇਉ ਗੈਸ ਪਲਾਂਟ ਲਗਾਏ ਜਾ ਚੁੱਕੇ ਹਨ।
- **ਖੇਤੀਬਾੜੀ ਖੇਤਰ ਵਿੱਚ ਸਿੰਜਾਈ ਦੇ ਮੰਤਵ ਲਈ ਸੋਲਰ ਪੰਪਾਂ ਦੀ ਵਰਤੋਂ:** ਵਿੱਤੀ ਸਾਲ 2019-20 ਦੌਰਾਨ ਖੇਤੀ ਦੀ ਸਿੰਜਾਈ ਲਈ 3 ਅਤੇ 5 ਐਚ.ਪੀ ਸਮਰੱਥਾ ਦੇ 5000 ਸੋਲਰ ਵਾਟਰ ਪੰਪ ਲਗਾਏ ਜਾ ਰਹੇ ਹਨ। ਇਸ ਮੰਤਵ ਲਈ ਸੋਲਰ ਵਾਟਰ ਪੰਪ ਦੀ ਕੁੱਲ ਕੀਮਤ ਤੇ ਪੰਜਾਬ ਸਰਕਾਰ ਵੱਲੋਂ 58 ਪ੍ਰਤੀਸ਼ਤ ਅਤੇ ਭਾਰਤ ਸਰਕਾਰ ਵੱਲੋਂ 22 ਪ੍ਰਤੀਸ਼ਤ ਸਬਸਿਡੀ ਦੇਣ ਦੀ ਯੋਜਨਾ ਹੈ। ਇਹ ਸੋਲਰ ਪੰਪ ਖੇਤੀਬਾੜੀ, ਬਾਗਬਾਨੀ ਅਤੇ ਹੋਰ ਸਬੰਧਤ ਖੇਤਰਾਂ ਵਿੱਚ ਸਿੰਜਾਈ ਦੀ ਲੋੜ ਨੂੰ ਪੂਰਾ ਕਰਨਗੇ । ਇਸ ਸਕੀਮ ਦੇ ਮੁੱਖ ਲਾਭਪਾਤਰ ਛੋਟੇ ਅਤੇ ਦਰਮਿਆਨੇ ਕਿਸਾਨ ਹੋਣਗੇ। ਪੇਡਾ ਵੱਲੋਂ ਹੁਣ ਤੱਕ ਪੰਜਾਬ ਵਿੱਚ 1955 ਸੋਲਰ ਵਾਟਰ ਪੰਪ ਲਗਾਏ ਜਾ ਚੁੱਕੇ ਹਨ ਅਤੇ 2600 ਹੋਰ ਸੋਲਰ ਵਾਟਰ ਪੰਪ 2019 ਵਿੱਚ ਸਥਾਪਿਤ ਕੀਤੇ ਜਾ ਰਹੇ ਹਨ। 20 ਮੈਗਾਵਾਟ ਸਮਰੱਥਾ ਵਾਲੇ ਇਹਨਾਂ 5000 ਸੋਲਰ ਵਾਟਰ ਪੰਪਾ ਦੇ ਸਥਾਪਿਤ ਹੋਣ ਨਾਲ ਰੋਜਾਨਾ ਬਿਜਲੀ ਦੇ 80000 ਯੂਨਿਟ ਅਤੇ ਸਾਲਾਨਾ 300 ਲੱਖ ਯੂਨਿਟ ਬਿਜਲੀ ਦੀ ਬੱਚਤ ਹੋਵੇਗੀ, ਜਿਸ ਨਾਲ ਰਾਜ ਸਰਕਾਰ ਨੂੰ 14 ਕਰੋੜ ਰੁਪਏ ਦਾ ਸਲਾਨਾ ਲਾਭ ਹੋਵੇਗਾ।
- ਲੁਧਿਆਣਾ ਦੇ ਹੈਬੋਵਾਲ ਡੇਅਰੀ ਖੇਤਰ ਵਿੱਚ ਵਿਸ਼ਵ ਦਾ ਸਭ ਤੋਂ ਵੱਡਾ ਜੈਵਿਕ ਊਰਜਾ ਪਲਾਂਟ ਲਗਾਇਆ ਜਾ ਰਿਹਾ ਹੈ।

Scanned with CamScanner

11.6 ਉਦਯੋਗ:

ਉਦਯੋਗੀਕਰਨ ਦੇਸ਼ ਦੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਉਦਯੋਗੀਕਰਨ ਅਰਥ ਵਿਵਸਥਾ ਵਿਚਲੇ ਢਾਂਚੇ ਵਿਚ ਤਬਦੀਲੀਆਂ ਕਰਨ ਵਿਚ ਮਦਦ ਕਰਦਾ ਹੈ ਜੋ ਖੇਤੀਬਾੜੀ ਦੇ ਮੁਕਾਬਲੇ ਜੀ. ਐਸ. ਵੀ. ਏ ਵਿੱਚ ਉਦਯੋਗ ਅਤੇ ਸੇਵਾਵਾਂ ਦੇ ਵੱਧਦੇ ਹਿੱਸੇ ਨੂੰ ਦਰਸਾਉਂਦਾ ਹੈ। ਇਸ ਲਈ ਲੋੜੀਂਦੀ ਤਵੱਜੋਂ ਦਿੱਤੀ ਜਾਵੇ। 2017-18 ਦੌਰਾਨ ਜੀ. ਐਸ. ਵੀ. ਏ ਵਿੱਚ ਉਦਯੋਗ ਦਾ ਹਿੱਸਾ 24.89 ਪ੍ਰਤੀਸ਼ਤ ਹੈ।

ਰਾਜ ਵਿੱਚ ਉਦਯੋਗੀਕਰਨ ਦੀ ਕਾਰਜਕੁਸ਼ਲਤਾ:

ਆਰਥਿਕਤਾ ਦੀ ਚਹੁ ਤਰਫਾ ਮੰਦੀ ਕਾਰਨ ਪਿਛਲੇ ਸਾਲਾਂ ਦੌਰਾਨ ਪੰਜਾਬ ਅਤੇ ਭਾਰਤ ਦੋਨਾਂ ਦੀ ਉਦਯੋਗਿਕ ਖੇਤਰ ਦੀ ਵਿਕਾਸ ਦਰ ਘਟੀ ਹੈ। ਜਿਸ ਕਾਰਨ ਅਰਥ ਵਿਵਸਥਾ ਵਿਚ ਇਸ ਖੇਤਰ ਦੀ ਹਿੱਸੇ ਦੀ ਪ੍ਰਤੀਸ਼ਤਤਾ ਵੀ ਘਟੀ ਹੈ। ਉਦਯੋਗਿਕ ਖੇਤਰ ਦੀ ਸਾਲ 2017-18 ਦੌਰਾਨ ਵਿਕਾਸ ਦਾਰ 5.38 ਪ੍ਰਤੀਸ਼ਤ ਸੀ ਅਤੇ ਸਾਲ 2018-19 ਦੌਰਾਨ 6.45 ਪ੍ਰਤੀਸ਼ਤ ਹੋਣ ਦੀ ਸੰਭਾਵਨਾ ਹੈ।

ਵੱਡੇ ਅਤੇ ਦਰਮਿਆਨੇ ਉਦਯੋਗਿਕ ਯੂਨਿਟ:

ਸਾਲ 2016-17 ਵਿੱਚ ਰਾਜ ਵਿੱਚ ਵੱਡੇ ਅਤੇ ਦਰਮਿਆਨੇ ਉਦਯੋਗਿਕ ਯੂਨਿਟ ਲੱਗਭਗ 494 ਯੂਨਿਟ ਸਨ ਜਿਨ੍ਹਾਂ ਦੁਆਰਾ 67654 ਕਰੋੜ ਰੁਪਏ ਦੇ ਨਿਵੇਸ਼ ਨਾਲ 2.72 ਲੱਖ ਲੋਕਾਂ ਨੂੰ ਰੁਜਗਾਰ ਮਿਲਿਆ। 2017-18 ਵਿੱਚ ਇਹਨਾਂ ਯੂਨਿਟ ਦੀ ਗਿਣਤੀ 534 ਤੱਕ ਵਧਣ ਦੇ ਆਸਾਰ ਹਨ। ਇਹਨਾਂ ਵਿੱਚ 73133 ਕਰੋੜ ਰੁਪਏ ਦਾ ਨਿਵੇਸ਼ ਨਾਲ 2.94 ਲੱਖ ਲੋਕਾਂ ਨੂੰ ਰੁਜਗਾਰ ਮਿਲ ਸਕੇਗਾ।

ਪੰਜਾਬ ਵਿੱਚ ਪ੍ਰਸਿੱਧ ਉਦਯੋਗਿਕ ਯੂਨਿਟ	
ਕੰਪਨੀ	ਸਥਾਨ
ਨੈਸਲੇ	ਮੋਗਾ
ਗਲੈਕਸੋ ਸਮਿਥਕਲਾਇਨ	ਨਾਭਾ
ਡੇਲ	ਮੋਹਾਲੀ
ਹਾਫਿੰਗ	ਹੁਸ਼ਿਆਰਪੁਰ
ਜੇ ਸੀ ਟੀ	ਫਗਵਾੜਾ
ਪੰਜਾਬ ਟਰੈਕਟਰ	ਮੋਹਾਲੀ
ਮਹਾਂਵੀਰ ਸਪਿਨਿੰਗ ਮਿੱਲ	ਲੁਧਿਆਣਾ
ਹੀਰੋ ਸਾਇਕਲ	ਲੁਧਿਆਣਾ
ਇਨਫੋਸੇ	ਚੰਡੀਗੜ
ਵਿਪਰੋ ਟੈਕਨਾਲੋਜੀਜ਼	ਚੰਡੀਗੜ
ਟੈਕ ਮਹਿੰਦਰਾ	ਚੰਡੀਗੜ
ਸੋਨਾਲੀਕਾ ਟਰੈਕਟਰ	ਹੁਸ਼ਿਆਰਪੁਰ
ਰਨਬੈਕਸੀ	ਮੋਹਾਲੀ
ਨੈਸ਼ਨਲ ਫਿਟਾਲਾਇਜ਼ਰਜ਼ ਲਿਮਟਿਡ	ਨੰਗਲ ਅਤੇ ਬਠਿੰਡਾ
ਐਚ ਐਮ ਟੀ ਐਲ ਰਿਫਾਇਨਰੀ	ਬਠਿੰਡਾ

ਛੋਟੇ ਉਦਯੋਗਿਕ ਯੂਨਿਟ:

ਸਾਲ 2016-17 ਦੌਰਾਨ ਛੋਟੇ ਪੈਮਾਨੇ ਦੇ ਉਦਯੋਗਿਕ ਯੂਨਿਟਾਂ ਦੀ ਗਿਣਤੀ 179412 ਸੀ ਜਿਸ ਨਾਲ 13.48 ਲੱਖ ਵਿਅਕਤੀਆਂ ਨੂੰ ਰੋਜਗਾਰ ਦਿੱਤਾ ਗਿਆ। ਸਾਲ 2017-18 ਦੌਰਾਨ ਇਹਨਾਂ ਇਕਾਈਆਂ ਦੀ ਗਿਣਤੀ ਵੱਧ ਕੇ 200415 ਹੋ ਗਈ ਜਿਹਨਾਂ ਦੁਆਰਾ 22143 ਕਰੋੜ ਰੁਪਏ ਦੇ ਨਿਵੇਸ਼ ਨਾਲ 14.70 ਲੱਖ ਵਿਅਕਤੀਆਂ ਨੂੰ ਰੋਜਗਾਰ ਮੁਹੱਇਆ ਕਰਵਾਇਆ ਗਿਆ।

ਮਾਈਕਰੋ, ਛੋਟੇ ਅਤੇ ਦਰਮਿਆਨੇ ਉਦਯੋਗਿਕ ਯੂਨਿਟ:

ਪੰਜਾਬ ਵਿੱਚ ਵਧੇਰੇ ਉਦਯੋਗ ਮਾਈਕਰੋ, ਛੋਟੇ ਅਤੇ ਦਰਮਿਆਨੇ ਕਿਸਮ ਦੇ ਹਨ। ਰਾਜ ਵਿੱਚ 2.01 ਲੱਖ ਮਾਈਕਰੋ, ਛੋਟੇ ਅਤੇ ਦਰਮਿਆਨੇ ਉਦਯੋਗ ਯੂਨਿਟ ਹਨ। ਇਹਨਾਂ ਇਕਾਈਆ ਵੱਲੋਂ ਉਦਯੋਗਿਕ ਵਸਤਾਂ ਜਿਨ੍ਹਾਂ ਵਿਚ ਹੌਜਰੀ ਵਸਤਾਂ, ਬਾਈਸਾਈਕਲ ਅਤੇ ਸਾਈਕਲ ਪਾਰਟਸ, ਆਟੋ ਮੋਬਾਇਲ ਪਾਰਟਸ, ਸਿਲਾਈ ਮਸ਼ੀਨ ਪਾਰਟਸ, ਧਾਗਾ ਅਤੇ ਕੱਪੜਾ ਹੈਂਡ ਟੂਲਜ ਅਤੇ ਮਸ਼ੀਨ ਟੂਲਜ, ਖੇਡਾਂ ਦਾ ਸਮਾਨ ਅਤੇ

Scanned with CamScanner

ਰਮੜੇ ਦੀਆਂ ਵਸਤਾਂ ਦਾ ਉਤਪਾਦਨ ਕੀਤਾ ਜਾਦਾ ਹੈ।

ਇੰਸਟੀਚਿਊਸ਼ਨਲ ਰੂਪਰੇਖਾ:

ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਿਡ (PSIDC):- ਇਹ ਪੰਜਾਬ ਸਰਕਾਰ ਦਾ ਅਦਾਰਾ ਹੈ ਜੋ ਕਿ ਰਾਜ ਦੇ ਉਦਯੋਗਿਕ ਵਿਕਾਸ ਲਈ ਸੰਸਥਾਨਕ ਵਿਸਥਾਰ ਕਰਨ ਦੇ ਖੇਤਰ ਵਿੱਚ ਲੱਗਿਆ ਹੈ ਇਹ ਰਾਜ ਵਿੱਚ ਵੱਡੇ ਅਤੇ ਛੋਟੇ ਕਿਸਮ ਦੇ ਉਦਯੋਗਾਂ ਦੇ ਵਿਕਾਸ ਲਈ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇਹ ਰਾਜ ਵਿੱਚ ਭਰਪੂਰ ਨਿਵੇਸ਼ ਕਰਵਾਉਣ ਵਿੱਚ ਮਦਦ ਕਰਦਾ ਹੈ।

ਪੰਜਾਬ ਰਾਜ ਐਗਰੋ ਇੰਡਸਟਰੀ ਕਾਰਪੋਰੇਸ਼ਨ ਲਿਮਟਿਡ (PAIC):- ਇਹ ਸੰਸਥਾ ਰਾਜ ਵਿੱਚ ਖੇਤੀਬਾੜੀ ਉਤਪਾਦਨਾਂ ਜਿਵੇਂ ਡੇਅਰੀ, ਪੋਲਟਰੀ, ਖੇਤੀਬਾੜੀ ਰਹਿੰਦ ਖੂੰਹਦ ਦੀ ਵਰਤੋਂ, ਅਨਾਜ ਅਤੇ ਫ਼ਲਾਂ ਦੀ ਵਰਤੋਂ, ਖੇਤੀਬਾੜੀ ਸਬੰਧੀ ਰਸਾਇਣਾਂ ਦੇ ਨਿਰਮਾਣ ਨਾਲ ਸਬੰਧਿਤ ਉਦਯੋਗਾਂ ਨੂੰ ਉਤਸਾਹਿਤ ਅਤੇ ਵਿਕਸਿਤ ਕਰਨ ਵਿੱਚ ਸਹਾਈ ਹੈ। ਰਾਜ ਵਿੱਚ ਨਿਵੇਸ਼ਕਾ ਨੂੰ ਖੇਤੀਬਾੜੀ ਸਬੰਧੀ ਖੇਤਰਾਂ ਵਿੱਚ ਆਕਰਸ਼ਿਤ ਕਰਨ ਵਾਲੀ ਇਹ ਮੁੱਢਲੀ ਏਜੰਸੀ ਹੈ।

ਪੰਜਾਬ ਸੂਚਨਾ ਅਤੇ ਸੰਚਾਰ ਤਕਨੀਕੀ ਲਿਮਟਿਡ (ਪੰਜਾਬ ਇਨਫੋਟੈਕ):- ਪੰਜਾਬ ਸੂਚਨਾ ਅਤੇ ਸੰਚਾਰ ਤਕਨੀਕੀ ਨਿਗਮ ਨੂੰ ਸਾਲ 1976 ਵਿਖੇ ਪੰਜਾਬ ਸਰਕਾਰ ਦੁਆਰਾ ਰਾਜ ਵਿਚ ਇਲੈਕਟ੍ਰੋਨਿਕ/ਸੂਚਨਾ ਤਕਨੋਲੋਜੀ ਖੇਤਰ ਨੂੰ ਉੱਨਤ ਕਰਨ ਲਈ ਬਤੌਰ ਨੋਡਲ ਏਜੰਸੀ ਸਥਾਪਤ ਕੀਤਾ। ਉਸ ਵੇਲੇ ਤੋਂ ਨਿਗਮ, ਰਾਜ ਵਧੇਰੇ ਸੁਖਾਵੇਂ ਨਿਵੇਸ਼ਕ ਥਾਂ ਬਨਾਉਣ ਹਿੱਤ ਕੰਮ ਕਰ ਰਿਹਾ ਹੈ। ਨਿਗਮ ਨੇ ਮੋਹਾਲੀ ਦੇ ਇਲੈਕਟ੍ਰੋਨਿਕਸ/ਸੂਚਨਾ ਤਕਨੋਲੋਜੀ/ਗਿਆਨ ਉਦਯੋਗ ਖੇਤਰ ਦੇ ਵਿਕਾਸ ਵਜੋਂ ਵੱਡਾ ਯੋਗਦਾਨ ਪਾਇਆ ਹੈ।

ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਨਿਗਮ (PSIEC):- ਇਸ ਦੀ ਸਥਾਪਨਾ 1962 ਵਿੱਚ ਨਿਰਯਾਤ ਨੂੰ ਉਤਸ਼ਾਹਿਤ ਕਰਨ ਲਈ ਇੱਕ ਮੁਢਲੀ ਏਜੰਸੀ ਦੇ ਰੂਪ ਵਿੱਚ ਹੋਈ ਸੀ। ਇਹ ਭਾਰਤ ਸਰਕਾਰ ਦੀ ਆਸਾਇਡ (ASIDE) ਸਕੀਮ ਨੂੰ ਲਾਗੂ ਕਰਨ ਲਈ ਵੀ ਮਨੋਨੀਤ ਏਜੰਸੀ ਹੈ।

ਉਦਯੋਗਿਕ ਖੇਤਰ ਦੇ ਵਿਕਾਸ ਲਈ ਰਾਜ ਸਰਕਾਰ ਦੁਆਰਾ ਕੀਤੇ ਉਪਰਾਲੇ:

- **ਉਦਯੋਗ ਨੀਤੀ 2009:** ਵਿਸ਼ਵਪੱਧਰ ਦੇ ਚੱਲ ਰਹੇ ਨਿਘਾਰ ਨਾਲ ਨਜਿੱਠਣ ਲਈ ਅਤੇ ਰਾਜ ਵਿੱਚ ਇੱਕ ਸਹੀ ਉਦਯੋਗਿਕ ਮਾਹੌਲ ਸਿਰਜਣ ਲਈ ਰਾਜ ਸਰਕਾਰ ਨੇ ਉਦਯੋਗ ਨੀਤੀ 2009 ਲਾਗੂ ਕੀਤੀ ਹੈ। ਇਸ ਪਾਲਿਸੀ ਦਾ ਮੰਤਵ ਸਰਕਾਰ ਦੇ ਕੰਟ੍ਰੋਲ ਨੂੰ ਘਟਾਉਂਦੇ ਹੋਏ ਸੁਵਿਧਾ ਜਨਕ ਤਰੀਕੇ ਨਾਲ ਬਾਹਰਲੀਆਂ ਏਜੰਸੀਆਂ ਤੋਂ ਕੰਮ ਕਰਵਾਉਣਾ ਹੈ। ਉਦਯੋਗਿਕ ਬੁਨਿਆਦੀ ਢਾਂਚੇ, ਉਦਯੋਗਿਕ ਸੁਧਾਰਾਂ ਉਪਰ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ ਤਾਂ ਜੋ ਵਿਸ਼ੇਸ਼ ਲਾਭ ਦੇ ਕੇ ਨਿਵੇਸ਼ਕਾਂ ਨੂੰ ਆਕਰਸ਼ਿਤ ਕੀਤਾ ਜਾ ਸਕੇ। ਇਸ ਨਾਲ ਸੂਚਨਾ ਤਕਨਾਲੋਜੀ ਸਿੱਖਿਆ 'ਤੇ ਅਧਾਰਿਤ ਅਤੇ ਖੇਤੀ 'ਤੇ ਅਧਾਰਿਤ ਉਦਯੋਗਾਂ ਦਾ ਹੋਰ ਵਿਕਾਸ ਹੋਵੇਗਾ।
- **ਵਿਸ਼ੇਸ਼ ਆਰਥਿਕ ਜੋਨ ਪਾਲਿਸੀ 2009:** ਰਾਜ ਵਿੱਚ ਵਿਸ਼ੇਸ਼ ਆਰਥਿਕ ਜ਼ੋਨਾਂ ਦੇ ਵਿਕਾਸ ਲਈ ਸਰਕਾਰ ਨੇ ਵਿਸ਼ੇਸ਼ ਆਰਥਿਕ ਜ਼ੋਨ ਪਾਲਿਸੀ 2009 ਲਾਗੂ ਕੀਤੀ ਹੈ। ਇਸ ਪਾਲਿਸੀ ਅਧੀਨ, ਵਿਸ਼ੇਸ਼ ਆਰਥਿਕ ਜ਼ੋਨਾਂ ਵਿੱਚ ਜਮੀਨੀ ਲੈਣ ਦੇਣ ਦੇ ਸਬੰਧ ਵਿੱਚ ਕਿਸੇ ਵੀ ਕਿਸਮ ਦੇ ਕਰ, ਸਟੈਂਪ ਡਿਊਟੀ ਅਤੇ ਹੋਰ ਕਰਾਂ ਤੋਂ ਛੋਟ ਦਿੱਤੀ ਗਈ ਹੈ। ਇੰਨਾਂ ਵਿੱਚੋਂ 2 ਵਿਸ਼ੇਸ਼ ਆਰਥਿਕ ਜ਼ੋਨ ਮੋਹਾਲੀ ਵਿਖੇ ਸਥਾਪਿਤ ਕੀਤੇ ਜਾ ਚੁੱਕੇ ਹਨ। ਇੱਥੇ ਹੀ ਇਕ ਹੋਰ ਜ਼ੋਨ ਦੀ ਸਥਾਪਨਾ ਲਈ ਸਹਿਮਤੀ ਲੈਣ ਲਈ ਭਾਰਤ ਸਰਕਾਰ ਵੱਲ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।
- **ਖੇਤੀ ਉਦਯੋਗ ਪਾਲਿਸੀ 2009:** ਰਾਜ ਸਰਕਾਰ ਕੋਲ ਖੇਤੀ ਉਤਪਾਦ ਬਹੁਤ ਮਾਤਰਾ ਵਿੱਚ ਹੈ। ਨਵੀਂ ਖੇਤੀ ਉਦਯੋਗ

Scanned with CamScanner

ਪਾਲਿਸੀ 2009 ਰਾਹੀਂ ਵਿਸ਼ਵ ਅਤੇ ਖੇਤਰੀ ਪੱਧਰ 'ਤੇ ਪੰਜਾਬ ਵਿੱਚ ਨਿਵੇਸ਼ਕਾਂ ਅਤੇ ਸੋਧ ਕਰਤਾਵਾਂ ਨੂੰ ਆਕਰਸ਼ਿਤ ਕਰਨਾ ਹੈ।

- **ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰਮੋਸ਼ਨ:** ਉਦਯੋਗਾਂ ਨੂੰ ਹੋਰ ਸਖਾਵਾਂ ਬਣਾਉਣ ਲਈ ਪੰਜਾਬ ਬਿਊਰ ਆਫ ਇਨਵੈਸਟਮੈਂਟ ਪ੍ਰਮੋਸ਼ਨ ਸਥਾਪਿਤ ਕੀਤਾ ਗਿਆ ਹੈ। ਇਹ ਮੁਖ ਸੰਸਥਾ ਰਾਜ ਵਿਚ ਸਾਰੇ ਨਵੇ ਨਿਵੇਸ਼ਾਂ ਦੀ ਕਲੀਰੈਂਸ ਨੂੰ ਨਿਯਮਤ ਸਮੇਂ ਵਿੱਚ ਪ੍ਰਦਾਨ ਕਰਨ ਲਈ ਸਬੰਧਿਤ ਹੈ।
- **ਪ੍ਰੋਗਰੈਸਿਵ ਪੰਜਾਬ ਇਨਵੈਸਟ ਸੰਮੇਲਨ ਦਸੰਬਰ, 2013** ਵਿੱਚ ਇੰਡੀਅਨ ਸਕੂਲ ਆਫ ਬਿਜਨਸ ਮੋਹਾਲੀ ਵਿਖੇ ਪੂੰਜੀ ਨਿਵੇਸ਼ ਨੂੰ ਹੁਲਾਰਾ ਦੇਣ ਲਈ ਆਯੋਜਿਤ ਕੀਤਾ ਗਿਆ। ਇਸ ਸੰਮੇਲਨ ਦੌਰਾਨ ਧਾਗਾ ਇੰਜੀਨੀਅਰਿੰਗ, ਸੂਚਨਾ ਤਕਨਾਲੋਜੀ, ਖੇਤੀ, ਉਦਯੋਗ, ਸੈਰ-ਸਪਾਟਾ, ਸਿਹਤ, ਜੈਵਿਕ ਵਿਗਿਆਨ, ਬੁਨਿਆਦੀ ਵਿਕਾਸ ਲਈ 65000 ਕਰੋੜ ਰੁਪਏ ਦਾ ਨਿਵੇਸ਼ ਆਕਰਸ਼ਿਤ ਕੀਤਾ ਗਿਆ। ਇਸ ਨਾਲ ਰੁਜ਼ਗਾਰ ਦੇ ਕਈ ਨਵੇਂ ਮੌਕੇ ਪੈਦਾ ਹੋਏ ਹਨ।

  ਦੂਜਾ ਪ੍ਰੋਗਰੈਸਿਵ ਪੰਜਾਬ ਇਨਵੈਸਟ ਸੰਮੇਲਨ ਅਕਤੂਬਰ, 2015 ਵਿੱਚ ਇੰਡੀਅਨ ਸਕੂਲ ਆਫ ਬਿਜਨਸ ਮੋਹਾਲੀ ਵਿਖੇ ਕਰਵਾਇਆ ਗਿਆ। ਇਸ ਦੌਰਾਨ 391 ਭਰੋਸੇ ਦੇ ਮਤੇ ਪਾਸ ਕੀਤੇ ਗਏ। ਇਹ ਇੱਕ ਸਫ਼ਲ ਉਪਰਾਲਾ ਰਿਹਾ ਹੈ। ਇਸ ਰਾਹੀਂ ਧਾਗਾ ਇੰਜੀਨੀਅਰਿੰਗ, ਸੂਚਨਾ ਤਕਨਾਲੋਜੀ, ਖੇਤੀ ਅਤੇ ਸੋਧਕ ਉਦਯੋਗ, ਸੈਰ ਸਪਾਟਾ ਸਿਹਤ ਅਤੇ ਜੈਵਿਕ ਵਿਗਿਆਨ, ਸੈਨਾ ਅਤੇ ਨਵਿਆਉਣਯੋਗ ਊਰਜਾ ਖੇਤਰ ਵਿੱਚ 120151 ਕਰੋੜ ਰੁਪਏ ਦਾ ਨਿਵੇਸ਼ ਹੋਇਆ।
- **ਗੇਲ (ਭਾਰਤ) ਨਿਗ਼ਮ – ਗੈਸ ਪਾਈਪ ਲਾਈਨ ਪ੍ਰਾਜੈਕਟ:** 2100 ਕਰੋੜ ਦੀ ਲਾਗਤ ਨਾਲ ਵਾਧਾ ਕੁਦਰਤੀ ਗੈਸ ਪਾਈਪ ਲਾਈਨ ਅਤੇ ਪ੍ਰਕਾਸਿਕ ਫਾਈਬਰ ਸੰਚਾਰ ਪ੍ਰਣਾਲੀ ਸਬੰਧੀ ਪ੍ਰਾਜੈਕਟ ਦੀ ਭਾਰਤੀ ਸਰਕਾਰ ਅਧੀਨ, ਗੇਲ ਨਿਗਮ ਵੱਲੋ ਪੰਜਾਬ ਵਿਚ ਸਥਾਪਿਤ ਕੀਤਾ ਜਾ ਰਿਹਾ ਹੈ। ਇਸ ਨਾਲ ਰਾਜ ਵਿਚ ਹੋਰ ਵੀ ਉਦਯੋਗਿਕ ਵਿਕਾਸ ਸੰਭਵ ਹੋ ਸਕੇਗਾ। 583 ਕਿ:ਮੀ ਲੰਮੀ ਦਾਦਰੀ-ਬਵਾਨਾ-ਨੰਗਲ ਪਾਈਪ ਲਾਈਨ ਜ਼ਿਲਾ ਪਟਿਆਲਾ, ਫਤਿਹਗੜ ਸਾਹਿਬ, ਲੁਧਿਆਣਾ, ਬਰਨਾਲਾ, ਮੋਗਾ, ਬਠਿੰਡਾ, ਐਸ ਬੀ ਐਸ ਨਗਰ, ਹੁਸ਼ਿਆਰਪੁਰ ਅਤੇ ਰੂਪਨਗਰ ਜ਼ਿਲਿਆਂ ਵਿਚੋ ਦੀ ਲੰਘੇਗੀ ।
- **ਐਮ.ਐਸ.ਐਮ.ਈ ਪੰਜਾਬ:** ਪੰਜਾਬ ਰਾਜ ਮਾਈਕਰੋ ਛੋਟੇ ਅਤੇ ਮੱਧਮ ਇਕਾਈਆਂ ਵੱਡੀ ਮਾਤਰਾ ਵਿੱਚ ਰੁਜਗਾਰ ਦੇ ਮੌਕੇ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੀਆਂ ਹਨ। ਇਹ ਇਕਾਈਆਂ ਪਛੜੇ ਅਤੇ ਪੇਂਡੂ ਖੇਤਰਾਂ ਵਿੱਚ ਵੀ ਸਨਅਤੀਕਰਨ ਵਿੱਚ ਵੀ ਮੱਦਦ ਕਰਦੀਆਂ ਹਨ। ਇਨ੍ਹਾਂ ਇਕਾਈਆਂ ਨਾਲ ਖੇਤਰੀ ਅਸੰਤੁਲਨ ਵੀ ਘਟਦਾ ਹੈ। ਰਾਜ ਵਿੱਚ ਐਮਐਸਐਮਈ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਅਤੇ ਚਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਰਾਜ ਸਰਕਾਰ ਨੇ ਇਸਨੂੰ ਇੱਕ ਬਹੁਤ ਹੀ ਸ਼ਕਤੀਸ਼ਾਲੀ ਅਤੇ ਗਤੀਸ਼ੀਲ ਖੇਤਰ ਬਣਾਉਣ ਲਈ ਇਸਦੇ ਵਿਕਾਸ ਤੇ ਧਿਆਨ ਕੇਂਦਰਤ ਕਰਦੇ ਹੋਏ ਇੱਕ ਸਮਰਪਤ ਸੰਸਥਾ 'ਐਮ. ਐਸ.ਐਮ.ਈ ਪੰਜਾਬ' ਸਥਾਪਤ ਕਰਨ ਦਾ ਉਪਰਾਲਾ ਕੀਤਾ ਹੈ। ਰਾਜ ਸਰਕਾਰ ਨੇ ਵੱਖ ਵੱਖ ਭੂਗੋਲਿਕ ਸਥਾਨਾਂ ਦੀ ਮਹੱਤਤਾ ਦੇਖਦੇ ਹੋਏ ਉਦਯੋਗਿਕ ਕਲੱਸਟਰਾਂ ਨੂੰ ਸਥਾਪਿਤ ਕਰਨ ਲਈ ਰੂਪ ਰੇਖਾ ਬਨਾਈ ਹੈ। ਪੰਜਾਬ ਸਰਕਾਰ ਭਾਰਤ ਸਰਕਾਰ ਦੀ ਐਮ ਐਸ ਐਮ ਈ ਕਲਸਟਰ ਡਿਵੈਲਪਮੈਂਅ ਪ੍ਰੋਗਰਾਮ ਸਕੀਮ ਅਨੁਸਾਰ ਐਮਐਸਐਮਈ ਕਲੱਸਟਰ ਸਥਾਪਿਤ ਕਰਨ ਨੂੰ ਤਰਜੀਹ ਦੇ ਰਹੀ ਹੈ, ਜਿਹੜੇ ਕਿ ਸਪੈਸਲ ਪ੍ਰਪੋਜਨ ਫਾਰ ਵਾਹੀਕਲ ਨਾਲ ਸਾਂਝੇਦਾਰੀ ਰਾਹੀਂ ਸਥਾਪਿਤ ਕੀਤੇ ਜਾਣਗੇ।

  ਇੱਕ **ਸੰਚਾਰੂ ਕੌਂਸਲ** ਮਾਈਕਰੋ, ਸਮਾਲ ਐਂਡ ਮਿਡਲ ਐਂਟਰਪ੍ਰਾਈਜ਼ਜ਼ ਡਿਵੈਲਪਮੈਂਟ (ਐਮ ਐਸ ਐਮ ਈ ਡੀ) ਐਕਟ 2006 ਦੇ ਤਹਿਤ ਸਥਾਪਿਤ ਇਸ ਦੇ ਦਫਤਰ ਵਿਖੇ ਕੰਮ ਕਰ ਰਹੀ ਹੈ। ਇਹ ਇੱਕ ਰਾਜ ਪੱਧਰੀ ਕੌਂਸਲ ਦੇ ਤੌਰ ਤੇ ਕੰਮ ਕਰਦੀ ਹੈ ਇਸ ਕੌਂਸਲ ਰਾਹੀਂ ਦੇਰੀ ਨਾਲ ਹੋਈਆਂ ਅਦਾਇਗਆਂ ਦਾ ਨਿਪਟਾਰਾ ਕਰਵਾਇਆ ਜਾਂਦਾ ਹੈ। ਰਾਜ

Scanned with CamScanner

ਸਰਕਾਰ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਪਟਿਆਲਾ ਵਿਖੇ ਖੇਤਰੀ ਪੱਧਰ ਤੇ **ਐਮ ਐਸ ਐਮ ਈ ਸੁਵਿਧਾ ਕੌਂਸਲਾਂ** ਸਥਾਪਿਤ ਕਰ ਰਹੀ ਹੈ ਤਾਂ ਜੋ ਐਮ ਐਸ ਐਮ ਈ ਨੂੰ ਪ੍ਰਭਾਵਸ਼ਾਲੀ ਸਹੂਲਤਾਂ ਪ੍ਰਾਪਤ ਹੋਣ।

- **ਪੰਜਾਬ ਨਿਵੇਸ (ਇਨਵੈਸਟ ਪੰਜਾਬ):** ਰਾਜ ਨੇ ਪਹਿਲਾਂ ਹੀ ਇਨਵੈਸਟ ਪੰਜਾਬ ਦਾ ਦਫ਼ਤਰ ਸਥਾਪਿਤ ਕੀਤਾ ਹੋਇਆ ਹੈ, ਜਿਸ ਰਾਹੀਂ ਉੱਦਮੀਆਂ ਨੂੰ ਇੱਕੋ ਥਾਂ ਤੇ 23 ਵਿਭਾਗਾਂ ਤੋਂ ਪ੍ਰੋਜੈਕਟ ਪ੍ਰਵਾਨਗੀ ਮੁਹੱਈਆ ਕਰਵਾਈ ਜਾਂਦੀ ਹੈ। ਰਾਜ ਸਰਕਾਰ ਇਸ ਅਦਾਰੇ ਦਾ ਹੋਰ ਵਿਸਥਾਰ ਕਰਦੇ ਹੋਏ ਜਿਲਿਸ਼ਆਂ ਵਿੱਚ ਇਨਵੈਸਟ ਪੰਜਾਬ ਕੇਂਦਰ ਸਥਾਪਿਤ ਕਰ ਰਹੀ ਹੈ, ਜਿਲਸ਼ਾ ਉਦਯੋਗ ਕੇਂਦਰਾਂ ਦੇ ਬੁਨਿਆਦੀ ਢਾਂਚੇ ਨੂੰ ਹੋਰ ਵੀ ਅਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ ਉਦਯੋਗਾਂ ਦੇ ਵਿਕਾਸ ਲਈ ਇੱਕ ਕਿਰਿਆਸ਼ੀਲ ਭੂਮਿਕਾ ਨਿਭਾਉਣ ਲਈ ਉਨਸ਼ਾਂ ਦੀ ਸਮਰੱਥਾ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਇਹ **ਇਨਵੈਸਟ ਪੰਜਾਬ ਕੇਂਦਰ** ਇਨਵੈਸਟਮੈਂਟ ਪ੍ਰਮੋਸ਼ਨ, ਰੈਗੂਲੇਟਰੀ ਕਲੀਅਰੈਂਸ, ਫਿਸਕਲ ਇਨਸੈਂਟਿਵਜ਼, ਐਮ ਐਸ ਐਮ ਈ ਸਮਰਥਨ, ਸਟਾਰਟਅੱਪ ਅਤੇ ਇੰਟਰਪ੍ਰਿਨਿਊਰਸ਼ਿਪ, ਸ਼ਿਕਾਇਤ ਨਿਵਾਰਨ ਸਹੂਲਤਾਂ ਦੇ ਨਾਲ ਨਾਲ ਫਟਦੀਆਂ ਹੋਰ ਵੀ ਸਹਲੂਤਾਂ ਪ੍ਰਦਾਨ ਕਰਨਗੇ।

ਪੰਜਾਬ ਵਿੱਚ ਨਿਵੇਸ਼ ਕਰਨ ਸਬੰਧੀ ਇਨਵੈਸਟ ਪੰਜਾਬ ਨੂੰ ਸਫਲ ਬਨਾਉਣ ਲਈ ਰਾਜ ਸਰਕਾਰ ਵੱਲੋਂ **ਆਨਲਾਈਨ ਫਸਟ ਬਿਜਨਸ ਪੋਰਟਲ** ਬਣਾਇਆ ਗਿਆ ਹੈ। ਇਹ ਪੰਜਾਬ ਰਾਜ ਦਾ ਪਹਿਲਾ ਯੂਨੀਫਾਈਡ ਇਲੈਕਟ੍ਰਾਨਿਕ ਪੋਰਟਲ ਹੈ, ਜੋ ਰਾਜ ਵਿੱਚ ਉਦਯੋਗਾ ਨੂੰ ਸੇਵਾਵਾਂ ਪ੍ਰਦਾਨ ਕਰਨ ਵਾਲੇ ਵੱਖ-ਵੱਖ ਰੈਗੂਲੇਟਰੀ ਵਿਭਾਗ ਅਤੇ ਏਜੰਸੀਆਂ ਦੀ ਥਾਂ ਲੈ ਕੇ ਅਗਲੇ ਪੱਧਰ ਤੱਕ ਕਾਰੋਬਾਰ ਕਰਨ ਦੀ ਸੌਖੀ ਭੂਮਿਕਾ ਨਿਭਾਏਗਾ। ਬਿਜਨਸ ਫਸਟ ਪੋਰਟਲ ਰਾਹੀ ਮੌਜੂਦਾ ਅਤੇ ਨਵੇਂ ਉਦਯੋਗਾਂ ਨੂੰ ਰੈਗੂਲੈਟਰੀ ਕਲੀਅਰੰਸ ਅਤੇ ਵਿੱਤੀ ਲਾਭ ਦਿੱਤੇ ਜਾਣਗੇ। ਇਹ ਪੋਰਟਲ ਵਿੱਚ 13 ਵਿਭਾਗਾ ਦੀਆ 34 ਰੈਗੁਲੇਟਰੀ ਸੇਵਾਵਾਂ ਅਤੇ 35 ਵਿੱਤੀ ਪ੍ਰੇਰਕ ਯੋਜਨਾਵਾਂ ਵਿਕਸਿਤ ਕੀਤੀਆਂ ਗਈਆਂ ਹਨ। ਇਹ ਪੋਰਟਲ ਮੁੱਖ ਮੰਤਰੀ ਪੰਜਾਬ ਵੱਲੋ ਮਿਤੀ 06-11-2018 ਨੂੰ ਲਾਗੂ ਕੀਤਾ ਗਿਆ ਹੈ। ਇਸ ਪੋਰਟਲ ਰਾਹੀ ਨਿਵੇਸਕਾਂ ਨੂੰ ਸਹੂਲਤ ਪ੍ਰਦਾਨ ਕਰਨ ਲਈ 12 ਵੱਡੇ ਜਿਲ੍ਹਿਆਂ ਵਿੱਚ ਬਿਜਨਸ ਫੈਸੀਲੀਟੇਟਰ ਨਿਯੁਕਤ ਕੀਤੇ ਗਏ ਹਨ।

- **ਉਦਯੁਗਿਕ ਪਾਰਕ:** ਸੈਕਟਰ ਵਿਸ਼ੇਸ਼ ਉਦਯੋਗਿਕ ਪਾਰਕਾਂ ਦੀ ਸਥਾਪਨਾ ਵਿੱਚ ਸੂਬਾ ਸਰਕਾਰ ਵੱਲੋਂ ਹੇਠ ਲਿਖੇ ਯਤਨ ਕੀਤੇ ਜਾ ਰਹੇ ਹਨ:
  - ਕਪੂਰਥਲਾ ਵਿਖੇ ਏਕੀਕ੍ਰਿਤ ਮਿਸ਼ਰਤ ਪ੍ਰਯੋਗ ਉਦਯੋਗਿਕ ਪਾਰਕ ਵਿਕਸਿਤ ਕੀਤਾ ਜਾ ਰਿਹਾ ਹੈ।
  - ਬਨੂੜ ਵਿਖੇ ਫੁੱਟ ਵੀਅਰ ਡਿਜਾਇਨ ਅਤੇ ਡਿਵੈਲਪਮੈਂਟ ਇੰਸਟੀਚਿਊਟ (ਐਫ. ਡੀ. ਡੀ. ਆਈ) ਜ਼ਿਲ੍ਹਾ ਮੋਹਾਲੀ ਦੀ ਸਥਾਪਨਾ ਕੀਤੀ ਗਈ ਹੈ।
  - ਬਨੂੜ ਜ਼ਿਲ੍ਹਾ ਮੋਹਾਲੀ ਵਿਖੇ ਚਮੜੇ ਦੇ ਏਪੈਰਲ ਪਾਰਕ ਦੀ ਸਥਾਪਨਾ ਕੀਤੀ ਜਾ ਰਹੀ ਹੈ।
  - ਜਲੰਧਰ ਵਿਖੇ ਸਪੋਰਟਸ ਗੁੱਡਜ਼ ਪਾਰਕ ਦੀ ਸਥਾਪਨਾ ਕੀਤੀ ਜਾ ਰਹੀ ਹੈ।
  - ਬਠਿੰਡਾ ਅਤੇ ਲੁਧਿਆਣਾ ਵਿਖੇ ਦੋ ਪਲਾਸਟਿਕ ਪਾਰਕ ਸਥਾਪਿਤ ਕੀਤੇ ਜਾ ਰਹੇ ਹਨ।
  - ਮੋਹਾਲੀ ਵਿਖੇ ਨਵਾਂ ਕਾਰਗੋ ਨਿਰਯਾਤ ਕੇਂਦਰ ਸਥਾਪਤ ਕੀਤਾ ਜਾ ਰਿਹਾ ਹੈ।
  - ਰਾਜਪੁਰਾ ਵਿੱਚ ਆਈ. ਟੀ ਅਤੇ ਈ. ਐਸ. ਡੀ. ਐਮ ਪਾਰਕ ਦੀ ਸਥਾਪਨਾ ਕੀਤੀ ਜਾ ਰਹੀ ਹੈ।
  - ਆਟੋਮੋਬਾਇਲ ਮੈਨੂਫੈਕਚਰਿੰਗ ਪਾਰਕ ਦੀ ਸਥਾਪਨਾ ਕੀਤੀ ਜਾ ਰਹੀ ਹੈ, ਜਿਸਨੂੰ ਫਰੇਟ ਕੋਰੀਡੋਰ ਦੇ ਨਾਲ ਜੋੜਨ ਦੀ ਤਰਜੀਹ ਦਿੱਤੀ ਜਾਵੇਗੀ।
  - ਗ੍ਰੀਨਫ਼ੀਲਡ ਲਾਈਟ ਇੰਜੀਨੀਅਰਿੰਗ ਪਾਰਕ ਦੀ ਸਥਾਪਨਾ ਕੀਤਾ ਜਾ ਰਹੀ ਹੈ ਜਿਸ ਨੂੰ ਪੂਰਬੀ ਫਰੇਟ ਕੋਰੀਡੋਰ ਨਾਲ

Scanned with CamScanner

ਜ਼ੋਨਾਂ ਦੀ ਤਰਮੀਮ ਦਿੱਤੀ ਜਾਵੇਗੀ।

- ਰਾਜ ਵਿਚ ਏਰੋਸਪੇਸ ਅਤੇ ਡਿਫੈਂਸ ਪਾਰਕ ਸਥਾਪਿਤ ਕੀਤਾ ਜਾ ਰਿਹਾ ਹੈ।
- ਮੈਨੂਫੈਕਚਰਿੰਗ ਸਬੰਧੀ ਅਡਵਾਂਸਡ ਮੈਨੂਫੈਕਚਰਿੰਗ ਪਾਰਕ ਸਥਾਪਿਤ ਕੀਤਾ ਜਾ ਰਿਹਾ ਹੈ ਜਿਸ ਨੂੰ ਅੰਮ੍ਰਿਤਸਰ ਕੋਲਕਾਤਾ ਸਨਅਤੀ ਕੋਰੀਡੋਰ ਦੇ ਨਾਲ ਜੋੜਿਆ ਜਾਵੇਗਾ।
- ਗੋਬਿੰਦਗੜ੍ਹ ਵਿਖੇ ਆਟੋਮੋਬਾਇਲ ਸਬੰਧੀ ਸਰੋਵਰ ਪਲਾਂਟ ਸਥਾਪਿਤ ਕੀਤਾ ਜਾ ਰਿਹਾ ਹੈ।

- ਰਾਜ ਸਰਕਾਰ ਨੇ ਉਦਯੋਗਾਂ ਨੂੰ ਆਰ ਐਂਡ ਡੀ ਦੀਆਂ ਸੁਵਿਧਾਵਾਂ ਪ੍ਰਦਾਨ ਕਰਨ ਲਈ ਅਤੇ ਉਨ੍ਹਾਂ ਨੂੰ ਕੀਮਤਾਂ ਘਟਾ ਕੇ ਰਿਸਰਚ ਮੰਡੀ ਵਿਚ ਮੁਕਾਬਲਾ ਸਮਰੱਥ ਕਰਨ ਲਈ, ਰਾਜ ਵਿਚ ਵੱਖ-2 ਕਿਸਮ ਦੇ ਉਦਯੋਗਾਂ ਲਈ ਕਲਸਟਰ ਪ੍ਰੋਜੈਕਟ ਦੀ ਪ੍ਰਵਾਨਗੀ ਲਈ ਭਾਰਤ ਸਰਕਾਰ ਨੂੰ ਮੰਗ ਕੀਤੀ ਹੈ।

  ਜਲੰਧਰ ਵਿਖੇ ਹੈਂਡ ਟੂਲ ਕਲੱਸਟਰ ਲਈ ਪ੍ਰਾਜੈਕਟ ਅਤੇ ਬਟਾਲਾ ਵਿਖੇ ਚੌਂਡਰੀ ਅਤੇ ਮਸ਼ੀਨ ਟੂਲ ਕਲਸਟਰ ਲਈ ਪ੍ਰਾਜੈਕਟ ਨੂੰ ਭਾਰਤ ਸਰਕਾਰ ਨੇ ਮਨਜ਼ੂਰੀ ਦੇ ਦਿੱਤੀ ਹੈ।

- ਭਾਰਤੀ ਸਰਕਾਰ ਨੇ ਰਾਜ ਸਰਕਾਰ ਨੂੰ ਰਾਜ ਵਿਚ ਦੋ ਵੱਡੇ ਫੂਡ ਪਾਰਕ ਸਥਾਪਿਤ ਕਰਨ ਲਈ ਵੀ ਮਨਜ਼ੂਰੀ ਦੇ ਦਿੱਤੀ ਹੈ। ਇਹਨਾਂ ਵਿਚੋਂ ਇੱਕ ਲੁਧਿਆਣਾ ਵਿਖੇ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੁਆਰਾ ਅਤੇ ਦੂਜਾ ਫਗਵਾੜਾ ਵਿਖੇ ਨਿੱਜੀ ਅਦਾਰੇ ਵੱਲੋਂ ਸਥਾਪਿਤ ਕੀਤਾ ਜਾਵੇਗਾ।
- **ਉਦਯੋਗਿਕ ਰਿਸਾਵ ਸੋਧਕ ਪਲਾਂਟ:** ਦਰਿਆਵਾਂ ਦੀ ਸਾਫ ਸਫਾਈ ਦੇ ਮੱਦੇਨਜ਼ਰ ਇਹ ਯਕੀਨੀ ਬਣਾਉਣ ਲਈ ਕਿ ਉਦਯੋਗਿਕ ਰਿਸਾਵ ਦਰਿਆਈ ਪਾਣੀ ਨੂੰ ਪ੍ਰਦੂਸ਼ਿਤ ਨਾ ਕਰੇ ਰਾਜ ਸਰਕਾਰ ਵੱਲੋਂ ਕਈ ਸੋਧਕ ਪਲਾਂਟ ਲਗਾਏ ਗਏ ਹਨ।
  - ਇਸ ਉਦੇਸ਼ ਲਈ 115 ਐਮ. ਐਲ. ਡੀ ਸਮਰੱਥਾ ਵਾਲਾ ਰਿਸਾਵ ਦਾ ਸਭ ਤੋਂ ਵੱਡਾ ਸਾਂਝਾ ਰਿਸਾਵ ਸੋਧਕ ਪਲਾਂਟ, ਲੁਧਿਆਣਾ ਵਿਖੇ ਤਾਜਪੁਰ ਰੋਡ ਤੇ ਸਥਾਪਿਤ ਕੀਤਾ ਜਾ ਰਿਹਾ ਹੈ।
  - 15 ਐਮ. ਐਲ. ਡੀ ਸਮਰੱਥਾ ਵਾਲਾ ਸਾਂਝਾ ਸੋਧਕ ਪਲਾਂਟ ਲੁਧਿਆਣਾ ਵਿਖੇ ਬਹਾਦਰ ਕੇ ਰੋਡ 'ਤੇ ਸਥਾਪਿਤ ਕੀਤਾ ਗਿਆ ਹੈ।
  - ਲੁਧਿਆਣੇ ਦੀ ਇਲੈਕਟ੍ਰੋਪਲੇਟਿੰਗ ਇੰਡਸਟਰੀ ਲਈ 3.3 ਐਮ. ਐਲ. ਡੀ ਸਮਰੱਥਾ ਵਾਲਾ ਸਾਂਝਾ ਸੋਧਕ ਪਲਾਂਟ ਲੁਧਿਆਣੇ ਵਿਖੇ ਸਥਾਪਿਤ ਕੀਤਾ ਗਿਆ ਹੈ।
  - ਜਲੰਧਰ ਦੇ ਚਮੜਾ ਉਦਯੋਗ ਲਈ 1.5 ਐਮ. ਐਲ. ਡੀ ਅਤੇ 5 ਐਮ. ਐਲ. ਡੀ ਦੀ ਸਮਰੱਥਾ ਵਾਲੇ 2 ਸਾਂਝੇ ਰਿਸਾਵ ਸੋਧਕ ਪਲਾਂਟ, ਚਮੜਾ ਕੰਪਲੈਕਸ ਜਲੰਧਰ ਵਿਚ ਸਥਾਪਿਤ ਕੀਤੇ ਗਏ ਹਨ।
- ਮਾਈਕਰੋ ਅਤੇ ਛੋਟੇ ਉਦਯੋਗਪਤੀਆਂ ਨੂੰ ਦਰਪੇਸ਼ ਵਿੱਤੀ ਸੰਕਟਾ ਦੇ ਨਿਪਟਾਰੇ ਲਈ ਰਾਜ ਸਰਕਾਰ, 'ਉੱਦਮ ਵਿਕਾਸ ਪ੍ਰੋਗਰਾਮ ਸ਼ੁਰੂ ਕਰ ਰਹੀ ਹੈ। ਇਸ ਪ੍ਰੋਗਰਾਮ ਰਹਿਤ ਮਾਈਕਰੋ ਅਤੇ ਛੋਟੇ ਉਦਯੋਗ ਸਥਾਪਿਤ ਕਰਨ ਲਈ 5 ਕਰੋੜ ਰੁਪਏ ਤੱਕ ਦੇ ਨਿਵੇਸ਼ ਕਰਤਾਵਾਂ ਨੂੰ ਵਿਆਜ ਦੇ 3% ਤੱਕ ਦੀ ਆਰਥਿਕ ਸਹਾਇਤਾ ਦੇਣ ਲਈ ਕਰਜ਼ ਦੇਣ ਦੀ ਵਿਉਂਤਬੰਦੀ ਕੀਤੀ ਗਈ ਹੈ।
- **ਹਾਈਟੈਕ ਸਾਇਕਲ ਵੈਲੀ:** ਸਾਇਕਲ ਅਤੇ ਸਾਇਕਲ ਦੇ ਹਿੱਸੇ ਦੇ ਉਦਯੋਗ ਨੂੰ ਉਚ ਵਿਕਾਸ ਦਰ ਤੇ ਲਿਆਉਣ ਲਈ ਲਈ, ਸੂਬਾ ਸਰਕਾਰ ਨੇ ਲੁਧਿਆਣਾ ਵਿਚ ਇਕ ਹਾਈ-ਟੈਕ ਸਾਇਕਲ ਵੈਲੀ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ, ਜਿਸ ਵਿਚ ਅਤਿ ਆਧੁਨਿਕ ਸਹੂਲਤਾਂ, ਪ੍ਰਦੂਸ਼ਣ ਦੇ ਇਲਾਜ ਲਈ ਆਮ ਸਹੂਲਤਾਂ, ਡਿਜ਼ਾਇਨ ਸੁਵਿਧਾਵਾਂ, ਕਨਵੈਨਸ਼ਨ ਅਤੇ ਪ੍ਰਦਰਸ਼ਨੀ ਕੇਂਦਰ, ਵੇਅਰ ਹਾਊਸਿੰਗ ਅਤੇ ਲਾਜਮੀ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਣਗਿਆਂ।

Scanned with CamScanner

- ਨਾਰਥ ਇੰਡੀਅਨ ਇੰਸਟੀਚਿਊਟ ਆਫ਼ਫੈਸਨ ਤਕਨੋਲੋਜੀ (ਨਿਫ਼ਟ) ਲੁਧਿਆਣਾ ਨੂੰ ਕੱਪੜੇ ਅਤੇ ਫੈਸਨ ਲਈ ਵਧੀਆ ਕੇਂਦਰ ਵਜੋਂ ਅਪਗ੍ਰੇਡ ਕੀਤਾ ਜਾ ਰਿਹਾ ਹੈ।
- ਮਹਿਲਾ ਉਦੱਮਿਆਂ ਨੂੰ ਉਤਸਾਹਿਤ ਕਰਨ ਲਈ ਰਾਜ ਸਰਕਾਰ ਨੇ ਇਕ ਵਿਸ਼ੇਸ ਸਕੀਮ ਵਿਸ (WISH) (ਵੂਮੈਨ ਇੰਟਰਪਰੇਨਿਊਰਸ਼ਿਪ, ਇਨੋਵੇਸਨ, ਸਟਾਰਟ-ਅਪਸ ਅਤੇ ਹੈਂਡ ਹੋਲਡਿੰਗ) ਨੂੰ ਸੁਰੂ ਕਰਨ ਦਾ ਫੈਸਲਾ ਕੀਤਾ ਹੈ।
- **ਪੰਜਾਬ ਕਾਰਪੋਰੇਟ ਸੋਸ਼ਲ ਰਿਸਪਾਂਸਿਬਿਲਟੀ ਅਥਾਰਟੀ (ਪੀ.ਸੀ.ਐਸ.ਆਰ.ਏ):-** ਪੰਜਾਬ ਸਰਕਾਰ ਵੱਖ ਵੱਖ ਸਰਕਾਰੀ ਜਨਤਕ ਅਦਾਰੇ ਅਤੇ ਨਿੱਜੀ-ਖੇਤਰ ਕੰਪਨੀਆਂ ਤੋਂ ਆਉਣ ਵਾਲੇ ਸੀ.ਐਸ.ਆਰ ਫੰਡ ਦੀ ਵੱਧ ਤੋਂ ਵੱਧ ਵਰਤੋਂ ਲਈ ਸਰਕਾਰ ਦੀਆਂ ਖਿਤੇ ਦੀਆਂ ਤਰਜੀਹਾਂ ਨਾਲ ਇਸ ਨੂੰ ਸੰਮਿਲਿਤ ਕਰਕੇ ਇਸ ਨੂੰ ਸਹੀ ਰਾਹ ਤੇ ਪਾਉਣ ਲਈ ਇੱਕ ਇਕਾਈ ਪ੍ਰਣਾਲੀ ਬਣਾਉਣ ਲਈ ਪੰਜਾਬ ਕਾਰਪੋਰੇਟ ਸੋਸਲ ਰਿਸਪਾਂਸਿਬਿਲਟੀ ਅਥਾਰਟੀ (ਪੀ.ਸੀ.ਐਸ.ਆਰ.ਏ) ਦੀ ਸਥਾਪਨਾ ਕਰ ਰਹੀ ਹੈ।
- **ਪੰਜਾਬ ਇਨਫੋਟੈਕ ਵਿੱਚ ਸਟਾਰਟ ਅੱਪ ਸੈਲ:** ਸਟਾਰਟ ਅੱਪ ਅਤੇ ਉਦਮਸੀਲਤਾ ਨਵੀ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ 2017 ਦਾ ਇੱਕ ਮੁੱਖ ਰਣਨੀਤੀਕ ਸਤੰਭ ਹੈ। ਇਸ ਉਦੇਸ ਨਾਲ ਪੰਜਾਬ ਨੇ ਕੁੱਝ ਸਮੇਂ ਪਹਿਲਾਂ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ 2017 (ਡਰਾਫਟ ਦੇ ਹਿੱਸੇ ਵਜੋਂ) ਪੰਜਾਬ ਸਟਾਰਟ ਅੱਪ ਅਤੇ ਉਦਮਸੀਲ ਵਿਕਾਸ 2017 ਸੁਰੂ ਕੀਤਾ ਹੈ। ਇਹ ਨੀਤੀ ਕੇਂਦਰ ਸਰਕਾਰ ਦੀ 'ਸਟਾਰਟ ਅੱਪ ਇੰਡੀਆ' ਅਤੇ 'ਸਟੈਂਡ ਅੱਪ ਇੰਡੀਆ' ਦੀ ਤਰਜ ਤੇ 'ਸਟਾਰਟ ਅੱਪ ਪੰਜਾਬ' ਦੀ ਘੰਸਣਾ ਕਰਦੀ ਹੈ। ਸਟਾਰਟ ਅੱਪ ਤਾਲਮੇਲ ਕਮੇਟੀ ਨੂੰ ਸੈਕਰੀਟੇਰੀਲ ਅਤੇ ਤਕਨੀਕੀ ਸਹਾਇਤਾ ਮੁਹੈਈਆ ਕਰਵਾਉਣ ਲਈ ਪੰਜਾਬ ਇੰਨਫੋਟੈਕ ਵਿੱਚ ਸਟਾਰਟ ਅੱਪ ਸੈਲ ਬਣਾਇਆ ਗਿਆ ਹੈ। ਇਸ ਸੈਲ ਦਾ ਮੁੱਖ ਕੰਮ ਸਟਾਰਟ ਅੱਪ ਲਈ ਸਾਂਝਲਾ ਨੂੰ ਇਕੱਠਾ, ਫੰਡ, ਫੰਡਿੰਗ ਵਿਧੀ, ਨਿਵੇਸ, ਸਹੂਲਤਾਂ ਨੂੰ ਸਿੰਗਲ ਪੋਰਟਲ ਤੇ ਉਪਲਬਧ ਕਰਨਾ ਹੈ। ਪੰਜਾਬ ਇਨਫੋਟੈਕ ਪੰਜਾਬ ਸਰਕਾਰ ਦੀ ਤਰਫੋ ਵੱਖ ਵੱਖ ਆਯੋਜਨਾਂ ਵਿੱਚ ਸਟਾਰਟ ਅੱਪ, ਇੰਕੂਬੇਟਰ ਅਤੇ ਨਿਵੇਸਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਹਿੱਸਾ ਲੈਂਦਾ ਹੈ।
- ਰਾਜ ਸਰਕਾਰ ਨੇ ਚੰਡੀਗੜ੍ਹ-ਲੁਧਿਆਣਾ-ਅੰਮ੍ਰਿਤਸਰ ਅਤੇ ਚੰਡੀਗੜ੍ਹ-ਹੁਸ਼ਿਆਰਪੁਰ-ਗੁਰਦਾਸਪੁਰ ਨੂੰ ਸ਼ਹਿਰੀ-ਉਦਯੋਗੀ ਕੋਰੀਡੋਰਾਂ ਵਜੋਂ ਵਿਕਸਿਤ ਕਰਨ ਦਾ ਫੈਸਲਾ ਕੀਤਾ ਹੈ।
- ਰਾਜ ਸਰਕਾਰ ਨੇ ਐਸ.ਏ.ਐਸ ਨਗਰ (ਮੋਹਾਲੀ) ਵਿੱਚ ਇੱਕ ਮਾਰਬਲ(ਪੱਥਰ) ਬਾਜ਼ਾਰ, ਆਵਾਜਾਈ ਨਗਰ ਅਤੇ ਸਵੈਚਾਲਕ ਵਾਹਨ ਬਾਜ਼ਾਰ ਸਥਾਪਿਤ ਕਰਨ ਦਾ ਫੈਸਲਾ ਲਿਆ ਹੈ।
- ਭਾਰਤ ਸਰਕਾਰ ਨਾਲ ਸਾਂਝੇਦਾਰੀ ਵਿੱਚ ਰਾਜ ਸਰਕਾਰ ਨੇ ਅੰਮ੍ਰਿਤਸਰ ਵਿਖੇ ਇਕ ਹੋਰ ਸਾਫਟਵੇਅਰ ਤਕਨੋਲੋਜੀ ਪਾਰਕ ਸਥਾਪਿਤ ਕਰਨ ਦੀ ਸਹਿਮਤੀ ਪ੍ਰਗਟਾਈ ਹੈ ਜੋ ਇਸ ਖੇਤਰ ਵਿੱਚ ਸਾਫਟਵੇਅਰ ਉਦਯੋਗ ਦਾ ਮੁਕੰਮਲ ਵਿਕਾਸ ਹੋ ਸਕੇ।
- **ਮੇਕ ਇਨ ਪੰਜਾਬ:** ਪੰਜਾਬ ਸਰਕਾਰ ਦੁਆਰਾ 'ਮੇਕ ਇਨ ਪੰਜਾਬ' ਨਾਮ ਦੀ ਇਕ ਨਵੀਂ ਪਾਲਿਸੀ ਤਿਆਰ ਕੀਤੀ ਜਾ ਰਹੀ ਹੈ। ਇਸ ਨੀਤੀ ਅਨੁਸਾਰ ਸਰਕਾਰੀ ਖ਼ਰੀਦ ਆਰਡਰ ਵਿੱਚ ਸਥਾਨਕ ਸਪਲਾਈ ਕਰਤਾਵਾਂ ਨੂੰ ਕੁੱਲ ਮਾਤਰਾ ਦੇ 50 ਫ਼ੀਸਦ ਤੱਕ ਖ਼ਰੀਦ ਵਿਚ ਤਰਜੀਹ ਦਿੱਤੀ ਜਾਵੇਗੀ ਬਸ਼ਰਤੇ ਕਿ ਉਨ੍ਹਾਂ ਦੀਆਂ ਵਸਤਾਂ ਵਿੱਚ ਸਥਾਨਕ ਮਾਲ ਦੀ ਮਾਤਰਾ ਘਟੋ-ਘੱਟ 40 ਫ਼ੀਸਦ ਹੋਵੇ ਅਤੇ ਉਨ੍ਹਾਂ ਦੀ ਬੋਲੀ ਸਭ ਤੋਂ ਘੱਟ ਬੋਲੀ ਦੇ 15 ਫ਼ੀਸਦ ਖ਼ਰੀਦ ਤਰਜੀਹ ਦੇ ਮਾਰਜਨ ਦੇ ਅੰਦਰ ਹੋਵੇ।

Scanned with CamScanner

ਪੰਜਾਬ ਦੀ ਨਵੀਂ ਉਦਯੋਗ ਅਤੇ ਵਪਾਰ ਵਿਕਾਸ ਪਾਲਿਸੀ - 2017

ਰਾਜ ਵਿਚ ਉਦਯੋਗਿਕ ਖੇਤਰ ਨੂੰ ਹੋਰ ਵਿਕਸਿਤ ਕਰਨ ਲਈ, ਰਾਜ ਸਰਕਾਰ ਨੇ ਨਵੀਂ ਉਦਯੋਗ ਅਤੇ ਵਪਾਰ ਵਿਕਾਸ ਪਾਲਿਸੀ-2017 ਸਵੀਕ੍ਰਿਤ ਕੀਤੀ ਹੈ। **ਇਸ ਪਾਲਿਸੀ ਦੇ ਮੁੱਖ ਮੁਕਤੇ ਹਨ:**

- ਇਹ ਪਾਲਿਸੀ ਅੱਠ ਥਮਲਿਆਂ - ਮੁੱਢਲਾ ਢਾਚਾ, ਊਰਜਾ, MSME (ਲਘੂ, ਛੋਟੇ ਅਤੇ ਮਾਧਿਅਮ ਉਪਕ੍ਰਮਾਂ) ਸਟਾਰਟ ਅੱਪ ਅਤੇ ਉਦਯੋਗਪਤੀ, ਕੌਸ਼ਲ ਵਿਕਾਸ, ਉਦਯੋਗ ਕਰਨ ਦੀ ਸੁਵਿਧਾ, ਮਾਲੀ ਅਤੇ ਗੈਰ-ਮਾਲੀ ਲਾਭ ਹਿੱਸੇਦਾਰਾਂ ਦੀ ਸਮੂਲੀਅਤ ਅਤੇ ਪਾਲਿਸੀ ਲਾਗੂਕਰਨ ਦੀ ਰਣਨੀਤੀ ਤੇ ਅਧਾਰਿਤ ਹੈ।
- 5 ਰੁਪਏ ਪ੍ਰਤੀ ਯੂਨਿਟ ਦੀ ਦਰ ਨਾਲ ਉਦਯੋਗਾਂ ਨੂੰ ਊਰਜਾ ਮੁਹੱਈਆ ਕਰਵਾਉਣਾ ਜਿਸ ਵਿੱਚ ਮੌਜੂਦਾ ਅਤੇ ਨਵੇਂ ਉਦਯੋਗਾਂ ਲਈ ਪੰਜ ਸਾਲਾਂ ਲਈ ਮਿੱਥੀ ਦਰ ਤੇ ਊਰਜਾ ਮੁਹੱਈਆ ਕਰਵਾਈ ਜਾਵੇਗੀ।
- ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ, ਪੰਜਾਬ ਮਾਲੀ ਕਾਰਪੋਰੇਸ਼ਨ ਅਤੇ ਪੰਜਾਬ ਖੇਤੀ ਉਦਯੋਗ ਕਾਰਪੋਰੇਸ਼ਨਾਂ ਤੋਂ ਲਏ ਗਏ ਉਦਯੋਗਿਕ ਕਰਜ਼ਿਆਂ ਦਾ ਨਿਬੇੜਾ। ਇਹ ਤੋਂ ਰੁਕੇ ਹੋਏ ਉਦਯੋਗਿਕ ਨਿਵੇਸ਼ ਨੂੰ ਚਾਲੂ ਕਰਨ ਅਤੇ ਲਾਹੇਵੰਦ ਹੋਣ ਵਿੱਚ ਮੱਦਦਗਾਰ ਸਿੱਧ ਹੋਵੇਗਾ ਜੋ ਪੰਜਾਬ ਦੇ ਮੌਜੂਦਾ ਉਦਯੋਗ ਮੁੜ ਸੁਰਜੀਤ ਹੋ ਸਕਣ।
- ਸਟਾਰਟਅੱਪ ਨੂੰ ਉਤਸਾਹਿਤ ਕਰਨ ਲਈ 100 ਕਰੋੜ ਰੁਪਏ ਦਾ ਫੰਡ।
- ਪੰਜਾਬ ਕੌਸ਼ਲ ਵਿਕਾਸ ਮਿਸ਼ਨ ਦੀ ਸਥਾਪਨਾ।
- ਰਾਜ ਦੀਆਂ ਸਾਰੀਆਂ ਕੌਸ਼ਲ ਵਿਕਾਸ ਸਕੀਮਾਂ ਨੂੰ ਇੱਕ ਏਜੰਸੀ - ਪੰਜਾਬ ਕੌਸ਼ਲ ਵਿਕਾਸ ਮਿਸ਼ਨ ਦੇ ਅੰਤਰਗਤ ਲਿਆਉਣਾ।
- ਕੌਸ਼ਲ ਯੂਨੀਵਰਸਿਟੀ ਅਤੇ ਉਦਯੋਗ ਸਮਰਪਿਤ ਕੌਸ਼ਲ ਵਿਕਾਸ ਸੈਂਟਰਾਂ ਦੀ ਸਥਾਪਨਾ ਕਰਨਾ।
- ਸੀਮਾਂ ਖੇਤਰਾਂ ਦੀ ਵਿਕਾਸ ਪੈਕੇਜ ਅਧੀਨ, ਸੀਮਾ ਖੇਤਰਾਂ ਵਿੱਚ ਉਦਯੋਗਾ ਦੇ ਵਿਕਾਸ ਹਿੱਤ, ਲਾਭ 125% ਤੋਂ ਵਧਾ ਕੇ 140% ਕਰ ਦਿੱਤਾ ਗਿਆ ਹੈ। ਆਉਣ ਵਾਲੇ ਸਮੇ ਵਿੱਚ ਇਹ ਸੀਮਾ ਖੇਤਰਾਂ, ਅੰਦਰੂਨੀ ਬਾਰਡਰ ਖੇਤਰਾਂ ਅਤੇ ਕੰਡੀ ਖੇਤਰਾਂ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਵੇਗਾ।
- ਪਹਿਲੇ ਪੜਾਅ ਵਿੱਚ ਵਿਕਾਸ ਲਈ 10 ਤਕਨੀਕੀ ਸੈਂਟਰ, 10 ਆਮ ਸੁਵਿਧਾ ਸੈਂਟਰ ਅਤੇ 10 ਕਲਸਟਰਾਂ ਦੀ ਸਥਾਪਨਾਂ।
- ਉਪਚਾਰਕ ਉਧਾਰਾਂ ਲਈ ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਤੇ ਪਟਿਆਲਾ ਵਿਖੇ ਲਘੂ, ਛੋਟੇ ਅਤੇ ਮਧਿਅਮ ਸੁਵਿਧਾ ਕਾਂਊਸਲਾਂ ਦੀ ਸਥਾਪਨਾ।
- ਜ਼ਿਲ੍ਹਾ ਪੱਧਰ ਤੇ ਮੌਜੂਦਾ ਉਦਯੋਗਪਤੀਆਂ ਲਈ ਸਿੰਗਲ-ਵਿੰਡੋ ਸੁਵਿਧਾ।
- ਬਿਮਾਰ ਲਘੂ, ਛੋਟੇ ਅਤੇ ਮਧਿਅਮ ਯੂਨਿਟਾਂ ਲਈ ਵਿਸ਼ੇਸ਼ ਉਪਚਾਰ ਹਿੱਤ ਬਿਜਲੀ ਡਿਊਟੀ, ਬਿਜਲੀ ਬਿਲਾਂ, ਹਾਊਸ ਟੈਕਸ ਅਤੇ ਪਾਣੀ ਦਾ ਬਿੱਲ ਦੀ ਵਸੂਲੀ ਪੰਜ ਸਾਲ ਲਈ ਮੁਲਤਵੀ ਕਰ ਦਿੱਤੀ ਗਈ ਹੈ। ਬੰਦ ਪਏ ਯੂਨਿਟਾਂ ਲਈ ਬਿਜਲੀ ਕੁਨੈਕਸ਼ਨਾਂ ਲਈ ਘੱਟੋ ਘੱਟ ਖਰਚ ਤੇ ਵੀ ਛੋਟ ਦਿੱਤੀ ਗਈ ਹੈ। ਨਾਲ ਹੀ ਇੰਨਾ ਯੂਨਿਟਾਂ ਨੂੰ ਤਿੰਨ ਸਾਲ ਲਈ ਬਿਜਲੀ ਡਿਊਟੀ ਤੋਂ ਵੀ ਛੋਟ ਦਿੱਤੀ ਗਈ ਹੈ।
- 14 ਨਵੇਂ ਉਦਯੋਗਿਕ ਪਾਰਕਾਂ ਦਾ ਵਿਕਾਸ ਅਤੇ ਸਾਰੀਆਂ ਰਾਜ ਪ੍ਰਬੰਧਕੀ ਪਾਲਿਸੀਆਂ ਅਤੇ ਵਿਧੀਆਂ ਦਾ ਮਿਆਰੀਕਰਨ।
- ਮੋਹਾਲੀ, ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਿਚ ਪ੍ਰਦਰਸ਼ਨੀ ਅਤੇ ਸੰਮੇਲਨ ਸੈਂਟਰਾਂ ਦੀ ਸਥਾਪਨਾ।
- ਰਾਜ ਜੀ ਐਸ ਟੀ, ਬਿਜਲੀ ਡਿਊਟੀ ਤੋਂ ਵੀ ਛੋਟ ਅਤੇ ਜ਼ਮੀਨੀ ਟੈਕਸ ਤੋਂ ਰਿਆਇਤ ਰਾਹੀਂ ਨਿਵੇਸ਼ ਉਪਦਾਨ।

Scanned with CamScanner

11.7 ਸਿੱਖਿਆ :

ਸਿੱਖਿਆ ਦੇਸ਼ ਦੇ ਆਰਥਿਕ, ਸਮਾਜਿਕ ਅਤੇ ਸੱਭਿਆਚਾਰ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸਿੱਖਿਆ ਰਾਹੀਂ ਮਨੁੱਖੀ ਸਾਧਨਾਂ ਦਾ ਵਿਕਾਸ ਕਰਕੇ ਆਰਥਿਕ ਅਤੇ ਤਕਨੀਕੀ ਵਿਕਾਸ ਕੀਤਾ ਜਾ ਸਕਦਾ ਹੈ। ਸਹੀ ਵਿਦਿਅਕ ਪ੍ਰਣਾਲੀ, ਲੋਕਾਂ ਵਿਚ ਗਿਆਨ, ਵਧੀਆ ਹੁਨਰ ਅਤੇ ਸਕਾਰਤਮਕ ਗੁਣਾਂ ਅਤੇ ਵਧੀਆ ਵਿਵਹਾਰ ਪੈਦਾ ਕਰਦੀ ਹੈ।

ਪੰਜਾਬ ਸਰਕਾਰ ਸਭ ਨਾਗਰਿਕਾਂ ਨੂੰ ਮਿਆਰੀ ਸਿੱਖਿਆ ਦੇਣ ਲਈ ਵਚਨ ਬੱਧ ਹੈ। ਰਾਜ ਸਰਕਾਰ ਦਾ ਟੀਚਾ, 100% ਜੀ. ਈ. ਆਰ (ਕੁੱਲ ਦਾਖਲਾ ਦਰ), 100% ਐਨ. ਈ. ਆਰ (ਨਿਰੋਲ ਦਾਖਲਾ ਦਰ), ਸਕੂਲ ਛੱਡਣ ਦੀ ਘੱਟ ਦਰ (ਜ਼ੀਰੋ ਡਰਾਪ ਆਊਟ) ਅਤੇ 100% ਹਾਜ਼ਰੀ ਯਕੀਨੀ ਬਣਾਉਣਾ ਹੈ। ਸਕੂਲ ਸਿੱਖਿਆ ਅੰਕੜਿਆਂ ਅਨੁਸਾਰ ਪੰਜਾਬ ਪਹਿਲੇ 10 ਰਾਜਾਂ ਵਿੱਚ ਸ਼ਾਮਿਲ ਹੈ। 2012 ਵਿਚ ਪੰਜਾਬ 13ਵੇ ਅਤੇ 2013 ਵਿਚ 6 ਵੇਂ ਸਥਾਨ 'ਤੇ ਰਹਿ ਕੇ ਸਿੱਖਿਆ ਖੇਤਰ ਵਿਚ ਵਿਕਾਸ ਦੀ ਝਲਕ ਪੇਸ਼ ਕਰਦਾ ਹੈ।

ਸਕੂਲ ਵਿਚ ਵਿਦਿਆਰਥੀ ਅਧਿਆਪਕ ਅਨੁਪਾਤ:-

2017-18 ਦੌਰਾਨ ਵਿਦਿਆਰਥੀ ਅਧਿਆਪਕ ਅਨੁਪਾਤ - ਪ੍ਰਾਇਮਰੀ ਪੱਧਰ 'ਤੇ 25:1, ਮਿਡਲ ਪੱਧਰ 'ਤੇ 12:1 ਅਤੇ ਹਾਇਰ/ਸੈਕੰਡਰੀ ਪੱਧਰ 'ਤੇ 18:1 ਸੀ ਜਦੋਂ ਕਿ, ਵਿਦਿਆਰਥੀ ਅਧਿਆਪਕ ਅਨੁਪਾਤ - ਸਾਲ 2016-17 ਦੌਰਾਨ ਪ੍ਰਾਇਮਰੀ ਪੱਧਰ 'ਤੇ 22:1, ਮਿਡਲ ਪੱਧਰ 'ਤੇ 22:1 ਅਤੇ ਹਾਇਰ/ਸੈਕੰਡਰੀ ਪੱਧਰ 'ਤੇ 23:1 ਸੀ।

ਸਾਖ਼ਰਤਾ ਦਰ: ਵਿਅਕਤੀਗਤ ਵਿਕਾਸ ਲਈ ਸਾਖ਼ਰਤਾ ਅਤੇ ਸਿੱਖਿਆ ਦੇ ਪੱਧਰ ਵਿਚ ਵਿਕਾਸ ਅਤਿ ਜਰੂਰੀ ਹੈ ਜਦੋਂ ਕੋਈ ਵੀ ਵਿਅਕਤੀ ਕਿਸੇ ਵੀ ਭਾਸ਼ਾ ਨੂੰ ਪੜ੍ਹ ਸਕੇ ਅਤੇ ਨਾਲ ਹੀ ਅਰਥ ਸਮਝਣ ਦੀ ਸਮਰੱਥਾ ਰੱਖਦਾ ਹੋਵੇ ਤਾਂ ਉਸਨੂੰ ਸਾਖ਼ਰ ਆਖਿਆ ਜਾ ਸਕਦਾ ਹੈ। 1919 ਤੋ ਹੁੰਦੇ ਸਰਵੇਖਣ ਅਨੁਸਾਰ 7 ਸਾਲ ਤੋ ਛੋਟੀ ਉਮਰ ਦੇ ਬੱਚਿਆਂ ਨੂੰ ਅਨਪੜ੍ਹ ਦੀ ਸ੍ਰੇਣੀ ਵਿਚ ਹੀ ਰੱਖਿਆ ਜਾਂਦਾ ਹੈ ਭਾਵੇ ਕਿ ਉਹਨਾ ਵਿੱਚੋਂ ਕਈ ਸਕੂਲ ਜਾਂਦੇ ਹਨ ਅਤੇ ਕੁਝ ਸ਼ਬਦਾਂ ਦੇ ਅਰਥ ਵੀ ਜਾਣਦੇ ਹਨ।

ਪਿਛਲੇ ਦਹਾਕੇ ਦੌਰਾਨ, ਰਾਜ ਦੀ ਸਾਖ਼ਰਤਾ ਵਿਚ ਕਾਫੀ ਸੁਧਾਰ ਹੋਇਆ ਹੈ। 2011 ਮਰਦਮਸ਼ੁਮਾਰੀ ਅਨੁਸਾਰ ਵਿਚ ਕੁੱਲ ਜਨਸੰਖਿਆ ਵਿੱਚੋਂ 75.8% ਲੋਕ ਸਾਖ਼ਰ ਪਾਏ ਗਏ, ਜਦੋਂ ਕਿ 2001 ਵਿਚ ਇਹ ਦਰ 69.7% ਹੀ ਸੀ।

2011 ਦੇ ਅੰਕੜਿਆਂ ਦੇ ਅਨੁਸਾਰ ਸ਼ਹਿਰੀ ਖੇਤਰਾਂ ਵਿਚ ਸਾਖ਼ਰਤਾ ਦਰ 83.18% ਸੀ ਅਤੇ ਪੇਂਡੂ ਖੇਤਰਾਂ ਵਿਚ ਇਹ ਦਰ 71.42% ਪਾਈ ਗਈ। 2001 ਦੇ ਅੰਕੜਿਆਂ ਅਨੁਸਾਰ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿਚ ਸਾਖ਼ਰਤਾ ਦਰ ਵਿਚ 14.38% ਦਾ ਅੰਤਰ ਸੀ। ਪਰ ਸਿੱਖਿਆ ਨਾਲ ਜੁੜੀਆਂ ਵਿਭਿੰਨ ਏਜੰਸੀਆਂ ਦੀਆਂ ਕੋਸ਼ਿਸ਼ਾਂ ਨਾਲ 2011 ਵਿਚ ਇਹ ਅੰਤਰ ਘਟ ਕੇ 11.76% ਰਹਿ ਗਿਆ।

ਲਿੰਗ ਅਧਾਰਿਤ ਸਾਖ਼ਰਤਾ ਅਨੁਸਾਰ, ਇਸਤਰੀਆਂ ਦੀ ਸਾਖ਼ਰਤਾ ਦਰ 70.73% ਸੀ, ਜੋ ਕਿ ਮਰਦਾਂ ਦੀ ਸਾਖ਼ਰਤਾ ਦਰ (88.44%) ਸੀ। ਇਸਤਰੀਆਂ ਦੀ ਸਾਖ਼ਰਤਾ ਦਰ ਮਰਦਾਂ ਦੀ ਸਾਖ਼ਰਤਾ ਦਰ ਦੇ ਮੁਕਾਬਲੇ ਘੱਟ ਪਾਈ ਗਈ।

ਜ਼ਿਲ੍ਹਾ ਅਨੁਸਾਰ: 2011 ਦੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਜ਼ਿਲ੍ਹਾ ਵਾਰ ਸਾਖ਼ਰਤਾ ਦਰ ਵਿਚ ਤੁਰਿਆਂਤਪੁਰ (84.60%) ਸਾਖ਼ਰਤਾ ਦਰ ਨਾਲ ਮੋਹਰੀ ਜ਼ਿਲ੍ਹਾ ਰਿਹਾ ਜਦੋਂ ਕਿ ਸਭ ਤੋਂ ਘੱਟ ਸਾਖ਼ਰਤਾ ਦਰ ਮਾਨਸਾ ਜ਼ਿਲ੍ਹੇ (61.8%) ਦੀ ਪਾਈ ਗਈ ਹੈ।

ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਰੂਪ ਨਗਰ, ਜਲੰਧਰ, ਲੁਧਿਆਣਾ, ਸ਼ਹੀਦ ਭਗਤ ਸਿੰਘ ਨਗਰ, ਗੁਰਦਾਸਪੁਰ, ਫਤਿਹਗੜ੍ਹ ਸਾਹਿਬ, ਕਪੂਰਥਲਾ, ਅੰਮ੍ਰਿਤਸਰ ਅਤੇ ਪਟਿਆਲਾ ਜ਼ਿਲ੍ਹਿਆਂ ਦੀ 75% ਤੋਂ ਵੱਧ ਆਬਾਦੀ ਸਾਖ਼ਰ ਪਾਈ ਗਈ

Scanned with CamScanner

ਹੈ। ਜਿਥੇ ਅਧਾਰਤ ਸਾਖਰਤਾ ਦਰ ਵਿਚ ਵੀ ਜਿਲ੍ਹਾ ਹੁਸ਼ਿਆਰਪੁਰ ਮਰਦਾਂ ਦੀ ਸਾਖਰਤਾ ਦਰ 88.5% ਅਤੇ ਔਰਤਾਂ ਦੀ 80.3% ਸਾਖਰਤਾ ਦਰ ਨਾਲ ਔਰਤੀ ਜਿਲ੍ਹਾ ਦਿਹਾ ਹੈ। ਜਦੋਂ ਕਿ ਮਾਨਸਾ ਜਿਲ੍ਹੇ ਵਿੱਚ ਇਹ ਦਰ ਮਰਦਾਂ ਵਿਚ 67.3% ਅਤੇ ਔਰਤਾਂ ਵਿਚ 55.7% ਪਾਈ ਗਈ ਹੈ ਜੋ ਕਿ ਰਾਜ ਵਿਚ ਸਭ ਤੋਂ ਘੱਟ ਹੈ।

ਸਾਰਣੀ 10.1 ਪੰਜਾਬ ਵਿਚ ਜਿਲ੍ਹਾ ਅਨੁਸਾਰ ਸਾਖ਼ਰਤਾ ਦਰ

ਦਰਜਾ	ਜਿਲ੍ਹੇ ਦਾ ਨਾਂ	ਕੁੱਲ ਪ੍ਰਤੀਸ਼ਤ	ਪੁਰਸ਼ (%)	ਇਸਤਰੀ (%)
1	ਹੁਸ਼ਿਆਰਪੁਰ	84.6	88.8	80.3
2	ਸ਼ਹੀਦ ਭਗਤ ਸਿੰਘ ਨਗਰ	83.8	87.9	79.2
3	ਫਤਿਹਗੜ੍ਹ	82.2	87.5	76.4
4	ਜਲੰਧਰ	82.5	86.1	78.5
5	ਲੁਧਿਆਣਾ	82.2	86.0	77.9
6	ਕਪੂਰਥਲਾ	79.9	84.6	74.8
7	ਰੋਪੜ ਭਗਤ ਸਿੰਘ ਨਗਰ	79.8	85.4	73.9
8	ਫਰੀਦਕੋਟ ਸਾਹਿਬ	79.4	83.3	74.8
9	ਗੁਰਦਾਸਪੁਰ	79.1	83.2	74.6
10	ਅਮ੍ਰਿਤਸਰ	76.3	80.1	72.0
11	ਪਟਿਆਲਾ	75.3	80.2	69.8
12	ਮੋਗਾ	70.7	74.4	66.5
13	ਫਰੀਦਕੋਟ	69.6	74.6	63.9
14	ਫਿਰੋਜ਼ਪੁਰ	68.9	75.4	61.7
15	ਬਠਿੰਡਾ	68.3	73.8	61.9
16	ਤਰਨ ਤਾਰਨ	67.8	73.2	61.9
17	ਫਤਹਗੜ੍ਹ	67.8	71.6	63.6
18	ਸੰਗਰੂਰ	68.0	73.2	62.2
19	ਸ੍ਰੀ ਮੁਕਤਸਰ ਸਾਹਿਬ	65.8	71.8	59.2
20	ਮਾਨਸਾ	61.8	67.3	55.7

ਸਿੱਖਿਆ ਖੇਤਰ ਵਿਚ ਵਿਕਾਸ ਲਈ ਰਾਜ ਸਰਕਾਰ ਵੱਲੋਂ ਕੀਤੇ ਉਪਰਾਲੇ:

- **ਸਿੱਖਿਆ ਦਾ ਅਧਿਕਾਰ ਐਕਟ:-** ਰਾਜ ਸਰਕਾਰ ਨੇ ਸਿੱਖਿਆ ਦਾ ਅਧਾਰ ਐਕਟ ਅਧੀਨ ਆਉਂਦੀਆਂ ਲਗਭਗ ਸਾਰੀਆਂ ਸਿਫ਼ਾਰਸ਼ਾਂ ਲਾਗੂ ਕਰ ਦਿੱਤੀਆਂ ਹਨ। ਸਭ ਨਿਯਮਾਂ ਨੂੰ ਮਾਨਤਾ ਮਿਲ ਚੁੱਕੀ ਹੈ। ਪੱਛਤੀਆਂ ਸ੍ਰੇਣੀਆਂ ਨਾਲ ਸਬੰਧਿਤ ਵਿਦਿਆਰਥੀਆਂ ਨੂੰ ਦਾਖਲੇ ਸਮੇਂ 25 % ਰਾਖਵੇਂਕਰਨ ਸੰਬੰਧੀ ਵੀ ਨਿਯਮ ਲਾਗੂ ਕਰ ਦਿੱਤੇ ਗਏ ਹਨ। ਰਾਜ ਸਰਕਾਰ ਨੇ 1 ਕਿਲੋਮੀਟਰ ਦੇ ਘੇਰੇ ਵਿਚ ਲਾਜਮੀ ਪ੍ਰਾਇਮਰੀ ਸਕੂਲ ਦੇ ਕੇ ਅਤੇ 3 ਕਿਲੋਮੀਟਰ ਘੇਰੇ ਵਿਚ ਅਪਰ ਪ੍ਰਾਇਮਰੀ ਸਕੂਲ ਦੇ ਕੇ ਹਰ ਨਾਗਰਿਕ ਤਕ ਸਿੱਖਿਆ ਨੂੰ ਯਕੀਨੀ ਬਨਾਉਣ ਦਾ ਯਤਨ ਕੀਤਾ ਹੈ।

Scanned with CamScanner

- **ਪ੍ਰਵੇਸ਼ (ਪ੍ਰਾਇਮਰੀ ਵਿੱਦਿਆ ਸੁਧਾਰ) ਪ੍ਰਾਜੈਕਟ:** ਪੰਜਾਬ ਵਿੱਚ ਵਿਦਿਆ ਦੇ ਮਿਆਰ ਵਿੱਚ ਸੁਧਾਰ ਲਈ ਜ਼ਰੂਰੀ ਸੀ ਕਿ ਨਵੀਆਂ ਰਾਹਾਂ ਰਾਹੀਂ ਸਿੱਖਣ ਪ੍ਰਕਿਰਿਆ ਨੂੰ ਸਿਰਜਣਾਤਮਕ ਅਤੇ ਪ੍ਰਭਾਵਕਾਰ ਬਣਾਇਆ ਜਾ ਸਕੇ। ਇਸੇ ਉਦੇਸ਼ ਨਾਲ ਪੰਜਾਬ ਵਿੱਚ ਪ੍ਰਵੇਸ਼ ਪ੍ਰਾਜੈਕਟ ਲਾਗੂ ਕੀਤਾ ਗਿਆ। ਪ੍ਰਵੇਸ਼ ਪ੍ਰਾਜੈਕਟ ਦਾ ਮੁੱਖ ਟੀਚਾ ਹੈ ਕਿ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਦੇ ਹਰ ਬੱਚੇ ਨੂੰ ਭਾਸ਼ਾ (ਪੜਨਾ, ਲਿਖਣਾ, ਪੜ੍ਹ ਕੇ ਸਮਝਣਾ) ਅਤੇ ਪ੍ਰਾਥਮਿਕ ਹਿਸਾਬ (ਅੰਕ ਪਹਿਚਾਣ, ਜੋੜ ਘਟਾਉ ਅਤੇ ਗੁਣਾ-ਭਾਗ) ਆ ਜਾਵੇ ਤਾਂ ਕਿ ਉਹ ਆਪਣੇ ਜਮਾਤੀ ਪਾਠਕ੍ਰਮ ਨੂੰ ਸਿਰਜਣਾਤਮਕ ਸਿੱਖਿਆ ਮਾਡਲ ਤਹਿਤ ਬਿਨ੍ਹਾਂ ਕਿਸੇ ਬੋਝ ਦੇ ਸੌਖਿਆਂ ਹੀ ਪੂਰਾ ਕਰ ਸਕੇ। ਸਿੱਖਿਆ ਦਾ ਸਿਰਜਣਾਤਮਕ ਮਾਡਲ ਰਵਾਇਤੀ ਢੰਗ ਨਾਲ ਸਿੱਖਿਆ ਦੇਣ ਵਾਲਾ ਨਹੀਂ ਹੈ, ਜਿਥੇ ਅਧਿਆਪਕ ਬੋਲਦਾ ਹੈ ਅਤੇ ਬੱਚਾ ਕੇਵਲ ਸੁਣਦਾ ਹੈ ਤੇ ਲਿਖਦਾ ਹੈ, ਸਗੋਂ ਇਸ ਵਿੱਚ ਬੱਚਾ ਅਤੇ ਅਧਿਆਪਕ ਦੋਵੇਂ ਸਕਾਰਾਤਮਕ ਅਤੇ ਕ੍ਰਿਰਿਆਤਮਕ ਭਾਗੀਦਾਰੀ ਵਜੋਂ ਸਿੱਖਣ ਸਿਖਾਉਣ ਦੀ ਪ੍ਰਕ੍ਰਿਆ ਵਿੱਚ ਸ਼ਾਮਲ ਹੁੰਦੇ ਹਨ।
- **ਮਾਡਲ ਸਕੂਲ:** ਵਿੱਦਿਆ ਪੱਖੋਂ 7 ਪੱਛੜੇ ਜ਼ਿਲ੍ਹਿਆਂ (ਬਠਿੰਡਾ, ਫਿਰੋਜਪੁਰ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ, ਸੰਗਰੂਰ ਅਤੇ ਤਰਨਤਾਰਨ) ਦੇ 21 ਬਲਾਕਾਂ ਵਿੱਚ ਕੇਂਦਰੀ ਵਿਦਿਆਲਿਆਂ ਦੀ ਤਰਜੀਹ 'ਤੇ ਅੰਗਰੇਜ਼ੀ ਮਾਧਿਅਮ ਮਾਡਲ ਸਕੂਲ ਖੋਲੇ ਦੀਤੇ ਗਏ ਹਨ।
- **ਆਦਰਸ਼ ਸਕੂਲ:** ਪੰਜਾਬ ਸਰਕਾਰ ਨੇ ਪੰਜਾਬ ਵਿੱਚ 128 ਆਦਰਸ਼ ਸਕੂਲ (ਘੱਟੋ ਘੱਟ ਹਰ ਵਿਧਾਨ ਸਭਾ ਹਲਕੇ ਵਿੱਚ ਇੱਕ ਸਕੂਲ) ਖੋਲ੍ਹਣ ਲਈ ਵਿਸ਼ੇਸ਼ ਤੌਰ ਤੇ ਯਤਨ ਕੀਤੇ ਹਨ। ਇਸ ਪ੍ਰਾਜੈਕਟ ਦੀ ਕੁੱਲ ਲਾਗਤ ਵਿੱਚ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਦੀ 50:50 ਆਧਾਰ 'ਤੇ ਹਿਸੇਦਾਰੀ ਰਹੇਗੀ। ਵਿਦਿਆਰਥੀਆਂ ਤੋਂ ਕਿਸੇ ਕਿਸਮ ਦੀ ਕੋਈ ਫੀਸ ਨਹੀਂ ਲਈ ਜਾਵੇਗੀ। PPP ਮਾਡਲ ਅਧੀਨ ਹੁਣ ਤੱਕ 25 ਆਦਰਸ਼ ਸਕੂਲ ਖੋਲ੍ਹ ਦੀਤੇ ਗਏ ਹਨ। ਸ਼ਰਾਬ 'ਤੇ ਲੱਗਦੇ ਕਰ ਤੋਂ ਹੋਣ ਵਾਲੀ ਆਮਦਨ ਨਾਲ ਹੀ ਰਾਜ ਸਰਕਾਰ ਪੰਜਾਬ ਸਕੂਲ ਸਿੱਖਿਆ ਬੋਰਡ ਰਾਹੀਂ ਆਪਣਾ ਬਣਦਾ ਹਿੱਸਾ ਦੇਵੇਗੀ।
- **ਭਾਈ ਜੈਤਾ ਜੀ (ਸ਼ਹੀਦ ਬਾਬਾ ਜੀਵਨ ਸਿੰਘ ਜੀ) ਸਕੀਮ:** ਇਹ ਸਕੀਮ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਹੈ। ਇਸ ਸਕੀਮ ਰਾਹੀਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ 8ਵੀਂ ਜਮਾਤ ਤੱਕ ਦੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਮੁਫ਼ਤ ਕਿਤਾਬਾਂ ਦਿੱਤੀਆਂ ਜਾਂਦੀਆਂ ਹਨ। ਹੁਣ ਇਹ ਸਕੀਮ ਪਛੜੇ ਵਰਗ ਦੇ ਅਤੇ ਗਰੀਬ ਵਿਦਿਆਰਥੀਆਂ ਲਈ ਵੀ ਖੋਲ੍ਹ ਦਿੱਤੀ ਗਈ ਹੈ। ਇਸ ਸਕੀਮ ਦਾ ਉਦੇਸ਼, ਸਿੱਖਿਆ ਦਾ ਹੱਕ ਅਧੀਨ ਮੁਫਤ ਪ੍ਰਾਇਮਰੀ ਸਿੱਖਿਆ ਯਕੀਨੀ ਬਨਾਉਣਾ ਹੈ।
- **ਰਹਾਇਸ਼ੀ ਮੈਰੀਟੋਰੀਅਸ ਸਕੂਲ:** ਗਰੀਬ ਘਰਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਦੇ ਉਦੇਸ਼ ਨਾਲ ਜ਼ਿਲ੍ਹਾ ਅੰਮ੍ਰਿਤਸਰ, ਬਠਿੰਡਾ, ਜਲੰਧਰ, ਲੁਧਿਆਣਾ, ਮੋਹਾਲੀ, ਪਟਿਆਲਾ, ਹੁਸ਼ਿਆਰਪੁਰ, ਫਿਰੋਜਪੁਰ, ਗੁਰਦਾਸਪੁਰ ਅਤੇ ਸੰਗਰੂਰ ਵਿੱਚ ਵਿਦਿਆਰਥੀਆਂ ਦੀ ਸਮੱਰਥਾ ਵਾਲੇ 10 ਰਿਹਾਇਸ਼ੀ ਸਕੂਲ ਖੋਲ੍ਹੇ ਗਏ ਹਨ। ਇਹ ਸਕੂਲ 11ਵੀਂ ਅਤੇ 12ਵੀਂ ਜਮਾਤ ਦੇ ਹੋਣਹਾਰ ਵਿਦਿਆਰਥੀਆਂ ਨੂੰ ਅੰਗਰੇਜ਼ੀ ਮਾਧਿਅਮ ਵਿੱਚ ਮੁਫਤ ਸਿੱਖਿਆ ਦੇ ਰਹੇ ਹਨ।
- **ਮੁਫ਼ਤ ਕਿਤਾਬਾਂ:** ਪਹਿਲੀ ਤੋਂ ਬਾਰਵੀਂ ਕਲਾਸ ਦੇ ਸਾਰੇ ਵਿਦਿਆਰਥੀਆਂ ਲਈ ਨੂੰ ਸਰਕਾਰ ਵੱਲੋਂ ਮੁਫ਼ਤ ਕਿਤਾਬਾਂ ਦਿੱਤੀਆਂ ਜਾਂਦੀਆਂ ਹਨ।
- ਪੰਜਾਬ ਸਰਕਾਰ ਨੇ ਗਿਆਰਵੀਂ ਜਮਾਤ ਵਿੱਚ ਪੜ੍ਹਦੇ ਕੁੱਲ 1.5 ਲੱਖ ਵਿਦਿਆਰਥੀਆਂ ਨੂੰ ਮੁਫ਼ਤ ਟੈਬ ਮੁਹੱਇਆ ਕਰਵਾਏ ਹਨ।
- **ਡਾ. ਹਰਗੋਬਿੰਦ ਖੁਰਾਨਾ ਵਜੀਫਾ ਸਕੀਮ:** ਨੌਜਵਾਨ ਬੱਚਿਆਂ ਨੂੰ ਪੜ੍ਹਾਈ ਵਿੱਚ ਅੱਗੇ ਜਾਣ ਲਈ ਪ੍ਰੇਰਿਤ ਕਰਨ ਲਈ ।

Scanned with CamScanner

ਅਗਸਤ, 2013 ਨੂੰ ਡਾ. ਹਰਗੋਬਿੰਦ ਖੁਰਾਣਾ ਵਜੀਫਾ ਸਕੀਮ ਸ਼ੁਰੂ ਕੀਤੀ ਗਈ। ਇਸ ਸਕੀਮ ਅਧੀਨ 10ਵੀਂ ਵਿਚ 80% ਤੋਂ ਵੱਧ ਅੰਕ ਲੈਣ ਵਾਲੇ ਵਿਦਿਆਰਥੀਆਂ ਨੂੰ 30,000 ਰੁ: ਪ੍ਰਤੀ ਵਿਦਿਆਰਥੀ ਸਲਾਨਾ ਵਜੀਫ਼ਾ ਦੀਤਾ ਜਾਂਦਾ ਹੈ।

- **ਮੁੱਖ ਮੰਤਰੀ ਵਿਗਿਆਨ ਯਾਤਰਾ ਯੋਜਨਾ:** ਇਹ ਸਕੀਮ 18 ਫਰਵਰੀ, 2016 ਨੂੰ ਲਾਗੂ ਕੀਤੀ ਗਈ ਜਿਸ ਤਹਿਤ ਪੰਜਾਬ ਦੇ ਸੈਕੰਡਰੀ ਸਕੂਲਾਂ ਵਿੱਚ ਪੜ੍ਹਦੇ ਸਾਰੇ ਵਿਦਿਆਰਥੀਆਂ ਨੂੰ ਪੁਸ਼ਪਾ ਗੁਜਰਾਲ ਸਾਇੰਸ ਸਿੱਟੀ, ਕਪੂਰਥਲਾ ਵਿਖੇ ਟਰਿਪ ਤੇ ਲਿਜਾਇਆ ਜਾਂਦਾ ਹੈ ਤਾਂ ਕਿ ਉਹਨਾਂ ਵਿੱਚ ਵਿਗਿਆਨਿਕ ਚੇਤੰਨਤਾ ਉਤਪੰਨ ਕੀਤੀ ਜਾ ਸਕੇ।
- **ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ:** ਪੰਜਾਬ ਵਿੱਚ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਦੀ ਸਕੀਮ ਨੂੰ 2017 ਵਿੱਚ ਲਾਗੂ ਕੀਤਾ ਗਿਆ ਹੈ।ਇਸ ਸਕੀਮ ਦਾ ਮੁੱਖ ਮੰਤਵ ਕਮਜ਼ੋਰ ਵਿਦਿਆਰਥੀਆਂ ਦੇ ਪ੍ਰਦਰਸ਼ਨ ਵਿੱਚ ਸੁਧਾਰ ਕਰਨਾ ਅਤੇ ਉਨ੍ਹਾਂ ਨੂੰ ਵੀ ਦੂਜੇ ਵਿਦਿਆਰਥੀਆਂ ਦੀ ਤਰ੍ਹਾਂ ਬਰਾਬਰ ਦੇ ਮੌਕੇ ਪ੍ਰਦਾਨ ਕਰਨਾ ਹੈ। 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਗਰਾਮ ਪ੍ਰਤੀਭਾਸ਼ਾਲੀ ਵਿਦਿਆਰਥੀਆਂ ਦੀ ਰਚਨਾਤਮਕ ਸਮਰੱਥਾ ਨੂੰ ਵਧਾ ਕੇ ਇਸ ਨੂੰ ਹੋਰ ਮਜ਼ਬੂਤ ਕਰਨਾ ਹੈ। ਇਹ ਪ੍ਰੋਗਰਾਮ ਇਸ ਗੱਲ ਤੇ ਵੀ ਜ਼ੋਰ ਦਿੰਦਾ ਹੈ ਕਿ ਹਰ ਇੱਕ ਬੱਚਾ ਸਿਖਿਆ ਪ੍ਰਾਪਤ ਕਰੇ ਅਤੇ ਉਹ ਰੱਟਾ ਬਾਜ਼ੀ ਨੂੰ ਛੱਡ ਕੇ ਵਿਸ਼ੇ ਦੇ ਸੰਕਲਪ ਨੂੰ ਸਮਝੇ।ਪੜ੍ਹਾਈ ਵਿੱਚ ਨਵੀਆਂ ਤਕਨੀਕਾਂ ਨੂੰ ਸ਼ਾਮਲ ਕਰਨਾ, ਪੜ੍ਹਨ ਸਹਾਇਕ ਸਮੱਗਰੀ, ਸਕੂਲ ਯੋਜਨਾ, ਪਾਠਕ੍ਰਮ ਦੀ ਸੋਧ ਅਤੇ ਖੇਡਾਂ ਨੂੰ ਵੀ ਸ਼ਾਮਲ ਕਰਨਾ ਇਸ ਪ੍ਰੋਗਰਾਮ ਦਾ ਟੀਚਾ ਹੈ। ਵਿਦਿਆਰਥੀਆਂ ਨੂੰ ਬਿਨ੍ਹਾਂ ਕਿਸੇ ਡਰ ਜਾਂ ਬੋਝ ਦੇ ਸਿਖਣ ਵਾਸਤੇ ਪ੍ਰੋਤਸਾਹਤ ਕੀਤਾ ਜਾਂਦਾ ਹੈ ਅਤੇ ਕਲਾਸਾਂ ਵਿੱਚ ਸੌਖੇ ਤਰੀਕੇ ਦੀਆਂ ਗਤੀਵਿਧੀਆਂ ਰਾਹੀਂ ਪੜ੍ਹਾਇਆ ਜਾਂਦਾ ਹੈ। ਪੜ੍ਹਨ ਸਹਾਇਕ ਸਮੱਗਰੀ, ਨਵੀਆਂ ਤਕਨੀਕਾਂ ਸੁਰੂ ਕਰਨਾ, ਤਕਨੀਕਾਂ ਅਤੇ ਗਤੀਵਿਧੀਆਂ ਵਿੱਚ ਸੋਧ ਕਰਨ ਲਈ ਅਧਿਆਪਕਾਂ ਅਤੇ ਸਿਖਿਆਂ ਮਾਹਿਰਾਂ ਦੇ ਸੁਝਾਵਾਂ ਨੂੰ ਪਹਿਲ ਦਿੱਤੀ ਜਾਂਦੀ ਹੈ।

  'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ' ਪ੍ਰੋਗਰਾਮ ਪੰਜਾਬ ਦੇ ਸਾਰੇ ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਸਕੂਲਾਂ ਵਿਚ ਲਾਗੂ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ ਇਸ ਪ੍ਰੋਗਰਾਮ ਦੇ ਖੇਤਰ ਦਾ ਵਿਸਤਾਰ ਸੀਨੀਅਰ ਸੈਕੰਡਰੀ ਕਲਾਸਾਂ ਵਿਚ ਵੀ ਕਰਨ ਜਾ ਰਹੀ ਹੈ।
- **ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਗਰੀਨ ਬੋਰਡ:-** ਟੀਚਿੰਗ ਬੋਰਡਾਂ (ਬਲੈਕ ਬੋਰਡਾਂ) ਦੀ ਘਾਟ ਸੁਵਵੱਤਾ ਇਕ ਕਾਰਣ ਹੈ ਜਿਸ ਨਾਲ ਅਧਿਆਪਕਾਂ ਨੂੰ ਵਿਦਿਆਰਥੀਆਂ ਨੂੰ ਪੜਾਉਣਾ ਮੁਸ਼ਕਲ ਲਗਦਾ ਹੈ। ਇਸ ਅੜਿੱਕੇ ਨੂੰ ਦੂਰ ਕਰਨ ਲਈ ਰਾਜ ਸਰਕਾਰ ਨੇ ਸਾਰੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਗਰੀਨ ਬੋਰਡ ਮੁਹੱਈਆ ਕਰਨ ਦਾ ਫੈਸਲਾ ਕੀਤਾ ਹੈ।
- **ਉਤੱਮਤਾ ਨੂੰ ਪ੍ਰੋਤਸਾਹਨ:** ਚੰਗੀ ਕਾਰਜਕਾਰੀ ਦਿਖਾਉਣ ਵਾਲੇ ਸਕੂਲਾਂ ਨੂੰ ਪ੍ਰੋਤਸਾਹਨ ਅਤੇ ਸਨਮਾਨ ਦੇਣ ਦੀ ਲੋੜ ਨੂੰ ਸਮਝਿਦਿਆਂ ਰਾਜ ਸਰਕਾਰ ਨੇ ਸਰਵੋਤਮ ਪ੍ਰਾਇਮਰੀ ਸਕੂਲਾਂ, ਮਿਡਲ ਸਕੂਲਾਂ, ਹਾਈ ਸਕੂਲਾਂ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਸਨਮਾਨਿਤ ਕਰਨ ਦੀ ਲੋੜ ਨੂੰ ਮਹਿਸੂਸ ਕੀਤਾ ਹੈ। ਇਸ ਮੰਤਵ ਲਈ ਹਰ ਜ਼ਿਲ੍ਹੇ ਦੇ ਹਰੇਕ ਬਲਾਕ (216) ਦੇ ਸਰਵੋਤਮ ਸਰਕਾਰੀ ਪ੍ਰਾਇਮਰੀ ਸਕੂਲ, ਹਰੇਕ ਸਰਕਾਰੀ ਮਿਡਲ ਸਕੂਲ, ਹਾਈ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲ ਲਈ ਇਕ ਪੁਰਸਕਾਰ ਸਥਾਪਿਤ ਕੀਤਾ ਗਿਆ ਹੈ।
- **ਸਮਾਰਟ ਸਕੂਲ:** ਵਿਦਿਆਰਥੀਆਂ ਦੇ ਦ੍ਰਿਸ਼ਟੀਕੋਣ ਅਤੇ ਸਕੂਲ ਪ੍ਰਤੀ ਉਹਨਾਂ ਦੇ ਨਜ਼ਰੀਏ ਨੂੰ ਸਕੂਲ ਦਾ ਵਾਤਾਵਰਨ ਕਾਫ਼ੀ ਹੱਦ ਤੱਕ ਪ੍ਰਭਾਵਿਤ ਕਰਦਾ ਹੈ। ਇਸ ਲਈ ਹਰ ਇਕ ਸਿੱਖਿਆ ਬਲਾਕ ਵਿੱਚੋਂ ਇਕ ਸਕੂਲ ਨੂੰ ਉਚੇਰੀਆਂ ਸੁਵਿਧਾਵਾਂ ਮੁਹੱਈਆ ਕਰਵਾ ਕੇ ਸਮਾਰਟ ਸਕੂਲ ਵਿੱਚ ਤਬਦੀਲ ਕੀਤਾ ਗਿਆ ਹੈ।
- ਸ਼ੁੱਧ, ਪੀਣ ਯੋਗ ਪਾਣੀ ਮੁਹੱਈਆ ਕਰਵਾਉਣ ਲਈ, ਰਾਜ ਸਰਕਾਰ ਨੇ 1500 ਸਕੂਲਾਂ ਵਿੱਚ RO ਸਿਸਟਮ ਲਗਾਉਣ ਦਾ

Scanned with CamScanner

ਫੈਸਲਾ ਕੀਤਾ ਹੈ।

- **ਪ੍ਰੀ ਪ੍ਰਾਇਮਰੀ ਜਮਾਤਾਂ:** ਰਾਜ ਸਰਕਾਰ ਨੇ ਪੂਰੇ ਦੇਸ਼ ਵਿੱਚੋਂ ਨਿਵੇਕਲਾ ਕਦਮ ਚੁੱਕਦਿਆਂ, 14/11/2017 ਤੋਂ ਹਰੇਕ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਪ੍ਰੀ-ਪ੍ਰਾਇਮਰੀ ਜਮਾਤਾਂ ਆਰੰਭ ਕੀਤੀਆਂ ਹਨ। 2017 ਵਿਚ ਇਸ ਅਧੀਨ, 3-6 ਸਾਲ ਦੀ ਉਮਰ ਵਾਲੇ 1-60 ਲੱਖ ਬੱਚਿਆਂ ਨੂੰ ਦਾਖਲ ਕੀਤਾ ਗਿਆ।
- ਰਾਜ ਸਰਕਾਰ ਨੇ ਨਿੱਜੀ ਹਿੱਸੇਦਾਰਾਂ ਨਾਲ ਸਾਂਝ ਵਿੱਚ ਸਕੂਲਾਂ ਨੂੰ ਵਾਈ ਫਾਈ ਸੇਵਾਵਾਂ ਦੇਣ ਦਾ ਫੈਸਲਾ ਕੀਤਾ ਹੈ। 2020 ਤੱਕ ਸਾਰੇ ਸਕੂਲ ਇਸ ਸਕੀਮ ਤਹਿਤ ਸ਼ਾਮਿਲ ਕੀਤਾ ਜਾਵੇਗਾ।
- ਵਿਦਿਆਰਥੀਆਂ ਵਿਚਕਾਰ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਲਈ ਅੱਠਵੀਂ ਜਮਾਤ ਲਈ ਸਿਹਤ ਅਤੇ ਸਰੀਰਕ ਸਿੱਖਿਆ ਅਤੇ ਦਸਵੀਂ ਜਮਾਤ ਲਈ ਵਾਤਾਵਰਨ ਸਿੱਖਿਆ ਦੀਆਂ ਪਾਠ-ਪੁਸਤਕਾਂ ਵਿਚ ਸਬੰਧਤ ਵਿਸ਼ਾ ਸਮੱਗਰੀ ਵੀ ਸ਼ਾਮਿਲ ਕੀਤੀ ਗਈ ਹੈ।
- ਪੰਜਾਬ ਸਕੂਲ ਸਿੱਖਿਆਂ ਬੋਰਡ ਦੇ ਮੌਜੂਦਾ ਰਿਕਾਰਡ ਦਾ ਕੰਪਿਊਟਰੀਕਰਨ ਕੀਤਾ ਜਾਂ ਰਿਹਾ ਹੈ ਤਾ ਜੋ ਨਾਗਰਿਕ ਨੂੰ ਤੇਜੀ ਨਾਲ ਸੇਵਾਵਾਂ ਦਿੱਤੀਆਂ ਜਾਂ ਸਕਣ। ਇਸ ਅਕਾਦਮਿਕ ਵਰ੍ਹੇ ਤੋਂ ਬੋਰਡ ਨੇ ਦਸਵੀਂ ਅਤੇ ਬਾਰਵੀ ਦੇ ਕੰਪਿਊਟਰੀਕ੍ਰਿਤ ਸਰਟੀਫਿਕੇਟ ਜਾਰੀ ਕਰਨੇ ਸ਼ੁਰੂ ਕਰ ਦਿੱਤੇ ਹਨ।
- **ਗੂੰਗੇ ਅਤੇ ਬੋਲੇ ਬੱਚਿਆਂ ਵਾਸਤੇ ਸਕੂਲ:** ਪੰਜਾਬ ਵਿੱਚ ਲੱਗਭਗ 6.54 ਲੱਖ ਅਪੰਗਤਾ ਵਾਲੇ ਵਿਅਕਤੀ ਹਨ ਜਿਨ੍ਹਾਂ ਵਿੱਚੋਂ 171245 ਅਜਿਹੇ ਹਨ, ਜਿਨ੍ਹਾਂ ਨੂੰ ਸੁਣਨ ਅਤੇ ਬੋਲਣ ਦੀਆਂ ਸਮੱਸਿਆਵਾਂ ਹਨ ਅਤੇ 66995 ਮਾਨਸਿਕ ਰੂਪ ਨਾਲ ਅਪੰਗ ਹਨ। ਪੰਜਾਬ ਸਰਕਾਰ ਅਪੰਗਤਾ ਵਾਲੇ ਬੱਚਿਆਂ ਵਾਸਤੇ ਲੁਧਿਆਣਾ ਵਿਖੇ ਇਕ ਬਾਰਵੀਂ ਜਮਾਤ ਤੱਕ ਦਾ ਰਿਹਾਇਸ਼ੀ ਸਕੂਲ ਸਥਾਪਿਤ ਕਰਨ ਜਾ ਰਹੀ ਹੈ।
- **ਸਮੱਗਰਾ ਸਿੱਖਿਆ ਅਭਿਆਨ: (ਸਰਵ ਸਿੱਖਿਆ ਅਭਿਆਨ + ਰਾਸ਼ਟਰੀ ਸਾਧਿਅਮਿਕ ਸਿੱਖਿਆ ਅਭਿਆਨ + ਅਧਿਆਪਨ ਸਿੱਖਿਆ):** ਰਾਸ਼ਟਰੀ ਸਿੱਖਿਆ ਨੀਤੀ - 1986 ਨੂੰ ਲਾਗੂ ਕਰਨ ਉੱਪਰੰਤ, ਭਾਰਤ ਨੇ ਐਲੀਮੈਂਟਰੀ ਸਿੱਖਿਆ ਦੇ ਰਾਸ਼ਟਰੀਕਰਨ ਨੂੰ ਦ੍ਰਿੜ ਕਰਨ ਹਿੱਤ ਕਈ ਸਕੀਮਾਂ ਉਲੀਕੀਆਂ ਹਨ। 2000-01 ਦੌਰਾਨ ਇਹ ਕੋਸ਼ਿਸ਼ਾਂ ਕੇਂਦਰ ਵੱਲੋ ਚਲਾਏ ਜਾਂਦੇ ਸਰਵ ਸਿੱਖਿਆ ਅਭਿਆਨ ਜਿਸ ਵਿੱਚ ਰਾਜ ਸਰਕਾਰਾਂ ਵੀ ਬਰਾਬਰ ਦੀਆਂ ਸਹਿਯੋਗੀ ਹਨ, ਅਧੀਨ ਹੋਰ ਤੇਜ਼ ਕਰ ਦਿੱਤੀਆਂ ਗਈਆਂ ਹਨ। 2010 ਤੱਕ ਸਰਵ ਸਿੱਖਿਆ ਅਭਿਆਨ ਦਾ ਮੂਲ ਉਦੇਸ 6 ਤੋਂ 14 ਸਾਲ ਦੇ ਬੱਚਿਆਂ ਨੂੰ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਮੁਹੱਈਆ ਕਰਾਉਣਾ ਹੈ।

ਬੱਚਿਆਂ ਲਈ ਮੁਫਤ ਅਤੇ ਲਾਜ਼ਮੀ ਸਿੱਖਿਆ ਕਾਨੂੰਨ-2009 ਦੇ ਪਾਸ ਹੋਣ ਨਾਲ ਐਲੀਮੈਂਟਰੀ ਸਿੱਖਿਆ ਦਾ ਰਾਸ਼ਟਰੀਕਰਨ ਹੋਰ ਵੀ ਮਜ਼ਬੂਤ ਹੋ ਗਿਆ ਹੈ। ਇਸ ਕਾਨੂੰਨ ਤਹਿਤ 6 ਤੋਂ 14 ਸਾਲ ਦੇ ਬੱਚਿਆਂ ਨੂੰ ਕਾਨੂੰਨੀ ਤੌਰ ਤੇ ਮੁਫਤ ਅਤੇ ਲਾਜ਼ਮੀ ਸਿੱਖਿਆ ਪ੍ਰਦਾਨ ਕਰਨੀ ਯਕੀਨੀ ਬਣਾਈ ਗਈ ਹੈ। ਰਾਜ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਨੂੰ ਇਸ ਉਦੇਸ਼ ਲਈ ਲੋੜੀਂਦਾਂ ਸਹਿਯੋਗ ਕੇਂਦਰ ਵੱਲੋ ਚਲਾਈ ਜਾਂਦੀ ਸਕੀਮ SSA ਰਾਹੀਂ ਮੁੱਹਈਆ ਕਰਵਾਇਆ ਜਾਂਦਾ ਹੈ। ਸਤੰਬਰ- 2010 ਤੋਂ ਇਸ ਸਕੀਮ ਦੀਆਂ ਪਰਿਯੋਜਨਾਵਾਂ ਨੂੰ ਵੀ ਇਸ ਕਾਨੂੰਨ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ।

ਰਾਸ਼ਟਰੀ ਸਿੱਖਿਆ ਨੀਤੀ -1986 ਦੀ ਲਗਾਤਾਰਤਾ ਵਿੱਚ ਕੇਂਦਰ ਵੱਲੋ ਅਧਿਆਪਕ ਸਿੱਖਿਆ ਦੇ ਪੁਨਰ ਨਿਰਮਾਣ ਅਤੇ ਪੁਨਰ ਗਠਨ ਦੀ ਨੀਤੀ 1987 ਵਿੱਚ ਆਰੰਭੀ ਗਈ। ਰਾਸਟਰੀ ਸਿੱਖਿਆ ਨੀਤੀ ਅਨੁਸਾਰ ਅਧਿਆਪਕ ਦੀ ਵਿਅਕਤੀਗਤ ਅਤੇ ਪੇਸ਼ੇਵਰਾਨਾ ਯੋਗਤਾ ਵਿੱਚ ਸੁਧਾਰ ਹੀ ਸਿੱਖਿਆ ਦੇ ਪੂਨਰਗਠਨ ਦਾ ਮੁੱਖ ਧੁਰਾ ਹੈ। ਅਧਿਆਪਕ ਸਿੱਖਿਆ ਜਿਸ ਵਿੱਚ ਸੇਵਾਕਾਲ ਦੌਰਾਨ ਅਤੇ ਸੇਵਾ ਵਿੱਚ ਆਉਣ ਤੋ ਪਹਿਲਾਂ ਦੀ ਮੁੱਢਲੀ ਟ੍ਰੇਨਿੰਗ ਇੱਕ ਨਿਰੰਤਰ

Scanned with CamScanner

ਪ੍ਰਕਿਰਿਆ ਦੇ ਰੂਪ ਵਿੱਚ ਮੁੱਖ ਭੂਮਿਕਾ ਨਿਭਾਉਂਦੀ ਹੈ। ਇਸੇ ਉਦੇਸ਼ ਸਾਲ ਜ਼ਿਲ੍ਹਾ ਅਧਿਆਪਕ ਸਿੱਖਿਆ (ਟ੍ਰੇਨਿੰਗ) ਕੇਂਦਰ, ਅਧਿਆਪਕ ਸਿੱਖਿਆ ਸੰਸਥਾਵਾਂ ਅਤੇ ਸਿੱਖਿਆਂ ਦੇ ਖੇਤਰ ਵਿੱਚ ਅਧਿਅਨ ਕੇਂਦਰਾਂ ਦੀ ਸਥਾਪਨਾ ਵੀ ਕੀਤੀ ਗਈ ਹੈ। ਇਸ ਪ੍ਰਕਾਰ ਅਧਿਆਪਕ ਸਿੱਖਿਆ ਸਬੰਧੀ ਕੇਂਦਰੀ ਸਕੀਮ, ਰਾਜ ਦੀਆਂ ਸਰਕਾਰੀ ਅਧਿਆਪਕ ਸਿੱਖਿਆ ਸਬੰਧੀ ਕੇਂਦਰੀ ਸਕੀਮ ਰਾਜ ਦੀਆਂ ਸਕਰਾਰੀ ਅਧਿਆਪਕ ਸੰਸਥਾਵਾਂ ਨੂੰ ਬੁਨਿਆਦੀ ਅਤੇ ਸੰਸਥਾਗਤ ਸਹਾਇਤਾ ਪ੍ਰਦਾਨ ਕਰਦੀ ਹੈ।

ਰਾਸ਼ਟਰੀ ਸਿੱਖਿਆ ਨੀਤੀ ਨੇ ਮਿਆਰੀ ਸੈਕੰਡਰੀ ਸਿੱਖਿਆ ਪ੍ਰਤੀ ਪਹੁੰਚ ਸਰਲ ਬਣਾਉਣ ਲਈ ਸਕੂਲੀ ਪਾਠਕ੍ਰਮ ਵਿੱਚ ICT (ਸੂਚਨਾ ਅਤੇ ਸੰਚਾਰ ਤਕਨਾਲੋਜੀ) ਨੂੰ ਵੀ ਸ਼ਾਮਿਲ ਕੀਤਾ ਹੈ। ਇਸੇ ਨੀਤੀ ਤਹਿਤ, ਸੈਕੰਡਰੀ ਸਿੱਖਿਆ ਪ੍ਰਣਾਲੀ ਦੇ ਵਿਕਾਸ ਲਈ ਮਾਰਚ -2009 ਵਿੱਚ ਰਮਸਾ (ਰਾਸ਼ਟਰੀ ਮਾਧਿਅਮਿਕ ਸਿੱਖਿਆ ਅਭਿਆਨ) ਆਰੰਭਿਆ ਗਿਆ, ਤਾਂ ਜੋ ਸਿੱਖਿਆ ਦਾ ਪ੍ਰਸਾਰ ਅਤੇ ਵਿਕਾਸ ਹੋ ਸਕੇ। ਸਾਲ 2013-14 ਵਿੱਚ ਕੇਂਦਰ ਵੱਲੋਂ ਸੈਕੰਡਰੀ ਸਿੱਖਿਆ ਦੇ ਵਿਕਾਸ ਤਹਿਤ 4 ਹੋਰ ਸਕੀਮਾਂ - ਸਕੂਲਾਂ ਵਿੱਚ ਸੂਚਨਾ ਅਤੇ ਤਕਨਾਲੋਜੀ ਵਿਸ਼ਾ, ਲੜਕੀਆਂ ਦੇ ਹੋਸਟਲ, ਸੈਕੰਡਰੀ ਅਤੇ ਸੀਨੀਅਰ ਸਕੈਂਡਰੀ ਸਕੂਲਾਂ ਵਿੱਚ ਕਿੱਤਾਮੁੱਖੀ ਵਿਸ਼ੇ ਅਤੇ ਵਿਲੱਖਣ ਪ੍ਰਤਿਭਾ ਵਾਲੇ ਵਿਦਿਆਰਥੀਆਂ ਲਈ ਸੰਕਲਿਤ ਸਿੱਖਿਆ, ਲਾਗੂ ਕੀਤੀਆਂ ਗਈਆਂ ਹਨ।

ਇਸੇ ਪ੍ਰਕਾਰ ਮਾਨਵ ਵਿਕਾਸ ਸੰਧਦਾ ਮੰਤਰਾਲੇ ਦੇ ਅਧੀਨ, ਰਾਜ/ਕੇਂਦਰੀ ਸ਼ਾਸਤ ਪ੍ਰਦੇਸਾਂ ਦੇ ਸਹਿਯੋਗ ਨਾਲ ਤਿੰਨ ਕੇਂਦਰੀ ਪ੍ਰਯੋਜਿਤ ਸਕੀਮਾਂ - ਐਸ. ਐਸ. ਏ (SSA), ਰ: ਮ: ਸਾ (RMSA) ਅਤੇ ਅਧਿਆਪਕ ਸਿੱਖਿਆ ਚਲਾਈਆਂ ਜਾ ਰਹੀਆਂ ਹਨ। ਇਹਨਾਂ ਸਾਰੀਆਂ ਸਕੀਮਾਂ ਦਾ ਸਾਂਝਾ ਉਦੇਸ਼ ਮਿਆਰੀ ਸਿੱਖਿਆ ਦੇ ਪ੍ਰਸਾਰ ਪ੍ਰਤੀ ਪਹੁੰਚ ਨੂੰ ਸਰਲ ਬਣਾਉਣਾ, ਵਿਲੱਖਣ ਪ੍ਰਤਿਭਾ ਵਾਲੇ ਵਿਦਿਆਰਥੀਆਂ ਨੂੰ ਇਸ ਪ੍ਰਸਾਰ ਵਿੱਚ ਸ਼ਾਮਿਲ ਕਰਨਾ ਅਤੇ ਬਰਾਬਰੀ ਦੇ ਮੌਕੇ ਪ੍ਰਦਾਨ ਕਰਨਾ ਅਤੇ ਮੂਲਰੂਪ ਵਿੱਚ ਸਿੱਖਿਆ ਦਾ ਗੁਣਾਤਮਕ ਸੁਧਾਰ ਕਰਨਾ ਹੈ। ਇਸ ਉਦੇਸ ਲਈ ਐਲੀਮੈਂਟਰੀ ਪੱਧਰ (I ਤੋਂ VIII ਤੱਕ) ਮੁੱਖ ਰੂਪ ਵਿੱਚ SSA ਜਿੰਮੇਵਾਰ ਸੰਸਥਾ ਹੈ ਅਤੇ RTE (ਵਿਦਿਆ ਸਬੰਧੀ ਅਧਿਕਾਰ -2009) ਨੂੰ ਲਾਗੂ ਕਰਨ ਵਿੱਚ ਵਿਸ਼ੇਸ਼ ਚਾਲਕ ਦੇ ਰੂਪ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। IX ਅਤੇ X ਲਈ ਅਤੇ XI-XII ਦੇ ਕੁਝ ਚੋਣਵੇਂ ਨੁਕਤਿਆਂ ਲਈ ਰਮਸਾ ਅਤੇ CSSTE (I-X) ਅਧਿਆਪਕਾਂ ਲਈ ਸੇਵਾ ਕਾਲ ਦੌਰਾਨ ਅਤੇ ਸੇਵਾ ਵਿੱਚ ਆਉਣ ਤੋਂ ਪਹਿਲਾਂ ਦੀ ਸੀ ਸੰਸਥਾਗਤ ਟ੍ਰੇਨਿੰਗ ਲਈ ਜ਼ਿੰਮੇਵਾਰ ਹੈ।

ਸਾਲ 2018-19 ਤੋਂ ਸਰਵ ਸਿੱਖਿਆ ਅਭਿਆਸ ਜੋ ਕਿ ਕੇਂਦਰ ਸਰਕਾਰ ਵੱਲੋਂ ਚਲਾਇਆ ਜਾ ਰਿਹਾ ਹੈ, ਜੋ ਕਿ ਕੇਂਦਰ ਸਰਕਾਰ ਵੱਲੋਂ ਚਲਾਇਆ ਜਾ ਰਿਹਾ ਹੈ। ਰਾਸ਼ਟਰੀ ਮਾਧਿਅਮਿਕ ਸਿੱਖਿਆ ਅਭਿਆਨ ਅਤੇ ਅਧਿਆਪਕ ਸਿੱਖਿਆ ਨੂੰ ਸੰਯੁਕਤ ਤੌਰ ਤੇ ਸਕੂਲ ਸਿੱਖਿਆ ਦੀ ਇਕਹਿਰੀ ਸਕੀਮ - ਸਮੱਗਰ ਅਧੀਨ ਲਿਆਦਾਂ ਗਿਆ ਹੈ। ਇਹ ਸਕੀਮ ਪ੍ਰੀ-ਪ੍ਰਾਇਮਰੀ ਤੋਂ ਲੈ ਕੇ ਸੈਕੰਡਰੀ ਪੱਧਰ ਤੱਕ ਲੋੜੀਂਦੀ ਸਿੱਖਿਆ ਅਤੇ ਅਗਵਾਈ ਮੁਹੱਈਆ ਕਰਦੀ ਹੈ। ਇਸ ਸਕੀਮ ਦਾ ਮੁੱਖ ਟੀਚਾ ਵਿਦਿਆਰਥੀਆਂ ਦੀ ਸਕੂਲਾਂ ਵਿੱਚ ਪਹੁੰਚ ਸੌ ਫੀਸਦੀ ਯਕੀਨੀ ਬਣਾਉਣਾ, 4 ਤੋਂ 18 ਸਾਲ ਦੇ ਬੱਚਿਆਂ ਨੂੰ ਸਕੂਲੀ ਸਿੱਖਿਆ ਨਾਲ ਜੋੜਨਾ ਅਤੇ ਉਹਨਾਂ ਦੀ ਹਾਜ਼ਰੀ ਨੂੰ ਨਿਰੰਤਰ ਯਕੀਨੀ ਬਣਾਉਣ ਹੈ ਤਾਂ ਜੋ ਡਰਾਪ ਆਊਟ ਦਰ ਸਿਫਰ ਕੀਤੀ ਜਾ ਸਕੇ। ਇਹ ਸਕੀਮ, ਮਿਆਰੀ ਸਿੱਖਿਆ ਅਤੇ ਸਿੱਖਿਆ ਦੇ ਖੇਤਰ ਵਿੱਚ ਗੁਣਾਤਮਕ ਨਤੀਜਿਆਂ ਲਈ ਵੀ ਵਚਨਬੱਧ ਹੈ।

ਇਹ ਸਕੀਮ ਮਹਿਕਮੇ ਵੱਲੋਂ, ਕੇਂਦਰ ਸਰਕਾਰ ਦੇ ਸਹਿਯੋਗ ਨਾਲ, ਰਾਜ ਸਰਕਾਰ ਦੀ ਰਾਜ ਇੰਮਪਲੀਮੈਂਟੇਸ਼ਨ ਸੁਸਾਇਟੀ (SIS) ਜੋ ਕੀ ਰਾਜ ਕੇਂਦਰੀ ਸ਼ਾਸਤ ਪ੍ਰਦੇਸ਼ ਪੱਧਰ ਤੇ ਕਾਰਜਸ਼ੀਲ ਹੈ ਵੱਲੋਂ ਚਲਾਈ ਜਾ ਰਹੀ ਹੈ। ਇਸ ਕਾਰਜ ਲਈ ਲੋੜੀਂਦੀ ਮਾਲੀ ਰਾਸ਼ੀ ਲਈ ਕੇਂਦਰ ਅਤੇ ਰਾਜਸਰਕਾਰ ਦੀ 60:40 ਦੇ ਅਨੁਪਾਤ ਵਿੱਚ ਸਾਝੇਦਾਰੀ ਮਿਥੀ

Scanned with CamScanner

ਗਈ ਹੈ।

ਕੰਨਿਆ ਸਿੱਖਿਆ ਲਈ ਵਿਸ਼ੇਸ਼ ਯੋਗਦਾਨ:

- ਪੱਛੜੀ ਜਾਤੀ ਨਾਲ ਸਬੰਧਿਤ ਲੜਕੀਆਂ ਨੂੰ ਉੱਚ ਵਿੱਦਿਆ ਪ੍ਰਣਾਲੀ ਵਿੱਚ ਸ਼ਾਮਿਲ ਕਰਨਾ ਅਤੇ 18 ਸਾਲਾਂ ਤੱਕ ਇਸ ਨੂੰ ਯਕੀਨੀ ਬਨਾਉਣ ਲਈ 100% ਕੇਂਦਰੀ ਸਹਾਇਤਾ ਨਾਲ ਇਹ ਸਕੀਮ ਸ਼ੁਰੂ ਕੀਤੀ ਗਈ ਹੈ।ਇਸ ਸਕੀਮ ਵਿੱਚ ਸਰਕਾਰੀ / ਸਰਕਾਰੀ ਸਹਾਇਤਾ ਪ੍ਰਾਪਤ ਅਤੇ ਲੋਕਲ ਬਾਡੀਜ਼ ਸਕੂਲਾਂ ਅਤੇ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਾਵਾਂ ਵਿੱਚ ਪੜ੍ਹਦੀਆਂ ਉਹ ਸਾਰੀਆਂ ਲੜਕੀਆਂ ਜਿੰਨ੍ਹਾਂ ਨੇ ਅਠਵੀਂ ਜਮਾਤ ਇਹਨਾਂ ਸਕੂਲਾਂ ਵਿੱਚੋਂ ਪਾਸ ਕੀਤੀ ਹੈ ਅਤੇ ਨੌਵੀਂ ਜਮਾਤ ਵਿੱਚ ਦਾਖਲਾ ਲਿਆ ਹੈ, ਲਈ ਬਣਾਈ ਗਈ ਹੈ। ਇਸ ਸਕੀਮ ਦੁਆਰਾ ਹਰੇਕ ਲਾਭਪਾਤਰੀ ਦੇ ਬੈਂਕ ਖਾਤੇ ਵਿੱਚ 3000/- ਰੁਪਏ ਦੀ ਵਜ਼ੀਫਾ ਰਕਮ ਜਮ੍ਹਾਂ ਕਰਵਾਈ ਜਾਂਦੀ ਹੈ। 18 ਸਾਲ ਦੇ ਹੋਣ ਉਪਰੰਤ ਲਾਭਪਾਤਰੀ ਇਹ ਰਾਸ਼ੀ ਬੈਂਕ ਵਿੱਚੋਂ ਕਢਵਾ ਸਕਦੀ ਹੈ, ਬਸ਼ਰਤੇ ਦਸਵੀਂ ਜਮਾਤ ਪਾਸ ਉਪਰੰਤ ਕਰਨ ਮਗਰੋਂ ਉਸ ਨੇ ਦੋ ਸਾਲ ਦੀ ਸੈਕੰਡਰੀ ਸਿੱਖਿਆ ਵੀ ਪ੍ਰਾਪਤ ਕੀਤੀ ਹੋਵੇ।
- **ਮਾਈ ਭਾਗੋ ਵਿੱਦਿਆ ਸਕੀਮ:** ਪੰਜਾਬ ਸਰਕਾਰ ਨੇ 9ਵੀਂ ਅਤੇ 12ਵੀਂ ਜਮਾਤ ਵਿੱਚ ਪੜ੍ਹਦੀਆਂ ਸਾਰੇ ਸਰਕਾਰੀ ਸਕੂਲਾਂ ਦੀਆਂ ਲੜਕੀਆਂ ਨੂੰ ਮੁਫ਼ਤ ਸਾਈਕਲ ਦੇਣ ਦੀ ਸਕੀਮ ਲਾਗੂ ਕਰ ਦਿੱਤੀ ਹੈ ਤਾਂ ਜੋ ਉਹ ਆਪਣੀ ਪੜ੍ਹਾਈ ਜਾਰੀ ਰੱਖ ਸਕਣ ਅਤੇ ਸਕੂਲੀ ਸਿੱਖਿਆ ਅੱਧ ਵਿਚਕਾਰ ਛੱਡਣ ਵਾਲੇ ਵਿਦਿਆਰਥੀਆਂ ਵਿੱਚ ਕਮੀ ਹੋ ਸਕੇ।
- **ਲੜਕੀਆਂ ਨੂੰ ਮੁਫ਼ਤ ਵਿੱਦਿਆ:** ਇਸ ਸਕੀਮ ਤਹਿਤ ਪ੍ਰਾਇਮਰੀ ਪੱਧਰ 'ਤੇ ਲੜਕੀਆਂ ਨੂੰ ਹਾਜ਼ਰੀ ਵਜ਼ੀਫਾ ਅਤੇ 9ਵੀਂ ਅਤੇ 12ਵੀਂ ਦੀਆਂ ਲੜਕੀਆਂ ਨੂੰ ਮੁਫ਼ਤ ਵਿੱਦਿਆ ਮੁਹੱਈਆ ਕਰਵਾਈ ਗਈ ਹੈ।
- ਵੱਖ-ਵੱਖ ਪੱਧਰਾਂ ਪ੍ਰਾਇਮਰੀ ਤੋਂ ਸੀਨੀਅਰ ਸੈਕੰਡਰੀ ਤੱਕ ਲੜਕੀਆਂ ਦੇ ਸਕੂਲਾਂ ਵਿੱਚ ਦਾਖਲੇ ਵਧਾਉਣ ਹਿੱਤ ਰਾਜ ਦੇ ਸਾਰੇ ਸਕੂਲਾਂ ਵਿੱਚ ਲੜਕੀਆਂ ਲਈ ਵੱਖਰੇ ਪਖਾਨੇ ਬਣਵਾਏ ਗਏ ਹਨ।
- ਮਾਹਮਾਰੀ ਦੌਰਾਨ ਸਫਾਈ ਸੁਵਿਧਾਵਾਂ ਅਤੇ ਲੜਕੀਆਂ ਵਿੱਚ ਡਰਾਪ ਆਊਟ ਦਰ ਨੂੰ ਘਟਾਉਣ ਲਈ ਸਰਕਾਰੀ ਸਕੂਲਾਂ ਵਿੱਚੋ ਪੜ੍ਹ ਰਹੀਆਂ ਛੇਵੀ ਤੋਂ ਬਾਹਰਵੀਂ ਤੱਕ ਦੀਆਂ ਵਿਦਿਆਰਥਣਾਂ ਨੂੰ ਮੁਫਤ ਸੈਨੇਟਰੀ ਨੈਪਕਿਨ ਵੀ ਦਿੱਤੇ ਜਾਂਦੇ ਹਨ।

ਉਚੇਰੀ ਸਿੱਖਿਆ:

ਰਾਜ ਵਿੱਚ 51 ਸਰਕਾਰੀ ਕਾਲਜ, 136 ਪ੍ਰਾਇਵੇਟ ਏਡਿਡ ਕਾਲਜ 440 ਸਵੈ ਵਿੱਤ ਪ੍ਰਾਈਵੇਟ ਕਾਲਜ ਅਤੇ 11 ਸਰਕਾਰੀ ਯੂਨੀਵਰਸਿਟੀਆਂ ਹਨ। ਉੱਚ ਸਿੱਖਿਆ ਵਿੱਚ ਪ੍ਰਾਈਵੇਟ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਪ੍ਰਾਈਵੇਟ ਯੂਨੀਵਰਸਿਟੀਆਂ ਦੀਆਂ ਨੀਤੀਆਂ 2010 ਨੂੰ ਸਵੈ-ਵਿੱਤ ਪ੍ਰਾਈਵੇਟ ਯੂਨੀਵਰਸਿਟੀਆਂ ਸਥਾਪਤ ਕਰਨ ਲਈ ਨੋਟੀਫਾਈ ਕੀਤੀ ਹੈ। ਸਰਕਾਰ ਨੇ 16 ਯੂਨੀਵਰਸਿਟੀਆਂ ਅਤੇ 3 ਵਿਸ਼ਿਸਿਟ ਯੂਨੀਵਰਸਿਟੀਆਂ ਮੁਹੱਈਆਂ ਕਰਵਾ ਰਹੀਆਂ ਹਨ। ਉਚ ਸਿੱਖਿਆ ਸੈਕਟਰ ਲਈ ਸੂਬਾ ਸਰਕਾਰ ਨੇ ਹੇਠ ਦਿੱਤੇ ਕਦਮਾਂ ਦੀ ਪਾਲਣਾ ਕੀਤੀ ਹੈ:

- **ਪੰਜਾਬ ਉਚ ਸਿੱਖਿਆ ਕਾਊਂਸਲ:** ਇਸ ਦਾ ਮੰਤਵ ਉੱਚ ਸਿੱਖਿਆ ਨੂੰ ਵਿਦਿਆਰਥੀਆਂ ਦੀ ਲੋੜ ਦੇ ਅਨੁਰੂਪ ਬਣਾਉਣ ਲਈ ਨਵੀਂ ਸਕੀਮਾਂ ਬਣਾਉਣਾ, ਲਾਗੂ ਕਰਨਾ, ਨਿਯੰਤਰਿਤ ਕਰਨਾ ਅਤੇ ਮਿਆਰੀ ਸਿੱਖਿਆ ਲਈ ਲੋੜੀਂਦੇ ਕਦਮ ਚੁੱਕਣਾ ਹੈ।
- **ਰਾਸ਼ਟਰੀ ਉੱਚ ਸਿੱਖਿਆ ਅਭਿਆਨ (RUSA):** ਰਾਜ ਦੀ ਉੱਚ ਸਿੱਖਿਆ ਵਿੱਚ ਸਮਾਨਤਾ ਅਤੇ ਪ੍ਰਵੀਨਤਾ ਲਿਆਉਣ

Scanned with CamScanner

ਦੇ ਉਦੇਸ਼ ਨਾਲ ਰਾਜ ਸਰਕਾਰ ਨੇ ਰਾਸ਼ਟਰੀ ਉੱਚ ਸਿੱਖਿਆ ਅਭਿਆਨ ਲਾਗੂ ਕਰਨਾ ਦਿੱਤਾ ਹੈ। ਇਸ ਅਭਿਆਨ ਰਾਹੀਂ ਉੱਚ ਸਿੱਖਿਆ ਪ੍ਰਣਾਲੀ ਨੂੰ ਵਧੇਰੇ ਪਾਰਦਰਸ਼ੀ, ਜ਼ਿੰਮੇਵਾਰ ਅਤੇ ਕਿਰਿਆਸ਼ੀਲ ਬਣਾਉਣਾ ਹੈ।

- ਉਚ ਸਿੱਖਿਆ ਦੇ ਪਾਸਾਰ ਲਈ 10 ਨਵੇਂ ਸਰਕਾਰੀ ਕਾਲਜ ਸਥਾਪਤ ਕੀਤੇ ਗਏ ਹਨ।
- ਮੋਗਾ ਵਿਖੇ 1 ਨਵਾਂ ਮਾਡਲ ਡਿਗਰੀ ਕਾਲਜ ਖੋਲਿਆ ਗਿਆ ਹੈ।
- 4 ਮੌਜੂਦਾ ਡਿਗਰੀ ਕਾਲਜ ਅਰਥਾਤ ਸਰਕਾਰੀ ਕਾਲਜ ਮੋਹਾਲੀ, ਸਰਕਾਰੀ ਕਾਲਜ ਹੁਸ਼ਿਆਰਪੁਰ, ਸਰਕਾਰੀ ਕਾਲਜ ਲੜਕੀਆਂ ਲੁਧਿਆਣਾ ਅਤੇ ਸਰਕਾਰੀ ਕਾਲਜ ਲੜਕੇ ਲੁਧਿਆਣਾ ਅਤੇ ਮਾਡਲ ਡਿਗਰੀ ਕਾਲਜਾਂ ਨੂੰ ਅਪਗ੍ਰੇਡ ਕੀਤਾ ਗਿਆ ਹੈ।
- 2 ਪੇਸ਼ੇਵਰ ਕਾਲਜ ਜਿਵੇ, ਜਲੰਧਰ ਵਿਖੇ ਸਰਕਾਰੀ ਆਰਟ ਐਂਡ ਸਪੋਰਟ ਕਾਲਜ ਅਤੇ ਪਟਿਆਲਾ ਦੀ ਪੰਜਾਬ ਸਟੇਟ ਐਰੋਨੌਟਿਕ ਕਾਲਜ ਨੂੰ ਵਿਕਸਤ ਕਰਨ ਲਈ ਪੇਸ਼ੇਵਰ ਕਾਲਜ ਦੇ ਰੂਪ ਵਿਚ ਵਿਕਸਿਤ ਕੀਤਾ ਜਾ ਰਿਹਾ ਹੈ ਤਾਂ ਕਿ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਡੋਮੇਨ ਵਿਸ਼ੇਸ਼ ਹੁਨਰ ਵਿਕਾਸ ਉਪਕਰਨ ਸਿਖਲਾਈ ਦਿੱਤੀ ਜਾ ਸਕੇ।
- ਰਾਜ ਸਰਕਾਰ 3 ਸੰਸਥਾਵਾਂ ਜਿਵੇ ਕਿ ਪੰਜਾਸ ਸੰਗੀਤ ਨਾਟਕ ਅਕੈਡਮੀ, ਪੰਜਾਬ ਸਾਹਿਤਯ ਅਕੈਡਮੀ ਅਤੇ ਪੰਜਾਬ ਸਲਿਤ ਕਲਾਂ ਅਕੈਡਮੀ ਨੂੰ ਢੁਕਵੀ ਸਹਾਇਤਾ ਦੇ ਰਹੀ ਹੈ।
- ਸੂਬਾ ਸਰਕਾਰ ਨੇ ਚਾਰ ਇਤਿਹਾਸਕ ਕਾਲਜਾਂ ਵਿੱਚ ਜਿਵੇਂ ਕਿ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ, ਸਰਕਾਰੀ ਕਾਲਜ ਕਪੂਰਥਲਾ, ਸਰਕਾਰੀ ਕਾਲਜ ਮਾਲੇਰਕੋਟਲਾ, ਸਰਕਾਰੀ ਕਾਲਜ ਹੁਸ਼ਿਆਰਪੁਰ ਅਤੇ ਸਰਕਾਰੀ ਕਾਲਜ ਅੰਮ੍ਰਿਤਸਰ ਦੀ ਮੁਢਲੀ ਮਹਿਮਾ ਨੂੰ ਸਹਾਲ ਕਰਨ ਦਾ ਫੈਸਲਾ ਕੀਤਾ ਹੈ।
- ਪੰਜਾਬੀ ਭਾਸ਼ਾ ਦੀ ਸੰਭਾਲ ਅਤੇ ਤਰੱਕੀ ਲਈ ਰਾਜ ਸਰਕਾਰ ਨੇ ਤਲਵੰਡੀ ਸਾਬੋ ਵਿਖੇ ਪੰਜਾਬੀ ਭਾਸ਼ਾ ਨੂੰ ਤਰੱਕੀ ਅਤੇ ਵਿਕਾਸ ਲਈ ਇੱਕ ਕੇਂਦਰੀ ਸੰਸਥਾਂ ਸਥਾਪਿਤ ਕਰਨ ਦਾ ਫੈਸਲਾ ਕੀਤਾ ਹੈ। ਇਹ ਸੰਸਥਾ ਪੰਜਾਬੀ ਭਾਸ਼ਾ ਦੇ ਡਿਜੀਟਾਈਜ਼ੇਸ਼ਨ ਅਤੇ ਮਾਨਕੀ ਕਰਨ ਵਰਗੇ ਸਰਗਰਮੀਆਂ ਕਰੇਗੀ।
- ਉਰਦੂ ਭਾਸ਼ਾ ਦੀ ਤਰੱਕੀ ਲਈ ਮਾਲੇਰਕੋਟਲਾ ਵਿੱਚ ਉਰਦੂ ਅਕੈਡਮੀ ਲਈ ਸਥਾਪਤ ਕੀਤੀ ਜਾ ਰਹੀ ਹੈ।
- ਕੇਂਦਰੀ ਰਾਜ ਲਾਇਬਰੇਰੀ, ਪਟਿਆਲਾ ਨੂੰ ਕੌਮੀ ਪੱਧਰ ਦੀ ਈ-ਲਾਇਬਰੇਰੀ ਵੱਜੋਂ ਸਥਾਪਿਤ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪੰਜਾਬ ਯੂਨੀਵਰਸਿਟੀ, ਪਟਿਆਲਾ ਦੀਆਂ ਲਾਇਬਰੇਰੀਆਂ ਨੂੰ ਵੀ ਈ-ਲਾਈਬਰੇਰੀ ਵਿੱਚ ਅਪਗ੍ਰੇਡ ਕੀਤਾ ਜਾ ਰਿਹਾ ਹੈ।
- **ਸਰਕਾਰੀ ਕਾਲਜਾਂ ਨੂੰ ਮੁਫਤ ਵਾਈ ਫਾਈ ਸੁਵਿਧਾ:** ਵਿਦਿਆਰਥੀਆਂ ਦੇ ਹਿੱਤ ਨੂੰ ਧਿਆਨ ਵਿੱਚ ਰੱਖਦਿਆਂ, ਰਾਜ ਦੇ ਸਰਕਾਰੀ ਕਾਲਜਾਂ ਨੂੰ ਮੁਫਤ WI-FI ਦੀ ਸੁਵਿਧਾ ਦਿੱਤੀ ਗਈ ਹੈ।
- ਰਾਜ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੀਂ ਜਯੰਤੀ ਦੀ ਯਾਦ ਦਿਵਸ ਦੇ ਮੌਕੇ ਤੇ ਸੁਲਤਾਨਪੁਰ ਲੋਧੀ ਵਿਖੇ ਲੱੜਕੀਆਂ ਵਾਸਤੇ ਬੇਬੇ ਨਾਨਕੀ ਕਾਲਜ਼ ਖੋਲਣ ਦਾ ਫੈਸਲਾ ਕੀਤਾ ਗਿਆ ਹੈ।
- **ਪੰਜਾਬੀ ਯੂਨਿਵਰਸਿਟੀ, ਪਟਿਆਲਾ ਵਿਖੇ ਮਹਾਰਾਜਾ ਅਗਰਸੈਨ ਗੱਦੀ ਦੀ ਸਥਾਪਨਾ:** ਪੰਜਾਬਦੀ ਮਾਲੀ ਵਿਕਾਸ ਵਿੱਚ ਅਗਰਵਾਲ ਸੰਘ ਦੀ ਭੂਮਿਕਾ ਨੂੰ ਜਾਗ੍ਰਿਤ ਕਰਨ ਲਈ, ਰਾਜ ਸਰਕਾਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਅਗਰਸੈਨ ਗੱਦੀ (ਚੇਅਰ) ਦੀ ਸਥਾਪਨਾ ਕੀਤੀ ਹੈ।
- **ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਮਹਾਰਾਣਾ ਪ੍ਰਤਾਪ ਗੱਦੀ:** ਦੇਸ਼ ਦੇ ਮਹਾਨ ਸਪੂਤ ਮਹਾਰਾਣਾ ਪ੍ਰਤਾਪ ਪ੍ਰਤੀ ਸਤਿਕਾਰ ਪ੍ਰਗਟ ਕਰਨ ਲਈ ਰਾਜ ਸਰਕਾਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਮਹਾਰਾਣਾ ਪ੍ਰਤਾਪ ਗੱਦੀ ਦੀ

Scanned with CamScanner

ਸਥਾਪਨਾ ਕੀਤੀ ਹੈ।

- ਪੰਜਾਬ ਸਰਕਾਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਡਾ. ਬੀ. ਆਰ. ਅੰਬੇਦਕਰ ਗੱਦੀ (ਚੇਅਰ), ਸਤਿਗੁਰੂ ਰਾਮ ਸਿੰਘ ਗੱਦੀ (ਚੇਅਰ) ਅਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਗੱਦੀ (ਚੇਅਰ) ਦੀ ਸਥਾਪਨਾ ਕਰਨ ਦੀ ਘੋਸਣਾ ਕੀਤੀ ਹੈ।
- ਰਾਜ ਸਰਕਾਰ ਨੇ ਪਟਿਆਲਾ ਵਿਖੇ ਇਕ ਓਪਨ ਯੂਨੀਵਰਸਿਟੀ ਸਥਾਪਿਤ ਕਰਨ ਦਾ ਐਲਾਨ ਕੀਤਾ ਹੈ।

ਤਕਨੀਕੀ ਸਿੱਖਿਆ:

ਰਾਜ ਵਿੱਚ 270 ਡਿਗਰੀ ਕਾਲਜ, 193 ਡਿਪਲੋਮਾ ਅਤੇ 18 ਉੱਚ ਲੇਵਲ ਵਿਦਿਅਕ ਸੰਸਥਾਵਾਂ ਦੁਆਰਾ ਤਕਨੀਕੀ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਤਕਨੀਕੀ ਸਿੱਖਿਆ ਸੈਕਟਰ ਲਈ ਰਾਜ ਸਰਕਾਰ ਦੁਆਰਾ ਹੇਠ ਲਿਖੇ ਕਦਮ ਚੁੱਕੇ ਜਾ ਰਹੇ ਹਨ:

- ਮਹਾਰਾਜਾ ਰਣਜੀਤ ਸਿੰਘ ਰਾਜ ਤਕਨੀਕੀ ਯੂਨੀਵਰਸਿਟੀ ਐਕਟ- 2014 ਦੇ ਤਹਿਤ ਮਹਾਰਾਜਾ ਰਣਜੀਤ ਸਿੰਘ ਰਾਜ ਤਕਨੀਕੀ ਯੂਨੀਵਰਸਿਟੀ ਸਥਾਪਤ ਕੀਤੀ ਗਈ ਹੈ।
- ਥਾਪਰ ਯੂਨੀਵਰਸਿਟੀ ਪਟਿਆਲਾ ਵਿਖੇ 'ਸੈਂਟਰ ਆਫ਼ ਐਕਸੀਲੈਂਸ' ਪ੍ਰਾਪਤ ਕਰਨ ਲਈ ਉਤਰੀ ਰਾਜਾਂ ਵਿਚ ਪੰਜਾਬ ਇਕੋ-ਇਕ ਸੂਬਾ ਹੈ।
- ਬਠਿੰਡਾ, ਬਟਾਲਾ, ਅਮ੍ਰਿਤਸਰ, ਹੁਸ਼ਿਆਰਪੁਰ, ਜੀ.ਟੀ.ਬੀ ਗੜ੍ਹ (ਮੋਗਾ) ਅਤੇ ਪਟਿਆਲਾ ਦੇ ਸਰਕਾਰੀ ਪਲੀਟੈਕਨੀਕਲ ਸਕੀਮਾਂ ਨਵੀਆਂ ਅਤੇ ਮੌਜੂਦਾ ਪਾਲੀਟੈਕਨੀਕਾਂ ਦੀ ਅਪਗਰੇਡੇਸ਼ਨ ਦੇ ਤਹਿਤ ਕੇਂਦਰੀ ਸਹਾਇਤਾ ਨਾਲ ਖੁੱਲਿਆ ਗਿਆ ਹੈ।
- ਪੀ.ਟੀ.ਯੂ. (ਪੰਜਾਬ ਟੈਕਨੀਕਲ ਯੂਨੀਵਰਸਿਟੀ) ਨੇ ਲੱਡੇਵਾਲ ਰੋਡ ਜਲੰਧਰ ਵਿਖੇ ਪੰਜਾਬ ਇੰਸਟੀਟਿਊਟ ਆਫ ਟੈਕਨੀਕਲ ਟੀਚਰਜ਼ ਟਰੇਨਿੰਗ ਐਂਡ ਰਿਸਰਚ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ।
- ਰੁਜਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਅਤੇ ਦਰਵਾਜੇ ਦੇ ਪੜਾਅ 'ਤੇ ਨਵੇਂ ਰੋਜ਼ਗਾਰ ਦੇ ਮੌਕੇ ਪਾਉਣ ਲਈ ਵਿਭਾਗ ਦੁਆਰਾ 'ਪਲੇਸਮੈਂਟ ਪੋਰਟਲ' ਸ਼ੁਰੂ ਕੀਤਾ ਗਿਆ ਹੈ।
- **ਮੁੱਖ ਮੰਤਰੀ ਸਕਾਲਰਸ਼ਿਪ ਸਕੀਮ:** ਪੰਜਾਬ ਸਰਕਾਰ ਨੇ ਸਮਾਜ ਦੇ ਹਰੇਕ ਵਰਗ ਲਈ ਇੱਕ ਅਹਿਮ ਪੇਸ਼ਕਸ਼, ਮੁੱਖ ਮੰਤਰੀ ਸਕਾਲਰਸ਼ਿਪ ਯੋਜਨਾ ਸ਼ੁਰੂ ਕੀਤੀ ਹੈ। ਇਸ ਯੋਜਨਾ ਦੇ ਤਹਿਤ ਵਿਦਿਆਰਥੀਆਂ ਨੂੰ ਆਪਣੀ ਸਮਰੱਥਾ ਅਨੁਸਾਰ 70% ਤੋਂ 100% ਸਕਾਲਰਸ਼ਿਪ ਮੁਹੱਈਆ ਕਰਾਈ ਜਾਵੇਗੀ।
- ਲੜਕੀਆਂ ਲਈ ਇੱਕ ਖੇਤਰੀ ਵੋਕੇਸ਼ਨਲ ਟਰੇਨਿੰਗ ਇੰਸਟੀਚਿਊਟ ਅਤੇ ਅਪ੍ਰੈਂਟਿਸਸ਼ਿਪ ਦਾ ਇਕ ਖੇਤਰੀ ਡਾਇਰੈਕਟੋਰੇਟ ਪਿੰਡ ਸਨੇਟਾ ਜਿਲਾ ਮੋਹਾਲੀ ਵਿਖੇ ਸਥਾਪਿਤ ਕੀਤੇ ਜਾ ਰਹੇ ਹਨ।
- ਰਾਜ ਦੇ ਨੌਜਵਾਨਾ ਲਈ ਰੁਜ਼ਗਾਰ ਦਵਾਉਣ ਲਈ, ਰਾਜ ਸਰਕਾਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ, ਸਾਹਿਬ ਸਾਹਿਬ ਵਿਖੇ ਕੌਸ਼ਲ ਵਿਕਾਸ ਯੂਨੀਵਰਸਿਟੀ ਸਥਾਪਿਤ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਨੌਜਵਾਨਾਂ ਨੂੰ ਕੋਈ ਕਮਾਉਣ ਲਈ ਸਿਖਲਾਈ ਦਿੱਤੀ ਜਾ ਸਕੀ।
- **ਪੰਜਾਬ ਨੌਜਵਾਨ ਹੁਨਰ ਵਿਕਾਸ ਯੋਜਨਾ:** ਪੰਜਾਬ ਦੇ 18-35 ਸਾਲ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਮੁਫ਼ਤ ਕੌਸ਼ਲ ਸਿਖਲਾਈ ਦੇਣ ਦੇ ਮੰਤਵ ਨਾਲ ਪੰਜਾਬ ਸਰਕਾਰ ਨੇ ਪੰਜਾਬ ਨੌਜਵਾਨ ਹੁਨਰ ਵਿਕਾਸ ਯੋਜਨਾ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਅਨੁਸੂਚਿਤ ਜਾਤੀ, ਪਛੜੀ ਜਾਤੀ, ਵਿਸੇਸ਼ ਯੋਗਤਾ ਵਾਲੇ ਬੱਚੇ ਅਤੇ ਔਰਤਾਂ ਵਿਸੇਸ਼ ਤੌਰ ਤੇ ਇਸ ਸਕੀਮ ਦੇ ਲਾਭਪਾਤਰੀ

Scanned with CamScanner

ਹੋਣਗੇ

- ਬਲਾਕ ਵਿਚ ਜਿੱਥੇ ਕਿਤੇ ਕੌਸ਼ਲ ਵਿਕਾਸ ਕੇਂਦਰ ਜਾਂ ਸੂਚਨਾ ਤਕਨਾਲੋਜੀ ਕੇਂਦਰ, ਨਹੀਂ ਹਨ, ਉੱਥੇ ਅਜਿਹੇ ਕੇਂਦਰ ਸਥਾਪਿਤ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ।
- ਉਦਯੋਗ ਨੂੰ ਕੁਸ਼ਲ ਕਾਮਿਆਂ ਨਾਲ ਜੋੜਨ ਲਈ PPP ਦੀ ਤਰਜ਼ ਤੇ ਲੁਧਿਆਣਾ ਦੀ ਸਾਇਕਲ ਵੈਲੀ ਵਿੱਚ ITI (ਸੂਚਨਾ ਤਕਨਾਲੋਜੀ ਸੰਸਥਾ) ਸਥਾਪਿਤ ਕੀਤੀ ਗਈ ਹੈ।
- ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਰੂਪਨਗਰ ਨੂੰ ਮਾਡਲ ਆਈ. ਟੀ. ਆਈ ਵਜੋਂ ਅਪਗ੍ਰੇਡ ਕੀਤਾ ਜਾ ਰਿਹਾ ਹੈ।
- ਸਿਖਲਾਈ ਕਰਤਾਵਾਂ ਦੀ ਸਿਖਲਾਈ ਲਈ ਰਾਜ ਵਿੱਚ ਇਕ ਆਹਲਾ ਦਰਜੇ ਦਾ ਕੇਂਦਰ ਸਥਾਪਿਤ ਕੀਤਾ ਜਾ ਰਿਹਾ ਹੈ ਜਿਸ ਵਿਚ 'ਸਕਿੱਲਜ਼ ਐਕੁਈਜੇਸ਼ਨ ਐਂਡ ਨਾਲਿਜ ਅਵੇਅਰਨੈੱਸ ਫਾਰ ਲਾਈਵਲੀਹੁੱਡ ਪ੍ਰਮੋਸ਼ਨ (ਸੰਕਲਪ)' ਯੋਜਨਾ ਦੇ ਅੰਤਰਗਤ ਜਾਤਾਂ/ਇਸਤਰੀਆਂ ਅਤੇ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਨੂੰ ਸਿਖਲਾਈ ਦੇਣ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ।
- ਪੰਜਾਬ ਦੇ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਨੌਕਰੀ ਦੇ ਸਮਰੱਥ ਬਣਾਉਣ ਅਤੇ ਉਨ੍ਹਾਂ ਦੇ ਸੰਚਾਰ ਹੁਨਰਾਂ ਨੂੰ ਬਿਹਤਰ ਬਣਾਉਣ ਲਈ ਪੰਜਾਬ ਸਰਕਾਰ ਨੇ ਬ੍ਰਿਟਿਸ਼ ਕੌਂਸਲ ਦੀ ਤਕਨੀਕੀ ਸਹਾਇਤਾ ਨਾਲ ਪਟਿਆਲਾ, ਲੁਧਿਆਣਾ, ਬਠਿੰਡਾ ਅਤੇ ਜਲੰਧਰ ਵਿਖੇ ਚਾਰ ਲੈਬਾਰਟਰੀਆਂ ਸਥਾਪਿਤ ਕਰਨ ਦਾ ਫੈਂਸਲਾ ਕੀਤਾ ਹੈ।

Scanned with CamScanner

11.8 ਸਿਹਤ:

ਰਾਜ ਨੇ ਸਿਹਤ ਅੰਕੜਿਆਂ ਵਿੱਚ ਪ੍ਰਭਾਵਸ਼ਾਲੀ ਸੁਧਾਰ ਹਾਸਲ ਕੀਤਾ ਹੈ।

- ਸਿਸੂ ਮੌਤ ਦਰ 2006 ਵਿੱਚ 44 ਤੋਂ 23 ਅੰਕ ਘੱਟ ਕੇ 2015-16 ਵਿੱਚ 21'ਤੇ ਆ ਗਿਆ ਹੈ।
- ਬੱਚਿਆਂ ਦੇ ਜਨਮ ਤੋਂ ਪਹਿਲਾਂ ਮੌਤ ਦਰ 2008 ਵਿੱਚ 28 ਤੋਂ ਘੱਟ ਕੇ 2010 ਵਿੱਚ 19 'ਤੇ ਆ ਗਿਆ ਹੈ। ਕੁੱਝ ਰਾਜ ਹੀ ਇਸ ਲਕਸ਼ ਨੂੰ ਹਾਸਿਲ ਕਰ ਸਕੇ ਹਨ।
- ਮਾਤ ਮੌਤ ਦਰ (ਐਮ.ਐਮ.ਆਰ) 2004-06 ਵਿੱਚ 192 ਤੋਂ ਘੱਟ ਕੇ 2015-16 ਵਿੱਚ 122 ਤੇ ਰਹਿ ਗਿਆ।
- ਬਾਲ ਲਿੰਗ ਅਨੁਪਾਤ ਵੀ 2001 ਵਿੱਚ 798 ਤੋਂ ਸੁਧਰ ਕੇ 2011 ਵਿੱਚ 846 ਹੋ ਗਿਆ।

ਪੰਜਾਬ ਸਰਕਾਰ ਹਸਪਤਾਲਾਂ ਵਿੱਚ ਵਧੇਰੇ ਸਿਹਤ ਸੇਵਾਵਾਂ ਜਿਵੇਂ ਕਿ ਅਮਲਾ, ਇਮਾਰਤੀ ਢਾਂਚਾ ਅਤੇ ਹੋਰ ਸਾਜੋਸਮਾਨ ਦੇਣ ਲਈ ਵਚਨਬੱਧ ਹੈ।

ਸਿਹਤ ਖੇਤਰ ਵਿੱਚ ਰਾਜ ਸਰਕਾਰ ਵੱਲੋਂ ਕੀਤੇ ਉਪਰਾਲੇ:

- **ਹੈਲਪਲਾਈਨ 112:** ਜਿੰਮੇਵਰਾਨਾ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰਵਾਉਣ ਲਈ ਸਰਕਾਰ ਨੇ ਸਮੁੱਚੇ ਰਾਜ ਵਿੱਚ ਐਮਰਜੈਂਸੀ ਮੈਡੀਕਲ ਰਿਸਪਾਂਸ ਸੇਵਾਵਾਂ-108 (ਐਂਬੂਲੈਂਸ ਸੇਵਾਵਾਂ) ਅਤੇ ਮੈਡੀਕਲ ਸਲਾਹ/ਸੂਚਨਾ, ਸ਼ਿਕਾਇਤਾਂ/ਸ਼ਿਕਾਇਤ ਨਿਵਾਰਨ, ਐਚ.ਆਈ.ਵੀ/ਏਡਜ਼, ਐਸ.ਟੀ.ਆਈ/ਆਰ.ਟੀ.ਆਈ, ਨਸ਼ਾਖੋਰੀ, ਤਣਾਅ ਤੋਂ ਪੀੜਤ ਵਿਅਕਤੀਆਂ ਲਈ ਕੌਂਸਲਿੰਗ ਸੇਵਾਵਾਂ ਅਤੇ ਗਰਭਵਤੀ ਔਰਤਾਂ ਦੀ ਸੇਵਾਵਾਂ ਮਹੁੱਈਆ ਕਰਵਾਉਣ ਲਈ 24X7 ਮੈਡੀਕਲ ਹੈਲਪਲਾਈਨ -104 ਸ਼ੁਰੂ ਕੀਤੀ ਸੀ।

  ਹਾਲ ਹੀ 2019 ਵਿੱਚ, ਪੰਜਾਬ ਸਰਕਾਰ ਨੇ ਐਮਰਜੈਂਸੀ ਰਿਸਪਾਂਸ ਸਪੋਰਟ ਸਿਸਟਮ -112 ਦਾ ਆਰੰਭ ਕੀਤਾ ਹੈ, ਜੋ ਕਿ ਸਮੁੱਚੇ ਭਾਰਤ ਵਿੱਚ ਸਿੰਗਲ ਐਮਰਜੈਂਸੀ ਹੈਲਪਲਾਈਨ ਨੈਟਵਰਕ ਹੋਵੇਗਾ। 112 ਹੈਲਪਲਾਈਨ ਨਾਲ ਵੱਖ ਵੱਖ ਹੈਲਪਲਾਈਨਜ਼ ਜਿਵੇਂ ਕਿ ਪੁਲਿਸ (101), ਅੱਗ ਸੁਰੱਖਿਆ (101), ਔਰਤ ਸੁਰੱਖਿਆ (109), ਬੱਚਿਆਂ ਦੀ ਸੁਰੱਖਿਆ (1098), ਆਫ਼ਤ ਰਾਹਤ (1097) ਅਤੇ ਡਾਕਟਰੀ ਅਤੇ ਸਿਹਤ ਸਬੰਧੀ (108/104) ਨੂੰ ਆਖੰਡ ਕਰ ਦਿੱਤਾ ਗਿਆ ਹੈ।
- **ਭਾਈ ਘਨੱਈਆ ਬੀਮਾ ਯੋਜਨਾ:** ਇਸ ਸਕੀਮ ਦਾ ਉਦੇਸ਼ 1.5 ਲੱਖ ਰੁਪਏ ਤੱਕ ਦੀ ਮੈਡੀਕਲ ਸੁਵਿਧਾ ਮੁਹੱਈਆ ਕਰਾਉਣਾ ਸੀ। ਪਹਿਲਾਂ ਕੇਵਲ ਕੋਪਰੇਟਿਵ ਸੁਸਾਇਟੀ ਦੇ ਮੈਂਬਰਾਂ ਲਈ ਸੀ। ਪਰ ਹੁਣ ਇਹ ਰਾਜ ਦੇ ਹਰ ਨਾਗਰਿਕ ਲਈ ਖੋਲ ਦਿੱਤੀ ਗਈ ਹੈ।
- **ਮਾਤਾ ਕੌਸੱਲਿਆ ਕਲਿਆਣ ਸਕੀਮ:** ਇਹ ਸਕੀਮ 2011 ਵਿੱਚ ਮਾਤ੍ਰੀ ਅਤੇ ਨਵਜਾਤ ਮੌਤ ਦਰ ਘਟਾਉਣ ਲਈ ਅਤੇ ਹਸਪਤਾਲ ਵਿੱਚ ਜਣੇਪੇ ਨੂੰ ਪ੍ਰੋਤਸਾਹਨ ਦੇਣ ਦੇ ਮੰਤਵ ਨਾਲ ਚਲਾਈ ਗਈ ਸੀ। ਇਸ ਸਕੀਮ ਅਧੀਨ ਸਰਕਾਰੀ ਹਸਪਤਾਲ ਵਿੱਚ ਜਣੇਪੇ ਲਈ ਔਰਤ ਨੂੰ 1000 ਰੁਪਏ ਦੀ ਪ੍ਰੋਤਸਾਹਨ ਰਾਸ਼ੀ ਦਿੱਤੀ ਜਾਂਦੀ ਸੀ। 8 ਜੁਲਾਈ 2015 ਤੋਂ ਸਰਕਾਰ ਨੇ ਇਹ ਸਕੀਮ ਖਤਮ ਕਰ ਦਿੱਤੀ ਹੈ।
- **ਭਗਤ ਪੂਰਨ ਸਿੰਘ ਬੀਮਾ ਯੋਜਨਾ:** ਇਹ ਸਕੀਮ 28 ਲੱਖ ਨੀਲਾ ਕਾਰਡ ਲਾਭ ਪਾਤਰੀਆਂ, 11 ਲੱਖ ਦਰਮਿਆਨੇ ਕਿਸਾਨ ਪਰਿਵਾਰਾਂ, 2 ਲੱਖ ਛੋਟੇ ਵਪਾਰੀਆਂ ਅਤੇ 2 ਲੱਖ ਉਸਾਰੀ ਕਾਮਿਆਂ ਨੂੰ ਨਕਦ ਰਾਸ਼ੀ ਰਹਿਤ, ਸਮਾਰਟ ਕਾਰਡਾਂ ਰਾਹੀਂ ਮੈਡੀਕਲ ਸੁਵਿਧਾ ਉਪਲੱਭਧ ਕਰਦੀ ਸੀ। ਇਸ ਸਕੀਮ ਰਾਹੀਂ 50,000 ਰੁਪਏ ਪ੍ਰਤੀ ਸਾਲ, ਪ੍ਰਤੀ ਪਰਿਵਾਰ ਦਾ ਬੀਮਾ ਦੇ ਨਾਲ-ਨਾਲ ਦੁਰਘਟਨਾ ਦੌਰਾਨ ਅਪੰਗਤਾ ਜਾਂ ਮੌਤ ਦੀ ਹਾਲਤ ਵਿੱਚ 5 ਲੱਖ ਰੁਪਏ ਦਾ ਮੁਆਵਜ਼ਾ ਵੀ ਸ਼ਾਮਿਲ ਸੀ।

Scanned with CamScanner

ਇਹ ਸਕੀਮ ਗਰੀਬ ਅਤੇ ਪਛੜੇ ਪਰਿਵਾਰ ਜੋ ਹਸਪਤਾਲਾਂ ਦਾ ਖਰਚਾ ਨਹੀਂ ਕਰ ਸਕਦੇ ਲਈ ਇੱਕ ਵੱਡੀ ਰਾਹਤ ਸੀ। ਇਸ ਸਕੀਮ ਨੂੰ ਰਾਜ ਸਰਕਾਰ ਦੁਆਰਾ ਇੰਸ਼ੋਰੈਂਅਸ ਕੰਮਪਨੀਆਂ ਨਾਲ ਠੇਕਾ ਨਵਿਆਉਣਾ ਨਾ ਹੋਣ ਤੇ ਬੰਦ ਕਰ ਦਿਤਾ ਗਿਆ ਹੈ।

- **ਸਰਬੱਤ ਸਿਹਤ ਬੀਮਾ ਯੋਜਨਾ:** ਸਰਬਤ ਸਿਹਤ ਬੀਮਾ ਯੋਜਨਾ ਰਾਜ ਸਹਿਤ ਬੀਮਾ ਪ੍ਰੋਗਰਾਮ ਦੀ ਇਕ ਮੋਡੀ ਸਕੀਮ ਹੈ ਜੋ ਕਿ ਪੰਜਾਬ ਦੀ 70 ਫ਼ੀਸਦ ਆਬਾਦੀ ਭਾਵ 42 ਲੱਖ ਪਰਿਵਾਰਾਂ ਨੂੰ 5 ਲੱਖ ਰੁਪਏ ਪ੍ਰਤੀ ਪਰਿਵਾਰ ਦੀ ਦਰ ਨਾਲ ਸਾਲਾਨਾ ਸਿਹਤ ਕਵਰ ਪ੍ਰਦਾਨ ਕਰੇਗੀ ਜੋ ਕਿ ਭਾਰਤ ਸਰਕਾਰ ਦੀ ਸਕੀਮ ਆਯੂਸ਼ਮਾਨ ਭਾਰਤ ਤਹਿਤ 14.96 ਲੱਖ ਪਰਿਵਾਰਾਂ ਤੋਂ ਲਗਭਗ ਤਿੰਨ ਗੁਣਾ ਜਿਆਦਾ ਹੈ। 14.96 ਲੱਖ ਲਾਭ-ਪਾਤਰ ਪਰਿਵਾਰਾਂ ਦੀ ਬੀਮਾ-ਕਿਸ਼ਤ ਲਾਗਤ ਵਿੱਚ ਭਾਰਤ ਅਤੇ ਪੰਜਾਬ ਸਰਕਾਰ ਦੀ ਹਿੱਸੇਦਾਰੀ 60:40 ਦੇ ਅਨੁਪਾਤ ਵਿੱਚ ਹੋਵੇਗੀ 131.03 ਲੱਖ ਲਾਭ-ਪਾਤਰ ਪਰਿਵਾਰਾਂ ਦੀ ਬੀਮਾ ਕਿਸ਼ਤ ਲਾਗਤ ਦਾ ਪੰਜਾਬ ਸਰਕਾਰ ਇਕੱਲੀ ਹੀ ਭੁਗਤਾਨ ਕਰੇਗੀ। ਇਸ ਸਕੀਮ ਅਧੀਨ ਸਰਕਾਰੀ ਅਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਰੋਕੜ-ਤਹਿਤ ਅਤੇ ਕਾਗਜ਼-ਰਹਿਤ ਇਲਾਜ਼ ਦਾ ਪ੍ਰਬੰਧ ਹੋਵੇਗਾ। ਇਸ ਤੋਂ ਇਲਾਵਾ ਸਰਬਤ ਸਾਹਿਤ ਬੀਮਾ ਯੋਜਨਾ ਸਾਰੇ ਹੀ ਇਲਾਜ ਮੁਹੱਈਆ ਕਰਵਾਉਂਦੀ ਹੈ ਜੋ ਇਸ ਦੀ ਪੂਰਵ ਵਰਤੀ ਸਕੀਮ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਵਿੱਚ ਨਹੀਂ ਸੀ ਜੋ 50000/- ਰੁਪਏ ਪ੍ਰਤੀ ਪਰਿਵਾਰ ਦੇ ਸਲਾਨਾ ਸਿਹਤ ਕਵਰ ਨਾਲ ਕੇਵਲ ਕੁੱਝ ਇਲਾਜ ਹੀ ਮੁਹੱਇਆ ਕਰਵਾਉਂਦੀ ਸੀ।
- 1 ਜਨਵਰੀ, 2013 ਤੋਂ ਮੈਡੀਕਲ ਕਾਲਜਾਂ ਸਮੇਤ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਮੁਫ਼ਤ ਜਰੂਰੀ ਦਵਾਈਆਂ ਅਤੇ ਉਪਚਾਰ ਉਪਲੱਬਧ ਹਨ।ਸਾਰੇ ਸਰਕਾਰੀ ਹਸਪਤਾਲਾਂ ਵਿਚ 5 ਸਾਲਾਂ ਦੀ ਉਮਰ ਦੀ ਲੜਕੀ ਬੱਚੇ ਦਾ ਮੁਫ਼ਤ ਇਲਾਜ ਉਪਲਭਦ ਹੈ।
- ਪੰਜਾਬ ਸਰਕਾਰ ਨੇ ਏਡਜ਼ ਦੇ ਸ਼ਿਕਾਰ ਮਰੀਜ਼ਾਂ ਲਈ ਉਪਯੁਕਤ ਫੰਡ ਜੁਟਾਏ ਹਨ। ਲੋਕਾਂ ਨੂੰ ਇਸ ਪ੍ਰਤੀ ਜਾਗਰੂਕ ਕਰਨ ਲਈ ਅਤੇ ਪੰਜਾਬ ਰਾਜ ਖ਼ੂਨ ਦਾਨ ਕਾਊਂਸਲ (ਸੰਸਥਾ) ਨੂੰ ਸਾਫ਼ ਅਤੇ ਸ਼ੁੱਧ ਖ਼ੂਨ ਲੈਣ ਲਈ ਅਤੇ ਖ਼ੂਨ ਦਾਨੀਆਂ ਦੀ ਗਿਣਤੀ ਵਧਾਉਣ ਲਈ ਪ੍ਰੋਤਸਾਹਨ ਪ੍ਰੋਗਰਾਮ ਕਰਨ ਲਈ ਵੀ ਫੰਡ ਪ੍ਰਦਾਨ ਕੀਤੇ ਹਨ।
- ਪੰਜਾਬ ਸਰਕਾਰ ਨੇ ਕੇਂਦਰੀ ਸਰਕਾਰ ਵੱਲੋਂ ਪੰਜਾਬ ਵਿੱਚ ਏਮਜ (AIIMS) ਸਥਾਪਿਤ ਕਰਨ ਦੇ ਫੈਸਲੇ ਦਾ ਵੀ ਸੁਆਗਤ ਕੀਤਾ ਹੈ। ਇਸ ਨਾਲ ਰਾਜ ਵਿਚ ਸਿਹਤ-ਸੁਧਾਰ ਦਾ ਬੁਨਿਆਦੀ ਢਾਂਚਾ ਹੋਰ ਵੀ ਮਜਬੂਤ ਹੋਵੇਗਾ।
- ਰਾਜ ਸਰਕਾਰ ਮੋਹਾਲੀ ਨੇੜੇ ਮੁਲਾਂਪੁਰ ਵਿਖੇ ਮੈਡੀਸਿਟੀ ਸਥਾਪਿਤ ਕਰ ਰਹੀ ਹੈ।
- ਐਸ.ਏ.ਐਸ ਨਗਰ (ਮੋਹਾਲੀ) ਵਿਖੇ ਇਕ ਨਵਾਂ ਮੈਡੀਕਲ ਕਾਲਜ ਬਣਾਇਆ ਜਾ ਰਿਹਾ ਹੈ।
- ਇਕ ਨਵਾਂ ਸਰਕਾਰੀ ਮੈਡੀਕਲ ਕਾਲਜ ਐਸ. ਏ. ਐਸ ਨਗਰ (ਮੋਹਾਲੀ) ਵਿਖੇ ਸਥਾਪਿਤ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਪੀ.ਪੀ.ਪੀ ਵਿਧੀ ਦੇ ਅੰਤਰਗਤ ਗੁਰਦਾਸਪੁਰ, ਪਠਾਨਕੋਟ ਅਤੇ ਸੰਗਰੂਰ ਜ਼ਿਲ੍ਹਿਆਂ ਵਿੱਚ ਤਿੰਨ ਨਵੇਂ ਮੈਡੀਕਲ ਕਾਲਜ ਸਥਾਪਿਤ ਕੀਤੇ ਜਾ ਰਹੇ ਹਨ। ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਸਥਿਤ ਸਰਕਾਰੀ ਮੈਡੀਕਲ ਕਾਲਜਾਂ ਨੂੰ ਵੀ ਅਪਗਰੇਡ ਕੀਤਾ ਜਾ ਰਿਹਾ ਹੈ।

ਰਾਜ ਸਰਕਾਰ ਵੱਲੋਂ ਕੈਂਸਰ ਦੇ ਮਰੀਜਾਂ ਦੇ ਇਲਾਜ ਲਈ ਕੀਤੇ ਉਪਰਾਲੇ:

ਰਾਜ ਵਿੱਚ ਕੈਂਸਰ ਇੱਕ ਵੱਡੀ ਚੁਣੌਤੀ ਹੈ। ਇਸ ਨਾਲ ਨਜਿੱਠਣ ਲਈ ਰਾਜ ਸਰਕਾਰ ਨੇ ਹੇਠ ਲਿਖੇ ਉਪਰਾਲੇ ਕੀਤੇ ਹਨ।

- **ਮੁੱਖ ਮੰਤਰੀ ਕੈਂਸਰ ਰਾਹਤ ਫੰਡ:** ਤਹਿਤ ਕੈਂਸਰ ਦੇ ਮਰੀਜ਼ਾਂ ਨੂੰ ਸਰਕਾਰੀ ਅਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ

Scanned with CamScanner

ਕੈਂਸਰ ਦੇ ਕੈਸਲੈੱਸ ਇਲਾਜ ਲਈ 1.5 ਲੱਖ ਰੁਪਏ ਤੱਕ ਦੀ ਰਾਹਤ ਰਾਸ਼ੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਸਰਕਾਰੀ ਹਸਪਤਾਲਾਂ ਵਿੱਚ ਕੈਂਸਰ ਦੇ ਇਲਾਜ ਲਈ ਬੁਨਿਆਦੀ ਸੁਵਿਧਾਵਾਂ ਉਪਲ੬ਧ ਕੀਤੀਆਂ ਜਾਂਦੀਆਂ ਹਨ।

- 100 ਬਿਸਤਰਿਆਂ ਵਾਲਾ ਆਧੁਨਿਕ ਕੈਂਸਰ ਡਾਇਗਨਾਸਟਿਕ ਐਂਡ ਟ੍ਰੀਟਮੈਂਟ ਸੈਂਟਰ ਕੱਲ੍ਹਾ ਵਿਖੇ ਸਥਾਪਿਤ ਕੀਤਾ ਗਿਆ ਹੈ।
- ਟਾਟਾ ਮੈਮੋਰੀਅਲ ਸੈਂਟਰ ਮੁੰਬਈ ਦੇ ਸਹਿਯੋਗ ਨਾਲ ਸੰਗਰੂਰ ਵਿਖੇ ਸਿਵਲ ਹਸਪਤਾਲ ਵਿਖੇ 50 ਬਿਸਤਰਿਆਂ ਵਾਲਾ ਸਰਜੀਕਲ ਆਨਕੋਲੋਜੀ ਅਤੇ ਰੇਡੀਓਥੈਰੇਪੀ ਸੈਂਟਰ ਸਥਾਪਿਤ ਕੀਤਾ ਗਿਆ ਹੈ।
- ਟਾਟਾ ਮੈਮੋਰੀਅਲ ਸੈਂਟਰ, ਮੁੰਬਈ ਵੱਲੋਂ 200 ਬਿਸਤਰਿਆਂ ਵਾਲਾ ਆਲ੍ਹਾ ਦਰਜੇ ਦਾ ਕੈਂਸਰ ਹਸਪਤਾਲ ਅਤੇ ਰਿਸਰਚ ਸੈਂਟਰ, ਮੈਡੀਸਿਟੀ ਮੁਲਾਂਪੁਰ ਵਿਖੇ ਸਥਾਪਿਤ ਕੀਤਾ ਜਾ ਰਿਹਾ ਹੈ।
- ਕੈਂਸਰ ਪੀੜਤਾਂ ਦੀ ਚੰਗੇਰੀ ਸਿਹਤ-ਸੰਭਾਲ ਲਈ ਅੰਮ੍ਰਿਤਸਰ ਵਿਖੇ ਇੱਕ ਰਾਜ ਪੱਧਰੀ ਕੈਂਸਰ ਇੰਸਟੀਟਿਊਟ ਸਥਾਪਿਤ ਕੀਤਾ ਜਾ ਰਿਹਾ ਹੈ ਅਤੇ ਤਿੰਨ ਨਵੇਂ ਟਰਸ਼ਰੀ ਕੈਂਸਰ ਕੇਂਦਰ ਫ਼ਾਜ਼ਿਲਕਾ, ਹੁਸ਼ਿਆਰਪੁਰ ਅਤੇ ਅੰਮ੍ਰਿਤਸਰ ਵਿਖੇ ਸਥਾਪਿਤ ਕੀਤਾ ਜਾ ਰਹੇ ਹਨ।

ਨਸ਼ਿਆਂ ਦੇ ਕੋਹੜ ਨੂੰ ਕੱਟਣ ਲਈ ਸਰਕਾਰ ਵੱਲੋਂ ਕੀਤੇ ਉਪਰਾਲੇ:

ਰਾਜ ਸਰਕਾਰ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਵਚਨਬੱਧ ਹੈ:

- **ਪੰਜਾਬ ਰਾਜ ਕੈਂਸਰ ਅਤੇ ਨਸ਼ਾ ਇਲਾਜ ਲਈ ਬੁਨਿਆਦੀ ਢਾਂਚਾ ਐਕਟ 2013** ਲਾਗੂ ਕਰ ਦਿੱਤਾ ਗਿਆ ਹੈ।
- ਰਾਜ ਸਰਕਾਰ ਵੱਲੋਂ 50 ਬਿਸਤਰਿਆਂ ਵਾਲੇ ਉੱਤਮ ਦਰਜੇ ਦੇ ਪੰਜ ਨਸ਼ਾ ਛੁਡਾਊ ਕੇਂਦਰ ਫਰੀਦਕੋਟ, ਫਗਵਾੜਾ, ਪਟਿਆਲਾ, ਜਲੰਧਰ ਅਤੇ ਅੰਮ੍ਰਿਤਸਰ ਵਿਖੇ ਸਥਾਪਿਤ ਕੀਤੇ ਗਏ ਹਨ।
- ਰਾਜ ਸਰਕਾਰ ਵੱਲੋਂ ਹਰ ਜਿਲ੍ਹੇ ਲਈ 50 ਬਿਸਤਰਿਆਂ ਵਾਲੇ ਕਾਊਂਸਲਿੰਗ ਅਤੇ ਮੁੜ-ਵਸੇਬਾ ਕੇਂਦਰ ਖੋਲ੍ਹੇ ਗਏ ਹਨ।
- **ਪੰਜਾਬ ਰਾਜ ਨਸ਼ਾ ਮੁਕਤੀ ਅਤੇ ਪੁਨਰਵਾਸ ਬੋਰਡ:** ਇਹ ਬੋਰਡ ਮਾਨਯੋਗ ਮੁੱਖ ਮੰਤਰੀ ਪੰਜਾਬ ਦੀ ਪ੍ਰਧਾਨਗੀ ਹੇਠ ਗਠਿਤ ਕੀਤਾ ਗਿਆ ਹੈ ਜੋ ਰਾਜ ਵਿਚ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਸੰਬੰਧੀ ਕੰਮ ਦੀ ਨਿਗਰਾਨੀ ਕਰੇਗਾ। ਇਸ ਵਿਚ ਦੋਵੇਂ ਮੈਡੀਕਲ ਪੇਸ਼ੇਵਰਾਂ ਅਤੇ ਸਿਵਲ ਸੁਸਾਇਟੀ ਦੇ ਪ੍ਰਸਿੱਧ ਨੁਮਾਇੰਦੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸੇ ਤਰਾਂ ਹਰ ਜ਼ਿਲ੍ਹੇ ਵਿਚ ਸੰਬੰਧਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਨਸ਼ਾ ਮੁਕਤੀ ਅਤੇ ਪੁਨਰਵਾਸ ਸੁਸਾਇਟੀ ਦਾ ਵੀ ਗਠਨ ਕੀਤਾ ਗਿਆ ਹੈ। ਇਸ ਵਿਚ ਸਿਵਲ ਸਰਜਨ, ਮਨੋਵਿਗਿਆਨੀ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਐਸ. ਐਮ. ਪੀ ਅਤੇ ਹੋਰ ਮੈਂਬਰ ਹਨ ਜੋ ਇਸ ਕਾਰਜ ਦੀ ਨਿਗਰਾਨੀ ਕਰਦੇ ਹਨ।
- **ਆਊਟਪੇਸ਼ੰਟ ਓਪੀਆਈਡ ਅਸਿਸਟਿਡ ਟਰੀਟਮੈਂਟ (ਓ.ਓ.ਏ.ਟੀ):** ਆਊਟਪੇਸ਼ੰਟ ਓਪੀਆਈਡ ਅਸਿਸਟਿਡ ਟਰੀਟਮੈਂਟ (ਓ.ਓ.ਏ.ਟੀ) ਪ੍ਰਾਜੈਕਟ ਰਾਹੀਂ ਨਸ਼ਾ ਮੁਕਤੀ ਲਈ ਓਪੀਡੀ ਅਧਾਰਿਤ ਇਲਾਜ ਮੁਹੱਈਆ ਕਰਨ ਲਈ ਇੱਕ ਨਵੀਂ ਪਹੁੰਚ ਸਾਰੇ ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤੀ ਗਈ ਹੈ। ਮੌਜੂਦਾ, ਸਾਰੇ ਜ਼ਿਲ੍ਹਿਆਂ ਵਿੱਚ ਸੀ ਐਚ ਸੀ ਪੱਧਰ ਤੱਕ 168 ਓ.ਓ.ਏ.ਟੀ. ਕਲੀਨਿਕ ਕਾਰਜਸ਼ੀਲ ਹਨ ਜਿੱਥੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਕਲੀਨਿਕਾਂ ਵਿੱਚ ਕੁੱਲ 62,943 ਮਰੀਜ਼ ਰਜਿਸਟਰ ਕੀਤੇ ਗਏ ਹਨ ਅਤੇ ਹੋਰ 65,000 ਮਰੀਜ਼ ਰਜਿਸਟਰਡ ਹੋਏ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਤੋਂ ਇਲਾਜ ਪ੍ਰਾਪਤ ਕਰ ਰਹੇ ਹਨ।
- **ਬੱਡੀ ਚੇਂਜ ਪ੍ਰੋਗਰਾਮ:** ਨਸ਼ਿਆਂ ਦੇ ਖ਼ਤਰੇ ਨਾਲ ਜੂਝਣ ਲਈ ਅਸੀਂ ਸਾਰੇ ਸਕੂਲੀ ਅਤੇ ਕਾਲਜ ਦੇ ਵਿਦਿਆਰਥੀਆਂ ਨੂੰ

Scanned with CamScanner

ਨਸ਼ਿਆਂ ਦੇ ਦੁਸ਼-ਪ੍ਰਭਾਵਾਂ ਬਾਰੇ ਸਿੱਖਿਅਤ ਅਤੇ ਪ੍ਰੇਰਿਤ ਕਰਨ ਲਈ ਦੇਸ਼ ਦਾ ਸਭ ਤੋਂ ਵੱਡਾ ਨਸ਼ਾ ਰੋਕਥਾਮ ਪ੍ਰੋਗਰਾਮ ਬੱਡੀ'ਜ਼ ਪ੍ਰੋਗਰਾਮ ਆਰੰਭ ਕੀਤਾ ਗਿਆ ਹੈ। ਇਹ ਰਾਜ ਵਿੱਚ 40 ਲੱਖ ਵਿਦਿਆਰਥੀ ਕਵਰ ਕਰਨ ਦਾ ਮੰਤਵ ਰੱਖਦਾ ਹੈ ਅਤੇ ਹੁਣ ਤੱਕ 5.5 ਲੱਖ ਬੱਡੀ ਗਰੁੱਪ ਬਣਾਏ ਜਾ ਚੁੱਕੇ ਹਨ ਜਿਨ੍ਹਾਂ ਨੂੰ ਨਿਰੰਤਰ ਸੀਨੀਅਰ ਬੱਡੀਜ਼ ਰਾਹੀਂ ਨਸ਼ਿਆਂ ਦੇ ਦੁਸ਼-ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

- **ਨਸ਼ਾ ਵਰਤੋਂ ਰੋਕਥਾਮ ਅਫ਼ਸਰ (ਡੈਪੋ) :** ਇੱਕ ਸਮੂਹਿਕ ਨਸ਼ਾ ਵਿਰੋਧੀ ਲਹਿਰ ਨੂੰ ਸਿਰਜਣ ਲਈ ਇਹ ਪ੍ਰੋਗਰਾਮ ਆਰੰਭ ਕੀਤਾ ਗਿਆ ਹੈ ਅਤੇ ਇਸ ਮੰਤਵ ਲਈ ਪੰਜ ਲੱਖ ਤੋਂ ਵਧੇਰੇ ਡੈਪੋਜ਼ ਵਲੰਟੀਅਰਾਂ ਦਾ ਨਾਂ ਦਰਜ ਹੋ ਚੁਕਾ ਹੈ ਜੋ ਕਿ ਲੋੜਵੰਦਾਂ ਨੂੰ ਲਗਾਤਾਰ ਜਾਗਰੂਕਤਾ ਅਤੇ ਸਹਾਇਤਾ ਮੁਹੱਈਆ ਕਰਵਾ ਰਹੇ ਹਨ।

Scanned with CamScanner

11.9 ਗਰੀਬੀ:

ਆਮ ਭਾਸ਼ਾ ਵਿੱਚ ਗਰੀਬੀ ਦਾ ਅਰਥ ਹੈ ਲੋੜੀਂਦੇ ਸਾਧਨਾ ਦੀ ਕਮੀ ਕਾਰਨ ਸੰਘਰਸ਼ ਅਤੇ ਇਸ ਤੋਂ ਉਤਪੰਨ ਕਈ ਹੋਰ ਮੁਸੀਬਤਾਂ। ਕਈਆਂ ਲਈ ਗਰੀਬੀ ਇੱਕ ਵਿਸਤ੍ਰਿਤ ਵਿਸ਼ਾ ਹੈ ਪਰ ਕਈਆਂ ਲਈ ਇਹ ਵਿਗਿਆਨਿਕ ਤੱਥ ਹੈ।

ਭਾਰਤੀ ਪਲਾਨਿੰਗ ਕਮਿਸ਼ਨ ਗਰੀਬੀ ਨੂੰ ਊਰਜਾ ਸੋਖਣ ਸਮਰੱਥਾ ਦੇ ਆਧਾਰ ਤੇ ਨਿਰਧਾਰਿਤ ਕਰਦਾ ਹੈ:

- ਪੇਂਡੂ ਖੇਤਰ ਵਿੱਚ ਪ੍ਰਤੀ ਦਿਨ ਪ੍ਰਤੀ ਵਿਅਕਤੀ 2400 ਊਰਜਾ ਇਕਾਈਆਂ
- ਸ਼ਹਿਰੀ ਖੇਤਰ ਵਿੱਚ ਪ੍ਰਤੀ ਦਿਨ ਪ੍ਰਤੀ ਵਿਅਕਤੀ 2100 ਊਰਜਾ ਇਕਾਈਆਂ

ਇਸ ਤੋਂ ਘੱਟ ਊਰਜਾ ਇਕਾਈਆਂ ਹੋਣ ਦੀ ਸੂਰਤ ਵਿੱਚ ਉਕਤ ਹਾਲਾਤ ਨੂੰ ਗਰੀਬੀ ਦਾ ਨਾਂ ਦਿੱਤਾ ਜਾਵੇਗਾ।

ਧਨ ਪੈਮਾਨੇ ਤੇ ਗਰੀਬੀ ਦਾ ਮਾਪਦੰਡ:

- ਪੇਂਡੂ ਖੇਤਰ ਵਿੱਚ ਪ੍ਰਤੀ ਮਹੀਨਾ ਪ੍ਰਤੀ ਵਿਅਕਤੀ ਖਰਚ ਜਾਂ ਕਮਾਈ 368 ਰੁਪਏ
- ਸ਼ਹਿਰੀ ਖੇਤਰ ਵਿੱਚ ਪ੍ਰਤੀ ਮਹੀਨਾ ਪ੍ਰਤੀ ਵਿਅਕਤੀ ਖਰਚ ਜਾਂ ਕਮਾਈ 559 ਰੁਪਏ

ਗਰੀਬੀ ਅਨੁਪਾਤ:

ਪੰਜਾਬ ਸਰਕਾਰ ਗਰੀਬੀ ਮਿਟਾਉਣ ਅਤੇ ਰੁਜ਼ਗਾਰ ਦੇ ਸਾਧਨ ਉਤਪੰਨ ਕਰਨ ਲਈ ਯਤਨਸ਼ੀਲ ਹੈ। ਤਾਜ਼ਾ ਸੂਤਰਾਂ ਅਨੁਸਾਰ 2011-12 ਵਿੱਚ ਨਿਪੁੰਨ ਗਰੁੱਪ, ਜੋ ਕਿ ਡਾ.ਸੀ.ਰੰਗਾਰਾਜਨ ਦੀ ਪ੍ਰਧਾਨਗੀ ਹੇਠ ਬਣਾਇਆ ਗਿਆ, ਅਨੁਸਾਰ ਪੰਜਾਬ ਵਿੱਚ ਗਰੀਬੀ 11.3% ਸੀ ਜਿਸ ਦੇ ਮੁਕਾਬਲੇ ਭਾਰਤ ਦੀ ਗਰੀਬੀ 29.5% ਸੀ। ਪੰਜਾਬ ਵਿੱਚ ਗਰੀਬੀ ਰੇਖਾ, ਪੇਂਡੂ ਤੇ ਸ਼ਹਿਰੀ ਕ੍ਰਮਵਾਰ 1127.48 ਰੁਪਏ ਅਤੇ 1479.27 ਰੁਪਏ ਨਿਰਧਾਰਿਤ ਕੀਤੀ ਗਈ ਹੈ, ਜੋ ਕ ਰਾਸ਼ਟਰੀ ਪੱਧਰ ਤੇ ਕ੍ਰਮਵਾਰ 972 ਰੁਪਏ ਅਤੇ 1407 ਰੁਪਏ ਹੈ। ਇਸ ਤੋਂ ਜਾਹਿਰ ਹੈ ਕਿ ਪੰਜਾਬ ਗਰੀਬੀ ਨੂੰ ਨੱਥ ਪਾਉਣ ਵਿੱਚ ਸਫ਼ਲ ਰਿਹਾ ਹੈ ਅਤੇ ਹਿਮਾਚਲ ਪ੍ਰਦੇਸ਼ ਤੋਂ ਬਾਅਦ ਸੂਚੀ ਵਿੱਚ ਪੰਜਾਬ ਦਾ ਹੀ ਨਾਮ ਹੈ, ਹਿਮਾਚਲ ਦੇ ਕੇਵਲ 10.9% ਲੋਕ ਗਰੀਬੀ ਰੇਖਾ ਤੋਂ ਹੇਠਾਂ ਹਨ।

ਸਾਰਣੀ 11.4 — ਦਰਜਾਬੰਦੀ

ਦਰਜਾ	ਗਰੀਬੀ ਦਾ ਅਨੁਪਾਤ (ਕੁੱਲ)	ਰਾਜ
ਪਹਿਲਾ	10.9%	ਹਿਮਾਚਲ ਪ੍ਰਦੇਸ਼
ਦੂਜਾ	11.3%	ਪੰਜਾਬ ਅਤੇ ਕੇਰਲਾ
ਤੀਜਾ	12.5%	ਹਰਿਆਣਾ
ਦਰਜਾ	**ਗਰੀਬੀ ਦਾ ਅਨੁਪਾਤ (ਸ਼ਹਿਰੀ)**	**ਰਾਜ**
ਪਹਿਲਾ	8.8%	ਹਿਮਾਚਲ ਪ੍ਰਦੇਸ਼
ਦੂਜਾ	15.3%	ਹਰਿਆਣਾ ਅਤੇ ਕੇਰਲਾ
ਤੀਜਾ	15.6%	ਆਂਧਰਾ ਪ੍ਰਦੇਸ਼
ਚੌਥਾ	15.7%	ਦਿੱਲੀ
ਪੰਜਵਾ	17.0%	ਮਹਾਂਰਾਸ਼ਟਰ
ਛੇਵਾਂ	17.6%	ਪੰਜਾਬ
ਦਰਜਾ	**ਗਰੀਬੀ ਦਾ ਅਨੁਪਾਤ (ਪੇਂਡੂ)**	**ਰਾਜ**
ਪਹਿਲਾ	7.3%	ਕੇਰਲਾ
ਦੂਜਾ	7.4%	ਪੰਜਾਬ
ਤੀਜਾ	11.0%	ਹਰਿਆਣਾ

Scanned with CamScanner

ਔਸਤਨ ਮਹੀਨਾ ਪ੍ਰਤੀ ਵਿਅਕਤੀ ਖਰਚ (ਐਮ.ਪੀ.ਸੀ.ਈ):

ਕਿਸੇ ਵੀ ਇਲਾਕੇ ਦੇ ਲੋਕਾਂ ਦੇ ਜੀਵਨ ਪੱਧਰ ਦਾ ਅੰਦਾਜ਼ਾ ਲਾਉਣ ਲਈ ਉਪਭੋਗਤਾ ਪੱਧਰ ਵੀ ਇੱਕ ਮਹੱਤਵਪੂਰਨ ਮਾਪ ਹੈ। ਰਾਸ਼ਟਰੀ ਸੈਂਪਲ ਸਰਵੇ ਸੰਸਥਾ (NSSO) ਵੱਲੋਂ ਅੰਕਿਤ ਕੀਤਾ ਗਿਆ ਔਸਤਨ ਮਹੀਨਾ ਪ੍ਰਤੀ ਵਿਅਕਤੀ ਖਰਚਾ ਵੱਖ-ਵੱਖ ਰਾਜਾਂ ਦਰਮਿਆਨ ਉਪਭੋਗਤਾ ਪੱਧਰ ਦੀ ਤੁਲਨਾ ਕਰਨ ਲਈ ਵਰਤਿਆ ਜਾਂਦਾ ਹੈ। 2011-12 ਵਿੱਚ ਐਨ.ਐਸ.ਐਸ.ਓ ਦੇ 68ਵੇਂ ਗੇੜ ਦੌਰਾਨ ਅੰਕਿਤ ਪੰਜਾਬ ਦਾ ਔਸਤਨ ਮਹੀਨਾ ਪ੍ਰਤੀ ਵਿਅਕਤੀ ਖਰਚ ਦੇਸ਼ ਦੇ ਹੋਰਨਾਂ ਰਾਜਾਂ ਨਾਲੋਂ ਚੰਗਾ ਪਾਇਆ ਗਿਆ। ਪੇਂਡੂ ਖੇਤਰ ਦਾ ਔਸਤਨ ਮਹੀਨਾ ਪ੍ਰਤੀ ਵਿਅਕਤੀ ਖਰਚਾ 2345 ਰੁਪਏ ਹੈ ਜੋ ਕਿ ਰਾਸ਼ਟਰੀ ਔਸਤਨ (1430 ਰੁਪਏ) ਨਾਲੋਂ ਕਾਫੀ ਵੱਧ ਹੈ। ਇਹ ਕੇਰਲਾ (2669 ਰੁਪਏ) ਤੋਂ ਬਾਅਦ ਭਾਰਤ ਦੇ ਪ੍ਰਮੁੱਖ ਰਾਜਾਂ ਵਿੱਚ ਦੂਜੇ ਨੰਬਰ ਤੇ ਹੈ।

ਸ਼ਹਿਰੀ ਖੇਤਰਾਂ ਵਿੱਚ ਔਸਤਨ ਪ੍ਰਤੀ ਮਹੀਨਾ ਵਿਅਕਤੀ ਖਰਚਾ 2794 ਰੁਪਏ ਹੈ ਜਦੋਂ ਕਿ ਰਾਸ਼ਟਰੀ ਔਸਤ ਖਰਚ 2630 ਰੁਪਏ ਹੈ। ਇਸ ਤਰ੍ਹਾਂ ਪੇਂਡੂ ਖੇਤਰ ਵਿੱਚ ਪੰਜਾਬ ਰਾਜ ਕੇਰਲਾ ਮਗਰੋਂ ਦੇਸ਼ ਦਾ ਦੂਜਾ ਸਭ ਤੋਂ ਵੱਧ ਔਸਤ ਵਾਲਾ ਰਾਜ ਹੈ ਅਤੇ ਸ਼ਹਿਰੀ ਖੇਤਰ ਵਿੱਚ ਪੰਜਾਬ ਦਾ ਪੰਜਵਾਂ ਸਥਾਨ ਹੈ। ਇਸ ਤੱਥ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਦੇ ਸ਼ਹਿਰੀ ਅਤੇ ਪੇਂਡੂ ਖੇਤਰ ਵਿੱਚ ਆਮਦਨ ਫ਼ਰਕ ਕਾਫ਼ੀ ਘੱਟ ਹੈ ਅਤੇ ਦੂਜੇ ਰਾਜਾ ਨਾਲੋਂ ਇੱਥੋਂ ਦੇ ਪੇਂਡੂ ਖੇਤਰਾਂ ਵਿੱਚ ਰਹਿਣ ਸਹਿਣ ਦਾ ਤਰੀਕਾ ਹੋਰਨਾਂ ਪੇਂਡੂ ਰਾਜਾਂ ਨਾਲੋਂ ਬਹੀਆ ਹੈ।

ਗਰੀਬੀ ਦੂਰ ਕਰਨ ਲਈ ਜਾਰੀ ਕੀਤੇ ਪ੍ਰੋਗਰਾਮ:

1. **ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜਗਾਰ ਗਰੰਟੀ ਸਕੀਮ (MG-NREGA):** ਸਤੰਬਰ 2005 ਵਿੱਚ ਭਾਰਤ ਸਰਕਾਰ ਨੇ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜਗਾਰ ਗਰੰਟੀ ਸਕੀਮ ਪਾਸ ਕੀਤਾ ਹੈ। 1 ਅਪ੍ਰੈਲ, 2008 ਤੋਂ ਇਹ ਸਕੀਮ ਪੰਜਾਬ ਦੇ ਸਾਰੇ ਜਿਲ੍ਹਿਆਂ ਵਿੱਚ ਲਾਗੂ ਹੈ। ਇਸ ਸਕੀਮ ਦਾ ਉਦੇਸ਼ ਪੇਂਡੂ ਖੇਤਰਾਂ ਵਿੱਚ ਘੱਟੋ ਘੱਟ 100 ਦਿਨਾਂ ਦਾ ਗਰੰਟੀ ਰੁਜਗਾਰ ਦੇ ਕੇ ਉਹਨਾਂ ਦੇ ਰੁਜਗਾਰ ਨੂੰ ਸੁਰੱਖਿਅਤ ਬਣਾਉਣਾ ਹੈ। ਇਹ ਰੁਜਗਾਰ ਹਰ ਘਰ ਦੇ ਬਾਲਗ ਮੈਂਬਰ (ਕਿਸੇ ਹੋਰ ਕਿੱਤੇ ਵਿੱਚ ਨਿਪੁੰਨ ਨਹੀਂ ਹੈ) ਨੂੰ ਮਜਦੂਰੀ ਦੇ ਰੂਪ ਵਿੱਚ ਦਿੱਤਾ ਜਾਵੇਗਾ।
2. **ਸਵਰਨ ਜੈਯੰਤੀ ਗ੍ਰਾਮ ਸਵੈ ਰੁਜਗਾਰ ਯੋਜਨਾ:** ਪੇਂਡੂ ਅਤੇ ਗਰੀਬ ਖੇਤਰਾਂ ਵਿੱਚ ਸਵੈ ਰੁਜਗਾਰ ਮੁਹੱਈਆ ਕਰਾਉਣ ਲਈ ਭਾਰਤੀ ਸਰਕਾਰ ਵੱਲੋਂ ਇਹ ਸਕੀਮ ਸ਼ੁਰੂ ਕੀਤੀ ਗਈ ਹੈ। ਇਹ ਸਕੀਮ 1 ਅਪ੍ਰੈਲ, 1999 ਨੂੰ ਸ਼ੁਰੂ ਕੀਤੀ ਗਈ। ਇਸ ਦਾ ਉਦੇਸ਼ ਪਿੰਡਾਂ ਵਿੱਚ ਸੈਲਫ-ਹੈਲਪ ਗਰੁੱਪ ਸਥਾਪਿਤ ਕਰਕੇ ਰੋਜ਼ਗਾਰ ਦੇ ਸਾਧਨ ਮੁੱਹਈਆ ਕਰਾਉਣਾ ਹੈ। ਲੋਕਾਂ ਦੀ ਯੋਗਤਾ ਅਤੇ ਪ੍ਰਵੀਨਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਕਾਰਜਸ਼ੀਲਤਾ ਗਰੁੱਪ ਸਥਾਪਿਤ ਕੀਤੇ ਗਏ ਹਨ। ਇਸ ਲਈ ਫੰਡ ਐਨ.ਜੀ.ਓ, ਬੈਂਕਾਂ ਅਤੇ ਹੋਰ ਵਿੱਤੀ ਅਦਾਰਿਆਂ ਵੱਲੋਂ ਜੁਟਾਇਆ ਜਾ ਰਿਹਾ ਹੈ।
3. **ਰਾਸ਼ਟਰੀ ਪੇਂਡੂ ਰੁਜ਼ਗਾਰ ਮਿਸ਼ਨ (NRLM):** ਇਹ ਵਿਸ਼ਵ ਦਾ ਸਭ ਤੋਂ ਵੱਡਾ ਗਰੀਬੀ ਘਟਾਉਣ ਲਈ ਕੀਤਾ ਉਪਰਾਲਾ ਹੈ। ਇਹ ਭਾਰਤ ਸਰਕਾਰ ਦੇ ਪੇਂਡੂ ਵਿਕਾਸ ਵਿਭਾਗ ਵੱਲੋਂ 2011 ਵਿੱਚ ਸ਼ੁਰੂ ਕੀਤਾ ਗਿਆ ਸੀ। ਅਸਲ ਵਿੱਚ ਇਹ ਸਵਰਨ ਜੈਯੰਤੀ ਗਰਾਮ ਸਵੈ ਰੁਜ਼ਗਾਰ ਯੋਜਨਾ ਦਾ ਹੀ ਬਦਲਿਆ ਹੋਇਆ ਰੂਪ ਹੈ। ਇਸ ਸਕੀਮ ਦਾ ਉਦੇਸ਼ ਰੁਜਗਾਰ ਦੇ ਉਪਯੁਕਤ ਸਾਧਨ ਜੁਟਾ ਕੇ ਸਭ ਤੋਂ ਗ਼ਰੀਬ ਨੂੰ ਵੀ ਗ਼ਰੀਬੀ ਰੇਖਾ ਤੋਂ ਉੱਪਰ ਚੁੱਕਣਾ ਹੈ। ਇਸ ਸਕੀਮ ਰਾਹੀਂ, ਹਰੇਕ ਗਰੀਬ ਪੇਂਡੂ ਘਰ ਵਿੱਚ ਘੱਟੋ-ਘੱਟ ਇੱਕ ਮੈਂਬਰ ਨੂੰ (ਜਿਸ ਵਿੱਚ ਔਰਤਾਂ ਨੂੰ ਤਰਜੀਹ ਦਿੱਤੀ ਗਈ ਹੈ) ਬੱਤੇ ਸਮੇਂ ਲਈ ਸੈਲਫ ਹੈਲਪ ਗਰੁੱਪ ਲਤੀ ਦਾ ਮੈਂਬਰ ਬਣਾਇਆ ਜਾਂਦਾ ਹੈ। ਉਸ ਨੂੰ ਵਿਸ਼ੇਸ਼ ਤੌਰ 'ਤੇ ਟ੍ਰੇਨਿੰਗ ਵੀ ਦਿੱਤੀ ਜਾਂਦੀ ਹੈ। ਟ੍ਰੇਨਿੰਗ ਪੂਰੀ ਹੋਣ ਉਪਰੰਤ ਸੈਲਫ ਹੈਲਪ ਗਰੁੱਪਾਂ ਨੂੰ ਮਾਰਕਿਟ ਅਤੇ ਬੈਂਕ ਕਰਜ਼ਿਆਂ ਨਾਲ ਜੋੜਿਆ ਜਾਂਦਾ ਹੈ ਤਾਂ ਜੋ ਰੁਜਗਾਰ ਅਤੇ ਕਮਾਈ ਦੇ ਸਥਾਈ ਸਾਧਨ ਬਣ ਸਕਣ। ਸੈਲਫ ਹੈਲਪ ਗਰੁੱਪਾਂ ਬਨਾਉਣ ਦਾ ਮੁੱਖ ਮੰਤਵ ਵਿੱਤੀ

Scanned with CamScanner

ਜਾਗਰੂਕਤਾ ਅਤੇ ਕਾਰੋਬਾਰੀ ਪ੍ਰਬੰਧਾਂ ਵਿੱਚ ਨਿਵੇਸ਼ ਕਰਾਉਣਾ ਹੈ।

ਰਾਜ ਸਰਕਾਰ ਨੇ NRLM, ਨੂੰ ਲਾਗੂ ਕਰਨ ਦੀ ਪ੍ਰਕਿਰਿਆ ਜਾਰੀ ਰਖ ਦਿਤੀ ਹੈ। ਅਜਿਹਾ ਕਰਨ ਪੇਂਡੂ ਰੁਜ਼ਗਾਰ ਮਿਸ਼ਨ ਸੰਸਥਾ (ਜੋ ਕਿ ਰਾਜ ਪੱਧਰ ਦੀ ਸੰਸਥਾ ਹੈ) ਰਾਹੀਂ ਕੀਤਾ ਗਿਆ ਹੈ। ਸਰਕਾਰ ਵੱਲੋਂ ਇਕ ਪ੍ਰਬੰਧਕੀ ਅਤੇ ਲਾਗੂ ਕਰਤਾ ਕਮੇਟੀ ਬਣਾਈ ਗਈ ਹੈ ਜੋ ਕਿ ਇਸ ਪ੍ਰੋਗਰਾਮ ਅਧੀਨ ਅਨੁਸੂਚੀਆਂ ਗਤਿਵਿਧੀਆਂ ਨੂੰ ਲਾਗੂ ਕਰਨ ਲਈ ਸਮਾਜ ਨੂੰ ਪ੍ਰੇਰਿਤ ਕਰੇਗੀ। NRLM ਦੀਆਂ ਹਦਾਇਤਾਂ ਅਨੁਸਾਰ ਹਰੇਕ ਰਾਜ ਨੂੰ ਮੁਢਲਾ ਸਮਾਜ ਗਤਿਵਿਧੀ ਪਲਾਨ ਬਣਾਉਣਾ ਹੋਵੇਗਾ ਅਤੇ ਭਾਰਤ ਸਰਕਾਰ ਦੇ ਪੇਂਡੂ ਵਿਕਾਸ ਮੰਤਰਾਲੇ ਨੂੰ ਸੌਂਪਣਾ ਹੋਵੇਗਾ। ਵਰਤਮਾਨ ਸਮੇਂ ਪੰਜਾਬ ਦੇ ਸਾਰੇ ਜਿਲ੍ਹਿਆਂ ਵਿਚ 35 ਬਲਾਕਾਂ ਦੀ ਚੋਣ ਕੀਤੀ ਗਈ ਹੈ।

4. **ਇੰਦਰਾ ਅਵਾਸ ਯੋਜਨਾ:** ਪੇਂਡੂ ਅਤੇ ਗ਼ਰੀਬ ਲੋਕਾਂ ਦੇ ਅਵਾਸ ਸਬੰਧੀ ਮੁਸ਼ਕਿਲਾਂ ਦੇ ਹੱਲ ਲਈ ਮਿਤੀ, 1983 ਵਿੱਚ ਜਵਾਹਰ ਰੋਜ਼ਗਾਰ ਯੋਜਨਾ ਦੀ ਉਪ ਸਕੀਮ ਇੰਦਰਾ ਅਵਾਸ ਯੋਜਨਾ ਸ਼ੁਰੂ ਕੀਤੀ ਗਈ ਸੀ। 1 ਜਨਵਰੀ, 1996 ਤੋਂ ਇਹ ਸਵੈ ਨਿਰਭਰ ਸਕੀਮ ਵੱਜੋਂ ਲਾਗੂ ਕੀਤੀ ਗਈ ਹੈ। ਇਸ ਸਕੀਮ ਵਿਚ ਪੇਂਡੂ ਖੇਤਰਾਂ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਲੋਕ (ਜੋ ਕਿ ਪੱਛੜੀਆਂ ਜਾਤੀਆਂ ਨਾਲ ਸਬੰਧਿਤ ਹਨ) ਬੰਧਕ ਕਾਮੇ ਅਤੇ ਪੱਛੜੀਆਂ ਸ੍ਰੇਣੀਆਂ ਤੋਂ ਬਿਨਾ ਗਰੀਬ ਲੋਕਾਂ ਨੂੰ ਲਾਭਪਾਤਰੀ ਬਣਾਇਆ ਗਿਆ ਹੈ। ਤਾਂ ਜੋ ਉਹ ਆਪਣੇ ਲਈ ਰਹਿਣਯੋਗ ਅਵਾਸ ਬਣਾ ਸਕਣ ਉਹਨਾਂ ਦੇ ਕੱਚੇ ਮਕਾਨਾਂ ਨੂੰ ਪੱਕੇ ਕਰਨ ਲਈ ਗ੍ਰਾਟਾਂ ਵੀ ਦਿੱਤੀਆਂ ਜਾ ਰਹੀਆਂ ਹਨ। 1995-96 ਤੋਂ ਵਿਧਵਾਵਾਂ ਅਤੇ ਸ਼ਹੀਦ ਹੋ ਚੁੱਕੇ ਫੌਜੀਆਂ ਦੇ ਵਾਰਸਾਂ ਨੂੰ ਵੀ ਇਸ ਸਕੀਮ ਤਹਿਤ ਲਾਭਪਾਤਰੀ ਬਣਾਇਆ ਗਿਆ ਹੈ। ਸੇਵਾਮੁਕਤ ਹੋ ਚੁੱਕੇ ਸਰਕਾਰੀ ਕਰਮਚਾਰੀਆਂ ਅਤੇ ਅਰਧਸੈਨਿਕ ਬਲਾਂ ਦੇ ਪਰਿਵਾਰਾਂ ਨੂੰ ਇਸ ਸਕੀਮ ਵਿੱਚ ਲਾਭਪਾਤਰੀ ਬਣਾਇਆ ਗਿਆ ਹੈ। ਇਸ ਸਕੀਮ ਵਿੱਚ ਕੇਂਦਰ ਅਤੇ ਰਾਜ ਸਰਕਾਰ ਦੀ 75:25 ਦੀ ਹਿੱਸੇਦਾਰੀ ਹੈ।

5. **ਸਵਰਨ ਜੈਯੰਤੀ ਸ਼ਹਿਰੀ ਰੋਜ਼ਗਾਰ ਯੋਜਨਾ (SJSRY):** ਇਹ ਸਕੀਮ ਭਾਰਤ ਸਰਕਾਰ ਵੱਲੋਂ ਸ਼ਹਿਰੀ ਖੇਤਰਾਂ ਵਿੱਚ ਗਰੀਬੀ ਦੇ ਨਿਵਾਰਨ ਲਈ ਚਲਾਈ ਗਈ। ਇਸ ਸਕੀਮ ਦੇ 5 ਮੁੱਖ ਅੰਗ ਹਨ: (1) ਸ਼ਹਿਰੀ ਸਵੈ ਰੁਜ਼ਗਾਰ ਪ੍ਰੋਗਰਾਮ (USEP) (2) ਸ਼ਹਿਰੀ ਇਸਤਰੀ ਸੈਲਫ ਹੈਲਪ ਪ੍ਰੋਗਰਾਮ (UWSP) (3) ਕਲਾ ਪ੍ਰਵੀਨਤਾ ਟ੍ਰੇਨਿੰਗ ਤਾਂ ਜੋ ਸ਼ਹਿਰੀ ਗਰੀਬ ਖੇਤਰ ਵਿੱਚ ਰੁਜ਼ਗਾਰ ਦੇ ਵਧੇਰੇ ਮੌਕੇ ਪ੍ਰਦਾਨ ਕੀਤੇ ਜਾ ਸਕਣ (STEP-UP) (4) ਸ਼ਹਿਰੀ ਰੁਜ਼ਗਾਰ ਪ੍ਰੋਗਰਾਮ (UMEP) (5) ਸ਼ਹਿਰੀ ਖੇਤਰੀ ਵਿਕਾਸ ਪ੍ਰੋਗਰਾਮ (UCDN)।

ਹੁਣ ਅਪ੍ਰੈਲ, 2014 ਤੋਂ SJSRY ਦਾ ਨਾਂ ਰਾਸ਼ਟਰੀ ਸ਼ਹਿਰੀ ਰੋਜ਼ਗਾਰ ਮਿਸ਼ਨ (NULM) ਲਾਗੂ ਕਰ ਦਿੱਤਾ ਗਿਆ ਹੈ। ਇਹ ਸਕੀਮ 2011 ਦੇ ਅੰਕੜਿਆਂ ਅਨੁਸਾਰ ਲੱਖ ਜਾਂ ਇਸ ਤੋਂ ਵੱਧ ਆਬਾਦੀ ਵਾਲੇ ਸਾਰੇ ਸ਼ਹਿਰਾਂ ਅਤੇ ਜਿਲ੍ਹਾ ਸਦਰ ਮੁਕਾਮਾਂ ਵਿੱਚ ਲਾਗੂ ਹੋਵੇਗੀ।

6. **ਪੰਜਾਬ ਪੱਛੜੇ ਵਰਗ ਜ਼ਮੀਨ ਅਤੇ ਵਿੱਤੀ ਨਿਗਮ (ਬੈਕਫਿਨਕੋ):-** ਇਹ ਪਛੜੇ ਵਰਗਾਂ ਲਈ ਕਰਜ਼ੇ ਮੁਹੱਈਆ ਕਰਦਾ ਹੈ, ਜਿਹੜੇ ਪਰਿਵਾਰਾਂ ਦੀ ਸਾਲਾਨਾ ਆਮਦਨ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ 300000/- ਰੁਪਏ ਤੋਂ ਘੱਟ, ਆਰਥਿਕ ਕਮਜ਼ੋਰ ਵਰਗ 100000/- ਰੁਪਏ ਤੋਂ ਘੱਟ, ਘੱਟ ਗਿਣਤੀ ਦੇ ਭਾਈਚਾਰੇ ਦੀ ਦਿਹਾਤੀ ਖੇਤਰਾਂ ਵਿਚ 98000/- ਰੁਪਏ ਅਤੇ ਸ਼ਹਿਰੀ ਖੇਤਰਾਂ ਵਿਚ 120000/- ਰੁਪਏ ਤੋਂ ਘੱਟ ਹੈ।

7. **ਪੰਜਾਬ ਅਨੁਸੂਚਿਤ ਜਾਤੀ ਭੌਂ ਵਿਕਾਸ ਅਤੇ ਵਿੱਤੀ ਨਿਗਮ (PSCFC):** ਇਸ ਦਾ ਉਦੇਸ਼ ਪੰਜਾਬ ਦੇ ਅਨੁਸੂਚਿਤ ਵਰਗ ਨਾਲ ਸਬੰਧਿਤ ਗ਼ਰੀਬ ਲੋਕਾਂ ਨੂੰ ਕਰਜ਼ੇ ਅਤੇ ਸਬਸਿਡੀ ਦੇਣਾ ਹੈ।

Scanned with CamScanner

(ਡੀ.ਬੀ.ਈ.ਈ) ਨਵੰਬਰ 2018 ਵਿੱਚ ਪੰਜਾਬ ਰਾਜ ਦੇ ਸਮੂਹ ਜ਼ਿਲ੍ਹਿਆਂ ਵਿੱਚ ਸਥਾਪਿਤ ਕੀਤੇ ਹਨ। ਡੀ.ਬੀ.ਈ.ਈ ਵਿੱਚ ਹੇਠ-ਲਿਖੀਆਂ ਸੇਵਾਵਾਂ ਦਿੱਤੀਆਂ ਜਾਦੀਆਂ ਹਨ:

1. 'ਵੰਨ ਸਟਾਪ ਪਲੇਟ ਫਾਰਮ' ਰਾਹੀਂ ਬੇਰੁਜ਼ਗਾਰ ਨੂੰ ਨੌਕਰੀ ਅਤੇ ਨਿਯੋਜਕ ਜਿਸ ਨੂੰ ਮੈਨਪਾਵਰ ਲੋੜੀਂਦੀ ਹੈ, ਨੂੰ ਮੈਨਪਾਵਰ ਲੋੜੀਂਦੀ ਹੈ, ਨੂੰ ਮੈਨਪਾਵਰ ਮੁਹੱਈਆ ਕਰਵਾਉਣਾ।
2. ਬੇਰੁਜ਼ਗਾਰਾਂ ਅਤੇ ਨਿਯੋਜਕਾਂ ਨੂੰ ਰੁਜ਼ਗਾਰ ਮੇਲਿਆਂ ਰਾਹੀ ਇੱਕ ਮੰਚ ਤੇ ਲਿਆਉਣ ਦਾ ਪ੍ਰਬੰਧ ਕਰਨਾ।
3. ਗਾਈਡੈਂਸ ਅਤੇ ਕਿੱਤਾ ਅਗਵਾਈ।
4. ਨੌਜਵਾਨਾਂ ਨੂੰ ਨੌਕਰੀ ਦੇ ਯੋਗ ਬਨਾਉਣ ਲਈ ਹੁਨਰ ਸਿਖਲਾਈ ਦੀ ਸੁਵਿਧਾ ਪ੍ਰਦਾਨ ਕਰਨਾ।
5. ਸਵੈ-ਰੁਜ਼ਗਾਰ, ਕਾਰੋਬਾਰ ਅਤੇ ਉੱਦਮੀ ਵਿਕਾਸ ਲਈ ਸਹੂਲਤਾਂ ਪ੍ਰਦਾਨ ਕਰਨਾ।
6. ਸਟਾਰਟ-ਅਪ ਮਾਈਕਰੋ ਅਤੇ ਛੋਟੇ ਕਾਰੋਬਾਰ ਲਈ ਬੈਂਕ ਲੋਨ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।
7. ਵਿਦੇਸ਼ਾਂ ਵਿੱਚ ਰੁਜ਼ਗਾਰ ਦੇ ਇਛੁੱਕ ਨੌਜਵਾਨਾ ਦੀ ਮਦਦ ਕਰਨਾ।

- ਰਾਜ ਸਰਕਾਰ ਵੱਲੋਂ ਪੰਜਾਬ ਰਾਜ ਰੁਜ਼ਗਾਰ ਉਤਪੰਨ ਅਤੇ ਸਿਖਲਾਈ ਸੰਸਥਾ ਕਾਊਂਸਲ ਅਧੀਨ **ਵਿਦੇਸ਼ੀ ਰੁਜ਼ਗਾਰ ਅਤੇ ਸਿਖਲਾਈ ਬਿਊਰੋ** ਸਥਾਪਿਤ ਕੀਤਾ ਗਿਆ ਹੈ ਤਾਂ ਜੋ ਵਿਦੇਸ਼ਾਂ ਵਿਚ ਰੁਜ਼ਗਾਰ ਪ੍ਰਾਪਤੀ ਲਈ ਚਾਹਵਾਨ ਵਿਦਿਆਰਥੀਆਂ ਨੂੰ ਉਚਿਤ ਅਗਵਾਈ ਪ੍ਰਦਾਨ ਕੀਤੀ ਜਾ ਸਕੇ।
- **ਸਮੂਹਿਕ ਕਾਉਂਸਲਿੰਗ (ਸਲਾਹ) ਪ੍ਰੋਗਰਾਮ:** ਨੌਜਵਾਨਾ ਨੂੰ ਜਾਗਰੂਕ ਕਰਨ ਲਈ ਅਤੇ ਵਿਦਿਅਕ ਅਤੇ ਕੰਮਕਾਜੀ ਅਗਵਾਈ ਦੇਣ ਲਈ 2017 ਵਿੱਚ ਸਮੂਹਿਕ ਸਲਾਹ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਤਹਿਤ 190000 ਨੌਜਵਾਨਾਂ ਨੂੰ ਵੱਖ-ਵੱਖ ਕੋਰਸਾਂ, ਨੌਕਰੀਆਂ ਦੇ ਉਚਿਤ ਮੌਕੇ, ਸਿਖਲਾਈ ਅਤੇ ਹੋਰ ਸੁਵਿਧਾਵਾਂ ਪ੍ਰਦਾਨ ਕਰਕੇ ਬੇਰੁਜ਼ਗਾਰ ਨੌਜਵਾਨਾਂ ਨੂੰ ਉਚਿਤ ਅਗਵਾਈ ਪ੍ਰਦਾਨ ਕੀਤੀ ਗਈ।
- ਪੰਜਾਬ ਯੁਵਕ ਸਿਖਲਾਈ ਅਤੇ ਰੁਜ਼ਗਾਰ ਕੇਂਦਰ **(ਸੈਂਟਰ ਫਾਰ ਟ੍ਰੇਨਿੰਗ ਅਤੇ ਇੰਮਪਲਾਈਮੈਂਟ ਆਫ ਪੰਜਾਬ ਯੂਥ C-PYTE)** ਜੋ ਕਿ ਨਵਯੁਵਕਾਂ ਨੂੰ ਤਕਨੀਕੀ ਅਤੇ ਕੰਮਕਾਜੀ ਸਿਖਲਾਈ ਪ੍ਰਦਾਨ ਕਰਦਾ ਹੈ, ਵੀ ਸਥਾਪਿਤ ਕੀਤਾ ਗਿਆ ਹੈ।
- ਅਣ-ਅਧਿਕਾਰਤ ਪ੍ਰਵਾਸ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਚੰਡੀਗੜ੍ਹ ਵਿਖੇ **ਪ੍ਰਵਾਸ ਰਿਸੋਰਸ ਸੈਂਟਰ** ਸਥਾਪਿਤ ਕੀਤਾ ਗਿਆ ਹੈ। ਇਹ ਸੰਸਥਾ ਟੈਲੀਫੋਨ ਰਾਹੀਂ ਅਤੇ ਸਲਾਹ ਮਸ਼ਵਰੇ ਰਾਹੀਂ ਪ੍ਰਦੇਸ ਜਾਣ ਦੇ ਪੰਜਾਬੀ ਚਾਹਵਾਨਾਂ ਨੂੰ ਉਚਿਤ ਅਗਵਾਈ ਦਿੰਦੀ ਹੈ।
- **ਨਿੱਜੀ ਸੁਰੱਖਿਆ ਸਿਖਲਾਈ:** ਪੰਜਾਬ ਪੁਲਿਸ ਸੁਰੱਖਿਆ ਕਾਰਪੋਰੇਸ਼ਨ ਨਿਗਮ ਨਾਲ ਮਿਲਕੇ ਵਿਭਾਗ ਨੇ ਨਿੱਜੀ ਸੁਰੱਖਿਆ ਸਬੰਧੀ ਕਿੱਤਿਆਂ ਵਿਚ ਸਿਖਲਾਈ ਦੇਣੀ ਆਰੰਭ ਕੀਤੀ ਹੈ ਜੋ ਕਿ ਹੁਸ਼ਿਆਰਪੁਰ ਦੇ ਜਿਹਨਾਂ ਕਲਾਂ ਅਤੇ ਸੰਗਰੂਰ ਦੇ ਲੱਡਾ ਕੋਠੀ ਵਿਖੇ ਪ੍ਰਦਾਨ ਕੀਤੀ ਜਾਂਦੀ ਹੈ।
- **ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਸਰਵਸਿਜ ਪ੍ਰੈਪੇਟਰੀ ਇੰਸਟੀਚਿਊਟ** ਜੋ ਕਿ ਗਿਆਰਵੀ ਅਤੇ ਬਾਰਵੀਂ ਦੇ ਵਿਦਿਆਰਥੀਆਂ ਨੂੰ ਰਾਸਟਰੀ ਸੈਨਿਕ ਅਕਾਦਮੀ ਇਮਤਿਹਾਨ ਲਈ ਤਿਆਰ ਕਰਦਾ ਹੈ, ਮੋਹਾਲੀ ਵਿਖੇ ਸਥਾਪਿਤ ਕੀਤਾ ਗਿਆ ਹੈ।
- **ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੇਪਰੇਟਰੀ ਇੰਸਟੀਚਿਊਟ** ਪੰਜਾਬ ਸਰਕਾਰ ਦੁਆਰਾ ਮੋਹਾਲੀ ਵਿਖੇ ਸਥਾਪਿਤ ਕੀਤਾ ਗਿਆ ਹੈ ਜੋ ਕਿ ਪੰਜਾਬ ਦੀਆਂ ਬਾਰਵ੍ਹੀ ਜਮਾਤ ਮਗਰੋਂ ਲੜਕੀਆਂ ਨੂੰ ਆਰਮਡ ਫੋਰਸਿਜ਼ ਵਿੱਚ ਕਮਿਸ਼ਨਡ ਅਧਿਕਾਰੀ ਦੇ

Scanned with CamScanner

ਤੌਰ ਤੇ ਦਾਖਲਾ ਲੈਣ ਲਈ ਸਿਖਲਾਈ ਪ੍ਰਦਾਨ ਕਰਦਾ ਹੈ।

- **ਮਰੀਨ ਅਕੈਡਮੀ ਰੂਪਨਗਰ:** ਇਸ ਦੀ ਸਥਾਪਨਾ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਨਜਿੱਠਣ ਲਈ ਕੀਤੀ ਗਈ। ਇਹ ਵਿਗਿਆਨਿਕ ਪਿਛੋਕੜ ਨਾਲ ਜੁੜੇ 600 ਵਿਦਿਆਰਥੀਆਂ ਨੂੰ ਨੇਵੀ ਸਬੰਧੀ ਵਿਭਿੰਨ ਖੇਤਰਾਂ ਵਿਚ ਸਿਖਲਾਈ ਉਪਲੱਬਧ ਕਰਵਾਏਗੀ।
- **ਜਨਰਲ ਸ਼ਾਮ ਸਿੰਘ ਅਟਾਰੀਵਾਲਾ ਆਰਮਡ ਫੋਰਸਿਜ ਪ੍ਰੋਪਰੇਟਰੀ ਇੰਸਟੀਚਿਊਟ ਅੰਮ੍ਰਿਤਸਰ** ਵਿਖੇ ਸਥਾਪਿਤ ਕੀਤਾ ਜਾ ਰਿਹਾ ਹੈ ਤਾਂ ਜੋ ਨੌਜਵਾਨਾਂ ਨੂੰ ਆਰਮਡ ਫੋਰਸਿਜ਼ ਵਿੱਚ ਸ਼ਾਮਿਲ ਕੀਤਾ ਜਾ ਸਕੇ।
- ਸੂਬੇ ਵਿਚ ਰੁਜ਼ਗਾਰ ਉਤਪਾਦਨ ਯੋਜਨਾ ਦੀ ਸਮੀਖਿਆ ਅਤੇ ਨਿਗਰਾਨੀ ਕਰਨ ਲਈ ਮਾਨਯੋਗ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਇਕ ਰੁਜ਼ਗਾਰ ਕਮਿਸ਼ਨ ਦੀ ਸਥਾਪਨਾ ਕੀਤੀ ਜਾ ਰਹੀ ਹੈ।
- **ਰੁਜ਼ਗਾਰ ਅਤੇ ਕਾਰੋਬਾਰ ਬਿਊਰੋਜ਼** ਸਾਰੇ ਜਿਲਿਆਂ ਵਿਚ ਸਲਾਨਾ ਰੁਜ਼ਗਾਰ ਯੋਜਨਾਵਾ ਦੀ ਤਿਆਰੀ ਲਈ ਤਾਜਾ ਸਰਵੇਖਣ ਕਰਨ ਅਤੇ ਇਸਦੇ ਸਮੇਂ ਅਨੁਸਾਰ ਲਾਗੂ ਕਰਨ ਲਈ ਬਣਾਏ ਜਾ ਰਹੇ ਹਨ। ਇਹ ਬਿਊਰੋਜ਼ ਬੇਰੁਜਗਾਰ ਨੌਜਵਾਨਾ ਅਤੇ ਰੁਜਗਾਰ ਦੇ ਰੁਝਾਣ ਲਈ ਰੁਜ਼ਗਾਰ ਬਾਜਾਰ ਵਿੱਚ ਕਾਮਯਾਬ ਹੋਣ ਲਈ ਰੁਜ਼ਗਾਰ, ਸਿੱਖਿਆ ਦੀ ਸਿਖਲਾਈ, ਹੁਨਰ ਅੱਪਗ੍ਰੇਡ ਕਰਨ ਵਿੱਚ ਵੀ ਸਹਾਇਤਾ ਕਰੇਗਾ। ਜਿਲਾ ਬਿਊਰੋਜ਼ ਨੂੰ ਇੱਕ ਪੇਸ਼ੇਵਰ ਤਰੀਕੇ ਨਾਲ ਚਲਾਇਆ ਜਾਵੇਗਾ ਅਤੇ ਆਨ ਲਾਈਨ ਰਜਿਸਟਰੇਸ਼ਨ, ਉੱਦਮੀਆਂ ਦੇ ਵਿਕਾਸ ਅਤੇ ਵਿਦੇਸ਼ੀ ਰੁਜ਼ਗਾਰ ਵਿੱਚ ਸਹਾਇਤਾ ਪ੍ਰਦਾਨ ਕਰਨ ਲਈ ਸਹਾਇਤਾ ਸੈਲ ਹੋਣਗੇ।
- **ਸ਼ਹੀਦ ਭਗਤ ਸਿੰਘ ਰੁਜ਼ਗਾਰ ਸਿਰਜਨ ਯੋਜਨਾ – ਆਪਣੀ ਗੱਡੀ ਆਪਣਾ ਰੁਜ਼ਗਾਰ:** ਸੂਬਾ ਸਰਕਾਰ ਨੇ ਪੰਜਾਬੀ ਯੁਵਕਾਂ ਨੂੰ ਟਰਾਂਸਪੋਰਟ ਸੈਕਟਰ ਵਿੱਚ ਸਵੈ-ਰੁਜ਼ਗਾਰ/ਸਵੈ-ਉੱਦਮ ਦੇ ਮੌਕੇ ਪ੍ਰਦਾਨ ਕਰਨ ਲਈ ਸ਼ਹੀਦ ਭਗਤ ਸਿੰਘ ਰੁਜ਼ਗਾਰ ਸਿਰਜਨ ਯੋਜ਼ਨਾ – ਆਪਣੀ ਗੱਡੀ ਆਪਣਾ ਰੁਜ਼ਗਾਰ ਨੂੰ ਸ਼ੁਰੂ ਕੀਤੀ ਹੈ। ਇਸ ਸਕੀਮ ਅਧੀਨ ਅੰਤਰਰਾਸ਼ਟਰੀ ਉਪਰੇਟਰ ਜਿਵੇਂ ਮੈਸਰਜ਼ ਓਲਾ ਅਤੇ ਮੈਸਰਜ਼ ਓਬੇਰ ਨਾਲ ਸੰਪਰਕ ਕੀਤਾ ਗਿਆ ਹੈ। ਇਹ ਵਿਉਂਤਿਆ ਗਿਆ ਹੈ ਕਿ ਇਸ ਸਕੀਮ ਦੇ ਅਗਲੇ 5 ਸਾਲਾਂ ਦੌਰਾਨ 3 ਲੱਖ ਦੀ ਨੌਕਰੀ ਦੀ ਰਚਨਾ ਕੀਤੀ ਜਾਵੇਗੀ।
- **ਸ਼ਹੀਦ ਭਗਤ ਸਿੰਘ ਰੁਜ਼ਗਾਰ ਸਿਰਜਨ ਯੋਜਨਾ- ਹਰਾ (ਗ੍ਰੀਨ) ਟਰੈਕਟਰ ਯੋਜਨਾ:-** ਇਸ ਯੋਜਨਾ ਅਧੀਨ ਖੇਤੀ ਬਾੜੀ ਸੇਵਾਵਾ ਵਿੱਚ ਸਵੈ-ਰੁਜਗਾਰ ਲਈ 25,000 ਨੌਜਵਾਨਾਂ ਨੂੰ ਇਕ ਟਰੈਕਟਰ ਅਤੇ ਹੋਰ ਖੇਤੀ ਬਾੜੀ ਔਜ਼ਾਰਾਂ ਨਾਲ ਦਿੱਤਾ ਜਾਵੇਗਾ।
- **ਸ਼ਹੀਦ ਭਗਤ ਸਿੰਘ ਰੁਜ਼ਗਾਰ ਸਿਰਜਨ ਯੋਜਨਾ- ਯਾਰੀ ਇੰਟਰਪ੍ਰਾਈਜ਼ਿਜ਼:-** ਰਾਜ ਸਰਕਾਰ ਨੇ ਬੇਰੁਜ਼ਗਾਰੀ ਦੇ ਨਿਪਟਾਰੇ ਕਰਨ ਲਈ ਸ਼ਹੀਦ ਭਗਤ ਸਿੰਘ ਰੁਜ਼ਗਾਰ ਸਿਰਜਨ ਯੋਜਨਾ- ਯਾਰੀ ਇੰਟਰਪ੍ਰਾਈਜ਼ਜ਼ ਸਕੀਮ ਸੁਰੂ ਕਰਨ ਦਾ ਫੈਸਲਾ ਕੀਤਾ ਹੈ। ਇਸ ਯੋਜਨਾ ਅਧੀਨ ਵਿਅਕਤੀਗਤ ਜਾ ਵਿਅਕਤੀਗਤ ਸਮੂਹ ਕਿਸੇ ਵੀ ਉਦਯੋਗ ਦੀ ਸ਼ਨਾਖਤ ਕੀਤੀ ਜਾ ਸਕਦੀ ਹੈ, ਜਿਸ ਲਈ ਰਾਜ ਸਰਕਾਰ ਸਾਰੀ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਏਗੀ। ਸੂਬਾ ਸਰਕਾਰ ਨੇ ਨੌਜਵਾਨਾਂ ਨੂੰ 3% ਵਿਆਜ ਦੀ ਮਾਲੀ ਇਮਦਾਦ ਦੇਣ ਦਾ ਫੈਸਲਾ ਕੀਤਾ ਹੈ। ਯੋਜਨਾ ਨੂੰ ਬੈਂਕਾਂ ਦੇ ਨਾਲ ਸਲਾਹ ਮਸ਼ਵਰਾ ਕਰਕੇ ਵਿਸਥਾਰ ਵਿੱਚ ਤਿਆਰ ਕੀਤਾ ਜਾ ਰਿਹਾ ਹੈ। ਇਹ ਵਿਉਂਤਿਆ ਗਿਆ ਹੈ ਕਿ ਇਸ ਸਾਲ ਦੌਰਾਨ ਇਸ ਸਕੀਮ ਅਧੀਨ 1 ਲੱਖ ਵਾਧੂ ਨੌਕਰੀਆਂ ਸਿਰਜੀਆਂ ਜਾਣਗੀਆਂ।
- **ਪੰਜਾਬ ਘਰ ਘਰ ਰੁਜ਼ਗਾਰ ਅਤੇ ਕਾਰੋਬਾਰ ਮਿਸ਼ਨ:** ਪੰਜਾਬ ਸਰਕਾਰ ਨੇ ਪੰਜਾਬ ਘਰ ਘਰ ਰੁਜ਼ਗਾਰ ਅਤੇ ਕਾਰੋਬਾਰ ਮਿਸ਼ਨ ਸ਼ੁਰੂ ਕਰਕੇ ਇੱਕ ਵੱਡਾ ਉਪਰਾਲਾ ਕੀਤਾ ਹੈ। ਇਸ ਸਕੀਮ ਅਧੀਨ ਬੇਰੁਜ਼ਗਾਰ ਯੁਵਕਾਂ ਨੂੰ ਮੈਗਾ ਪਲੇਸਮੈਂਟ

Scanned with CamScanner

ਕਰਮਚਾਰੀਆਂ/ਅਧਿਕਾਰੀਆਂ ਲਈ ਮੈਡੀਕੇਅਰ ਦੀਆਂ ਸੇਵਾਵਾਂਦਾਰਾਂ ਪ੍ਰਦਾਨ ਕੀਤੀਆਂ ਜਾਣ। ਇਸ ਸਕੀਮ ਅਧੀਨ ਸਰਕਾਰੀ ਕੰਮ ਕਾਜ ਦੌਰਾਨ ਮੌਤ ਹੋਣ ਵਾਲੇ ਕਰਮਚਾਰੀਆਂ ਦੇ ਆਸ਼ਰਿਤਾਂ ਨੂੰ ਸੇਵਾਵਾਂਦਾਰਾਂ ਪ੍ਰਦਾਨ ਕਰਨ ਲਈ ਇਕ ਮੁਆਵਜਾ ਸਕੀਮ ਪ੍ਰਚਲਿਤ ਕਰਨਾ ਅਤੇ ਕੇਂਦਰਸ਼ਾਸਿਤ ਪ੍ਰਦੇਸ਼ਾਂ ਨੂੰ ਸੇਵਾਵਾਂਦਾਰਾਂ ਪ੍ਰਦਾਨ ਕਰਨ ਲਈ ਇਕ ਮੁਆਵਜਾ ਸਕੀਮ ਪ੍ਰਚਲਿਤ ਕਰਨਾ ਹੈ। ਇਸ ਸਕੀਮ ਅਧੀਨ ਸਾਲ 2018 ਨੂੰ ਪ੍ਰਮਾਣਿਤ ਕੀਤਾ ਗਿਆ ਅਤੇ ਪੂਰੇ ਤੌਰ 3 ਸੰਮ ਦੇ ਵੀ ਸਾਲ-ਵਾਰ ਪ੍ਰਮਾਣਤ ਹਨ ਦਾ ਦਾ ਪੈਦਾਇਸ਼ ਕਰਾਉਣਾਂ 2018 ਨੂੰ ਪ੍ਰਮਾਣਿਤ ਕੀਤਾ ਗਿਆ ਅਤੇ ਪੂਰੇ ਤੌਰ 3 ਸੰਮ ਦੇ ਵੀ ਸੇਵਾਵਾਂ ਲੈਣਦਾ ਦਾਤਿਆਂ ਅਤੇ 9000 ਤੋਂ ਵਧੇਰੇ ਲੈਣਦਾਰ ਦਾਤਿਆਂ ਨੇ ਇਸ ਪੈਦਾਇਸ਼ ਦੁਆਰੇ ਸਾਮਿਲ ਕੀਤਾ ।

- ਸੇਵਾ ਕੀਮਤ, ਸੇਵਾ ਮਾਣ ਤਾਣ ਸਮਝਦਾਰ ਹੈ ਸੇਵਾ ਕੀਮਤ, ਸੇਵਾ ਸਾਣ ਸਕੀਮ ਕੁਝ ਕਰਨ ਦਾ ਫੈਸਲਾ ਕੀਤਾ ਹੈ ਜਿਸ ਸਕੀਮ ਅਧੀਨ 18 ਤੋਂ 35 ਸਾਲ ਤੋਂ ਉਮਰ ਦੇ ਲਾਇਕ ਕੇਂਦਰਸ਼ਾਸਿਤ ਨੌਜਵਾਨਾਂ ਨੂੰ ਸਾਲ ਵਿਚ ਤਿਹਾਈਆਂ ਨੌਕਰੀਆਂ ਦੇਣਾ ਤਦੀਆਂ ਪੂਰਨਾਣਾ ਅਤੇ ਉਸਾਰਣ ਪ੍ਰਬਾਨਾਂ ਤਦੀਆਂ ਪੂਰਨਾਣਾ ਅਤੇ ਉਚਿਤ ਕਿਰਤ ਵਿਚ ਵਿਚੋਂ ਵਿਚੋਂ ਵਰੇਲੇ ਸਮਾਜਿਕ ਖੇਤਰ ਲਈਆਂ।

Scanned with CamScanner

10.11 ਜਨਤਕ ਵੰਡ ਪ੍ਰਣਾਲੀ

ਇਸ ਪ੍ਰਣਾਲੀ ਰਾਹੀਂ ਗਰੀਬਾਂ ਨੂੰ ਬਹੁਤ ਹੀ ਰੋਇਤੀਆਂ ਕੀਮਤਾਂ ਤੇ ਅਨਾਜ ਵੰਡਿਆ ਜਾਂਦਾ ਹੈ। ਇਹ ਪ੍ਰਣਾਲੀ ਸਭ ਅਨਾਜ ਦੀ ਕਮੀ ਵਾਲ ਦੀ ਹਾਲਤ ਵਿਚ ਤਬਦੀਲਿਆ ਜਾ ਸਕਦਾ ਹੈ। ਇਸ ਵਿਤਰਣ ਪ੍ਰਣਾਲੀ ਰਾਹੀਂ ਕਣਕ, ਚੀਨੀ, ਕੀਰੋਸੀਨ ਅਤੇ ਮਿੱਟੀ ਦਾ ਤੇਲ, ਘੱਟ ਕੀਮਤਾਂ ਤੇ ਗਰੀਬ ਲੋਕਾਂ ਨੂੰ ਰਾਸ਼ਨ ਡਿਪੂਆਂ ਰਾਹੀਂ ਮੁਹੱਈਆ ਕਰਵਾਇਆ ਜਾਂਦਾ ਹੈ।

ਜਨਤਕ ਵੰਡ ਪ੍ਰਣਾਲੀ ਸਰਕਾਰ ਦੁਆਰਾ ਚਲਾਇਆ ਜਿਆਦਾ ਦਿਤ ਦਾਨ ਹੈ ਜਿਸ ਵਿਚ ਸਰਕਾਰ ਦੇ ਕਰੀਬ ਕਈ ਵਸਤੂਆਂ ਨੂੰ ਘਟਾਏ ਕੀਮਤਾਂ ਤੇ ਪਦਾਰਥਾਂ ਦੀ ਵੰਡ ਕਰਨ ਲਈ ਦੁਕਾਨ ਰਾਸ਼ਨ ਕੀਮਤ ਕੀਮਤ ਆਦਿ ਕਰਦੀ ਹੈ। ਇਸ ਤਰਾਂ ਸਰਕਾਰ ਨੇ ਇਸ ਪ੍ਰਣਾਲੀ ਵਿਚ ਜਿੰਮੇਵਾਰੀ ਦਾ ਕਿਸਮ ਨਿਭਾਇਆ ਹੈ। ਕੇਂਦਰ ਸਰਕਾਰ ਦੀ ਅਨਾਜ ਖਰੀਦ ਦੀ ਕੀਮਤ, ਲੋਕਾਈਕਰਨ ਅਤੇ ਜਨਤਕ ਵੰਡ ਦੀ ਜਿੰਮੇਵਾਰੀ ਹੈ ਜਦੋਂ ਕਿ ਰਾਜ ਸਰਕਾਰਾਂ ਦੀ ਵਿਸ਼ੇਸ਼ ਕੀਮਤ ਕੀਮਤ ਅਨਾਜ ਕੀਮਤ ਦੁਕਾਨ ਸਥਾਪਿਤ ਕਰਨੇ ਵਿਭੇਦਾਤ ਨੂੰ ਅਨਾਜ ਪਦਾਰਥ ਦੀ ਵੰਡ ਕਰਨ ਦੀ ਜਿੰਮੇਵਾਰੀ ਹੈ। ਕਈਆਂ ਥਾਂ ਤੇ ਸੰਸਥਾਵਾਂ ਦੇ ਪਰਿਵਾਰ ਕਰਨਾ, ਰਾਸ਼ਨ ਕਾਰਡ ਜਾਰੀ ਕਰਨਾ ਅਤੇ ਵਿਸ਼ਿਸ਼ ਕੀਮਤ ਕੀਮਤ ਦੁਕਾਨ ਰਾਸ਼ਨ ਡਿਪੂਆਂ ਦੀ ਨਿਗਰਾਨੀ ਅਤੇ ਦੇਖ-ਰੇਖ ਰਾਜ ਸਰਕਾਰ ਦੀ ਜਿੰਮੇਵਾਰੀ ਹੈ।

ਮੁੱਢੇ ਮਿੱਥੀ ਜਨਤਕ ਵੰਡ ਵਿਤਰਣ ਪ੍ਰਣਾਲੀ: ਇਸ ਸਕੀਮ ਦਾ ਉਦਘਾਟਨ 1997 ਵਿਚ ਕੀਤਾ ਗਿਆ। ਇਸ ਪ੍ਰਣਾਲੀ ਅਧੀਨ ਦੇਸ਼ ਸਰਕਾਰਾਂ ਨੂੰ ਅਨਾਜ ਦੀ ਵੰਡ ਕਰਨ ਲਈ ਗਰੀਬ ਪਰਿਵਾਰਾਂ ਦੀ ਗਣਨਾ ਅਤੇ ਪਹਚਾਣਨਾ ਅਤੇ ਜਿੰਮੇਵਾਰੀ ਦੇ ਨਾਲ ਵੰਡ ਕਰਾਉਣ ਦਾ ਉਚਿਤ ਵਿਵੇਕਮਤ ਕਰਨਾ ਹੋਵੇਗਾ।

ਇਸ ਤਰ੍ਹਾਂ ਲੋਕ ਵਿਤਰਣ ਪ੍ਰਣਾਲੀ ਰਾਜ ਸਰਕਾਰ ਵਲੋਂ ਗਰੀਬ ਪਰਿਵਾਰਾਂ ਦੀ ਘੱਟ ਕਮਾਈ ਨੂੰ ਪਿਆਨ ਵਿਚ ਰੱਖਦੇ ਹੋਏ ਅਤੇ ਅਤਿ ਲੋੜੀਂਦੀਆਂ ਵਸਤਾਂ ਦੀਆਂ ਵਧਦੀਆਂ ਕੀਮਤਾਂ ਕਾਰਨ ਉਨ੍ਹਾਂ ਨੂੰ ਮਹਿਰਾਜ ਦੀ ਕੀਮਤੀ ਨੂੰ ਪਿਆਨ ਵਿਚ ਰੱਖਦੇ ਹੋਏ ਚਲਾਈ ਜਾਂਦੀ ਹੈ। ਇਸ ਤਰ੍ਹਾਂ ਸਰਕਾਰ ਕੋਲੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਸਿੱਧੇ ਜਾਂ ਅਸਿੱਧੇ ਰੂਪ ਵਿਚ ਸਮੂਹਕ ਕਰਕੇ ਚੀਜ਼ਾਂ ਕੀਮਤਾਂ ਤੇ ਅਧੂਰਾ ਲਗਾ ਕੇ ਗਰੀਬ ਪਰਿਵਾਰਾਂ ਨੂੰ ਸੁਰੱਖਿਆ ਪ੍ਰਦਾਨ ਕਰੇ।

ਅੰਤਯੋਦਯਾ ਅੰਨ ਯੋਜਨਾ: ਇਸ ਯੋਜਨਾ ਦਾ ਉਦੇਸ਼ ਬੀ.ਪੀ.ਐਲ. ਪਰਿਵਾਰਾਂ ਵਿਚ ਸਭ ਤੋਂ ਗਰੀਬ ਪਰਿਵਾਰ ਨੂੰ ਟੀ.ਪੀ.ਡੀ.ਐਸ ਰਾਹੀਂ ਅਨਾਜ ਆਦਿ ਦੇ ਕੇ ਭੁੱਖਮਰੀ ਨੂੰ ਘਟਾਉਣਾ ਹੈ। ਇਸ ਦਾ ਉਦਘਾਟਨ ਸਾਲ 2000 ਵਿਚ ਹੋਇਆ। ਇਸ ਦੇ ਵਿਤਰਣ ਦਾ ਅਤੇ ਡੀਲਰਾਂ ਦੇ ਮੁਨਾਫੇ ਦਾ ਸਾਰਾ ਕੰਮ ਰਾਜ ਸਰਕਾਰ ਨੂੰ ਸਾਂਭਣਾ ਪਵੇਗਾ। ਇਸ ਤਹਿਤ ਬੀ.ਪੀ.ਐਲ. ਪਰਿਵਾਰਾਂ ਨੂੰ ਮੁਫਤੀ ਸਹੀਆ ਦੇ ਤੁਪਦੇ ਕਿਲੋ ਦੇ ਹਿਸਾਬ ਨਾਲ 35 ਕਿਲੋ ਕੰਡ ਦਿਤੀ ਜਾਂਦੀ ਹੈ।

ਆਟਾ ਦਾਲ ਸਕੀਮ: ਇਹ ਸਕੀਮ 15 ਅਗਸਤ, 2007 ਨੂੰ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ। ਇਸ ਸਕੀਮ ਤਹਿਤ ਹੇਠਲੇ ਪਰਿਵਾਰਾਂ ਜਿਨ੍ਹਾਂ ਦੀ ਆਮਦਨ 30,000/- ਰੁਪਏ ਸਾਲਾਨਾ ਤੋਂ ਘੱਟ ਹੈ ਨੂੰ ਹੇਠ ਲਿਖੀਆਂ ਵਸਤਾਂ ਦਿਤੀਆਂ ਜਾਂਦੀਆਂ ਹਨ:-

- ਮੁਫਤੀ ਸਹੀਆ ਮੁਫਤੀ ਮੈਂਬਰ 4 ਰੁਪਏ ਕਿਲੋ ਦੇ ਹਿਸਾਬ ਨਾਲ 5 ਕਿਲੋ ਕਣਕ (ਵਿਚ ਤੋਂ ਵੱਧ 25 ਕਿਲੋ ਮੁਫਤ ਸਹੀਆ ਮੁਫਤ ਪਰਿਵਾਰ)
- ਮੁਫਤ ਸਹੀਆ ਮੁਫਤ ਮੈਂਬਰ 20 ਰੁਪਏ ਕਿਲੋ ਦੇ ਹਿਸਾਬ ਨਾਲ ਅੱਧਾ ਕਿਲੋ ਦਾਲ (ਵਿਚ ਤੋਂ ਵੱਧ 2.5 ਕਿਲੋ ਮੁਫਤ ਸਹੀਆ

Scanned with CamScanner

ਪ੍ਰਤੀ ਪਰਿਵਾਰ)

ਇਸ ਸਕੀਮ ਦਾ ਮੰਤਵ ਸਮਾਜ ਦੇ ਗਰੀਬ ਵਰਗ ਦੀਆਂ ਮੁੱਢਲੀਆਂ ਅਨਾਜ ਲੋੜਾਂ ਦੀ ਪੂਰਤੀ ਹੈ। ਇਹਨਾਂ ਪਰਿਵਾਰਾਂ ਨੂੰ ਆਟਾ ਅਤੇ ਦਾਲ ਦੇਣ ਲਈ ਵਿਸ਼ੇਸ਼ ਨੀਲੇ ਰੰਗ ਦੇ ਕਾਰਡ ਦਿੱਤੇ ਗਏ ਹਨ। ਵਿਤਰਣ ਵਾਲੇ ਅਨਾਜ ਦੀ ਮਹੀਨਾਵਾਰ ਜਾਂਚ ਕੀਤੀ ਜਾਂਦੀ ਹੈ ਤਾਂ ਜੋ ਲਾਭਪਾਤਰੀਆਂ ਨੂੰ ਬਿਹਤਰ ਕਿਸਮ ਦਾ ਅਨਾਜ ਨਿਯਮਾਂ ਅਨੁਸਾਰ ਮਿਲ ਸਕੇ।

ਰਾਸ਼ਟਰੀ ਭੋਜਨ ਸੁਰੱਖਿਆ ਐਕਟ 2013 ਰਾਹੀਂ ਬੀ.ਪੀ.ਐਲ. ਅਤੇ ਏ.ਪੀ.ਐਲ. ਪਰਿਵਾਰਾਂ ਨੂੰ ਸਸਤਾ ਰਾਸ਼ਨ ਦੇਣਾ ਬੰਦ ਕਰ ਦਿੱਤਾ ਗਿਆ ਹੈ। ਹੁਣ ਤਰਜੀਹ ਵਾਲੇ ਪਰਿਵਾਰਾਂ ਨੂੰ ਇਹ ਰਾਸ਼ਨ ਦਸੰਬਰ, 2013 ਤੋਂ ਅੰਨਤੋਦਿਆ ਅੰਨ ਯੋਜਨਾ ਰਾਹੀਂ ਦਿੱਤਾ ਜਾ ਰਿਹਾ ਹੈ।ਪੰਜਾਬ ਸਰਕਾਰ ਨੇ ਨੈਸ਼ਨਲ ਫੂਡ ਸਕਿਊਰਟੀ ਐਕਟ 2013 ਦੇ ਅਧੀਨ ਲਵੀ ਆਟਾ ਦਾਲ ਸਕੀਮ ਲਾਗੂ (ਦਸੰਬਰ 2013) ਕੀਤੀ ਹੈ।

ਐਨ ਐਫ ਐਸ ਐਕਟ 2013 ਦੇ ਅਧੀਨ ਪ੍ਰਤੀ ਮੈਂਬਰ ਹਰ ਮਹੀਨੇ 35 ਕਿਲੋ ਗ੍ਰਾਮ ਕਣਕ ਅੰਨਤੋਦਿਆ ਸ਼੍ਰੇਣੀ ਦੇ ਲਾਭਪਾਤਰੀਆਂ ਨੂੰ ਵੰਡੀ ਜਾਂਦੀ ਹੈ ਜਦੋਂ ਕਿ ਤਰਜੀਹੀ ਸ਼੍ਰੇਣੀ ਅਧੀਨ ਪ੍ਰਤੀ ਮੈਂਬਰ 5 ਕਿਲੋਗ੍ਰਾਮ ਪ੍ਰਤੀ ਕਣਕ ਮਹੀਨਾ ਸਨਾਖ਼ਤੀ ਲਾਭਪਾਤਰੀਆਂ ਨੂੰ ਵੰਡੀ ਜਾਂਦੀ ਹੈ। ਸੂਬੇ ਵਿੱਚ ਸਨਾਖ਼ਤ ਕੀਤੇ ਗਏ ਲਾਭਪਾਤਰੀਆਂ ਨੂੰ ਇਕ ਵਾਰ ਵਿਚ ਕਣਕ ਦਾ ਛੇ ਮਹੀਨੇ ਦਾ ਕੋਟਾ ਵੰਡਿਆ ਜਾ ਰਿਹਾ ਹੈ।

ਨਵੀਂ ਆਟਾ ਦਾਲ ਸਕੀਮ: ਇਹ ਪੰਜਾਬ ਸਰਕਾਰ ਦੁਆਰਾ ਦਸੰਬਰ 2013 ਵਿੱਚ ਸ਼ੁਰੂ ਕੀਤੀ ਗਈ। ਇਸ ਸਕੀਮ ਤਹਿਤ ਚੁਣੇ ਹੋਏ ਲਾਭਪਾਤਰੀਆਂ ਜਿੰਨ੍ਹਾਂ ਦੀ ਸਲਾਨਾ ਆਮਦਨ 60,000/- ਰੁਪਏ ਹੈ ਨੂੰ ਹੇਠ ਲਿਖੀਆਂ ਵਸਤਾਂ ਦਿੱਤੀਆਂ ਜਾਂਦੀਆਂ ਹਨ।

- ਪ੍ਰਤੀ ਮਹੀਨਾ ਪ੍ਰਤੀ ਮੈਂਬਰ 2 ਰੁਪਏ ਕਿਲੋ ਦੇ ਹਿਸਾਬ ਨਾਲ 5 ਕਿਲੋ ਕਣਕ (ਵੱਧ ਤੋਂ ਵੱਧ 25 ਕਿਲੋ ਪ੍ਰਤੀ ਮਹੀਨਾ ਪ੍ਰਤੀ ਪਰਿਵਾਰ)
- ਪ੍ਰਤੀ ਮਹੀਨਾ ਪ੍ਰਤੀ ਮੈਂਬਰ 30 ਰੁਪਏ ਕਿਲੋ ਦੇ ਹਿਸਾਬ ਨਾਲ ਅੱਧਾ ਕਿਲੋ ਦਾਲ (ਵੱਧ ਤੋਂ ਵੱਧ 2.5 ਕਿਲੋ ਪ੍ਰਤੀ ਮਹੀਨਾ ਪ੍ਰਤੀ ਪਰਿਵਾਰ)

ਵਧੀ ਹੋਈ ਸਲਾਨਾ ਆਮਦਨ Rs. 60000 ਦੇ ਆਧਾਰ ਤੇ ਨਵੇਂ ਲਾਭਪਾਤਰੀ ਚੁਣੇ ਜਾਣ ਕਾਰਨ ਕੁੱਲ ਲਾਭਪਾਤਰੀਆਂ ਦੀ ਗਿਣਤੀ 15.40 ਲੱਖ ਤੋਂ ਵੱਧ ਕੇ 36.31 ਲੱਖ ਹੋ ਗਈ ਹੈ।

ਸਮਾਰਟ ਰਾਸ਼ਨ ਕਾਰਡ ਸਕੀਮ: ਰਾਜ ਸਰਕਾਰ ਨੇ 2017-18 ਵਿੱਚ ਨਵੀਂ ਆਟਾ ਦਾਲ ਸਕੀਮ ਦਾ ਨਾਮ ਬਦਲ ਕੇ ਸਮਾਰਟ ਰਾਸ਼ਨ ਕਾਰਡ ਸਕੀਮ ਕਰ ਦਿੱਤਾ ਹੈ ਜਿਸ ਅੰਤਰਗਤ ਲਾਭਪਾਤਰੀਆਂ ਨੂੰ ਸਮਾਰਟ ਕਾਰਡ ਦਿੱਤੇ ਜਾ ਰਹੇ ਹਨ। ਈ-ਪੋਸ (e-POS) (ਇਲੈਕਟ੍ਰੋਨਿਕ ਪੁਆਇੰਟ ਆਫ ਸੇਲ) ਮਸ਼ੀਨਾਂ ਦੀ ਪ੍ਰਸਤਾਵਨਾ ਨਾਲ, ਨਵੀਂ ਆਟਾ ਦਾਲ ਸਕੀਮ ਨੂੰ ਨਵਾਂ ਰੂਪ ਦਿੱਤਾ ਗਿਆ ਹੈ ਜਿਸ ਨਾਲ ਇਮਦਾਦੀ ਅਨਾਜ ਦੀ ਸਹੀ ਵੰਡ ਯਕੀਨੀ ਬਣਾਈ ਜਾ ਸਕੇ। ਇਸ ਕੰਮ ਲਈ ਵਿਭਾਗ ਨੇ 1417 ਈ-ਪੋਸ ਮਸ਼ੀਨਾਂ ਪ੍ਰਾਪਤ ਕੀਤੀਆਂ ਹਨ।

ਡੀ-ਸੈਂਟਰਲਾਈਜਡ ਪ੍ਰਕਿਊਰਮੈਂਟ (ਡੀ.ਸੀ.ਪੀ) ਸਕੀਮ ਅਧੀਨ ਕਣਕ ਖਰੀਦ ਕੇ 269 ਖਾਸ ਡੀ.ਸੀ.ਪੀ ਗੁਦਾਮਾਂ ਵਿਚ ਭੰਡਾਰ ਕੀਤੀ ਜਾਂਦੀ ਹੈ ਅਤੇ 16738 ਰਾਸ਼ਨ ਡਿਪੂਆਂ ਰਾਹੀਂ ਭਾਰਤ ਸਰਕਾਰ ਦੀ ਪ੍ਰਵਾਨਗੀ ਅਨੁਸਾਰ ਛਿਮਾਹੀ ਮਾਡਲ ਅਧੀਨ ਹਰ ਲਾਭਪਾਤਰੀ ਨੂੰ 30 ਕਿਲੋ ਦੀਆਂ ਬੰਦ ਬੋਰੀਆਂ ਵਿਚ ਦੋ ਰੁਪਏ ਪ੍ਰਤੀ ਕਿਲੋ ਦੀ ਦਰ ਤੇ ਵੰਡੀ ਜਾਂਦੀ ਹੈ।

Scanned with CamScanner

ਪ੍ਰਾਇਓਰਿਟੀ ਹਾਊਸ ਹੋਲਡ ਕੈਟਾਗਰੀ ਦੇ ਪਰਿਵਾਰਾਂ ਨੂੰ ਪ੍ਰਤੀ ਜੀਅ 5 ਕਿਲੋ ਕਣਕ ਪ੍ਰਤੀ ਮਹੀਨਾ ਦਿਤੀ ਕਿ ਅੰਤਯੋਦਿਆ ਯੋਜਨਾ ਅਧੀਨ ਆਉਂਦੇ ਲਾਭਪਾਤਰੀ ਪਰਿਵਾਰਾਂ ਨੂੰ ਪ੍ਰਤੀ ਮਹੀਨਾ 35 ਕਿਲੋ ਕਣਕ ਮਿਲਦੀ ਹੈ। ਰਾਜ ਸਰਕਾਰ ਵੱਲੋਂ ਸਲਾਨਾ 8.70 ਲੱਖ ਮੀਟ੍ਰਿਕ ਟਨ ਕਣਕ ਦੀ ਵੰਡ 141.45 ਲੱਖ ਲਾਭਪਾਤਰੀਆਂ ਨੂੰ ਕੀਤੀ ਜਾਂਦੀ ਹੈ।

ਨੋਟ:

- ਭਾਰਤ ਸਰਕਾਰ ਨੇ ਪੰਜਾਬ ਰਾਜ ਨੂੰ ਮਾਰਚ, 2017 ਤੋਂ ਮਿੱਟੀ ਦੇ ਤੇਲ ਦੀ ਅਲਾਟਮੈਂਟ ਬੰਦ ਕਰ ਦਿਤੀ ਹੈ।
- ਦਾਲ, ਚੀਨੀ ਅਤੇ ਚਾਹ ਦੀ ਵੰਡ ਦਾ ਰਾਜ ਸਰਕਾਰ ਵੱਲੋਂ ਅਜੇ ਫੈਸਲਾ ਕੀਤਾ ਜਾਣਾ ਹੈ।

ਜਨਤਕ ਵੰਡ ਪ੍ਰਣਾਲੀ ਨੂੰ ਪ੍ਰਵਾਭਸ਼ਾਲੀ ਰੂਪ ਵਿੱਚ ਲਾਗੂ ਕਰਨ ਲਈ ਰਾਜ ਸਰਕਾਰ ਵੱਲੋਂ ਕੀਤੇ ਉਪਰਾਲੇ:

- ਰਾਜ ਸਰਕਾਰ **'ਉਪਭੋਗਤਾ ਸੁਰੱਖਿਆ ਸੈੱਲ'** ਰਾਹੀਂ ਗੈਰਕਾਨੂੰਨੀ ਭੰਡਾਰਨ, ਮੁਨਾਫਾਖੋਰੀ, ਚੋਰ-ਬਜਾਰੀ ਅਤੇ ਸਟੇਬਾਜੀ ਆਦਿ 'ਤੇ ਆਪਣੀ ਲਗਾਤਾਰ ਨਿਗਰਾਨੀ ਅਤੇ ਕਾਬੂ ਰੱਖਦੀ ਹੈ।
- ਖੁਰਾਕ ਅਤੇ ਸਿਵਲ ਸਪਲਾਈ ਅਤੇ ਉਪਭੋਗਤਾ ਸੰਬੰਧੀ ਵਿਭਾਗ ਵੱਲੋਂ ਜ਼ਿਲ੍ਹਾ/ਉਪ-ਡਵੀਜਨ/ਬਲਾਕ ਪੱਧਰ ਤੇ **ਨਿਗਰਾਨ ਕਮੇਟੀਆਂ** ਬਣਾਈਆ ਗਈਆਂ ਹਨ ਤਾਂ ਜੋ ਜਨਤਕ ਵੰਡ ਪ੍ਰਣਾਲੀ ਸੁਚਾਰੂ ਬਣਾਇਆ ਜਾ ਸਕੇ ਅਤੇ ਉਪਭੋਗਤਾਵਾਂ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ।
- ਮੂਲ ਵਸਤਾਂ ਦੀ ਸਪਲਾਈ ਵਿੱਚ ਪਨਸਪ ਵੀ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ। ਮੌਜੂਦਾ ਰਾਜ ਵਿੱਚ 16738 ਰਾਸ਼ਨ ਡਿਪੂਆਂ ਰਾਹੀਂ ਜਨਤਕ ਵੰਡ ਪ੍ਰਣਾਲੀ ਸਫਲਤਾਪੂਰਵਕ ਚਲ ਰਹੀ ਹੈ।
- ਟੀਚਾ ਮਿੱਥੀ ਜਨਤਕ ਵੰਡ ਪ੍ਰਣਾਲੀ (TPDS) ਦੀ ਸੰਪੂਰਨ ਕੰਪਿਊਟਰਾਈਜ਼ੇਸ਼ਨ ਕੀਤੀ ਜਾ ਚੁੱਕੀ ਹੈ।
- ਰਾਸ਼ਨ ਡਿਪੂਆਂ ਦੀ ਆਟੋਮੇਸ਼ਨ ਹੋ ਚੁੱਕੀ ਹੈ।
- ਰਾਸ਼ਨ ਡਿਪੂਆਂ ਰਾਹੀਂ ਚੀਜਾਂ ਦੀ ਗੈਰਕਾਨੂੰਨੀ ਵਿਕਰੀ ਰੋਕਣ ਲਈ ਰਾਜ ਸਰਕਾਰ ਨੇ ਥੋਕ ਵਿਕਰੇਤਾਵਾਂ ਲਈ ਅਨਾਜ ਆਦਿ ਦੀ ਢੁਆਈ ਲਈ ਵਰਤੇ ਜਾਂਦੇ ਟਰੱਕਾਂ ਵਿੱਚ ਵਹੀਕਲ ਟਰੈਕਿੰਗ ਸਿਸਟਮ ਲਗਾਉਣਾ ਲਾਜ਼ਮੀ ਕਰ ਦਿੱਤਾ ਹੈ। ਇਸ ਸਿਸਟਮ ਰਾਹੀਂ ਵਰਤੇ ਜਾਂਦੇ ਟਰੱਕਾਂ ਦਾ ਰੂਟ ਜਾਣਿਆ ਜਾ ਸਕਦਾ ਹੈ ਅਤੇ ਇਹ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਉਹ ਮਿੱਥੇ ਰੂਟ ਤੋਂ ਲਾਂਭੇ ਨਾ ਜਾਣ। ਪੀ.ਡੀ.ਐਸ. ਟਰੱਕਾਂ ਦਾ ਡਾਟਾ ਆਨਲਾਈਨ, ਆਮ ਜਨਤਾ ਲਈ ਉਪਲੱਬਧ ਹੈ ਅਤੇ ਕੋਈ ਵੀ ਨਾਗਰਿਕ ਇਸ ਸੰਬੰਧੀ ਜਾਣਕਾਰੀ ਲੈ ਸਕਦਾ ਹੈ।
- 98.24 ਪ੍ਰਤੀਸ਼ਤ ਲਾਭਪਾਤਰੀ ਪਰਿਵਾਰਾਂ ਦੇ ਰਾਸ਼ਨ ਕਾਰਡਾਂ ਨੂੰ ਉਨ੍ਹਾਂ ਦੇ ਆਧਾਰ ਨੰਬਰਾਂ ਨਾਲ ਲਿੰਕ ਕਰਕੇ ਰਾਸ਼ਨ ਦੀ ਵੰਡ ਦਾ ਕੰਮ ਸਰਕਾਰੀ ਕਰਮਚਾਰੀ, ਪੰਚਾਇਤ ਮੈਂਬਰ, ਕਾਊਂਸਲਰ ਅਤੇ ਸਥਾਨਕ ਨਿਗਰਾਨ ਕਮੇਟੀਆਂ ਦੀ ਨਿਗਰਾਨੀ ਹੇਠ ਕੀਤਾ ਜਾਂਦਾ ਹੈ।
- ਲਾਭਪਾਤਰੀਆਂ ਦੀਆਂ ਸ਼ਿਕਾਇਤਾਂ ਦੇ ਨਿਵਾਰਨ ਲਈ ਤਿੰਨ ਪੱਧਰੀ ਸ਼ਿਕਾਇਤ ਨਿਵਾਰਨ ਕਾਰਜਵਿਧੀ ਸਥਾਪਿਤ ਕੀਤੀ ਗਈ ਹੈ ਜਿਸ ਵਿੱਚ ਅੰਦਰੂਨੀ ਅਤੇ ਬਾਹਰੀ ਕਾਰਜਵਿਧੀਆਂ ਦੇ ਨਾਲ-ਨਾਲ ਰਾਜ ਦੇ ਖੁਰਾਕ ਕਮਿਸ਼ਨ ਪਾਸ ਵੀ ਸ਼ਿਕਾਇਤ ਦਰਜ ਕੀਤੀ ਜਾ ਸਕਦੀ ਹੈ। ਹਰ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ ਪੱਧਰ ਦੇ ਅਧਿਕਾਰੀ ਨੂੰ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਧਿਕਾਰੀ ਵੱਜੋਂ ਨਾਮਜਦ ਕੀਤਾ ਗਿਆ ਹੈ।
- ਰਾਜ ਪੱਧਰੀ ਏਪੈਕਸ ਕਮੇਟੀ ਅਤੇ ਸਟੇਟ ਪ੍ਰੋਜੈਕਟ ਈ-ਮਿਸ਼ਨ ਟੀਮ ਵੀ ਗਠਿਤ ਕੀਤੀ ਜਾ ਚੁੱਕੀ ਹੈ।

Scanned with CamScanner

11.12 ਆਵਾਜਾਈ:

ਸੜਕਾਂ:

ਪੰਜਾਬ ਵਿੱਚ ਸੜਕੀ ਮਾਰਗਾਂ ਦੀ ਕੁੱਲ ਲੰਬਾਈ 72,212 ਕਿਲੋਮੀਟਰ ਹੈ। ਜਿਸ ਵਿੱਚ ਰਾਸ਼ਟਰੀ ਮੁੱਖ ਮਾਰਗ, ਰਾਜ ਮੁੱਖ ਮਾਰਗ, ਜਿਲ੍ਹਿਆ ਦੇ ਮੁੱਖ ਮਾਰਗ, ਪੇਂਡੂ ਖੇਤਰਾਂ ਦੀਆਂ ਸੜਕਾਂ ਅਤੇ ਲਿੰਕ ਸੜਕਾਂ ਦੀ ਸ਼ਾਮਿਲ ਹਨ। ਕੁੱਲ 12154 ਪਿੰਡ ਲੋਕ ਮਾਰਗਾਂ ਰਾਹੀਂ ਜੁੜੇ ਹੋਏ ਹਨ ਅਤੇ 100% ਸੰਪੰਕਤਾ ਦਰਸਾਉਂਦੇ ਹਨ। 1970 ਦੇ ਸ਼ੁਰੂ ਵਿੱਚ ਹੀ ਸਾਰੇ ਪਿੰਡਾਂ ਨੂੰ ਸੜਕਾਂ ਰਾਹੀਂ ਜੋੜ ਦਿੱਤਾ ਗਿਆ ਸੀ।

- ਕੁੱਲ 12 ਰਾਸ਼ਟਰੀ ਮੁੱਖ ਮਾਰਗ ਪੰਜਾਬ ਰਾਜ ਵਿੱਚੋਂ ਹੀ ਲੰਘਦੇ ਹਨ। ਪੰਜਾਬ ਦੇ ਹੋਰਨਾਂ ਮਾਰਗਾਂ ਨਾਲੋਂ ਰਾਸ਼ਟਰੀ ਮੁੱਖ ਮਾਰਗ 15 ਲੰਬਾਈ ਵਿੱਚ ਸਭ ਤੋਂ ਵੱਡਾ ਹੈ ਇਸ ਦੀ ਲੰਬਾਈ ਪੰਜਾਬ ਵਿੱਚ 350 ਕਿ.ਮੀ. ਹੈ।

12ਵੀਂ ਪੰਜ ਸਾਲਾ ਯੋਜਨਾ ਅਨੁਸਾਰ ਹੇਠ ਲਿਖੇ ਮੁੱਖ ਮਾਰਗ ਬਣਾਉਣ ਦੀ ਤਜਵੀਜ ਹੈ:

- ਅੰਮ੍ਰਿਤਸਰ-ਸ੍ਰੀ ਗੰਗਾ ਨਗਰ ਸੜਕ (NH-15) ਦੀ 4 ਲੇਨਿੰਗ
- ਜਲੰਧਰ-ਜੀਂਦ ਮਾਰਗ(NH-15) ਦੀ 4 ਲੇਨਿੰਗ
- ਜਲੰਧਰ-ਮੀਲਵਾਨ ਮਾਰਗ(NH-1) ਦੀ 6 ਲੇਨਿੰਗ
- ਖਰੜ ਕੁਰਾਲੀ ਮਾਰਗ(NH-21) ਦੀ 4 ਲੇਨਿੰਗ

ਰੇਲ ਮਾਰਗ:

ਪੰਜਾਬ ਰੇਲਮਾਰਗ ਰਾਹੀਂ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ ਜਿਵੇਂ ਕਿ ਸ੍ਰੀ ਗੰਗਾਨਗਰ-ਦਿੱਲੀ, ਸ੍ਰੀ ਗੰਗਾ ਨਗਰ-ਬਠਿੰਡਾ-ਨਿਜਵਾਨਾ, ਫਿਰੋਜਪੁਰ-ਲੁਧਿਆਣਾ-ਅੰਬਾਲਾ, ਅੰਮ੍ਰਿਤਸਰ-ਅੰਬਾਲਾ-ਦਿੱਲੀ, ਪਠਾਨਕੋਟ-ਫਤਿਹਗੜ੍ਹ ਸਾਹਿਬ। ਪੰਜਾਬ ਵਿਚਲੇ ਰੇਲਮਾਰਗਾਂ ਦੀ ਕੁੱਲ ਲੰਬਾਈ 1844.65 ਕਿ.ਮੀ. ਹੈ।

ਬੱਸ ਸੇਵਾ ਰਾਹੀਂ ਪਾਕਿਸਤਾਨ ਤੱਕ ਪਹੁੰਚ:

ਪੰਜਾਬ ਬੱਸ ਸੇਵਾ ਰਾਹੀਂ ਵੀ ਪਾਕਿਸਤਾਨ ਨਾਲ ਜੁੜਿਆ ਹੋਇਆ ਹੈ:

- 'ਪੰਜਾਬ': ਅੰਮ੍ਰਿਤਸਰ ਤੋਂ ਨਨਕਾਣਾ ਸਾਹਿਬ।
- 'ਏਸਤੀ': ਅੰਮ੍ਰਿਤਸਰ ਤੋਂ ਲਾਹੌਰ।

ਹਵਾਈ ਮਾਰਗ:

ਪੂਰੇ ਦੇਸ਼ ਵਿੱਚੋਂ ਪੰਜਾਬ ਵਿੱਚ ਸਭ ਤੋਂ ਵਧੇਰੇ ਹਵਾਈ ਅੱਡੇ ਹਨ। ਇੱਥੇ ਦੋਵੇਂ ਘਰੇਲੂ ਅਤੇ ਅੰਤਰਰਾਸ਼ਟਰੀ ਹਵਾਈ ਅੱਡੇ ਹਨ ਤਾਂ ਜੋ ਦੋਵੇਂ ਤਰ੍ਹਾਂ ਦੀਆਂ ਲੋੜਾਂ ਦੀ ਪੂਰਤੀ ਹ�ो ਸਕੇ। ਰਾਜ ਵਿਚਲੇ ਮੁੱਖ ਹਵਾਈ ਅੱਡੇ ਹਨ:

- ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ (ਅੰਤਰ ਰਾਸ਼ਟਰੀ)।
- ਚੰਡੀਗੜ੍ਹ ਅੰਤਰ ਰਾਸ਼ਟਰੀ ਹਵਾਈ ਅੱਡਾ, ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ)।
- ਚੰਡੀਗੜ੍ਹ ਹਵਾਈ ਅੱਡਾ (ਘਰੇਲੂ)।
- ਲੁਧਿਆਣਾ ਹਵਾਈ ਅੱਡਾ (ਘਰੇਲੂ) (ਪੂਰਨ ਰੂਪ ਵਿੱਚ ਵਿਸਤ੍ਰਿਤ ਕੀਤਾ ਜਾ ਰਿਹਾ ਹੈ)।
- ਸਿਵਲ ਐਨਕਲੇਵ, ਹਵਾਈ ਸੇਨਾ ਸਟੇਸ਼ਨ, ਭੀਸੀਆਨਾ ਨੇੜੇ ਬਠਿੰਡਾ (ਘਰੇਲੂ)।
- ਸਿਵਲ ਐਨਕਲੇਵ, ਹਵਾਈ ਸੇਨਾ ਸਟੇਸ਼ਨ, ਪਠਾਨਕੋਟ।

Scanned with CamScanner

ਆਵਾਜਾਈ ਦੇ ਖੇਤਰ ਵਿੱਚ ਰਾਜ ਸਰਕਾਰ ਵੱਲੋਂ ਕੀਤੇ ਉਪਰਾਲੇ:

- ਪੰਜਾਬ ਰੋਡਵੇਜ਼ / ਪਨਬਸ ਦੀਆਂ 1680 ਬੱਸਾਂ ਰਾਹੀਂ ਰਾਜ ਸਰਕਾਰ ਨਾਗਰਿਕਾਂ ਨੂੰ ਸੁਰੱਖਿਅਤ ਅਤੇ ਸਹੀ ਕੀਮਤ ਤੇ ਆਵਾਜਾਈ ਸਬੰਧੀ ਸਹੂਲਤਾਂ ਦੇਣ ਲਈ ਵਚਨਬੱਧ ਹੈ।
- 16 ਨਵੇਂ ਬੱਸ ਅੱਡੇ (ਅੰਮ੍ਰਿਤਸਰ, ਬਰਨਾਲਾ, ਬਟਾਲਾ, ਬਠਿੰਡਾ, ਫਗਵਾੜਾ, ਫਾਜ਼ਿਲਕਾ, ਮਾਨਸਾ, ਗੁਰਦਾਸਪੁਰ, ਨਕੋਦਰ, ਕਰਤਾਰਪੁਰ, ਪਟਿਆਲਾ, ਲੁਧਿਆਣਾ, ਸਰਹੰਦ, ਜਲੰਧਰ, ਰਾਏਕੋਟ, ਅਤੇ ਰੋਪੜ ਵਿਖੇ) ਜਨਤਕ-ਨਿੱਜੀ-ਸਾਂਝੇਦਾਰੀ (ਪੀ.ਪੀ.ਪੀ) ਪ੍ਰਣਾਲੀ ਅਧੀਨ ਵਿਕਸਿਤ ਕੀਤੇ ਜਾ ਰਹੇ ਹਨ।
- ਰਾਜ ਵਿੱਚ ਪ੍ਰਦੂਸ਼ਨ ਘਟਾਉਣ ਲਈ ਰਾਜ ਸਰਕਾਰ ਨੇ ਬਿਜਲੀ ਚਾਲਕ ਵਾਹਨਾਂ ਦੀ ਵਰਤੋਂ ਲਈ ਵੀ ਪਾਲਿਸੀ ਲਿਆਉਣ ਦਾ ਫ਼ੈਸਲਾ ਕੀਤਾ ਹੈ।
- **32 ਸਵੈ ਚਲਿਤ ਡਰਾਈਵਿੰਗ ਟੈਸਟ ਸੈਂਟਰ** ਬਣਾਏ ਜਾ ਚੁੱਕੇ ਹਨ ਤਾਂ ਜੋ ਲਾਇਸੰਸ ਜਾਰੀ ਕਰਨ ਤੋਂ ਪਹਿਲਾਂ ਮਿਆਰੀ ਸਿਖਲਾਈ ਪ੍ਰਦਾਨ ਕੀਤੀ ਜਾ ਸਕੇ।
- ਸਿਵਲ ਇਨਕਲੇਵ, ਏਅਰ ਫੋਰਸ ਸਟੇਸ਼ਨ, ਆਦਮਪੁਰ ਸਥਾਪਤ ਕੀਤਾ ਜਾ ਰਿਹਾ ਹੈ।
- **ਪੰਜਾਬ ਰਾਜ ਸ਼ਹਿਰੀ ਹਵਾਬਾਜੀ ਕੌਂਸਲ:** ਪੰਜਾਬ ਸਰਕਾਰ ਦੁਆਰਾ ਪੰਜਾਬ ਰਾਜ ਵਿੱਚ ਫਲਾਇੰਗ ਅਤੇ ਏਅਰਕਰਾਫਟ ਮੈਨਟੀਨੈਂਸ ਇੰਜਨੀਅਰਿੰਗ ਖੇਤਰ ਨੂੰ ਵਧਾਉਣ ਲਈ ਪੰਜਾਬ ਰਾਜ ਸ਼ਹਿਰੀ ਹਵਾਬਾਜੀ ਕੌਂਸਲ ਦੀ ਸਥਾਪਨਾ ਕੀਤੀ ਗਈ ਹੈ। ਹਵਾਬਾਜੀ ਖੇਤਰ ਵਿੱਚ ਪਾਇਲਟ ਅਤੇ ਇੰਜਨੀਅਰਿੰਗ ਦੀ ਸਿੱਖਿਆ ਨਾਲ ਸਬੰਧਤ ਹਰ ਟਰੇਨਿੰਗ ਪਟਿਆਲਾ ਸਿਵਲ ਐਰੋਡਰਮ ਵਿਖੇ ਮੁਹੱਇਆ ਕਰਵਾਈ ਜਾਂਦੀ ਹੈ। ਵਿਦਿਆਰਥੀਆਂ ਦੇ ਫ਼ਾਇਦੇ ਲਈ ਪਟਿਆਲਾ ਸਿਵਲ ਐਰੋਡਰਮ ਵਿਖੇ ਸਥਿਤ ਸਾਰੇ ਅਦਾਰੇ ਇੱਥੇ ਹਰ ਤਰਾਂ, ਦੇ ਸਮਾਨ ਅਤੇ ਸਰੋਤਾਂ ਦੀ ਮਿਲਕੇ ਵਰਤੋਂ ਕਰਦੇ ਹਨ।
- ਪੰਜਾਬ ਸਰਕਾਰ ਵੱਲੋਂ ਮਾਨਵ ਸੰਸਾਧਨ ਮੰਤਰਾਲੇ, ਭਾਰਤ ਸਰਕਾਰ ਦੀ ਪ੍ਰਵਾਨਗੀ ਨਾਲ ਪਟਿਆਲਾ ਵਿਖੇ-**ਪੰਜਾਬ ਸਟੇਟ ਐਰੋਨਾਟੀਕਲ ਇੰਜਨੀਅਰਿੰਗ ਕਾਲਜ** ਦੀ ਸਥਾਪਨਾ ਕੀਤੀ ਗਈ ਹੈ। ਜਿਸ ਲਈ ਰਾਸ਼ਟਰੀ ਉਚਤ ਸਿੱਖਿਆ ਅਭਿਆਨ (RUSA) ਵੱਲੋਂ ਵਿੱਤੀ ਸਹਾਇਤਾ ਦਿੱਤੀ ਗਈ ਹੈ। ਹੁਣ ਇਹ ਕਾਲਜ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾਂ ਦਾ ਹਿੱਸਾ ਬਣ ਗਿਆ ਹੈ ਅਤੇ ਚਾਲੂ ਵਿੱਦਿਅਕ ਵਰ੍ਹੇ 2018-19 ਤੋਂ ਇੱਥੇ ਬੀ-ਟੈਕ ਦੇ ਕੋਰਸ ਦੀ ਪੜਾਈ ਸ਼ੁਰੂ ਹੋ ਚੁੱਕੀ ਹੈ।
- **ਰੀਜਨਲ ਕੁਨੈਕਟੀਵਿਟੀ ਸਕੀਮ (ਉਡਾਨ)** ਪੰਜਾਬ ਵਿੱਚ ਲਾਗੂ ਹੋ ਗਈ ਹੈ। ਇਸ ਸਕੀਮ ਅਧੀਨ ਦਿੱਲੀ, ਲੁਧਿਆਣਾ, ਆਦਮਪੁਰ, ਬਠਿੰਡਾ, ਜੰਮੂ ਅਤੇ ਪਠਾਨਕੋਟ ਤੋਂ ਹਵਾਈ ਉਡਾਣਾਂ ਚੱਲ ਰਹੀਆਂ ਹਨ। ਪੰਜਾਬ ਸਰਕਾਰ ਵੱਲੋਂ ਸ਼ਹਿਰੀ-ਹਵਾਬਾਜੀ ਮੰਤਰਾਲੇ, ਭਾਰਤ ਸਰਕਾਰ ਅਤੇ ਏਅਰਪੋਰਟ ਅਥਾਰਟੀ ਆਫ ਇੰਡੀਆ ਨਾਲ ਸਮਝੌਤਾ ਸਹੀ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਵਾਇਆਬਿਲਟੀ ਗੈਪ ਫੰਡ ਦਾ 20% ਹਿੱਸਾ ਦਿੱਤਾ ਜਾਣਾ ਹੈ ਅਤੇ ਬਾਕੀ ਦਾ 80% ਹਿੱਸਾ ਕੇਂਦਰ ਸਰਕਾਰ ਦੁਆਰਾ ਦਿੱਤਾ ਜਾ ਰਿਹਾ ਹੈ।
- ਸ਼ਹਿਰੀ ਹਵਾਬਾਜੀ ਮੰਤਰਾਲੇ, ਭਾਰਤ ਸਰਕਾਰ ਅਤੇ ਇੰਡੀਅਨ ਏਅਰ ਫੋਰਸ ਵੱਲੋਂ ਹਲਵਾਰਾ ਵਿਖੇ **ਇੰਟਰਨੈਸ਼ਨਲ ਸਿਵਲ ਏਅਰ ਟਰਮੀਨਲ** ਬਨਾਉਣ ਨੂੰ ਸਿਧਾਂਤਕ ਸਹਿਮਤੀ ਦੇ ਦਿੱਤੀ ਗਈ ਹੈ। ਪੰਜਾਬ ਸਰਕਾਰ ਅਤੇ ਏਅਰਪੋਰਟਸ ਅਥਾਰਟੀ ਆਫ ਇੰਡੀਆ ਦਰਮਿਆਨ ਦਿਸੰਬਰ, 2018 ਵਿੱਚ ਇਹ ਸਮਝੌਤਾ ਸਹੀ ਕਰ ਲਿਆ ਗਿਆ ਹੈ। ਗਲਾਡਾ ਦੁਆਰਾ ਇਸ ਪ੍ਰੋਜੈਕਟ ਲਈ 135 ਏਕੜ ਜਮੀਨ ਆਪਣੀ ਹਿੱਸੇਦਾਰੀ ਵੱਜੋਂ ਬਿਨ੍ਹਾਂ ਕਿਸੇ ਕੀਮਤ ਤੇ ਏਅਰਪੋਰਟਸ ਅਥਾਰਟੀ ਆਫ ਇੰਡੀਆ ਨੂੰ ਦਿੱਤੀ ਜਾਵੇਗੀ।

Scanned with CamScanner

11.13 ਸੈਰ ਸਪਾਟਾ ਅਤੇ ਸੱਭਿਆਚਾਰ:

ਰਾਜ ਸਰਕਾਰ ਪੰਜਾਬ ਦੇ ਅਮੀਰ ਵਿਰਸੇ ਨੂੰ ਸਾਂਭਣ ਅਤੇ ਵਿਕਸਿਤ ਕਰਨ ਲਈ ਵਚਨਬੱਧ ਹੈ। ਇਸ ਲਈ ਸੈਰ ਸਪਾਟੇ ਅਤੇ ਸੱਭਿਆਚਾਰਕ ਖੇਤਰ ਵਿੱਚ ਪੰਜਾਬ ਸਰਕਾਰ ਵੱਲੋਂ ਹੇਠ ਲਿਖੇ ਉਪਰਾਲੇ ਕੀਤੇ ਗਏ ਹਨ:

- **ਪੰਜਾਬ ਵਿਰਾਸਤ ਸੈਰ ਸਪਾਟਾ ਵਿਕਾਸ ਬੋਰਡ,** ਇਕ ਨੋਡਲ ਏਜੰਸੀ ਹੈ ਜਿਸ ਦੀ ਜਿੰਮੇਵਾਰੀ ਸੱਭਿਆਚਾਰਕ ਵਿਰਾਸਤ ਦੀ ਸਾਂਭ-ਸੰਭਾਲ, ਸੁਰੱਖਿਆ, ਪ੍ਰਚਾਰ ਅਤੇ ਦਸਤਾਵੇਜ਼ ਕਾਰਜ ਕਰਨਾ ਅਤੇ ਸੈਰ ਸਪਾਟੇ ਦਾ ਵਿਕਾਸ ਕਰਨਾ ਹੈ। ਪੰਜਾਬ ਦੀ ਵਿਕਾਸਤੀ ਜਾਇਦਾਦ ਦੀ ਮੁਰੰਮਤ ਅਤੇ ਅਪ-ਗ੍ਰੇਡ ਕਰਨ ਦੀ ਜਿੰਮੇਵਾਰੀ ਵੀ ਇਸ ਬੋਰਡ ਦੀ ਹੈ।
- ਰਾਜ ਵਿੱਚ ਸੱਭਿਆਚਾਰਕ ਸਾਂਭ ਲਈ ਹੇਠ ਲਿਖਿਤ ਪ੍ਰਾਜੈਕਟ ਕੀਤੇ ਜਾ ਰਹੇ ਹਨ:
  - ਫਤਿਹਗੜ੍ਹ ਦਾ ਆਮ ਖਾਸ ਬਾਗ।
  - ਅੰਮ੍ਰਿਤਸਰ ਦਾ ਟਾਊਨ ਹਾਲ।
  - ਕਪੂਰਥਲਾ ਦਾ ਦਰਬਾਰ ਹਾਲ।
  - ਫਤਿਹਗੜ੍ਹ ਸਾਹਿਬ ਦਾ ਰੋਜ਼ਾ ਸ਼ਰੀਫ ਅਤੇ ਦਰਗਾਹ।
  - ਰਾਮ ਬਾਗ ਮਹਿਲ।
  - ਅੰਮ੍ਰਿਤਸਰ ਦਾ ਪਟਿਆਲੇ ਦਾ ਕਿਲ੍ਹਾ ਮੁਬਾਰਕ।
  - ਕਿਲਾ ਮੁਬਾਰਕ ਪਟਿਆਲਾ।
  - ਬਠਿੰਡਾ ਵਿਖੇ ਕਿਲਾ।
- ਰਾਜ ਸਰਕਾਰ ਨੇ ਸੱਭਿਆਚਾਰ ਅਤੇ ਸੈਰ ਸਪਾਟੇ ਨੂੰ ਪ੍ਰਫੁੱਲਿਤ ਕਰਨ ਲਈ ਹੇਠ ਲਿਖੀਆਂ ਯਾਦਗਾਰਾਂ ਬਣਵਾਈਆਂ ਹਨ:
  - ਅਨੰਦਪੁਰ ਸਾਹਿਬ ਵਿਖੇ ਖਾਲਸਾ ਹੈਰੀਟੇਜ ਕੰਪਲੈਕਸ।
  - ਚੱਪੜ ਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ।
  - ਜਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਲ ਵਿਖੇ ਛੋਟਾ ਘੱਲੂਘਾਰਾ ਕਾਹਨੂੰਵਾਲ ਛੰਭ ਮੈਮੋਰੀਅਲ।
  - ਜਿਲ੍ਹਾ ਸੰਗਰੂਰ ਦੇ ਪਿੰਡ ਰੋਹੀੜਾ ਵਿਖੇ ਵੱਡਾ ਘੱਲੂਘਾਰਾ ਕੁੱਪ ਰੋਹੀੜਾ ਮੈਮੋਰੀਅਲ।
  - ਖੱਟਕੜ ਕਲਾਂ ਵਿਖੇ ਸਥਿਤ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਜਾਇਬ ਘਰ।
  - ਜਿਲ੍ਹਾ ਜਲੰਧਰ ਦੇ ਕਰਤਾਰਪੁਰ ਲਾਗੇ ਅਜ਼ਾਦੀ ਦੀ ਲੜਾਈ ਦੇ ਘੁਲਾਟੀਆਂ ਦੀ ਯਾਦ ਵਿੱਚ 'ਜੰਗ-ਏ-ਆਜ਼ਾਦੀ' ਮੈਮੋਰੀਅਲ।
  - ਅੰਮ੍ਰਿਤਸਰ ਵਿਖੇ ਵਾਰ ਮੈਮੋਰੀਅਲ ਅਤੇ ਅਜਾਇਬ ਘਰ।
  - ਅੰਮ੍ਰਿਤਸਰ ਵਿਖੇ ਭਗਵਾਨ ਬਾਲਮੀਕੀ ਤੀਰਥ ਸਥਲ (ਰਾਮ ਤੀਰਥ)।
- ਮਹੱਤਵਪੂਰਨ ਹਸਤੀਆਂ ਅਤੇ ਮੋਕਿਆਂ ਦੀ ਯਾਦ ਵਿੱਚ ਹੇਠ ਲਿਖੇ ਮੈਮੋਰੀਅਲ ਉਸਾਰੇ ਜਾ ਰਹੇ ਹਨ:
  - ਖੁਰਲਗੜ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਗੁਰੂ ਰਵੀਦਾਸ ਮੈਮੋਰੀਅਲ।
  - ਫਿਰੋਜਪੁਰ ਵਿਖੇ ਭਾਈ ਮਰਦਾਨਾ ਜੀ ਮੈਮੋਰੀਅਲ।
  - ਫਤਿਹਗੜ੍ਹ ਸਾਹਿਬ ਵਿਖੇ ਬਾਬਾ ਮੋਤੀ ਰਾਮ ਮਹਿਰਾ ਜੀ ਮੈਮੋਰੀਅਲ।
  - ਸੁਨਾਮ ਵਿਖੇ ਸ਼ਹੀਦ ਊਧਮ ਸਿੰਘ ਮੈਮੋਰੀਅਲ।
  - ਸਵਾਮੀ ਵਿਵੇਕਾਨੰਦ ਮੈਮੋਰੀਅਲ।

Scanned with CamScanner

- ਕਰਤਾਰਪੁਰ (ਜ਼ਿਲ੍ਹਾ ਜਲੰਧਰ) ਵਿਖੇ ਗਿਰਜਾ ਨੰਦ ਜੀ ਮੈਮੋਰੀਅਲ।
- ਅਨੰਦਪੁਰ ਸਾਹਿਬ ਵਿਖੇ ਬਾਬਾ ਜੀਵਨ ਸਿੰਘ ਮੈਮੋਰੀਅਲ।
- ਜ਼ਿਲ੍ਹਾ ਰਾਏਪੁਰ ਵਿਖੇ ਮੈਮੋਰੀਅਲ।
- ਸਾਰਾਗੜੀ ਮੈਮੋਰੀਅਲ, ਫਿਰੋਜ਼ਪੁਰ।
- ਜੈਤੋ ਮੋਰਚਾ ਮੈਮੋਰੀਅਲ, ਜੈਤੋ।

- **ਅੰਮ੍ਰਿਤਸਰ-ਇਕ ਇਤਿਹਾਸਕ ਨਗਰੀ:** ਅੰਮ੍ਰਿਤਸਰ ਸ਼ਹਿਰ ਦਾ ਵਿਸ਼ੇਸ਼ ਰੁਤਬਾ ਕੇਵਲ ਪੰਜਾਬ ਵਿਚ ਨਹੀਂ ਸਗੋਂ ਪੂਰੇ ਵਿਸ਼ਵ ਵਿਚ ਹੈ। ਅੰਮ੍ਰਿਤਸਰ ਵਿਖੇ ਪੁਨਰ ਵਿਕਾਸ ਦੇ ਕੀਤੇ ਜਾ ਰਹੇ ਕੰਮ ਹਨ: ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਨੂੰ ਜਾਂਦੇ ਰਾਹ ਤੇ ਪਲਾਜ਼ਾ ਬਣਾਉਣਾ, ਹਰਿਮੰਦਰ ਸਾਹਿਬ ਦੇ ਚੁਗਿਰਦੇ ਦਾ ਵਿਕਾਸ, ਜਲ੍ਹਿਆਂਵਾਲਾ ਬਾਗ, ਟਾਊਨਹਾਲ ਅਤੇ ਹਾਲ ਗੇਟ ਦੀ ਸੰਭਾਲ ਅਤੇ ਵਿਕਾਸ ਆਦਿ। ਰਾਜ ਸਰਕਾਰ ਨੇ ਅੰਮ੍ਰਿਤਸਰ ਦੇ ਲਈ ਇਕ ਵਿਸਤ੍ਰਿਤ ਸ਼ਹਿਰੀ ਪੁਨਰ ਤਜਵੀਜ਼ ਰੱਖੀ ਹੈ।
- ਅੰਮ੍ਰਿਤਸਰ- ਡੇਰਾ ਬਾਬਾ ਨਾਨਕ-ਸੁਲਤਾਨਪੁਰ ਲੋਧੀ ਵਿਖੇ ਮਹਾਂ ਸਰਕਟ ਸਥਾਪਿਤ ਕੀਤਾ ਜਾ ਰਿਹਾ ਹੈ।
- ਰਾਜ ਸਰਕਾਰ ਨੇ ਪਵਿੱਤਰ ਨਦੀ ਬੇਂਈ ਦੀ ਧਾਰਮਿਕ ਅਤੇ ਸਭਿਆਚਾਰਕ ਇਤਿਹਾਸਕ ਅਤੇ ਇਸ ਦੀ ਸੁੰਦਰਤਾ ਦੀ ਪ੍ਰਦਰਸ਼ਨੀ ਕਰਨ ਲਈ ਸੁਲਤਾਨਪੁਰ ਲੋਧੀ ਵਿਖੇ ਇੱਕ ਬਹੁਮੰਤਵੀ ਪ੍ਰਾਜੈਕਟ ਲਗਾਇਆ ਜਾ ਰਿਹਾ ਹੈ।
- ਰਾਜ ਸਰਕਾਰ ਰੋਪੜ ਅਤੇ ਹਰੀਕੇ ਭਰਭੂਮੀਆਂ ਤੇ ਈਕੋ-ਟੂਰਿਜ਼ਮ ਦਾ ਵਿਕਾਸ ਕਰ ਰਹੀ ਹੈ।
- **ਮੁੱਖ ਮੰਤਰੀ ਤੀਰਥ ਦਰਸ਼ਨ ਯਾਤਰਾ:** ਰਾਜ ਵਿੱਚ ਸੰਪਰਦਾਇਕ ਸਾਂਝ ਅਤੇ ਏਕਤਾ ਬਣਾਏ ਰੱਖਣ ਲਈ ਰਾਜ ਸਰਕਾਰ ਨੇ ਸਕੀਮ ਮੁੱਖ ਮੰਤਰੀ ਤੀਰਥ ਦਰਸ਼ਨ ਯਾਤਰਾ ਸ਼ੁਰੂ ਕੀਤੀ ਹੈ। ਇਸ ਸਕੀਮ ਤਹਿਤ ਧਾਰਮਿਕ ਅਤੇ ਸੱਭਿਆਚਾਰਕ ਮਹੱਤਤਾ ਵਾਲੇ ਸਥਾਨ ਜਿਵੇਂ ਹਜ਼ੂਰ ਸਾਹਿਬ, ਵਾਰਾਨਸੀ, ਅਜਮੇਰ ਸ਼ਰੀਫ, ਮਾਤਾ ਚਿੰਤਪੁਰਨੀ ਅਤੇ ਸਾਲਾਸਰ ਦੀ ਮੁਫ਼ਤ ਯਾਤਰਾ ਦੀ ਸੁਵਿਧਾ ਮੁੱਹਈਆ ਕਰਵਾਈ ਗਈ ਹੈ। ਇਸੇ ਸਕੀਮ ਤਹਿਤ ਈਸਾਈ ਭਾਈਚਾਰੇ ਲਈ ਚੇਨਈ ਵਾਸਤੇ ਮੁਫ਼ਤ ਰੇਲ ਯਾਤਰਾ ਦੀ ਸੁਵਿਧਾ ਵੀ ਦਿੱਤੀ ਗਈ ਹੈ।
- **ਵਿਰਾਸਤੀ ਤਿਓਹਾਰ:** ਰਾਜ ਸਰਕਾਰ ਨੇ ਨਵੀ ਪੀੜੀ ਨੂੰ ਆਪਣੀ ਵਿਰਾਸਤ ਬਾਰੇ ਪ੍ਰੇਰਿਤ ਕਰਨ ਲਈ ਵਿਰਾਸਤੀ ਤਿਉਹਾਰਾਂ ਦੇ ਆਯੋਜਨ ਕਰਨ ਦਾ ਫੈਸਲਾ ਕੀਤਾ ਹੈ।
- ਪੰਜਾਬੀ ਭਾਸ਼ਾ ਅਤੇ ਵਿਰਸੇ ਨੂੰ ਉਤਸਾਹਿਤ ਕਰਨ ਲਈ ਰਾਜ ਸਰਕਾਰ ਨੇ ਸੱਭਿਆਚਾਰਕ, ਸੰਗੀਤਕ, ਥੀਏਟਰ ਸ਼ੋਆਂ ਅਤੇ ਫਿਲਮਾਂ ਜੋ ਪੰਜਾਬੀ ਭਾਸ਼ਾ ਅਤੇ ਵਿਰਸੇ ਨੂੰ ਉਜਾਗਰ ਕਰਦੀਆਂ ਹਨ ਉੱਪਰ ਮਨੋਰੰਜਨ ਕਰ ਖਤਮ ਕਰ ਦਿੱਤਾ ਹੈ। ਪੰਜਾਬ ਦੇ ਹਰ ਥੀਏਟਰ ਵਿੱਚ ਸਾਰੇ ਦਿਨ ਵਿੱਚ ਇੱਕ ਪੰਜਾਬੀ ਫ਼ਿਲਮ ਦਿਖਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ।
- **ਸ੍ਰੀ ਆਨੰਦਪੁਰ ਸਾਹਿਬ-ਨੈਨਾ ਦੇਵੀ ਰੋਪ ਵੇਅ:** ਪੰਜਾਬ ਸਰਕਾਰ ਨੇ ਸ੍ਰੀ ਆਨੰਦਪੁਰ ਸਾਹਿਬ ਅਤੇ ਮਾਤਾ ਨੈਨਾ ਦੇਵੀ ਜੀ ਵਿਚਕਾਰ ਇਕ ਰੋਪ ਵੇਅ ਦੀ ਉਸਾਰੀ ਲਈ ਹਿਮਾਚਲ ਪ੍ਰਦੇਸ਼ ਸਰਕਾਰ ਨਾਲ ਇਕ ਇਤਿਹਾਸਕ ਇਕਰਾਰਨਾਮਾ ਕੀਤਾ ਹੈ।
- ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਦੇ 350 ਸਾਲ ਪੂਰੇ ਹੋਣ ਤੇ ਜਸ਼ਨ ਮਨਾਏ ਗਏ ਹਨ।
- ਰਾਜ ਸਰਕਾਰ ਨੇ 13 ਅਪ੍ਰੈਲ 2019 ਨੂੰ ਜਲ੍ਹਿਆਂ ਵਾਲੇ ਬਾਗ਼ ਦੇ ਖੂਨੀ ਸਾਕੇ ਦੀ ਸ਼ਤਾਬਦੀ ਮਨਾਈ ਹੈ। ਇਸ ਮੌਕੇ ਨੂੰ ਯਾਦ ਕਰਨ ਲਈ ਰਾਜ ਸਰਕਾਰ ਨੇ ਬਹੁਤ ਸਾਰੀਆਂ ਸਾਹਿਤਕ ਅਤੇ ਸੱਭਿਆਚਾਰਕ ਗਤੀਵਿਧੀਆਂ ਅਤੇ ਜਨਤਕ ਸਮਾਗਮਾਂ ਦੇ ਨਾਲ-ਨਾਲ ਅੰਮ੍ਰਿਤਸਰ ਵਿਚ ਇਕ 'ਸ਼ਹੀਦ ਸਨਮਾਨ' ਰੈਲੀ ਵੀ ਆਯੋਜਿਤ ਕੀਤੀ ਹੈ।

Scanned with CamScanner

- ਰਾਜ ਸਰਕਾਰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ 150 ਵੀਂ ਜ਼ੋਮ-ਏ-ਪੈਦਾਇਸ਼ ਵਰ੍ਹੇ ਗੰਢ ਵੀ ਮਨਾ ਰਹੀ ਹੈ ਅਤੇ ਪੰਜਾਬ ਦੀਆਂ ਸਮੂਹ ਯੂਨੀਵਰਸਿਟੀਆਂ, ਕਾਲਜ਼ਾਂ ਅਤੇ ਸਕੂਲਾਂ ਵਿੱਚ 'ਰਾਸ਼ਟਰ ਪਿਤਾ' ਦੇ ਸਨਮਾਨ ਵਿੱਚ ਸਾਹਿਤਕ ਅਤੇ ਸੱਭਿਅਚਾਰਕ ਸਮਾਗਮ ਆਯੋਜਿਤ ਕਰੇਗੀ।
- **ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ:** ਸਾਲ 2019 ਵਿੱਚ ਰਾਜ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾ ਰਿਹਾ ਹੈ। ਇਸ ਕਾਰਜ ਲਈ ਹੇਠ ਲਿਖਿਤ ਲੋੜੀਂਦੇ ਪ੍ਰਬੰਧ ਕੀਤੇ ਜਾ ਰਹੇ ਹਨ:
  - ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਸੁਲਤਾਨਪੁਰ ਲੋਧੀ, ਡੇਰਾ ਬਾਬਾ ਨਾਨਕ ਅਤੇ ਬਟਾਲਾ ਦੇ ਇਤਿਹਾਸਕ ਨਗਰਾਂ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਪ੍ਰੋਗਰਾਮ ਚੱਲ ਰਹੇ ਹਨ।
  - ਡੇਰਾ ਬਾਬਾ ਨਾਨਕ ਦੇ ਯੋਜਨਾਬੰਧ ਅਤੇ ਸਮੱਗਰ ਵਿਕਾਸ ਲਈ **ਡੇਰਾ ਬਾਬਾ ਨਾਨਕ ਵਿਕਾਸ ਅਥਾਰਿਟੀ** ਸਥਾਪਿਤ ਕੀਤੀ ਜਾ ਰਹੀ ਹੈ।
  - ਸੁਲਤਾਨਪੁਰ ਲੋਧੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀਆਂ ਪਾਕ ਤੇ ਪਾਕੀਜ਼ਾ ਮੰਜ਼ਰਨਾਮਾਂ ਨੂੰ ਦਰਸਾਉਂਦਾ **'ਪਿੰਡ ਬਾਬੇ ਨਾਨਕ ਦਾ'** ਨਾਮਕ ਵਿਰਾਸਤੀ ਘਰ ਸਥਾਪਿਤ ਕੀਤਾ ਜਾ ਰਿਹਾ ਹੈ।
  - ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਕੌਮੀ ਇੰਸਟੀਚਿਊਟ ਆਫ ਅੰਤਰ-ਧਰਮ ਅਧਿਐਨ ਸਥਾਪਿਤ ਕੀਤਾ ਜਾ ਰਿਹਾ ਹੈ। ਇਹ ਇੰਸਟੀਚਿਊਟ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਤੁਲਤਾਨਮਕ ਧਰਮਾਂ ਸਬੰਧੀ ਖੋਜ ਅਤੇ ਅਧਿਐਨ ਸਬੰਧੀ ਮੰਚ ਮੁਹੱਇਆ ਕਰਵਾਏਗੀ। ਇਹ 21ਵੀਂ ਸਦੀ ਵਿਚ ਸਮਕਾਲੀਨਤਾ ਦੀ ਉੱਨਤ ਸਮਝ ਨੂੰ ਪ੍ਰੋਤਸਾਹਿਤ ਕਰਦਿਆਂ ਅੰਤਰ-ਧਰਮ ਅਧਿਐਨ ਅਤੇ ਵਿਚਾਰ ਵਟਾਂਦਰੇ ਸਬੰਧੀ ਮੰਚ ਵੀ ਮੁਹੱਈਆ ਕਰਵਾਏਗੀ।
  - ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ 2019-20 ਦੇ ਬਜਟ ਵਿਚ 300 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।
- ਪੰਜਾਬੀ ਖਾਣੇ ਦੀ ਹੌਂਸਲਾ ਅਫ਼ਜਾਈ ਲਈ ਹੁਸ਼ਿਆਰਪੁਰ, ਪਟਿਆਲਾ ਅਤੇ ਬਠਿੰਡਾ ਵਿਖੇ ਫੂਡ ਸਟਰੀਟ ਸਥਾਪਿਤ ਕੀਤੀਆਂ ਜਾ ਰਹੀਆਂ ਹਨ।

Scanned with CamScanner

ਪੰਜਾਬ ਰਾਜ ਸੈਰ ਸਮਾਟਾ ਪਾਲਿਸੀ, 2018

ਪੰਜਾਬ ਅਗਲੇ ਆਉਣ ਵਾਲੇ 5 ਸਾਲ ਦੌਰਾਨ ਦੇਸ਼ੀ ਅਤੇ ਵਿਦੇਸੀ ਸੈਲਾਨੀਆਂ ਦੀ ਸ਼ੁਮਾਰ ਨੂੰ ਦੁੱਗਣਾ ਕਰਨ ਲਈ ਪੰਜਾਬ ਸਰਕਾਰ ਨੇ ਪੰਜਾਬ ਰਾਜ ਸੈਰਸਪਾਟਾ ਪਾਲਿਸੀ, 2018 ਲਾਗੂ ਕੀਤੀ ਹੈ।

ਇਸ ਪਾਲਿਸੀ ਅਧੀਨ ਹੋਣ ਵਾਲੇ ਮੁੱਖ ਕਾਰਜ ਹਨ:

- ਰਾਜ ਵਿੱਚ ਇੱਕ **ਸੈਰ ਸਪਾਟਾ ਸਲਾਹ ਕਾਊਂਸਲ** (ਟੂਰਿਸਮ ਐਡਵਾਇਜ਼ਰੀ ਕਾਊਂਸਲ) ਦੀ ਸਥਾਪਨਾ ਕੀਤੀ ਜਾਵੇਗੀ ਜਿਸ ਦੇ ਪ੍ਰਧਾਨ ਸੈਰ ਸਪਾਟਾ ਅਤੇ ਸੱਭਿਆਚਾਰਕ ਸਬੰਧੀ ਵਿਭਾਗ ਦੇ ਮੰਤਰੀ ਹੋਣਗੇ। ਇਸ ਤੋਂ ਇਲਾਵਾ ਸੈਰ ਸਪਾਟਾ ਵਿਭਾਗ ਦੇ ਮੁੱਖ ਸਕੱਤਰ ਅਤੇ ਡਾਇਰੈਕਟਰ ਇਸ ਦੇ ਮੈਂਬਰ ਹੋਣਗੇ।
- ਰਾਜ ਵਿੱਚ ਸਥਾਪਿਤ ਠਿਕਾਣਿਆਂ ਤੇ ਮੌਜੂਦਾ ਬੁਨਿਆਦੀ ਢਾਂਚੇ ਅਤੇ ਸੰਭਾਵੀ ਟਿਕਾਣਿਆਂ ਤੇ ਨਵਾਂ ਬੁਨਿਆਦੀ ਢਾਂਚਾ ਬਨਾਉਣ ਦਾ ਨਿਰੰਤਰ ਯਤਨ ਕੀਤਾ ਜਾਵੇਗਾ।
- ਉਤਪਾਦਨ ਵਿਕਾਸ ਅਤੇ ਵਿਭਿੰਨਤਾ ਤੇ ਖ਼ਾਸ ਧਿਆਨ ਦੀਤਾ ਜਾਵੇਗਾ।
- ਪੇਂਡੂ ਸੈਰ ਸਪਾਟਾ ਅਤੇ ਸਮੂਹਿਕ ਬਲਾਕ ਵਿਕਾਸ ਲਈ ਉਪਰਾਲਾ ਕੀਤਾ ਜਾਵੇਗਾ।
- ਛੋਟੇ ਅਤੇ ਮੱਧ ਵਰਗ ਦੇ ਸੈਰ ਸਪਾਟਾ ਉਦਮੀਆਂ ਨੂੰ ਉੱਚ ਪੱਧਰ ਦੀ ਸੈਰ-ਸਪਾਟਾ ਸਹੂਲਤਾਂ ਦੇਣ ਲਈ ਪ੍ਰੇਰਿਤ ਕੀਤਾ ਜਾਵੇਗਾ।
- ਸੈਰ ਸਪਾਟਾ ਵਪਾਰੀਆਂ ਨਾਲ ਤਾਲਮੇਲ ਬਣਾ ਕੇ ਉਹਨਾਂ ਤੋਂ ਉਹਨਾਂ ਦੇ ਤਜ਼ਰਬੇ ਅਤੇ ਮਾਹਿਰਤਾ ਦਾ ਫਾਇਦਾ ਲੈਣ ਲਈ ਸੈਰ ਸਪਾਟਾ ਆਪਰੇਟਰਾਂ ਦੀ ਰਜਿਸਟਰ ਅਤੇ ਮਾਨਤਾ ਦਿੱਤੀ ਜਾਵੇਗੀ। ਇਸ ਕਾਰਜ ਲਈ ਸਰਕਾਰ ਇੱਕ ਪਾਲਿਸੀ ਬਣਾਏਗੀ।
- ਸਰਕਾਰ ਰਾਜ ਵਿੱਚ ਕੁੱਝ ਚੁੰਣਵੀਆਂ ਜਗਾਹਾਂ ਉੱਤੇ ਲੋਕਾਂ ਲਈ ਫੁਰਸਤ ਏਰੀਆ ਬਣਾਏਗੀ।
- ਅੰਤਰਾਸ਼ਟਰੀ ਬਜ਼ਾਰ ਵਿੱਚ ਵਸਦੇ ਦੂਜੀ ਅਤੇ ਤੀਜੀ ਪੀੜ੍ਹੀ ਦੇ ਸਮੁੰਦਰ-ਪਾਰ ਭਾਰਤੀਆਂ (ਜਿਹਨਾਂ ਵਿੱਚੋਂ ਜ਼ਿਆਦਾ ਪੰਜਾਬੀ ਅਤੇ ਸਿੱਖ ਹਨ) ਨੂੰ ਪੰਜਾਬ ਆਉਣ ਲਈ ਪ੍ਰੇਰਿਤ ਕਰਨ ਸਰਕਾਰ ਇੱਕ ਪਾਲਿਸੀ ਬਣਾਏਗੀ।
- ਮੈਡੀਕਲ ਸੈਰ ਸਪਾਟੇ ਅਤੇ ਫ਼ਿਲਮ ਸੈਰ ਸਪਾਟੇ ਨੂੰ ਪੰਜਾਬ ਵਿੱਚ ਉੱਨਤ ਕੀਤਾ ਜਾਵੇਗਾ।
- ਦੇਸ਼ੀ ਅਤੇ ਵਿਦੇਸ਼ੀ ਸੈਲਾਨਿਆਂ ਵਾਸਤੇ ਪੰਜਾਬ ਦੀਆਂ ਵਿਰਾਸਤੀ ਜਾਇਦਾਦਾਂ ਨੂੰ ਵਿਰਾਸਤੀ ਹੋਟਲਾਂ ਵਿਚ ਤਬਦੀਲ ਕੀਤਾ ਜਾਵੇਗਾ।
- ਬਹੁ-ਭਾਂਤੀ ਸੈਰ ਸਪਾਟਾ ਟਿਕਾਣਿਆਂ ਨੂੰ ਹੁਲਾਰਾ ਦੇਣ ਲਈ ਇੱਕ 'ਹੱਬ ਅਤੇ ਸਪੋਕ' ਪਾਲਿਸੀ ਲਾਗੂ ਕੀਤੀ ਜਾਵੇਗੀ ਜਿਸ ਅਧੀਨ ਇੱਕ ਕੇਂਦਰੀ ਟਿਕਾਣੇ ਨੂੰ ਸਰਕਟ ਦਾ ਹੱਬ ਬਣਾਇਆ ਜਾਵੇਗਾ। ਅਤੇ ਹੋਰਨਾਂ ਦੂਜੇ ਅਤੇ ਤੀਜੇ ਦਰਜੇ ਦੇ ਟਿਕਾਣਿਆਂ ਨੂੰ ਸੈਰਸਪਾਟਾ ਦੇ ਸਹਿਯੋਗੀ ਟਿਕਾਣੇ ਬਣਾਇਆ ਜਾਵੇਗਾ। ਇਹ ਸਰਕਟ ਸੈਰ ਸਪਾਟਾ ਕੰਨਸੈਪਟ ਨੂੰ ਥੀਮੈਟਿਕ ਸਰਕਟਾਂ ਨਾਲ ਵਿਕਸਿਤ ਕੀਤਾ ਜਾਵੇਗਾ ਜਿਸ ਹੈਰੀਟੇਜ ਸਰਕਟ, ਮੁਗਲ ਸਰਕਟ, ਮਹਾਰਾਜਾ ਸਰਕਟ, ਸੂਫ਼ੀ ਸਰਕਟ, ਅੰਮ੍ਰਿਤਸਰ ਸਰਕਟ, ਪਟਿਆਲਾ ਸਰਕਟ, ਲੁਧਿਆਣਾ ਸਰਕਟ, ਚੰਡੀਗੜ੍ਹ ਸਰਕਟ, ਨੇਚਰ ਸਰਕਟ, ਫਿਰੋਜ਼ਪੁਰ ਸਰਕਟ (ਇੰਡੋ-ਪਾਕ ਫਰੰਟਿਅਰ ਟਰੇਲ ਮਿਲਾ ਕੇ), ਟੇਸਟ ਪੰਜਾਬ, ਪੰਜਾਬ ਰੀਟਰੀਟ, ਫੈਸ਼ਨੇਬਲ ਪੰਜਾਬ, ਪੰਜਾਬ-ਇਨ-ਸਟਾਇਲ, ਫੈਸਟਿਵ ਪੰਜਾਬ ਅਤੇ ਪੰਜਾਬ ਐਗਰੀਟੂਰਜ਼ ਸ਼ਾਮਿਲ ਹਨ। ਇਹਨਾਂ ਸਰਕਟਾਂ ਅਤੇ ਸ਼ਖਾਵਾਂ ਦੇ ਮੁੱਖ ਯਾਤਰਾ ਪੱਥਾਂ ਦੇ ਨਾਲ-ਨਾਲ ਰਹਿਣ, ਆਵਾਜਾਈ ਅਤੇ ਵੇਖਯੋਗ ਸਥਾਨਾਂ ਸਬੰਧੀ ਮਹੀਨ ਕਾਰਜ ਕੀਤਾ ਜਾਵੇਗਾ।

Scanned with CamScanner

ਪੰਜਾਬ ਰਾਜ ਸੱਭਿਆਚਾਰਕ ਪਾਲਿਸੀ, 2017

ਪੰਜਾਬ ਸਰਕਾਰ ਨੇ ਸਦੀਆਂ ਪੰਜਾਬ ਰਾਜ ਸੱਭਿਆਚਾਰਕ ਪਾਲਿਸੀ ਬਣਾਈਆਂ ਹ੨। ਆਖਿਰ ਕਰ ਕੇ ਪੰਜਾਬ ਸੂਚਨਾ, ਸਭਿਆਚਾਰ ਰਾਜ ਮਗਰੋਂ ਆਖਿਰੀ ਪਾਲਿਸੀ ਵਾਲਾ ਦੇਸ਼ ਦਾ ਤੀਜਾ ਸੂਬਾ ਬਣ ਗਿਆ ਹੈ। ਇਹ ਪਾਲਿਸੀ ਮੁੱਖ ਰੂਪ ਵਿਚ ਅਮੀਰ ਸੱਭਿਆਚਾਰਕ ਵਿਰਸੇ ਦੀ ਸਾਫ ਸੰਭਾਲ ਲਈ ਬਣਾਈ ਗਈ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਤੱਕ ਦੀ ਇਸ ਵਿਰਸਾ ਪਹੁੰਚ ਸਕੇ।

ਸੈਰ-ਸਪਾਟਾ ਅਤੇ ਸੱਭਿਆਚਾਰਕ ਵਿਕਾਸ, ਪੁਰਾਤਤਵ ਵਿਕਾਸ, ਮਿਊਜ਼ਿਓਮ ਅਤੇ ਪੁਰਾਲੇਖ ਵਿਕਾਸ ਇਸ ਸੱਭਿਆਚਾਰਕ ਪਾਲਿਸੀ ਨੂੰ ਸਾਰੂ ਕਰਨ ਮੁੱਖ ਪੈਰਾਮੀਟਰ ਵਿਕਾਸ ਹੋਵੇਗਾ। ਪੰਜਾਬ ਕਲਾ ਕਾਊਂਸਿਲ ਇਸ ਪਾਲਿਸੀ ਅਧੀਨ ਸਮੇਂ-ਸਮੇਂ ਸਿਰ ਕਰਨ ਵਾਲੇ ਵਾਲਾ ਨੂੰ ਲੈਣੇ ਚਾਹਾਨ ਲਈ ਉਚਿਤਮ ਏਜੰਸੀ ਸਾਬਤ ਹੋਵੇਗੀ। ਇਹ ਸੰਸਥਾ ਹੋਰਨਾ ਸੱਭਿਆਚਾਰਕ ਏਜੰਸੀਆਂ ਨੂੰ ਕੰਮ ਪੁਰਤੇ ਜਾਂ ਅਪੁਰਤੇ ਰੂਪ ਨਾਲ ਇਸ ਸੰਸਥਾ ਨਾਲ ਜੁੜਨੀਆਂ ਲਈ ਵਿੱਚ ਮਿਲਵਰਤਨ ਦੀ ਪੈਰਾ ਕਰੇਗੀ। ਪੰਜਾਬ ਸਾਹਿਤ ਅਕਾਦਮੀ, **ਪੰਜਾਬ ਸੰਗੀਤ ਨਾਟਕ ਅਕਾਦਮੀ** ਅਤੇ **ਪੰਜਾਬ ਲਲਿਤ ਕਲਾ ਅਕਾਦਮੀ** ਨੂੰ ਵੀ ਵੱਖ-ਵੱਖ ਵਿਕਾਸੀ ਅਤੇ ਵਿਤੀਆਪਨ ਸੰਬੰਧੀ ਕਾਰਜ ਕਰਨ ਦੀ ਜਿੰਮੇਵਾਰੀ ਸੌਂਪੀ ਗਈ ਹੈ।

ਇਸ ਪਾਲਿਸੀ ਅਧੀਨ ਹੋਣ ਵਾਲੇ ਮੁੱਖ ਕਾਰਜ ਹਨ:

- ਰਾਜ ਵਿਚ ਹੁਣੇ ਪੰਜਾਬ ਪੰਜਾਬ ਸੱਭਿਆਚਾਰਕ ਸਕਾਰ ਕਾਊਂਸਿਲ (ਪੰਜਾਬ ਕਲਚਰ ਐਂਡਵਾਇਜ਼ਰੀ ਕਾਊਂਸਿਲ) ਦੀ ਸਥਾਪਨਾ ਕਰੇਗਾ, ਜਿਸ ਦੇ ਪ੍ਰਧਾਨ ਮਾਣਯੋਗ ਮੁੱਖ ਮੰਤਰੀ ਜੀ ਹੋਣਗੇ। ਇਸ ਤੋਂ ਬਿੰਨਾ ਹੁਣੇ ਕੋਈ ਦੇ ਮਾਹਰ ਜੋ ਕਿ ਪੰਜਾਬ ਦੇ ਸੱਭਿਆਚਾਰ ਨਾਲ ਸੰਬੰਧਿਤ ਹੋਣ ਇਸ ਵਿਚ ਸ਼ਾਮਿਲ ਕੀਤੇ ਜਾਣਗੇ ਤਾ ਜੋ ਉਹ ਪੰਜਾਬ ਸਰਕਾਰ ਨੂੰ ਪੰਜਾਬ ਰਾਜ ਸੱਭਿਆਚਾਰਕ ਪਾਲਿਸੀ ਅਤੇ ਇਸ ਦੇ ਵਿਤੀਆਪਨ ਵਿਚ ਰਾਹਨੁਮਾ ਦਿਖਾ ਸਕਣ। ਆਖਿਰ ਕਰਨ ਦਾ ਮੰਤਵ ਪੰਜਾਬ ਦੇ ਸੱਭਿਆਚਾਰ ਨੂੰ ਲੋਕਾਂ ਵਿੱਚ, ਵਿਦੇਸ਼ ਵਸਦੇ ਪੰਜਾਬੀਆਂ ਵਿੱਚ ਅਤੇ ਸਰਹਦੀਆਂ ਵਿੱਚ ਹਰਮਨ ਪਿਆਰਾ ਬਣਾਉਣਾ ਹੈ।
- ਰਾਜ ਸਰਕਾਰ **ਪੰਜਾਬ ਸਾਹਿਤ ਅਕਾਦਮੀ, ਪੰਜਾਬ ਲਲਿਤ ਕਲਾ ਅਕਾਦਮੀ ਅਤੇ ਸੰਗੀਤ ਨਾਟਕ ਅਕਾਦਮੀ** ਨੂੰ ਹੋਰ ਵੀ ਮਜ਼ਬੂਤ ਕਰੇਗੀ ਤਾਂ ਜੋ ਉਹ ਸਬੰਧਿਤ ਕਲਾਵਾਂ ਨੂੰ ਹੋਰ ਵੀ ਪ੍ਰਭਾਵੀ ਢੰਗ ਨਾਲ ਨਿਭਾ ਸਕਣ।
- ਰਾਜ ਵਿਚ ਇੱਕ ਫਿਲਮ ਸਿਟੀ ਦੀ ਸਥਾਪਨਾ ਕੀਤੀ ਜਾਵੇਗੀ ਜੋ ਕਿ ਮੁਹਾਲੀ ਅਤੇ ਹੈਦਰਾਬਾਦ ਫਿਲਮ ਸਿਟੀਆਂ ਦੀ ਤਰਜ਼ ਤੇ ਵਿਕਸਿਤ ਹੋਵੇਗੀ ਤਾਕੇ ਜਿਸ ਵਿਚ ਸਟੂਡੀਓ ਅਤੇ ਗਾਇਕੀ ਆਦਿ ਦੀਆਂ ਸੁਵਿਧਾਵਾਂ ਦੀ ਦੇਣੀਆਂ ਸਾਰਥਕਤਾਵਾਂ।
- ਨਿਕਮਾਤਾਵਾ ਸਹੀ ਫਿਲਮਾਂ ਦੀ ਸੁਟਿੰਗ ਦੀ ਸੁਵਿਧਾ ਜਿਵੇਂ ਕਿ ਰਾਜ ਦੇ ਸੱਭਿਆਚਾਰਕ ਸੰਪਤੀਆਂ ਦੀ ਵਰਤੋਂ ਸਬੰਧੀ ਸਿਰਾਲ ਵਿਚਲੇ ਕਲੇਸ਼ ਅਤੇਸ਼ੈਨ।
- ਪੰਜਾਬ ਫੋਕਲਾਰ ਸੈਂਟਰ ਜੋ ਕਿ ਹੁਣ ਚੰਡੀਗੜ੍ਹ ਦੇ ਸੈਕਟਰ 10 ਵਿੱਚ ਸਥਿਤ ਹੈ ਨੂੰ ਕਿਸੇ ਹੋਰ ਉਪਯੁਕਤ ਸਥਾਨ ਤੇ ਮੁੜ ਨੁਕਲੀਤ ਕਰਨ ਲਈ ਵੀ ਸਰਕਾਰ ਕਦਮ ਕਰੇਗੀ।
- ਸਾਹਿਤ, ਕਲਾਮ, ਸੰਗੀਤ ਅਤੇ ਹੋਰ ਕਲਾਤਮਕ ਕਾਰਜਾਂ ਵਿਚ ਕਾਪੀਰਾਈਟ ਕ੍ਰਿਤਾਂ ਦੀ ਨਕਲ ਰੋਕਣ ਲਈ ਪੰਜਾਬ ਸਰਕਾਰ ਨੂੰ ਆਪਣੇ ਅਧਿਕਾਰਤ ਖੇਤਰ ਵਿਚ ਸਬੰਧਿਤ ਕਾਨੂੰਨਾਂ ਨੂੰ ਪ੍ਰਭਾਵਸ਼ਾਲੀ ਰੂਪ ਵਿੱਚ ਲਾਗੂ ਕੀਤਾ ਹੈ।
- ਰਾਜ ਸਰਕਾਰ ਨੇਕ ਕੀਤਾਂ ਲਈ ਮਿਊਜ਼ਿਓਮ ਸਥਾਪਿਤ ਕਰਨ ਲਈ ਵੀ ਯਤਨਸ਼ੀਲ ਹੈ ਜਿਥੇ ਸੈਲਾਨੀ ਪੁਰਾਣੇ ਪੰਜਾਬੀ ਸੰਗੀਤ ਦੀਆਂ ਰਿਕਾਰਡਿੰਗਾਂ ਸੁਣ ਸਕਣ।
- ਰਾਜ 'ਸੱਭਿਆਚਾਰ ਤੋਂ ਰੋਜ਼ਗਾਰ ਅਤੇ ਕਾਰੋਬਾਰ' ਨਾਮ ਦੀ ਮੁਹਿੰਮ ਵੀ ਸ਼ੁਰੂ ਕਰੇਗਾ ਤਾਂ ਜੋ ਸੱਭਿਆਚਾਰ ਵਿਚ ਭਾਵੀ ਰੁਜ਼ਗਾਰ ਮੌਕਿਆਂ ਦਾ ਪੂਰਾ ਫਾਇਦਾ ਲਿਆ ਜਾ ਸਕੇ।
- ਸਾਲਾਨਾ ਸੱਭਿਆਚਾਰਕ ਸਮਾਗਮ ਹਰ ਸਾਲ ਬਦਲਵੇਂ ਸਥਾਨ ਉੱਪਰ ਕਰਵਾਏ ਜਾਣਗੇ।

Scanned with CamScanner

11.14 ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਮਾਜਕ ਭਲਾਈ ਸਕੀਮਾਂ:

1. **ਲਾਡਲੀ ਲਾਡਲੀ ਬੇਟੀ:** ਇਹ ਸਕੀਮ 2011 ਵਿੱਚ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ। ਇਸ ਸਕੀਮ ਦਾ ਮੰਤਵ ਭਰੂਣ ਹੱਤਿਆ ਨੂੰ ਰੋਕਣਾ ਅਤੇ ਲੜਕੀਆਂ ਨੂੰ ਵਿੱਦਿਆ ਦੇ ਉਚਤਰ ਮੌਕੇ ਪ੍ਰਦਾਨ ਕਰਨਾ ਹੈ। ਇਸ ਸਕੀਮ ਅਧੀਨ ਲੜਕੀ ਦੇ ਜਨਮ ਸਮੇਂ ਪਰਿਵਾਰ ਨੂੰ ਸਮੇਂ ਸਮੇਂ ਤੇ ਵਿੱਤੀ ਸਹਾਇਤਾ ਪ੍ਰਦਾਨ ਕਰਵਾਈ ਜਾਂਦੀ ਹੈ ਤਾਂ ਜੋ ਉਹ ਲੜਕੀ ਦੇ ਜਨਮ ਨੂੰ ਬੋਝ ਨਾ ਸਮਝਣ। ਬੀਮੇ ਦੇ ਰੂਪ ਵਿੱਚ ਇਹ ਰਾਸ਼ੀ ਬੱਚੀ ਦੇ ਨਾਮ ਤੇ ਜਮ੍ਹਾਂ ਕਰਵਾਈ ਜਾਂਦੀ ਹੈ ਅਤੇ ਸਮੇਂ-ਸਮੇਂ ਸਿਰ ਬਣਦਾ ਲਾਭ ਬੱਚੀ ਨੂੰ ਦਿੱਤਾ ਜਾਂਦਾ ਹੈ। ਇਹ ਲਾਭ ਪਰਿਵਾਰ ਦੀਆਂ ਦੋ ਲੜਕੀਆਂ ਤੱਕ ਹੀ ਸੀਮਿਤ ਹੈ।
2. **ਮਾਤਾ ਕੌਸ਼ੱਲਿਆ ਕਲਿਆਣ ਸਕੀਮ:** ਇਹ ਸਕੀਮ 2011 ਵਿੱਚ ਪੰਜਾਬ ਸਰਕਾਰ ਵੱਲੋਂ ਸਰਕਾਰੀ ਹਸਪਤਾਲ ਵਿੱਚ ਜਣੇਪੇ ਨੂੰ ਉਤਸ਼ਾਹਿਤ ਕਰਨ ਲਈ ਚਲਾਈ ਗਈ ਜਿਸ ਤਹਿਤ ਸਰਕਾਰੀ ਹਸਪਤਾਲ ਵਿਚ ਜਣੇਪਾ ਕਰਵਾਉਣ ਵਾਲੀਆਂ ਮਹਿਲਾਵਾਂ ਨੂੰ 1000 ਰੁਪਏ ਬਤੌਰ ਪ੍ਰੋਤਸਾਹਨ ਦਿੱਤੇ ਜਾਂਦੇ ਹਨ। 8 ਜੁਲਾਈ 2015 ਤੋਂ ਇਹ ਸਕੀਮ ਬੰਦ ਕਰ ਦਿੱਤੀ ਗਈ ਹੈ।
3. **ਸ਼ਗਨ ਸਕੀਮ** ਪੰਜਾਬ ਸਰਕਾਰ ਦੁਆਰਾ 1997-98 ਵਿੱਚ ਅਨੁਸੂਚਿਤ ਜਾਤੀ ਅਤੇ ਕ੍ਰਿਸਚੀਅਨ ਲੜਕੀਆਂ ਲਈ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਦੇ ਅਧੀਨ ਅਨੁਸੂਚਿਤ ਜਾਤੀ ਅਤੇ ਕ੍ਰਿਸਚੀਅਨ ਜਾਤੀ ਦੀਆਂ 18 ਸਾਲ ਤੋਂ ਉਪਰ ਉਮਰ ਦੀਆਂ ਲੜਕੀਆਂ ਦੇ ਵਿਆਹ ਤੇ 15000 ਰੁਪਏ ਦਿੱਤੇ ਜਾਂਦੇ ਹਨ। ਇਹ ਸਕੀਮ ਉਨ੍ਹਾਂ ਪਰਿਵਾਰਾਂ ਨੂੰ ਦਿੱਤੀ ਜਾਂਦੀ ਹੈ ਜਿਨਾਂ ਦੀ ਸਲਾਨਾ ਆਮਦਨ 20,000 ਰੁਪਏ (ਪੇਂਡੂ ਖੇਤਰਾਂ ਲਈ) Rs. 27500 (ਸ਼ਹਿਰੀ ਖੇਤਰਾਂ ਲਈ) ਤੋਂ ਘੱਟ ਹੈ।

   2017 ਵਿੱਚ ਸਰਕਾਰ ਨੇ ਇਸ ਸਕੀਮ ਦਾ ਨਾਮ ਬਦਲ ਕੇ '**ਅਸ਼ੀਰਵਾਦ**' ਰੱਖ ਦਿੱਤਾ ਹੈ। 01.07.2017 ਤੋਂ ਮੌਜੂਦਾ ਗ੍ਰਾਂਟ 15000 ਰੁਪਏ ਤੋਂ ਵਧਾ ਕੇ 21000 ਰੁਪਏ ਕਰ ਦਿੱਤੀ ਗਈ ਹੈ। ਇਹ ਸਕੀਮ ਅਨੁਸੂਚਿਤ ਜਾਤੀ/ਪਛੜੀਆਂ ਸ਼੍ਰੇਣੀਆ/ਕ੍ਰਿਸਚੀਅਨ ਲੜਕੀਆਂ/ਵਿਧਵਾਵਾਂ/ਤਲਾਕਸ਼ੁਦਾ ਅਤੇ ਕਿਸੇ ਵੀ ਜਾਤ ਦੀ ਵਿਧਵਾਵਾਂ ਦੀਆਂ ਧੀਆਂ ਜਿਨ੍ਹਾਂ ਦੀ ਉਮਰ 18 ਸਾਲ ਤੋਂ ਵੱਧ ਹੈ ਨੂੰ ਵਿਆਹ ਦੇ ਸਮੇਂ ਪ੍ਰਦਾਨ ਕੀਤੀ ਜਾਵੇਗੀ। ਇਸ ਸਕੀਮ ਵਿੱਚ ਪਾਰਦਰਸ਼ਿਤਾ ਲਿਆਉਣ ਲਈ ਗ੍ਰਾਂਟਾਂ ਆਨਲਾਈਨ ਬੈਂਕਿਗ ਦੁਆਰਾ ਵੰਡੀਆ ਜਾਂਦੀਆਂ ਹਨ।
4. **ਮਾਈ ਭਾਗੋ ਇਸਤਰੀ ਸ਼ਕਤੀ ਸਕੀਮ:** ਇਹ ਸਕੀਮ ਪੰਜਾਬ ਕੋਅਪਰੇਸ਼ਨ ਡਿਪਾਰਟਮੈਂਟ ਵੱਲੋਂ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਨਾਰੀ ਸ਼ਕਤੀਕਰਨ ਦੇ ਉਦੇਸ਼ ਨਾਲ ਸਾਲ 2007 ਵਿੱਚ ਸ਼ੁਰੂ ਕੀਤੀ ਗਈ। ਇਸ ਸਕੀਮ ਅਧੀਨ ਇਸਤਰੀਆਂ ਨੂੰ ਨਿੱਜੀ ਜਾਂ ਸਮੂਹ ਰੂਪ ਵਿੱਚ 5% ਸਲਾਨਾ ਵਿਆਜ ਤੇ ਖੇਤੀਬਾੜੀ ਸੁਸਾਇਟੀਆਂ ਵੱਲੋਂ ਕਰਜ਼ ਦਿੱਤਾ ਜਾਂਦਾ ਹੈ ਤਾਂ ਜੋ ਉਹ ਆਪਣੇ ਅਤੇ ਆਪਣੇ ਪਰਿਵਾਰਾਂ ਦਾ ਆਰਥਿਕ ਵਿਕਾਸ ਕਰ ਸਕਣ ਅਤੇ ਆਪਣਾ ਜੀਵਨ ਸਵੈਮਾਣ ਅਤੇ ਹਿੰਮਤ ਨਾਲ ਜੀਅ ਸਕਣ। ਇਸ ਸਕੀਮ ਦਾ ਉਦੇਸ਼ ਸਹੀ ਤਕਨੀਕੀ ਸਿਖਲਾਈ ਰਾਹੀਂ ਉਹਨਾਂ ਨੂੰ ਕਮਾਈ ਲਈ ਉਪਯੁਕਤ ਸਥਾਨਾਂ ਤੇ ਨਿਯੁਕਤ ਕਰਨਾ ਵੀ ਹੈ ਤਾਂ ਜੋ ਉਹ ਉਧਾਰ ਅਤੇ ਅਹਿਸਾਨ ਤੋਂ ਮੁਕਤ ਜੀਵਨ ਜੀਅ ਸਕਣ। ਇਸ ਸਕੀਮ ਰਾਹੀਂ ਰਾਜ ਪੱਧਰੀ ਸੰਗਠਨਾਂ ਦੀ ਮੱਦਦ ਨਾਲ ਇਸਤਰੀ ਗਰੁੱਪਾਂ ਨੂੰ ਸਪਲਾਈ ਲੜੀ ਵੀ ਮੁਹੱਈਆ ਕਰਵਾਈ ਗਈ ਹੈ ਤਾਂ ਜੋ ਉਹਨਾਂ ਤੱਕ ਕੱਚਾ ਮਾਲ ਅਸਾਨੀ ਨਾਲ ਪਹੁੰਚਾਇਆ ਜਾ ਸਕੇ ਅਤੇ ਤਿਆਰ ਮਾਲ ਦੀ ਖਪਤ ਵੀ ਯਕੀਨੀ ਬਣਾਈ ਜਾ ਸਕੇ।
5. **ਭਾਈ ਕਨ੍ਹੱਈਆ ਸਿਹਤ ਸੇਵਾ ਸਕੀਮ:** ਪੰਜਾਬ ਦੀ ਬਹੁਗਿਣਤੀ ਪੇਂਡੂ ਵੱਸੋਂ ਲਈ ਮਹਿੰਗੀਆਂ ਸਿਹਤ ਸੇਵਾਵਾਂ ਵਿਸ਼ੇਸ਼ ਤੌਰ ਤੇ ਅਚਨਚੇਤ ਸੇਵਾਵਾਂ ਲਗਭਗ ਨਾਮੁਮਕਿਨ ਹਨ। ਬਹੁਤੀ ਵਾਰ ਇਹਨਾਂ ਸੇਵਾਵਾਂ ਦੀ ਉੱਚੀ ਕੀਮਤ ਵਿਅਕਤੀ ਨੂੰ ਗਰੀਬੀ

Scanned with CamScanner

ਦੀ ਦਲਦਲ ਵੱਲ ਧਕੇਲ ਦਿੰਦੀ ਹੈ। ਹਸਪਤਾਲਾਂ ਦੇ ਖਰਚੇ ਚੁੱਕਣ ਲਈ ਵਿਅਕਤੀ ਜਾਂ ਤਾਂ ਆਪਣੀਆਂ ਚੀਜਾਂ ਵੇਚ ਦਿੰਦਾ ਹੈ ਜਾਂ ਫਿਰ ਕਰਜ਼ ਦੇ ਜਾਲ ਵਿੱਚ ਉਲਝਦਾ ਚਲਾ ਜਾਂਦਾ ਹੈ।

ਭਾਈ ਕਨ੍ਹੱਈਆ ਸਕੀਮ ਦਾ ਉਦੇਸ਼ ਦੇਸ਼ ਦੀ ਪੇਂਡੂ ਜਨਤਾ ਲਈ, ਸਹੀ ਮੁੱਲ 'ਤੇ ਚੰਗੀਆਂ ਸਿਹਤ ਸੇਵਾਵਾਂ ਉਪਲਬਧ ਕਰਵਾਉਣਾ ਹੈ। ਇਸ ਵਿੱਚ ਲਾਭਪਾਤਰੀਆਂ ਨੂੰ ਤਾਂ ਲਾਭ ਮਿਲੇਗਾ ਹੀ ਨਾਲ ਹੀ ਉਹਨਾਂ ਤੇ ਅਧਾਰਿਤ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਵੀ ਮਿਆਰੀ ਸਿਹਤ ਸਹੂਲਤਾਂ ਉਪਲਭਧ ਕਰਵਾਈਆਂ ਜਾਣਗੀਆਂ। ਇਹ ਲਾਭ ਕੋਆਪਰੇਟਿਵ ਸੁਸਾਇਟੀਆਂ ਅਤੇ ਸੰਸਥਾਵਾਂ ਵੱਲੋਂ ਬੀਮੇ ਦੇ ਰੂਪ ਵਿੱਚ ਪ੍ਰਦਾਨ ਕੀਤਾ ਜਾਂਦਾ ਹੈ।

6. **ਕੰਨਿਆ ਜਾਗ੍ਰਿਤੀ ਜਯੋਤੀ ਸਕੀਮ:** ਲੜਕੀਆਂ ਦੇ ਸਮਾਜਿਕ ਪੱਧਰ ਨੂੰ ਉੱਚਾ ਚੁੱਕਣ ਲਈ ਅਤੇ ਸਕੂਲ ਵਿੱਚ ਡਰਾਪ ਆਊਟ ਦਰ ਘਟਾਉਣ ਦੇ ਉਦੇਸ਼ ਨਾਲ ਪੰਜਾਬ ਰਾਜ ਵਿੱਚ ਇਹ ਸਕੀਮ 1996-97 ਵਿੱਚ ਸ਼ੁਰੂ ਕੀਤੀ ਗਈ। ਗਰੀਬੀ ਰੇਖਾ ਤੋਂ ਹੇਠਾਂ ਵਸਦੇ ਪਰਿਵਾਰਾਂ ਵਿੱਚ 26.01.96 ਨੂੰ ਜਾਂ ਇਸ ਤੋਂ ਬਾਅਦ ਜਨਮ ਲੈਣ ਵਾਲੀਆਂ ਬੱਚੀਆਂ, ਜਿੰਨ੍ਹਾਂ ਦੇ ਮਾਤਾ-ਪਿਤਾ ਦੀ ਸਲਾਨਾ ਆਮਦਨ 20,000/- ਰੁਪਏ ਤੋਂ ਘੱਟ ਹੈ, ਇਸ ਸਕੀਮ ਦੇ ਲਾਭਪਾਤਰੀ ਹਨ। ਲਾਭਪਾਤਰੀ ਲਈ ਦਸਵੀਂ ਜਮਾਤ ਪਾਸ ਕਰਨਾ ਜਰੂਰੀ ਹੈ। ਲੜਕੀ ਦੇ ਜਨਮ ਸਮੇਂ 5000/- ਰੁਪਏ ਉਸ ਦੇ ਨਾਮ ਤੇ ਜਮਾਂ ਕਰਵਾਏ ਜਾਣਗੇ। ਇਸ ਸਕੀਮ ਦਾ ਲਾਭ ਕੇਵਲ ਉਹਨਾਂ ਪਰਿਵਾਰਾਂ ਨੂੰ ਹੀ ਮਿਲੇਗਾ, ਜਿਸ ਪਰਿਵਾਰ ਵਿੱਚ ਪ੍ਰਤੀ ਜੋੜਾਂ ਦੋ ਹੀ ਬੱਚੇ ਹਨ। ਲਾਭਪਾਤਰੀਆਂ ਨੂੰ 6-12 ਸਾਲ ਦੀ ਉਮਰ ਦੌਰਾਨ 1200 ਰੁਪਏ ਅਤੇ 12-18 ਸਾਲ ਦੀ ਉਮਰ ਦੌਰਾਨ 2400 ਰੁਪਏ ਸਲਾਨਾ ਵਜੀਫਾ ਦਿੱਤਾ ਜਾਂਦਾ ਹੈ ਜਾਂ 18 ਜਾਂ 21 ਸਾਲ ਦੀ ਉਮਰ ਪੂਰੀ ਹੋਣ ਤੇ ਬੱਝਵੀਂ ਰਾਸ਼ੀ ਪ੍ਰਦਾਨ ਕੀਤੀ ਜਾਂਦੀ ਹੈ। ਇਹ ਲਾਭਪਾਤਰੀ ਪਰਿਵਾਰ ਦਾ ਆਪਣਾ ਨਿਰਣਾ ਹੈ। ਇਸ ਰਾਸ਼ੀ ਦਾ 18 ਜਾਂ 21 ਸਾਲ ਦੀ ਉਮਰ ਵਿੱਚ ਬੀਮਾ ਕਰਵਾਇਆ ਜਾਂਦਾ ਹੈ। ਇਹ ਸਕੀਮ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਲਾਗੂ ਕੀਤੀ ਗਈ ਹੈ।

7. **ਬਾਲੜੀ ਰੱਖਿਅਕ ਯੋਜਨਾ:** ਪੰਜਾਬ ਵਿੱਚ ਬਿਗੜਦੇ ਲਿੰਗ ਅਨੁਪਾਤ ਨੂੰ ਦਰੁਸਤ ਕਰਨ ਲਈ ਜਨਸੰਖਿਆ ਵਾਧੇ ਤੇ ਕਾਬੂ ਕਰਨ ਲਈ ਜੋੜਿਆਂ ਨੂੰ ਨਸਬੰਦੀ ਲਈ ਪ੍ਰੇਰਿਤ ਕਰਨ ਲਈ ਬਾਲ ਅਤੇ ਮਾੜ੍ਹੀ ਮ੍ਰਿਤੂ ਦਰ ਘਟਾਉਣ ਲਈ ਅਤੇ ਕੁੱਲ ਗਰਭ ਦਰ ਘਟਾਉਣ ਦੇ ਮੰਤਵ ਨਾਲ 2007 ਵਿੱਚ ਪੰਜਾਬ ਵਿੱਚ ਇਹ ਸਕੀਮ ਆਰੰਭੀ ਗਈ। ਇਹ ਸਕੀਮ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਚਲਾਈ ਜਾ ਰਹੀ ਹੈ। ਲਾਭਪਾਤਰੀ ਨੂੰ 500/- ਰੁਪਏ ਪ੍ਰਤੀ ਮਹੀਨਾ ਦਾ ਵਿੱਤੀ ਲਾਭ ਦਿੱਤਾ ਜਾਂਦਾ ਹੈ। ਬਸ਼ਰਤੇ ਉਹ ਜੋੜਾ ਇੱਕ ਲੜਕੀ ਦੇ ਜਨਮ ਮਗਰੋਂ ਨਸਬੰਦੀ ਕਰਾਵੇ। ਦੋ ਬੱਚੀਆਂ ਦੇ ਜਨਮ ਮਗਰੋਂ ਨਸਬੰਦੀ ਕਰਾਉਣ ਵਾਲੇ ਜੋੜਿਆ ਲਈ ਇਹ ਵਿੱਤੀ ਲਾਭ 700/- ਰੁਪਏ ਹੋਵੇਗਾ, ਜੇਕਰ ਲਾਭਪਾਤਰੀ ਆਮਦਨ ਕਰ ਦੀ ਨਿਰਧਾਰਤ ਸ਼੍ਰੇਣੀ ਵਿੱਚ ਨਹੀਂ ਆਉਂਦਾ ਤਾਂ ਇਹ ਵਿੱਤੀ ਲਾਭ 18 ਸਾਲ ਦੀ ਉਮਰ ਤੱਕ ਮਿਲਦਾ ਰਹੇਗਾ।

8. **ਨੰਨ੍ਹੀ ਛਾਂ:** ਇਹ ਸਕੀਮ 27 ਅਗਸਤ 2008 ਨੂੰ ਰਨਬੈਕਸੀ ਗਰੁੱਪ ਵੱਲੋਂ ਸ਼ੁਰੂ ਕੀਤੀ ਗਈ ਪਰ ਬਾਅਦ ਵਿੱਚ ਸ੍ਰੀਮਤੀ ਹਰਸਿਮਰਤ ਬਾਦਲ ਮੈਂਬਰ ਪਾਰਲੀਮੈਂਟ ਬਠਿੰਡਾ ਵੱਲੋਂ ਅਪਣਾਈ ਗਈ। ਬੱਚੀਆਂ ਨੂੰ ਅਤੇ ਆਪਣੇ ਸੰਵੇਦਨਸ਼ੀਲ ਵਾਤਾਵਰਨ ਨੂੰ ਬਚਾਉਣ ਲਈ ਇਹ ਇੱਕ ਵਿਲੱਖਣ ਉਪਰਾਲਾ ਹੈ। ਇਸ ਪ੍ਰੋਜੈਕਟ ਦਾ ਉਦੇਸ਼ ਨਾਰੀ ਭਰੂਣ ਹੱਤਿਆਵਾਂ ਅਤੇ ਘੱਟ ਰਹੀ ਹਰਿਆਵਲ ਦੇ ਦੁਸ਼ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਹੈ।

9. **ਪੰਜਾਬ ਵਿੱਚ ਕੰਨਿਆ ਸਕੂਲਾਂ ਦੇ ਸ਼ਕਤੀਕਰਨ ਸਬੰਧੀ ਸਕੀਮ:** ਨਾਰੀ ਸ਼ਕਤੀਕਰਨ ਲਈ ਵਿੱਦਿਆ ਅਹਿਮ ਹਥਿਆਰ ਹੈ। ਪਰ ਸਾਡੇ ਪੇਂਡੂ ਖੇਤਰਾਂ ਵਿੱਚ ਕਈ ਬੁਨਿਆਦੀ ਲੋੜਾਂ ਦੀ ਕਮੀ (ਜਿਵੇਂ ਪਖਾਨਿਆਂ ਆਦਿ ਦਾ ਨਾਂ ਹੋਣਾ) ਕਾਰਨ ਬਹੁਤ ਸਾਰੀਆਂ ਲੜਕੀਆਂ ਸਕੂਲ ਨਹੀਂ ਜਾਂਦੀਆਂ। ਬੁਨਿਆਦੀ ਲੋੜਾਂ ਦੀ ਥੁੜ ਕਾਰਨ ਕੋਈ ਵੀ ਲੜਕੀ ਸਕੂਲ ਤੋਂ ਵਾਂਝੀ ਨਾ ਰਹੇ, ਇਸੇ ਉਦੇਸ਼ ਨਾਲ ਸਰਕਾਰ ਨੇ ਕੰਨਿਆ ਸਕੂਲਾਂ ਦੇ ਸ਼ਕਤੀਕਰਨ ਕਰਨ ਸਬੰਧੀ ਸਕੀਮ ਚਲਾਈ ਹੈ। ਇਸ ਸਕੀਮ ਤਹਿਤ 144 ਕਮਿਊਨਟੀ ਡਿਵੈਲਪਮੈਂਟ ਬਲਾਕਾਂ ਵਿੱਚ 121 ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ

Scanned with CamScanner

ਦਾ ਬੁਨਿਆਦੀ ਢਾਂਚਾ ਮਜਬੂਤ ਕੀਤਾ ਜਾ ਰਿਹਾ ਹੈ।

10. **ਸਵੱਸਥ ਕੰਨਿਆ ਯੋਜਨਾ:** ਲੜਕੀਆਂ ਦੇ ਸਿਹਤ ਅਤੇ ਵਿੱਦਿਅਕ ਪੱਧਰ ਨੂੰ ਉੱਚਾ ਚੁੱਕਣ ਲਈ ਰਾਜ ਸਰਕਾਰ ਨੇ 2016-17 ਵਿੱਚ ਇੱਕ ਨਵੀਂ ਸਕੀਮ 'ਸਵਸਥ ਕੰਨਿਆ ਯੋਜਨਾ' ਚਲਾਈ ਹੈ। ਇਸ ਸਕੀਮ ਤਹਿਤ ਸਰਕਾਰ ਪਹਿਲੀ ਤੋਂ ਬਾਰ੍ਹਵੀਂ ਤੱਕ ਦੀਆਂ ਲੜਕੀਆਂ ਨੂੰ ਮੁਫ਼ਤ ਬਸਤੇ ਅਤੇ ਹੋਰ ਜਰੂਰੀ ਸਟੇਸ਼ਨਰੀ ਦਾ ਸਮਾਨ ਮੁਹੈਈਆ ਕਰਾਵੇਗੀ। ਇਹਨਾਂ ਬਸਤਿਆਂ ਵਿੱਚ ਲਾਭਪਾਤਰੀ ਯੋਗਤਾ ਕਾਰਡ ਵੀ ਸ਼ਾਮਿਲ ਹਨ ਜੋ ਵੱਖ-ਵੱਖ ਸਕੀਮਾਂ ਤਹਿਤ ਕੰਨਿਆਵਾਂ ਨੂੰ ਮਿਲ ਰਹੇ ਲਾਭਾਂ ਬਾਰੇ ਵੀ ਦੱਸਦੇ ਹਨ। ਛੇਵੀਂ ਤੋਂ ਬਾਰ੍ਹਵੀਂ ਜਮਾਤ ਦੀਆਂ ਸਰਕਾਰੀ ਸਕੂਲ ਵਿੱਚ ਪੜ੍ਹ ਰਹੀਆਂ ਲੜਕੀਆਂ ਨੂੰ ਕੰਨਿਆ ਸਿਹਤ ਸੰਭਾਲ ਕਿੱਟਾਂ, ਮਹੀਨਾਵਾਰ ਅਧਾਰ ਤੇ ਦਿੱਤੀਆਂ ਜਾਂਦੀਆਂ ਹਨ। ਸਰਕਾਰ ਇਹਨਾਂ ਕਿੱਟਾਂ ਦੀ ਵੰਡ ਨੂੰ ਸਕੂਲਾਂ ਵਿੱਚ ਵੈਂਡਿੰਗ ਮਸ਼ੀਨਾਂ ਲਗਾ ਕੇ ਹੋਰ ਵੀ ਉਤਸ਼ਾਹਿਤ ਕਰੇਗੀ।

11. ਔਰਤਾਂ ਨੂੰ ਸਵੈ ਨਿਰਭਰ ਬਣਾਉਣ ਲਈ ਪਿੰਡਾਂ ਵਿੱਚ **ਨੰਨ੍ਹੀ ਛਾਂ ਸਿਖਲਾਈ ਕੇਂਦਰ** ਵੀ ਸਰਕਾਰ ਵੱਲੋਂ ਸਥਾਪਿਤ ਕੀਤੇ ਜਾ ਰਹੇ ਹਨ ਤਾਂ ਜੋ ਰੁਜ਼ਗਾਰ ਪ੍ਰਾਪਤੀ ਲਈ ਉਹਨਾਂ ਨੂੰ ਤਕਨੀਕੀ ਸਿਖਲਾਈ ਦਿੱਤੀ ਜਾ ਸਕੇ।

12. ਔਰਤਾਂ ਦੀ ਸੁਰੱਖਿਆ ਲਈ ਰਾਜ ਸਰਕਾਰ ਨੇ **ਵਿਸ਼ੇਸ਼ ਇਸਤਰੀ ਗਸ਼ਤੀ-ਦਸਤੇ** ਬਣਾਉਣ ਦਾ ਫੈਸਲਾ ਕੀਤਾ ਹੈ, ਜੋ ਸਕੂਲ, ਕਾਲਜਾਂ, ਬਜ਼ਾਰਾਂ ਅਤੇ ਮਲਟੀਪਲੈਕਸ ਆਦਿ ਵਿੱਚ ਗਸ਼ਤ ਕਰਕੇ ਛੇੜਛਾੜ, ਸੋਸ਼ਣ ਅਤੇ ਇਸਤਰੀਆਂ ਵਿਰੁੱਧ ਹੋ ਰਹੇ ਕਈ ਜੁਰਮਾਂ ਨੂੰ ਠੱਲ੍ਹ ਪਾਉਣ ਵਿੱਚ ਮੱਦਦ ਕਰਨਗੇ।

13. **ਸ਼ਕਤੀ,** ਇਹ ਇਸਤਰੀ ਸੁਰੱਖਿਆ ਲਈ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਇੱਕ ਮੁਬਾਇਲ ਐਪਲੀਕੇਸ਼ਨ ਹੈ, ਤਾਂ ਜੋ ਕਿਸੇ ਮੁਸੀਬਤ ਦਾ ਸ਼ਿਕਾਰ ਹੋਈ ਔਰਤ ਆਪਣੇ ਸਬੰਧੀਆਂ ਜਾਂ ਪੁਲਿਸ ਨਾਲ ਕੇਵਲ ਇੱਕ ਬਟਨ ਦਬਾ ਕੇ ਰਾਬਤਾ ਕਾਇਮ ਕਰ ਸਕੇ।

14. 9ਵੀਂ ਤੋਂ 12ਵੀ ਜਮਾਤ ਵਿਚ ਪੜ ਰਹੇ ਐਸ.ਸੀ. ਵਿਦਿਆਰਥੀਆਂ ਦੀ ਇਕ ਨਵੀ 'ਸਕੀਮ ਕੈਰੀਅਰ ਕੌਂਸਲਿੰਗ' ਸ਼ੁਰੂ ਕੀਤੀ ਗਈ ਹੈ। 2015-16 ਵਿਚ ਜ਼ਿਲ੍ਹਾ ਪੱਧਰ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਚੁਣੇ ਜਾਣ ਵਾਲੇ ਵਿਸ਼ਿਆਂ ਅਤੇ ਨੌਕਰੀਆਂ ਦੇ ਮੌਕੇ ਤੋਂ ਜਾਣੂ ਕਰਵਾਉਣ ਲਈ ਇਹ ਯੋਜਨਾ 2016-17 ਦੇ ਦੌਰਾਨ ਤਹਿਸੀਲ ਅਤੇ ਬਲਾਕ ਪੱਧਰ 'ਤੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਵਧਾਈ ਜਾ ਰਹੀ ਹੈ।

15. ਸੂਬਾ ਸਰਕਾਰ ਨੇ ਰਾਜ ਵਿੱਚ ਮੁਸਲਮਾਨਾ ਅਤੇ ਕ੍ਰਿਸ਼ਚੀਅਨ ਕਬਰਸਤਾਨਾਂ ਸਥਾਪਤ ਕਰਨ ਦੀ ਘੋਸ਼ਣਾ ਕੀਤੀ ਹੈ।

16. **ਸੀਨਅਰ ਸਿਟੀਜਨਾਂ ਲਈ ਸਹੂਲਤਾਂ:** 60 ਸਾਲ ਜਾ ਇਸ ਤੋਂ ਵੱਧ ਉਮਰ ਦੇ ਹੋਣ ਵਾਲੇ ਬਜੁਰਗ ਨਾਗਰਿਕਾਂ ਨੇ ਹੇਠ ਲਿਖੇ ਲਾਭ ਮਿਲਦੇ ਹਨ:-
    - ਪੰਜਾਬ ਰੋਡਵੇਜ / ਪੀ.ਆਰ.ਟੀ.ਸੀ. ਬੱਸਾਂ ਵਿੱਚ ਪ੍ਰਤੀ ਬੱਸਾਂ ਲਈ ਤਿੰਨ ਸੀਟਾਂ ਰਾਖਵੀਆਂ ਹਨ।
    - ਸਿਵਲ ਹਸਪਤਾਲਾਂ ਵਿੱਚ ਸਾਰੇ ਓ.ਪੀ.ਡੀ.ਜ ਵਿੱਚ ਸੀਨੀਅਰ ਸਿਟੀਜਨਾਂ ਲਈ ਵੱਖਰੀਆਂ ਕਤਾਰਾਂ ਬਣਾਈਆਂ ਜਾਂਦੀਆਂ ਹਨ।
    - ਬਿਜਲੀ/ਪਾਣੀ ਦੇ ਬਿੱਲਾਂ ਦੇ ਭੁਗਤਾਨ ਲਈ ਸੀਨੀਅਰ ਨਾਗਰਿਕਾਂ ਲਈ ਵੱਖਰੀ ਕਤਾਰਾਂ ਬਣਾਈਆਂ ਜਾਂਦੀਆ ਹਨ।

17. **60 ਸਾਲ ਦੀ ਉਮਰ ਤੋਂ ਵੱਧ ਔਰਤਾਂ ਲਈ ਕਿਰਾਇਆ ਦੀ ਯਾਤਰਾ ਦੀ ਸੁਵਿਧਾ:-** ਰਾਜ ਸਰਕਾਰ 60 ਸਾਲ ਦੀ ਉਮਰ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਪੰਜਾਬ ਰੋਡਵੇਜ਼ ਅਤੇ ਪੀ ਆਰ ਟੀ ਸੀ ਬੱਸਾਂ ਵਿੱਚ ਅੱਧੇ ਕਿਰਾਏ 'ਤੇ ਰਿਆਇਤੀ ਯਾਤਰਾ ਦੀ ਸਹੂਲਤ ਪ੍ਰਦਾਨ ਕਰ ਰਹੀ ਹੈ।

18. **ਅੰਨੇ ਵਿਅਕਤੀਆਂ ਲਈ ਮੁਫ਼ਤ ਅਤੇ ਅਪਾਹਜ ਵਿਅਕਤੀਆਂ ਲਈ ਰਿਆਇਤੀ ਯਾਤਰਾ ਦੀ ਸਹੂਲਤ:** ਪੰਜਾਬ ਸਰਕਾਰ

Scanned with CamScanner

ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ ਬੱਸਾਂ ਵਿੱਚ ਅੰਨੇ ਵਿਅਕਤੀਆਂ ਲਈ ਮੁਫ਼ਤ ਅਤੇ ਅਪਾਹਜ ਵਿਅਕਤੀਆਂ ਲਈ ਰਿਆਇਤੀ ਯਾਤਰਾ ਦੀ ਸਹੂਲਤ ਪ੍ਰਦਾਨ ਕਰ ਰਹੀ ਹੈ।

19. **ਮਾਸਿਕ ਪੈਨਸ਼ਨ ਸਕੀਮ:** ਬਜ਼ੁਰਗਾਂ, ਨਿਰਭਰ ਬੱਚਿਆਂ, ਅਪਾਹਜ ਵਿਅਕਤੀਆਂ ਅਤੇ ਨਿਆਸਰਾ ਔਰਤਾਂ ਲਈ ਮਾਸਿਕ ਪੈਨਸ਼ਨ ਸਕੀਮ ਰਾਜ ਵਿੱਚ 1 ਅਪ੍ਰੈਲ 2005 ਤੋਂ ਲਾਗੂ ਹੈ। ਪੰਜਾਬ ਸਰਕਾਰ ਰਾਜ ਵਿੱਚ ਰਜਿਸਟਰੇਸ਼ਨ ਤੇ 3% ਸਟੈਂਪ ਡਿਊਟੀ ਅਤੇ ਬਿਜਲੀ ਬਿਲਾਂ ਤੇ 5% ਵਾਧੂ ਡਿਊਟੀ ਵਧਾ ਕੇ ਇਸ ਸਕੀਮ ਲਈ ਸਮਰਪਿਤ ਸਾਮਾਜਿਕ ਸੁਰੱਖਿਆ ਫੰਡ ਸਥਾਪਿਤ ਕੀਤਾ ਹੈ। ਸੂਬਾ ਸਰਕਾਰ ਨੇ ਇਸ ਪੈਨਸ਼ਨ ਦਾ ਵਰਤਮਾਨ ਪੱਧਰ 500 ਰੁਪਏ ਪ੍ਰਤੀ ਮਹੀਨਾ ਤੋਂ ਵਧਾਕੇ 700 ਰੁਪਏ ਪ੍ਰਤੀ ਮਹੀਨਾ ਕਰਨ ਦਾ ਫੈਸਲਾ ਲਿਆ ਹੈ।

20. **ਤੇਜ਼ਾਬ ਹਮਲੇ ਪੀੜਤਾ ਨੂੰ ਵਿੱਤੀ ਸਹਾਇਤਾ:** ਰਾਜ ਸਰਕਾਰ ਨੇ 2017-18 ਦੇ ਬਜਟ ਵਿੱਚ ਐਸਿਡ ਹਮਲੇ ਦੇ ਪੀੜਤਾਂ ਨੂੰ ਵਿੱਤੀ ਸਹਾਇਤਾ ਦੇਣ ਦਾ ਐਲਾਨ ਦੀਤਾ ਹੈ। ਇਹ ਯੋਜਨਾ ਦੇ ਅਧੀਨ ਤੇਜ਼ਾਬ ਪੀੜਤਾ ਨੂੰ 8000 ਰੁਪਏ ਦੀ ਵਿੱਤੀ ਸਹਾਇਤਾ ਪ੍ਰਤੀ ਮਹੀਨਾ ਦਿੱਤੀ ਜਾਵੇਗੀ।

21. **ਆਜ਼ਾਦੀ ਘੁਲਾਟੀਏ ਲਈ ਬਿਜਲੀ ਦੀਆਂ ਮੁਫ਼ਤ ਯੂਨਿਟਾਂ:-** ਸੂਬਾ ਸਰਕਾਰ ਨੇ ਹਰੇਕ ਆਜ਼ਾਦੀ ਘੁਲਾਟੀਏ ਦੇ ਘਰ ਨੂੰ 300 ਯੂਨਿਟ ਮੁਫ਼ਤ ਬਿਜ਼ਲੀ ਦੇਣ ਦਾ ਫੈਸਲਾ ਕੀਤਾ ਹੈ।

22. ਪੱਛੜੀਆਂ ਜਾਤੀਆਂ ਦੇ ਮਜ਼ਬੂਤੀ ਕਰਨ ਲਈ ਸਰਕਾਰ ਨੇ ਵਿਦਿਅਕ, ਤਕਨੀਕੀ ਅਤੇ ਪੇਸ਼ੇਵਾਰ ਕਾਲਜਾਂ/ਸੰਸਥਾਵਾਂ ਵਿੱਚ ਪੱਛੜੀਆਂ ਜਾਤਾਂ ਨਾਲ ਸਬੰਧਿਤ ਵਿਦਿਆਰਥੀਆਂ ਲਈ ਦਾਖਲੇ ਲਈ ਕੋਟਾ 5% ਤੋਂ ਵਧਾ ਕੇ 10% ਕਰ ਦਿੱਤਾ ਗਿਆ ਹੈ। ਨਾਲ ਹੀ ਰਾਜ ਸਰਕਾਰ ਨੇ ਅਜਿਹੇ ਪਰਿਵਾਰਾਂ ਦੀ ਰ੍ਹਾਖਵਾਂਕਰਨ ਆਮਦਨ ਸੀਮਾ 6 ਲੱਖ ਰੁਪਏ ਤੋਂ ਵਧਾ ਕੇ 8 ਲੱਖ ਰੁਪਏ ਕਰ ਦਿੱਤੀ ਹੈ।

23. **ਮਹਿਲਾ ਸ਼ਕਤੀ ਕੇਂਦਰ:-** ਰਾਜ ਸਰਕਾਰ ਨੇ 2019-20 ਤੱਕ ਇੱਕ ਨਵੀਂ ਸਕੀਮ ਮਹਿਲਾ ਸ਼ਕਤੀ ਕੇਂਦਰ ਲਾਗੂ ਕਰਨ ਦਾ ਫੈਸਲਾ ਲਿਆ ਹੈ। ਇਸ ਸਕੀਮ ਤਹਿਤ ਪੇਂਡੂ ਖੇਤਰਾਂ ਦੀਆਂ ਔਰਤਾਂ ਦੀ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸਰਕਾਰ ਤੱਕ ਪਹੁੰਚ ਸਰਲ ਕੀਤੀ ਜਾਵੇਗੀ ਅਤੇ ਨਾਲ ਹੀ ਉਹਨਾਂ ਦੀ ਚੇਤੰਨਤਾ, ਕਾਰਜ ਕੁਸ਼ਲਤਾ ਅਤੇ ਸਮੱਰਥਾ ਦਾ ਵੀ ਮਜਬੂਤੀਕਰਨ ਹੋਵੇਗਾ। ਵਲੰਟੀਅਰ ਵਿਦਿਆਰਥੀਆਂ ਦੀ ਮੱਦਦ ਨਾਲ ਇਸ ਵਲੰਟੀਅਰ ਲੋਕ ਸੇਵਾ ਦੀ ਭਾਵਨਾ ਨੂੰ ਹੁਲਾਰਾ ਮਿਲੇਗਾ। ਇਹ ਵਿਦਿਆਰਥੀ ਇੱਕ ਪਰਿਵਰਤਨ ਦੇ ਮਾਧਿਅਮ ਵੱਜੋਂ ਕੰਮ ਕਰਨਗੇ ਅੇਤ ਦੇਸ ਅਤੇ ਲੋਕਾਂ ਉਪਰ ਇਹਨਾਂ ਦਾ ਅਮਿੱਟ ਪ੍ਰਭਾਵ ਹੋਵੇਗਾ।

24. ਰਾਜ ਸਰਕਾਰ ਨੇ ਬਰਨਾਲਾ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਬਿਰਧ ਆਸ਼ਰਮ ਬਣਾਉਣ ਦਾ ਫ਼ੈਸਲਾ ਕੀਤਾ ਹੈ।

Scanned with CamScanner

11.15 ਖੇਡਾਂ:

ਖੇਡ ਨੀਤੀ 2018:

ਖਿਡਾਰੀਆਂ ਨੂੰ ਵੱਧ ਤੋਂ ਵੱਧ ਸੁਵਿਧਾਵਾਂ ਦੇਣ ਲਈ 2018 ਵਿਚ ਨਵੀਂ ਖੇਡ ਨੀਤੀ ਅਪਨਾਈ ਗਈ। ਇਸ ਨੀਤੀ ਦਾ ਮੰਤਵ ਰਾਜ ਵਿਚ ਨਵੇਂ ਸਿਰੇ ਤੋਂ ਖੇਡਾਂ ਨੂੰ ਸੰਜੀਦਾ ਕਰਨਾ ਅਤੇ ਨਵੇਂ ਉੱਭਰ ਰਹੇ ਹੋਣਹਾਰ ਖਿਡਾਰੀਆਂ ਨੂੰ ਉਚਿਤ ਸਿਖਲਾਈ ਪ੍ਰਦਾਨ ਕਰਨਾ ਹੈ। ਇਸ ਨੀਤੀ ਦੇ ਮੁੱਖ ਨੁਕਤੇ ਇਸ ਪ੍ਰਕਾਰ ਹਨ:

- ਸਮਾਜ ਦੇ ਵੱਖ-ਵੱਖ ਵਰਗਾਂ ਵਿਚ ਖੇਡਾਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਤਾਂ ਜੋ ਨੌਜਵਾਨਾਂ ਦੇ ਆਚਰਨ ਅਤੇ ਸਖਸੀਅਤ ਦਾ ਸਰਵਾਂਗੀ ਵਿਕਾਸ ਹੋ ਸਕੇ।
- ਸਮਾਜ ਦੇ ਸਾਰੇ ਵਰਗਾਂ ਦੀ ਖੇਡਾਂ ਪ੍ਰਤੀ ਪਹੁੰਚ ਯਕੀਨੀ ਬਣਾਉਣੀ।
- ਜਮੀਨੀ ਪੱਧਰ ਤੇ ਪੰਜਾਬ ਵਿੱਚ ਖੇਡ ਪ੍ਰਤਿਭਾ ਨੂੰ ਪਛਾਨਣਾ ਅਤੇ ਵਿਕਾਸ ਦੇ ਮੌਕੇ ਪ੍ਰਦਾਨ ਕਰਨੇ ਤਾਂ ਜੋ ਉਹ ਵਿਸਵ-ਪੱਧਰ ਤੇ ਖੇਡ ਜਗਤ ਵਿੱਚ ਨਾਮ ਖੱਟ ਸਕਣ ਅਤੇ ਇੱਕ ਖੇਡ ਕੇਂਦਰੀ, ਆਕਰਸ਼ਿਤ ਵੰਗਾਰਾਂ ਅਤੇ ਪਾਰਿਸਥਿਤੀਕ ਸਬੰਧ ਸਥਾਪਿਤ ਕੀਤਾ ਜਾ ਸਕੇ ਜੋ ਸੰਪੂਰਨ ਖੇਡ ਜਗਤ ਲਈ ਲਾਹੇਵੰਦ ਸਿੱਧ ਹੋ ਸਕੇ।
- ਮਾਪਿਆਂ ਨੂੰ ਜਾਗਰੂਕ ਕਰਨਾ ਅਤੇ ਖੇਡਾਂ ਨੂੰ ਉਤਸਾਹਿਤ ਕਰਨਾ ਤਾਂ ਜੋ ਭਵਿੱਖ ਵਿਚ ਜੀਵਨ ਵਿਚ ਸਫਲਤਾ ਪਾਉਣ ਲਈ ਖੇਡਾਂ ਪ੍ਰਤੀ ਰੁਝਾਨ ਕਾਰਗਰ ਸਿੱਧ ਹੋ ਸਕੇ।
- ਹਰੇਕ ਪੱਧਰ ਤੇ ਖੇਡ ਦੇ ਮੈਦਾਨ ਮੁਹੱਈਆ ਕਰਵਾ ਕੇ ਹਰ ਨਾਗਰਿਕ ਤੱਕ ਖੇਡਾਂ ਦੀ ਪਹੁੰਚ ਯਕੀਨੀ ਬਣਾਉਣਾ।
- ਨਾਗਰਿਕਾਂ ਦੇ ਸਰੀਰਿਕ ਅਤੇ ਮਾਨਸਿਕ ਵਿਕਾਸ ਉੱਪਰ ਗੁਣਾਤਮਕ ਪ੍ਰਭਾਵ ਪੈਦਾ ਕਰਨਾ। ਮੋਨਸੰਜਨ ਦੀਆਂ ਖੇਡਾਂ ਵਿਚ ਨਾਗਰਿਕਾਂ ਦੀ ਸਾਂਝੇਦਾਰੀ ਰਾਹੀਂ ਖੇਡਾਂ ਨੂੰ ਜੀਵਨ ਦੇ ਮਨਪਰਚਾਵੇਂ ਦਾ ਵਸੀਲਾ ਬਣਾਉਣਾ।
- ਹਰੇਕ ਪੱਧਰ ਤੇ ਸਿਖਲਾਈ ਮੁਹੱਈਆ ਕਰਵਾਉਣੀ ਅਤੇ ਸਮਾਜ ਵਿਚ ਇਹੋ ਜਿਹੇ ਵਿਕਾਸਸੀਲ ਮਾਡਲ ਸਥਾਪਿਤ ਕਰਨੇ ਜੋ ਜੀਵਨ ਕਲਾ ਨੂੰ ਖੇਡਾਂ ਨਾਲ ਜੋੜ ਸਕਣ।
- ਖਾਸ ਤੌਰ ਤੇ ਔਰਤਾਂ ਅਤੇ ਵਿਲੱਖਣ ਪ੍ਰਤਿਭਾ ਵਾਲੇ ਬੱਚਿਆਂ ਵਿਚ ਪ੍ਰਤਿਭਾ ਨੂੰ ਪਛਾਨਣਾ।
- ਹਰੇਕ ਪੱਧਰ ਉਪਰ ਮੁਕਾਬਲੇ ਅਤੇ ਟੂਰਨਾਮੈਂਟ ਕਰਵਾਉਣੇ।
- ਖੇਡ ਭਾਈਚਾਰੇ ਦੇ ਕਲਿਆਣ ਅਤੇ ਨੌਜਵਾਨਾਂ ਲਈ ਖੇਡਾਂ ਵਿਚ ਸੰਭਾਵਿਤ ਰੁਜਗਾਰ ਦੇ ਮੌਕੇ ਪ੍ਰਦਾਨ ਕਰਨੇ ਅਤੇ ਯਕੀਨੀ ਬਣਾਉਣੇ।
- ਪੰਜਾਬ ਓਲੰਪਿਕ ਐਸੋਸੀਏਸ਼ਨ ਅਤੇ ਹੋਰ ਰਾਜ ਪੱਧਰੀ ਖੇਡ ਸੰਸਥਾਵਾਂ ਨਾਲ ਨਜਦੀਕੀ ਸਬੰਧ ਵਿਕਸਿਤ ਕਰਨੇ ਤਾਂ ਜੋ ਓਲੰਪਿਕ ਖੇਡਾਂ ਦੀ ਮਰਿਆਦਾ ਨੂੰ ਸਤਿਕਾਰਿਤ ਅਤੇ ਸੁਰੱਖਿਅਤ ਰੱਖਿਆ ਜਾ ਸਕੇ ਅਤੇ ਇਸ ਦਾ ਹੋਰ ਵਿਕਾਸ ਹੋ ਸਕੇ।
- ਰਾਜ ਵਿੱਚਲੀਆਂ ਖੇਡ ਸੰਸਥਾਵਾਂ ਅਤੇ ਕਲੱਬਾਂ ਦੀ ਕਾਰਜਵਿਧੀ ਵਿਚ ਪਾਰਦਰਸ਼ਤਾ ਲਿਆਉਣ ਲਈ ਹਰ ਸੰਭਵ ਉਪਰਾਲਾ ਕੀਤਾ ਜਾਵੇਗਾ ਤਾਂ ਜੋ ਯੋਗ ਖਿਡਾਰੀਆਂ ਨੂੰ ਉਹਨਾਂ ਦਾ ਹੱਕ ਮਿਲ ਸਕੇ।
- ਪੰਜਾਬ ਦੇ ਖਿਡਾਰੀਆਂ ਅਤੇ ਪਿੰਡ ਪੱਧਰ ਤੇ ਕੰਮ ਕਰ ਰਹੀਆਂ ਖੇਡ ਸੰਸਥਾਵਾਂ ਨੂੰ ਟਿਕਾਉ ਮਦਦ ਯਕੀਨੀ ਬਣਾਉਣਾ ਤਾਂ ਜੋ ਉਹ ਰਾਸ਼ਟਰੀ, ਅੰਤਰਰਾਸ਼ਟਰੀ ਅਤੇ ਓਲੰਪਿਕ ਖੇਡਾਂ ਲਈ ਤਿਆਰ ਹੋ ਸਕਣ ਅਤੇ ਨਾਲ ਹੀ ਉਹਨਾਂ ਦੀ ਰਾਜ ਉੱਪਰ ਨਿਰਭਰਤਾ ਘਟਾਉਣ ਲਈ ਆਪਣੇ ਪੱਧਰ ਤੇ ਵਸੀਲੇ ਪੈਦਾ ਕਰਨ ਦੇ ਵੀ ਯੋਗ ਬਣਾਉਣਾ ਅਤੇ ਉਤਸਾਹਿਤ ਕਰਨਾ।
- ਨਿੱਜੀ ਅਤੇ ਕਾਰਪੋਰੇਟ ਸੈਕਟਰਾਂ, ਗੈਰ-ਨਿੱਜੀ ਸੰਸਥਾਵਾਂ ਅਤੇ ਹੋਰ ਨਿੱਜੀ ਸੰਸਥਾਵਾਂ ਅਤੇ ਵਿਦੇਸੀ ਨਾਗਰਿਕਾਂ ਦੀ ਖੇਡ ਸਬੰਧੀ ਬੁਨਿਆਦੀ ਢਾਚਾਂ, ਟ੍ਰੈਨਿੰਗ ਅਤੇ ਖੇਡ ਮੁਕਾਬਲੇ ਕਰਵਾਉਣ ਵਿਚ ਸ਼ਮੂਲੀਅਤ ਨੂੰ ਉਤਸਾਹਿਤ ਕਰਨਾ। ਇਸ ਦਾ ਮੁੱਖ ਉਦੇਸ਼ ਨਿੱਜੀ ਖੇਤਰ ਨਾਲ ਸਾਝੇਦਾਰੀ ਵਿਚ ਇਕ ਟਿਕਾਉ ਵਿੱਤੀ ਵਿਕਾਸ ਆਰੰਭਣਾ ਹੈ ਤਾਂ ਜੋ ਰਾਜ ਵਿੱਚ ਖੇਡਾਂ ਦੇ ਵਿਕਾਸ ਲਈ ਨਿੱਜੀ ਖੇਤਰਾਂ ਨੂੰ ਵੀ ਆਕਰਸ਼ਿਤ ਕੀਤਾ ਜਾ ਸਕੇ।

Scanned with CamScanner

ਸੰਸਥਾਗਤ ਢਾਂਚਾ:

- ਇਸ ਪਾਲਿਸੀ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ **ਖੇਡ ਵਿਭਾਗ** ਮੁੱਖ ਨੋਡਲ ਏਜੰਸੀ ਹੈ।
- **ਪੰਜਾਬ ਰਾਜ ਖੇਡ ਕਾਊਂਸਲ:** ਮਾਣਯੋਗ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਕਾਰਜਸ਼ੀਲ ਪੰਜਾਬ ਰਾਜ ਖੇਡ ਕਾਊਂਸਲ ਇੱਕ ਸਲਾਹਕਾਰ ਅਤੇ ਵਿਕਾਸ ਸਬੰਧੀ ਸੰਸਥਾ ਹੈ ਜੋ ਕਿ ਖਿਡਾਰੀਆਂ ਅਤੇ ਸਬੰਧਿਤ ਸੰਸਥਾਵਾਂ ਨੂੰ ਖੇਡਾਂ ਦੇ ਸੰਸਥਾਗਤ, ਭੌਤਿਕ ਅਤੇ ਵਿੱਤੀ ਮੱਦਦ ਅਤੇ ਉਪਕਰਨਾਂ ਸਬੰਧੀ ਸਹਾਇਤਾ ਦੇਣ ਲਈ ਵਚਨਬੰਧ ਹੈ।

ਪੰਜਾਬ ਦੀਆਂ ਮੁੱਖ ਖੇਡ ਸਬੰਧੀ ਸੰਸਥਾਵਾਂ:

- ਇੰਡੀਅਨ ਸਪੋਰਟਸ ਹਾਸਟਲ ਅਕਾਦਮੀ, ਜਲੰਧਰ
- ਫੁੱਟਬਾਲ ਅਕਾਦਮੀ, ਮਹਿਤਾਬਪੁਰਾ, ਜਿਲ੍ਹਾ ਹੁਸ਼ਿਆਰਪੁਰ
- ਕੁੜੀਆਂ ਦੀ ਹਾਕੀ ਅਕਾਦਮੀ, ਝਾਰਨਾ, ਜਿਲ੍ਹਾ ਅਮਰਤਸਰ
- ਕੁੜੀਆਂ ਦੀ ਰਾਈਫਲ ਸ਼ੂਟਿੰਗ ਅਕਾਦਮੀ, ਝਾਰਨਾ, ਜਿਲ੍ਹਾ ਅਮਰਤਸਰ
- ਤਲਵੰਡੇ ਮਾਰਸਲ ਆਰਟ ਅਤੇ ਸਪੋਰਟਸ ਅਕਾਦਮੀ, ਕਾਪੰਥਪੁਰ ਸਾਹਿਬ
- ਸਟੇਟ ਸਪੋਰਟਸ ਸਕੂਲ, ਘੁੱਦਾ, ਜਿਲ੍ਹਾ ਬਠਿੰਡਾ।
- ਸਟੇਟ ਸਪੋਰਟਸ ਸਕੂਲ, ਜਲੰਧਰ।
- ਸਪੋਰਟਸ ਅਕੈਡਮੀ, ਲੁਧਿਆਣਾ।

- **ਪੰਜਾਬ ਖੇਡ ਸੰਸਥਾ ਮੋਹਾਲੀ:** ਜੋ ਕੀ ਮਾਣਯੋਗ ਮੁੱਖ ਮੰਤਰੀ ਦੀ ਅਗਵਾਈ ਹੇਠ ਚੱਲ ਰਹੀ ਇੱਕ ਰਜਿਸਟਰਡ ਸੰਸਥਾ ਹੈ। ਇਸ ਦੀ ਸਥਾਪਨਾ 2015 ਵਿੱਚ ਚਿਰ ਸਥਾਈ ਦੌੜਾਕ ਵਿਕਾਸ (ਲੌਂਗ ਟਰਮ ਐਥਲੀਟ ਡਿਵੈਲਪੈਂਮਟ) ਪ੍ਰੋਗਰਾਮ ਅਤੇ ਭਵਿੱਖ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀਆਂ ਨੂੰ ਵਿਕਸਿਤ ਕਰਨ ਦੇ ਉਦੇਸ਼ ਨਾਲ ਹੋਈ ਹੈ। ਮੌਜੂਦਾ ਇਹ ਸੰਸਥਾ 12 ਚੁਣਵੀਆਂ ਖੇਡਾਂ ਲਈ 15 ਉੱਤਮ ਸੈਂਟਰ ਚਲਾ ਰਹੀ ਹੈ ਜਿਸ ਵਿਚ ਲੱਗਭਗ 1600 ਸਿਖਿਆਰਥੀ ਟ੍ਰੇਨਿੰਗ ਲੈ ਰਹੇ ਹਨ।ਪੰਜਾਬ ਖੇਡ ਸੰਸਥਾ ਦਾ ਮੁੱਖ ਉਦੇਸ਼ ਬੁਨਿਆਦੀ ਢਾਂਚੇ ਅਤੇ ਟ੍ਰੇਨਿੰਗ ਦੇ ਮਿਆਰ ਨੂੰ ਹੋਰ ਵੀ ਵਿਕਸਿਤ ਕਰਨਾ ਹੈ। ਟ੍ਰੇਨਿੰਗ ਲੈ ਰਹੇ ਵਿਦਿਆਰਥੀਆਂ ਨੂੰ ਮੁਫ਼ਤ ਰਿਹਾਇਸ਼ ਅਤੇ ਭੋਜਨ ਮੁਹੱਈਆ ਕਰਵਾਇਆ ਜਾਵੇਗਾ ਅਤੇ ਨਾਲ ਹੀ ਉਹਨਾਂ ਦੀ ਸਿੱਖਿਆ ਅਤੇ ਤਕਨੀਕੀ ਟ੍ਰੇਨਿੰਗ ਵੀ ਉੱਤਮ ਭਾਰਤੀ ਅਤੇ ਵਿਦੇਸ਼ੀ ਟ੍ਰੇਨਰਾਂ ਤੋਂ ਕਰਵਾਈ ਜਾਵੇਗੀ।

ਰਾਜ ਵਿੱਚ ਖੇਡਾਂ ਦੇ ਵਿਕਾਸ ਲਈ ਰਾਜ ਸਰਕਾਰ ਵੱਲੋਂ ਕੀਤੇ ਉਪਰਾਲੇ:

ਰਾਜ ਵਿੱਚ ਖੇਡਾਂ ਦੇ ਵਿਕਾਸ ਲਈ ਸਰਕਾਰ ਹਰ ਸੰਭਵ ਯਤਨ ਕਰ ਰਹੀ ਹੈ, ਇਸ ਮੰਤਵ ਲਈ ਹੇਠ ਲਿਖੇ ਕਦਮ ਚੁੱਕੇ ਗਏ ਹਨ:

- ਨੀਤੀ ਅਨੁਸਾਰ ਉਲੰਪਿਕ ਖੇਡਾਂ ਵਿੱਚ, ਏਸ਼ੀਅਨ ਖੇਡਾਂ ਵਿੱਚ ਅਤੇ ਕਾਮਨ ਵੈਲਥ ਖੇਡਾਂ ਵਿੱਚ ਸੋਨ ਤਗਮਾ ਜਿੱਤਣ ਵਾਲੇ ਖਿਡਾਰੀਆਂ ਦੀ ਇਨਾਮ ਰਾਸ਼ੀ ਵਧਾ ਕੇ 2.25 ਕਰੋੜ, 26 ਲੱਖ ਅਤੇ 16 ਲੱਖ ਕਰ ਦਿੱਤੀ ਹੈ। ਚਾਂਦੀ ਅਤੇ ਕਾਂਸੀ ਦਾ ਤਗਮਾ ਜਿੱਤਣ ਵਾਲਿਆਂ ਲਈ ਵੀ ਰਾਸ਼ੀ ਵਧਾ ਦਿੱਤੀ ਗਈ ਹੈ।
- ਨਵੰਬਰ 2016 ਵਿੱਚ ਰਾਜ ਵਿੱਚ 6ਵਾਂ ਕਬੱਡੀ ਸੰਸਾਰ ਕੱਪ ਆਯੋਜਿਤ ਕੀਤਾ ਗਿਆ। ਜਿਸ ਵਿੱਚ ਮਰਦਾਂ ਦੀਆਂ 12 ਅਤੇ ਔਰਤਾਂ ਦੀਆਂ 8 ਟੀਮਾਂ ਨੇ ਸ਼ਿਰਕਤ ਕੀਤੀ। ਮਰਦਾਂ ਵਿੱਚ ਜੇਤੂ ਟੀਮ ਨੂੰ 2 ਕਰੋੜ ਰੁਪਏ ਅਤੇ ਔਰਤਾਂ ਦੀ ਜੇਤੂ ਟੀਮ ਨੂੰ 1 ਕਰੋੜ ਦੀ ਰਾਸ਼ੀ ਬਤੌਰ ਇਨਾਮ ਦਿੱਤੀ ਗਈ।
- ਉਲੰਪਿਅਨਾਂ ਦੀ ਸਹੂਲੀਅਤ ਲਈ ਵਿਸ਼ਵ ਦਰਜੇ ਦਾ ਉਲੰਪਿਕ ਭਵਨ ਮੋਹਾਲੀ ਵਿਖੇ ਸਥਾਪਿਤ ਕੀਤਾ ਗਿਆ ਹੈ।
- ਅੰਤਰਰਾਸ਼ਟਰੀ ਪੱਧਰ ਦਾ ਹਾਕੀ ਸਟੇਡੀਅਮ ਮੋਹਾਲੀ ਵਿਖੇ ਉਸਾਰਿਆ ਗਿਆ ਹੈ।
- ਪੰਜਾਬ ਸਰਕਾਰ ਨੇ ਮੋਹਾਲੀ ਵਿਖੇ ਗੋਲਫ ਕਲੱਬ ਅਤੇ ਅਕੈਡਮੀ ਸਥਾਪਿਤ ਕੀਤਾ ਹੈ।

ਰਾਜ ਸਰਕਾਰ ਨੇ ਸਾਹਿਬਜ਼ਾਦਾ ਜੁਝਾਰ ਸਿੰਘ ਦੀ ਯਾਦ ਵਿੱਚ ਜਿਮਖਾਨੇ ਲਈ ਸਾਜੋਸਮਾਨ ਆਦਿ ਦੀ ਖਰੀਦ ਲਈ ਫੰਡ

Scanned with CamScanner

ਜਾਰੀ ਕਰ ਦਿੱਤੇ ਹਨ। ਸਾਹਿਬਜ਼ਾਦਾ ਜੋਰਾਵਰ ਸਿੰਘ ਜੀ ਦੀ ਯਾਦ ਵਿਚ ਦੀ ਖੇਡਾਂ ਲਈ ਲੋੜੀਂਦਾ ਸਾਜ਼ੋਸਾਮਾਨ ਖਰੀਦਣ ਲਈ ਰਾਸ਼ੀ ਦਿੱਤੀ ਗਈ ਹੈ।

- ਖੇਡ ਯੂਨੀਆਰਸੀ ਚਾਂਦੇ ਅਤੇ ਸਟੇਡੀਅਮਾਂ ਦੀ ਮਜ਼ਬੂਤੀਕਰਨ ਲਈ ਸਰਕਾਰੀ ਸਟੇਡੀਅਮ ਬਣਾਏ ਜਾ ਰਹੇ ਹਨ।
- ਮੁਹਾਲੀ ਦੇ ਸਰਕਾਰੀ ਸਟੇਡੀਅਮ ਵਿਖੇ ਇੱਕ ਅੱਠ ਲੇਨ ਸਿੰਥੇਟਿਕ ਐਥਲੈਟਿਕ ਟਰੈਕ ਬਣਾਇਆ ਗਿਆ ਹੈ।
- ਰਾਜ ਸਰਕਾਰ ਨੇ ਖੇਡਾਂ ਨੂੰ ਉਤਸਾਹਿਤ ਕਰਨ ਲਈ ਪਟਿਆਲਾ ਵਿਖੇ **ਮਹਾਰਾਜਾ ਭੂਪਿੰਦਰ ਸਿੰਘ ਖੇਡ ਯੂਨਿਵਰਸਿਟੀ** ਸਥਾਪਿਤ ਕੀਤੀ ਹੈ।
- ਸਰਕਾਰ ਨੇ ਜਲੰਧਰ ਵਿਖੇ **ਉੱਚ ਪੱਧਰੀ ਖੇਡ ਕੰਪਲੈਕਸ** ਸਥਾਪਿਤ ਕਰਨ ਦਾ ਫੈਸਲਾ ਕੀਤਾ ਹੈ।

Scanned with CamScanner

11.16 ਗ੍ਰਹਿ ਵਿਭਾਗ (ਕਾਨੂੰਨ ਤੇ ਵਿਵਸਥਾ):

ਜੁਰਮ ਨੂੰ ਠੱਲ ਪਾਉਣ ਅਤੇ ਆਮ ਜਨਤਾ ਅਤੇ ਪੁਲਿਸ ਦਰਮਿਆਨ ਸਿੱਧੇ ਸੰਬੰਧ ਬਣਾਉਣਾ ਪੰਜਾਬ ਸਰਕਾਰ ਦੇ ਮੁੱਖ ਏਜੰਡਿਆਂ ਵਿੱਚੋਂ ਇੱਕ ਹੈ। ਕਾਨੂੰਨੀ ਵਿਵਸਥਾ ਨੂੰ ਬਿਹਤਰ ਬਣਾਉਣ ਲਈ ਹੇਠ ਲਿਖੇ ਕਦਮ ਚੁੱਕੇ ਗਏ ਹਨ:

- **ਫੋਰੀ ਪੇਂਡੂ ਪੁਲਿਸ ਜਵਾਬੀ ਪ੍ਰਣਾਲੀ:** ਦੂਜੇ ਪੰਜਾਬ ਸਰਕਾਰ ਸੁਧਾਰ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਨਿਵੇਕਲੀ ਕਿਸਮ ਦਾ ਰੈਪਿਡ ਰੂਰਲ ਪੁਲਿਸ ਰਿਸਪਾਂਸ ਸ਼ੁਰੂ ਕੀਤਾ ਹੈ ਜਿਸ ਤਹਿਤ ਪਹੁੰਚ ਤੋਂ ਵੀ ਪਰੇ ਪੇਂਡੂ ਖੇਤਰਾਂ ਵਿੱਚ ਵੀ ਇੱਕ ਕਾਲ ਤੇ 20 ਮਿੰਟ ਤੋਂ ਘੱਟ ਸਮੇਂ ਵਿੱਚ ਹੀ ਪੁਲਿਸ ਸਹਾਇਤਾ ਮਿਲ ਸਕੇਗੀ ਅਜਿਹਾ ਇੱਕ ਵਿਸ਼ੇਸ਼ ਨੰਬਰ ਤੋਂ ਕਾਲ ਕਰਨ ਉਪਰੰਤ ਹੀ ਹੋਵੇਗਾ।
- **ਪੰਜਾਬ ਪੁਲਿਸ ਹੈਲਪ ਲਾਈਨ 'ਡਾਇਲ 181':** ਨਾਗਰਿਕਾਂ ਨੂੰ ਸੁਵਿਧਾਵਾਂ ਮੁਹੱਈਆਂ ਕਰਾਉਣ ਲਈ ਪੰਜਾਬ ਸਰਕਾਰ ਨੇ ਇੱਕ ਵਿਸ਼ੇਸ਼ ਟੋਲ ਫਰੀ ਨੰਬਰ ਪੰਜਾਬ ਪੁਲਿਸ ਹੈਲਪ ਲਾਈਨ 'ਡਾਇਲ 181' ਸ਼ੁਰੂ ਕੀਤਾ ਹੈ। ਜਿਸ ਦਾ 22 ਅਗਸਤ, 2013 ਨੂੰ ਪੰਜਾਬ ਦੇ ਉਪ ਮੁੱਖ ਮੰਤਰੀ ਸ੍ਰੀ ਸੁਖਵੀਰ ਸਿੰਘ ਬਾਦਲ ਵੱਲੋਂ ਉਦਘਾਟਨ ਕੀਤਾ ਗਿਆ। ਇਸ ਨੰਬਰ ਤੇ 24 ਘੰਟੇ ਇਸਤਰੀਆਂ, ਬੱਚਿਆਂ, ਵਧੇਰੀ ਉਮਰ ਦੇ ਨਾਗਰਿਕਾਂ, ਐਨ.ਆਰ.ਆਈ. ਨਾਗਰਿਕਾਂ ਅਤੇ ਹੋਰ ਵਸਨੀਕਾਂ ਨੂੰ ਪੁਲਿਸ ਦੀ ਸਹਾਇਤਾ ਅਤੇ ਸੁਰੱਖਿਆ ਮੁਹੱਈਆ ਕਰਵਾਈ ਜਾਂਦੀ ਹੈ।
- **ਐਮਰਜੈਂਸੀ ਰਿਸਪਾਂਸ ਸਪੋਰਟ ਸਿਸਟਮ -112:** ਪੰਜਾਬ ਸਰਕਾਰ ਨੇ ਐਮਰਜੈਂਸੀ ਰਿਸਪਾਂਸ ਸਪੋਰਟ ਸਿਸਟਮ -112 ਦਾ ਆਰੰਭ ਕੀਤਾ ਹੈ, ਜੋ ਕਿ ਸਮੁੱਚੇ ਭਾਰਤ ਵਿੱਚ ਸਿੰਗਲ ਐਮਰਜੈਂਸੀ ਹੈਲਪਲਾਈਨ ਨੈਟਵਰਕ ਹੋਵੇਗਾ। 112 ਹੈਲਪਲਾਈਨ ਜਿਵੇਂ ਕਿ ਪੁਲਿਸ (101), ਅੱਗ ਸੁਰੱਖਿਆ (101), ਔਰਤ ਸੁਰੱਖਿਆ (109), ਬੱਚਿਆਂ ਦੀ ਸੁਰੱਖਿਆ (1098), ਆਫ਼ਤ ਰਾਹਤ (1097) ਅਤੇ ਸਿਹਤ ਸਬੰਧੀ (108/104) ਨੂੰ ਆਪੰਡ ਕਰ ਦਿਤਾ ਗਿਆ ਹੈ।
- **ਅਪਰਾਧ ਅਤੇ ਅਪਰਾਧੀ ਟਰੈਕਿੰਗ ਨੈਟਵਰਕ ਪ੍ਰਣਾਲੀ** (CCTNS) : ਇਸਦੇ ਅੰਤਰਗਤ ਸਾਰੇ ਪੁਲਿਸ ਥਾਣਿਆਂ ਨੂੰ ਆਪਸ ਵਿੱਚ ਜੋੜ ਦਿੱਤਾ ਗਿਆ ਹੈ। CCTNS ਪ੍ਰੋਜੈਕਟ ਅਧੀਨ ਰਾਜ ਦੇ ਸਾਰੇ ਪੁਲੀਸ ਸਟੇਸ਼ਨਾਂ ਵਿਚ ਸੂਰਜੀ ਊਰਜਾ ਨਾਲ ਚੱਲਣ ਵਾਲੇ ਬੈਕਅੱਪ ਸਿਸਟਮ ਲਗਾਏ ਗਏ ਹਨ।
- ਵਿਦੇਸ਼ੀ ਨਾਗਰਿਕਾਂ ਅਤੇ ਔਰਤਾਂ ਲਈ ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਨਵਾਂ ਦਫ਼ਤਰ ਖੋਲ੍ਹਿਆ ਗਿਆ ਹੈ। ਇਹ ਵਿਦੇਸ਼ੀ ਨਾਗਰਿਕ ਵਿਭਾਗ, ਔਰਤਾਂ ਅਤੇ ਵਿਦੇਸ਼ੀ ਨਾਗਰਿਕਾਂ ਲਈ ਪੁੱਛ-ਪੜਤਾਲ ਅਤੇ ਨਿਰੰਤਰਣ ਲਈ ਰਾਜ ਪੱਧਰ ਦੀ ਸੰਸਥਾ ਹੈ।
- ਆਵਾਜਾਈ ਗਿਆਨ ਨੂੰ ਉਚਿਤ ਤਰਜੀਹ ਦਿੱਤੀ ਜਾ ਰਹੀ ਹੈ। ਜਿਲ੍ਹਾ ਪੱਧਰ ਤੇ ਟਰੈਫਿਕ ਸਿੱਖਿਆ ਸੈਲ ਬਣਾਏ ਗਏ ਹਨ ਤਾਂ ਜੋ ਟਰੈਫਿਕ ਨਿਯਮਾਂ ਸਬੰਧੀ ਜਾਗਰੂਕਤਾ ਪੈਦਾ ਕੀਤੀ ਜਾ ਸਕੇ। ਬੱਚਿਆਂ ਦੇ ਪਾਠਕ੍ਰਮ ਵਿੱਚ ਟਰੈਫਿਕ ਸਿੱਖਿਆ ਦਾ ਵਿਸ਼ਾ ਸ਼ਾਮਿਲ ਕਰਨ ਦੀ ਤਜ਼ਵੀਹ ਹੈ।
- **ਸੇਫ ਸਿਟੀ (ਸੁਰੱਖਿਅਤ ਸ਼ਹਿਰ):** ਰਾਜ ਦੇ ਨਾਗਰਿਕਤਾ ਨੂੰ ਸੁਰੱਖਿਅਤ ਮਾਹੌਲ ਦੇਣ ਲਈ ਅਤੇ ਮੁੱਖ ਸ਼ਹਿਰਾਂ ਜਿਵੇਂ ਅੰਮ੍ਰਿਤਸਰ ਅਤੇ ਲੁਧਿਆਣਾ ਨੂੰ ਸੁਰੱਖਿਅਤ ਬਣਾਉਣ ਲਈ ਉਨ੍ਹਾਂ ਨੂੰ ਨਿਊਯਾਰਕ ਸ਼ਹਿਰ ਦੀ ਤਰਜ਼ ਤੇ ਨਿਵੇਕਲੇ ਅਪਰਾਧ ਰੋਕੂ ਯੰਤਰ ਲਗਾ ਕੇ ਬਤੌਰ ਸੁਰੱਖਿਅਤ ਸ਼ਹਿਰ ਵਿਕਸਤ ਕਰਨਾ ਹੀ ਇਸ ਸਕੀਮ ਦਾ ਮੰਤਵ ਹੈ। ਸੇਫ ਸਿਟੀ ਪ੍ਰੋਜੈਕਟ ਦੇ ਅੰਤਰਗਤ ਥਾਂ-ਥਾਂ ਤੇ ਕੈਮਰੇ, ਸੈਂਸਰ ਅਤੇ ਸ਼ਹਿਰ ਦੀ ਹੱਦ ਸ਼ੁਰੂ ਤੇ ਖਤਮ ਹੋਣ ਵਾਲੀਆਂ ਥਾਵਾਂ ਤੇ ਸਵੈ-ਚਾਲਿਤ ਲਾਈਸੈਂਸ ਪਲੇਟ ਰੀਡਰ ਆਦਿ ਲਗਾਏ ਜਾਣਗੇ। ਆਉਣ ਵਾਲੇ 12-15 ਮਹੀਨਿਆਂ ਵਿੱਚ 150 ਕਰੋੜ ਦੀ ਲਾਗਤ ਨਾਲ ਲਗਾਏ ਜਾਣ ਵਾਲੇ ਅਨੁਸੰਧਾਨਾ ਨਾਲ ਪੁਲਿਸ ਗਤੀਵਿਧੀਆਂ ਅਤੇ ਜਨਤਕ ਸੁਰੱਖਿਆ ਨੂੰ ਇੱਕ ਨਵਾਂ ਰੂਪ

Scanned with CamScanner

ਮਿਲੇਗਾ। ਇਸ ਨਾਲ ਰਾਜ, ਮੰਸਾਰ ਪੱਧਰ ਦੇ ਵਿਕਸਿਤ ਰਾਜਾਂ ਦੀ ਲਈ ਵਿੱਚ ਸ਼ਾਮਿਲ ਹੋ ਜਾਵੇਗਾ।

- **ਰਾਤ ਨੂੰ ਪੁਲਿਸ ਗਸ਼ਤ (ਨਾਈਟ ਪੁਲਿਸਿੰਗ):** ਰਾਜ ਸਰਕਾਰ, ਪੂਰੇ ਰਾਜ ਵਿੱਚ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ, ਰਾਤ ਨੂੰ ਪੁਲਿਸ ਗਸ਼ਤ ਦੀ ਵੀ ਵਿਉਂਤਬੰਦੀ ਬਣਾਈ ਗਈ ਹੈ। ਸਾਰੇ ਰਾਜਧਾਨੀ ਮੁੱਖ ਮਾਰਗਾਂ, ਰਾਜ ਦੇ ਮੁੱਖ ਮਾਰਗਾਂ, ਕਾਰਪੋਰੇਸ਼ਨਾਂ ਅਤੇ ਹੋਰ ਮਹੱਤਵਪੂਰਨ ਸ਼ਹਿਰਾਂ ਵਿੱਚ ਵਿਸ਼ੇਸ਼ ਪੁਲਿਸ ਟੁਕੜੀਆਂ ਇਸ ਕਾਰਜ ਲਈ ਤੈਨਾਤ ਕੀਤੀਆਂ ਜਾਂਦੀਆਂ ਹਨ।
- **ਨਾਨ ਲੀਥਲ ਹਥਿਆਰ:** ਕਾਨੂੰਨੀ ਵਿਵਸਥਾ ਨੂੰ ਹੋਰ ਵਿਕਸਿਤ ਕਰਨ ਲਈ ਪੰਜਾਬ ਪੁਲਿਸ ਆਪਣੇ ਦੋ ਮੁੱਖ ਯੂਨਿਟਾਂ, ਦੰਗਾ ਰੋਕੂ ਪੁਲੀਸ ਅਤੇ ਜਿਲ੍ਹਾ ਪੁਲਿਸ ਨੂੰ ਗੈਰ-ਮਾਰੂ ਹਥਿਆਰਾਂ ਨਾਲ ਲੈਸ ਕਰਨ ਦੇ ਯਤਨ ਕਰ ਰਹੀ ਹੈ ਤਾਂ ਜੋ ਕੀਤ ਆਦਿ ਸਮੇਂ ਕਿਸੇ ਤਰ੍ਹਾਂ ਦੀ ਗੜਬੜੀ ਆਦਿ ਤੋਂ ਬਚਿਆ ਜਾ ਸਕੇ। ਇਸ ਲਈ ਇਹਨਾਂ ਯੂਨਿਟਾਂ ਨੂੰ 12 ਬੋਰ ਦੀ ਪੰਪ ਐਕਸ਼ਨ ਰਾਈਫਲ (ਰਬੜ ਦੀਆਂ ਗੋਲੀਆਂ ਵਾਲੀ), ਜਲਤੋਪਾਂ, ਲਾਠੀਆਂ, ਢਾਲਾਂ, ਫਾਈਬਰ ਵਾਲੇ ਹੈਲਮਟ ਅਤੇ ਸਰੀਰ ਕਵਚ ਵਰਗੀਆਂ ਚੀਜਾਂ ਨਾਲ ਲੈਸ ਕਰਨ ਦੇ ਯਤਨ ਜਾਰੀ ਹਨ।
- **ਸਾਂਝ:** ਆਮ ਜਨਤਾ ਅਤੇ ਪੁਲਿਸ ਵਿਚਲੇ ਪਾੜੇ ਨੂੰ ਮਿਟਾਉਣ ਲਈ, ਪੰਜਾਬ ਸਰਕਾਰ ਦਾ ਇਹ ਨਿਵੇਕਲਾ ਪ੍ਰੋਜੈਕਟ ਹੈ। ਇਸ ਪ੍ਰੋਜੈਕਟ ਦਾ ਮੰਤਵ ਸਮਾਜ ਵਿੱਚ ਹੁੰਦੇ ਝਗੜਿਆਂ ਦੇ ਹੱਲ ਲਈ, ਉਥੇ ਦੇ ਹੀ ਨਾਗਰਿਕਾਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨਾ ਹੈ। ਇਸ ਮੰਤਵ ਲਈ ਜਿਲ੍ਹਾ, ਉਪ ਡਿਵੀਜ਼ਨ ਅਤੇ ਪੁਲੀਸ ਥਾਣਿਆਂ ਵਿੱਚ ਸਾਂਝ ਕੇਂਦਰ ਸਥਾਪਿਤ ਕੀਤੇ ਗਏ ਹਨ ਤਾਂ ਜੋ ਨਾਗਰਿਕਾਂ ਨੂੰ ਸਹੀ ਤਰੀਕੇ ਨਾਲ ਪੁਲੀਸ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ, ਵਿਸ਼ੇਸ਼ ਤੌਰ ਤੇ ਘਰੇਲੂ ਹਿੰਸਾ ਅਤੇ ਦਹੇਜ ਦੇ ਕੇਸਾਂ ਵਿੱਚ ਇਹਨਾਂ ਕੇਂਦਰ ਦੀ ਵਿਸ਼ੇਸ਼ ਮਹੱਤਤਾ ਹੈ। ਸਾਰੇ ਸਾਂਝ ਕੇਂਦਰਾਂ ਨੂੰ 'ਸਾਂਝ' ਨਾਮ ਦੇ ਸੋਫਟਵੇਅਰ ਰਾਹੀਂ ਜੋੜਿਆ ਗਿਆ ਹੈ ਅਤੇ ਇਹ ਕੇਂਦਰ ਆਪਣੇ ਆਪ ਵਿੱਚ ਪੂਰੇ ਰੂਪ ਵਿੱਚ ਸੁਤੰਤਰ ਹਨ। ਇੰਨ੍ਹਾਂ ਨੂੰ ਸਮਾਜ ਦੇ ਨੁਮਾਇੰਦਿਆਂ ਅਤੇ ਪੁਲੀਸ ਕਰਮੀਆਂ ਵੱਲੋਂ ਸਾਂਝੇ ਰੂਪ ਵਿੱਚ ਚਲਾਇਆ ਜਾਂਦਾ ਹੈ।
- ਗੰਭੀਰ ਅੱਤਵਾਦੀ ਗਤੀਵਿਧੀਆਂ ਦੇ ਮੁਕਾਬਲੇ ਲਈ ਇਕ ਵਿਸ਼ੇਸ਼ ਆਪ੍ਰੇਸ਼ਨ ਗਰੁੱਪ ਸਥਾਪਿਤ ਕੀਤਾ ਗਿਆ ਹੈ।
- ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਸਾਰੇ ਸਕੂਲਾਂ, ਕਾਲਜਾਂ ਅਤੇ ਦੂਸਰੇ ਜਨਤਕ ਸਥਾਨਾਂ ਉਪਰ ਸੀ.ਸੀ.ਟੀ.ਵੀ ਨਿਗਰਾਨੀ ਪ੍ਰਣਾਲੀ ਦੇ ਉਪਬੰਧ ਕੀਤੇ ਜਾ ਰਹੇ ਹਨ।

Scanned with CamScanner

11.17 ਪ੍ਰਬੰਧਕੀ ਸੁਧਾਰ:

- **ਪੰਜਾਬ ਪ੍ਰਬੰਧਕੀ ਸੁਧਾਰ ਕਮਿਸ਼ਨ (PGRC):** ਨਾਗਰਿਕਤਾ ਅਤੇ ਸਰਕਾਰ ਵਿਚਕਾਰ ਆਪਸੀ ਮੱਤਭੇਦ ਘਟਾ ਕੇ ਵਿਸ਼ਵਾਸ ਪੈਦਾ ਕਰਨ ਦੇ ਮੰਤਵ ਨਾਲ ਸਾਲ 2009 ਵਿੱਚ ਪੰਜਾਬ ਸਰਕਾਰ ਵੱਲੋਂ ਇਹ ਕਮਿਸ਼ਨ ਸਥਾਪਿਤ ਕੀਤਾ ਗਿਆ। ਇਸ ਦਾ ਇੱਕ ਹੋਰ ਨਿਸ਼ਾਨਾ ਪੈਦਾਵਾਰ ਵਿੱਚ ਹੋਈ ਘਾਟ ਨੂੰ ਸਹੀ ਪ੍ਰਣਾਲੀ ਰਾਹੀਂ ਪੂਰਨਾ ਵੀ ਸੀ।

  ਮਾਰਚ 2012 ਵਿੱਚ ਪੰਜਾਬ ਸਰਕਾਰ ਨੇ ਦੂਜਾ ਪ੍ਰਬੰਧਕੀ ਸੁਧਾਰ ਕਮਿਸ਼ਨ ਸਥਾਪਿਤ ਕੀਤਾ। ਇਹ ਕਮਿਸ਼ਨ ਦੀਵਾਨੀ ਅਤੇ ਅਪਰਾਧਿਕ ਮੁੱਦਿਆਂ ਨਾਲ ਜੁੜੀਆਂ ਅਦਾਲਤਾਂ, ਉਦਯੋਗਿਕ ਵਿਕਾਸ, ਵਿਦੇਸ਼ੀ ਨਾਗਰਿਕਤਾ ਨਾਲ ਸੰਬੰਧਿਤ ਮੁੱਦਿਆਂ, ਸਿਹਤ ਅਤੇ ਮੈਡੀਕਲ ਸਿੱਖਿਆ, ਸਿੱਖਿਆ, ਤਕਨੀਕੀ ਗਿਆਨ, ਰੁਜ਼ਗਾਰ ਅਤੇ ਵਿੱਤੀ ਪ੍ਰਬੰਧਾਂ ਦੀ ਨਜ਼ਰਸਾਨੀ ਕਰਦਾ ਹੈ।

- **ਸੇਵਾ ਦਾ ਅਧਿਕਾਰ ਐਕਟ:** ਪ੍ਰਬੰਧਕੀ ਸੁਧਾਰ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ 2011 ਵਿੱਚ ਪੰਜਾਬ ਸਰਕਾਰ ਨੇ ਸੇਵਾ ਦਾ ਅਧਿਕਾਰ ਐਕਟ ਪਾਸ ਕੀਤਾ ਤਾਂ ਜੋ 67 ਸੇਵਾਵਾਂ, ਮਿਥੇ ਸਮੇਂ ਦੌਰਾਨ ਨਾਗਰਿਕਾਂ ਨੂੰ ਜਰੂਰੀ ਰੂਪ ਵਿੱਚ ਮੁਹੱਈਆ ਕਰਵਾਈਆ ਜਾ ਸਕਣ। ਹੁੰਣ ਇਹਨਾਂ ਸੇਵਾਵਾਂ ਦੀ ਗਿਣਤੀ 67 ਤੋਂ ਵੱਧ ਕੇ 351 ਹੋ ਗਈ ਹੈ (67 ਮੂਲ + 2012 ਵਿੱਚ 2 ਨਵੀਆਂ + 2013 ਵਿੱਚ 80 ਹੋਰ ਸੇਵਾਵਾਂ + ਮਾਰਚ, 2015 ਵਿੱਚ 37 ਹੋਰ ਨਵੀਆਂ + 2016 ਵਿੱਚ ਨਵੀਆਂ 165 ਸੇਵਾਵਾਂ ਜੋੜੀਆਂ ਗਈਆਂ)। ਮੂਲ ਰੂਪ ਵਿੱਚ ਐਕਟ ਵਿੱਚ ਕੇਵਲ 67 ਸੇਵਾਵਾਂ ਦਾ ਜ਼ਿਕਰ ਹੈ। ਮਿਥੇ ਸਮੇਂ ਵਿੱਚ ਸਰਕਾਰੀ ਅਦਾਰਿਆਂ ਵੱਲੋਂ ਨਾਗਰਿਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਆਸਾਨ ਅਤੇ ਪ੍ਰਭਾਵਸ਼ਾਲੀ ਰੂਪ ਵਿੱਚ ਮੁਹੱਈਆ ਕਰਾਉਣ ਦੇ ਮੰਤਵ ਨਾਲ ਹੀ ਸੇਵਾ ਦਾ ਅਧਿਕਾਰ ਐਕਟ 2011 ਲਾਗੂ ਕੀਤਾ ਗਿਆ ਤਾਂ ਜੋ ਸਰਕਾਰੀ ਅਦਾਰੇ ਜਿੰਮੇਵਾਰੀ ਅਤੇ ਪਾਰਦਰਸ਼ਤਾ ਨਾਲ ਕੰਮ ਕਰ ਸਕਣ। ਇਸ ਐਕਟ ਰਾਹੀਂ ਨਾਗਰਿਕਾਂ ਨੂੰ ਬਿਨਾਂ ਕਿਸੇ ਤਕਲੀਫ ਫ਼ਿਕਰ ਅਤੇ ਭ੍ਰਿਸ਼ਟਾਚਾਰ ਤੋਂ ਬਿਨਾਂ ਇਹ ਸਾਰੀਆਂ ਸੁਵਿਧਾਵਾਂ ਮਿਲ ਸਕਣਗੀਆਂ। ਇਸ ਐਕਟ ਨੇ ਸਮੇਂ ਸਿਰ ਸੇਵਾਵਾਂ ਪ੍ਰਦਾਨ ਕਰਕੇ ਜਿੱਥੇ ਲੋਕਾਂ ਨੂੰ ਸਹੂਲਤ ਦਿੱਤੀ ਹੈ ਉੱਥੇ ਸਰਕਾਰੀ ਕੰਮ ਕਾਜ ਦੀ ਵੀ ਕਾਰਗੁਜ਼ਾਰੀ ਵਿੱਚ ਵਾਧਾ ਕੀਤਾ ਹੈ। ਇਹ ਐਕਟ ਲਾਗੂ ਕਰਕੇ ਸਰਕਾਰੀ ਕੰਮਕਾਰ ਵਿੱਚ ਜਿੰਮੇਵਾਰੀ ਅਤੇ ਪ੍ਰਪੱਕਤਾ ਲਿਆਉਣ ਵਾਲਾ ਪੰਜਾਬ ਪਹਿਲਾ ਰਾਜ ਹੈ।

  ਪੰਜਾਬ ਪ੍ਰਬੰਧਕੀ ਸੁਧਾਰ ਕਮਿਸ਼ਨ ਐਕਟ 2011 ਦੇ ਸੈਕਸ਼ਨ ਨੰਬਰ 12 ਅਨੁਸਾਰ ਇਸ ਕਮਿਸ਼ਨ ਵਿੱਚ ਮੁੱਖ ਕਮਿਸ਼ਨਰ ਅਤੇ 4 ਹੋਰ ਕਮਿਸ਼ਨਰ ਹੋਣਗੇ ਜੋ ਕਿ ਇਸ ਐਕਟ ਨੂੰ ਪ੍ਰਭਾਵਸ਼ਾਲੀ ਰੂਪ ਵਿੱਚ ਲਾਗੂ ਕਰਨ ਲਈ ਜਿੰਮੇਵਾਰ ਹੋਣਗੇ। ਇਹ ਕਮਿਸ਼ਨ ਨੂੰ ਰਾਜ ਸਰਕਾਰ ਨੂੰ ਸੇਵਾਵਾਂ ਉਪਲੱਬਧ ਕਰਵਾਉਣ ਲਈ ਲੋੜੀਂਦੀਆਂ ਸਿਫਾਰਸ਼ਾਂ ਦੇਣ ਦੀ ਵੀ ਜਿੰਮੇਵਾਰੀ ਦਿੱਤੀ ਗਈ ਹੈ।

- ਨਾਗਰਿਕ ਕੇਂਦਰਿਤ ਸੇਵਾਵਾਂ ਆਨਲਾਈਨ ਦੇ ਕੇ ਜਿਵੇਂ ਕਿ ਈ-ਡਿਸਟਰਿਕਟ, ਐਸ.ਐਸ.ਡੀ.ਜੀ. (SSDG) ਸੇਵਾ ਕੇਂਦਰ ਆਦਿ ਦੇ ਕੇ ਪੰਜਾਬ ਦੇਸ਼ ਦਾ ਪਹਿਲਾ ਰਾਜ ਬਣ ਗਿਆ ਹੈ। ਸਰਕਾਰ ਦੀ ਅੰਦਰੂਨੀ ਕਾਰਜਕੁਸ਼ਲਤਾ ਨੂੰ ਈ-ਆਫਿਸ ਅਤੇ ਮਨੁੱਖੀ ਸ੍ਰੋਤ ਪ੍ਰਬੰਧ ਪ੍ਰਣਾਲੀ ਰਾਹੀਂ ਹੋਰ ਵੀ ਗੁਣਾਤਮਕ ਬਣਾਇਆ ਜਾਵੇਗਾ।
- **ਈ-ਡਿਸਟ੍ਰਿਕਟ ਪ੍ਰੋਜੈਕਟ** ਵੀ ਰਾਜ ਦੇ 22 ਜਿਲ੍ਹਿਆਂ ਵਿੱਚ ਲਾਗੂ ਕਰ ਦਿੱਤਾ ਗਿਆ ਹੈ ਤਾਂ ਜੋ ਸਵੈਚਾਲਿਤ ਪ੍ਰਣਾਲੀ ਰਾਹੀਂ 42 ਸੇਵਾਵਾਂ ਨਾਗਰਿਕਾਂ ਨੂੰ ਮੁਹੱਈਆਂ ਕਰਵਾਈਆਂ ਜਾ ਸਕਣ।
- **ਈ-ਆਫਿਸ:** ਪੇਪਰ ਰਹਿਤ ਦਫਤਰ ਨੂੰ ਉਤਸਾਹਿਤ ਕਰਨ ਲਈ ਸਾਰੇ ਜਿਲ੍ਹਿਆਂ ਵਿੱਚ ਇਹ ਪ੍ਰੋਜੈਕਟ ਲਾਗੂ ਕਰ ਦਿੱਤਾ ਗਿਆ ਹੈ।
- **ਈ-ਫਰਦ ਕੇਂਦਰ:** ਪੰਜਾਬ ਸਰਕਾਰ ਨੇ ਸਾਰੇ ਜਮੀਨੀ ਰਿਕਾਰਡ ਜਿਵੇਂ ਕਿ ਜਮਾਬੰਦੀ (ਜਿਸ ਵਿੱਚ ਖਸਰਾ ਅਤੇ ਖਤੂਨੀ

Scanned with CamScanner

ਸ਼ਾਮਿਲ ਹਨ) ਮੁਟੇਸ਼ਨ ਅਤੇ ਰੋਜ਼ਾਨਾਮਚਾ ਵਕੀਤੀ ਆਦਿ ਦਾ ਕੰਪਿਊਟਰੀਕਰਣ ਕਰ ਦਿੱਤਾ ਹੈ। 137 ਤਹਿਸੀਲ / ਸਬ ਤਹਿਸੀਲਾਂ ਵਿੱਚ ਫਰਦ ਕੇਂਦਰ ਖੋਲ੍ਹੇ ਗਏ ਹਨ ਅਤੇ ਹਰ ਫਰਦ ਕੇਂਦਰ ਤੇ ਸਾਰੇ ਪਿੰਡਾਂ ਦੀਆਂ ਜਮੀਨਾਂ ਦਾ ਕੰਪਿਊਟਰਾਇਜ਼ਡ ਰਿਕਾਰਡ ਪ੍ਰਾਪਤ ਹੈ। ਮਾਲਿਕ ਕਿਸੇ ਵੀ ਫਰਦ ਕੇਂਦਰ ਤੋਂ ਆਪਣੀ ਜਮੀਨ ਦਾ ਰਿਕਾਰਡ ਪ੍ਰਾਪਤ ਕਰ ਸਕਦੇ ਹਨ। ਇਹ ਰਿਕਾਰਡ ਆਨ ਲਾਈਨ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।

- **ਈ-ਟੈਂਡਰਿੰਗ:** ਪ੍ਰਾਪਤੀਆਂ ਵਿਚ ਪਾਰਦਰਸ਼ਤਾ ਅਤੇ ਕੀਮਤ ਬਚਤਾਂ ਲਈ 41 ਵਿਭਾਗਾਂ/ਸੰਗਠਨਾਂ ਵਿਚ ਆਨ-ਲਾਈਨ ਅਦਾਇਗੀ ਵਿਧੀ ਦੇ ਅਧਾਰ 'ਤੇ ਈ-ਟੈਂਡਰਿੰਗ ਨੂੰ ਲਾਗੂ ਕੀਤਾ ਗਿਆ ਹੈ।
- **ਸੇਵਾ ਕੇਂਦਰ (ਯੂਨੀਫਾਈਡ ਸਰਵਿਸ ਕੇਂਦਰ):** ਵੱਖ-ਵੱਖ ਪ੍ਰਕਾਰ ਦੇ ਪੱਤਰ-ਵਿਹਾਰ ਜਿਵੇਂ ਮੌਤ ਸਰਟੀਫਿਕੇਟ, ਬੰਸਾ ਦੇ ਪਾਸ, ਬਿਜਲੀ ਦੇ ਭੁਗਤਾਨ, ਪਛਾਣ ਕਾਰਡ ਸੇਵਾ, ਵਿਆਹ ਰਜਿਸਟ੍ਰੇਸ਼ਨ, ਹਥਿਆਰਾਂ ਦੇ ਲਾਇਸੈਂਸ, ਜਮੀਨ ਟੈਕਸ ਦਾ ਭੁਗਤਾਨ, ਹਲਫਨਾਮੇਂ ਦਾ ਤਸਦੀਕੀਕਰਨ, ਅਚੱਲ ਅਤੇ ਚੱਲ ਜਾਇਦਾਦ ਦਾ ਮੁਲਾਂਕਣ, ਆਮਦਨ ਸਰਟੀਫਿਕੇਟ ਜਾਰੀ ਕਰਾਉਣ ਸਬੰਧੀ, ਰਾਸਟੀਅਤਾ ਰਹਾਇਸੀ ਸਰਟੀਫਿਕੇਟ ਸਬੰਧੀ, ਬਜੁਰਗਾਂ ਅਪੰਗਾ ਅਤੇ ਵਿਧਵਾਵਾਂ ਨੂੰ ਲੋਕ ਭਲਾਈ ਸਕੀਮਾਂ ਦਾ ਲਾਭ ਦੇਣਦੀ ਸਹਿਮਤੀ ਪ੍ਰਾਪਤ ਕਰਨ ਸਬੰਧੀ, ਇਮਾਰਤਾਂ ਦੇ ਨਕਸੇ ਸਹੀ ਕਰਾਉਣ ਲਈ, ਮਾਲਕੀ ਦੀ ਬਦਲੀ ਲਈ, ਬੀਜਾਂ/ਖਾਦਾਂ/ ਸਪਰੇਆਂ ਆਦਿ ਸਬੰਧੀ ਖੇਤੀਬਾੜੀ ਸੇਵਾਵਾਂ ਲਈ, ਜਾਤੀ ਸਰਟੀਫਿਕੇਟ, ਫਿਲਮਾਂ ਦੇ ਸੰਕੇਤਣ ਅਤੇ ਅਧਾਰ ਅਤੇ ਪਾਸਪੋਰਟ ਸਬੰਧੀ ਸੇਵਾਵਾਂ ਲਈ, ਜਰੂਰੀ ਅਰਜ਼ੀਆਂ ਲਈ ਇਹ ਸੇਵਾ ਕੇਂਦਰ ਇਕਹਿਰਾ ਹੱਲ ਪ੍ਰਦਾਨ ਕਰਨਗੇ।

ਇਹ ਨਾਗਰਿਕ ਸੇਵਾ ਕੇਂਦਰ 2005 ਵਿੱਚ ਆਰੰਭ ਕੀਤੇ ਗਏ ਸਨ ਅਤੇ ਇਹਨਾਂ ਨੂੰ ਸੁਵਿਧਾ ਕੇਂਦਰ ਨਾਂਮ ਦਿੱਤਾ ਗਿਆ ਸੀ। ਇਹ ਸੰਬਧਿਤ ਡਿਪਟੀ ਕਮਿਸਨਰਾਂ ਦੀ ਅਗਵਾਈ ਹੇਠ, ਸੁਖਮਨੀ ਸੁਸਾਇਟੀ ਵੱਲੋ ਚਲਾਏ ਜਾ ਰਹੇ ਸਨ। ਅਗਸਤ 2017 ਵਿੱਚ ਇਹ ਸੁਵਿਧਾ ਕੇਂਦਰ ਬਦਲ ਕੇ ਸੇਵਾ ਕੇਂਦਰ ਬਣ ਗਏ। ਵੈਬ-ਸੁਵਿਧਾ ਪ੍ਰੋਜ਼ੈਕਟ ਅਧੀਨ, ਸੁਵਿਧਾ ਸਾਫਟਵੇਅਰਾਂ ਨੂੰ ਵੈਬ ਸਾਲ ਜੋੜ ਦਿੱਤਾ ਗਿਆਂ ਤਾ ਜੋ ਕਿਸੇ ਵੀ ਸੁਵਿਧਾ ਕੇਂਦਰ ਸਥਾਨ ਤੋਂ ਅਰਜ਼ੀ/ਪ੍ਰਤੀਬੇਨਤੀ ਪ੍ਰਾਪਤ ਕੀਤੀ ਜਾ ਸਕੇ ਅਤੇ ਨਾਗਰਿਕ ਨੂੰ ਸੇਵਾਵਾਂ ਦੀ ਨਿਗਰਾਨੀ ਕੀਤੀ ਜਾ ਸਕੇ। ਅਗਸਤ 2016 ਤੋਂ ਜਨਵਰੀ 2018 ਵਿਚਕਾਰ 2147 ਕੇਂਦਰਾਂ ਦੀ ਸਥਾਪਨਾਂ ਜਿਲ੍ਹਾ ਅਤੇ ਉੱਪ-ਡਿਵੀਜ਼ਨ ਪੱਧਰ ਤੇ ਕੀਤੀ ਗਈ। ਨਾਗਰਿਕ ਸੇਵਾਵਾਂ ਨੂੰ ਉਹਨਾਂ ਦੀਆਂ ਬਰੂਹਾਂ ਤੱਕ ਪਹੁੰਚਾਉਣ ਲਈ ਪਿੰਡ ਸਮੂਹਾ (ਜਿੰਨ੍ਹਾ

ਸੇਵਾ ਕੇਂਦਰਾ ਦੀ ਰੈਸ਼ਨਲਾਈਜ਼ੇਸ਼ਨ

ਸੇਵਾ ਕੇਂਦਰਾਂ ਨੂੰ ਚਲਾਉਣ ਲਈ ਵੱਧਦੇ ਖਰਚੇ ਤੋਂ ਬਚਣ ਲਈ, ਰਾਜ ਸਰਕਾਰ ਨੇ ਹੁਣ ਇਹਨਾਂ ਸੇਵਾ ਕੇਂਦਰਾਂ ਦੀ ਰੈਸਨੇਲਾਈਜ਼ੇਸ਼ਨ ਕਰਨ ਦਾ ਫੈਸਲਾ ਕੀਤਾ ਹੈ। ਦਫਤਰੀ ਰਿਕਾਰਡ ਅਨੁਸਾਰ, ਇਹਨਾਂ ਕੇਂਦਰਾਂ ਨੂੰ ਚਲਾਉਣ ਦਾ ਖਰਚ ਲੱਗਭਗ 17 ਕਰੋੜ ਰੁਪਏ ਪ੍ਰਤੀ ਮਹੀਨਾ ਹੈ, ਜਦੋਂ ਕਿ ਇਹਨਾਂ ਤੋਂ ਹੋ ਰਹੀ ਮਾਸਿਕ ਆਮਦਨ ਕੇਵਲ 4 ਕਰੋੜ ਰੁਪਏ ਹੀ ਹੈ। ਵੱਧਦੇ ਮਾਲੀ ਕਰਜ਼ੇ ਇਹਨਾਂ ਸੈਂਟਰਾਂ ਨੂੰ ਮਿਲ ਰਹੀਆਂ ਸੇਵਾਵਾਂ ਨੂੰ ਪ੍ਰਭਾਵਿਤ ਕਰ ਰਹੇ ਹਨ। ਇੱਕ ਤਰੀਕਾ ਸੀ ਕਿ ਇੰਨਾਂ ਕੇਂਦਰਾਂ ਨੂੰ ਛੋਟਾ ਅਤੇ ਸੀਮਿਤ ਕਰ ਦਿੱਤਾ ਜਾਵੇ 40 ਅਜੇਹਾਂ ਕਰਨ ਨਾਲ ਸੇਵਾਵਾਂ ਮਿਲਣ ਵਿਚ ਦੇਰੀ ਹੁੰਦੀ ਸੀ। ਸੋ ਵੱਧਦੇ ਖਰਚਿਆਂ ਨੂੰ ਠੱਲ ਪਾਉਣ ਲਈ ਸਰਕਾਰ ਨੇ ਇਹਨਾਂ ਕੇਂਦਰਾਂ ਨੂੰ ਰੈਸ਼ਨੇਲਾਈਜ਼ ਕਰਨ ਦਾ ਫੈਸਲਾ ਕੀਤਾ ਹੈ।

Scanned with CamScanner

ਦੀ ਕੁੱਲ ਵੱਸੋ 10000 ਬਣਦੀ ਹੈ) ਵਿਚੋ ਪ੍ਰਤੀ ਸਮੂਹ ਇਕ ਕੇਂਦਰ ਖੋਲੇ ਗਏ। ਸੇਵਾ ਕੇਂਦਰ ਪਹਿਲਾ 77 ਸੇਵਾਵਾਂ ਪ੍ਰਧਾਨ ਕਰ ਰਹੇ ਸਨ, ਪਰ ਹੁਣ ਇਹ ਗਿਣਤੀ ਵੱਧ ਕੇ 153 ਸੇਵਾਵਾਂ ਹੋ ਗਈ ਹੈ।

- ਰਾਜ ਸਰਕਾਰ ਨੇ ਭਾਰਤ ਸਰਕਾਰ ਸਾਲ ਰਾਸ਼ਟਰੀ ਆਪਟੀਕਲ ਫਾਈਬਰ ਨੈੱਟਵਰਕ ਸਥਾਪਿਤ ਕਰਨ ਲਈ ਤਿਮੁੱਖੀ ਸੰਧੀ ਸਹੀ ਕੀਤੀ ਹੈ। ਇਸ ਨੈਟਵਰਕ ਅਧੀਨ ਰਾਜ ਦੇ 12000 ਗ੍ਰਾਮ ਪੰਚਾਇਤਾਂ ਤੋਂ ਵੱਧ ਬਰਾਡਬੈਂਡ ਕਨੈਕਟੀਵਿਟੀ ਨਾਲ ਜੋੜਿਆ ਜਾਵੇਗਾ।
- **ਡਿਜੀਟਲ ਪੰਜਾਬ ਇੰਨੀਸ਼ਿਏਟਿਵ (ਪੰਜਾਬ ਦੇ ਕੰਪਿਊਟਰੀਕਣ ਵਿੱਚ ਪਹਿਲਕਦਮੀ):** ਲੋਕ ਸੇਵਾਵਾਂ ਵਿਚੋ ਪਾਰਦਰਸ਼ਤਾ, ਕੁਸ਼ਲਤਾ, ਜਵਾਬਦੇਹੀ, ਸੇਵਾਵਾਂ ਦੀ ਸਹੂਲੀਅਤ ਨੂੰ ਮੁੱਖ ਰੱਖਦੇ ਹੋਏ ਅਤੇ ਭ੍ਰਿਸਟਾਚਾਰ ਨੂੰ ਨੱਥ ਪਾਉਣ ਲਈ ਰਾਜ ਸਰਕਾਰ ਨੇ ਸਾਰੇ ਸਰਕਾਰੀ ਵਿਭਾਗਾਂ ਅਤੇ ਅੰਕੜਿਆਂ ਦਾ ਕੰਪਿਊਟਰੀਕਰਨ ਕਰਨ ਲਈ ਡਿਜਟਲ ਪੰਜਾਬ ਦੀ ਮੁਹਿੰਮ ਚਲਾਈ ਹੈ ਤਾਂ ਜੋ ਸਰਕਾਰ ਵੱਲੋ ਨਾਗਰਿਕਾਂ ਨੂੰ ਅਤੇ ਕਾਰੋਬਾਰ ਨੂੰ ਮਿੱਥੇ ਸਮੇਂ ਦੌਰਾਨ ਸੇਵਾਵਾਂ ਪ੍ਰਧਾਨ ਕੀਤੀਆਂ ਜਾ ਸਕਣ। ਆਉਦੇ 2 ਸਾਲਾਂ ਦੌਰਾਨ ਇਸ ਮੁਹਿੰਮ ਵਿਚੋ ਹੋਰ ਸੇਵਾਵਾਂ ਸ਼ਾਮਿਲ ਕਰਕੇ ਇਸ ਨੂੰ ਹੋਰ ਤੀਬਰ ਕੀਤਾ ਜਾਵੇਗਾ। ਡਿਜੀਟਲ ਪੰਜਾਬ ਬਿਜਲਈ ਭੁਗਤਾਨ ਅਤੇ ਰਸੀਦਾਂ ਅਤੇ ਮੋਬਾਈਲ ਐਪ ਨੂੰ ਵੀ ਜੋੜੇਗਾ (ਸਰਕਾਰੀ ਪ੍ਰਕਿਰਿਆਵਾਂ ਜੋ ਕਿ ਸੇਵਾਵਾਂ ਲਈ ਨੂੰ ਹੋਰ ਸੁਵਿਧਾ ਜਨਕ ਅਤੇ ਨਵੀਨਤਮ ਕਰਨ ਲਈ ਚਲਾਈਆਂ ਜਾ ਰਹੀਆਂ ਹਨ।) ਡਿਜੀਟਲ ਪੰਜਾਬ ਵਿਚ ਪਹਿਲਕਦਮੀ ਨਾਲ ਸਾਰੇ ਨਾਗਰਿਕ ਅਤੇ ਵਿਦੇਸ਼ੀ ਆਪਣੀ ਸੁਵਿਧਾ ਨਾਲ, ਦੁਨੀਆ ਦੇ ਕਿਸੇ ਕੋਲ ਵਿਚੋ ਬੈਠੇ, ਬਿੰਨਾ ਸਰਕਾਰੀ ਦਫਤਰਾਂ ਦੇ ਚੱਕਰ ਕੱਟੇ ਇਹਨਾਂ ਸੁਵਿਧਾਵਾਂ ਦਾ ਆਨੰਦ ਲੈ ਸਕਦੇ ਹਨ। ਪ੍ਰਸ਼ਾਸ਼ਨ ਸੁਧਾਰ ਵਿਭਾਗ ਸਾਰੇ ਵਿਭਾਗਾਂ ਨੂੰ ਇਸ ਮੁਹਿੰਮ ਸਬੰਧੀ ਜਰੂਰੀ ਤਕਨੀਕੀ ਮੱਦਦ ਦੇਵੇਗਾ ਤਾ ਜੋ ਸਰਕਾਰ ਦੇ ਸਿਰਜੇ ਸੁਪਨੇ ਨੂੰ ਵਾਸਤਵਿਕ ਰੂਪ ਦਿੱਤਾ ਜਾ ਸਕੇ।

ਕੀ ਤੁਸੀਂ ਜਾਣਦੇ ਹੋ

ਪੰਜਾਬ ਸਰਕਾਰ ਨੂੰ ਆਪਣੇ ਵਿਲੱਖਣ ਨਾਗਰਿਕ ਕੇਂਦਰਿਤ ਉਪਰਾਲਿਆਂ ਲਈ ਰਾਜ ਵਿੱਚੋਂ ਗੈਰਕਾਨੂੰਨੀ ਅਸ਼ਟਾਮਾਂ ਨੂੰ ਖਤਮ ਕਰਨ ਹੇਤੂ ਪ੍ਰਧਾਨ ਮੰਤਰੀ ਤੋਂ ਸਰਵ ਉੱਤਮ ਪ੍ਰਬੰਧਕੀ ਕਾਰਜ ਅਵਾਰਡ, 2015 ਪ੍ਰਾਪਤ ਹੋਇਆ। 2010 ਵਿੱਚ ਪੰਜਾਬ ਅਸ਼ਟਾਮਾਂ ਦੀ ਮੰਗ ਖਤਮ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣਿਆ। 89 ਸੇਵਾਵਾਂ ਵਿੱਚ ਅਸ਼ਟਾਮਾ ਦੀ ਮੰਗ ਬੰਦ ਕਰ ਦਿੱਤੀ ਗਈ ਹੈ। ਅਸ਼ਟਾਮ ਕੇਵਲ ਉਥੇ ਹੀ ਲਾਜ਼ਮੀ ਮੰਨੇ ਗਏ ਹਨ ਜਿਥੇ ਉਨ੍ਹਾਂ ਦੀ ਕਾਨੂੰਨੀ ਮੰਗ ਹੈ। ਇਸ ਕਿਰਿਆ ਰਾਹੀਂ 600 ਕਰੋੜ ਰੁਪਏ ਦੀ ਸਲਾਨਾ ਬਚਤ ਹੋਈ ਹੈ। ਜਿਸ ਵਿੱਚ ਅਸ਼ਟਾਮ ਦੀ ਕੀਮਤ ਦੇ ਨਾਲ-ਨਾਲ ਇਸ ਨੂੰ ਬਣਾਉਣ ਦਾ ਖਰਚ ਵੀ ਬਚ ਗਿਆ।

Scanned with CamScanner

ਪਾਠ 12

ਪੰਜਾਬ ਦਾ ਸੱਭਿਆਚਾਰ

12.1 ਭੂਮਿਕਾ:

ਪੰਜਾਬੀ ਸੱਭਿਆਚਾਰ ਵਿਸ਼ਵ ਦਾ ਸਭ ਤੋਂ ਪੁਰਾਣਾ ਅਤੇ ਅਮੀਰ ਸੱਭਿਆਚਾਰ ਹੈ ।ਇਸ ਸੱਭਿਆਚਾਰ ਦਾ ਇਤਿਹਾਸ ਸਾਦਾਪਨ ਅਤੇ ਵਿਸਥਾਰ ਬਹੁਤ ਹੀ ਵਿਸ਼ਾਲ ਅਤੇ ਵਿਲੱਖਣ ਹੈ।ਪੰਜਾਬੀਆਂ ਦੇ ਜੀਵਨ ਵਿੱਚ ਇੱਕ ਵੱਖਰਾਪਨ ਅਤੇ ਸੰਜੀਦਗੀ ਹੈ।

ਪੰਜਾਬ ਦੇ ਲੋਕਾਂ ਦਾ ਸੁਭਾਅ ਦੋਸਤਾਨਾ, ਮਹਿਮਾਨ ਨਿਵਾਜੀ, ਮਿਹਨਤੀ ਅਤੇ ਜਿੰਦਗੀ ਨੂੰ ਚਾਅ ਨਾਲ ਜਿਊਣ ਵਾਲਾ ਹੈ।ਪੰਜਾਬੀ ਗੀਤ ਰਸ ਨਾਲ ਭਰੇ ਹੁੰਦੇ ਹਨ।ਢੋਲ ਦੀ ਤਾਲ,ਪੰਜਾਬੀ ਸੰਗੀਤ ਨੂੰ ਹੋਰ ਵੀ ਸਜੀਵ ਕਰ ਦਿੰਦੀ ਹੈ।ਪੰਜਾਬੀਆਂ ਦੇ ਪ੍ਰਮੰਨੇ ਨਾਚ ਹਨ: ਭੰਗੜਾ, ਗਿੱਧਾ, ਕਿੱਕਲੀ ਅਤੇ ਸੰਮੀ।

ਇੱਥੋਂ ਦੇ ਤਿਉਹਾਰ ਇਸ ਸੱਭਿਆਚਾਰ ਨੂੰ ਹੋਰ ਵੀ ਦਿਲਚਪਸ ਬਣਾਉਂਦੇ ਹਨ।ਲੋਕ ਸੰਗੀਤ ਇਸ ਸੱਭਿਆਚਾਰ ਦੀ ਜਾਨ ਹੈ।ਪੰਜਾਬੀ ਸੰਗੀਤ ਇਥੋਂ ਦੇ ਰੰਗੀਨ ਅਤੇ ਜੋਸ਼ੀਲੇ ਪੰਜਾਬੀਆਂ ਦੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ।

ਪੰਜਾਬੀ ਮਰਦਾਂ ਦੀ ਰਵਾਇਤੀ ਪੁਸ਼ਾਕ ਕੁੜਤਾ-ਪਜਾਮਾ ਅਤੇ ਪੱਗੜੀ ਹੈ।ਇਸਤਰੀਆਂ ਪਟਿਆਲਾਸ਼ਾਹੀ ਸੂਟ ਪਾਉਣਾ ਪਸੰਦ ਕਰਦੀਆਂ ਹਨ।

ਪੰਜਾਬੀ ਆਪਣੀ ਕਲਾ ਅਤੇ ਦਸ਼ਤਕਾਰੀ ਲਈ ਜਾਣੇ ਜਾਂਦੇ ਹਨ।ਪੰਜਾਬੀ ਕਲਾ ਦਾ ਅਰਥ ਹੈ ਕੁਝ ਅਜਿਹਾ ਉਸਾਰਨਾ ਜਾਂ ਸਿਰਜਣਾ ਜੋ ਦਿੱਖ ਵਿਚ ਵੀ ਸੋਹਣਾ ਲੱਗੇ।ਇਥੋਂ ਦੀ ਫੁਲਕਾਰੀ ਆਪਣੇ ਪੇਚੀਦਾ ਕੰਮ ਕਰਕੇ ਦੁਨੀਆਂ ਭਰ ਵਿੱਚ ਜਾਣੀ ਜਾਂਦੀ ਹੈ।ਸਿਲਕ ਦੀਆਂ ਸ਼ਾਲਾਂ ਰਵਾਇਤੀ ਨਮੂਨੇ ਪਾ ਕੇ ਹੱਥੀਂ ਤਿਆਰ ਕੀਤੀਆਂ ਜਾਂਦੀਆਂ ਹਨ।

ਪੰਜਾਬੀ ਅਜਾਇਬ ਘਰਾਂ ਵਿੱਚ ਚਿੱਤਰ-ਰਚਨਾ ਅਤੇ ਮੂਰਤੀਕਲਾ ਦੇ ਵਿਸ਼ਾਲ ਭੰਡਾਰ ਹਨ,ਜਿਸ ਵਿੱਚ ਭਾਰਤੀ ਕਲਾਕਾਰਾਂ ਦੇ ਨਾਲ-ਨਾਲ ਮੁਗਲਈ,ਰਾਜਸਥਾਨੀ,ਪਹਾੜੀ ਅਤੇ ਸਿੱਖ ਵਿਰਸੇ ਨਾਲ ਸਬੰਧਿਤ ਸ਼ੈਲੀਆਂ ਦੇ ਵੀ ਨਮੂਨੇ ਮਿਲਦੇ ਹਨ।ਇਹਨਾਂ ਅਜਾਇਬ ਘਰਾਂ ਵਿੱਚ ਰਿਆਸਤੀ ਰਾਜਾਂ ਨਾਲ ਸਬੰਧਿਤ ਹਥਿਆਰ ਅਤੇ ਮੈਡਲ ਵੀ ਹਨ ਜਿਨ੍ਹਾਂ ਨੂੰ ਵੱਖ-ਵੱਖ ਵਿਭਾਗਾਂ ਦੇ ਅੰਤਰਗਤ ਲੜੀਬੱਧ ਕੀਤਾ ਗਿਆ ਹੈ ਜਿਵੇ:- ਕਿ ਪ੍ਰਾਚੀਨ ਸ਼ਿਲਪ ਵਿਗਿਆਨ, ਮਾਨਵ ਸ਼ਾਸ਼ਤਰ, ਆਦਿ ਕਾਲੀਨ ਅਤੇ ਲੋਕ ਕਲਾਵਾਂ ਜੋ ਕਿ ਚਿਤਰਕਾਰੀ ਅਤੇ ਸ਼ਿਲਪ ਕਲਾ ਦੇ ਵੱਖਰੇ-ਵੱਖਰੇ ਨਮੂਨੇ ਪੇਸ਼ ਕਰਦੇ ਹਨ।ਪੰਜਾਬੀਆਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ।ਇਥੋਂ ਦੀ ਮਿੱਟੀ ਤਰ ਹੈ ਅਤੇ ਫ਼ਸਲਾਂ ਉਗਾਉਣ ਲਈ ਲਾਹੇਵੰਦ ਹੈ।

ਸੌ ਸਾਲ ਪੁਰਾਣਾ ਪੰਜਾਬੀ ਵਿਰਸਾ ਆਪਣੀ ਸ਼ਹਿਨਸ਼ੀਲਤਾ, ਪ੍ਰਵਾਹ ਅਤੇ ਜੀਵਨ ਦੀ ਵਿਗਿਆਨਕ ਸੋਚ ਕਾਰਨ ਪ੍ਰਸਿੱਧ ਹੈ।

Scanned with CamScanner

12.2 ਗੁਰਮੁੱਖੀ ਲਿੱਪੀ ਅਤੇ ਪੰਜਾਬੀ ਭਾਸ਼ਾ:

ਗੁਰਮੁੱਖੀ ਲਿਪੀ:

ਪੰਜਾਬੀ ਲਿਖਣ ਲਈ ਵਰਤੀ ਜਾਂਦੀ ਲਿਪੀ ਨੂੰ ਗੁਰਮੁੱਖੀ ਲਿਪੀ ਆਖਦੇ ਹਨ। 'ਗੁਰਮੁੱਖੀ' ਸ਼ਬਦ ਪੁਰਾਤਨ ਪੰਜਾਬੀ ਸ਼ਬਦ 'ਗੁਰੂ-ਮੁੱਖੀ' ਅਰਥਾਤ 'ਗੁਰੂ ਦੇ ਮੂੰਹ ਤੋਂ ਬਣਿਆ' ਹੈ।

ਭਾਵੇਂ ਅੱਖਰ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਪਹਿਲਾਂ ਹੋਂਦ ਵਿੱਚ ਆਏ ਸਨ, ਕਿਉਂਕਿ ਇਨ੍ਹਾਂ ਦਾ ਧੁਰਾ ਬ੍ਰਹਮੀ ਲਿਪੀ ਵਿੱਚੋਂ ਹੈ, ਪਰ ਇਸ ਲਿਪੀ ਦੀ ਉਤਪਤੀ ਦਾ ਸਿਹਰਾ ਗੁਰੂ ਅੰਗਦ ਦੇਵ ਜੀ ਨੂੰ ਜਾਂਦਾ ਹੈ ਜਿਨ੍ਹਾਂ ਨੇ ਅੱਖਰਾਂ ਨੂੰ ਇੱਕ ਨਵਾਂ ਰੂਪ ਅਤੇ ਕ੍ਰਮ ਦੇ ਕੇ ਇਸ ਨੂੰ ਹੋਰ ਵਿਸਤਰਿਤ ਅਤੇ ਦਰੁਸਤ ਕੀਤਾ।

ਗੁਰਮੁੱਖੀ, ਧੁਨੀਆਂ ਪੈਦਾ ਕਰਨ ਦੀ ਇੱਕ ਵਿਸ਼ੇਸ਼ ਪ੍ਰਣਾਲੀ ਹੈ ਜਿਸ ਨੂੰ 'ਅਬੁਗਿਦਾ' ਆਖਦੇ ਹਨ। ਜਿਨ੍ਹਾਂ ਵਿੱਚ ਹਰ ਵਿਅੰਜਨ ਵਿੱਚੋਂ 'ਅ' ਸਵੱਰ ਦੀ ਧੁਨੀ ਹੈ, ਪਰ ਵੱਖ-ਵੱਖ ਮਾਤਰਾਵਾਂ ਲਗਾਕੇ ਧੁਨੀਆਂ ਬਦਲੀਆਂ ਜਾ ਸਕਦੀਆਂ ਹਨ।

ਸਾਰੇ ਗੁਰਮੱਖੀ ਅੱਖਰਾਂ ਦਾ ਉੱਚਾਈ ਸਮਾਨ ਹੈ ਅਤੇ ਇਸ ਨੂੰ ਦੋ ਸਮਾਂਤਰ ਰੇਖਾਵਾਂ ਵਿੱਚੋ ਲਿਖਿਆ ਜਾ ਸਕਦਾ ਹੈ, ਕੇਵਲ 'ਓ' ਤੋਂ ਬਿਨ੍ਹਾਂ। ਖੱਬਿਓ ਸੱਜੇ ਵੀ ਇਹਨਾਂ ਦਾ ਲੰਮਾਈ ਸਮਾਨ ਹੈ, ਕੇਵਲ 'ਅ' ਅਤੇ 'ਘ' ਬਾਕੀ ਅੱਖਰਾਂ ਤੋਂ ਥੋੜੇ ਲੰਮੇ ਹਨ। ਗੁਰਮੁੱਖੀ ਵਰਣਮਾਲਾ ਵਿੱਚ 35 ਅੱਖਰ ਹਨ। ਜਿਸ ਵਿੱਚ 32 ਵਿਅੰਜਨ ਅਤੇ 3 ਸਵੱਰ ਸ਼ਾਮਿਲ ਹਨ। ਇਹ ਵਰਣਮਾਲਾ 'ੳ' ਤੋਂ ਸ਼ੁਰੂ ਹੋ ਕੇ 'ੜ' ਤੇ ਖ਼ਤਮ ਹੁੰਦੀ ਹੈ। ਛੇ ਨਵੇਂ ਅੱਖਰ (ਵਿਅੰਜਨ ਜਿੰਨ੍ਹਾ ਦੇ ਪੈਰ ਵਿੱਚ ਬਿੰਦੀ ਹੈ) ਜਿਹਨਾਂ ਦਾ ਮੂਲ ਸਰੋਤ ਅਰਬੀ-ਫ਼ਾਰਸੀ ਹੈ, ਨੂੰ ਪੰਜਾਬੀ ਵਿੱਚ ਬਾਅਦ ਵਿੱਚ ਅਪਣਾਇਆ ਗਿਆ ਹੈ। ਇਹ ਅੱਖਰ ਹਨ: ਸ਼, ਖ਼, ਗ਼, ਜ਼, ਫ਼, ਲ਼। ਇਹਨਾਂ ਤੋਂ ਬਿਨ੍ਹਾਂ 3 ਲਗਾਂਖ਼ਰ - ਬਿੰਦੀ, ਟਿੱਪੀ ਅਤੇ ਅੱਧਕ ਹਨ ਅਤੇ 3 ਵਰਨ ਇਹੋ ਜਿਹੇ ਹਨ ਜਿਨ੍ਹਾਂ ਦੀ ਵਰਤੋਂ ਦੂਜੇ ਵਰਗਾਂ ਦੇ ਪੈਰ੍ਹਾਂ ਵਿੱਚ ਹੁੰਦੀ ਹੈ। ਉਹ ਹਨ: ਰ, ਵ ਅਤੇ ਹ।

ਸਿੱਖ ਵਿਸ਼ਵਾਸ ਅਤੇ ਰਵਾਇਤ ਵਿੱਚ ਗੁਰਮੁਖੀ ਦਾ ਉੱਘਾ ਸਥਾਨ ਹੈ। ਪਹਿਲਾਂ ਪਹਿਲ ਇਹ ਸਿਖ ਗ੍ਰੰਥਾਂ ਵਿੱਚ ਵਰਤੀ ਜਾਂਦੀ ਸੀ ਪਰ ਹੁਣ ਇਸ ਦੀ ਵਰਤੋਂ ਸਭ ਖੇਤਰਾਂ ਜਿਵੇਂ ਸਭਿਆਚਾਰ,ਕਲਾ,ਗਿਆਨ ਅਤੇ ਸ਼ਾਸ਼ਨ ਪ੍ਰਬੰਧ ਆਦਿ ਵਿੱਚ ਕੀਤੀ ਜਾਂਦੀ ਹੈ। ਇਹ ਪੰਜਾਬ ਦੀ ਰਾਜ ਭਾਸ਼ਾ ਹੈ।

ਪੰਜਾਬੀ ਭਾਸ਼ਾ:

ਪੰਜਾਬੀ ਪੰਜਾਬ ਰਾਜ ਦੀ ਰਾਜ ਭਾਸ਼ਾ ਹੈ। 13 ਅਪ੍ਰੈਲ,1968 ਈ: ਵਿੱਚ ਇਸ ਨੂੰ ਪੰਜਾਬ ਵਿੱਚ ਦਫ਼ਤਰੀ ਭਾਸ਼ਾ ਐਕਟ 1967 ਤਹਿਤ ਦਫ਼ਤਰੀ ਜਾਂ ਕੰਮਕਾਜ ਦੀ ਭਾਸ਼ਾ ਦੇ ਰੂਪ ਵਿੱਚ ਸਵੀਕਾਰਿਆ ਗਿਆ।

ਇਹ ਭਾਸ਼ਾ ਇੰਡੋ ਆਰੀਅਨ ਮੂਲ ਦੀ ਹੈ। 11ਵੀਂ ਸਦੀ ਵਿੱਚ ਇਹ ਇੱਕ ਸਵੈ ਨਿਰਭਰ ਭਾਸ਼ਾ ਦੇ ਰੂਪ ਵਿੱਚ ਉੱਭਰੀ। ਪੰਜਾਬੀ ਦੇ ਤਿੰਨ ਰੂਪ ਹਨ (ਪੂਰਬੀ ਪੰਜਾਬੀ, ਪੱਛਮੀ ਪੰਜਾਬੀ ਅਤੇ ਪਹਾੜੀ ਜਾਂ ਡੋਗਰੀ ਪੰਜਾਬੀ) ਅਤੇ ਹਰ ਇੱਕ ਰੂਪ ਦੇ ਅੱਗੇ ਸਹਿ ਰੂਪ ਹਨ।

ਪੂਰਬੀ ਪੰਜਾਬੀ ਭਾਰਤੀ ਪੰਜਾਬੀ ਦਾ ਰੂਪ ਹੈ ਜਿਸ ਦੇ ਚਾਰ ਸਹਿ ਰੂਪ ਹੇਠ ਲਿਖੇ ਅਨੁਸਾਰ ਹਨ:

1. ਮਾਝੀ
2. ਮਲਵਈ
3. ਦੁਆਬੀ
4. ਪੁਆਧੀ।

Scanned with CamScanner

1. **ਮਾਝੀ:** ਇਹ ਸਭ ਤੋਂ ਮਹੱਤਵਪੂਰਨ ਰੂਪ ਹੈ ਕਿਉਂਕਿ ਇਸ ਨੂੰ ਬਤੌਰ ਪੈਮਾਨੇ ਆਮ ਵਰਤੋਂ ਲਈ ਅਖਤਿਆਰ ਕੀਤਾ ਗਿਆ। ਇਹ ਪੰਜਾਬ ਦੇ ਮਾਝੇ ਖੇਤਰ (ਜਿਸ ਵਿੱਚ ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ ਅਤੇ ਪਠਾਨਕੋਟ ਆਉਂਦੇ ਹਨ) ਵਿੱਚ ਬੋਲੀ ਜਾਂਦੀ ਹੈ। ਇਸ ਨੂੰ ਟਕਸਾਲੀ ਬੋਲੀ ਵੀ ਆਖਦੇ ਹਨ।
2. **ਮਲਵਈ:** ਇਹ ਪੰਜਾਬ ਦੇ ਮਾਲਵੇ ਖੇਤਰ ਵਿੱਚ ਬੋਲੀ ਜਾਣ ਵਾਲੀ ਮੁੱਖ ਬੋਲੀ ਹੈ। ਇਸ ਤੋਂ ਬਿਨ੍ਹਾਂ ਇਹ ਹਰਿਆਣੇ ਦੇ ਉਤਰੀ ਜਿਲ੍ਹਿਆਂ ਜਿਵੇਂ ਅੰਬਾਲਾ, ਹਿਸਾਰ ਅਤੇ ਸਿਰਸਾ ਵਿੱਚ ਵੀ ਬੋਲੀ ਜਾਂਦੀ ਹੈ। ਪੰਜਾਬ ਦੇ ਮੁੱਖ ਖੇਤਰ ਜਿਥੇ ਇਹ ਬੋਲੀ ਜਾਂਦੀ ਹੈ: ਫ਼ਿਰੋਜਪੁਰ, ਫ਼ਾਜਿਲਕਾ, ਫ਼ਰੀਦਕੋਟ, ਬਠਿੰਡਾ, ਬਰਨਾਲਾ, ਸੰਗਰੂਰ, ਮਾਨਸਾ, ਪਟਿਆਲਾ, ਮੁਕਤਸਰ, ਮੋਗਾ, ਲੁਧਿਆਣਾ, ਰੂਪਨਗਰ ਅਤੇ ਫ਼ਤਿਹਗੜ੍ਹ ਸਾਹਿਬ ਹਨ।
3. **ਦੁਆਬੀ:** ਇਤਿਹਾਸਕ ਤੌਰ ਤੇ ਇਹ ਰੂਪ ਪੰਜਾਬ ਦੇ, ਦੁਆਬਾ ਖੇਤਰ, ਜੋ ਕਿ ਦੋ ਦਰਿਆਵਾਂ ਸਤਲੁਜ ਅਤੇ ਬਿਆਸ ਵਿੱਚ ਪੈਂਦਾ ਹੈ, ਵਿੱਚ ਬੋਲੀ ਜਾਂਦੀ ਹੈ। ਇਸਦੇ ਅੰਤਰਗਤ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਅਤੇ ਨਵਾਂ ਸ਼ਹਿਰ ਜਿਲ੍ਹੇ ਆਉਂਦੇ ਹਨ।
4. **ਪੁਆਧੀ:** ਇਹ ਰੂਪ ਦੱਖਣ, ਦੱਖਣ ਪੂਰਬ ਅਤੇ ਪੂਰਬੀ ਪੰਜਾਬ ਵਿੱਚ ਬੋਲਿਆ ਜਾਂਦਾ ਹੈ। ਇਸ ਦੇ ਮੁੱਖ ਖੇਤਰ ਹਨ: ਰਾਜਪੁਰਾ,ਪਟਿਆਲਾ,ਅਨੰਦਪੁਰ ਸਾਹਿਬ,ਖਰੜ,ਕੁਰਾਲੀ,ਨੂਰਪੁਰ ਬੇਦੀ ਅਤੇ ਪਾਇਲ ਆਦਿ।

ਇਥੇ ਇਹ ਜਾਣਨਾ ਜਰੂਰੀ ਹੋਵੇਗਾ ਕਿ ਪੰਜਾਬੀ ਬੋਲੀ ਦੇ ਰੂਪ ਕਾਫ਼ੀ ਹੱਦ ਤੱਕ ਪਾਕਿਸਤਾਨ ਤੋਂ ਆਏ ਹਿੰਦੂਆਂ ਜਾਂ ਸਿੱਖਾਂ ਤੋਂ ਵੀ ਪ੍ਰਭਾਵਿਤ ਹਨ ਜੋ ਮਾਝੀ ਤੋਂ ਬਿਨ੍ਹਾਂ ਪੋਠੋਹਾਰੀ ਅਤੇ ਲਹਿੰਦੀ ਪੰਜਾਬੀ ਰੂਪ ਵਰਤਿਆ ਕਰਦੇ ਸਨ।

Scanned with CamScanner

12.3 ਪੰਜਾਬ ਦਾ ਸਾਹਿਤ:

ਪੰਜਾਬ ਦਾ ਪੁਰਾਤਨ ਸਾਹਿਤ:

ਭਾਰਤ ਵਿੱਚ ਇਸਲਾਮ ਦੇ ਆਗਾਜ਼ ਨੇ ਇਥੋਂ ਦੀ ਭਾਸ਼ਾ ਅਤੇ ਸਾਹਿਤ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਇਸਲਾਮ ਅਤੇ ਹਿੰਦੂ ਧਰਮਾਂ ਦੇ ਸੁਮੇਲ ਨਾਲ ਸੂਫ਼ੀ ਰਵਾਇਤ ਹੋਂਦ ਵਿੱਚ ਆਈ। ਪੰਜਾਬ ਦਾ ਪੁਰਾਤਨ ਸਾਹਿਤ ਫ਼ਰੀਦ-ਉਦ-ਦੀਨ-ਗੰਜ-ਏ-ਸ਼ੱਕਰ (ਬਾਬਾ ਫ਼ਰੀਦ) ਦੀਆਂ ਲਿਖਤਾਂ ਤੋਂ ਸ਼ੁਰੂ ਹੋਇਆ।

ਸ਼ੇਖ ਫ਼ਰੀਦ (ਬਾਬਾ ਫ਼ਰੀਦ) (1173-1265):

1173 ਈਸਵੀਂ ਵਿੱਚ ਕੋਥੇਵਾਲ (ਨੇੜੇ ਮੁਲਤਾਨ) ਵਿਖੇ ਪੈਦਾ ਹੋਏ ਬਾਬਾ ਫ਼ਰੀਦ ਇੱਕ ਸੂਫ਼ੀ ਗੁਰੂ ਅਤੇ ਸੰਤ ਸਨ। ਉਨ੍ਹਾਂ ਦਾ ਨਾਮ ਇੱਕ ਸੂਫ਼ੀ ਕਵੀ ਫ਼ਰੀਦੂਦੀਨ ਅੱਤਰ, ਜਿੰਨਾਂ ਨੇ ਸੂਫ਼ੀ ਫ਼ਲਸਫ਼ੇ ਬਾਰੇ ਬਹੁਤ ਕੁਝ ਲਿਖਿਆ ਹੈ ਦੇ ਨਾਮ 'ਤੇ ਪਿਆ।

ਉਹ ਫ਼ਰੀਦ ਦੇ ਨਾਮ ਨਾਲ ਮਸ਼ਹੂਰ ਹੋਏ। ਉਹਨਾਂ ਨੂੰ ਸ਼ਕਰਗੰਜ ਜਾਂ ਗੰਜ ਏ ਸ਼ੱਕਰ (ਚੀਨੀ ਜਾਂ ਖੰਡ ਦੀ ਖਾਨ) ਦੀ ਉਪਾਧੀ ਵੀ ਮਿਲੀ। ਉਹ ਖ਼ਵਾਜਾ ਕੁਤੰਬਦੀਨ ਬਖਤਿਆਰ ਕਾਕੀ ਦੇ ਚੇਲੇ ਸਨ, ਜੋ ਕਿ ਅੱਗੋ ਸੂਫ਼ੀ ਘਰਾਣੇ ਦੇ ਮੋਢੀ ਖ਼ਵਾਜਾ ਮੋਇਨੂਦੀਨ ਚਿਸ਼ਤੀ ਨੂੰ ਆਪਣਾ ਗੁਰੂ ਮੰਨਦੇ ਸਨ।

ਪੰਜਾਬੀ ਭਾਸ਼ਾ ਵਿੱਚ ਉਹਨਾਂ ਦਾ ਨਾਂ ਪਹਿਲੇ ਕਵੀ ਵਜੋਂ ਦਰਜ ਹੋਇਆ। ਉਹਨਾਂ ਦੀ ਪੰਜਾਬੀ ਸਾਹਿਤ ਨੂੰ ਮਹੱਤਵਪੂਰਨ ਦੇਣ ਪੰਜਾਬੀ ਨੂੰ ਲਿਖਤੀ ਕਾਰਜਾਂ ਲਈ ਵਿਕਸਤ ਕਰਨਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਬਾ ਫ਼ਰੀਦ ਦੀ ਕਾਵਿ ਰਚਨਾ ਪਿਆਰ ਅਤੇ ਲਗਨ ਦਾ ਸੁਨੇਹਾ ਦਿੰਦੀ ਹੈ। ਉਹਨਾਂ ਦੀ ਬਾਣੀ ਦੇ ਮੁੱਖ ਰੂਪ, ਚਾਰ ਸ਼ਬਦ(ਮੰਤਰ) ਅਤੇ 112 ਸਲੋਕ ਜੋ ਕਿ ਦੁਨਿਆਵੀ ਮਾਇਆ,ਮੋਹ ਪ੍ਰਤੀ ਸਾਡੇ ਝੂਠੇ ਆਕਰਸ਼ਣ ਦਾ ਪ੍ਰਗਟਾਵਾ ਕਰਦੇ ਹਨ।

ਗੁਰੂ ਨਾਨਕ ਦੇਵ ਜੀ (1469-1539):

ਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਸਾਹਿਤ ਵਿੱਚ ਸਭ ਤੋਂ ਮਹੱਤਵਪੂਰਨ ਯੋਗਦਾਨ ਪਾਇਆ। ਉਹ ਇੱਕ ਮਹਾਨ ਕਵੀ ਸਨ। ਉਹਨਾਂ ਨੇ ਸੰਸਕ੍ਰਿਤ,ਅਰਬੀ,ਫਾਰਸੀ ਅਤੇ ਹੋਰਨਾਂ ਭਾਸ਼ਵਾਂ ਤੋਂ ਸ਼ਬਦ ਲੈ ਕੇ ਪੰਜਾਬੀ ਵਿੱਚ ਗੁਰਬਾਣੀ ਦੀ ਰਚਨਾ ਕੀਤੀ।

ਰਚਨਾਵਾਂ:
ਜਪੁਜੀ ਸਾਹਿਬ, ਸਿੱਧ ਗੋਸ਼ਟ, ਦੱਖਣੀ ਓਂਕਾਰ, ਕੀਰਤਨ ਸੋਹਿਲਾ ਅਤੇ ਬਾਰਹ ਮਾਹ

ਗੁਰੂ ਅਰਜਨ ਦੇਵ ਜੀ (1563-1606):

ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਵਿਲੱਖਣ ਰਚਨਾ ਸੀ 'ਆਦਿ ਗ੍ਰੰਥ'। ਇਸ ਵਿੱਚ ਗੁਰੂ ਅਰਜਨ ਦੇਵ ਤੋਂ ਬਿਨਾਂ ਪਹਿਲੇ ਚਾਰ ਗੁਰੂਆਂ ਦੀ ਬਾਣੀ ਵੀ ਸੰਕਲਿਤ ਹੈ। ਇਸ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਸੰਤਾਂ ਤੇ ਭਗਤਾਂ ਜਿਵੇਂ-ਸੇਖ਼ ਫ਼ਰੀਦ,ਕਬੀਰ,ਰਵੀਦਾਸ ਦੀ ਬਾਣੀ ਵੀ ਸ਼ਾਮਿਲ ਹੈ। ਗੁਰੂ ਜੀ ਨੇ 30 ਰਾਗਾਂ ਵਿੱਚ ਬਾਣੀ ਰਚੀ।

ਰਚਨਾਵਾਂ:
ਆਦਿ ਗ੍ਰੰਥ, ਸੁਖਮਨੀ ਸਾਹਿਬ, ਗਾਥੀਜੀ, ਮੰਝ, ਬਾਰਹ ਅੱਖਰ।

ਭਾਈ ਗੁਰਦਾਸ (1551-1636):

ਉਹ ਇੱਕ ਪੰਜਾਬੀ ਸਿੱਖ ਲੇਖਕ, ਪ੍ਰਚਾਰਕ ਅਤੇ ਧਾਰਮਿਕ ਹਸਤੀ ਸਨ। ਸਿੱਖੀ ਦੇ ਆਰੰਭ ਵਿੱਚੋਂ ਉਹ ਮੁੱਖ ਸਖ਼ਸ਼ੀਅਤ ਮੰਨੇ ਜਾਂਦੇ ਸਨ। 1579 ਈਸਵੀ ਵਿੱਚ ਗੁਰੂ ਰਾਮ ਦਾਸ ਜੀ ਦੇ ਪ੍ਰਭਾਵ ਹੇਠ ਆਪ ਸਿੱਖੀ ਵਿੱਚ ਆਏ। ਉਹਨਾਂ ਗੁਰੂ ਅਰਜਨ ਦੇਵ ਵੱਲੋਂ ਆਦਿ ਗ੍ਰੰਥ ਦੀ ਰਚਨਾ ਕਰਨ ਉਪਰੰਤ ਇਸ ਦੀ ਪਹਿਲੀ ਲਿਖਤ ਤਿਆਰ ਕੀਤੀ। ਇਹ ਹੱਥ ਲਿਖਤ ਬੀੜ ਹੁਣ ਜ਼ਿਲ੍ਹਾ ਜਲੰਧਰ ਵਿੱਚ ਕਰਤਾਰਪੁਰ ਵਿਖੇ ਗੁਰੂ ਜੀ ਦੇ

ਰਚਨਾਵਾਂ:
ਵਾਰਾਂ ਅਤੇ ਕਬਿੱਤ ਸਵੱਈਏ

Scanned with CamScanner

ਉਤਰਾਧਿਕਾਰੀਆਂ ਕੋਲ ਸੰਭਾਲੀ ਹੈ। ਉਹ ਪੁਰਾਤਨ ਇਤਿਹਾਸ ਅਤੇ ਫਲਸਫ਼ੇ ਦੇ ਮਹਾਨ ਗਿਆਨੀ ਸਨ।

ਸ਼ਾਹ ਹੁਸੈਨ (1538-1599):

ਪਾਕਿਸਤਾਨ (ਲਾਹੌਰ) ਵਿੱਚ ਪੈਦਾ ਹੋਏ ਸ਼ਾਹ ਹੁਸੈਨ, ਇੱਕ ਪੰਜਾਬੀ ਸੂਫ਼ੀ ਕਵੀ ਸਨ।ਉਹ ਅਕਬਰ ਅਤੇ ਜਹਾਂਗੀਰ ਦੇ ਸਮਕਾਲੀ ਸਨ। ਉਹ ਗੁਰੂ ਅਰਜਨ ਦੇਵ ਜੀ ਦੇ ਗੂੜੇ ਮਿੱਤਰ ਵੀ ਸਨ। ਆਪ ਨੂੰ ਪੰਜਾਬੀ ਵਿੱਚ ਕਾਫ਼ੀ ਰੂਪ ਦੀ ਰਚਨਾ ਦਾ ਜਨਮਦਾਤਾ ਮੰਨਿਆ ਜਾਂਦਾ ਹੈ। ਉਹਨਾਂ ਦੀਆਂ ਕਾਫ਼ੀਆਂ ਵਿੱਚ ਵਰਤੇ ਸੰਕੇਤ, ਜੁਲਾਹੇ ਦੀ ਰੋਜ਼ਮਰਾ ਜ਼ਿੰਦਗੀ ਨਾਲ ਸਬੰਧਿਤ ਹਨ। ਹੁਸੈਨ ਦੀ ਕਾਫ਼ੀ ਵਿੱਚ ਕੁੱਝ ਲੈਅਮਈ ਸਤਰਾਂ ਹਨ।ਇਹ ਸਤਰਾਂ ਦੀ ਗਿਣਤੀ 4 ਤੋਂ 10 ਵਿੱਚ ਹੈ। ਉਹਨਾਂ ਦੀਆਂ ਕਈ ਕਾਫ਼ੀਆਂ ਰਵਾਇਤੀ ਕੱਵਾਲਾਂ ਵਜੋਂ ਗਾਈਆਂ ਵੀ ਜਾਂਦੀਆਂ ਹਨ।

ਰਚਨਾਵਾਂ:
ਆਗੇ ਨੈਂ ਡੂੰਘੀ, ਆਖ ਨੀ ਮਾਈ ਆਖ, ਆਪ ਨੂੰ ਪਛਾਣ ਬੰਦੇ, ਅਮਲਾਂ ਦੇ ਉੱਪਰ ਹੋਣ ਨਿਬੇੜੇ, ਮਾਏ ਨੀ ਮੈਂ ਕੀਹਨੂੰ ਆਖਾਂ, ਇੱਕ ਦਿਨ ਤੈਨੂੰ ਸੁਪਨਾ ਬੀਸਾ।

ਗੁਰੂ ਗੋਬਿੰਦ ਸਿੰਘ ਜੀ (1666-1708):

ਗੁਰੂ ਗੋਬਿੰਦ ਸਿੰਘ ਜੀ ਦੀਆਂ ਲਿਖਤਾਂ 'ਦਸਵੇਂ ਪਾਤਸ਼ਾਹ ਦਾ ਗ੍ਰੰਥ' ਵਿੱਚ ਸ਼ਾਮਿਲ ਹਨ। ਇਸ ਨੂੰ ਆਮ ਤੌਰ ਤੇ 'ਦਸਮ ਗ੍ਰੰਥ' ਆਖਿਆ ਜਾਂਦਾ ਹੈ। ਇਹ ਮੰਤਰਾਂ, ਫਲਸਫ਼ੇ, ਗੁਰੂ ਸਾਹਿਬ ਦੇ ਜੀਵਨ ਗਾਥਾ ਅਤੇ ਹੋਰ ਲਿਖਤਾਂ ਦਾ ਸੁਮੇਲ ਹੈ।

ਰਚਨਾਵਾਂ:
ਜਾਪ ਸਾਹਿਬ, ਅਕਾਲ- ਉਸਤਤਿ, ਬਚਿੱਤਰ ਨਾਟਕ, ਚੰਡੀ ਚਰਿੱਤਰ, ਚੰਡੀ ਦੀ ਵਾਰ, ਗਿਆਨ ਪ੍ਰਬੋਧ, ਚੌਬੀਸ ਅਵਤਾਰ, ਖਾਲਸੇ ਦੀ ਮਹਿਮਾ, ਸਵੈਈਏ ਅਤੇ ਜਫ਼ਰਨਾਮਾ।

ਉਹਨਾਂ ਲਈ ਕਾਵਿ ਦਾ ਅਰਥ ਉਸ ਅਦੁੱਤੀ ਗੁਰੂ ਨੂੰ ਪਹਿਚਾਨਣਾ ਅਤੇ ਅਸਲ ਵਿੱਚ ਉਸ ਸਰਬ ਸ਼ਕਤੀਮਾਨ ਨੂੰ ਮਹਿਸੂਸ ਕਰਨਾ ਹੈ। ਉਹਨਾਂ ਇੱਕ ਗੁਰੂ ਦੀ ਸਾਧਨਾ 'ਤੇ ਜ਼ੋਰ ਦਿੱਤਾ। ਉਹਨਾਂ ਨੇ ਮੂਰਤੀ ਪੂਜਾ ਅਤੇ ਅੰਧ-ਵਿਸ਼ਵਾਸ਼ ਦਾ ਵਿਰੋਧ ਕੀਤਾ।

ਬੁੱਲ੍ਹੇ ਸ਼ਾਹ (1680-1757):

ਉਹ ਇੱਕ ਪੰਜਾਬੀ ਸੂਫ਼ੀ ਕਵੀ,ਗਿਆਨੀ ਅਤੇ ਮਾਨਵਵਾਦੀ ਸਿਧਾਂਤਾਂ ਦੇ ਮਾਲਕ ਸਨ। ਉਹ ਕਾਦਰੀ ਘਰਾਣੇ ਦੇ ਫ਼ਕੀਰ ਸਨ ਅਤੇ ਸ਼ਾਹ ਇਨਾਇਤ ਦੇ ਚੇਲੇ ਸਨ। ਉਹਨਾਂ ਦੀ ਕਾਵਿ ਰਚਨਾ ਹਰ ਤਰ੍ਹਾਂ ਦੀ ਧਾਰਮਿਕ ਰੂੜੀਵਾਦੀ ਸੋਚ 'ਤੇ ਕਰਾਰੀ ਚੋਟ ਕਰਦੀ ਹੈ।ਉਹਨਾਂ ਨੇ ਆਪਣੇ ਸਮੇਂ ਦੇ ਸ਼ਾਸ਼ਕਾਂ ਦੀ ਧਾਰਮਿਕ ਅਸਹਿਣਸ਼ੀਲਤਾ ਅਤੇ ਜ਼ਾਲਮਾਨਾ ਵਰਤਾਰੇ ਖਿਲਾਫ ਬੜੀ ਬਹਾਦਰੀ ਅਤੇ ਧਰਮ ਨਿਰਪੇਖਤਾ ਨਾਲ ਲਿਖੀਆ ਹੈ। ਉਹਨਾਂ ਦੀ ਰਚਨਾਵਾਂ ਮੁੱਖ ਤੋਰ ਤੇ ਸ਼ਾਹ ਹੁਸੈਨ ਵਾਂਗ ਕਾਫ਼ੀ ਰੂਪ ਵਿੱਚ ਹਨ।ਪਰ ਉਹਨਾਂ ਨੇ ਕਈ ਹੋਰ ਰੂਪਾਂ ਵਿੱਚ ਵੀ ਰਚਨਾ ਕੀਤੀ ਜਿਵੇਂ ਕਿ: ਦੋਹਰੇ, ਬਾਰਾ ਮਾਂਹ, ਅਠਵਾਰਾ ਅਤੇ ਸ਼ੀਹਰਫ਼ੀ।

ਰਚਨਾਵਾਂ:
ਮੱਕੇ ਗਿਆਂ ਗੱਲ ਮੁੱਕਦੀ ਨਾਹੀਂ, ਬੁੱਲਾ ਕੀ ਜਾਣਾਂ ਮੈਂ ਕੌਣ, ਮੈਂ ਜਾਣਾ ਜੋਗੀ ਦੇ ਨਾਲ, ਇਸ਼ਕ ਦੀ ਨਵੀਓ ਨਵੀਂ ਬਹਾਰ, ਇੱਕ ਨੁਕਤੇ ਵਿੱਚ ਗੱਲ ਮੁੱਕਦੀ ਐ।

ਵਾਰਿਸ ਸ਼ਾਹ (1722-1798):

ਪਾਕਿਸਤਾਨ ਦੇ ਜੰਡਿਆਲਾ ਸ਼ੇਰ ਖਾਨ ਵਿਖੇ ਪੈਦਾ ਹੋਏ ਵਾਰਿਸ ਸ਼ਾਹ ਇੱਕ ਪ੍ਰਸਿੱਧ ਪੰਜਾਬੀ ਸੂਫ਼ੀ ਕਵੀ ਹੋਏ ਹਨ, ਜੋ ਚਿਸ਼ਤੀ ਘਰਾਣੇ ਨਾਲ ਸਬੰਧਿਤ ਹਨ। ਉਹ ਕਸੂਰ ਦੇ ਪੀਰ ਮੱਖਦੂਰ ਦੇ ਚੇਲੇ ਸਨ। ਉਹਨਾਂ ਨੂੰ 'ਪੰਜਾਬ ਦਾ ਸ਼ੇਕਸਪੀਅਰ' ਵੀ ਕਿਹਾ ਜਾਂਦਾ ਹੈ। ਅਜਿਹਾ ਉਹਨਾਂ ਦੀ ਰਚਨਾ 'ਹੀਰ ਰਾਂਝਾ' ਕਾਰਨ ਹੈ, ਜੋ ਕਿ ਇੱਕ ਪੁਰਾਤਨ ਲੋਕ ਗਾਥਾ ਹੀਰ ਅਤੇ ਉਸ ਦੇ ਪਿਆਰ ਰਾਂਝੇ ਤੇ ਆਧਾਰਿਤ ਹੈ। ਆਪਣੀਆਂ ਰੋਮਾਂਟਿਕ ਰਚਨਾਵਾਂ ਵਿੱਚ ਉਹਨਾਂ ਨੇ ਇੱਕ ਕੁੜੀ ਭਾਗਭਰੀ ਪ੍ਰਤੀ ਅਸੀਮ ਪਿਆਰ ਦਾ ਵੀ ਜਿਕਰ ਕੀਤਾ ਹੈ। ਉਹਨਾਂ ਦੀਆਂ ਰਚਨਾਵਾਂ ਪੰਜਾਬੀ ਮੁਹਾਵਰਿਆਂ,

ਰਚਨਾਵਾਂ:
ਹੀਰ-ਰਾਂਝਾ

Scanned with CamScanner

ਅਖਾਣਾਂ ਅਤੇ ਅਖੌਤਾਂ ਦਾ ਭੰਡਾਰ ਹਨ। ਉਹਨਾਂ ਦੀਆਂ ਕਈ ਅਖੌਤਾਂ ਮੌਲਿਕ ਸਿੱਖਿਆਵਾਂ ਦੇ ਸ੍ਰੋਤ ਵਜੋਂ ਵੀ ਵਰਤੀਆਂ ਜਾਂਦੀਆਂ ਹਨ, ਜਿਵੇਂ: '*ਵਾਰਿਸ਼ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ-ਪੋਰੀਆਂ ਜੀ।*'

ਵਰਤਮਾਨ ਪੰਜਾਬੀ ਸਾਹਿਤ:

ਭਾਰਤ ਵਿੱਚ ਬਿਟ੍ਰੀਸ਼ ਸਿੱਖਿਆ ਦੇ ਆਗਮਨ ਨਾਲ ਪੰਜਾਬੀ ਸਾਹਿਤ ਵਿੱਚ ਵਿਕਟੋਰੀਆ ਦੇ ਨਾਵਲ, ਐਲਿਜ਼ਬੈਥ ਡਰਾਮਾ ਅਤੇ ਨਵੀਨਤਾ ਦਾ ਆਰੰਭ ਹੋਇਆ। 1835 ਈਸਵੀ ਵਿੱਚ ਕ੍ਰਿਸ਼ਚਿਅਨ ਮਿਸ਼ਨ, ਲੁਧਿਆਣਾ ਵੱਲੋਂ ਪਹਿਲੀ ਪੰਜਾਬੀ ਪ੍ਰਿੰਟਿੰਗ ਪ੍ਰੈਸ (ਗੁਰਮੁੱਖੀ ਲਿਪੀ ਅਧਾਰਿਤ) ਸਥਾਪਿਤ ਕੀਤੀ ਗਈ। ਪਹਿਲੀ ਪੰਜਾਬੀ ਡਿਕਸ਼ਨਰੀ (ਸ਼ਬਦ ਕੋਸ਼) ਰੈਵਰੈਂਡ.ਜੇ. ਨਿਊਟਨ ਨੇ 1854 ਈਸਵੀ ਵਿੱਚ ਪ੍ਰਕਾਸ਼ਿਤ ਕੀਤੀ। ਵਰਤਮਾਨ ਪੰਜਾਬੀ ਸਾਹਿਤ ਦਾ ਵਿਕਾਸ ਭਾਈ ਕਾਹਨ ਸਿੰਘ ਨਾਭਾ, ਭਾਈ ਵੀਰ ਸਿੰਘ, ਨਾਨਕ ਸਿੰਘ, ਡਾ: ਮੁਹੰਮਦ ਇਕਬਾਲ, ਧਨੀ ਰਾਮ ਚਾਤ੍ਰਿਕ, ਪੂਰਨ ਸਿੰਘ, ਈਸ਼ਵਰ ਚੰਦਰ ਨੰਦਾ,ਅੰਮ੍ਰਿਤਾ ਪ੍ਰੀਤਮ ਅਤੇ ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਰਾਹੀਂ ਹੋਇਆ।

ਭਾਈ ਕਾਹਨ ਸਿੰਘ ਨਾਭਾ (1861-1938):

ਉਹਨਾਂ ਦਾ ਜਨਮ ਪਿੰਡ ਸਬਜ਼ ਬਨੇਰਾ ਵਿਖੇ ਹੋਇਆ, ਜੋ ਉਸ ਸਮੇਂ ਰਿਆਸਤੀ ਸ਼ਹਿਰ ਪਟਿਆਲਾ ਦਾ ਹਿੱਸਾ ਸੀ। ਉਹ ਇੱਕ ਉੱਘੇ ਵਿਦਵਾਨ ਅਤੇ ਵਿਸਵ ਕੋਸ਼ੀ ਸਨ। ਉਹਨਾਂ ਨੇ ਧਰਮ ਸੁਧਾਰ ਸਿੰਘ - ਸਭਾ ਲਹਿਰ ਵਿੱਚ ਬਤੌਰ ਲੇਖਕ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ। ਉਹਨਾਂ ਦੇ ਮਰਨ ਉਪਰੰਤ ਪ੍ਰਕਾਸ਼ਿਤ ਹੋਈਆਂ ਮੁੱਖ ਰਚਨਾਵਾਂ ਹਨ: ਗੁਰਮਤਿ ਮਾਰਤੰਡ (1966) ਅਤੇ ਸਫਰਨਾਮਾ (ਟਰੈਵੇਲੌਗ) (1984)।

> ***ਰਚਨਾਵਾਂ:***
> *ਗੁਰੂ ਸ਼ਬਦ ਰਤਨਾਕਰ ਮਹਾਂਕੋਸ਼, ਰਾਜ ਧਰਮ, ਨਾਟਕ ਭਾਵਰਥ ਦੀਪਿਕਾ, ਹਮ ਹਿੰਦੂ ਨਹੀਂ, ਗੁਰਮਤਿ ਪ੍ਰਭਾਕਰ, ਗੁਰਮਤਿ ਸੁਧਾਕਰ, ਗੁਰੂ ਚੰਦ ਦਿਵਾਕਰ, ਗੁਰੂ ਸ਼ਬਦ ਅੰਧਕਾਰ, ਗੁਰੂ ਗਿਰਾ ਕਸੌਟੀ, ਵਿਸ਼ਨੂੰ ਪੁਰਾਣ, ਸਾਧੂ ਅਤੇ ਚੰਡੀ ਦੀ ਵਾਰ।*

ਭਾਈ ਵੀਰ ਸਿੰਘ (1872-1957):

ਅੰਮ੍ਰਿਤਸਰ ਵਿੱਚ ਪੈਦਾ ਹੋਏ ਭਾਈ ਵੀਰ ਸਿੰਘ ਇੱਕ ਕਵੀ ਅਤੇ ਮਹਾਂ ਗਿਆਨੀ ਸਨ। ਜਿੰਨ੍ਹਾਂ ਨੇ ਪੰਜਾਬ ਦੇ ਸਾਹਿਤਕ ਵਿਰਸੇ ਨੂੰ ਮੁੜ ਸੁਰਜੀਤ ਕੀਤਾ। ਆਪ ਸਿੱਖ ਸੰਗ੍ਰਾਮ ਦੀ ਉੱਘੀ ਸਖ਼ਸ਼ੀਅਤ ਸਨ। ਵੱਖ-ਵੱਖ ਰੂਪਾਂ ਵਿੱਚ ਬੁਨਿਆਦੀ ਰਚਨਾਵਾਂ ਕਰਨ ਕਾਰਨ ਆਪ ਨੂੰ ਵਰਤਮਾਨ ਪੰਜਾਬੀ ਸਾਹਿਤ ਦਾ ਰਚੇਤਾ ਆਖਿਆ ਜਾਂਦਾ ਹੈ। 1892 ਵਿੱਚ ਆਪ ਨੇ ਇੱਕ ਪੱਥਰ-ਛਾਪਾ ਪ੍ਰੈਸ ਦੀ ਸਥਾਪਨਾ ਕੀਤੀ ਅਤੇ ਸਕੂਲਾਂ ਲਈ ਕਿਤਾਬਾਂ ਦਾ ਪ੍ਰਕਾਸ਼ਨ ਆਰੰਭ ਕੀਤਾ। ਆਪ ਨੇ ਸਿੰਘ ਸਭਾ ਲਹਿਰ ਵਿੱਚ ਕਾਫ਼ੀ ਦਿਲਚਸਪੀ ਦਿਖਾਈ ਅਤੇ 1894 ਵਿੱਚ ਆਪ ਨੇ ਖ਼ਾਲਸਾ ਟਰੈਕਟ ਸਭਾ ਦੀ ਨੀਂਹ ਰੱਖੀ।

> ***ਰਚਨਾਵਾਂ:***
> *ਸੁੰਦਰੀ, ਬਿਜੇ ਸਿੰਘ, ਸਤਵੰਤ ਕੌਰ, ਬਾਬਾ ਨੌਧ ਸਿੰਘ, ਦਿਲ ਤਰੰਗ, ਤ੍ਰੇਲ ਤੁਪਕੇ, ਲਹਿਰਾਂ ਦੇ ਹਾਰ, ਮਟਕ-ਹੁਲਾਰੇ, ਬਿਜਲੀਆਂ ਦੇ ਹਾਰ ਅਤੇ ਮੇਰੇ ਸਾਈਆਂ ਜੀਓ।*

ਪੰਜਾਬੀ ਦਾ ਪਹਿਲਾ ਨਾਟਕ ਰਾਜਾ ਲੱਖ ਦਾਤਾ ਸਿੰਘ (1910) ਭਾਈ ਵੀਰ ਸਿੰਘ ਦੀ ਪ੍ਰੈਸ ਵਿੱਚ ਹੀ ਛਪਿਆ। ਉਹਨਾਂ ਨੇ ਗਿਆਨੀ ਹਜ਼ਾਰਾ ਸਿੰਘ ਵੱਲੋਂ ਰਚਿਤ- ਸ੍ਰੀ ਗੁਰੂ ਗ੍ਰੰਥ ਕੋਸ਼ (ਜੋ ਕਿ 1898 ਈਸਵੀ ਵਿੱਚ ਮੂਲ ਰੂਪ ਵਿੱਚ ਰਚਿਆ ਸੀ) ਨੂੰ ਸੁਧਾਰਿਆ ਅਤੇ ਵਿਸਤ੍ਰਿਤ ਕੀਤਾ। ਉਹਨਾਂ ਨੇ ਪੰਜਾਬੀ ਦਾ ਹਫ਼ਤਾਵਰੀ ਲੜੀਵਾਰ 'ਖਾਲਸਾ ਸਮਾਚਾਰ' ਵੀ ਸ਼ੁਰੂ ਕੀਤਾ।

ਪੁਰਸਕਾਰ ਅਤੇ ਸਨਮਾਨ: 1955 ਵਿੱਚ ਆਪ ਨੂੰ ਸਾਹਿਤ ਅਕਾਡਮੀ ਪੁਰਸਕਾਰ ਅਤੇ 1956 ਵਿੱਚ ਪਦਮ ਭੂਸ਼ਨ ਨਾਲ ਸਨਮਾਨਿਤ ਕੀਤਾ ਗਿਆ।

Scanned with CamScanner

ਕਿਰਪਾ ਸਾਗਰ (1875-1939):

ਕਿਰਪਾ ਸਾਗਰ ਇੱਕ ਮਹਾਨ ਪੰਜਾਬੀ ਕਵੀ ਅਤੇ ਪੰਜਾਬੀ ਸਾਹਿਤ ਦੀ ਅਹਿਮ ਸਖਸ਼ੀਅਤ ਸਨ। ਕਿੱਤੇ ਵਜੋਂ ਉਹ ਇੱਕ ਅਧਿਆਪਕ, ਪ੍ਰਕਾਸ਼ਕ ਅਤੇ ਖਬਾਰਨਵੀਸ ਵੀ ਸਨ। ਉਹਨਾਂ ਦੀ ਲਾਹੌਰ ਵਿਖੇ ਆਪਣੀ ਪ੍ਰਕਾਸ਼ਨ ਪ੍ਰੈਸ ਸੀ।

ਰਚਨਾਵਾਂ:
ਲਕਸ਼ਮੀ ਦੇਵੀ, ਮਹਾਰਾਜਾ ਕਲਾਤਿਰ ਸਿੰਘ, ਦੀਵੇ ਜਾਲੀਵਾਲ ਅਤੇ ਮਨ ਉਰੰਜਨ।

ਧਨੀ ਰਾਮ ਚਾਤ੍ਰਿਕ (1876-1954):

ਧਨੀ ਰਾਮ ਜਿੰਨ੍ਹਾਂ ਨੇ ਆਪਣਾ ਉਪ ਨਾਮ- ਚਾਤ੍ਰਿਕ ਰੱਖਿਆ ਅੰਮ੍ਰਿਤਸਰ ਵਿੱਚ ਪੈਦਾ ਹੋਏ ਅਤੇ ਵਰਤਮਾਨ ਪੀੜ੍ਹੀ ਦੇ ਪੰਜਾਬੀ ਦੇ ਮਹਾਨ ਕਵੀਆਂ ਵਿੱਚੋਂ ਇੱਕ ਸਨ। ਉਹਨਾਂ ਨੇ ਸਰਗਰਮੀ ਨਾਲ ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਪ੍ਰਕਾਸ਼ਨਾਂ ਨੂੰ ਪ੍ਰੋਤਸਾਹਿਤ ਕੀਤਾ। 1926 ਈਸਵੀ ਵਿੱਚ ਉਹ 'ਪੰਜਾਬੀ ਸਾਹਿਤ ਸਭਾ' ਦੇ ਚੇਅਰਮੈਨ ਬਣੇ। ਧਨੀ ਰਾਮ ਚਾਤ੍ਰਿਕ ਨੇ ਸਾਂਝੇ ਅਤੇ ਧਰਮ ਨਿਰਪੇਖ ਪੰਜਾਬੀ ਸੱਭਿਆਚਾਰ ਨੂੰ ਉਜਾਗਰ ਕੀਤਾ। ਉਹਨਾਂ ਨੇ ਸਧਾਰਨ ਅਤੇ ਮੁਹਾਵਰਿਆਂ ਵਾਲੀ ਪੰਜਾਬੀ ਦੀ ਵਰਤੋਂ ਕੀਤੀ। ਉਹਨਾਂ ਨੇ ਪੰਜਾਬੀ ਕਾਵਿ ਨੂੰ ਵਾਸਤਵਿਕਤਾ ਵੱਲ ਨੂੰ ਢਾਲਣ ਦੀ ਨਿਰੰਤਰ ਕੋਸ਼ਿਸ਼ ਜਾਰੀ ਰੱਖੀ।

ਰਚਨਾਵਾਂ:
ਕਾਲੀ ਸੇਤ, ਬੁਰਖਾਰੀ ਹਰੀ, ਨਲ ਲਾਹੇਤੀ, ਕੈਸਰ-ਕਿਆਰੀ, ਨਵਾਂ ਜਹਾਨ, ਟੁਰ ਜਾ, ਬਾਦਸ਼ਾਹ ਬੇਗਮ, ਮੁਫ਼ੀਆਨਾ ਅਤੇ ਫੁਲਾ ਦੀ ਟੋਕਰੀ।

ਪ੍ਰੋਫ਼ੈਸਰ ਪੂਰਨ ਸਿੰਘ (1881-1931):

ਸਲਹੱਦ (ਪਾਕਿਸਤਾਨ) ਵਿਖੇ ਖੱਤਰੀ ਪਰਿਵਾਰ ਵਿੱਚ ਜਨਮੇ ਪੂਰਨ ਸਿੰਘ ਇੱਕ ਪੰਜਾਬੀ ਕਵੀ ਅਤੇ ਵਿਗਿਆਨੀ ਸਨ। ਭਾਵੇਂ ਉਹ ਸਿੱਖ ਪਰਿਵਾਰ ਵਿੱਚ ਜਨਮੇ ਪਰ ਸਵਾਮੀ ਰਾਮ ਤੀਰਥ ਦੇ ਪ੍ਰਭਾਵ ਹੇਠ ਉਹ ਸੰਨਿਆਸੀ ਬਣ ਗਏ। 1912 ਈਸਵੀ ਵਿੱਚ ਭਾਈ ਵੀਰ ਸਿੰਘ ਨਾਲ ਹੋਈ ਉਹਨਾਂ ਦੀ ਮੁਲਾਕਾਤ ਨੇ ਉਹਨਾਂ ਦੇ ਭਟਕਦੇ ਮਨ ਨੂੰ ਸ਼ਾਂਤ ਕਰ ਦਿੱਤਾ। ਇਸ ਮਗਰੋਂ ਹੀ ਉਹਨਾਂ ਦਾ ਸਿੱਖੀ ਪ੍ਰਤੀਵਿਸ਼ਵਾਸ਼ ਮੁੜ ਬਹਾਲ ਹੋਇਆ। ਉਹਨਾਂ ਨੇ ਪੰਜਾਬੀ ਅਤੇ ਅੰਗਰੇਜ਼ੀ ਦੋਹਾਂ ਵਿੱਚ ਸੁੰਦਰ ਅਤੇ ਸੰਵੇਦਨਸ਼ੀਲ ਕਵਿਤਾਵਾਂ ਦੀ ਰਚਨਾ ਕੀਤੀ।

ਰਚਨਾਵਾਂ:
ਪੰਜਾਬੀ ਵਿਚ: ਖੁਲ੍ਹੇ ਮੈਦਾਨ, ਖੁਲ੍ਹੇ ਖੁੰਡ, ਖੁਲ੍ਹੇ ਲੇਖ, ਖੁਲ੍ਹੇ ਅਸਮਾਨੀ ਰੰਗ, ਪੂਰਨ-ਨਾਥ ਜੋਗੀ।
ਅੰਗਰੇਜ਼ੀ ਵਿਚ: ਸਿਸਟਰਜ਼ ਆਫ਼ ਸਪਿਨਿੰਕਸ ਵੀਲ, ਅਨਸਟਰੰਗ ਬੀਡਜ, ਦ ਸਪਿਰਿਟ ਆਫ਼ ਐਨੀਐਂਟਲ ਪੋਇਟਰੀ।

ਗੁਰਬਖਸ਼ ਸਿੰਘ ਪ੍ਰੀਤ ਲੜੀ (1895-1977):

ਉਹ ਇੱਕ ਪੰਜਾਬੀ ਵਾਰਤਕਕਾਰ ਅਤੇ ਮਿੰਨੀ ਕਹਾਣੀ ਰਚੇਤਾ ਸਨ। ਆਪਣੇ ਦ੍ਰਿਸ਼ਟੀਕੋਣ ਅਤੇ ਤਰਕ ਨੂੰ ਦੂਜਿਆ ਨਾਲ ਸਾਂਝਾ ਕਰਨ ਲਈ ਉਨ੍ਹਾਂ ਇੱਕ ਮਹੀਨਾਵਾਰ ਪੱਤ੍ਰਿਕਾ 'ਪ੍ਰੀਤਲੜੀ' ਦਾ ਪ੍ਰਕਾਸ਼ਨ ਸ਼ੁਰੂ ਕੀਤਾ। ਉਹਨਾਂ ਅੰਮ੍ਰਿਤਸਰ ਅਤੇ ਲਾਹੌਰ ਦੇ ਵਿਚਕਾਰ ਪ੍ਰੀਤ ਨਗਰ ਨਾਂ ਦਾ ਸ਼ਹਿਰ ਵਸਾਇਆ।

ਰਚਨਾਵਾਂ:
ਗੁਰਬਖਸ਼ ਸਿੰਘ ਦੇ ਮਹਾਂ ਵਿਚਾਰ, ਮੇਰੀਆਂ ਅਭੁੱਲ ਯਾਦਾਂ, ਪ੍ਰਸੰਨ, ਲੰਮੀ ਉਮਰ, ਨਵਾਂ ਸਿਵਾਲਾ, ਖੁਲਾ ਦਰ, ਇਹੋ ਜੱਗ ਸਾਡਾ, ਮੇਰੇ ਝਰੋਖੇ ਚੋਂ ਅਤੇ ਰੁੱਖਾਂ ਦੀ ਜੀਰਾਦ।

ਪੁਰਸਕਾਰ ਅਤੇ ਸਨਮਾਨ: ਉਹਨਾਂ ਨੂੰ 1971 ਵਿੱਚ ਸਾਹਿਤ ਅਕਾਦਮੀ ਫੈਲੋਸ਼ਿਪ ਨਾਲ ਸਨਮਾਨਿਆ ਗਿਆ।

ਈਸ਼ਵਰ ਚੰਦਰ ਨੰਦਾ (1892-1966):

ਇਹਨਾਂ ਦਾ ਜਨਮ ਗੁਰਦਾਸਪੁਰ ਵਿਖੇ ਹੋਇਆ ਅਤੇ ਇਹਨਾਂ ਨੂੰ ਪੰਜਾਬੀ ਨਾਟਕ ਦਾ ਪਿਤਾਮਾ ਮੰਨਿਆ ਜਾਂਦਾ ਹੈ। 1913 ਈਸਵੀ ਵਿੱਚ ਇਹਨਾਂ ਨੇ ਇਕਹਿਰੇ ਚਰਿੱਤਰ ਵਾਲਾ ਨਾਟਕ 'ਸੁਹਾਗ' ਲਿਖਿਆ ਅਤੇ ਇਸ ਦਾ ਨਿਰਦੇਸ਼ਨ ਵੀ ਕੀਤਾ। ਇਹ ਉਪਰਾਲਾ ਅੱਜ ਵੀ ਪਲੇਠਾ ਪੰਜਾਬੀ ਨਾਟਕ (ਜੋ ਮੰਚ 'ਤੇ ਖੇਡਿਆ

ਰਚਨਾਵਾਂ:
ਸੁਹਾਗ, ਬੇਬੇ ਰਾਮ ਭਜਨੀ, ਸੁਭੱਦਰਾ, ਸ਼ਾਮ ਸ਼ਾਹ, ਬੇਈਮਾਨ, ਸੁਖਰਾਸ, ਲਿਖ਼ੀ ਦਾ ਵਿਆਹ ਜਾਂ ਵਰ ਘਰ ਅਤੇ ਮਾਂ ਦਾ ਡਿਪਟੀ

Scanned with CamScanner

ਗਿਆ) ਵਜੋਂ ਯਾਦ ਕੀਤਾ ਜਾਂਦਾ ਹੈ। ਇਸ ਤੋਂ ਪਹਿਲਾਂ ਲਿਖੇ ਨਾਟਕਾਂ ਵਿੱਚੋਂ ਕੋਈ ਵੀ ਮੰਚ ਤੇ ਖੇਡਿਆ ਨਹੀਂ ਸੀ ਗਿਆ।

ਨਾਨਕ ਸਿੰਘ (1897–1971):

ਇਹ ਪੰਜਾਬੀ ਦੇ ਮਹਾਨ ਕਵੀ, ਗੀਤਕਾਰ ਅਤੇ ਨਾਵਲਕਾਰ ਹੋਏ ਹਨ। ਇਹਨਾਂ ਦਾ ਜਨਮ ਜ਼ਹਿਲਮ ਜ਼ਿਲ੍ਹੇ (ਹੁਣ ਪਾਕਿਸਤਾਨ ਵਿੱਚ ਹੈ) ਵਿਖੇ ਇੱਕ ਪੰਜਾਬੀ ਹਿੰਦੂ ਪਰਿਵਾਰ ਵਿੱਚ ਹੋਇਆ। ਇਹਨਾਂ ਦਾ ਬਚਪਨ ਦਾ ਨਾਮ ਹੰਸਰਾਜ ਸੀ। ਸਿੱਖੀ ਧਾਰਨ ਕਰਨ ਮਗਰੋਂ ਹੀ ਇਹਨਾਂ ਨੇ ਆਪਣਾ ਨਾਂ ਨਾਨਕ ਸਿੰਘ ਰੱਖਿਆ। ਭਾਰਤ ਦੀ ਆਜ਼ਾਦੀ ਸੰਘਰਸ਼ ਮੌਕੇ ਆਪਣੀਆਂ ਲਿਖਤਾਂ ਕਾਰਨ ਬ੍ਰਿਟਿਸ ਸਰਕਾਰ ਨੇ ਆਪ ਨੂੰ ਬੰਦੀ ਬਣਾ ਲਿਆ ਸੀ। ਉਹਨਾਂ ਨੇ ਕਈ ਨਾਵਲਾਂ ਦੀ ਰਚਨਾ ਕੀਤੀ ਜਿਸ ਕਾਰਨ ਆਪ ਦੀ ਝੋਲੀ ਕਈ ਸਨਮਾਨ ਪਏ।

ਰਚਨਾਵਾਂ:
ਚਿੱਟਾ ਲਹੂ, ਫੌਲਾਦੀ ਫੁੱਲ, ਕਾਗਤਾਂ ਦੀ ਬੇੜੀ, ਪਿਆਰ ਦੀ ਦੁਨੀਆ, ਧੁੰਦਲੇ ਪਰਛਾਵੇਂ, ਲਵ ਮੈਰਿਜ, ਗਰੀਬ ਦੀ ਦੁਨੀਆ, ਅੱਧ ਖਿੜਿਆ ਫੁੱਲ, ਪਵਿੱਤਰ ਪਾਪੀ, ਜੀਵਨ ਸੰਗਰਾਮ, ਟੁੱਟੀ ਵੀਣਾ, ਗੰਗਾ ਜਲ ਵਿੱਚ ਸਰਾਬ, ਦੂਰ ਕਿਨਾਰਾ, ਖ਼ੂਨ ਦੇ ਸੋਹਿਲੇ, ਅੱਗ ਦੀ ਖੇਡ, ਕੱਟੀ ਹੋਈ ਪਤੰਗ, ਸੁਮਨ ਕਾਂਤਾ, ਆਦਮ ਖੋਰ, ਇੱਕ ਮਿਆਨ ਦੋ ਤਲਵਾਰਾਂ ਅਤੇ ਖ਼ੂਨੀ ਵਿਸਾਖੀ

ਸਨਮਾਨ ਅਤੇ ਪੁਰਸਕਾਰ:– 1962 ਈਸਵੀ ਵਿੱਚ ਆਪ ਨੂੰ 'ਇੱਕ ਮਿਆਨ ਦੋ ਤਲਵਾਰਾਂ' ਲਈ ਸਾਹਿਤ ਅਕਾਦਮੀ ਅਵਾਰਡ ਨਾਲ ਸਨਮਾਨਿਆ ਗਿਆ। 1998 ਈਸਵੀ ਵਿੱਚ ਆਪ ਦੇ ਸਨਮਾਨ ਵਿੱਚ ਡਾਕ-ਟਿਕਟ ਵੀ ਜਾਰੀ ਕੀਤੀ ਗਈ।

ਪ੍ਰੋਫ਼ੈਸਰ ਮੋਹਨ ਸਿੰਘ (1905–1978):

ਮਰਦਾਂ (ਹੁਣ ਪਾਕਿਸਤਾਨ ਵਿੱਚ) ਵਿਖੇ ਜਨਮੇ ਮੋਹਨ ਸਿੰਘ ਇੱਕ ਉੱਘੇ ਪੰਜਾਬੀ ਕਵੀ, ਵਿਦਵਾਨ ਅਤੇ ਵਰਤਮਾਨ ਪੰਜਾਬੀ ਕਾਵਿ ਦੇ ਮੁੱਢਲੇ ਮਾਰਗ ਦਰਸ਼ਕ ਸਨ। ਉਹਨਾਂ ਨੂੰ ਅੰਗਰੇਜ਼ੀ,ਫਾਰਸੀ,ਪੰਜਾਬੀ ਅਤੇ ਉਰਦੂ ਸਾਹਿਤ ਦਾ ਡੂੰਘਾ ਗਿਆਨ ਸੀ। ਉਹਨਾਂ ਨੇ ਅੰਮ੍ਰਿਤਸਰ ਦੇ ਖ਼ਾਲਸਾ ਕਾਲਜ ਵਿੱਚ ਬਤੌਰ ਲੈਕਚਰਾਰ ਨੌਕਰੀ ਕੀਤੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਲੁਧਿਆਣਾ) ਵਿੱਚ ਉਹਨਾਂ ਨੇ ਸੇਵਾ ਮੁਕਤ ਹੋਣ ਮਗਰੋਂ ਵੀ ਬਤੌਰ ਪ੍ਰੋਫ਼ੈਸਰ ਕੰਮ ਕੀਤਾ।

ਰਚਨਾਵਾਂ:
ਸਾਵੇ ਪੱਤਰ, ਬੂਹੇ ਕਸੁੰਭੜਾ, ਅੱਧਵਾਟੇ, ਕੱਚ-ਸੱਚ, ਅਵਾਜ਼ਾ, ਵੱਡਾ-ਵੇਲਾ, ਜੈਮੀਰ ਜੰਦਰੇ, ਨਾਨਕਿਆਂ ਅਤੇ ਪੰਜ ਦਰਿਆ।

ਪੁਰਸਕਾਰ ਅਤੇ ਸਨਮਾਨ:– 1959 ਈਸਵੀ ਵਿੱਚ ਆਪ ਨੂੰ 'ਵੱਡਾ ਵੇਲਾ' ਪੁਸਤਕ ਲਈ ਸਾਹਿਤ ਅਕਾਦਮੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਹਨਾਂ ਦੀ ਯਾਦ ਵਿੱਚ ਹਰ ਸਾਲ ਪ੍ਰੋ: ਮੋਹਨ ਸਿੰਘ ਯਾਦਗਰੀ ਫਾਊਂਡੇਸ਼ਨ ਵੱਲੋਂ ਪ੍ਰੋ: ਮੋਹਨ ਸਿੰਘ ਅੰਤਰਾਸ਼ਟਰੀ ਯਾਦਗਰੀ ਸਭਿੱਆਚਾਰਕ ਮੇਲਾ ਆਯੋਜਿਤ ਕੀਤਾ ਜਾਂਦਾ ਹੈ।

ਗੁਰਦਿਆਲ ਸਿੰਘ (1933 – 2016):

ਇਹ ਜਲੰਧਰ ਜ਼ਿਲ੍ਹੇ ਵਿੱਚ ਜਨਮੇ ਇਕ ਪ੍ਰਸਿਧ ਪੰਜਾਬੀ ਨਾਟਕਕਾਰ ਅਤੇ ਕਹਾਣੀਕਾਰ ਸੀ। 100 ਤੋਂ ਵੱਧ ਪੰਜਾਬੀ ਵਿੱਚ ਕਿਤਾਬਾਂ ਦੇ ਨਾਲ ਉਹਨਾਂ ਨੇ ਸਾਹਿਤ ਦੇ ਹਰ ਖੇਤਰ ਵਿੱਚ ਯੋਗਦਾਨ ਦੀਤਾ, ਪਰ ਉਹਨਾਂ ਨਾਟਕਕਾਰ ਵੱਜੋਂ ਵੀ ਆਪਣਾ ਨਾਂ ਬਣਾਇਆ ਹੈ। ਅਗਸਤ 2016 ਵਿੱਚ ਉਹਨਾਂ ਦਾ ਦਿਹਾਂਤ ਹੋ ਗਿਆ।

ਅਵਾਰਡ ਅਤੇ ਸਨਮਾਨ: ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿੱਚ ਕਈ ਪੁਰਸਕਾਰ ਪ੍ਰਾਪਤ ਹੋਏ ਜਿਨ੍ਹਾਂ ਵਿੱਚ 1975 ਵਿੱਚ 'ਅੱਧ ਚਾਨਣੀ ਰਾਤ' ਨਾਵਲ ਲਈ ਪੰਜਾਬੀ ਸਾਹਿਤ ਅਕਾਦਮੀ ਪੁਰਸਕਾਰ, 1998 ਵਿੱਚ ਪਦਮ ਸ੍ਰੀ ਅਤੇ 1999 ਵਿੱਚ ਗਿਆਨਪੀਠ ਪੁਰਸਕਾਰ ਸ਼ਾਮਲ ਹਨ। ਉਹਨਾਂ ਨੂੰ ਗਿਆਨਪੀਠ ਪੁਰਸਕਾਰ ਹਿੰਦੀ ਭਾਸ਼ਾ ਦੇ ਲੇਖਕ ਨਿਰਮਲ ਵਰਮਾ ਨਾਲ ਸਾਂਝੇ ਰੂਪ ਵਿੱਚ ਮਿਲਿਆ।

ਰਚਨਾਵਾਂ:
ਭਾਗਾਂ ਵਾਲਾ, ਮੜ੍ਹੀ ਦਾ ਦੀਵਾ, ਅਣਹੋਈ, ਅੱਧ ਚਾਨਣੀ ਰਾਤ, ਅੰਨ੍ਹੇ ਘੋੜੇ ਦਾ ਦਾਨ, ਸੱਗੀ ਫੁੱਲ, ਹੁੱਤਾ ਤੇ ਆਦਮੀ, ਬੇਗਾਨਾ ਪਿੰਡ।

Scanned with CamScanner

ਭਲਵਾਨ ਸਾਹਨੀ (1913-1973):

ਇਹਨਾਂ ਦਾ ਬਚਪਨ ਦਾ ਨਾਂ ਯੁਧਿਸ਼ਟਰ ਸਾਹਨੀ ਸੀ ਅਤੇ ਇਹਨਾਂ ਦਾ ਜਨਮ ਰਾਵਲਪਿੰਡੀ (ਪਾਕਿਸਤਾਨ)ਵਿੱਚ ਹੋਇਆ। ਇਹ ਇੱਕ ਨਾਮਚੀਨ ਫਿਲਮ ਅਭਿਨੇਤਾ ਹੋਣ ਦੇ ਨਾਲ-ਨਾਲ ਪੰਜਾਬੀ ਦੇ ਉੱਘੇ ਲੇਖਕ ਵੀ ਸਨ ਭਾਵੇਂ ਉਹਨਾਂ ਦੀਆਂ ਮੁੱਢਲੀਆਂ ਲਿਖਤਾਂ ਅੰਗਰੇਜੀ ਵਿੱਚ ਹਨ, ਪਰੰਤੂ ਆਪ ਨੇ ਪੰਜਾਬੀ ਵਿੱਚ ਲਿਖਣਾ ਆਰੰਭ ਕਰ ਦਿੱਤਾ ਸੀ। ਉਨ੍ਹਾਂ ਨੇ ਆਪਣਾ ਪੂਰਾ ਧਿਆਨ ਪੰਜਾਬੀ ਸਾਹਿਤ ਅਤੇ ਵਿਰਸੇ ਨੂੰ ਪ੍ਰਫੁਲਿਤ ਕਰਨ ਵਿੱਚ ਲਗਾਇਆ।

ਰਚਨਾਵਾਂ: ਮੇਰਾ ਪਾਕਿਸਤਾਨੀ ਸਫਰਨਾਮਾ, ਮੇਰਾ ਰੂਸੀ ਸਫਰਨਾਮਾ, ਮੇਰੀ ਫਿਲਮੀ ਆਤਮਕਥਾ, ਬਾਜ਼ੀ (ਸਕ੍ਰੀਨਪਲੇ), ਏਕ ਸਫਰ ਅਤੇ ਨਾਮਕਰਨ।

ਪੁਰਸਕਾਰ ਅਤੇ ਸਨਮਾਨ:- ਸਾਲ 1969 ਈਸਵੀ ਵਿੱਚ ਇਹਨਾਂ ਨੂੰ ਪਦਮ ਸ੍ਰੀ ਅਵਾਰਡ ਮਿਲਿਆ। ਸਾਲ 2013 ਵਿੱਚ ਆਪ ਦੀ ਸ਼ਖਸੀਅਤ ਨੂੰ ਦਰਸਾਉਂਦੀ ਡਾਕ ਟਿਕਟ ਵੀ ਭਾਰਤੀ ਡਾਕ ਵਿਭਾਗ ਵੱਲੋਂ ਜਾਰੀ ਕੀਤੀ ਗਈ।

ਬਲਵੰਤ ਗਾਰਗੀ (1916-2003):

ਬਠਿੰਡਾ ਵਿਖੇ ਜਨਮੇ ਬਲਵੰਤ ਗਾਰਗੀ ਇੱਕ ਉੱਘੇ ਨਾਵਲਕਾਰ, ਮਿੰਨੀ ਕਹਾਣੀਕਾਰ, ਨਾਟਕਕਾਰ, ਨਿਰਦੇਸ਼ਕ ਅਤੇ ਸਾਹਿਤਕਾਰ ਸਨ। ਉਹਨਾਂ ਦੀ ਕਥਾ-ਸਾਹਿਤ ਦੀ ਮਾਹਿਰਤਾ ਨੂੰ ਉਹਨਾਂ ਦੇ ਨਾਵਲ 'ਕੱਕਰ ਰੇਤਾ' ਤੋਂ ਜਾਣਿਆ ਜਾ ਸਕਦਾ ਹੈ।

ਰਚਨਾਵਾਂ:
ਰਚਨਾਵਾਂ: ਲੋਹਾ ਕੁੱਟ, ਕੋਸਰੇ, ਕਟਕ ਦੀ ਕੁੱਖੋਂ, ਸੋਹਣੀ ਮਹੀਵਾਲ, ਸੁਲਤਾਨ ਰਜ਼ੀਆ, ਸੋਹਣੇ, ਮਿਰਜ਼ਾ ਸਾਹਿਬਾਂ ਅਤੇ ਪੁਤਾਂ ਦੀ ਮਾਤਾ।
ਮਿੰਨੀ ਕਹਾਣੀਆਂ: ਮਿਰਚਾ ਵਾਲਾ ਸਾਧ, ਪੱਤਰ ਦੀ ਬੇਤੀ, ਕੋਰੇ, ਰੰਗਮੰਚ ਅਤੇ ਕੁਆਰੀ ਟੌਨੀ ਅਤੇ ਸਾਰੇ ਕਥਾ ਦ ਨੰਕਡ ਟਰਾਈਐਂਗਲ।

ਪੁਰਸਕਾਰ ਅਤੇ ਸਨਮਾਨ: ਆਪ ਦੀ ਪੁਸਤਕ 'ਰੰਗ-ਮੰਚ' ਲਈ ਆਪ ਨੂੰ ਸਾਹਿਤ ਅਕਾਦਮੀ ਅਵਾਰਡ ਮਿਲਿਆ। ਸਾਲ 1972 ਵਿੱਚ ਆਪ ਨੂੰ ਪਦਮ ਸ੍ਰੀ ਅਵਾਰਡ ਮਿਲਿਆ। ਸਾਲ 1998 ਵਿੱਚ ਪੰਜਾਬੀ ਨਾਟਕ ਰਚਨਾ ਲਈ ਸੰਗੀਤ ਨਾਟਕ ਅਕਾਡਮੀ ਅਵਾਰਡ ਨਾਲ ਸਨਮਾਨਿਆ ਗਿਆ।

ਕਰਤਾਰ ਸਿੰਘ ਦੁੱਗਲ (1917-2012):

ਕਰਤਾਰ ਸਿੰਘ ਦੁੱਗਲ ਪੰਜਾਬੀ ਦੇ ਉੱਘੇ ਨਾਵਲਕਾਰ ਹੋਏ ਹਨ। ਇਹਨਾਂ ਦੀਆਂ ਰਚਨਾਵਾਂ ਵਿੱਚ ਨਾਵਲਾਂ ਤੋਂ ਇਲਾਵਾ ਮਿੰਨੀ ਕਹਾਣੀਆਂ ਵੀ ਸ਼ਾਮਿਲ ਹਨ। ਇਹਨਾਂ ਦੀਆਂ ਕਹਾਣੀਆਂ ਵਿੱਚ ਕਈ ਤੰਦਾਂ ਜੋ ਕਿ ਇੱਕ ਕਲਪਨਾ ਅਤੇ ਮਨੋਵਿਗਿਆਨ ਦੁਆਲੇ ਉਣੀਆਂ ਹੋਈਆਂ ਹਨ, ਨਜ਼ਰ ਆਉਂਦੀਆਂ ਹਨ।

ਰਚਨਾਵਾਂ:
ਛੰਭਰ, ਇੱਕ ਫਿੱਟ ਚਾਨਣ ਦੀ, ਨਵਾਂ ਘਰ, ਸੌਦਾਗਰ ਬੰਦਰਗਾਹ, ਤਰਕਾਲਾ ਵੇਲੇ, ਸਾਵਣ, ਪੂਰਨ ਦੀ ਰਾਤ, ਤੇਰੇ ਬਹਾਨੇ, ਮਿੰਨੀ ਮੁਹਾਲਮਾਰ ਕੀ, ਬੰਦ ਦਰਵਾਜ਼ੇ ਅਤੇ ਕਰਮਾਤ।

ਪੁਰਸਕਾਰ ਅਤੇ ਸਨਮਾਨ:- ਸਾਲ 1962 ਵਿੱਚ ਆਪ ਨੂੰ ਪੰਜਾਬ ਸਰਕਾਰ ਦੁਆਰਾ 'ਸਰਵੋਤਮ ਸਾਹਿਤਕਾਰ' ਦੇ ਐਵਾਰਡ ਨਾਲ ਸਨਮਾਨਿਆ ਗਿਆ। ਸਾਲ 1988 ਵਿੱਚ ਉਹਨਾਂ ਨੂੰ ਪਦਮ ਭੂਸ਼ਨ ਮਿਲਿਆ। ਸਾਲ 2007 ਵਿੱਚ ਸਾਹਿਤ ਅਕਾਡਮੀ ਅਵਾਰਡ ਦਿੱਤਾ ਗਿਆ। ਆਪ ਨੂੰ ਰਾਜ ਸਭਾ ਦਾ ਮੈਂਬਰ ਵੀ ਨਾਮਜਦ ਕੀਤਾ ਗਿਆ।

ਅੰਮ੍ਰਿਤਾ ਪ੍ਰੀਤਮ (1919-2005):

ਇਹਨਾਂ ਦੇ ਬਚਪਨ ਦਾ ਨਾਮ ਅੰਮ੍ਰਿਤ ਕੌਰ ਸੀ ਅਤੇ ਇਹ ਇਕ ਭਾਰਤੀ ਲੇਖਕ ਅਤੇ ਕਵੀ ਸਨ ਜਿਨ੍ਹਾਂ ਨੇ ਹਿੰਦੀ ਅਤੇ ਪੰਜਾਬੀ ਵਿੱਚ ਕਈ ਰਚਨਾਵਾਂ ਕੀਤੀਆਂ। ਆਪ ਨੂੰ ਪਹਿਲੀ ਉੱਘੀ ਮਹਿਲਾ, ਪੰਜਾਬੀ ਕਵਿੱਤਰੀ, ਨਾਵਲਕਾਰ ਅਤੇ ਵਾਰਤਕਕਾਰ ਵੱਜੋਂ ਜਾਣਿਆ ਜਾਂਦਾ ਹੈ। ਆਪ ਨੇ ਲੱਗਭਗ 100 ਤੋਂ ਵੱਧ ਕਿਤਾਬਾਂ ਲਿਖੀਆਂ ਜਿਸ

ਰਚਨਾਵਾਂ:
ਨਾਵਲ: ਪਿੰਜਰ, ਸਾਗਰ ਤੇ ਸਿੱਪੀਆਂ, ਕੋਰੇ ਦਾ ਪੱਤਾ, ਯਾਤਰੀ, ਦਿਲੀ ਦੀਆਂ ਗਲੀਆਂ, ਤੇਰਹਵਾਂ ਸੂਰਜ ਅਤੇ ਕੋਰਾ ਕਾਗਜ਼ ਸਭੈ ਸਾਂਝਲੀ, ਤਸੀਹੇ ਪੰਜਰ।
ਕਾਵਿ ਸੰਗ੍ਰਹਿ: ਲੋਕ ਪੀੜਾ, ਸੁਨੇਹੜੇ, ਕਾਗਜ਼ ਤੇ ਕੈਨਵਸ, ਤਰੇਲ ਧੋਤੇ ਫੁੱਲ, ਜਿੰਦਗੀ ਨਾਮਾ, ਕਸਤੂਰੀ, ਅੱਜ ਆਖਾਂ ਵਾਰਿਸ ਸ਼ਾਹ ਨੂੰ।
ਮਾਸਿਕ ਕਾਵਿ ਰਚਨਾ: ਨਾਗਮਣੀ।

Scanned with CamScanner

ਵਿੱਚ ਕਵਿਤਾ, ਕਲਪਨਾ, ਸਵੈ-ਜੀਵਨੀਆਂ, ਵਾਰਤਕ, ਪੰਜਾਬੀ ਗੀਤਾਂ ਦਾ ਸੰਗ੍ਰਿਹ ਅਤੇ ਜੀਵਨ ਕਥਾਵਾਂ ਸ਼ਾਮਿਲ ਹਨ।

ਪੁਰਸਕਾਰ ਅਤੇ ਸਨਮਾਨ: ਆਪਣੇ ਕਾਵਿ ਸੰਗ੍ਰਹਿ 'ਸੁਨੇਹੇ' ਕਾਰਨ ਸਾਹਿਤ ਅਕਾਡਮੀ ਅਵਾਰਡ ਜਿੱਤਣ ਵਾਲੀ ਪਹਿਲੀ ਇਸਤਰੀ ਲੇਖਕ ਬਣੀ। ਭਾਰਤ ਦਾ ਸਭ ਤੋਂ ਉੱਤਮ ਸਾਹਿਤ ਅਵਾਰਡ ਗਿਆਨ ਪੀਠ ਅਵਾਰਡ ਆਪ ਨੂੰ 'ਕਾਗਜ਼ ਤੇ ਕੈਨਵਸ' ਦੀ ਰਚਨਾ ਲਈ ਮਿਲਿਆ। ਸਾਲ 1969 ਵਿੱਚ ਆਪ ਨੂੰ ਪਦਮਸ੍ਰੀ ਅਤੇ ਸਾਲ 2004 ਵਿੱਚ ਪਦਮ ਵਿਭੂਸ਼ਣ ਮਿਲਿਆ। ਆਪ ਨੂੰ ਸਾਹਿਤ ਅਕਾਡਮੀ ਫੈਲੋਸ਼ਿੱਪ ਦੀ ਸਾਹਿਤ ਵਿੱਚ ਅਮਿੱਟ ਛਾਪ ਛੱਡਣ ਕਾਰਨ ਆਪ ਦੀਆਂ ਜੀਵਨ ਉਪਲੱਭਧੀਆਂ ਕਾਰਨ ਆਪ ਨੂੰ ਦਿੱਤਾ ਗਿਆ ਹੈ।

ਜਸਵੰਤ ਸਿੰਘ ਕੰਵਲ:

ਸਾਲ 1919 ਵਿੱਚ ਮੋਗਾ ਦੇ ਢੁੱਢੀਕੇ ਪਿੰਡ ਵਿਖੇ ਜਨਮੇ ਜ਼ਸਵੰਤ ਸਿੰਘ ਕੰਵਲ ਪੰਜਾਬੀ ਸਾਹਿਤ ਦੇ ਪ੍ਰਸਿੱਧ ਨਾਵਲਕਾਰ ਹਨ। ਉਹਨਾਂ ਪੰਜਾਬੀ ਸਾਹਿਤ ਦੀਆਂ ਰਚਨਾਵਾਂ ਵਿੱਚ ਪੰਜਾਬ ਦੇ ਪੇਂਡੂ ਜੀਵਨ ਦੀ ਸਜੀਵ ਝਲਕ ਮਿਲਦੀ ਹੈ। ਉਹਨਾਂ ਦੀਆਂ ਰਚਨਾਵਾਂ ਸਮਾਜਿਕ ਰਸਮਾਂ ਅਤੇ ਵਿਸ਼ਵਾਸ਼ ਪ੍ਰਤੀ ਇੱਕ ਪ੍ਰਸ਼ਨ ਚਿੰਨ੍ਹ ਛੱਡਦੀਆਂ ਹਨ।

ਰਚਨਾਵਾਂ:
ਲਹੂ ਦੀ ਲੋਅ, ਪੰਜਾਬ ਤੇਰਾ ਕੀ ਬਣੂ, ਖ਼ੂਨ ਦੇ ਸੋਹਿਲੇ ਗਵੱਈਏ ਨਾਨਕ, ਕੌਮੀ ਲਲਕਾਰ, ਸੱਚ ਕੀ ਬੇਲਾ, ਸੂਰਮੇ, ਜੇਰਾ, ਹੁਨਰ ਦੀ ਜਿੱਤ, ਜਿੰਦਗੀ ਦੂਰ ਨਹੀਂ, ਜੰਡ ਪੰਜਾਬ ਦਾ, ਮਿੱਤਰ ਪਿਆਰੇ ਨੂੰ, ਰੂਪਮਤੀ, ਭਵਾਨੀ, ਮੁਕਤੀ ਮਾਰਗ, ਗੋਰਾਮੁੱਖ ਸੱਜਣਾਂ ਦਾ, ਸੰਧੂਰ, ਰੂਪ ਦੇ ਰਾਖੇ, ਕੰਡੇ, ਦੇਵਦਾਸ, ਸੱਚ ਨੂੰ ਫਾਸ਼ੀ, ਰਾਤ ਬਾਕੀ ਹੈ, ਗਵਾਚੀ ਪੱਗ, ਪੱਖੀ, ਤੁਸ਼ਾਲੀ ਦੀ ਹੰਸੋ।

ਪੁਰਸਕਾਰ ਅਤੇ ਸਨਮਾਨ: 1996 ਵਿੱਚ ਆਪ ਨੂੰ ਆਪ ਦੀ ਰਚਨਾ 'ਪੱਖੀ' ਲਈ ਸਾਹਿਤ ਅਕਾਡਮੀ ਫੈਲੋਸ਼ਿੱਪ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।ਸਾਲ 1998 ਵਿੱਚ ਆਪ ਨੂੰ 'ਤੁਸ਼ਾਲੀ ਦੀ ਹੰਸੋ' ਕਾਰਨ ਸਾਹਿਤ ਅਕਾਦਮੀ ਅਵਾਰਡ ਮਿਲਿਆ। ਆਪ ਨੂੰ ਸਾਲ 2008 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਆਪ ਦੀ ਪੰਜਾਬੀ ਸਾਹਿਤ ਨੂੰ ਦੇਣ ਕਾਰਨ ਸਾਹਿਤ ਡਾਕਟਰੇਟ ਦੀ ਡਿਗਰੀ ਨਾਲ ਸਕਾਰਿਆ ਗਿਆ।

ਦਲੀਪ ਕੌਰ ਟਿਵਾਣਾ:

ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰੱਬੋਂ ਵਿਖੇ ਜਨਮੀ ਦਲੀਪ ਕੌਰ ਇੱਕ ਅਗਾਂਹਵਧੂ ਨਾਵਲਕਾਰ ਅਤੇ ਮਿੰਨੀ ਕਹਾਣੀਕਾਰ ਹੈ। ਉਨ੍ਹਾਂ ਦੀ ਪੰਜਾਬੀ ਸਾਹਿਤ ਅਤੇ ਵਿਚਾਰ ਚਰਚਾ ਵਿਚ ਅਹਿਮ ਭੂਮਿਕਾ ਹੈ।

ਰਚਨਾਵਾਂ:
ਨਾਵਲ: *ਅਗਨੀ ਪ੍ਰੀਖਿਆ, ਏਹੁ ਹਮਾਰਾ ਜੀਵਣਾ, ਵਾਟ ਹਮਾਰੀ, ਤੀਲੀ ਦਾ ਨਿਸ਼ਾਨ, ਸੂਰਜ ਤੇ ਸਮੁੰਦਰ, ਲੰਬੀ ਉਡਾਰੀ, ਪੀਲੇ ਪਤਿਆਂ ਦੀ ਦਾਸਤਾਨ, ਲੰਘ ਗਿਆ ਦਰਿਆ, ਹਸਤਾਖਰ, ਪੈਤ ਚਾਲ, ਤੀਨ ਲੋਕ ਸੇ ਨਿਆਰੀ, ਕਥਾ ਕਹੋ ਉਰਵਸ਼ੀ।*
ਜੀਵਨ ਕਥਾ: *ਡਾ: ਮੋਹਨ ਸਿੰਘ ਦੀਵਾਨਾ*
ਸਵੈ ਜੀਵਨੀ: *ਨੰਗੇ ਪੈਰਾਂ ਦਾ ਸਫਰ, ਪੂਛਤੇ ਹੋ ਤੋ ਸੁਨੋ, ਤੇਰੇ ਮੇਰੇ ਸਰੋਕਾਰ, ਜਿਊਣ ਜ਼ੋਗਾ।*

ਸਨਮਾਨ ਅਤੇ ਪੁਰਸਕਾਰ: 1971 ਵਿੱਚ ਆਪ ਨੂੰ 'ਏਹੁ ਹਮਾਰਾ ਜੀਵਣਾ' ਲਈ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਸਾਲ 2001 ਵਿੱਚ ਆਪ ਦੇ ਨਾਵਲ 'ਕਥਾ ਕਹੋ ਉਰਵਸ਼ੀ' ਲਈ ਆਪ ਨੂੰ ਸਰਸਵਤੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਸਾਲ 2004 ਵਿੱਚ ਆਪ ਨੂੰ ਪਦਮ ਸ੍ਰੀ ਅਤੇ ਸਾਲ 2008 ਵਿੱਚ ਪੰਜਾਬੀ ਸਾਹਿਤ ਰਤਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਸ਼ਿਵ ਕੁਮਾਰ ਬਟਾਲਵੀ (1936-1973):

ਇਹਨਾਂ ਦਾ ਜਨਮ 1936 ਵਿੱਚ ਪਾਕਿਸਤਾਨ ਦੇ ਸਿਆਲਕੋਟ ਜ਼ਿਲ੍ਹੇ ਵਿੱਚ ਹੋਇਆ। ਪਰ 1947 ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਸ਼ਹਿਰ ਚਲੇ ਗਏ। ਆਪ ਦੀਆਂ ਕਵਿਤਾਵਾਂ ਅਤੇ ਗੀਤਾਂ ਨੇ ਆਪ ਨੂੰ ਬਹੁਗਿਣਤੀ ਵਿੱਚ ਮਸ਼ਹੂਰ ਕਰ ਦਿੱਤਾ।

ਰਚਨਾਵਾਂ:
ਪੀੜਾਂ ਦਾ ਪਰਾਗਾ, ਲਾਜਵੰਤੀ, ਆਟੇ ਦੀਆਂ ਚਿੜੀਆਂ, ਮੈਨੂੰ ਵਿਦਾ ਕਰੋ, ਬਿਰਹਾ ਦਾ ਸੁਲਤਾਨ, ਦਰਦਮੰਦਾ ਦਿਆਂ ਆਹਾਂ, ਲੂਣਾਂ, ਮੈਂ ਤੇ ਮੈਂ, ਆਰਤੀ, ਅਲਵਿਦਾ।

ਪੁਰਸਕਾਰ ਅਤੇ ਸਨਮਾਨ: 1967 ਵਿੱਚ ਸਾਹਿਤ ਅਕਾਦਮੀ ਅਵਾਰਡ ਪ੍ਰਾਪਤ ਕਰਨ ਵਾਲੇ ਉਹ ਸਭ ਤੋਂ ਛੋਟੀ ਉਮਰ ਦੇ

Scanned with CamScanner

ਲੇਖਕ ਬਣੇ। ਇਹ ਅਵਾਰਡ ਉਹਨਾਂ ਨੂੰ ਨਾਟਕ 'ਲੂਣਾ' ਲਈ ਮਿਲਿਆ। ਉਹਨਾਂ ਦੇ ਸਨਮਾਨ ਵਿੱਚ ਹਰ ਸਾਲ 'ਸ਼ਿਵ ਕੁਮਾਰ ਬਟਾਲਵੀ ਅਵਾਰਡ' ਦਿੱਤਾ ਜਾਂਦਾ ਹੈ।

ਸੁਰਜੀਤ ਪਾਤਰ:

1945 ਵਿੱਚ ਜਲੰਧਰ ਦੇ ਪੱਤੜ ਕਲਾਂ ਵਿਖੇ ਜਨਮੇ ਸੁਰਜੀਤ ਪਾਤਰ ਇੱਕ ਪ੍ਰਸਿੱਧ ਪੰਜਾਬੀ ਲੇਖਕ ਅਤੇ ਕਵੀ ਹਨ। ਉਹਨਾਂ ਦੀਆਂ ਕਵਿਤਾਵਾਂ ਹਰਮਨ ਪਿਆਰੀਆਂ ਹੋਈਆਂ ਅਤੇ ਚਰਚਾ ਦਾ ਵਿਸ਼ਾ ਬਣੀਆਂ। ਉਹਨਾਂ ਨੇ 1960 ਦੇ ਅੱਧ ਵਿੱਚ ਕਵਿਤਾਵਾਂ ਲਿਖਣੀਆਂ ਆਰੰਭ ਕੀਤੀਆਂ।

ਰਚਨਾਵਾਂ:
ਹਵਾ ਵਿੱਚ ਲਿਖੇ ਹਰਫ਼, ਹਨੇਰੇ ਵਿੱਚ ਸੁਲਗਦੀ ਵਰਨਮਾਲਾ, ਸਿਰਖ ਅਰਜ ਕਰੇ, ਲਫ਼ਜ਼ਾਂ ਦੀ ਦਰਗਾਹ, ਪਤਝੱਤ ਦੀ ਪਾਜੇਬ, ਸਰਦਲਾਂ।

ਪੁਰਸਕਾਰ ਅਤੇ ਸਨਮਾਨ: ਸਾਲ 1993 ਵਿੱਚ ਆਪ ਨੂੰ 'ਹਨੇਰੇ ਵਿੱਚ ਸੁਲਗਦੀ ਵਰਨਮਾਲਾ' ਲਈ ਸਾਹਿਤ ਅਕਾਦਮੀ ਅਵਾਰਡ ਮਿਲਿਆ। ਸਾਲ 2009 ਵਿੱਚ 'ਲਫਜ਼ਾਂ ਦੀ ਦਰਗਾਹ' ਲਈ ਆਪ ਨੂੰ ਸਰਸਵਤੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਸਾਲ 2012 ਵਿੱਚ ਆਪ ਨੂੰ ਪਦਮ ਸ੍ਰੀ ਅਵਾਰਡ ਮਿਲਿਆ।

ਸਾਰਣੀ 12.1 **ਪ੍ਰਸਿੱਧ ਲੇਖਕ ਅਤੇ ਉਹਨਾਂ ਦੀਆਂ ਮੁੱਖ ਰਚਨਾਵਾਂ**

ਪ੍ਰਸਿੱਧ ਲੇਖਕ	ਮੁੱਖ ਰਚਨਾਵਾਂ
ਗੁਰੂ ਨਾਨਕ ਦੇਵ ਜੀ	ਜਪੁਜੀ ਸਾਹਿਬ, ਸਿੱਧ ਗੋਸ਼ਟ, ਦੱਖਣੀ ਓਂਕਾਰ, ਕੀਰਤਨ ਸੋਹਿਲਾ ਅਤੇ ਬਾਰਹ ਮਾਹ
ਗੁਰੂ ਅਰਜਨ ਦੇਵ ਜੀ	ਆਦਿ ਗ੍ਰੰਥ, ਸੁਖਮਨੀ ਸਾਹਿਬ, ਗਾਉੜੀ, ਮੰਤ੍ਰ, ਬਾਰਹ ਅੱਖਰ
ਭਾਈ ਗੁਰਦਾਸ	ਵਾਰਾਂ ਅਤੇ ਕਬਿੱਤ ਸਵੱਈਏ
ਸ਼ਾਹ ਹੁਸੈਨ	ਆਗੇ ਨੈਂ ਡੂੰਘੀ, ਆਖ ਨੀ ਮਾਈ ਆਖ, ਆਪ ਨੂੰ ਪਛਾਣ ਬੰਦੇ, ਅਮਲਾਂ ਦੇ ਉੱਪਰ ਹੋਣ ਨਿਬੇੜੇ, ਮਾਏ ਨੀਂ ਮੈਂ ਕੀਹਨੂੰ ਆਖਾਂ, ਇੱਕ ਦਿਨ ਤੈਨੂੰ ਸੁਪਨਾ ਥੀਸਾ।
ਗੁਰੂ ਗੋਬਿੰਦ ਸਿੰਘ ਜੀ	ਜਾਪ ਸਾਹਿਬ, ਅਕਾਲ- ਉਸਤਤਿ, ਬਚਿੱਤਰ ਨਾਟਕ, ਚੰਡੀ ਚਰਿੱਤਰ, ਚੰਡੀ ਦੀ ਵਾਰ, ਗਿਆਨ ਪ੍ਰਬੋਧ, ਚੌਬੀਸ ਅਵਤਾਰ, ਖਾਲਸੇ ਦੀ ਮਹਿਮਾ ਸਵੱਈਏ ਅਤੇ ਜ਼ਫ਼ਰਨਾਮਾ।
ਬੁਲੇ ਸ਼ਾਹ	ਮੱਕੇ ਗਿਆਂ ਗੱਲ ਮੁੱਕਦੀ ਨਾਹੀਂ, ਬੁੱਲਾ ਕੀ ਜਾਣਾਂ ਮੈਂ ਕੌਣ, ਮੈਂ ਜਾਣਾ ਜੋਗੀ ਦੇ ਨਾਲ, ਇਸ਼ਕ ਦੀ ਨਵੀਓ ਨਵੀਂ ਬਹਾਰ, ਇੱਕ ਨੁਕਤੇ ਵਿੱਚ ਗੱਲ ਮੁੱਕਦੀ ਐ।
ਵਾਰਿਸ ਸ਼ਾਹ	ਹੀਰ-ਰਾਂਝਾ
ਭਾਈ ਕਾਹਨ ਸਿੰਘ ਨਾਭਾ	ਗੁਰੂ ਸ਼ਬਦ ਰਤਨਾਕਰ ਮਹਾਂਕੋਸ਼, ਰਾਜ ਧਰਮ, ਨਾਟਕ ਭਾਵਰਥ ਦੀਪਿਕਾ, ਹਮ ਹਿੰਦੂ ਨਹੀਂ, ਗੁਰਮਤਿ ਪ੍ਰਭਾਕਰ, ਗੁਰਮਤਿ ਸੁਧਾਕਰ, ਗੁਰੂ ਚੰਦ ਦਿਵਾਕਰ, ਗੁਰੂ ਸ਼ਬਦ ਅੰਧਕਾਰ, ਗੁਰੂ ਗਿਰਾ ਕਸੌਟੀ, ਵਿਸ਼ਨੂੰ ਪੁਰਾਣ, ਸਾਧੂ ਅਤੇ ਚੰਡੀ ਦੀ ਵਾਰ।
ਭਾਈ ਵੀਰ ਸਿੰਘ	ਸੁੰਦਰੀ, ਬਿਜੇ ਸਿੰਘ, ਸਤਵੰਤ ਕੌਰ, ਬਾਬਾ ਨੌਧ ਸਿੰਘ, ਦਿਲ ਤਰੰਗ, ਤ੍ਰੇਲ, ਤੁਪਕੇ, ਲਹਿਰਾਂ ਦੇ ਹਾਰ, ਮਟਕ-ਹੁਲਾਰੇ, ਬਿਜਲੀਆਂ ਦੇ ਹਾਰ ਅਤੇ ਮੇਰੇ ਸਾਈਆਂ ਜੀਓ।
ਕਿਰਪਾ ਸਾਗਰ	ਲਕਸ਼ਮੀ ਦੇਵੀ, ਮਹਾਰਾਜਾ ਰਣਜੀਤ ਸਿੰਘ, ਦੀਦੋ ਜਾਨੀਵਾਲ ਅਤੇ ਮਨ ਤਰੰਗ।
ਧਨੀ ਰਾਮ ਚਾਤ੍ਰਿਕ	ਰਮਤੀ ਸੇਠ, ਭਰਥਰੀ ਹਰੀ, ਨਲ ਦਮਯੰਤੀ, ਕੇਸਰ-ਕਿਆਰੀ, ਨੰਵਾਂ ਜਹਾਨ, ਨੂਰ ਜਹਾਂ, ਬਾਦਸ਼ਾਹ ਬੇਗਮ, ਸੂਫ਼ੀਖਾਨਾ ਅਤੇ ਫੁੱਲਾਂ ਦੀ ਟੋਕਰੀ।
ਪ੍ਰੋਫ਼ੈਸਰ ਪੂਰਨ ਸਿੰਘ	ਖੁੱਲ੍ਹੇ ਮੈਦਾਨ ਖੁੱਲੇ ਘੁੰਡ, ਖੁੱਲ੍ਹੇ ਲੇਖ, ਖੁੱਲ੍ਹੇ ਅਸਮਾਨੀ ਰੰਗ, ਪੂਰਨ-ਨਾਥ ਜੋਗੀ।

Scanned with CamScanner

ਕੁਰਬਖਸ਼ ਸਿੰਘ ਪ੍ਰੀਤ ਲੜੀ	ਕੁਰਬਖਸ਼ ਸਿੰਘ ਦੇ ਮਹਾਂ ਵਿਚਾਰ, ਮੇਰੀਆਂ ਅਭੁੱਲ ਯਾਦਾਂ, ਪ੍ਰਸੰਨ, ਲੰਮੀ ਉਮਰ, ਨਵੇਂ ਸ਼ਿਵਾਲਾ, ਖੁਲਾ ਦਰ, ਇਹੋ ਜੱਗ ਸਾਡਾ, ਮੇਰੇ ਝਰੋਖੇ ਚੋ ਅਤੇ ਰੁੱਖਾਂ ਦੀ ਜ਼ੀਰਾਦ।
ਈਸ਼ਵਰ ਚੰਦਰ ਨੰਦਾ	ਸੁਹਾਗ,ਏਬੇ ਰਾਮ ਭਜਨੀ, ਸੁਭੱਦਰਾ,ਸ਼ਾਮ ਸ਼ਾਹ, ਬੇਈਮਾਨ, ਸੁਖਰਾਸ, ਲਿਲੀ ਦਾ ਵਿਆਹ ਜਾਂ ਵਰ ਘਰ ਅਤੇ ਮਾਂ ਦਾ ਡਿਪਟੀ
ਨਾਨਕ ਸਿੰਘ	ਚਿੱਟਾ ਲਹੂ, ਫੋਲਾਦੀ ਫੁੱਲ, ਕਾਗਤਾਂ ਦੀ ਬੇਤੀ, ਪਿਆਰ ਦੀ ਦੁਨੀਆ, ਧੁੰਦਲੇ ਪਰਛਾਵੇਂ, ਲਾਲ ਮੈਰਿਜ, ਗਰੀਬ ਦੀ ਦੁਨੀਆ, ਅੱਧ ਖਿੜਿਆ ਫੁੱਲ, ਪਵਿੱਤਰ ਪਾਪੀ, ਜੀਵਨ ਸੰਗਰਾਮ, ਟੁੱਟੀ ਵੀਣਾ, ਤੱਕਾ ਜਲ ਵਿੱਚ ਲਰਾਇ, ਦੂਰ ਕਿਨਾਰਾ, ਖੂਨ ਦੇ ਸੋਹਿਲੇ, ਅੱਗ ਦੀ ਖੇਡ, ਕੱਟੀ ਹੋਈ ਪਤੰਗ, ਸੁਮਨ ਕਾਂਤਾ, ਆਦਮ ਖੋਰ, ਇੱਕ ਮਿਆਨ ਦੋ ਤਲਵਾਰਾਂ ਅਤੇ ਖੂਨੀ ਵਿਸ਼ਾਖੀ
ਪ੍ਰੋਫੈਸਰ ਮੋਹਨ ਸਿੰਘ	ਸਾਵੇ ਪੱਤਰ, ਬੂਹੇ ਕਸੁੰਭੜਾ, ਅੱਧਵਾਟੇ, ਕੱਚ- ਸੱਚ, ਅਵਾਜ਼ਾ, ਵੱਡਾ-ਵੇਲਾ, ਜੈ ਮੀਰ ਜੰਦਰੇ, ਨਾਨਕਿਆਂ ਅਤੇ ਪੰਜ ਦਰਿਆ।
ਗੁਰਦਿਆਲ ਸਿੰਘ	ਭਾਨਾਂ ਵਾਲਾ, ਮਤ੍ਰੀ ਦਾ ਦੀਵਾ, ਅਣਹੋਈ, ਅੱਧ ਚਾਨਣੀ ਰਾਤ, ਅਨ੍ਹੇ ਘੋੜੇ ਦਾ ਦਾਨ, ਸੰਨੀ ਫੁੱਲ, ਕੁੱਤਾ ਤੇ ਆਦਮੀ, ਬੇਗਾਨਾ ਪਿੰਡ।
ਬਲਰਾਜ ਸਾਹਨੀ	ਮੇਰਾ ਪਾਕਿਸਤਾਨੀ ਸਫਰਨਾਮਾ, ਮੇਰਾ ਰੂਸੀ ਸਫ਼ਰਨਾਮਾ, ਮੇਰੀ ਫਿਲਮੀ ਆਤਮਕਥਾ, ਫਾਈ (ਸਕ੍ਰੀਨਪੲਲ), ਏਕ ਸਫ਼ਰ ਅਤੇ ਦਾਸਤਾਨ।
ਬਲਵੰਤ ਗਾਰਗੀ	ਲੋਹਾ ਕੁੱਟ, ਕੇਸਰੋ, ਕਣਕ ਦੀ ਬੱਲੀ, ਸੋਹਣੀ ਮਹੀਵਾਲ, ਸੁਲਤਾਨ ਰਜ਼ੀਆ, ਸੌਕਟ, ਮਿਰਜ਼ਾ ਸਾਹਿਬਾ ਅਤੇ ਧੂਣੀ ਦੀ ਅੱਗ, ਮਿਰਚਾ ਵਾਲਾ ਸਾਧ, ਪੱਤਣ ਦੀ ਬੇਤੀ,ਬੇਕੇ,ਰੰਗਮੰਚ ਅਤੇ ਕੁਆਰੀ ਟੀਸੀ ਅਤੇ ਦ ਨੇਕਡ ਟਰਾਈਐਂਗਲ
ਕਰਤਾਰ ਸਿੰਘ ਦੁੱਗਲ	ਤੰਗਰ, ਇੱਕ ਇੰਚ ਚਾਨਣ ਦੀ, ਨਵਾਂ ਘਰ, ਸੋਨਾਰ ਬੰਗਲਾ, ਤਰਕਾਲਾਂ ਵੇਲੇ, ਸਰਦਾਰ, ਪੂਨਮ ਦੀ ਰਾਤ, ਤੇਰੇ ਬਹਾਨੇ, ਮਿੱਟੀ ਮੁਸਲਮਾਨ ਕੀ, ਬੰਦ ਦਰਵਾਜ਼ੇ ਅਤੇ ਕਰਾਮਾਤ।
ਅੰਮ੍ਰਿਤਾ ਪ੍ਰੀਤਮ	ਪਿੰਜਰ, ਸਾਗਰ ਤੇ ਸਿੱਪੀਆਂ, ਰੰਗ ਦਾ ਪੱਤਾ, ਯਾਤਰੀ, ਦਿੱਲੀ ਦੀਆਂ ਗਲੀਆਂ, ਕੋਰੇ ਕਾਗਜ਼, ਰਸੀਦੀ ਟਿਕਟ, ਲੋਕ ਪੀੜਾ, ਸੁਨੇਹੇੜੇ, ਕਾਗਜ਼ ਤੇ ਕੈਨਵਸ, ਤਰੇਲ ਧੋਤे ਫੁੱਲ, ਜਿਉਂਦਾ ਜੀਵਨ, ਕਸਤੂਰੀ, ਅੱਜ ਆਖਾਂ ਵਾਰਿਸ ਸ਼ਾਹ ਨੂੰ, ਨਾਗਮਣੀ।
ਜਸਵੰਤ ਸਿੰਘ ਕੰਵਲ	ਲਹੂ ਦੀ ਲੋਅ, ਪੰਜਾਬ ਤੇਰਾ ਕੀ ਬਣੂ, ਮਿੱਤਰ ਪਿਆਰੇ ਨੂੰ।
ਦਲੀਪ ਕੌਰ ਟਿਵਾਣਾ	ਇਹੋ ਹਮਾਰਾ ਜੀਵਣਾ, ਟੁਅਪਕ ਪੈਰਾਂ ਦਾ ਸਫਰ।
ਸਿਵ ਕੁਮਾਰ ਬਟਾਲਵੀ	ਪੀੜਾਂ ਦਾ ਪਰਾਗਾ, ਲਾਜਵੰਤੀ, ਆਟੇ ਦੀਆਂ ਚਿੜੀਆਂ, ਮੈਨੂੰ ਵਿਦਾ ਕਰੋ, ਬਿਰਹਾ ਦਾ ਸੁਲਤਾਨ, ਦਰਦਮੰਦਾ, ਦਿਆਂ ਆਹੀ, ਲੂਣਾਂ, ਮੈਂ ਤੇ ਮੈਂ, ਆਰ.ਡੀ. ਅਲਵਿਦਾ।
ਸੁਰਜੀਤ ਪਾਤਰ	ਹਵਾ ਵਿੱਚ ਲਿਖੇ ਹਰਫ਼, ਹਨੇਰੇ ਵਿੱਚ ਸੁਲਗਦੀ ਵਰਨਮਾਲਾ, ਬਿਰਖ ਅਰਜ਼ ਕਰੇ, ਲਫ਼ਜ਼ਾਂ ਦੀ ਦਰਗਾਹ, ਪਤਝੱਡ ਦੀ ਪਾਜ਼ੇਬ, ਸਰਜ਼ਮੀਨ।
ਹਰਭਜਨ ਸਿੰਘ	ਰੁੱਖ ਤੇ ਰਿਸ਼ੀ
ਭਗਤ ਸਿੰਘ	ਮੈਂ ਨਾਸਤਿਕ ਕਿਉਂ ਹਾਂ

Scanned with CamScanner

ਅਖਬਾਰ ਅਤੇ ਉਹਨਾਂ ਦੇ ਮੁੱਖ ਸੰਪਾਦਕ

ਅਖਬਾਰ	ਮੁੱਖ ਸੰਪਾਦਕ
ਦੈਨਿਕ ਟ੍ਰਿਬਿਊਨ	ਰਾਜੇਸ਼ ਰਮਾਚੰਦਰਨ (14 ਮਈ 2018 ਨੂੰ ਅਹੁਦਾ ਸੰਭਾਲਿਆ)
ਪੰਜਾਬ ਕੇਸਰੀ	ਸਵਰਾਜ ਵੀਰ ਸਿੰਘ (31 ਅਗਸਤ 2018 ਨੂੰ ਅਹੁਦਾ ਸੰਭਾਲਿਆ)
ਅਜੀਤ	ਰਾਜ ਕੁਮਾਰ ਸਿੰਘ
ਪੰਜਾਬ ਟਾਈਮਜ਼	ਵਿਜੈ ਕੁਮਾਰ ਚੋਪੜਾ
ਦੈਨਿਕ ਭਾਸਕਰ	ਬਰਜਿੰਦਰ ਸਿੰਘ ਹਮਦਰਦ
ਦੈਨਿਕ ਜਾਗਰਣ	ਸੁਕੁਮਾਰ ਰੰਗਾਨਾਥਨ (ਸਿਤੰਬਰ 2017 ਵਿੱਚ ਅਹੁਦਾ ਸੰਭਾਲਿਆ)
ਦੈਨਿਕ ਟਾਇਮਜ਼	ਸੁਰੇਸ਼ ਨਮਬੱਥ (ਅਪ੍ਰੈਲ 2019 ਵਿੱਚ ਅਹੁਦਾ ਸੰਭਾਲਿਆ)

ਖੱਬ ਪੱਤਰ ਅਤੇ ਪ੍ਰਕਾਸ਼ਿਤ ਕਰਨ ਵਾਲੀਆਂ ਯੂਨੀਵਰਸਟੀਆਂ

ਖੱਬ ਪੱਤਰ	ਯੂਨੀਵਰਸਿਟੀ
ਪੰਜਾਬ ਕੇਸਰੀ	ਪੰਜਾਬੀ ਯੂਨੀਵਰਸਿਟੀ, ਪਟਿਆਲਾ
ਪੰਜਾਬ ਟਾਈਮਜ਼	ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ
ਅਜੀਤ	ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

Scanned with CamScanner

13.4 ਸਾਹਿਤਿਕ ਅਵਾਰਡ:

ਗਿਆਨ ਪੀਠ ਅਵਾਰਡ:

ਗਿਆਨ ਪੀਠ ਅਵਾਰਡ ਇੱਕ ਉੱਤਮ ਸਾਹਿਤਿਕ ਅਵਾਰਡ ਹੈ। ਇਹ ਅਵਾਰਡ 1961 ਈਸਵੀ ਵਿੱਚ ਸ਼ੁਰੂ ਕੀਤਾ ਗਿਆ ਅਤੇ ਸਭ ਤੋਂ ਪਹਿਲਾ ਅਵਾਰਡ 1965 ਈਸਵੀ ਵਿੱਚ ਇੱਕ ਮਲਿਆਲਮ ਲੇਖਕ ਜੀ. ਸੰਕਰ ਕੁਰੂਪ ਨੂੰ ਦਿੱਤਾ ਗਿਆ। ਕੋਈ ਵੀ ਭਾਰਤੀ ਨਾਗਰਿਕ ਜੋ ਭਾਰਤ ਦੀ ਕਿਸੇ ਵੀ ਰਾਜ ਭਾਸ਼ਾ ਵਿੱਚ ਲਿਖਦਾ ਹੋਵੇ, ਇਹ ਪੁਰਸਕਾਰ ਲੈਣ ਲਈ ਯੋਗ ਉਮੀਦਵਾਰ ਹੈ। ਇਹ ਅਵਾਰਡ ਭਾਰਤੀ ਗਿਆਨਪੀਠ ਸੰਸਥਾਨ (ਟਰੱਸਟ) ਦੁਆਰਾ ਦਿੱਤਾ ਜਾਂਦਾ ਹੈ, ਜਿਸ ਦੀ ਸਥਾਪਨਾ ਸਾਹੂ ਜੈਨ ਪਰਿਵਾਰ ਜੋ ਕਿ ਟਾਈਮਜ਼ ਆਫ਼ ਇੰਡੀਆ ਦੇ ਪ੍ਰਕਾਸ਼ਕ ਹਨ ਨੇ ਕੀਤੀ।

ਇਸ ਅਵਾਰਡ ਦਾ ਨਾਮ ਸੰਸਕ੍ਰਿਤ ਦੇ ਸ਼ਬਦਾਂ, ਗਿਆਨ ਅਤੇ ਪੀਠ ਤੋਂ ਪਿਆ ਅਰਥਾਤ 'ਗਿਆਨ ਦੀ ਗੱਦੀ'। ਇਸ ਸਨਮਾਨ ਵਿੱਚ 11 ਲੱਖ ਰੁਪਏ ਦਾ ਚੈੱਕ, ਮਾਣ-ਪੱਤਰ ਤੰਖਤੀ ਅਤੇ ਸਰਸਵਤੀ ਮਾਤਾ ਦੀ ਪਿੱਤਲ ਦੀ ਮੂਰਤੀ ਸ਼ਾਮਿਲ ਹਨ। ਸਰਸਵਤੀ ਮਾਤਾ ਨੂੰ ਭਾਰਤੀ ਇਤਿਹਾਸ ਵਿੱਚ ਗਿਆਨ, ਸੰਗੀਤ ਅਤੇ ਕਲਾ ਦੀ ਦੇਵੀ ਮੰਨੀ ਜਾਂਦੀ ਹੈ।

ਹੁਣ ਤੱਕ ਪੰਜਾਬੀ ਭਾਸ਼ਾ ਵਿੱਚ ਗਿਆਨਪੀਠ ਪੁਰਸਕਾਰ ਦੋ ਸਖਸੀਅਤਾਂ ਨੂੰ ਮਿਲਿਆ ਹੈ: 1981 ਵਿੱਚ ਅਮ੍ਰਿਤਾ ਪ੍ਰੀਤਮ ਨੂੰ ਅਤੇ 1999 ਵਿੱਚ ਗੁਰਦਿਆਲ ਸਿੰਘ ਨੂੰ

1982 ਈ: ਤੋਂ ਪਹਿਲਾਂ ਇਹ ਅਵਾਰਡ, ਲੇਖਕ ਨੂੰ ਕਿਸੇ ਇੱਕ ਰਚਨਾ ਲਈ ਪ੍ਰਦਾਨ ਕੀਤਾ ਜਾਂਦਾ ਸੀ। ਪਰ ਮਗਰੋਂ ਇਹ ਭਾਰਤੀ ਸਾਹਿਤ ਵਿੱਚ ਜੀਵਨ ਭਰ ਦੀਆਂ ਪ੍ਰਾਪਤੀਆਂ ਹੇਤੂ ਦਿੱਤਾ ਜਾਣ ਲੱਗਾ।

ਸਾਹਿਤ ਅਕਾਦਮੀ ਅਵਾਰਡ :

1955 ਈ: ਤੋਂ ਇਹ ਅਵਾਰਡ ਸਾਹਿਤ ਅਕਾਦਮੀ ਵੱਲੋਂ ਪ੍ਰਵਾਨਿਤ ਮੁੱਖ ਭਾਰਤੀ ਭਾਸ਼ਾਵਾਂ ਵਿੱਚ ਛਪੀਆਂ ਸਰਵ ਉੱਤਮ ਕਿਤਾਬਾਂ ਲਈ ਹਰ ਸਾਲ ਦਿੱਤਾ ਜਾਂਦਾ ਹੈ। ਸਾਹਿਤ ਅਕਾਦਮੀ ਭਾਰਤ ਦੀ ਸਾਹਿਤ ਨਾਲ ਜੁੜੀ ਰਾਸ਼ਟਰੀ ਸੰਸਥਾ ਹੈ। ਗਿਆਨਪੀਠ ਅਵਾਰਡ ਮਗਰੋਂ ਇਹ ਦੂਜਾ ਸਭ ਤੋਂ ਉੱਤਮ ਖਿਤਾਬ ਹੈ। ਇਸ ਅਵਾਰਡ ਵਿੱਚ ਤਖ਼ਤੀ ਅਤੇ 1 ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ। ਸਭ ਤੋਂ ਪਹਿਲਾਂ ਇਹ ਅਵਾਰਡ 1955 ਈ: ਵਿੱਚ ਪੰਜਾਬੀ ਭਾਸ਼ਾ ਲਈ ਭਾਈ ਵੀਰ ਸਿੰਘ ਨੂੰ ਉਹਨਾਂ ਦੀ ਰਚਨਾ 'ਮੇਰੇ ਸਾਈਆਂ ਜੀਓ' ਲਈ ਦਿੱਤਾ ਗਿਆ।

ਸਾਰਣੀ 13.4 **ਪੰਜਾਬੀ ਭਾਸ਼ਾ ਵਿੱਚ ਸਾਹਿਤ ਅਕਾਦਮੀ ਪੁਰਸਕਾਰ ਜੇਤੂ (1955 ਤੋਂ 2018)**

ਸਾਲ	ਕਿਤਾਬ	ਲੇਖਕ
2018	ਕੋਨੇ ਦਾ ਸੂਰਜ	ਡਾ. ਮੋਹਨਜੀਤ
2017	ਸਲੋ ਡਾਊਨ (ਨਾਵਲ)	ਨੱਛਤਰ
2016	ਮੱਸਿਆ ਦੀ ਰਾਤ	ਡਾ. ਸਵਰਾਜਬੀਰ ਸਿੰਘ
2015	ਮਾਤ ਲੋਕ (ਨਾਵਲ)	ਜਸਵਿੰਦਰ ਸਿੰਘ
2014	ਅਗਰਬੱਤੀ (ਕਵਿਤਾ)	ਜਸਵਿੰਦਰ
2013	ਨਿਰਵਾਣ (ਨਾਵਲ)	ਮਨਮੋਹਨ
2012	ਮਹਾਂਕੋਸ਼ਣੀ (ਕਵਿਤਾ)	ਦਰਸ਼ਨ ਬੁੱਟਰ

Scanned with CamScanner

2011	ਖਾਰਵਾਂ ਛਿਲੀ ਦੇ ਪਿੰਜਰ (ਨਾਵਲ)	ਜਸਵੰਤ ਸਿੰਘ
2010	ਖਾਲ ਪਹਿਨ ਦੇ ਘਰੀਆਂ (ਕਵਿਤਾ)	ਡਾ. ਬੁਲੰਦਰ
2009	ਜਰੀ ਬਰੀ ਦਾ ਸੱਚ (ਨਾਵਲ)	ਸਾਹਿਤਕੀਰ
2008	ਸੁਪਾਰ ਘਰ (ਨਾਵਲ)	ਗਿਰਜਾ ਸਿਮਰੀਕ
2007	ਕਮੰਡਲ (ਕਵਿਤਾ)	ਸਾਰਥੀ ਸਿੰਘ
2006	ਸੀਸਾਰ ਸਾਰ ਨਿਰਾਨ ਦਾ ਹੰਜ ਨਹੀਂ	ਸਰਦਾਰ ਸਿੰਘ ਸਰਸ
2005	ਅਗਲੀ ਕਲਾਸ (ਮਿੰਨੀ ਕਹਾਣੀ)	ਗੁਰਬਚਨ ਸਿੰਘ ਭੁਲਰ
2004	ਕਵਿਤਾ ਦੀ ਭੂਮਿਕਾ (ਆਲਚਨਾ)	ਸਤਿੰਦਰ ਸਿੰਘ ਨੂਰ
2003	ਬਗਜ ਸਿੰਘ ਸਹੀਦ ਨਾਟਕ ਟਿਕਟੀ (ਨਾਟਕ)	ਚਰਨ ਦਾਸ ਸਿੱਧੂ
2002	ਪੂਲਾਂ ਤੋਂ ਪਾਰ (ਕਵਿਤਾ)	ਹਰਭਜਨ ਸਿੰਘ ਹਲਵਾਰਵੀ
2001	ਸਮਝੌਤਾ (ਕਵਿਤਾ)	ਓਦ
2000	ਚੌਥੀ ਕੂਟ (ਮਿੰਨੀ ਕਹਾਣੀ)	ਵਰਿਆਮ ਸਿੰਘ ਸੰਧੂ
1999	ਗਵਾਚੀ ਅਰਥ (ਨਾਵਲ)	ਨਰਿੰਜਨ ਸਿੰਘ ਚਹਿਲ
1998	ਖੂਨ ਦੀ ਅੱਖ (ਕਹਾਣੀ)	ਮੋਹਨ ਭੰਡਾਰੀ
1997	ਕੋਠਾਲੀ ਦੀ ਹੌਂਦ (ਨਾਵਲ)	ਜਸਵੰਤ ਸਿੰਘ ਕੰਵਲ
1996	ਪੱਖੀ (ਕਹਾਣੀ)	ਸੰਤੋਖ ਸਿੰਘ ਧੀਰ
1995	ਸੁਗਨੂੰ, ਦੀਵਾ ਅਤੇ ਦਰਿਆ (ਕਵਿਤਾ)	ਜਗਤਾਰ
1994	ਨਵੇਂ ਯੁਗ ਦੇ ਵਾਰਿਸ (ਕਹਾਣੀ)	ਮਹਿੰਦਰ ਸਿੰਘ ਸਰਨਾ
1993	ਹਨੇਰੇ ਵਿਚ ਸੁਲਗਦੀ ਵਰਨਮਾਲਾ (ਕਵਿਤਾ)	ਸੁਰਜੀਤ ਪਾਤਰ
1992	ਕੁਝ ਅਣਕਹੇ ਵੀ (ਕਹਾਣੀ)	ਪ੍ਰੇਮ ਪ੍ਰਕਾਸ਼
1991	ਝਨਾਂ ਦੀ ਰਾਤ (ਕਵਿਤਾ)	ਹਰਿੰਦਰ ਸਿੰਘ ਮਹਿਬੂਬ
1990	ਊਣੀਂਦਾ ਵਰਤਮਾਨ (ਕਵਿਤਾ)	ਮਨਜੀਤ ਟਿਵਾਣਾ
1989	ਕਹਿਕਸ਼ਾ (ਕਵਿਤਾ)	ਤਾਰਾ ਸਿੰਘ ਕਾਮਿਲ
1988	ਗਿਲੀਏ ਚਿੱਕੜ ਦੂਰ ਘਰ (ਸਵੈਜੀਵਨੀ)	ਸ.ਸ. ਵਣਜਾਰਾ ਬੇਦੀ
1987	ਕੋਠੇ ਖੜਕ ਸਿੰਘ (ਨਾਵਲ)	ਰਾਮ ਸਰੂਪ ਅਣਖੀ
1986	ਸ਼ਹਿਰ ਤੇ ਗਰਾਂ (ਕਹਾਣੀ)	ਸ. ਸੁਜਾਨ ਸਿੰਘ
1985	ਖਾਨਾ ਬਦੋਸ਼ (ਸਵੈਜੀਵਨੀ)	ਅਜੀਤ ਕੌਰ
1984	ਪਾਗਲ ਲੋਕ (ਨਾਟਕ)	ਕਪੂਰ ਸਿੰਘ ਘੁੰਮਣ
1983	ਅਨਿਕ ਬਿਸਤਾਰ (ਕਵਿਤਾ)	ਪ੍ਰੀਤਮ ਸਿੰਘ ਸਫ਼ੀਰ
1982	ਅਮਰਕਥਾ (ਕਹਾਣੀ)	ਗੁਲਜ਼ਾਰ ਸਿੰਘ ਸੰਧੂ
1981	ਗੈਰਾਜ ਤੋਂ ਫੁੱਟਪਾਥ ਤੱਕ (ਕਵਿਤਾ)	ਵੀ. ਐਨ. ਤਿਵਾੜੀ
1980	ਸੂਰਜ ਤੇ ਕਹਿਕਸ਼ਾਂ (ਕਵਿਤਾ)	ਸੁਖਪਾਲ ਵੀਰ ਸਿੰਘ ਹਸਰਤ

1979	ਕਣਕ ਦੀ ਫੁਨ ਤੇ ਮਕਰੋੜ (ਕਵਿਤਾ)	ਜਸਵੰਤ ਸਿੰਘ ਨੇਕੀ
1978	ਪਿਰਕਾਰ ਪਰਬ (ਕਹਾਣੀ)	ਗੁਰਮੁੱਖ ਸਿੰਘ ਮੁਸਾਫ਼ਿਰ
1977	ਕੌਲ ਦੇ ਕਸਤੂਰ (ਕਵਿਤਾ)	ਸੋਹਨ ਸਿੰਘ ਮੀਸ਼ਾ
1976	ਬਾ-ਮੁਲਾਹਜਾ ਕੁਸ਼ਿਆਰ (ਨਾਵਲ)	ਨਰਿੰਦਰਪਾਲ ਸਿੰਘ
1975	ਅੱਧ-ਲਾਨਣੀ ਰਾਤ (ਨਾਵਲ)	ਗੁਰਦਿਆਲ ਸਿੰਘ
1974	ਯੁੱਗ ਬਦਲ ਗਿਆ (ਨਾਵਲ)	ਸੋਹਣ ਸਿੰਘ ਸੀਤਲ
1973	ਕੱਲ੍ਹ, ਅੱਜ ਤੇ ਭਲਕ (ਨਾਟਕ)	ਹਰਚਰਨ ਸਿੰਘ
1972	ਮਿੱਤਰ ਪਿਆਰਾ (ਨਾਟਕ)	ਸੰਤ ਸਿੰਘ ਸੇਖੋਂ
1971	ਏਨੇ ਹਮਾਰਾ ਜੀਵਣਾ (ਨਾਵਲ)	ਦਲੀਪ ਕੌਰ ਟਿਵਾਣਾ
1969	ਨਾ ਧੁੱਪ ਨਾ ਛਾਂਵੇਂ (ਕਵਿਤਾ)	ਹਰਭਜਨ ਸਿੰਘ
1968	ਨਵੀਨ ਰਸ (ਕਹਾਣੀ)	ਕੁਲਵੰਤ ਸਿੰਘ ਵਿਰਕ
1967	ਲੂਣਾ (ਕਾਵਿ-ਨਾਟਕ)	ਸ਼ਿਵ ਕੁਮਾਰ
1965	ਇਕ ਇੱਟ ਚਾਨਣ ਦੀ (ਕਹਾਣੀ)	ਕਰਤਾਰ ਸਿੰਘ ਦੁੱਗਲ
1964	ਪਕੀ (ਕਵਿਤਾ)	ਪ੍ਰਭਜੋਤ ਕੌਰ
1962	ਰੰਗਮੰਚ	ਬਲਵੰਤ ਗਾਰਗੀ
1961	ਇੱਕ ਮਿਆਨ ਦੇ ਤਲਵਾਰਾਂ (ਨਾਵਲ)	ਨਾਨਕ ਸਿੰਘ
1959	ਵੱਜਾ ਵੇਲਾ (ਕਵਿਤਾ)	ਮੋਹਨ ਸਿੰਘ
1956	ਸੁਨੇਹੜੇ (ਕਵਿਤਾ)	ਅੰਮ੍ਰਿਤਾ ਪ੍ਰੀਤਮ
1955	ਮੇਰੇ ਸਾਈਆਂ ਜੀਓ (ਕਵਿਤਾ)	ਭਾਈ ਵੀਰ ਸਿੰਘ

ਸਰਸਵਤੀ ਸਨਮਾਨ:

ਇਹ ਸਲਾਨਾ ਪੁਰਸਕਾਰ ਭਾਰਤ ਦੀ ਕਿਸੇ ਵੀ ਭਾਸ਼ਾ (ਜੋ ਸੰਵਿਧਾਨ ਦੀ ਅਨੁਸੂਚੀ VIII ਵਿੱਚ ਸੂਚੀਗਤ ਹੋਵੇ), ਵਿੱਚ ਉੱਤਮ ਕਵਿਤਾ ਜਾਂ ਰਾਚਨਾ ਲਈ ਦਿੱਤਾ ਜਾਂਦਾ ਹੈ। ਇਸ ਦਾ ਨਾਮ ਭਾਰਤੀ ਗਿਆਨ ਦੀ ਦੇਵੀ ਸਰਸਵਤੀ ਦੇ ਨਾਮ ਤੇ ਰੱਖਿਆ ਗਿਆ ਅਤੇ ਸਾਹਿਤਿਕ ਅਵਾਰਡਾਂ ਵਿੱਚ ਇਸ ਨੂੰ ਸਰਵ ਉੱਤਮ ਪੁਰਸਕਾਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਸ ਅਵਾਰਡ ਵਿੱਚ ਦਸ ਲੱਖ ਦੀ ਰਾਸ਼ੀ, ਇੱਕ ਮਾਣ-ਪੱਤਰ ਅਤੇ ਤਖ਼ਤੀ ਸ਼ਾਮਿਲ ਹਨ। ਇਹ ਅਵਾਰਡ 1991 ਈਸਵੀ ਵਿੱਚ ਕੇ.ਕੇ. ਬਿਰਲਾ ਸੰਸਥਾ ਵੱਲੋਂ ਸ਼ੁਰੂ ਕੀਤਾ ਗਿਆ। ਪਿਛਲੇ ਦਸ ਸਾਲਾਂ ਦੌਰਾਨ ਸਾਹਿਤ ਪ੍ਰਕਾਸ਼ਿਤ ਕਰਨ ਵਾਲੇ ਲੇਖਕਾਂ ਵਿੱਚੋਂ ਇੱਕ ਕਮੇਟੀ ਰਾਹੀਂ ਯੋਗ ਉਮੀਦਵਾਰਾਂ ਦੀ ਚੋਣ ਕੀਤੀ ਜਾਂਦੀ ਹੈ। ਇਸ ਕਮੇਟੀ ਵਿੱਚ ਪਿਛਲੇ ਸਾਲਾਂ ਦੇ ਅਵਾਰਡ ਜੇਤੂਆਂ ਦੇ ਨਾਲ-ਨਾਲ ਵਿਦਵਾਨ ਵੀ ਸ਼ਾਮਿਲ ਹੁੰਦੇ ਹਨ। ਹੁਣ ਤੱਕ ਤਿੰਨ ਪੰਜਾਬੀ ਲੇਖਕਾਂ ਨੂੰ ਇਹ ਸਨਮਾਨ ਪ੍ਰਦਾਨ ਕੀਤਾ ਗਿਆ ਹੈ ਉਹ ਹਨ:

1. **ਹਰਭਜਨ ਸਿੰਘ** (1994) *'ਰੁੱਖ ਤੇ ਰਿਸ਼ੀ'* ਲਈ।
2. **ਦਲੀਪ ਕੌਰ ਟਿਵਾਣਾ** (2001) *'ਕਥਾ ਕਹੋ ਉਰਵਸੀ'* ਲਈ।
3. **ਸੁਰਜੀਤ ਪਾਤਰ** (2009) *'ਲਫ਼ਜ਼ਾਂ ਦੀ ਦਰਗਾਹ'* ਲਈ।

Scanned with CamScanner

12.5 ਪੰਜਾਬ ਦੇ ਮੇਲੇ ਅਤੇ ਤਿਉਹਾਰ:

ਮੇਲੇ:

ਮੁਕਤਸਰ ਮੇਲਾ (ਜਨਵਰੀ):

ਇਹ ਸਿੱਖਾਂ ਦੇ ਸਭ ਤੋਂ ਵੱਡੇ ਮੇਲਿਆਂ ਵਿੱਚੋਂ ਇੱਕ ਹੈ ਅਤੇ ਜਨਵਰੀ ਦੇ ਅੱਧ ਵਿੱਚ ਮੱਕਰ ਸਕਰਾਂਤੀ (ਮਾਘੀ) ਵਾਲੇ ਦਿਨ ਲੱਗਦਾ ਹੈ। ਇਹ ਮੇਲਾ ਉਹਨਾਂ ਚਾਲੀ ਮੁਕਤਿਆਂ ਦੀ ਯਾਦ ਵਿੱਚ ਭਰਦਾ ਹੈ, ਜਿੰਨ੍ਹਾਂ ਨੇ 29 ਦਸੰਬਰ 1705 (ਪੋਹ ਦਾ ਆਖੀਰੀ ਦਿਨ) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਫੜਨ ਖਾਤਰ ਆਈ ਮੁਗਲਾ ਸੇਨਾ ਤੇ ਕੀਤੇ ਹਮਲੇ ਦੌਰਾਨ ਆਪਣੀਆਂ ਜਾਨਾਂ ਵਾਰ ਦਿੱਤੀਆਂ ਸਨ। ਪਹਿਲੀ ਮਾਘ ਨੂੰ ਉਹਨਾਂ ਦੀ ਦੇਹ ਦਾ ਅੰਤਿਮ ਸੰਸਕਾਰ ਕੀਤਾ ਗਿਆ ਸੀ। ਇਸੇ ਕਾਰਨ ਇਸ ਮੇਲੇ ਨੂੰ ਮਾਘੀ ਦਾ ਮੇਲਾ ਕਿਹਾ ਜਾਂਦਾ ਹੈ। ਹੁਣ ਇਹ ਮੇਲਾ 13 ਜਨਵਰੀ ਨੂੰ ਮਨਾਇਆ ਜਾਂਦਾ ਹੈ।

ਇਹ ਮੇਲਾ ਤਿੰਨ ਦਿਨ ਤੱਕ ਚੱਲਦਾ ਹੈ। ਪਹਿਲੇ ਦਿਨ ਸ਼ਰਧਾਲੂ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ। ਦੂਜੇ ਦਿਨ, ਤਿੰਨ ਪਵਿੱਤਰ ਸਥਾਨਾਂ, ਜੋ ਕਿ ਸ਼ਹਿਰ ਦੀ ਉੱਤਰ ਪੱਛਮ ਦਿਸ਼ਾ ਵਿੱਚ ਹਨ - ਰਕਾਬਗੰਜ, ਟਿੱਬੀ ਸਾਹਿਬ ਅਤੇ ਮੁੱਖ ਵੰਜਨ ਸਾਹਿਬ ਵੱਲ ਨੂੰ ਨਗਰ ਕੀਰਤਨ ਰਵਨਾ ਹੁੰਦੇ ਹਨ। ਗੁਰਦੁਆਰਾ ਰਕਾਬਗੰਜ ਗੁਰੂ ਸਾਹਿਬ ਦਾ ਸ਼ਹੀਦੀ ਸਥਾਨ ਹੈ। ਟਿੱਬੀ ਸਾਹਿਬ ਉਹੀ ਸਥਾਨ ਹੈ ਜਿੱਥੇ ਖੜ੍ਹੇ ਹੋ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲ ਫੌਜਾਂ 'ਤੇ ਤੀਰਾਂ ਦੀ ਵਰਖਾ ਕੀਤੀ ਸੀ। ਮੁੱਖ ਵੰਜਨ ਸਾਹਿਬ ਵਿਖੇ ਗੁਰੂ ਸਾਹਿਬ ਦਾਤਣ ਕਰਿਆ ਕਰਦੇ ਸਨ।

ਇਹਨਾਂ ਸਥਾਨਾਂ 'ਤੇ ਅਰਦਾਸ ਮਗਰੋਂ ਸ਼ਰਧਾਲੂ ਤੰਬੂ ਸਾਹਿਬ ਵਿਖੇ ਆਉਂਦੇ ਹਨ (ਇਸੇ ਸਥਾਨ 'ਤੇ ਲੜਾਈ ਸ਼ੁਰੂ ਹੋਣ ਤੋਂ ਪਹਿਲਾਂ ਤੰਬੂ ਲਗਾਇਆ ਗਿਆ ਸੀ)। ਫਿਰ ਸ਼ਰਧਾਲੂ ਸ਼ਹੀਦ ਗੰਜ (ਜਿੱਥੇ ਚਾਲੀ ਮੁਕਤਿਆਂ ਦੀ ਸਮਾਧੀ ਹੈ) ਅਤੇ ਦਰਬਾਰ ਸਾਹਿਬ (ਜਿਥੇ ਗੁਰੂ ਸਾਹਿਬ ਨੇ ਮੁਕਤਿਆਂ ਦੀਆਂ ਅੰਤਿਮ ਰਸਮਾਂ ਮਗਰੋਂ ਦਰਬਾਰ ਸਜਾਇਆ ਸੀ) ਵਿਖੇ ਨਤਮਸਤਕ ਹੁੰਦੇ ਹਨ।

ਕਿਲਾ ਰਾਏਪੁਰ ਖੇਡ ਮੇਲਾ (ਫਰਵਰੀ):

ਆਮ ਤੌਰ ਤੇ ਇਸ ਨੂੰ ਪੇਂਡੂ ਉਲੰਪਿਕ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਮੇਲਾ ਹਰ ਸਾਲ ਫਰਵਰੀ ਵਿੱਚ ਲੁਧਿਆਣਾ ਤੋਂ 6 ਕਿਲੋਮੀਟਰ ਦੂਰ ਕਿਲ੍ਹਾ ਰਾਏਪੁਰ ਵਿਖੇ ਲੱਗਦਾ ਹੈ। ਇਹ ਖੇਡ ਮੇਲਾ ਪੰਜਾਬੀਆਂ ਦੇ ਜੋਸ਼ ਅਤੇ ਤਾਕਤ ਦਾ ਪ੍ਰਗਟਾਵਾ ਕਰਦਾ ਹੈ। ਪੇਂਡੂ ਖੇਡਾਂ ਜਿਵੇਂ: ਬਲਦਾਂ ਦੀਆਂ ਦੌੜਾਂ ਅਤੇ ਹੋਰ ਜਾਨਵਰਾਂ ਦੀਆਂ ਦੌੜਾਂ ਪੰਜਾਬੀਆਂ ਦੇ ਖ਼ਤਰੇ ਦਾ ਸਾਹਮਣਾ ਕਰਨ ਦੀ ਤਾਕਤ ਨੂੰ ਦਰਸਾਉਂਦੇ ਹਨ। ਕੁਸ਼ਤੀਆਂ,ਕੁੱਕੜਾਂ ਦੀ ਲੜਾਈ, ਕਬੱਡੀ, ਛਾਲਾਂ ਅਤੇ ਦੌੜਾਂ ਇਸ ਮੇਲੇ ਦਾ ਮੁੱਖ ਆਕਰਸ਼ਣ ਹਨ। ਮੇਲੇ ਦਾ ਅੰਤ ਜੋਸ਼ੀਲੇ ਗਿੱਧੇ ਅਤੇ ਭੰਗੜੇ ਨਾਚ ਨਾਲ ਹੁੰਦਾ ਹੈ।

ਜਰਗ ਦਾ ਮੇਲਾ (ਮਾਰਚ-ਅਪ੍ਰੈਲ):

ਇਹ ਮੇਲਾ ਤਹਿਸੀਲ ਪਾਇਲ ਦੇ ਪਿੰਡ ਜਰਗ ਵਿੱਚ ਲੱਗਦਾ ਹੈ। ਇਹ ਮੇਲਾ ਚੇਤਰ (ਮਾਰਚ-ਅਪ੍ਰੈਲ) ਵਿੱਚ ਸੀਤਲ ਮਾਤਾ ਦੇ ਸਨਮਾਨ ਵਿੱਚ ਲੱਗਦਾ ਹੈ। ਇਸ ਨੂੰ ਬੀਬੜਿਆਂ ਦਾ ਮੇਲਾ ਵੀ ਆਖਦੇ ਹਨ। ਇੱਕ ਦਿਨ ਪਹਿਲਾਂ ਮਿੱਠੇ ਗੁਲਗੁਲੇ ਬਣਾਏ ਜਾਂਦੇ ਹਨ ਅਤੇ ਫਿਰ ਮਾਤਾ ਨੂੰ ਮੱਥਾ ਟੇਕਿਆ ਜਾਂਦਾ ਹੈ। ਮਗਰੋਂ ਇਹ ਪ੍ਰਸ਼ਾਦ ਗਧੇ ਨੂੰ ਚੜ੍ਹਾਇਆ ਜਾਂਦਾ ਹੈ, ਕਿਉਂਕਿ ਇਹ ਕਿਹਾ ਜਾਂਦਾ ਹੈ ਕਿ ਇਹ ਜੀਵ ਮਾਤਾ ਦਾ ਪਿਆਰਾ ਸੀ। ਮਾਤਾ ਨੂੰ ਪੂਜਣ ਮਗਰੋਂ ਬਾਕੀ ਪਰਿਵਾਰ ਵੀ ਪ੍ਰਸ਼ਾਦ ਲੈਂਦਾ ਹੈ। ਇਹ ਤਿਉਹਾਰ ਮਾਲਵਾ ਅਤੇ ਪੁਆਧੀ ਇਲਾਕਿਆਂ ਵਿੱਚ ਵੀ ਮਨਾਇਆ ਜਾਂਦਾ ਹੈ, ਪਰ ਮੇਲਾ ਕੇਵਲ ਜਰਗ ਵਿੱਚ ਹੀ ਲੱਗਦਾ ਹੈ। ਇੱਥੇ ਇੱਕ ਤਲਾਬ ਨੇੜੇ ਮਾਤਾ ਦੇ ਭਗਤ ਇਕੱਠੇ ਹੁੰਦੇ ਹਨ ਅਤੇ ਉਹ ਇੱਥੋਂ ਮਿੱਟੀ ਕੱਢ ਕੇ ਇੱਕ ਟਿੱਬਾ ਬਣਾਉਂਦੇ ਹਨ। ਜਿਸ ਨੂੰ ਮਾਤਾ ਦੇ ਮੰਦਿਰ ਦੇ ਬਰਾਬਰ ਮੰਨਿਆ ਜਾਂਦਾ ਹੈ। ਘੁਮਿਆਰ ਇਸ ਦਿਨ, ਵਿਸ਼ੇਸ਼ ਤੌਰ ਤੇ ਆਪਣੇ ਗਧਿਆਂ

Scanned with CamScanner

ਨੂੰ ਰੰਗ ਬਿਰੰਗੇ ਕੰਬਲਾਂ ਵਿੱਚ ਸਜਾ ਕੇ ਇੱਥੇ ਲਿਆਉਂਦੇ ਹਨ।

ਰੋਜ਼ਾ ਸਰੀਫ਼ 'ਉਰਸ' (ਮਈ):

ਉਰਸ ਦਾ ਮੇਲਾ ਇੱਕ ਮਹਾਨ ਸੂਫ਼ੀ ਸੰਤ ਸੇਖ਼ ਅਹਿਮਦ ਫਾਰੂਕੀ ਸਰਹਿੰਦੀ ਦੀ ਯਾਦ ਵਿੱਚ ਹਰ ਸਾਲ 31 ਮਈ ਨੂੰ ਲੱਗਦਾ ਹੈ। ਸੇਖ਼ ਅਹਿਮਦ ਖ਼ਵਾਜ਼ਾ ਬਾਕੀ ਬਿਲਾਹ ਦੇ ਸਾਰੇ ਚੇਲਿਆਂ ਵਿਚੋਂ ਮੁੱਖ ਸਨ।

ਉਹ ਸ਼ੇਖ ਅਬਦੁੱਲ ਅਹਿਮਦ ਫਾਰੂਕੀ ਨਕਸ਼ਬੰਦੀ ਦੇ ਸੱਤ ਪੁੱਤਰਾਂ ਵਿੱਚੋਂ ਚੌਥੀ ਔਲਾਦ ਸਨ। ਉਨ੍ਹਾਂ ਦਾ ਜਨਮ ਸਰਹਿੰਦ ਵਿੱਚ ਹੀ ਹੋਇਆ ਸੀ। ਰੋਜ਼ਾ ਸ਼ਰੀਫ਼ ਵਿਖੇ (ਜੋ ਕਿ ਫਤਿਹਗੜ੍ਹ ਸਾਹਿਬ ਬੱਸੀ ਪਠਾਣਾਂ ਸੜਕ 'ਤੇ ਗੁਰਦੁਆਰਾ ਫਤਿਹਗੜ੍ਹ ਸਾਹਿਬ ਨੇੜੇ ਹੈ), ਹਰ ਧਰਮ ਦੇ ਸ਼ਰਧਾਲੂ ਆਪਣੀ ਸ਼ਰਧਾ ਦੇ ਫੁੱਲ ਅਰਪਣ ਕਰਦੇ ਹਨ।

ਬਾਬਾ ਸੋਢਲ ਦਾ ਮੇਲਾ (ਅਗਸਤ / ਸਤਬੰਰ):

ਇਹ ਮੇਲਾ ਭਾਦੋਂ (ਮੱਧ ਅਗਸਤ - ਮੱਧ ਸਤੰਬਰ) ਵਿੱਚ ਲੱਗਦਾ ਹੈ। ਇਸ ਮੇਲੇ ਵਿੱਚ ਪੰਜਾਬ, ਦਿੱਲੀ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਤੋਂ ਵੱਖ-ਵੱਖ ਧਰਮਾਂ ਦੇ ਲੋਕ ਦਰਸ਼ਨਾਂ ਲਈ ਆਉਂਦੇ ਹਨ। ਬਾਬਾ ਸੋਢਲ ਦਾ ਜਨਮ ਜਲੰਧਰ ਵਿੱਚ ਹੋਇਆ ਅਤੇ ਇਹ ਮੇਲਾ ਉਹਨਾਂ ਦੀ ਮੁਕਤੀ ਦੇ ਦਿਨ ਲੱਗਦਾ ਹੈ। ਇੱਕ ਕਥਾ ਅਨੁਸਾਰ ਬਾਬਾ ਸੋਢਲ ਦੀ ਮਾਤਾ ਇੱਕ ਤਲਾਬ 'ਤੇ ਕੱਪੜੇ ਧੋਣ ਜਾਇਆ ਕਰਦੀ ਸੀ, ਜਿਸ ਵਿੱਚ ਡੁੱਬਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ ਸੀ। ਅਜਿਹਾ ਮੰਨਿਆ ਜਾਂਦਾ ਹੈ ਕਿ ਬਾਬਾ ਜੀ ਕੋਲ ਅਦੁੱਤੀ ਤਾਕਤ ਸੀ। ਲੋਕ ਉਹਨਾਂ ਦੀ ਬਰਸੀ ਪੂਰੀ ਸ਼ਰਧਾ ਨਾਲ ਮਨਾਉਂਦੇ ਹਨ।

ਉਹਨਾਂ ਨੂੰ ਬਾਲ ਗੁਰੂ ਦੇ ਰੂਪ ਵਿੱਚ ਵੀ ਪੂਜਿਆਂ ਜਾਂਦਾ ਹੈ। ਮੇਲਾ ਸਵੇਰੇ ਹੀ ਸ਼ੁਰੂ ਹੋ ਜਾਂਦਾ ਹੈ ਅਤੇ ਵੱਡੀ ਗਿਣਤੀ ਵਿੱਚ ਔਰਤਾਂ ਇਹਨਾਂ ਦੀ ਸਮਾਧੀ 'ਤੇ ਮੱਥਾ ਟੇਕਣ ਆਉਂਦੀਆਂ ਹਨ। ਲੋਕ ਸਰੋਵਰ ਵਿੱਚ ਵੀ ਇਸ਼ਨਾਨ ਕਰਦੇ ਹਨ ਜਿਸ ਨੂੰ ਬਾਬਾ ਸੋਢਲ ਦਾ ਸਰੋਵਰ ਵੀ ਕਿਹਾ ਜਾਂਦਾ ਹੈ।

ਛਪਾਰ ਦਾ ਮੇਲਾ (ਅਗਸਤ ਸਤੰਬਰ):

ਇਹ ਤਿੰਨ ਰੋਜ਼ਾ ਮੇਲਾ ਗੁੱਗਾ ਪੀਰ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ ਉਹ ਚੌਹਾਨ ਰਾਜਪੂਤ ਸਨ। ਜੋ ਆਪਣੇ ਘੋੜੇ ਸਮੇਤ ਧਰਤੀ ਵਿੱਚ ਸਮਾ ਗਏ ਸਨ।

ਇੱਕ ਕਥਾ ਅਨੁਸਾਰ ਅਜਿਹਾ ਕਿਹਾ ਜਾਂਦਾ ਹੈ ਕਿ ਉਹਨਾਂ ਕੋਲ ਸੱਪਾਂ ਨੂੰ ਵੱਸ ਕਰਨ ਦੀ ਤਾਕਤ ਸੀ। ਇਹ ਮੇਲਾ ਗੁੱਗੇ ਦੀ ਮਾੜੀ ਵਿਖੇ ਮਨਾਇਆ ਜਾਂਦਾ ਹੈ ਜੋ ਕਿ ਇੱਕ ਵੱਡਾ ਪਵਿੱਤਰ ਸਥਲ ਹੈ। ਇੱਥੇ ਸੱਪ ਦੇ ਕੱਟੇ ਦਾ ਇਲਾਜ ਵੀ ਹੁੰਦਾ ਹੈ। ਗੁੱਗੇ ਪੀਰ ਨੂੰ ਸੱਪਾਂ ਤੋਂ ਰਾਖੀ ਕਰਨ ਦੀ ਪ੍ਰਾਰਥਨਾ ਹਿੱਤ ਧਰਤੀ ਤੋਂ ਸੱਤ ਵਾਰ ਮਿੱਟੀ ਚੁੱਕੀ ਜਾਂਦੀ ਹੈ। ਲੋਕ ਗੀਤ ਗਾਉਂਦੇ ਅਤੇ ਨੱਚਦੇ ਹਨ। ਇਹ ਮੇਲਾ ਭਾਦੋਂ ਦੇ ਚੌਥੇ ਦਿਨ (15 ਅਗਸਤ - 13 ਸਤੰਬਰ, ਹਿੰਦੂ ਕੈਲੰਡਰ ਮੁਤਾਬਿਕ), ਅਨੰਦ ਚੌਦਸ ਨੂੰ ਲੱਗਦਾ ਹੈ।

ਗੁੱਗਾ ਨੌਮੀ (ਸਤੰਬਰ):

ਗੁੱਗਾ ਨੌਮੀ ਵੀ ਗੁੱਗੇ ਪੀਰ ਦੀ ਯਾਦ ਵਿੱਚ ਭਾਦੋਂ ਵਿੱਚ ਹੀ ਮਨਾਈ ਜਾਂਦੀ ਹੈ। ਇਹ ਜਨਮ ਅਸ਼ਟਮੀ ਤੋਂ ਅਗਲੇ ਦਿਨ ਹੀ ਹੁੰਦੀ ਹੈ। ਪੀਰ ਦੇ ਚੇਲੇ ਕੰਧਾਂ ਤੇ ਪੀਰ ਦੀ ਹਲਦੀ ਨਾਲ ਮੂਰਤ ਬਣਾਉਂਦੇ ਹਨ। ਇਸ ਦੇ ਅੱਗੇ ਇੱਕ ਕਾਲੇ ਸੱਪ ਬਣਾਇਆ ਜਾਂਦਾ ਹੈ ਅਤੇ ਪੂਜਾ ਕੀਤੀ ਜਾਂਦੀ ਹੈ। ਲੋਕ ਇਸ ਦਿਨ ਸੱਪਾਂ ਦੀਆਂ ਖੁੱਡਾਂ ਵਿੱਚ ਦੁੱਧ ਵੀ ਪਾਉਂਦੇ ਹਨ। ਇਸ ਮੇਲੇ ਵਾਲੇ ਦਿਨ ਖਾਸ ਤੌਰ 'ਤੇ ਮਿੱਠੀਆਂ ਸੇਵੀਆਂ ਬਣਦੀਆਂ ਹਨ। ਲਾਲਬੱਗੀ ਜਿੰਨਾਂ ਨੂੰ ਜ਼ਹੀਰ ਪੀਰ ਵੀ ਆਖਦੇ ਹਨ ਅਤੇ ਜ਼ੋ ਗੁੱਗਾ ਪੀਰ ਦੇ ਭਗਤ ਹਨ, ਇੱਕ ਲੰਮੀ ਸੋਟੀ ਨੂੰ ਰੰਗ ਬਿਰੰਗੇ ਕੱਪੜਿਆਂ, ਝੰਡੀਆਂ ਅਤੇ ਨਾਰੀਅਲ ਨਾਲ ਸਜਾਉਂਦੇ ਹਨ। ਪੀਰ ਦੇ ਰੂਪ ਵਿੱਚ ਇਸ ਦੀ ਪੂਜਾ ਕੀਤੀ ਜਾਂਦੀ ਹੈ। ਭਗਤ ਘਰੋਂ ਘਰੀ ਪੀਰ ਦੀ ਪ੍ਰਤਿਮਾ ਲੈ ਕੇ ਜਾਂਦੇ ਹਨ। ਜੋ ਭਗਤ ਪੀਰ ਦੀ ਪ੍ਰਤਿਮਾ ਚੁੱਕਦੇ ਹਨ, ਉਹਨਾਂ ਨੂੰ ਪੀਰ ਦੀ ਸਵਾਰੀ (ਘੋੜਾ) ਕਿਹਾ ਜਾਂਦਾ ਹੈ। ਇਹ ਸੁਭਾਗਾ ਅਵਸਰ ਕਿਸੇ-ਕਿਸੇ ਨੂੰ ਹੀ

Scanned with CamScanner

ਨਸੀਬ ਹੁੰਦਾ ਹੈ।

ਜਗਰਾਵਾਂ ਦੀ ਰੋਸ਼ਨੀ ਦਾ ਮੇਲਾ (ਰੋਸ਼ਨੀਆਂ ਦਾ ਮੇਲਾ):

ਇਹ ਮੇਲਾ ਜਗਰਾਓ ਵਿਖੇ 23 ਤੋਂ 25 ਫੱਗਣ ਨੂੰ ਮੁਸਲਮਾਨ ਪੀਰ ਅਬਦੁੱਲ ਕਾਦਰ ਜਲਾਨੀ ਦੀ ਯਾਦ ਵਿੱਚ ਭਰਦਾ ਹੈ। ਇਹ ਮੇਲਾ ਉਹਨਾਂ ਦੀ ਸਮਾਧ ਨੇੜੇ ਹੀ ਲੱਗਦਾ ਹੈ। ਭਾਵੇਂ ਇਹ ਮੇਲਾ ਮੁੱਢੋਂ ਮੁਸਲਮਾਨਾਂ ਨਾਲ ਜੁੜਿਆ ਹੋਇਆ ਹੈ ਪਰ ਇਸ ਖੇਤਰ ਦੇ ਹਿੰਦੂ ਵੀ ਹੁੰਮ-ਹੁੰਮਾ ਕੇ ਇਸ ਮੇਲੇ ਵਿੱਚ ਆਉਂਦੇ ਹਨ। ਵੰਡ ਤੋਂ ਬਾਅਦ ਵੀ ਇਹ ਮੇਲਾ ਲਗਾਤਾਰ ਇੱਥੇ ਲੱਗਦਾ ਰਿਹਾ। ਇਸ ਮੇਲੇ ਨੂੰ 'ਰੌਸ਼ਨੀਆਂ ਦਾ ਮੇਲਾ' ਇਸ ਲਈ ਆਖਦੇ ਹਨ ਕਿਉਂਕਿ ਅਣਗਿਣਤ ਸਰਧਾਲੂ ਜੋ ਦੂਰ-ਦੁਰਾਡੇ ਤੋਂ ਇੱਥੇ ਆਉਂਦੇ ਹਨ, ਉਹ ਪੀਰ ਦੀ ਦਰਗਾਹ 'ਤੇ ਮਿੱਟੀ ਦੇ ਚਿਰਾਗ ਲਗਾਉਂਦੇ ਹਨ। ਇਹ ਚਿਰਾਗ ਕਾਫੀ ਦੂਰੋਂ ਨਜ਼ਰੀ ਪੈ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਜੋ ਵੀ ਇੱਥੇ ਸੱਚੇ ਦਿੱਲੋਂ ਕੁਝ ਮੰਗਦਾ ਹੈ, ਪੀਰ ਉਸ ਦੀ ਮੰਗ ਪੂਰੀ ਕਰ ਦਿੰਦੇ ਹਨ। ਇੱਥੇ ਨੌਜਵਾਨ ਬੋਲੀਆਂ ਪਾਉਂਦੇ ਅਤੇ ਨੱਚਦੇ ਹਨ। ਜਿਸ ਨਾਲ ਮੇਲੇ ਵਿੱਚ ਹੋਰ ਵੀ ਰੰਗ ਬੱਝਦਾ ਹੈ। ਪਿੰਡ ਵਾਸੀਆਂ ਲਈ ਇਹ ਨਾਚ, ਬੰਸਰੀ ਦੀ ਧੁਨ ਅਤੇ ਤੁੰਬੀ 'ਤੇ ਗਾਏ ਗੀਤ ਮਨੋਰੰਜਨ ਦਾ ਆਕਰਸ਼ਣ ਹੁੰਦੇ ਹਨ।

ਸ਼ਹੀਦੀ ਜੋੜ ਮੇਲਾ:

ਸਿੱਖ ਇਤਿਹਾਸ ਵਿੱਚ ਸ਼ਹੀਦੀ ਜੋੜ ਮੇਲਾ ਖਾਸ ਵਿਸ਼ੇਸ਼ਤਾ ਰੱਖਦਾ ਹੈ ਕਿਉਂਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ - ਸਾਹਿਬਜ਼ਾਦਾ ਜੋਰਾਵਰ ਸਿੰਘ (9 ਸਾਲ) ਅਤੇ ਸਾਹਿਬਜ਼ਾਦਾ ਫਤਿਹ ਸਿੰਘ (7 ਸਾਲ) ਜਿਨ੍ਹਾਂ ਨੂੰ ਇਸਲਾਮ ਨਾ ਕਬੂਲਣ ਕਰਕੇ ਔਰੰਗਜ਼ੇਬ ਵੱਲੋਂ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ ਸੀ, ਇਨ੍ਹਾਂ ਨੂੰ ਸ਼ਰਧਾਜਲੀ ਦੇਣ ਲਈ ਇਹ ਮੇਲਾ ਮਨਾਇਆ ਜਾਂਦਾ ਹੈ। ਇਹ ਮੇਲਾ ਹਰ ਸਾਲ ਗੁਰਦੁਆਰਾ ਫਤਿਹਗੜ੍ਹ ਸਾਹਿਬ ਵਿਖੇ ਦਸੰਬਰ ਮਹੀਨੇ ਵਿੱਚ ਲੱਗਦਾ ਹੈ। ਇਹ ਗੁਰਦੁਆਰਾ ਉਸੇ ਥਾਂ ਬਣਿਆ ਹੈ ਜਿੱਥੇ ਬਹਾਦਰ ਬੱਚਿਆਂ ਨੇ ਲਾਸਾਨੀ ਸ਼ਹਾਦਤ ਦੀ ਮਿਸਾਲ ਕਾਇਮ ਕੀਤੀ ਸੀ।

ਹਰੀਵੱਲਭ ਸੰਗੀਤ ਮੇਲਾ (ਦਸੰਬਰ):

ਇਹ ਮੇਲਾ ਭਾਰਤੀ ਸ਼ਾਸਤਰੀ ਸੰਗੀਤ ਨਾਲ ਸਬੰਧਿਤ ਹੈ ਜੋ ਹਰ ਸਾਲ ਦਸੰਬਰ ਦੇ ਆਖਰੀ ਹਫ਼ਤੇ ਜਲੰਧਰ ਵਿੱਚ ਸਵਾਮੀ ਹਰੀਵੱਲਭ (ਜੋ ਕਿ ਪ੍ਰਸਿੱਧ ਸੰਤ ਅਤੇ ਗਾਇਕ ਸਨ) ਦੀ ਯਾਦ ਵਿੱਚ ਜਲੰਧਰ ਦੇ ਦੇਵੀ ਤਲਾਬ ਮੰਦਿਰ ਦੇ ਕੰਢੇ ਤੇ ਲੱਗਦਾ ਹੈ।

ਸੁਆਮੀ ਹਰੀਵੱਲਭ ਹੁਸ਼ਿਆਰਪੁਰ ਦੇ ਇੱਕ ਅਮੀਰ ਪਰਿਵਾਰ ਨਾਲ ਸਬੰਧਿਤ ਸਨ ਪਰ ਸਵਾਮੀ ਤੁਲਜਾ ਗੀਰ ਦੇ ਚੇਲਾ ਹੋਣ ਉਪਰੰਤ ਉਹਨਾਂ ਨੇ ਸੰਸਾਰਕ ਮੋਹ ਮਾਇਆ ਤਿਆਗ ਦਿੱਤੀ। ਉਹਨਾਂ ਨੇ ਹੀ ਆਪ ਦਾ ਧਿਆਨ ਸੰਗੀਤ ਵੱਲ ਲਗਾਇਆ। ਇਸ ਮੇਲੇ ਵਿੱਚ ਦੂਰੋਂ-ਦੂਰੋਂ ਰਵਾਇਤੀ ਸੰਗੀਤਕਾਰ ਅਤੇ ਗਾਇਕ ਆਉਂਦੇ ਹਨ। ਉੱਤਰੀ ਭਾਰਤ ਦਾ ਇਹ ਮੇਲਾ ਸ਼ਾਸਤਰੀ ਸੰਗੀਤ ਦੇ ਪ੍ਰੇਮੀਆਂ ਲਈ ਇੱਕ ਦਾਵਤ ਦੀ ਤਰ੍ਹਾਂ ਹੁੰਦਾ ਹੈ। ਜਿਸ ਵਿੱਚ ਪੂਰੇ ਦੇਸ਼ ਵਿੱਚੋਂ ਸ਼ਾਸਤਰੀ ਸੰਗੀਤ ਦੇ ਗਾਇਕ ਅਤੇ ਕਲਾਕਾਰ ਹਿੱਸਾ ਲੈਂਦੇ ਹਨ।

ਮਲੇਰਕੋਟਲਾ ਦਾ ਹੈਦਰਸ਼ੇਖ ਦਾ ਮੇਲਾ:

ਮਲੇਰਕੋਟਲਾ ਵਿਖੇ ਹੈਦਰ ਸ਼ੇਖ ਦੀ ਦਰਗਾਹ 'ਤੇ ਹਰ ਸਾਲ ਚਾਰ ਰੋਜ਼ਾ ਵੱਡਾ ਮੇਲਾ ਭਰਦਾ ਹੈ। ਮੰਨਿਆ ਜਾਂਦਾ ਹੈ ਕਿ ਜੇਕਰ ਇੱਥੇ ਨਿਸੰਤਾਨ ਇਸਤਰੀਆਂ ਪੀਰ ਕੋਲ ਸੰਤਾਨ ਪ੍ਰਾਪਤੀ ਦੀ ਦੁਆ ਕਰਦੀਆਂ ਹਨ ਤਾਂ ਉਹਨਾਂ ਦੀ ਦੁਆ ਕਬੂਲ ਹੋ ਜਾਂਦੀ ਹੈ। ਇੱਕ ਹੋਰ ਮੱਤ ਹੈ ਕਿ ਜੇਕਰ ਕੋਈ ਵਿਅਕਤੀ ਓਪਰੀ ਸ਼ਕਤੀ ਨਾਲ ਪ੍ਰਭਾਵਿਤ ਹੋਵੇ ਅਤੇ ਪੀਰ ਦੀ ਦਰਗਾਹ ਤੇ ਨਤਮਸਤਕ ਹੋ ਕੇ ਰੋਟ ਚੜ੍ਹਾਵੇ ਤਾਂ ਉਸ ਉਤੋਂ ਬੁਰੀ ਆਤਮਾ ਦਾ ਸਾਇਆ ਟਲ ਜਾਂਦਾ ਹੈ।

ਬਠਿੰਡਾ ਦਾ ਵਿਰਾਸਤੀ ਮੇਲਾ:

ਇਹ ਸੱਭਿਆਚਾਰਕ ਮੇਲਾ ਹਰ ਸਾਲ ਬਠਿੰਡਾ ਵਿਖੇ ਨਵੰਬਰ / ਦਸੰਬਰ ਵਿੱਚ ਲੱਗਦਾ ਹੈ। ਜੋ ਪੰਜਾਬ (ਮਾਲਵਾ), ਰਾਜਸਥਾਨ

Scanned with CamScanner

ਅਤੇ ਹਰਿਆਣਾ ਦੇ ਸੱਭਿਆਚਾਰ ਦਾ ਵਿਲੱਖਣ ਸੁਮੇਲ ਪ੍ਰਦਰਸ਼ਿਤ ਕਰਦਾ ਹੈ। ਬਠਿੰਡਾ ਦੇ ਖੇਡ ਸਟੇਡੀਅਮ ਵਿੱਚ ਜੈਪਾਲ ਥੀਮ ਪਿੰਡ ਵਿੱਚ ਇਹ ਮੇਲਾ ਪੰਜਾਬੀ ਸੱਭਿਆਚਾਰ ਨੂੰ ਹੋਰ ਵੀ ਉਜਾਗਰ ਕਰਦਾ ਹੈ। ਇਸ ਮੇਲੇ ਦੌਰਾਨ ਗੁਰਦੁਆਰਾ ਹਾਜੀ ਰਤਨ ਤੋਂ ਜੈਪਾਲਗੜ੍ਹ ਥੀਮ ਪਿੰਡ ਤੱਕ ਪਰੰਪਰਿਕ ਜਲੂਸ ਵੀ ਕੱਢਿਆ ਜਾਂਦਾ ਹੈ।

ਤਿਉਹਾਰ:

ਲੋਹੜੀ (ਜਨਵਰੀ):

ਇਹ ਤਿਉਹਾਰ 13 ਜਨਵਰੀ ਨੂੰ ਮਨਾਇਆ ਜਾਂਦਾ ਹੈ। ਇਹ ਤਿਉਹਾਰ ਜੋਸ਼ ਅਤੇ ਉਮੰਗ ਨੂੰ ਦਰਸਾਉਂਦਾ ਹੋਇਆ ਠੰਢ ਦੇ ਅੰਤ ਵੱਲ ਇਸ਼ਾਰਾ ਕਰਦਾ ਹੈ। ਇਸ ਦਿਨ ਪੰਜਾਬੀ ਸੱਭਿਆਚਾਰ ਨਾਲ ਜੁੜੇ ਮਰਦ ਅਤੇ ਇਸਤਰੀਆਂ, ਧੂਣੀ ਦੁਆਲੇ ਭੰਗੜੇ ਅਤੇ ਗਿੱਧੇ ਪਾਉਂਦੇ ਹਨ। ਉਮੰਗ ਨਾਲ ਭਰੇ ਬੱਚੇ ਘਰੋਂ ਘਰੀ ਜਾ ਕੇ ਗੀਤ ਗਾਉਂਦੇ ਅਤੇ ਲੋਹੜੀ ਮੰਗਦੇ ਹਨ। ਹਨੇਰੇ ਹੋਣ ਤੇ ਲੋਕ ਧੂਣੀ ਦੁਆਲੇ ਇਕੱਠੇ ਹੁੰਦੇ ਹਨ। ਲੋਕ ਇਸ ਵਿੱਚ ਤਿਲ, ਗੱਚਕ, ਰਿਓੜੀਆਂ ਆਦਿ ਸੁੱਟਦੇ ਅਤੇ ਗੀਤ ਗਾਉਂਦੇ ਹਨ। ਜਿੰਨ੍ਹਾਂ ਘਰਾਂ ਵਿੱਚ ਨਵੀਂ ਵਹੁਟੀ ਦਾ ਜਾਂ ਬੱਚੇ ਦਾ ਆਗਮਨ ਹੋਵੇ ਉੱਥੇ ਉਸ ਘਰ ਵਿੱਚ ਇਹ ਤਿਉਹਾਰ ਹੋਰ ਵੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਰਾਤ ਵੇਲੇ ਲੋਕ ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਨਾਲ ਗੰਨੇ ਦੇ ਜੂਸ ਅਤੇ ਚਾਵਲ ਦੀ ਬਣੀ ਖੀਰ ਖਾ ਕੇ ਅਨੰਦ ਮਾਣਦੇ ਹਨ।

ਬਸੰਤ ਪੰਚਮੀ (ਮਾਰਚ):

ਪਤੰਗ ਦੇ ਤਿਉਹਾਰ ਵੱਜੋਂ ਜਾਣੇ ਜਾਂਦੇ ਇਸ ਤਿਉਹਾਰ ਨਾਲ ਬਸੰਤ ਮੌਸਮ ਦਾ ਆਗਮਨ ਹੁੰਦਾ ਹੈ। ਇਹ ਤਿਉਹਾਰ ਮਨਾਉਣ ਦੀ ਰਵਾਇਤ ਪਟਿਆਲਾ ਦੇ ਮਹਾਰਾਜਾ ਜਗਜੀਤ ਸਿੰਘ ਨੇ ਪਾਈ। ਇਸ ਮੌਸਮ ਵਿੱਚ ਪੂਰੇ ਪੰਜਾਬ ਦੇ ਖੇਤਾਂ ਵਿੱਚ ਸਰੋਂ ਨੂੰ ਫੁੱਲ ਪੈ ਜਾਂਦਾ ਹੈ। ਪੰਜਾਬ ਦੇ ਬਹੁਤੇ ਪਿੰਡਾਂ ਵਿੱਚ ਲੋਕ ਪੀਲੇ ਰੰਗ ਦੇ ਕੱਪੜੇ ਪਾ ਕੇ ਇਹ ਤਿਉਹਾਰ ਮਨਾਉਂਦੇ ਹਨ। ਇਸ ਦਿਨ ਦਾ ਮੁੱਖ ਆਕਰਸ਼ਣ ਪਤੰਗ ਚੜ੍ਹਾਉਣਾ ਹੁੰਦਾ ਹੈ ਅਤੇ ਪੂਰਾ ਆਕਾਸ਼ ਰੰਗ-ਬਰੰਗੇ ਪਤੰਗਾਂ ਨਾਲ ਭਰ ਜਾਂਦਾ ਹੈ।

ਹੋਲਾ ਮਹੱਲਾ (ਮਾਰਚ):

ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਬਸੰਤ ਰੁੱਤ ਦਾ ਸਵਾਗਤ ਕਰਦਾ ਹੈ। ਇਸ ਤਿਉਹਾਰ ਦੀ ਵਿਸ਼ੇਸ਼ ਮਹੱਤਤਾ ਹੈ ਕਿਉਂਕਿ ਇਹ ਤਿਉਹਾਰ ਸਿੱਖ ਅਨੁਯਾਈਆਂ ਦੇ ਸ਼ਕਤੀਕਰਨ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਹਨਾਂ ਨੂੰ ਅਨੰਦਪੁਰ ਸਾਹਿਬ ਵਿਖੇ ਸਿੰਘ ਸਜਾਏ ਜਾਣ ਦਾ ਪ੍ਰਤੀਕ ਹੈ। ਹੋਲੀ ਤੋਂ ਅਗਲੇ ਦਿਨ ਮਨਾਇਆ ਜਾਣ ਵਾਲਾ ਇਹ ਤਿਉਹਾਰ, ਇੱਕ ਜੋਸ਼ੀਲੀ ਦਿੱਖ ਪੇਸ਼ ਕਰਦਾ ਹੈ। ਯੁੱਧ ਕਲਾਵਾਂ ਜਿਵੇਂ ਤੀਰ ਅੰਦਾਜ਼ੀ, ਤਲਵਾਰਬਾਜ਼ੀ, ਘੋੜ ਸਵਾਰੀ, ਤੰਬੂ ਗੱਡਣਾ, ਨੇਜ਼ੇਬਾਜ਼ੀ ਅਤੇ ਕਈ ਹੋਰ ਜੌਹਰ ਨਿਹੰਗ ਸਿੰਘਾਂ ਵੱਲੋਂ ਵਿਖਾਏ ਜਾਂਦੇ ਹਨ। ਸਰਗਰਮੀਆਂ ਦਾ ਅੰਤ ਇੱਕ ਰਵਾਇਤੀ ਜਲੂਸ ਨਾਲ ਹੁੰਦਾ ਹੈ ਜੋ ਕਿ ਪੂਰੇ ਸ਼ਹਿਰ ਵਿੱਚੋਂ ਦੀ ਲੰਘਦਾ ਹੈ ਅਤੇ ਅੰਤ ਵਿੱਚ ਲੰਗਰ ਵਰਤਾਇਆ ਜਾਂਦਾ ਹੈ।

ਵਿਸਾਖੀ (ਅਪ੍ਰੈਲ):

ਇਹ ਤਿਉਹਾਰ ਵਿਸਾਖ ਮਹੀਨੇ (ਅਪ੍ਰੈਲ / ਮਈ) ਦੇ ਪਹਿਲੇ ਦਿਨ ਭਰਪੂਰ ਫ਼ਸਲ ਘਰ ਆਉਣ ਦੀ ਖੁਸ਼ੀ ਵਿੱਚ ਮਨਾਇਆ ਜਾਂਦਾ ਹੈ। ਸ਼ਾਕਾ ਕੈਲੰਡਰ ਵਿੱਚ ਇਹ ਦਿਨ ਨਵੇਂ ਸਾਲ ਦਾ ਆਰੰਭ ਦਰਸਾਉਂਦਾ ਹੈ ਜੋ ਕਿ ਰੋਮਨ ਕੈਲੰਡਰ ਅਨੁਸਾਰ 13 ਅਪ੍ਰੈਲ ਦਾ ਦਿਨ ਹੈ। ਉੱਤਰੀ ਭਾਰਤ ਵਿੱਚ ਇਹ ਤਿਉਹਾਰ ਰਬੀ ਦੀ ਫਸਲ ਦੀ ਵਾਢੀ ਦੀ ਖੁਸ਼ੀ ਵਿੱਚ ਢੋਲ ਦੀ ਵੀ ਤਾਲ ਤੇ ਭੰਗੜੇ ਪਾ ਕੇ ਮਨਾਇਆ ਜਾਂਦਾ ਹੈ। ਇਹ ਫ਼ਸਲ ਬੀਜਣ ਤੋਂ ਲੈ ਕੇ ਵਾਢੀ ਤੱਕ ਦੀ ਪੂਰੀ ਪ੍ਰਕਿਰਿਆ ਸਮਾਪਤ ਹੋਣ ਦਾ ਵੀ ਸੰਕੇਤਕ ਹੈ।

Scanned with CamScanner

ਸਿੱਖਾਂ ਲਈ ਇਸ ਦਿਨ ਦੀ ਧਾਰਮਿਕ ਮਹੱਤਤਾ ਵੀ ਹੈ। ਕਿਉਂਕਿ ਇਸ ਦਿਨ ਦਸਵੇਂ ਸਿੱਖ ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਵਿੱਚ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਸਾਜਿਆ ਸੀ।ਖੰਡੇ ਨਾਲ ਤਿਆਰ ਕੀਤਾ ਅੰਮ੍ਰਿਤ ਪਿਆ ਕੇ, ਪੰਜ ਪਿਆਰੇ ਸਾਜੇ ਗਏ ਸਨ। ਖਾਲਸੇ ਨੇ ਪੰਜ ਕੱਕੇ - ਕੇਸ਼, ਕੰਘਾ, ਕਸ਼ਹਿਰਾ, ਕੜਾ ਅਤੇ ਕਿਰਪਾਨ ਧਾਰਨ ਕੀਤੇ। ਉਦੋਂ ਤੋਂ ਇਹ ਸਿੱਖੀ ਦੀ ਅਮਿੱਟ ਪਛਾਣ ਬਣ ਗਏ ਹਨ।

ਗੁਰਪੁਰਬ:

ਗੁਰਪੁਰਬ ਗੁਰੂਆਂ ਦੇ ਜਨਮ ਦਿਵਸ ਅਤੇ ਸ਼ਹੀਦੀ ਦਿਵਸ ਦੇ ਸਨਮਾਨ ਵਿੱਚ ਮਨਾਏ ਜਾਂਦੇ ਹਨ। ਮੁੱਖ ਗੁਰਪੁਰਬ ਹਨ- ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਪੁਰਬ ਅਤੇ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦੁਰ ਜੀ ਦੇ ਸ਼ਹੀਦੀ ਦਿਵਸ।

ਕੱਤੇ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਦਾ ਜਨਮਪੁਰਬ ਪੂਰੀ ਸ਼ਰਧਾ ਅਤੇ ਜੋਸ਼ ਨਾਲ ਮਨਾਇਆ ਜਾਂਦਾ ਹੈ। ਗੁਰਪੁਰਬ ਤੋਂ ਦੋ ਦਿਨ ਪਹਿਲਾਂ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਏ ਜਾਂਦੇ ਹਨ, ਧਾਰਮਿਕ ਕਾਨਫਰੰਸਾਂ ਹੁੰਦੀਆਂ ਹਨ ਅਤੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਸ਼ਬਦ ਪੜ੍ਹੇ ਜਾਂਦੇ ਹਨ।ਵੱਡੀ ਗਿਣਤੀ ਵਿੱਚ ਲੋਕ ਕੀਰਤਨ ਅਤੇ ਪ੍ਰਾਰਥਨਾ ਵਿੱਚ ਸ਼ਾਮਿਲ ਹੋ ਕੇ ਇੱਕ ਨਗਰ ਕੀਰਤਨ ਦੇ ਰੂਪ ਵਿੱਚ ਸ਼ਹਿਰ ਵਿਚੋਂ ਦੀ ਲੰਘਦੇ ਹਨ। ਰਾਤ ਨੂੰ ਘਰਾਂ ਵਿੱਚ ਦੀਪਮਾਲਾ ਕੀਤੀ ਜਾਂਦੀ ਹੈ।

ਨਿਮਾਣੀ ਕਾਸ਼ਤੀ (ਮਈ - ਜੂਨ):

ਜੇਠ ਮਹੀਨੇ ਦੇ ਅੱਧ ਵਿੱਚ ਗਿਆਰਵੇਂ ਦਿਨ ਨਿਰਜਲ ਇਕਾਦਸੀ ਹੁੰਦੀ ਹੈ। ਜਿਸ ਨੂੰ ਪੰਜਾਬ ਵਿੱਚ ਨਿਮਾਣੀ ਕਾਸ਼ਤੀ ਆਖਦੇ ਹਨ। ਹਿੰਦੂ ਔਰਤਾਂ ਮੁੱਖ ਤੌਰ 'ਤੇ ਇਸ ਦਿਨ ਵਰਤ ਰੱਖਦੀਆਂ ਹਨ। ਉਹ ਸਰੀਰ ਉੱਤੇ ਚੰਦਨ ਲੇਪ ਕਰਦੀਆਂ ਹਨ। ਇਹ ਕਾਫ਼ੀ ਕਠੋਰ ਵਰਤ ਹੈ ਕਿਉਂਕਿ ਸਾਰਾ ਦਿਨ ਔਰਤਾਂ ਪਾਣੀ ਵੀ ਨਹੀਂ ਪੀਂਦੀਆਂ। ਧਰਮ-ਅਰਥ ਲੋਕ ਮਿੱਠੇ ਅਤੇ ਠੰਢੇ ਪਾਣੀ ਦੀਆਂ ਛਬੀਲਾਂ ਲਗਾਉਂਦੇ ਹਨ। ਇਸ ਦਿਨ ਛਬੀਲਾਂ ਆਮ ਲੱਗੀਆਂ ਦਿਖਾਈ ਦਿੰਦੀਆਂ ਹਨ।

ਤੀਆਂ:

ਵਰਖਾ ਰੁੱਤ ਦਾ ਇਹ ਤਿਉਹਾਰ ਸੌਣ (ਸਾਵਨ) ਦੀ ਤੀਜ ਨੂੰ ਮਨਾਇਆ ਜਾਂਦਾ ਹੈ। ਹਾੜ੍ਹ (ਜੂਨ-ਜੁਲਾਈ) ਤੋਂ ਅੱਸੂ (ਸਤੰਬਰ) ਦੇ ਅੱਧ ਤੱਕ ਦੇ ਕਾਲ ਨੂੰ ਚੌਮਾਸਾ ਆਖਦੇ ਹਨ। ਇਸ ਸਮੇਂ ਦੌਰਾਨ ਆਕਾਸ਼ ਵਿੱਚ ਬੱਦਲਵਾਈ ਰਹਿੰਦੀ ਹੈ ਅਤੇ ਮੌਸਮ ਸੁਹਾਵਣਾ ਰਹਿੰਦਾ ਹੈ। ਵਰਖਾ, ਗਰਮੀ ਨਾਲ ਭੁੰਨੇ ਪੰਜਾਬੀਆਂ ਲਈ ਚੈਨ ਲੈ ਕੇ ਆਉਂਦੀ ਹੈ ਅਤੇ ਕਣੀਆਂ ਦੀ ਛਮ-ਛਮ ਉਹਨਾਂ ਦੇ ਜੀਵਨ ਵਿੱਚ ਇੱਕ ਨਵੀਂ ਉਮੰਗ ਅਤੇ ਜੋਸ਼ ਪੈਦਾ ਕਰਦੀ ਹੈ। ਨਵੀਆਂ ਵਿਆਹੀਆਂ ਕੁੜੀਆਂ ਆਪਣੇ ਪੇਕਿਆਂ ਵਿੱਚੋਂ ਆਪਣੇ ਭਰਾ ਜਾਂ ਕਿਸੇ ਹੋਰ ਸਾਕ ਸਬੰਧੀ ਨੂੰ ਉਡੀਕਦੀਆਂ ਹਨ, ਜੋ ਉਹਨਾਂ ਨੂੰ ਪੇਕੇ ਲੈ ਜਾਵੇ। ਇੱਕ ਨੂੰਹ ਤੋਂ ਇੱਕ ਆਜ਼ਾਦ ਅਤੇ ਜੋਸ਼ ਨਾਲ ਭਰੀ ਧੀ ਦੇ ਜੀਵਨ ਨੂੰ ਮੁੜ ਮਹਿਸੂਸ ਕਰਨ ਦੀ ਇਸ ਤਾਂਘ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਤੀਆਂ ਤੋਂ ਇੱਕ ਦਿਨ ਪਹਿਲਾਂ ਕੁੜੀਆਂ ਆਪਣੇ ਹੱਥਾਂ ਅਤੇ ਪੈਰਾਂ 'ਤੇ ਮਹਿੰਦੀ ਸਜਾਉਂਦੀਆਂ ਹਨ। ਤੀਜ ਵਾਲੇ ਦਿਨ ਸੱਜਧੱਜ ਕੇ ਉਹ ਨਵੇਂ ਕੱਪੜੇ ਪਾ ਕੇ ਮੇਲੇ ਜਾਂਦੀਆਂ ਹਨ। ਮੇਲਾ ਉਹਨਾਂ ਦੇ ਗੀਤਾਂ ਅਤੇ ਨਾਚ ਨਾਲ ਝੂਮ ਉੱਠਦਾ ਹੈ। ਇਹਨਾਂ ਗੀਤਾਂ ਨੂੰ ਤੀਆਂ ਦੇ ਗੀਤ ਆਖਦੇ ਹਨ। ਗਿੱਧਾ ਇਸ ਤਿਉਹਾਰ ਦਾ ਮੁੱਖ ਆਕਰਸ਼ਣ ਬਣ ਜਾਂਦਾ ਹੈ। ਘਰਾਂ ਵਿੱਚ ਔਰਤਾਂ ਇਸ ਦਿਨ ਖੀਰ ਬਣਾਉਂਦੀਆਂ ਹਨ।

ਰੱਖੜੀ:

ਭਾਦੋਂ ਦੀ ਪੂਰਨਮਾਸੀ ਨੂੰ ਰੱਖੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸ ਦਿਨ ਭੈਣਾਂ ਆਪਣੇ ਵੀਰ ਦੀ ਸੱਜੀ ਕਲਾਈ 'ਤੇ ਰੰਗਲੇ ਧਾਗੇ ਬੰਨਦੀਆਂ ਹਨ। ਰੱਖੜੀ ਬੰਨ੍ਹਣ ਤੋਂ ਪਹਿਲਾਂ ਉਹ ਮੂੰਹ ਸੁੱਚਾ ਰੱਖਦੀ ਹੈ ਭਾਵ ਕੁਝ ਵੀ ਨਹੀ ਖਾਂਦੀ। ਰੱਖੜੀ

Scanned with CamScanner

ਬੰਨ੍ਹਣ ਮਗਰੋਂ ਉਹ ਆਪਣੇ ਵੀਰ ਦਾ ਮੂੰਹ ਮਿੱਠਾ ਕਰਾਉਂਦੀ ਹੈ ਅਤੇ ਬਦਲੇ ਵਿੱਚ ਉਹ ਉਸ ਨੂੰ ਕੋਈ ਤੋਹਫਾ ਜਾਂ ਪੈਸੇ ਦਿੰਦਾ ਹੈ। ਇਹ ਤਿਉਹਾਰ ਭਰਾ ਵੱਲੋਂ ਭੈਣ ਦੀ ਔਖੀ ਘੜੀ ਵਿੱਚ ਰੱਖਿਆ ਕਰਨ ਦੀ ਪ੍ਰਤਿਬੱਧਤਾ ਨੂੰ ਦਰਸਾਉਂਦਾ ਹੈ। ਪਰ ਇਸ ਤਿਉਹਾਰ ਦਾ ਅਸਲ ਮਨੋਰਥ, ਪਿਛੋਕੜ ਵਿੱਚੋਂ ਹੀ ਕਿਤੇ ਗੁਆਚ ਜਿਹਾ ਗਿਆ ਹੈ।

ਦੁਸਿਹਰਾ:

ਭਾਰਤ ਦੇ ਦੂਜੇ ਭਾਗਾਂ ਦੀ ਤਰ੍ਹਾਂ ਦੁਸਿਹਰਾ ਵੀ ਪੰਜਾਬ ਵਿੱਚ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਹ ਤਿਉਹਾਰ ਭਲਾਈ ਦੀ ਬੁਰਾਈ ਉੱਤੇ ਜਿੱਤ ਦਾ ਪ੍ਰਗਟਾਵਾ ਕਰਦਾ ਹੈ। ਨਰਾਤਿਆਂ ਦੌਰਾਨ ਸ਼ਹਿਰ ਵਿੱਚ ਕਈ ਥਾਵਾਂ 'ਤੇ ਰਾਮਲੀਲਾ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ ਅਤੇ ਦੁਸਿਹਰੇ ਵਾਲੇ ਦਿਨ ਰਾਵਨ, ਕੁੰਭਕਰਨ ਅਤੇ ਮੇਘਨਾਥ ਦੀਆਂ ਬੜੇ ਬੜੇ ਪੁਤਲੇ ਲਗਾ ਕੇ ਉਹਨਾਂ ਨੂੰ ਸਾੜੀਆਂ ਜਾਂਦਾ ਹੈ। ਇਸ ਦੇ ਸੰਗੀਤ ਅਤੇ ਨਾਟਕ ਨੇ ਸਾਲਾਂ ਬੱਧੀ ਭਾਰਤ ਵਿਚਲੇ ਲੋਕ ਨਾਟਕਾ ਨੂੰ ਸੁਰਜੀਤ ਰੱਖਿਆ ਹੋਇਆ ਹੈ।

ਕਰਵਾ ਚੌਥ:

ਕੱਤਕ ਮਹੀਨੇ ਵਿੱਚ ਚੌਥ ਵਾਲੇ ਦਿਨ ਕਰਵਾ ਚੌਥ ਮਨਾਇਆ ਜਾਂਦਾ ਹੈ। ਇਸ ਦਿਨ ਵਿਆਹੀਆਂ ਔਰਤਾਂ ਵਰਤ ਰੱਖਦੀਆਂ ਹਨ ਅਤੇ ਆਪਣੇ ਪਤੀ ਦੀ ਲੰਮੀ ਉਮਰ ਦੀ ਕਾਮਨਾ ਕਰਦੀਆਂ ਹਨ। ਕੁਆਰੀਆਂ ਕੁੜੀਆਂ ਵੀ ਆਪਣੇ ਸੰਭਾਵੀ ਪਤੀ ਲਈ ਕਾਮਨਾ ਕਰਦੀਆਂ ਹਨ। ਇੱਕ ਤਰੀਕੇ ਨਾਲ ਇਹ ਸੱਸਾਂ ਦਾ ਤਿਉਹਾਰ ਵੀ ਬਣ ਜਾਂਦਾ ਹੈ ਕਿਉਂਕਿ ਇਸ ਦਿਨ ਉਹਨਾਂ ਨੂੰ ਨੂੰਹਾਂ ਵੱਲੋਂ ਪੈਸੇ, ਤੋਹਫ਼ੇ ਜਾਂ ਖਾਣ ਵਾਲੀਆਂ ਚੀਜਾਂ ਸੁਗਾਤ ਰੂਪ ਵਿੱਚ ਦਿੱਤੀਆਂ ਜਾਂਦੀਆਂ ਹਨ।

ਦੀਵਾਲੀ:

ਇਸ ਦਿਨ ਪੂਰੇ ਸ਼ਹਿਰ ਦੀਆਂ ਇਮਾਰਤਾਂ ਨੂੰ ਦੀਵੇ ਜਾਂ ਮੋਮਬੱਤੀਆਂ ਨਾਲ ਰੁਸ਼ਨਾਇਆ ਜਾਂਦਾ ਹੈ। ਲੋਕ ਬਹੁਤ ਉਤਸ਼ਾਹ ਨਾਲ ਇਹ ਤਿਉਹਾਰ ਮਨਾਉਂਦੇ ਹਨ। ਘਰਾਂ ਨੂੰ ਕਲੀ ਕੀਤੀ ਜਾਂਦੀ ਹੈ। ਨਵੇਂ ਕੱਪੜੇ ਖਰੀਦੇ ਜਾਂਦੇ ਹਨ। ਕਈ ਤਰ੍ਹਾਂ ਦੀਆਂ ਮਿਠਾਈਆਂ ਬਣਾਈਆਂ ਜਾਂਦੀਆਂ ਹਨ। ਲੋਕ ਮਿਠਾਈਆਂ ਅਤੇ ਚਾਂਦੀ ਦੇ ਸਿੱਕਿਆਂ ਨਾਲ ਲਕਸ਼ਮੀ ਮਾਤਾ ਦੀ ਪੂਜਾ ਕਰਦੇ ਹਨ। ਮਗਰੋਂ ਉਹ ਆਪਣੇ ਮਿੱਤਰਾਂ ਅਤੇ ਸਾਕ-ਸਬੰਧੀਆਂ ਨੂੰ ਵੀ ਮਿਠਾਈਆਂ ਵੰਡਦੇ ਹਨ। ਅਜਿਹਾ ਮੰਨਿਆ ਜਾਂਦਾ ਹੈ ਕਿ ਇਸ ਰਾਤ ਮਾਤਾ ਲਕਸ਼ਮੀ, ਵਿੱਧ ਮਾਤਾ ਸਹਿਤ ਹਰ ਘਰ ਦਾ ਚੱਕਰ ਲਗਾਉਂਦੀ ਹੈ ਅਤੇ ਜਿੱਥੇ ਉਹਨਾਂ ਦੀ ਕਿਰਪਾ ਹੋਵੇ ਅਪਾਰ ਦੌਲਤ ਬਰਸਦੀ ਹੈ।

ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਵਿੱਚ ਦੀਵਾਲੀ ਬੜੀ ਧੂਮ-ਧਾਮ ਨਾਲ ਮਨਾਈ ਜਾਂਦੀ ਹੈ। ਸਰੋਵਰ ਦੇ ਚਾਰੇ ਪਾਸੇ ਦੀਵੇ ਬਾਲੇ ਜਾਂਦੇ ਹਨ। ਪਾਣੀ ਵਿੱਚ ਦੀਵਿਆਂ ਦੇ ਲਹਿਰਾਉਂਦੇ ਪਰਛਾਵੇਂ ਮਨਮੋਹਕ ਦ੍ਰਿਸ਼ ਪੇਸ਼ ਕਰਦੇ ਹਨ। ਜਦੋਂ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਜੀ ਜਦੋਂ ਬਵੰਜਾ (52) ਰਾਜਿਆਂ ਸਮੇਤ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾ ਹੋਣ ਉਪਰੰਤ ਅੰਮ੍ਰਿਤਸਰ ਪਹੁੰਚੇ ਸਨ, ਉਸ ਦਿਨ ਤੋਂ ਸਿੱਖਾਂ ਨੇ ਦੀਵਾਲੀ ਮਨਾਉਣੀ ਸ਼ੁਰੂ ਕੀਤੀ ਸੀ। ਲੋਕਾਂ ਨੇ ਗੁਰੂ ਸਾਹਿਬ ਦੇ ਆਗਮਨ ਦੀ ਖੁਸ਼ੀ ਵਿੱਚ ਪੂਰੇ ਸ਼ਹਿਰ ਵਿੱਚ ਦੀਪਮਾਲਾ ਕੀਤੀ ਸੀ।

ਪਟਿਆਲਾ ਵਿਰਾਸਤੀ ਮੇਲਾ:

2003 ਵਿੱਚ ਸ਼ੁਰੂ ਹੋਇਆ ਇਹ ਮੇਲਾ ਪਟਿਆਲਾ ਦੇ ਕਿਲ੍ਹਾ ਮੁਬਾਰਕ ਕੰਪਲੈਕਸ ਵਿੱਚ ਮਨਾਇਆ ਜਾਂਦਾ ਹੈ। ਇਹ ਮੇਲਾ 10 ਦਿਨ ਚਲਦਾ ਹੈ। ਇਸ ਮੇਲੇ ਵਿੱਚ ਹਸਤ ਕਲਾ, ਭਾਰਤੀ ਸ਼ਾਸਤਰੀ ਸੰਗੀਤ ਅਤੇ ਲੋਕਨਾਚ ਦੇ ਮੁਕਾਬਲੇ ਹੁੰਦੇ ਹਨ।

ਕਿਲ੍ਹਾ ਮੁਬਾਰਕ ਦੇ ਦਰਬਾਰੀ ਹਾਲ ਵਿੱਚ ਚੰਦੋਏ, ਇਤਿਹਾਸਿਕ ਹਥਿਆਰ, ਪਟਿਆਲਾ ਅਤੇ ਬਰਤਾਨੀਆ ਸਾਮਰਾਜ ਦੇ ਰਾਜਿਆਂ - ਰਾਣੀਆਂ ਦੀਆਂ ਤਸਵੀਰਾਂ ਦਾ ਦਿਲ-ਲੁਭਾਉ ਸੰਗ੍ਰਿਹ ਹੈ। ਸ਼ੀਸ਼ ਮਹਲ ਦੀ ਪ੍ਰਾਕ੍ਰਿਤੀ ਸੰਬਧੀ ਗੈਲਰੀ, ਬੀਹਵੀਂ ਸਦੀ ਦੇ ਇੱਕ ਪ੍ਰਸਿੱਧ ਅੰਗ੍ਰੇਜ਼ੀ ਪ੍ਰਸ਼ਾਸਕ ਦੁਆਰਾ ਖੱਲ ਵਿੱਚ ਰੂੰ ਜਾਂ ਸਪੰਜ ਭਰੇ ਜੀਵਾਂ ਅਤੇ ਪੰਛੀਆਂ ਦਾ ਪ੍ਰਦਸ਼ਨ ਕਰਦੀ

Scanned with CamScanner

ਹੈ।

ਰੂਪਨਗਰ ਵਿਰਾਸਤੀ ਮੇਲਾ:

ਇਸ ਵਿਰਾਸਤੀ ਮੇਲੇ ਦਾ ਮੰਤਵ ਸੂਫੀ ਸੰਗੀਤ, ਭੰਗੜਾ ਕਲਾਕਾਰਾਂ ਅਤੇ ਹੋਰ ਪੰਜਾਬੀਆਂ ਦੇ ਹੁਨਰ ਨੂੰ ਹੋਰ ਵਿਕਸਿਤ ਕਰਨਾ ਹੈ।

ਕਪੂਰਥਲਾ ਵਿਰਾਸਤੀ ਮੇਲਾ:

ਬਾਬਾ ਜੱਸਾ ਸਿੰਘ ਆਹਲੂਵਾਲੀਆ ਵਿਰਾਸਤੀ ਮੇਲਾ ਕਪੂਰਥਲਾ ਵਿਰਾਸਤੀ ਟਰੱਸਟ ਵੱਲੋਂ ਭਾਰਤੀ ਰਾਸ਼ਟਰੀ ਕਲਾ ਅਤੇ ਸ਼ਿਲਪ ਵਿਰਾਸਤ ਟਰੱਸਟ ਨਾਲ ਸਾਝੇਂਦਾਰੀ ਵਿੱਚ ਲਗਾਇਆ ਜਾਂਦਾ ਹੈ। ਇਸ ਨੂੰ ਪੰਜਾਬ ਸਰਕਾਰ ਦਾ ਵੀ ਪੂਰਾ ਸਹਿਯੋਗ ਪ੍ਰਾਪਤ ਹੈ। ਇਹ ਮੇਲਾ ਜਗਜੀਤ ਮਹਿਲ ਅਤੇ ਸ਼ਾਸਤਰੀ ਸੰਗੀਤ, ਨਾਚ ਅਤੇ ਨਾਟਕ ਕੇਂਦਰਾਂ ਵਿੱਚ ਲੱਗਦਾ ਹੈ।

ਅੰਮ੍ਰਿਤਸਰ ਵਿਰਾਸਤੀ ਮੇਲਾ:

ਇਸ ਮੇਲੇ ਵਿੱਚ ਭੰਗੜਾ, ਗਿੱਧਾ, ਗੱਤਕਾ, ਘੋੜੇ ਅਤੇ ਹਾਥੀਆਂ ਦੀ ਨੁਮਾਇਸ਼ ਹੁੰਦੀ ਹੈ। ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਨਾਟਕ, ਸੰਗੀਤ ਅਤੇ ਲੋਕ ਨਾਚ ਪੇਸ਼ ਕੀਤੇ ਜਾਂਦੇ ਹਨ। ਇਸ ਵਿਰਾਸਤੀ ਮੇਲੇ ਦਾ ਮੰਤਵ ਅੰਮ੍ਰਿਤਸਰ ਨੂੰ ਵਿਸ਼ਵ ਪੱਧਰ 'ਤੇ ਬਤੌਰ ਸੈਲਾਨੀ ਕੇਂਦਰ ਵੱਜੋਂ ਵਿਕਸਿਤ ਕਰਨਾ ਹੈ।

ਸਾਰਣੀ 12.5 ਪੰਜਾਬ ਦੇ ਮੇਲੇ ਅਤੇ ਤਿਉਹਾਰ

ਮੇਲੇ/ਤਿਉਹਾਰ ਦਾ ਨਾਂ	ਸਥਾਨ
ਮਾਘੀ ਮੇਲਾ	ਮੁਕਤਸਰ
ਕਿਲਾ ਰਾਏਪੁਰ ਖੇਡ ਮੇਲਾ	ਕਿਲਾ ਰਾਏਪੁਰ, ਲੁਧਿਆਣਾ
ਰੌਸ਼ਨੀ ਦਾ ਮੇਲਾ	ਜਗਰਾਓ, ਲੁਧਿਆਣਾ
ਜ਼ਰਗ ਦਾ ਮੇਲਾ	ਪਾਇਲ, ਲੁਧਿਆਣਾ
ਛਪਾਰ ਦਾ ਮੇਲਾ	ਲੁਧਿਆਣਾ
ਕਿਸਾਨ ਮੇਲਾ	ਪੰਜਾਬ ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ
ਮੇਲਾ ਗਦਰੀ ਬਾਬਿਆਂ ਦਾ	ਦੇਸ਼ ਭਗਤ ਯਾਦਗਾਰੀ ਹਾਲ, ਜਲੰਧਰ
ਬਾਬਾ ਸੋਢਲ ਦਾ ਮੇਲਾ	ਜਲੰਧਰ
ਹਰੀਵੱਲਭ ਸ਼ਾਸਤਰੀ ਸੰਗੀਤ ਮੇਲਾ	ਦੇਵੀ ਤਲਾਬ ਮੰਦਰ ਜਲੰਧਰ
ਹੋਲਾ ਮਹੱਲਾ	ਸ੍ਰੀ ਆਨੰਦਪੁਰ ਸਾਹਿਬ
ਉਰਸ ਦਾ ਮੇਲਾ (ਰੋਜ਼ਾ ਸਰੀਫ਼)	ਸਰਹਿੰਦ
ਸ਼ਹੀਦੀ ਜੋੜ ਮੇਲਾ	ਸਰਹਿੰਦ
ਵਿਸਾਖੀ ਦਾ ਮੇਲਾ	ਤਖ਼ਤ ਸ੍ਰੀ ਦਮਦਮਾ ਸਾਹਿਬ, ਤਖ਼ਤ ਸ੍ਰੀ ਤਲਵੰਡੀ ਸਾਬੋ ਅਤੇ ਤਖ਼ਤ ਸ੍ਰੀ ਅਕਾਲ ਤਖ਼ਤ
ਸ਼ੇਖ ਫਰੀਦ ਦਾ ਮੇਲਾ	ਫਰੀਦਕੋਟ

Scanned with CamScanner

12.6 ਪੰਜਾਬ ਦੇ ਲੋਕ ਨਾਚ:

ਜਾਣ ਪਹਿਚਾਣ:

ਪੰਜਾਬੀਆਂ ਦੇ ਜੀਵਨ ਦਾ ਜੋਸ਼ ਅਤੇ ਜ਼ਿੰਦਾਦਿਲੀ ਉਹਨਾਂ ਦੇ ਲੋਕ ਨਾਚਾਂ ਵਿੱਚੋਂ ਝਲਕਦੀ ਹੈ। ਇਹ ਹੁਲਾਰੇ ਅਦਾਵਾਂ, ਇਸ਼ਾਰਿਆਂ, ਬੋਲੀਆਂ, ਸੈਨਤਾਂ ਅਤੇ ਅਜ਼ਾਦੀ ਨਾਲ ਭਰੀ ਹੈ। ਇਹ ਨਾਚ, ਮਨ ਦੀ ਮੁਕਤੀ ਅਤੇ ਖੁਸ਼ੀ ਦਾ ਨਾਚ ਹੈ। ਢੋਲ ਜਾਂ ਹੋਰ ਸਾਜ਼ਾਂ ਦੀ ਤਾਲ ਤੇ ਪੰਜਾਬੀਆਂ ਦੇ ਪੱਬ ਆਪ ਮੁਹਾਰੇ ਉੱਠ ਪੈਂਦੇ ਹਨ। ਪੰਜਾਬ ਦਾ ਲੋਕ ਨਾਚ ਇਥੇ ਹੀ ਜਨਮਿਆ ਹੈ। ਇਹ ਇਸਦੇ ਭਾਵਾਂ ਦਾ ਪ੍ਰਗਟਾਵਾ ਕਰਨ ਦੇ ਨਾਲ-ਨਾਲ ਇੱਕ ਉੱਚੀ ਉਡਾਰੀ ਭਰਨੀ ਵੀ ਲੋਚਦਾ ਹੈ। ਪੰਜਾਬ ਦੇ ਲੋਕ ਨਾਚ ਇੱਥੋਂ ਦੇ ਲੋਕਾਂ ਵਿਚਲੀ ਊਰਜਾ ਅਤੇ ਜੋਸ਼ ਦਾ ਪ੍ਰਗਟਾਵਾ ਕਰਦੇ ਹਨ। ਇਹ ਲੋਕ ਨਾਚ ਪੰਜਾਬੀਆਂ ਦੀ ਜਿੰਦਾਦਿਲੀ ਦਾ ਪ੍ਰਮਾਣ ਦਿੰਦੇ ਹਨ।

ਪੰਜਾਬੀ ਨਾਚ ਦੇ ਕਈ ਊਰਜਾਤਮਕ ਰੂਪ ਹਨ ਅਤੇ ਕਈ ਹੌਲੀ ਜਾਂ ਮਿੰਨ੍ਹੇ ਭਾਵ ਵਾਲੇ ਹਨ। ਮਰਦਾਂ ਅਤੇ ਔਰਤਾਂ ਲਈ ਵੱਖਰੇ-ਵੱਖਰੇ ਨਾਚ ਹਨ। ਕੁਝ ਨਾਚ ਸਾਂਝੇ ਹਨ ਪਰ ਕਈਆਂ ਦਾ ਸਬੰਧ ਧਾਰਮਿਕ ਬਿਰਤਾਂਤ ਨਾਲ ਹੈ।

ਨਾਚ ਮੁੱਖ ਤੌਰ ਤੇ ਕਿਸੇ ਤਿੱਥ ਜਾਂ ਤਿਉਹਾਰ 'ਤੇ, ਵਾਢੀ ਵੇਲੇ, ਵਿਆਹਾਂ ਜਾਂ ਲੋਹੜੀ ਜਾਂ ਮਾਘੀ ਦੇ ਮੇਲਿਆਂ ਵੇਲੇ ਪੇਸ਼ ਕੀਤੇ ਜਾਂਦੇ ਹਨ। ਇਹਨਾਂ ਅਵਸਰਾਂ ਤੇ ਹਰ ਕਿਸੇ ਨੂੰ ਨੱਚਣ ਦਾ ਮੌਕਾ ਮਿਲਦਾ ਹੈ। ਵਿਆਹੇ ਜੋੜੇ ਇਕੱਠੇ ਨਾਚ ਵਿੱਚ ਭਾਗ ਲੈਂਦੇ ਹਨ।

ਔਰਤਾਂ ਦੇ ਲੋਕ ਨਾਚ:

ਸੰਮੀ:

ਇਹ ਵਿਰਾਸਤੀ ਨਾਚ ਪੰਜਾਬ ਦੀਆਂ ਆਦਿ-ਕਾਲੀਨ ਸੱਭਿਆਤਾਵਾਂ ਤੋਂ ਪੈਦਾ ਹੋਇਆ ਨਾਚ ਹੈ। ਇਹ ਨਾਚ ਪਾਕਿਸਤਾਨ ਦੇ ਸੰਦਲਬਾਰ (ਹੁਣ ਪਾਕਿਸਤਾਨ ਵਿੱਚ) ਇਲਾਕੇ ਵਿੱਚ ਕਾਫੀ ਪ੍ਰਸਿੱਧ ਹੈ। ਆਮ ਤੌਰ 'ਤੇ ਬਾਜ਼ੀਗਰ ਲੁਭਾਣਾਂ ਅਤੇ ਸਾਂਸੀ ਜਾਤੀਆਂ ਦੀਆਂ ਔਰਤਾਂ ਇਹ ਨਾਚ ਕਰਦੀਆਂ ਹਨ।

ਕਿਹਾ ਜਾਂਦਾ ਹੈ ਕਿ ਇਹ ਨਾਚ ਮਾਰਵਾੜ ਦੀ ਰਾਜਕੁਮਾਰੀ ਸੰਮੀ ਨੇ ਆਪਣੇ ਪਿਆਰੇ, ਰਾਜਸਥਾਨ ਦੇ ਰਾਜਕੁਮਾਰ ਸੱਚ ਕੁਮਾਰ ਤੋਂ ਦੂਰ ਹੋਣ ਦੀ ਵੇਦਨਾ ਦੇ ਪ੍ਰਗਟਾਵੇ ਲਈ ਕੀਤਾ ਸੀ। ਕਲਾਕਾਰ ਇਸ ਨਾਚ ਲਈ ਰੰਗਦਾਰ ਕੁੜਤਿਆਂ ਅਤੇ ਲਹਿੰਗਿਆਂ ਦੀ ਵੇਸ਼-ਭੂਸ਼ਾ ਧਾਰਨ ਕਰਦੇ ਹਨ। ਇੱਕ ਖਾਸ ਕਿਸਮ ਦਾ ਚਾਂਦੀ ਦਾ ਗਹਿਣਾ ਸਿਰ 'ਤੇ ਪਾਇਆ ਜਾਂਦਾ ਹੈ, ਜਿਹੜਾ ਇਸ ਨਾਚ ਦੀ ਵੇਸ਼ਭੂਸ਼ਾ ਦਾ ਮੁੱਖ ਹਿੱਸਾ ਹੈ।

ਗਿੱਧਾ:

ਭਾਰਤ ਅਤੇ ਪਾਕਿਸਤਾਨ ਦੇ ਪੰਜਾਬ ਖੇਤਰ ਵਿੱਚ ਇਹ ਔਰਤਾਂ ਦਾ ਮਸ਼ਹੂਰ ਨਾਚ ਹੈ। ਇਹ ਪੁਰਾਤਨ ਨਾਚ, ਝੂੰਮਰ ਦਾ ਹੀ ਸੁਧਰਿਆ ਰੂਪ ਹੈ। ਇਹ ਮਰਦਾਂ ਦੇ ਭੰਗੜੇ ਵਾਂਗ ਊਰਜਾ ਨਾਲ ਭਰਪੂਰ ਨਾਚ ਹੈ। ਇਸ ਵਿੱਚ ਔਰਤਾਂ ਦੀ ਕਲਾਤਮਕਤਾ, ਲਚੀਲਾਪਨ ਅਤੇ ਸ਼ਾਨ ਝਲਕਦੀ ਹੈ। ਗਿੱਧੇ ਵਿਚਲੀਆਂ ਬੋਲੀਆਂ, ਅੱਲ੍ਹੜ ਮੁਟਿਆਰਾਂ ਨੂੰ ਉਹਨਾਂ ਦੇ ਭਾਵਾਂ ਦਾ ਪ੍ਰਗਟਾਵਾ ਕਰਨ ਦਾਂ ਮੌਕਾ ਦਿੰਦੀਆਂ ਹਨ। ਜੋਸ਼ ਅਤੇ ਉਮੰਗ ਨਾਲ ਭਰਿਆ ਇਹ ਨਾਚ ਇੱਕ ਖੁਲ੍ਹੇ ਕਿਸਮ ਦਾ ਨਾਚ ਹੈ।

ਜਾਗੋ:

ਇਹ ਨਾਚ ਪੰਜਾਬੀ ਵਿਆਹ ਦੀ ਰਸਮ ਦਾ ਹਿੱਸਾ ਹੈ। ਇਹ ਨਵੀਂ ਵਿਆਹੀ ਦਾ ਸੁਹਰੇ ਘਰ ਸੁਆਗਤ ਕਰਨ ਦੀ ਭਾਵਨਾ ਨਾਲ ਕੀਤਾ ਜਾਂਦਾ ਹੈ। ਕੁੜੀਆਂ ਸਿਰ 'ਤੇ ਗਾਗਰ ਚੁੱਕੀ ਪਿੰਡ ਦੀਆਂ ਗਲੀਆਂ ਵਿੱਚੋਂ ਦੀ ਨਿਕਲਦੀਆਂ ਹਨ। ਗਾਗਰ ਇੱਕ

Scanned with CamScanner

ਰੂੜੇ ਰੰਗ ਨਾਲ ਸਜਾਇਆ ਮਿੱਟੀ ਦਾ ਘੜਾ ਹੁੰਦਾ ਹੈ। ਉਸ ਦੁਆਲੇ ਮੋਮਬਤੀਆਂ (ਆਟੇ ਦੇ ਦੀਵੇ) ਲਗਾਈਆਂ ਜਾਂਦੀਆਂ ਹਨ। ਇਸ ਨਾਚ ਮੌਕੇ ਗਾਏ ਗੀਤਾਂ ਦਾ ਵਿਸ਼ਾ ਸਮਾਜਿਕ ਹੁੰਦਾ ਹੈ। ਇਹ ਗੀਤ ਕੁੱਝ ਤਿੱਖੇ ਬੋਲਾਂ ਵਾਲੇ ਹੁੰਦੇ ਹਨ।

ਕਿੱਕਲੀ:

ਇਹ ਪੰਜਾਬੀ ਕੁੜੀਆਂ ਦਾ ਨਾਚ ਹੈ। ਇਸ ਵਿੱਚ ਉਹ ਇੱਕ ਦੂਜੇ ਦਾ ਹੱਥ ਫੜ ਕੇ ਇੱਕ ਚੱਕਰ ਵਿੱਚ ਗੋਲ-ਗੋਲ ਘੁੰਮਦੀਆਂ ਹਨ। ਇਹ ਨਾਚ ਜੋੜੇ ਬਣਾ ਕੇ ਕੀਤਾ ਜਾਂਦਾ ਹੈ। ਇਸ ਨਾਚ ਨਾਲ ਜੁੜੇ ਸੰਗੀਤ ਵਿੱਚ ਕਾਫ਼ੀ ਭਿੰਨਤਾ ਪਾਈ ਜਾਂਦੀ ਹੈ। ਇਹ ਇੱਕ ਊਰਜਾ ਨਾਲ ਭਰਪੂਰ ਨਾਚ ਹੈ।

ਮਰਦਾਂ ਦੇ ਲੋਕ ਨਾਚ:

ਭੰਗੜਾ:

ਪਹਿਲਾਂ ਪਹਿਲ ਪੰਜਾਬੀ ਕਣਕ ਦੀ ਵਾਢੀ ਦੀ ਖੁਸ਼ੀ ਵਿੱਚ ਭੰਗੜਾ ਪਾਇਆ ਕਰਦੇ ਸਨ। ਉਹ ਰਵਾਇਤੀ ਪੁਸ਼ਾਕ ਕੁਰਤਾ ਅਤੇ ਲੁੰਗੀ ਪਹਿਨਿਆ ਕਰਦੇ ਸਨ। ਅਜੋਕੇ ਯੁੱਗ ਵਿੱਚ ਇਹ ਨਾਚ ਵਿਆਹ, ਜਨਮ ਦਿਨ, ਸੱਭਿਆਚਾਰਕ ਮੁਕਾਬਲਿਆਂ ਅਤੇ ਹੋਰ ਖੁਸ਼ੀ ਦੇ ਮੌਕਿਆਂ ਸਮੇਂ ਹੁੰਦਾ ਹੈ। ਪਿੰਡਾਂ ਵਿੱਚ ਲੋਕ ਢੋਲ ਦੁਆਲੇ ਨੱਚਦੇ ਹਨ। ਹਰ ਵਰਗ ਦੇ ਲੋਕ ਭੰਗੜਾ ਪਾਉਂਦੇ ਹਨ। ਜਵਾਨਾਂ ਨਾਲ ਬੱਚੇ ਅਤੇ ਬਜ਼ੁਰਗ ਵੀ ਇਸ ਨਾਚ ਵਿੱਚ ਸ਼ਾਮਿਲ ਹੋ ਸਕਦੇ ਹਨ।

ਭੰਗੜੇ ਦੇ ਸਹਿਰੂਪ: ਭੰਗੜੇ ਦੇ ਕਈ ਸਹਿ ਰੂਪ ਹਨ ਜਿੰਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ਡੰਕਾਰਾ: ਇਹ ਸ਼ਬਦ 'ਡਾਂਗ' ਤੋਂ ਬਣਿਆ। ਡਾਂਗ ਅਰਥਾਤ ਸੋਟੀ। ਨਾਮ ਤੋਂ ਹੀ ਸਾਫ਼ ਹੈ ਕਿ ਇਹ ਨਾਚ ਸੋਟੀਆਂ ਨਾਲ ਕੀਤਾ ਜਾਂਦਾ ਹੈ। ਆਮ ਤੌਰ ਤੇ ਇਹ ਨਾਚ ਵਿਆਹ ਮੌਕੇ ਕੀਤਾ ਜਾਂਦਾ ਹੈ। ਇਹ ਨਾਚ ਗੁਜਰਾਤ ਦੇ ਡਾਂਡੀਆਂ ਨਾਚ ਨਾਲ ਕਾਫ਼ੀ ਮੇਲ ਖਾਂਦਾ ਹੈ।

ਧਮਾਲ: ਇਹ ਇੱਕ ਵਿਸ਼ੇਸ਼ ਕਿਸਮ ਦਾ ਜੋਸ਼ ਨਾਲ ਭਰਿਆ ਨਾਚ ਹੈ। ਇਸ ਵਿੱਚ ਭਾਗ ਲੈਣ ਵਾਲੇ ਇੱਕ ਚੱਕਰ ਬਣਾਉਂਦੇ ਹਨ ਅਤੇ ਹਵਾ ਵਿੱਚ ਇੱਕ ਦੂਜੇ ਦੇ ਹੱਥ ਫੜ ਕੇ ਨੱਚਦੇ ਹਨ।

ਗੱਤਕਾ: ਇਹ ਨਾਚ ਸਿੱਖਾਂ ਦੀ ਯੁੱਧ ਕਲਾ ਦਾ ਨਮੂਨਾ ਹੈ। ਜਿਸ ਵਿੱਚ ਤਲਵਾਰਾਂ, ਸੋਟੀਆਂ ਅਤੇ ਨੇਜ਼ਿਆਂ ਦੀ ਵਰਤੋਂ ਹੁੰਦੀ ਹੈ। ਲੋਕਾਂ ਦੀ ਮਾਨਤਾ ਹੈ ਕਿ ਪੰਜਵੇਂ ਗੁਰੂ ਸਾਹਿਬ ਦੀ ਸ਼ਹੀਦੀ ਮਗਰੋਂ ਛੇਵੇਂ ਗੁਰੂ ਜੀ ਨੇ ਇਸ ਦਾ ਆਰੰਭ ਕੀਤਾ। ਜਿੱਥੇ ਕਿਤੇ ਸਿੱਖ ਦੀ ਆਬਾਦੀ ਹੋਵੇਗੀ, ਉਥੇ ਗੱਤਕਾ ਕਲਾਕਾਰ ਜਰੂਰ ਮਿਲਣਗੇ। ਇਸ ਵਿੱਚ ਬੱਚੇ ਅਤੇ ਬਾਲਕ ਵੀ ਭਾਗ ਲੈ ਸਕਦੇ ਹਨ। ਇਹ ਕਲਾਕਾਰ ਕਿਸੇ ਵਿਸ਼ੇਸ਼ ਦਿਨਾਂ 'ਤੇ ਜਿਵੇਂ ਵਿਸਾਖੀ ਜਾਂ ਗੁਰਪੂਰਬ ਮੌਕੇ ਗੱਤਕਾ ਜੌਹਰ ਦਿਖਾਉਂਦੇ ਹਨ।

ਜੁੱਲੀ:

ਭਾਵੇਂ ਕਿ ਭੰਗੜਾ ਇੱਕ ਸਮੂਹ ਵੱਲੋਂ ਪੇਸ਼ ਕੀਤਾ ਜਾਂਦਾ ਹੈ, ਪਰ ਜੁੱਲੀ ਇੱਕ ਇੱਕਲਾ ਵਿਅਕਤੀ ਵੀ ਕਰ ਸਕਦਾ ਹੈ। ਇਹ ਪਹਿਲਾਂ ਮੁਸਲਮਾਨ ਭਗਤਾਂ ਵੱਲੋਂ ਕੀਤਾ ਜਾਂਦਾ ਸੀ। ਇਸ ਨੂੰ ਬੈਠ ਕੇ ਵੀ ਕੀਤਾ ਜਾ ਸਕਦਾ ਹੈ।

ਲੁੱਡੀ:

ਇਹ ਪੰਜਾਬੀ ਮਰਦਾਂ ਦਾ ਨਾਚ ਹੈ। ਕਿਸੇ ਵੀ ਖੇਤਰ ਵਿੱਚ ਜਿੱਤ ਦੇ ਪ੍ਰਗਟਾਵੇ ਲਈ ਇਹ ਨਾਚ ਕੀਤਾ ਜਾਂਦਾ ਹੈ। ਸਤਲੁਜ ਪਾਰ ਇਹ ਨਾਚ ਕਾਫੀ ਹਰਮਨ ਪਿਆਰਾ ਹੈ। ਇਸ ਨਾਚ ਮੌਕੇ ਕਲਾਕਾਰ ਇੱਕ ਖੁੱਲ੍ਹੀ ਕਮੀਜ਼ ਪਹਿਨਦੇ ਹਨ ਅਤੇ ਨਾਚ ਮੌਕੇ ਇੱਕ ਹੱਥ ਪਿੱਛੇ ਰੱਖਦੇ ਹਨ ਅਤੇ ਦੂਜਾ ਹੱਥ ਆਪਣੇ ਚਿਹਰੇ ਮੂਹਰੇ ਰੱਖਦੇ ਹਨ। ਸਰੀਰਕ ਗਤੀ ਦਰਮਿਆਨੀ ਲਚੀਲੀ ਹੁੰਦੀ ਹੈ। ਨੱਚਣ ਵਾਲਿਆਂ ਦੇ ਕੇਂਦਰ ਵਿੱਚ ਢੋਲੀ ਹੁੰਦਾ ਹੈ।

Scanned with CamScanner

ਮਲਵਈ ਗਿੱਧਾ:

ਇਹ ਪੰਜਾਬ ਦੇ ਮਾਲਵਾ ਖੇਤਰ ਵਿੱਚ ਮਰਦਾਂ ਦਾ ਨਾਚ ਹੈ। ਆਮ ਤੌਰ 'ਤੇ ਇਹ ਨਾਚ ਬਜ਼ੁਰਗਾਂ ਵੱਲੋਂ ਕੀਤਾ ਜਾਂਦਾ ਹੈ। ਇਸ ਦਾ ਆਰੰਭ ਜਿਲ੍ਹਾ ਸ੍ਰੀਗੰਗਾਨਗਰ ਦੇ ਮਿੱਡ ਚੱਕਾ ਵਿੱਚ ਹੋਇਆ ਮੰਨਿਆ ਜਾਂਦਾ ਹੈ। ਇਸ ਨੂੰ ਸਾਥੀਆਂ ਦਾ ਗਿੱਧਾ ਵੀ ਆਖਦੇ ਹਨ। ਇਸ ਨਾਚ ਵਿੱਚ ਤੂੰਬੀ, ਚਿਮਟਾ, ਕਾਹੇ, ਸੰਖ ਅਤੇ ਕਰਤਾਲਾਂ ਵਰਗੇ ਸਾਜ਼ ਵਰਤੇ ਜਾਂਦੇ ਹਨ।

ਮਰਦਾਂ ਅਤੇ ਔਰਤਾਂ ਦੇ ਸਾਂਝੇ ਲੋਕ ਨਾਚ:

ਕਾਰਬੀ:

ਇਹ ਔਰਤਾਂ ਅਤੇ ਮਰਦਾਂ ਦਾ ਸਾਂਝਾ ਲੋਕ ਨਾਚ ਹੈ। ਆਮ ਤੌਰ ਤੇ ਇਹ ਕਣਕ ਦੀ ਵਾਢੀ ਵੇਲੇ ਹੁੰਦਾ ਹੈ। ਵਾਢੀ ਤੋਂ ਪਹਿਲਾਂ ਕੁਝ ਰਸਮਾਂ ਨਿਭਾਈਆਂ ਜਾਂਦੀਆਂ ਹਨ। ਔਰਤਾਂ ਇਕੱਠ ਵਿੱਚ ਰਵਾਇਤੀ ਗੀਤ ਗਾਉਂਦੀਆਂ ਹਨ। ਇਹਨਾਂ ਗੀਤਾਂ ਵਿੱਚ ਇਤਿਹਾਸ ਵਿੱਚ ਹੋਈਆਂ ਜੰਗਾਂ ਅਤੇ ਜੋਤਾਂ ਦਾ ਬਿਰਤਾਂਤ ਹੁੰਦਾ ਹੈ।

ਜਿੰਦੂਆ:

ਇਹ ਨਾਚ ਇੱਕ ਮਰਦ ਅਤੇ ਔਰਤ ਜੋੜੇ ਵਿੱਚ ਕਰਦੇ ਹਨ। ਜਿੰਦੂਆ ਦਾ ਅਰਥ ਹੈ ਜੀਵਨ ਦਾ ਮੋਹ ਜਾਂ ਪਿਆਰ। ਇਸ ਨਾਚ ਰਾਹੀਂ ਉਹ ਆਪਣੇ ਇੱਕ ਦੂਜੇ ਪ੍ਰਤੀ ਪਿਆਰ ਦਾ ਪ੍ਰਗਟਾਵਾ ਕਰਨ ਦੇ ਨਾਲ-ਨਾਲ ਜੀਵਨ ਜਿਉਣ ਦੇ ਸਹਿਜ ਤਰੀਕਿਆਂ ਬਾਰੇ ਵੀ ਦੱਸਦੇ ਹਨ। ਸੋ ਭਾਵੇਂ ਇਹ ਨਾਚ ਪਿਆਰ ਨੂੰ ਦਰਸਾਉਂਦਾ ਹੈ ਪਰ ਇਹ ਜੀਵਨ ਸਬੰਧੀ ਕੁਝ ਤਰਕਾਂ ਦਾ ਵੀ ਵਰਣਨ ਕਰਦਾ ਹੈ।

Scanned with CamScanner

12.7 ਸੰਗੀਤ ਸਾਜ਼:

ਪੰਜਾਬ ਦਾ ਸੰਗੀਤ ਵਿਰਸਾ ਸਦੀਆਂ ਪੁਰਾਣਾ ਅਤੇ ਅਮੀਰ ਹੈ। ਪੰਜਾਬ ਦੇ ਇਤਿਹਾਸ ਵਿਚ ਸਿਹਨਾਂ ਸਾਜ਼ਾਂ ਦੀ ਅਹਿਮ ਭੂਮਿਕਾ ਰਹੀ ਹੈ। ਲੱਗਭਗ ਹਰ ਤਿਥ ਤਿਉਹਾਰ 'ਤੇ ਪੰਜਾਬੀਆਂ ਦੇ ਜੀਵਨ ਵਿੱਚ ਗੀਤ ਸੰਗੀਤ ਗੂੰਜਦਾ ਹੈ। ਲੱਗਭਗ ਜਾਂਦੇ ਨਾਚ ਕਿਸੇ ਨਾ ਕਿਸੇ ਸਾਜ਼ ਦੀ ਧੁਨ ਤੇ ਕੀਤੇ ਜਾਂਦੇ ਹਨ।

ਢੋਲ:

ਇਹ ਪੰਜਾਬ ਦਾ ਹਰਮਨ ਪਿਆਰਾ ਲੋਕ ਸਾਜ਼ ਹੈ। ਇਸ ਵਾਦ ਦੀ ਵਰਤੋਂ ਭੰਗੜੇ ਤੋਂ ਬਿਨਾਂ ਹੋਰ ਕਈ ਸਮਾਜਿਕ ਰਸਮਾਂ ਅਤੇ ਮੇਲਿਆਂ ਆਦਿ ਵਿੱਚ ਵੀ ਹੁੰਦੀ ਹੈ। ਇਹ ਪਰਦੇ ਤੇ ਸੱਟ ਮਾਰ ਕੇ ਵਜਾਉਣ ਵਾਲਾ ਯੰਤਰ ਹੈ ਅਤੇ ਇਸ ਨੂੰ ਵਜਾਉਣ ਵਾਲੇ ਨੂੰ ਢੋਲੀ ਜਾਂ ਭਰਾਜ ਆਖਦੇ ਹਨ। ਇਹ ਇੱਕ ਬੇਲਣਾਕਾਰ ਲੱਕੜੀ ਦਾ ਖੋਖਲਾ ਢਾਂਚਾ ਹੁੰਦਾ ਹੈ ਜਿਸ ਦੀ ਦੋਹਾਂ ਸਿਰਿਆਂ ਤੇ ਪਰਦੇ ਲਗਾਏ ਹੁੰਦੇ ਹਨ। ਇਸ ਨੂੰ ਦੋ ਕਿਸਮ ਦੀਆਂ ਡੰਡੀਆਂ ਨਾਲ ਵਜਾਇਆ ਜਾਂਦਾ ਹੈ। ਦੋਹਾਂ ਪਰਦਿਆਂ ਵਿੱਚ ਖਿੱਚ ਨਾਲ ਤਣਾਅ ਪੈਦਾ ਕੀਤਾ ਜਾਂਦਾ ਹੈ। ਢੋਲ ਦਾ ਅਕਾਰ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਖ-ਵੱਖ ਹੈ। ਉੱਚੀ ਆਵਾਜ਼ ਪੈਦਾ ਕਰਨ ਲਈ ਵੱਡੇ ਢੋਲ ਦੀ ਵਰਤੋਂ ਕੀਤੀ ਜਾਂਦੀ ਹੈ। ਸੱਟ ਮਾਰਨ ਲਈ ਵਰਤੀ ਜਾਂਦੀ ਸੋਟੀ ਨੂੰ 'ਡੱਗਾ' ਕਹਿੰਦੇ ਹਨ ਅਤੇ ਇਹ ਦੂਜੀ ਸੋਟੀ ਤੋਂ ਮੋਟੀ ਹੁੰਦੀ ਹੈ। ਪਤਲੀ ਸੋਟੀ ਹੌਲੀ ਅਵਾਜ਼ ਪੈਦਾ ਕਰਨ ਲਈ ਵਰਤੀ ਜਾਂਦੀ ਹੈ ਅਤੇ ਇਸ ਨੂੰ ਤੀਲੀ ਆਖਦੇ ਹਨ।

ਢੱਡ:

ਇਹ ਡੰਮਰੂ ਕਿਸਮ ਦਾ ਸੱਟ ਮਾਰ ਕੇ ਵਜਾਉਣ ਵਾਲਾ ਸਾਜ਼ ਹੈ। ਇਸ ਦੀ ਬਨਾਵਟ ਦੂਜੇ ਭਾਰਤੀ ਡਰੰਮ ਯੰਤਰਾਂ (ਜਿਵੇਂ ਕਿ ਡੰਮਰੂ) ਵਾਂਗ ਹੀ ਹੁੰਦੀ ਹੈ। ਇੱਕ ਹੱਥ ਵਿੱਚ ਫੜ ਕੇ ਪਰਦੇ ਦੇ ਇੱਕ ਪਾਸੇ ਚੋਟ ਕਰਕੇ ਇਸ ਨੂੰ ਵਜਾਇਆ ਜਾਂਦਾ ਹੈ। ਇਹ ਢਾਡੀਆਂ ਦਾ ਇਕ ਹਰਮਨ ਪਿਆਰਾ ਸਾਜ਼ ਹੈ। ਉਹ ਇਸ ਨੂੰ ਇਤਿਹਾਸ ਵਿੱਚ ਸੂਰਮਿਆਂ ਦੀਆਂ ਬਹਾਦਰੀ ਗਾਥਾਵਾਂ ਗਾਉਣ ਲਈ ਵਰਤੋਂ ਵਿੱਚ ਲਿਆਉਂਦੇ ਹਨ।

ਤੂੰਬੀ:

ਤੂੰਬੀ ਉੱਤਰੀ ਭਾਰਤ ਦਾ ਇੱਕ ਰਵਾਇਤੀ ਸੰਗੀਤ ਸਾਜ਼ ਹੈ। ਇਹ ਪੁਰਾਣੇ ਸੰਗੀਤਕਾਰਾਂ ਵੱਲੋਂ ਵਰਤਿਆ ਜਾਂਦਾ ਹੈ। ਇਹ ਬਣਤਰ ਇੱਕ ਤਾਰਾ ਬਣਤਰ 'ਤੇ ਅਧਾਰਿਤ ਹੈ। ਅੱਜਕਲ ਇਹ ਕਈ ਲੋਕ ਗਾਇਕਾਂ ਵੱਲੋਂ ਵਰਤਿਆ ਜਾਂਦਾ ਹੈ। ਤੂੰਬੀ ਲੱਕੜੀ ਦੀਆਂ ਤੀਲੀਆਂ ਜੋ ਕਿ ਇੱਕ ਸਾਜ਼ ਜਾਂ ਸੁਰ ਕੱਢਣ ਵਾਲੇ ਯੰਤਰ, ਜਿਸ ਉਪਰ ਪਰਦਾ ਲੱਗਿਆ ਹੁੰਦਾ ਹੈ ਤੋਂ ਬਣੀ ਹੁੰਦੀ ਹੈ। ਇੱਕ ਧਾਤ ਦੀ ਤਾਰ ਸੁਰ ਕੱਢਣ ਵਾਲੇ ਯੰਤਰ ਵਿਚਦੀ ਲੰਘਾਈ ਜਾਂਦੀ ਹੈ ਅਤੇ ਤੀਲੀ ਦੇ ਸਿਰੇ ਤੇ ਬੰਨ੍ਹ ਦਿੱਤੀ ਜਾਂਦੀ ਹੈ। ਇਸ ਤਾਰ ਨੂੰ ਹੱਥ ਜਾਂ ਮਿਜ਼ਰਾਬ ਨਾਲ ਵਜਾਇਆ ਜਾਂਦਾ ਹੈ ਅਤੇ ਇਸ ਤਾਰ ਨੂੰ ਸੋਟੀ ਵੱਲ ਦਬਾ ਕੇ ਸੁਰ ਪੈਦਾ ਕੀਤੇ ਜਾਂਦੇ ਹਨ।

ਡਫਲੀ:

ਆਮ ਤੌਰ ਤੇ ਇਸ ਨੂੰ ਡੱਫ ਵੀ ਕਿਹਾ ਜਾਂਦਾ ਹੈ। ਇਹ ਦੂਹਰੀ ਤਾਰ ਦੀ ਬਣੀ ਹੁੰਦੀ ਹੈ ਜਿਸ ਵਿੱਚ ਦੂਹਰੀ ਕਤਾਰ ਵਿੱਚ ਘੁੰਘਰੂ ਪਾਏ ਹੁੰਦੇ ਹਨ ਅਤੇ ਸੱਟ ਮਾਰਨ ਵਾਲਾ ਤਲ ਲਗਭਗ 10 ਇੰਚ ਘੇਰੇ ਦਾ ਹੁੰਦਾ ਹੈ।

ਝਿਮਟਾ:

ਇਹ ਵੀ ਸੱਟ ਮਾਰ ਕੇ ਵਜਾਉਣ ਵਾਲਾ ਸਾਜ਼ ਹੈ। ਇਹ ਪੰਜਾਬ ਅਤੇ ਗੁਆਂਢੀ ਖੇਤਰਾਂ ਵਿੱਚ ਵਰਤਿਆ ਜਾਂਦਾ ਹੈ। ਇਹ ਯੰਤਰ ਰਵਾਇਤੀ ਰੂਪ ਵਿੱਚ ਸਿੱਧਾਂ ਜਾਂ ਜੋਗੀਆਂ ਦੁਆਰਾ ਵਰਤਿਆ ਜਾਂਦਾ ਸੀ। ਇਹ ਸਾਜ਼ ਲੋਹੇ ਦੇ ਦੋ ਚਪਟੇ ਅਕਾਰ ਦੇ

Scanned with CamScanner

ਟੁੱਕੜਿਆਂ ਦਾ ਬਣਿਆ ਹੁੰਦਾ ਹੈ। ਇਸਦੇ ਸਿਰੇ ਤਿੱਖੇ ਹੁੰਦੇ ਹਨ ਅਤੇ ਉਹਨਾਂ ਉਤੇ ਰਿੰਗ ਚੜ੍ਹਾਏ ਹੁੰਦੇ ਹਨ। ਜੋੜ ਵਾਲੇ ਪਾਸਿਓ ਇਸ ਨੂੰ ਫੜਿਆ ਜਾਂਦਾ ਹੈ। ਦੋਹਾਂ ਖੁਲ੍ਹੇ ਸਿਰਿਆਂ ਨੂੰ ਇੱਕ ਦੂਜੇ ਵਿੱਚ ਟਕਰਾ ਕੇ ਧੁਨੀ ਪੈਦਾ ਕੀਤੀ ਜਾਂਦੀ ਹੈ। ਇਹ ਸਾਜ਼ ਭਗਤੀ ਸੰਗੀਤ ਅਤੇ ਸੱਭਿਆਚਾਰਕ ਗੀਤਾਂ ਮੌਕੇ ਵੀ ਵਰਤਿਆ ਜਾਂਦਾ ਹੈ। ਚਿਮਟਾ ਅਰਥਾਤ 'ਸਲਾਖ' ਸਮੇਂ ਦੇ ਬੀਤਣ ਨਾਲ ਇਹ ਦੱਖਣੀ ਏਸ਼ੀਆਂ ਦਾ ਰਵਾਇਤੀ ਸਾਜ਼ ਬਣ ਗਿਆ ਹੈ, ਜਿੱਥੇ ਇਸ ਵਿੱਚ ਹੁਣ ਪੱਕੇ ਤੌਰ ਤੇ ਤਾਂਬੇ ਦੀਆਂ ਚੂੜੀਆਂ ਚੜ੍ਹਾ ਦਿੱਤੀਆਂ ਗਈਆਂ ਹਨ।

ਘੜਾ:

ਇੱਕ ਸਧਾਰਨ ਮਿੱਟੀ ਦਾ ਘੜਾ ਕਈ ਲੋਕ ਗੀਤਾਂ ਵਿੱਚ ਸਾਜ਼ ਵੱਜੋਂ ਵਰਤਿਆ ਜਾਂਦਾ ਹੈ। ਆਪਣੇ ਹੱਥ ਤੇ ਪਾਈਆਂ ਅੰਗੂਠੀਆਂ ਨਾਲ ਘੜਾ ਵਾਦਕ ਇਸ ਨੂੰ ਵਜਾਉਂਦਾ ਹੈ ਅਤੇ ਇਸ ਦੇ ਖੁਲ੍ਹੇ ਮੂੰਹ ਤੇ ਵੀ ਦੂਜੇ ਹੱਥ ਨਾਲ ਟੱਕਰ ਮਾਰ ਕੇ ਵੱਖ-ਵੱਖ ਧੁਨੀਆ ਕੱਢਦਾ ਹੈ।

ਸੱਪ:

ਇਹ ਇੱਕ ਤਰ੍ਹਾਂ ਤਾੜੀ ਵਾਂਗ ਵੱਜਣ ਵਾਲਾ ਸਾਜ਼ ਹੈ। ਇਹ ਆਮ ਤੌਰ ਤੇ ਗਿੱਧਾ ਅਤੇ ਭੰਗੜਾ ਵਿੱਚ ਵਰਤਿਆ ਜਾਂਦਾ ਹੈ। ਇਸ ਨੂੰ ਫੈਲਾ ਕੇ ਅਤੇ ਸੁੰਗੜਾ ਕੇ ਵਾਦਕ ਕਈ ਤਾੜੀਆਂ ਦੇ ਬਰਾਬਰ ਦੀ ਧੁਨ ਕੱਢਦਾ ਹੈ।

ਸਾਰੰਗੀ:

ਇਹ ਇੱਕ ਚਾਪ ਵਰਗਾ ਆਮ ਵਰਤਿਆ ਜਾਣ ਵਾਲਾ ਸਾਜ਼ ਹੈ। ਇਹ ਕਰੀਬਨ ਦੋ ਫੁੱਟ ਲੰਮਾ ਹੁੰਦਾ ਹੈ ਜੋ ਕਿ ਲੱਕੜੀ ਦੀ ਇਕਹਰੀ ਲੱਫ ਤੋਂ ਬਣਾਇਆ ਜਾਂਦਾ ਹੈ ਅਤੇ ਚਮੜੇ ਨਾਲ ਢੱਕਿਆ ਹੁੰਦਾ ਹੈ। ਵਿਚਕਾਰ ਇੱਕ ਧੁਨੀ ਬਣਾਈ ਜਾਂਦੀ ਹੈ। ਸਾਰੰਗੀ ਦੇ ਸਿਰੇ ਦੱਬ ਕੇ ਇਸ ਨੂੰ ਚਾਪ ਦਾ ਆਕਾਰ ਦਿੱਤਾ ਜਾਂਦਾ ਹੈ। ਇਸ ਵਿੱਚ ਵੱਖੋ-ਵੱਖਰੀ ਮੋਟਾਈ ਦੀਆਂ ਤਿੰਨ ਤਾਰਾਂ ਹੁੰਦੀਆਂ ਹਨ ਅਤੇ ਚੌਥੀ ਤਾਰ ਪਿੱਤਲ ਦੀ ਹੁੰਦੀ ਹੈ ਜੋ ਕਿ ਸੁਰ ਪੈਦਾ ਕਰਨ ਲਈ ਵਰਤੀ ਜਾਂਦੀ ਹੈ। ਅਜੋਕੀਆ ਸਾਰੰਗੀਆਂ ਵਿੱਚ ਮੁੱਖ ਤਾਰ ਹੇਠ 35-40 ਸਹਿ-ਤਾਰਾਂ ਵੀ ਮੌਜੂਦ ਹੁੰਦੀਆਂ ਹਨ।

ਸਾਰੰਗੀ ਸ਼ਬਦ 'ਸੌ ਰੰਗ' ਸ਼ਬਦ ਤੋਂ ਬਣਿਆ ਜਿੱਥੋਂ ਇਸ ਦੇ ਕਈ ਤਰ੍ਹਾਂ ਦੇ ਸੰਗੀਤ, ਇਸਦੇ ਲਚੀਲੇਪਨ ਅਤੇ ਸੰਵੇਦਨਸ਼ੀਲ ਸੰਗੀਤ ਪੈਦਾ ਕਰਨ ਦੇ ਗੁਣਾਂ ਦਾ ਪ੍ਰਗਟਾਵਾ ਹੁੰਦਾ ਹੈ। ਇਹ ਦਿਉਦਾਰ ਦੀ ਲੱਕੜੀ ਦੇ ਇਕਹਿਰੇ ਮੁੱਠ ਵਿੱਚੋਂ ਬਣਾਈ ਜਾਂਦੀ ਹੈ।

ਬੁਗਚੂ:

ਇਹ ਪੰਜਾਬੀ ਸੰਗੀਤ ਨਾਲ ਜੁੜਿਆ ਇੱਕ ਰਵਾਇਤੀ ਸਾਜ਼ ਹੈ। ਇਹ ਸਾਧਾਰਣ ਪਰ ਵਿਲੱਖਣ ਸਾਜ, ਸੁੱਕੇ ਘੀਏ (ਲੌਕੀ) ਤੋਂ ਬਣਾਇਆ ਜਾਂਦਾ ਹੈ। ਖੋਖਲੇ ਹੋਏ ਘੀਏ ਦੇ ਇੱਕ ਪਾਸੇ ਪਰਦਾ ਬੰਨ ਦਿੱਤਾ ਜਾਂਦਾ ਹੈ ਜਦੋਂ ਕਿ ਦੂਜੇ ਪਾਸੇ ਤੋਂ ਖੁਲ੍ਹਾ ਰੱਖਿਆ ਜਾਂਦਾ ਹੈ। ਇਸ ਪਰਦੇ ਦੇ ਕੇਂਦਰ ਵਿੱਚੋਂ ਟਾਂਡ ਬੰਨ੍ਹੀ ਜਾਂਦੀ ਹੈ ਅਤੇ ਇਸ ਟਾਂਡ ਦੇ ਸਿਰੇ ਤੇ ਇੱਕ ਲੱਕੜੀ ਦਾ ਟੁੱਕੜਾ ਲਗਾਇਆ ਜਾਂਦਾ ਹੈ, ਜੋ ਕਿ ਘੀਏ ਦੇ ਵਿੱਚੋਂ ਹੀ ਲੰਘਦਾ ਹੈ। ਡਰੰਮ ਵਰਗੀ ਧੁਨੀ ਕੱਢਣ ਲਈ ਇਸ ਦੀ ਤਾਰ ਨੂੰ ਵਾਰ-ਵਾਰ ਖਿੱਚਿਆ ਅਤੇ ਛੱਡਿਆ ਜਾਂਦਾ ਹੈ।

ਅਲਗੋਜ਼ਾ:

ਇਹ ਦੋ ਬਾਂਸੁਰੀਆ ਨੂੰ (ਜੋੜੀਦਾਰ ਰੂਪ ਵਿੱਚ) ਜੋੜ ਕੇ ਬਣਦਾ ਹੈ। ਇਸ ਨੂੰ ਜੋੜੀ ਵੀ ਆਖਦੇ ਹਨ ਪਰ: ਇਹ ਇੱਕ ਵਾਦਕ ਵੱਲੋਂ ਦੋਹਾਂ ਬਾਂਸਰੀਆਂ ਤੇ ਤਿੰਨ-ਤਿੰਨ ਉਂਗਲਾਂ ਰੱਖ ਕੇ ਵਜਾਇਆ ਜਾਂਦਾ ਹੈ। ਪੰਜਾਬ ਦੇ ਲੋਕ ਗਾਇਕ ਇਸ ਦੀ ਵਰਤੋਂ ਮਿਰਜ਼ਾ, ਛੱਲਾ ਜਾਂ ਜੁਗਨੀ ਗਾਉਣ ਵੇਲੇ ਕਰਦੇ ਹਨ। ਲੋਕ ਨਾਚਾਂ ਵਿੱਚ ਵੀ ਹੋਰ ਸਾਜ਼ਾਂ ਨਾਲ ਇਸ ਦੀ ਵਰਤੋਂ ਹੁੰਦੀ ਹੈ।

Scanned with CamScanner

ਤੌਸ:

ਇਹ ਕਾਫ਼ੀ ਵੱਡਾ ਅਤੇ ਭਾਰੀ ਸਾਜ਼ ਹੈ। ਇਸ ਦੀ ਰਚਨਾ ਅਤੇ ਰੂਪ ਰੇਖਾ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਤਿਆਰ ਕੀਤੀ। ਇਸ ਦੇ ਅਕਾਰ ਨੂੰ ਘਟਾ ਕੇ ਇੱਕ ਨਵਾਂ ਸਾਜ਼ ਬਣਿਆ, ਜਿਸ ਨੂੰ ਦਿਲਰੁਬਾ ਆਖਦੇ ਹਨ।

ਰਬਾਬ:

ਇਹ ਲੱਕੜੀ ਦਾ ਬਣਿਆ ਸਾਜ਼ ਹੈ। ਇਹ ਤਾਰ ਖਿੱਚ ਕੇ ਧੁਨੀ ਪੈਦਾ ਕਰਦਾ ਹੈ। ਇਸ ਦੀ ਦੂਹਰੀ ਤੋਲ ਹੁੰਦੀ ਹੈ। ਪਹਿਲੀ ਨੂੰ ਚਮੜੇ ਨਾਲ ਅਤੇ ਦੂਜੀ ਨੂੰ ਲੱਕੜੀ ਨਾਲ ਢੱਕਿਆ ਜਾਂਦਾ ਹੈ। ਇਸ ਵਿੱਚ 4 ਮੁੱਖ ਤਾਰਾਂ ਅਤੇ ਇਸ ਦੇ ਹੇਠਾਂ ਕਈ ਹੋਰ ਤਾਰਾਂ ਹੁੰਦੀਆਂ ਹਨ। ਇਸ ਵਿੱਚ 4-5 ਤਖਤੀਆਂ ਹੁੰਦੀਆਂ ਹਨ। ਜਿੰਨ੍ਹਾਂ ਨੂੰ ਉਂਗਲੀ ਬੋਰਡ ਦੁਆਲੇ, ਅਰਧਧੁਨੀ ਦੀ ਦੂਰੀ ਤੇ ਬੰਨ੍ਹਿਆ ਹੁੰਦਾ ਹੈ ਅਤੇ ਇਸ ਨੂੰ ਪਲੈਕਟਰਮ ਨਾਲ ਵਜਾਇਆ ਜਾਂਦਾ ਹੈ। ਭਾਈ ਮਰਦਾਨਾ ਜੀ ਗੁਰੂ ਨਾਨਕ ਜੀ ਦੇ ਸ਼ਬਦ ਉਚਾਰਨ ਵੇਲੇ ਇਸ ਨੂੰ ਵਰਤਿਆ ਕਰਦੇ ਸਨ। ਇਸੇ ਕਾਰਨ ਇਹ ਵਾਦ ਦੀ ਮੁੱਖ ਮਹੱਤਤਾ ਹੈ।

ਤਾਨਪੂਰਾ:

ਇਹ ਇੱਕ ਤਾਰ ਵਾਲਾ ਸਾਜ਼ ਹੈ। ਇਸ ਵਿੱਚ 4 ਤਾਰਾਂ ਹੁੰਦੀਆਂ ਹਨ। 4 ਵਿੱਚੋਂ 3 ਸਟੀਲ ਦੀਆਂ ਅਤੇ ਚੌਥੀ ਤਾਂਬੇ ਦੀ ਹੁੰਦੀ ਹੈ। ਇਹ ਬਣਤਰ ਵਿੱਚ ਸਿਤਾਰ ਵਰਗਾ ਹੁੰਦਾ ਹੈ ਪਰ ਇਸ ਵਿੱਚ 4-5 ਤਾਰਾਂ ਦੀ ਹੁੰਦੀਆਂ ਹਨ ਅਤੇ ਇਸ ਨੂੰ ਤਾਰਾਂ ਖਿੱਚ ਕੇ ਨਹੀਂ ਵਜਾਇਆ ਜਾਂਦਾ ਸਗੋਂ ਤਾਰਾਂ ਨੂੰ ਛੂਹਿਆ ਜਾਂਦਾ ਹੈ। ਇਹ ਤਾਰਾਂ ਲੱਕੜੀ ਵਿੱਚੋਂ ਦੀ ਲੰਘਦੀਆਂ ਹਨ ਅਤੇ ਤੋਲ ਨੇੜੇ ਧੁਨੀ ਦੇ ਰੂਪ ਵਿੱਚ ਆ ਜਾਂਦੀਆਂ ਹਨ। ਯੰਤਰ ਦੇ ਉਪਰਲੇ ਸਿਰੇ ਤੇ 10 ਆਵਾਜ਼ ਪੈਦਾ ਕਰਨ ਵਾਲੀਆਂ ਕਿੱਲਾਂ ਲਗਾਈਆਂ ਹੁੰਦੀਆਂ ਹਨ।

ਪੱਖਵਾਜ:

ਉੱਤਰੀ ਭਾਰਤ ਵਿੱਚ ਵਰਤਿਆ ਜਾਣ ਵਾਲਾ ਇਹ ਸਾਜ਼ ਮਰਿਦੰਗਮ ਦਾ ਬਦਲਿਆ ਰੂਪ ਹੈ ਅਤੇ ਉੱਤਰੀ ਭਾਰਤ ਵਿੱਚੋਂ ਬੇਲਣਾਕਾਰ ਡਰੰਮਾ ਦੀ ਸ਼੍ਰੇਣੀ ਵਿਚਲਾ ਮੁੱਖ ਸਾਜ਼ ਹੈ। ਇਹ ਇੱਕ ਲੰਮਾ, ਲੱਕੜੀ ਦਾ ਢੋਲਨੁਮਾ ਸਾਜ਼ ਹੈ ਜਿਸ ਦੇ ਦੋਹੇ ਸਿਰਿਆਂ ਤੇ ਪਰਦੇ ਲੱਗੇ ਹੁੰਦੇ ਹਨ। ਇਹ ਉੱਤਰੀ ਭਾਰਤ ਦਾ ਸਭ ਤੋਂ ਰਵਾਇਤੀ ਸਾਜ਼ ਹੈ। ਤਬਲੇ ਵਾਂਗ, 'ਪੱਖਵਾਜ' ਵੀ ਬੋਲਾਂ ਰਾਹੀਂ ਸਿਖਾਇਆ ਅਤੇ ਵਜਾਇਆ ਜਾਂਦਾ ਹੈ।

ਤਬਲਾ:

ਇਹ ਹਿੰਦੁਸਤਾਨ ਦਾ ਸੱਟ ਮਾਰ ਕੇ ਵਜਾਉਣ ਵਾਲੇ ਸਾਜ਼ਾਂ ਵਿੱਚੋਂ ਸਭ ਤੋਂ ਵੱਧ ਪ੍ਰਸਿੱਧ ਸਾਜ਼ ਹੈ। ਇਸ ਵਿੱਚ ਦੋ ਢੋਲਨੁਮਾ ਆਕਾਰ ਦੇ ਸਾਜ਼ਾਂ ਦੀ ਜੋੜੀ ਹੁੰਦੀ ਹੈ, ਇਸ ਵਿੱਚ ਇੱਕ ਨੂੰ ਖੱਬਾ ਅਤੇ ਦੂਜੇ ਨੂੰ ਸੱਜਾ ਆਖਦੇ ਹਨ। ਦੋਹਾਂ ਦੇ ਸੁਮੇਲ ਨਾਲ ਸੁਰੀਲੀ ਅਤੇ ਸੁਲਝੀ ਸੁਰ ਨਿਕਲਦੀ ਹੈ। ਇਸ ਤਰਾਂ ਦੇ ਦੋਹਰੇ ਡਰੰਮਾਂ ਵਾਲੇ ਸਾਜ਼ਾਂ ਦੀ ਵਰਤੋਂ ਦਾ ਸਿਹਰਾ ਹਜ਼ਰਤ ਅਮੀਰ ਖੁਸਰੋ ਨੂੰ ਜਾਂਦਾ ਹੈ।

ਸਾਰੰਦਾ:

ਪੰਜਵੇਂ ਗੁਰੂ ਗੁਰੂ ਅਰਜਨ ਦੇਵ ਜੀ ਸੰਗੀਤ ਅਤੇ ਸਾਜ਼ਾਂ ਦੇ ਧਨੀ ਸਨ। ਉਹਨਾਂ ਨੂੰ ਲੋਕ ਸੰਗੀਤ ਨਾਲ ਬੜਾ ਪਿਆਰ ਸੀ। ਸਾਰੰਦਾ ਉਸੇ ਸਨੇਹ ਵਿੱਚੋਂ ਪੈਦਾ ਹੋਇਆ ਇੱਕ ਸਾਜ਼ ਹੈ। ਇਹ ਇੱਕ ਵੱਡਾ ਕੌਲ-ਨੁਮਾ ਤਾਰਾ ਵਾਲਾ ਸਾਜ਼ ਹੈ ਜਿਸ ਨੂੰ ਚਾਪ ਨਾਲ ਵਜਾਇਆ ਜਾਂਦਾ ਹੈ। ਇਹ ਸੁਰੀਲੀ ਅਤੇ ਡੂੰਘੀ ਅਵਾਜ਼ ਪੈਦਾ ਕਰਦਾ ਹੈ ਜਿਸ ਨੂੰ ਮਨੁੱਖੀ ਅਵਾਜ਼ ਨਾਲ ਮਿਲਾ ਕੇ ਸੁਰ ਪੈਦਾ ਕਰਨ ਲਈ ਵਰਤਿਆ ਜਾ ਸਕਦਾ ਹੈ।

Scanned with CamScanner

ਸਰੋਦ:

ਇਸ ਦੀ ਰਚਨਾ ਭਰਤ ਮੁਨੀ ਨੇ ਕੀਤੀ ਸੀ। ਫਾਰਸੀ ਵਿੱਚ ਸਰੋਦ ਦਾ ਅਰਥ ਹੈ-'ਮਿਠਾਸ'। ਇਸ ਨੂੰ ਟਾਹਲੀ ਦੀ ਇਕ ਹਰੀ ਮੁੱਠ ਵਿੱਚੋਂ ਹੱਥ ਨਾਲ ਘੜਿਆ ਜਾਂਦਾ ਹੈ। ਉਂਗਲੀ ਚਲਾਉਣ ਵਾਲਾ ਫੱਟਾ ਮੁਲਾਇਮ ਅਤੇ ਜੱਤ ਨਾਲ ਢੱਕਿਆ ਜਾਦਾ ਹੈ। ਵਰਤਮਾਨ ਵਰਤੇ ਜਾਣ ਵਾਲੇ ਸਰੋਦ ਵਿੱਚ 25 ਧਾਤੂ ਦੀਆਂ ਤਾਰਾਂ ਹੁੰਦੀਆਂ ਹਨ, ਜਿੰਨ੍ਹਾਂ ਵਿੱਚੋਂ 4 ਮੁੱਖ ਧੁਨੀਆਂ ਪੈਦਾ ਕਰਨ ਲਈ ਵਰਤੀਆ ਜਾਂਦੀਆ ਹਨ।

ਸਿਤਾਰ:

ਇਸ ਸਾਜ਼ ਦਾ ਨਾਮ ਫਾਰਸੀ ਸ਼ਬਦ 'ਸੱਚ-ਤਾਰ' ਤੋਂ ਪਿਆ। ਇਸ ਦਾ ਅਰਥ ਹੈ '3 ਤਾਰਾ' ਹੈ। ਇਹ ਖੋਖਲੇ ਘੀਏ ਜਾਂ ਦੇਵਦਾਰ ਦੀ ਲੱਕੜ ਤੋਂ ਬਣਾਇਆ ਜਾਂਦਾ ਹੈ। ਇਸ ਵਿੱਚ ਲਗਭਗ 20 ਧਾਤੂ ਦੀਆਂ ਤਾਰਾਂ ਹੁੰਦੀਆਂ ਹਨ। ਇਨ੍ਹਾਂ ਵਿੱਚੋਂ 7 ਮੁੱਖ ਤਾਰਾਂ ਧੁਨੀ ਪੈਦਾ ਕਰਨ ਲਈ ਹਨ ਅਤੇ ਬਾਕੀ 19 ਸਹਿਤਾਰਾਂ ਹੋਰ ਧੁਨੀਆਂ ਪੈਦਾ ਕਰਦੀਆਂ ਹਨ। ਇਸ ਨੂੰ ਉਂਗਲਾਂ ਤੇ ਧਾਤ ਦਾ ਖੋਲ੍ਹ ਚੜ੍ਹਾ ਕੇ ਵਜਾਇਆ ਜਾਂਦਾ ਹੈ। ਇਸ ਦੀ ਰਚਨਾ ਦਾ ਸਿਹਰਾ ਇੱਕ ਪ੍ਰਸਿੱਧ ਸੰਗੀਤਕਾਰ ਅਮੀਰ ਖੁਸਰੋ ਨੂੰ ਜਾਂਦਾ ਹੈ। ਇਹ ਪੁਰਾਤਨ ਵੀਣਾ ਦਾ ਹੀ ਬਦਲਿਆ ਰੂਪ ਹੈ।

ਕਾਟੋ:

ਇਹ ਪੰਜਾਬ ਦਾ ਇੱਕ ਵਿਰਾਸਤੀ ਸਾਜ਼ ਹੈ। ਇਸ ਦਾ ਪੰਜਾਬੀ ਵਿਚ ਅਰਥ ਹੈ-ਗਲਿਹਰੀ (ਕਾਟੋ)। ਇਹ ਖੁਸ਼ੀ ਦਾ ਸੰਕੇਤਕ ਹੈ। ਇਹ ਲੱਕੜੀ ਦੀ ਬਣੀ ਹੁੰਦੀ ਹੈ ਅਤੇ ਇੱਕ ਮੱਧਮ ਤਾੜੀ ਦੀ ਆਵਾਜ਼ ਪੈਦਾ ਕਰਦੀ ਹੈ।

Scanned with CamScanner

12.8 ਪੰਜਾਬ ਦੀ ਕਲਾ ਅਤੇ ਦਸਤਕਾਰੀ:

ਪੰਜਾਬ ਦੀ ਕਲਾ ਅਤੇ ਦਸਤਕਾਰੀ ਦੀ ਵੱਖਰੀ ਪਛਾਣ ਹੈ ਜਿਸ ਨੂੰ ਸਮਾਂ ਬੀਤਣ ਦੇ ਬਾਵਜੂਦ ਲੋਕਾਂ ਨੇ ਸੰਭਾਲ ਕੇ ਰੱਖਿਆ ਹੋਇਆ ਹੈ। ਕਈ ਸਾਲਾਂ ਤੋਂ ਪੰਜਾਬ ਦੇ ਦਸਤਕਾਰ ਕਾਰੀਗਰੀ ਵਾਲੇ ਭਾਂਡੇ, ਸੂਈ ਨਾਲ ਤੰਦ ਪਰੋਣੇ, ਰੰਗਲੀਆਂ ਪੱਖੀਆਂ ਅਤੇ ਛੱਜ ਅਤੇ ਪੰਜਾਬੀ ਜੁੱਤੀਆਂ ਬਣਾਉਣ ਵਿੱਚ ਮਾਹਿਰ ਰਹੇ ਹਨ।

ਪੰਜਾਬੀਆਂ ਦੀ ਕਲਾ ਅਤੇ ਦਸਤਕਾਰੀ ਦੇ ਕੁਝ ਰੂਪ ਹੇਠ ਲਿਖੇ ਹਨ:

ਪਰਾਂਦਾ:

ਇਹ ਪੰਜਾਬ ਦਾ ਇੱਕ ਰਵਾਇਤੀ ਦਸਤਕਾਰੀ ਹੈ। ਇਸ ਦੀ ਹੱਥ ਨਾਲ ਦਸਤਕਾਰੀ ਕੀਤੀ ਜਾਂਦੀ ਹੈ। ਇਹ ਪੰਜਾਬੀ ਔਰਤਾਂ ਗੁੱਤ ਨਾਲ ਬੰਨਦੀਆਂ ਹਨ। ਇਹ ਸਿਲਕ ਦੇ ਰੰਗ-ਬਿਰੰਗੇ ਰੇਸ਼ਿਆਂ ਨੂੰ ਬਰੀਕੀ ਨਾਲ ਜੋੜ ਕੇ ਬਣਾਇਆ ਜਾਂਦਾ ਹੈ। ਇਹ ਇੱਥੇ ਦੇ ਲੋਕਾਂ ਦੇ ਜੀਵਨ ਦੇ ਸੁਹਜ ਅਤੇ ਸੰਜੀਦਗੀ ਨੂੰ ਦਰਸਾਉਂਦਾ ਹੈ। ਮੁੱਖ ਤੌਰ ਤੇ ਜਲੰਧਰ, ਅੰਮ੍ਰਿਤਸਰ, ਨਕੋਦਰ, ਹੁਸ਼ਿਆਰਪੁਰ ਅਤੇ ਲੁਧਿਆਣਾ ਜਿਲ੍ਹਿਆਂ ਦੇ ਪਿੰਡਾ ਦੇ ਲੋਕ ਪਰਾਂਦੇ ਦੀ ਦਸਤਕਾਰੀ ਲਈ ਮਸ਼ਹੂਰ ਹਨ।

ਗੁੱਡੀਆਂ:

ਗੁੱਡੀਆਂ ਬਣਾਉਣ ਦੀ ਕਲਾ ਪੰਜਾਬ ਵਿੱਚ ਸਦੀਆਂ ਤੋਂ ਚੱਲੀ ਆ ਰਹੀ ਹੈ। ਪੰਜਾਬੀ ਔਰਤਾਂ ਕਈ ਤਰ੍ਹਾਂ ਦੇ ਪਦਾਰਥਾਂ ਤੋਂ ਗੁੱਡੀਆਂ ਬਣਾਉਂਦੀਆਂ ਹਨ। ਰੂੰ ਅਤੇ ਕੱਪੜਾ ਗੁੱਡੀਆਂ ਬਣਾਉਣ ਲਈ ਵਰਤੀ ਜਾਣ ਵਾਲੀ ਮੁੱਖ ਵਸਤੂ ਹੈ। ਇਸ ਤੋਂ ਬਿੰਨਾਂ ਪੱਗ ਜਾਂ ਚੁੰਨੀ ਨੂੰ ਚਮਕਦਾਰ ਬਣਾਉਣ ਲਈ ਹੋਰ ਕਈ ਤਰ੍ਹਾਂ ਦੀਆਂ ਚਮਕੀਲੀ ਚੀਜਾਂ ਵਰਤੀਆਂ ਜਾਂਦੀਆਂ ਹਨ। ਪੰਜਾਬ ਵਿੱਚ ਮਿੱਟੀ ਦੀਆਂ ਗੁੱਡੀਆਂ ਵੀ ਬਣਦੀਆਂ ਹਨ। ਗੁੱਡੀਆਂ ਬਣਾਉਣ ਦਾ ਹੁਨਰ ਪੰਜਾਬ ਦੇ ਲੱਗਭਗ ਹਰ ਜਿਲ੍ਹੇ ਵਿੱਚ ਪਾਇਆ ਜਾਂਦਾ ਹੈ। ਪਰ ਗੁੱਡੀਆਂ ਬਣਾਉਣ ਦੇ ਮੁੱਖ ਕੇਂਦਰਾਂ ਵਿਚੋਂ ਚੰਡੀਗੜ੍ਹ ਦਾ ਨਾਮ ਪ੍ਰਸਿੱਧ ਹੈ।

ਪੀੜ੍ਹੀਆਂ:

ਪੀੜ੍ਹੀ ਲੱਕੜ ਦੀ ਬਣੀ ਹੁੰਦੀ ਹੈ। ਇਸ ਨੂੰ ਸੁੰਦਰ ਬਣਾਉਣ ਲਈ ਰੰਗ-ਬਿਰੰਗੇ ਧਾਗਿਆਂ ਨਾਲ ਬੁਣਿਆ ਜਾਂਦਾ ਹੈ। ਇਹ ਪੀੜ੍ਹੀਆਂ ਆਕਰਸ਼ਕ ਹੋਣ ਦੇ ਨਾਲ-ਨਾਲ ਇੱਥੋਂ ਦੇ ਲੋਕਾਂ ਦੀ ਕਲਾ ਅਤੇ ਕਲਪਨਾ ਨੂੰ ਵੀ ਦਰਸਾਉਂਦੀਆਂ ਹਨ। ਪੀੜ੍ਹੀ ਬਣਾਉਣ ਦੇ ਮੁੱਖ ਕੇਂਦਰਾਂ ਵਿੱਚ ਕਰਤਾਰਪੁਰ, ਜਲੰਧਰ ਅਤੇ ਹੁਸ਼ਿਆਰਪੁਰ ਜਿਲ੍ਹਿਆਂ ਦੇ ਨਾਮ ਸ਼ਾਮਿਲ ਹਨ। ਇੱਥੇ ਲੋਕਾਂ ਵਿੱਚ ਦਸਤਾਕਾਰੀ ਹੁਨਰ ਕੁੱਟ-ਕੁੱਟ ਕੇ ਭਰਿਆ ਹੋਇਆ ਹੈ।

ਬੋਹੀਏ / ਟੋਕਰੀਆਂ ਬਣਾਉਣੀਆਂ:

ਟੋਕਰੀਆਂ ਬਣਾਉਣ ਦੀ ਕਲਾ ਪੰਜਾਬ ਦੇ ਕਈ ਭਾਗਾਂ ਵਿੱਚ ਦਿਖਾਈ ਦਿੰਦੀ ਹੈ। ਪਿੰਡਾਂ ਵਿੱਚ ਜਿਆਦਾਤਰ ਔਰਤਾਂ ਆਮਦਨ ਦੇ ਸਾਧਨ ਵੱਜੋਂ ਟੋਕਰੇ ਬਣਾਉਂਦੀਆਂ ਹਨ। ਪਹਿਲੋ ਪਹਿਲ ਟੋਰਕੀਆਂ ਦੀ ਵਰਤੋਂ ਘਰਾਂ ਵਿੱਚ ਆਮ ਹੋਇਆ ਕਰਦੀ ਸੀ। ਸਮੇਂ ਦੇ ਫੇਰ ਬਦਲ ਨੇ ਇਸ ਨੂੰ ਕਲਾ ਦਾ ਇੱਕ ਨਮੂਨਾ ਬਣਾ ਦਿੱਤਾ। ਹੁਣ ਇਹ ਘਰ ਸਜਾਉਣ ਅਤੇ ਸ਼ਿੰਗਾਰ ਦੀ ਵਰਤੋਂ ਬਣ ਕੇ ਰਹਿ ਗਏ ਹਨ।

ਪੌਦਿਆਂ ਦੇ ਰੇਸ਼ਿਆਂ ਨੂੰ ਬੁਣ ਕੇ ਦਸਤਾਕਾਰੀ ਕਰਨਾ ਅੱਜ ਵੀ ਪੰਜਾਬ ਦੇ ਸੱਭਿਆਚਾਰ ਦਾ ਸਜੀਵ ਹਿੱਸਾ ਹੈ। ਸਰਕੰਡੇ ਤੋਂ ਟੋਕਰੀਆਂ ਬਣਾਉਣ ਲਈ ਘਾਹਫੂਸ, ਝਾੜ ਅਤੇ ਟਹਿਣੀਆਂ ਦੀ ਵਰਤੋਂ ਹੁੰਦੀ ਹੈ। ਇਸ ਤੋਂ ਦਰੀਆਂ ਅਤੇ ਗਲੀਚੇ ਵੀ ਬਣਾਏ ਜਾਂਦੇ ਹਨ। ਹੱਥ-ਪੱਖਾ ਜਿਸ ਨੂੰ ਪੇਸ਼ਾਵਰੀ ਪੱਖਾਂ ਵੀ ਆਖਦੇ ਹਨ, ਇਸੇ ਕਲਾ ਦਾ ਇੱਕ ਨਮੂਨਾ ਹੈ। ਛੋਟੀਆਂ ਅਤੇ ਸਿਰਿਆਂ ਤੋਂ ਮੁੜੀਆਂ ਪੱਖੀਆਂ ਨੂੰ ਕੁੰਡਲਦਾਰ ਪੱਖੀ ਵੀ ਆਖਦੇ ਹਨ।

Scanned with CamScanner

ਛੱਜ:

ਜੋ ਕਿ ਤੂੜੀ ਅਤੇ ਦਾਣਿਆਂ ਨੂੰ ਵੱਖ ਕਰਨ ਲਈ ਵਰਤੇ ਜਾਂਦੇ ਹਨ। ਇਹ ਵੀ ਸਰਕੰਡੇ ਤੋਂ ਹੀ ਬਣਦੇ ਹਨ। ਸਰਕੰਡੇ ਨੂੰ ਰੰਗਦਾਰ ਸੂਤੀ ਕੱਪੜੇ ਨਾਲ ਬੁਣ ਕੇ ਚਿਕਾਂ, ਬੋਹੀਏ, ਪਟਾਰੀਆਂ ਅਤੇ ਮੂੜੇ ਬਣਾਏ ਜਾਂਦੇ ਹਨ। ਸਰਕੰਡੇ ਅਤੇ ਸੂਤ ਦੀਆਂ ਬਣੀਆ ਭਿੰਨ-ਭਿੰਨ ਰੰਗਾਂ ਅਤੇ ਅਕਾਰਾਂ ਦੀਆਂ ਟੋਕਰੀਆਂ ਛੋਟੀਆਂ-ਮੋਟੀਆਂ ਵਸਤਾਂ ਜਿਵੇਂ ਕਿ ਪਿੰਨ, ਰੂੰ, ਬਟਨ, ਧਾਗੇ, ਸੂਈਆਂ ਆਦਿ ਰੱਖਣ ਲਈ ਵਰਤੀਆਂ ਜਾਂਦੀਆਂ ਹਨ। ਇਹ ਪੰਜਾਬੀ ਮੁਟਿਆਰ ਦੇ ਦਹੇਜ ਦੀ ਚੀਜ਼ ਸਮਝੀ ਜਾਂਦੀ ਹੈ।

ਬੁਣਾਈ:

ਅਣਗਿਣਤ ਨਮੂਨੇ ਪਾ ਕੇ ਦਰੀਆਂ ਬੁਣਨਾਂ ਪੰਜਾਬੀ ਮੁਟਿਆਰ ਦਾ ਸਦਾ ਹੀ ਸ਼ੌਕ ਰਿਹਾ ਹੈ। ਆਮ ਤੌਰ ਤੇ ਇਹਨਾਂ ਨਮੂਨਿਆਂ ਵਿੱਚ ਲਕੀਰਾਂ, ਡੱਬੀਆਂ, ਪਸ਼ੂ ਪੰਛੀਆਂ ਦੀਆਂ ਆਕ੍ਰਿਤੀਆਂ ਅਤੇ ਪੌਦਿਆਂ ਦੇ ਚਿੱਤਰ ਹੁੰਦੇ ਹਨ। ਦਰੀ ਵੀ ਪੰਜਾਬੀ ਮੁਟਿਆਰ ਦੇ ਦਹੇਜ ਦਾ ਗਹਿਣਾ ਹੈ।

ਕਢਾਈ ਕਰਨੀ:

ਇਹ ਰੰਗ ਬਿਰੰਗੇ ਧਾਗਿਆਂ ਨਾਲ ਸਿਉਣ ਤੋਂ ਲੈ ਕੇ ਕੱਪੜੇ ਨੂੰ ਸ਼ਿੰਗਾਰਨ ਦਾ ਹੁਨਰ ਹੈ। ਪੰਜਾਬੀ ਮੁਟਿਆਰ ਜੋ ਆਪਣੇ ਸ਼ਿੰਗਾਰ ਅਤੇ ਸੁਹੱਪਣ ਲਈ ਜਾਣੀਆਂ ਜਾਂਦੀਆਂ ਹਨ, ਬਾਗ, ਫੁਲਕਾਰੀਆਂ, ਰੁਮਾਲ ਆਦਿ 'ਤੇ ਕਢਾਈ ਕੱਢਦੀਆਂ ਹਨ ਅਤੇ ਸੁੰਦਰਤਾ ਦਾ ਖਜ਼ਾਨਾ ਭਰਦੀਆਂ ਹਨ।

ਫੁਲਕਾਰੀ:

ਫੁਲਕਾਰੀ ਅਰਥਾਤ ਫੁੱਲਾਂ ਦੀ ਕਢਾਈ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੈ। ਇਸ ਨੂੰ ਸ਼ਗਨਾਂ ਦੀ ਚੀਜ਼ ਮੰਨਦੇ ਹਨ। ਇਹ ਹਰ ਰਸਮ ਵਿੱਚ ਇਕ ਰੰਗ ਭਰਦੀ ਹੈ। ਗੂੜ੍ਹੇ ਰੰਗ ਦੇ ਕੱਪੜੇ ਉੱਤੇ ਫੁੱਲਾਂ ਦੇ ਨਮੂਨੇ ਪਾ ਕੇ, ਰੇਸ਼ਮ ਦੇ ਤੰਦ ਨਾਲ ਇਸ ਨੂੰ ਕੱਢਿਆ ਜਾਂਦਾ ਹੈ। ਧਾਗਾ ਹੇਠੋਂ ਉਪਰ ਵੱਲ ਨੂੰ ਚਲਾਇਆ ਜਾਂਦਾ ਹੈ। ਇਸ ਦਾ ਕੰਮ ਇੰਨਾ ਬਰੀਕ ਹੁੰਦਾ ਹੈ ਕਿ ਫੁਲਕਾਰੀ ਦੀ ਪੁੱਠ-ਸਿੱਧ ਜਾਂ ਸੱਜਾ-ਖੱਬਾ ਦੱਸਣਾ ਲੱਗਭਗ ਨਾਮੁਮਕਿਨ ਹੈ। ਕਢਾਈ ਕੱਪੜੇ ਦੇ ਕੇਵਲ ਉਪਰੀ ਭਾਗ ਵਿੱਚ ਕੀਤੀ ਜਾਂਦੀ ਹੈ। ਨਮੂਨੇ ਬਣਾਵਟੀ ਨਹੀਂ ਹੁੰਦੇ ਸਗੋਂ ਉਹਨਾਂ ਵਿੱਚ ਉਤਮ ਦਰਜੇ ਦੀ ਕਲਪਨਾ ਝਲਕਦੀ ਹੈ। ਇਸੇ ਕਾਰਨ ਕੋਈ ਦੋ ਫੁਲਕਾਰੀਆਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਫੁੱਲਕਾਰੀਆਂ ਨੂੰ ਰਵਾਇਤੀ ਤੌਰ ਤੇ ਦੁੱਪਟੇ ਵੱਜੋਂ ਪਹਿਨਿਆ ਜਾਂਦਾ ਹੈ। ਪਰ ਹੁਣ ਇਹ ਬਾਹਰਲੇ ਮੁਲਕਾਂ ਵਿੱਚ ਜੈਕਟਾਂ ਬਣਾਉਣ ਜਾਂ ਦੀਵਾਰਾਂ ਸਜਾਉਣ ਲਈ ਵੀ ਵਰਤੀਆਂ ਜਾਂਦੀਆਂ ਹਨ।

ਚਮੜਾ ਦਸਤਕਾਰੀ:

ਪੰਜਾਬ ਚਮੜੇ ਦੇ ਬੈਗ, ਜੈਕਟਾਂ ਅਤੇ ਜੁੱਤੀਆ ਬਣਾਉਣ ਦੀ ਕਲਾ ਲਈ ਵੀ ਜਾਣਿਆ ਜਾਂਦਾ ਹੈ। ਇਹ ਮਾਲੀ ਤੌਰ 'ਤੇ ਵੀ ਦਸਤਕਾਰੀ ਰਾਜ ਲਈ ਬਹੁਤ ਲਾਹੇਵੰਦ ਹੈ। ਪੰਜਾਬ ਵਿੱਚ ਚਿਰਕਾਲ ਤੋਂ ਪਰਸਾਂ, ਜੁੱਤੀਆਂ, ਕੋਹਲਾਪੁਰੀ ਅਤੇ ਖੁੱਸਾ ਆਦਿ ਦੀ ਦਸਤਕਾਰੀ ਹੁੰਦੀ ਹੈ ਜੋ ਕੇਵਲ ਪੰਜਾਬ ਵਿੱਚ ਹੀ ਨਹੀਂ ਸਗੋਂ ਹੋਰਨਾਂ ਰਾਜਾਂ ਵਿੱਚ ਵੀ ਜਾਣੀ ਜਾਂਦੀ ਹੈ।

ਸੋਨੇ-ਚਾਂਦੀ ਦੀਆਂ ਤਾਰਾਂ ਨਾਲ ਕੱਢੀ ਪੰਜਾਬੀ ਜੁੱਤੀ ਆਪਣੇ ਨਮੂਨਿਆਂ ਅਤੇ ਉੱਤਮ ਕੁਆਲਟੀ ਲਈ ਵਿਸ਼ਵ ਭਰ ਵਿੱਚ ਪ੍ਰਸਿੱਧ ਹੈ। ਹੁਣ ਭਾਵੇਂ ਚਾਂਦੀ ਦੀਆਂ ਤਾਰਾਂ ਦੀ ਥਾਂ ਧਾਗਿਆਂ ਨੇ ਲੈ ਲਈ ਹੈ, ਪਰ ਕਿਸਮ ਅਤੇ ਬਨਾਵਟ ਵਿੱਚ ਇਹ ਅੱਜ ਵੀ ਉੱਤਮ ਹਨ। ਇਸ ਦਾ ਹਲਕਾ ਹੋਣਾ ਹੀ ਇਸ ਦੀ ਕੁਆਲਟੀ ਦਾ ਪੈਮਾਨਾ ਹੈ। ਪੁਰਾਣੇ ਦਸਤਕਾਰਾਂ ਅਨੁਸਾਰ ਜੁੱਤੀ ਇਹੋ ਜਿਹੀ ਹਲਕੀ ਹੋਵੇ ਜਿਸ ਨੂੰ ਲੈ ਕੇ ਚਿੜੀ ਵੀ ਉੱਡ ਸਕੇ।

ਕਾਗਜ ਦੀ ਕਲੇਅ ਨਾਲ ਦਸਤਕਾਰੀ:

ਘਰ ਵਿੱਚ ਪਏ ਰੱਦੀ ਕਾਗਜਾਂ ਨੂੰ ਮਿੱਟੀ ਨਾਲ ਗੁੰਨ ਕੇ ਕਲੇਅ ਤਿਆਰ ਕੀਤੀ ਜਾਂਦੀ ਹੈ। ਇਸ ਨੂੰ ਸਾਂਚਿਆਂ ਵਿੱਚ ਪਾ ਕੇ ਵੱਖੋ-ਵੱਖਰੇ ਰੂਪਾਂ ਵਿੱਚ ਢਾਲਿਆ ਜਾਂਦਾ ਹੈ। ਇਸ ਦੇ ਡੱਬੇ ਅਤੇ ਖਿਡੌਣੇ ਵੀ ਬਣਾਏ ਜਾਂਦੇ ਹਨ।

Scanned with CamScanner

ਲੱਕੜ ਦੀ ਕਸੀਦਾਕਾਰੀ:

ਪੰਜਾਬ ਆਪਣੀ ਲੱਕੜ ਤੇ ਕਸੀਦਾਕਾਰੀ ਲਈ ਵੀ ਮਸ਼ਹੂਰ ਹੈ। ਕਲਾਕਾਰੀ ਕੀਤੇ ਮੰਜੇ ਅਤੇ ਦੋਅ ਤੇ ਸਜੇ ਸੀਸ਼ੇ, ਉੱਗਦਾਰ ਲੱਕੜਾਂ ਜਿਨ੍ਹਾਂ ਨੂੰ ਪਾਵੇ ਆਖਦੇ ਹਨ, ਪੀੜ੍ਹੇ ਅਤੇ ਪੀੜ੍ਹੀਆਂ ਨੂੰ ਹਰ ਪਿੰਡ ਵਿੱਚ ਤਰਖਾਣ ਬਣਾਉਂਦਾ ਹੈ। ਇਸ ਕਲਾ ਦੀ ਛਾਪ ਲੋਕ ਗੀਤਾਂ ਵਿੱਚ ਵੀ ਮਿਲਦੀ ਹੈ। ਜਿਵੇਂ ਕਿ ਇੱਕ ਗੀਤ ਹੈ-'ਹਾਤੀ ਰੋਂਦੀ ਦਾ ਭਿੱਜ ਗਿਆ ਲਾਲ ਪੰਗੂੜਾ'।

ਇਸ ਲੱਕੜੀ ਦੇ ਸਾਜੋ ਸਮਾਨ ਨੂੰ ਪਾਲਿਸ ਵਰਗੀ ਚਮਕ ਦੇਣ ਲਈ ਰੰਗਦਾਰ ਸੀਸਿਆਂ ਨਾਲ ਸਜਾਉਣ ਲਈ ਅਤੇ ਹੋਰ ਖਾਰੀਕ ਮੀਨਾਕਾਰੀ ਲਈ ਪੰਜਾਬ ਦੇ ਕਾਰੀਗਰ ਦੂਰ-ਦੁਰਾਡੇ ਮਸ਼ਹੂਰ ਹਨ ਅਤੇ ਉਹਨਾਂ ਦੇ ਬਣੇ ਡੱਬੇ, ਖਿਡੌਣੇ ਅਤੇ ਹੋਰ ਦਿਲਕਸ਼ ਚੀਜਾਂ ਬਾਹਰਲੇ ਦੇਸ਼ਾਂ ਨੂੰ ਵੀ ਭੇਜੀਆਂ ਜਾਂਦੀਆਂ ਹਨ। ਪੰਜਾਬ ਦੇ ਬਟਾਲਾ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਇਸ ਕੰਮ ਲਈ ਪ੍ਰਸਿੱਧ ਹਨ।

ਧਾਤੂ ਦੀ ਕਾਰੀਗਰੀ:

ਅੰਮ੍ਰਿਤਸਰ ਧਾਤ ਦੀ ਕਾਰੀਗਰੀ ਦਾ ਕੰਮ ਬੜਾ ਪ੍ਰਸਿੱਧ ਹੈ। ਕਈ ਤਰ੍ਹਾਂ ਦੀਆਂ ਕਲਾਵਾਂ ਜਿਵੇਂ ਢਾਲਣਾ, ਆਕਾਰ ਦੇਣਾ, ਸਜਾਉਣਾ ਅਤੇ ਉਲੀਕਣਾ ਆਦਿ ਧਾਤ ਦੇ ਮਟਕੇ, ਬਰਤਨ, ਲੇਪ ਅਤੇ ਪਿਲਰ ਆਦਿ ਸਜਾਉਣ ਲਈ ਵਰਤੀਆਂ ਜਾਂਦੀਆਂ ਹਨ। ਆਕਰਸ਼ਕ ਵਸਤਾਂ ਜਿਵੇਂ ਕਿ ਲੈਂਪ ਦੇ ਖੋਲ ਅਤੇ ਖੁਦਾਈ ਕੀਤੇ ਧਾਂਤ ਦੇ ਦਰਵਾਜੇ ਆਪਣੀ ਕਲਾਤਮਿਕ ਦਿੱਖ ਲਈ ਮਸ਼ਹੂਰ ਹਨ। ਮੰਦਰ ਅਤੇ ਗੁਰਦੁਆਰਿਆਂ 'ਤੇ ਖੁਣੇ ਹੋਏ ਮਾਡਲਾਂ ਦੀ ਵੀ ਬੜੀ ਮੰਗ ਹੈ। ਕਈ ਵਾਰ ਧਾਂਤ ਉਪਰ ਸੋਨੇ ਜਾਂ ਚਾਂਦੀ ਦੇ ਪੱਤਰੇ ਚੜ੍ਹਾਏ ਜਾਂਦੇ ਹਨ। ਉਸ ਉੱਪਰ ਬਹੁਤ ਬਾਰੀਕੀ ਨਾਲ ਕੰਮ ਕੀਤਾ ਜਾਂਦਾ ਹੈ।

ਚੌਕ ਪੂਰਨਾ:

ਪੰਜਾਬ ਦੇ ਪਿੰਡਾਂ ਦੇ ਘਰਾਂ ਦੀਆਂ ਕੰਧਾਂ ਕੁੱਝ ਖਾਸ ਮੌਕਿਆਂ (ਜਿਵੇਂ ਦੁਸਹਿਰਾ, ਕਰਵਾ ਚੌਥ, ਹੋਲੀ ਅਤੇ ਦੀਵਾਲੀ) ਮੌਕੇ ਰੰਗਦਾਰ ਰੰਗਾਂ ਨਾਲ ਸਜਾਈਆਂ ਜਾਂਦੀਆਂ ਹਨ। ਕੰਧਾਂ 'ਤੇ ਮਿੱਟੀ ਦਾ ਪੋਚਾ ਫੇਰਿਆ ਜਾਂਦਾ ਹੈ। ਔਰਤਾਂ ਉਸ ਉੱਪਰ ਫੁੱਲ-ਪੱਤੀਆਂ ਅਤੇ ਹੋਰ ਨਮੂਨੇ ਬਣਾਉਂਦੀਆਂ ਹਨ ਤਾਂ ਜੋ ਮਾਤਾ ਲਕਸ਼ਮੀ (ਜੋ ਕਿ ਧਨ ਅਤੇ ਖੁਸ਼ਹਾਲੀ ਦੇ ਦੇਵੀ ਹੈ) ਤੋਂ ਆਸ਼ੀਰਵਾਦ ਪ੍ਰਾਪਤ ਕਰ ਸਕਣ।

ਰਵਾਇਤੀ ਗਹਿਣੇ:

ਪੰਜਾਬ ਦੇ ਰੰਗੀਲੇ ਅਤੇ ਸਜੀਵ ਸੱਭਿਆਚਾਰ ਦੇ ਮਾਲਕ ਪੰਜਾਬੀ ਲੋਕ ਵਿਸ਼ੇਸ਼ ਮੌਕਿਆਂ ਅਤੇ ਤਿਉਹਾਰਾਂ ਤੇ ਕਈ ਤਰ੍ਹਾਂ ਦੇ ਗਹਿਣੇ ਪਾਉਂਦੇ ਹਨ। ਰਾਜ ਵਿੱਚ ਗਹਿਣੇ ਬਣਾਉਣ ਲਈ ਕਈ ਕੇਂਦਰ ਹਨ। ਇੱਥੋਂ ਦੇ ਸੁਨਿਆਰ ਆਪਣੀ ਕਲਾ ਸਦਕਾ ਇਹੋ ਜਿਹੇ ਰਵਾਇਤੀ ਗਹਿਣੇ ਬਣਾਉਂਦੇ ਹਨ ਜਿੰਨ੍ਹਾਂ ਦੀ ਮੰਗ ਵਿਦੇਸ਼ਾਂ ਵਿੱਚ ਵੀ ਹੈ। ਕੁਝ ਰਵਾਇਤੀ ਗਹਿਣੇ ਜਿੰਨ੍ਹਾਂ ਦੀ ਮੰਗ ਦੂਜੇ ਰਾਜਾਂ ਵਿੱਚ ਵੀ ਹੈ ਹੇਠ ਲਿਖੇ ਅਨੁਸਾਰ ਹਨ:

- **ਤੁਰ੍ਹਾ (ਤੁਰ੍ਹਾਂ-ਏ-ਮਾਰਵਾੜੀ):** ਇਹ ਰੰਗਦਾਰ ਮੋਤੀਆਂ ਦੀ ਮਾਲਾ ਹੈ ਜੋ ਲਾੜੇ ਦੀ ਪੱਗ ਸਜਾਉਣ ਲਈ ਵਰਤੀ ਜਾਂਦੀ ਹੈ।
- **ਸਿਰ ਮੰਜ:** ਸੋਨੇ ਦੀ ਇੱਕ ਲੰਮੀ ਚੇਨ ਜਿਸ ਵਿੱਚ ਜਵਾਹਰਾਤ ਜੜ੍ਹੇ ਹੋਣ ਲਾੜੀ ਦੇ ਮੱਥੇ ਦਾ ਸ਼ਿੰਗਾਰ ਬਣਦੀ ਹੈ।
- **ਕੰਨ ਫੁੱਲ/ਝੁਮਕਾ ਅਤੇ ਢੱਡੂ:** ਇਹ ਕੰਨ ਵਿੱਚ ਪਾਉਣ ਵਾਲੇ ਵੱਖ-ਵੱਖ ਤਰਾਂ ਦੇ ਗਹਿਣੇ ਹਨ, ਜੋ ਔਰਤਾਂ ਧਾਰਨ ਕਰਦਿਆਂ ਹਨ।
- **ਬਾਲਾ:**ਸੋਨੇ ਦਾ ਬਣਿਆ ਵੱਡੇ ਆਕਾਰ ਦਾ ਕੰਨ ਦਾ ਗਹਿਣਾ ਹੈ ਜੋ ਖੱਤਰੀ, ਸਿੱਖ ਅਤੇ ਡੋਗਰੀ ਮਰਦ ਧਾਰਨ ਕਰਦੇ ਹਨ।
- **ਚੰਦਨ ਹਾਰ:** ਸੋਨੇ ਦੀਆਂ ਕਈ ਲੜੀਆਂ ਮਿਲਾ ਕੇ ਬਣਿਆ ਗਲੇ ਦਾ ਇਹ ਗਹਿਣਾ ਔਰਤਾਂ ਵੱਲੋਂ ਵਿਆਹ ਸਮੇਂ ਪਾਇਆ ਜਾਂਦਾ ਹੈ।

Scanned with CamScanner

[illegible] के [illegible]

[illegible] – [illegible] के [illegible]

[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]

[illegible] – [illegible] के [illegible]

[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]
[illegible]	[illegible]

Scanned with CamScanner

ਕਿਰ
ਕਟ
ਕਟ
ਨੇਕ
ਨੇਕ
ਨੇਕ
ਨੇਕ
ਕੇਟੇ
ਕੇਟੇ
ਕੇਟੇ
ਕੇਟ

Scanned with CamScanner

12.10 ਪੰਜਾਬ ਦੇ ਪ੍ਰਸਿੱਧ ਗੁਰਦੁਆਰੇ:

1. **ਗੁਰਦੁਆਰਾ ਕੰਧ ਸਾਹਿਬ, ਬਟਾਲਾ:** ਗੁਰੂ ਨਾਨਕ ਸਾਹਿਬ ਇੱਥੇ 1487 ਈ: ਵਿੱਚ ਵਿਆਹ ਕਰਵਾਉਣ ਲਈ ਆਏ ਸਨ। ਗੁਰੂ ਜੀ ਦੀਵਾਰ ਕੋਲ ਇੱਕ ਥੜ੍ਹੇ ਉਪਰ ਬੈਠ ਗਏ ਤਾਂ ਇੱਕ ਬਜ਼ੁਰਗ ਇਸਤਰੀ ਨੇ ਉਹਨਾਂ ਨੂੰ ਉਥੋਂ ਉੱਠ ਜਾਣ ਲਈ ਕਿਹਾ ਕਿਉਂਕਿ ਦੀਵਾਰ ਕਦੀ ਵੀ ਟੁੱਟ ਸਕਦੀ ਸੀ। ਪਰ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਇਹ ਦੀਵਾਰ ਸਦੀਆਂ ਤੱਕ ਖੜ੍ਹੀ ਰਹੇਗੀ ਅਤੇ ਉਹਨਾਂ ਦੇ ਵਿਆਹ ਦੀ ਗਵਾਹ ਬਣੇਗੀ।
2. **ਗੁਰਦੁਆਰਾ ਬੇਰ ਸਾਹਿਬ, ਸੁਲਤਾਨਪੁਰ ਲੋਧੀ:** ਇੱਥੇ ਗੁਰੂ ਨਾਨਕ ਸਾਹਿਬ ਨੇ ਵੇਈਂ ਵਿਖੇ ਅੰਮ੍ਰਿਤ ਵੇਲੇ ਦੀ ਪ੍ਰਾਰਥਨਾ ਕੀਤੀ ਅਤੇ ਫਿਰ ਇੱਕ ਬੇਰੀ ਹੇਠ ਸਾਧਨਾ ਲਈ ਬੈਠ ਗਏ। ਗੁਰੂ ਸਾਹਿਬ ਨੇ ਇਸ ਦਰੱਖਤ ਹੇਠ 14 ਸਾਲ, 9 ਮਹੀਨੇ ਅਤੇ 13 ਦਿਨ ਤਪ ਕੀਤਾ।
3. **ਗੁਰਦੁਆਰਾ ਡੇਰਾ ਬਾਬਾ ਨਾਨਕ, ਡੇਰਾ ਬਾਬਾ ਨਾਨਕ:** 1506 ਈ: ਵਿੱਚ ਆਪਣੀ ਪਹਿਲੀ ਉਦਾਸੀ ਮਗਰੋਂ ਗੁਰੂ ਨਾਨਕ ਦੇਵ ਜੀ ਇੱਕ ਖੂਹ ਜਿਸ ਨੂੰ 'ਅਜੀਤਾ ਰੰਧਾਵਾ ਦਾ ਖੂਹ' ਆਖਦੇ ਸਨ ਵਿਖੇ ਤਪ ਕਰਿਆ ਕਰਦੇ ਸਨ।
4. **ਗੁਰਦੁਆਰਾ ਖਡੂਰ ਸਾਹਿਬ, ਖਡੂਰ ਸਾਹਿਬ:** ਆਪਣੀਆਂ ਉਦਾਸੀਆਂ ਸਮੇਂ ਗੁਰੂ ਜੀ ਖਡੂਰ ਸਾਹਿਬ ਪੰਜ ਵਾਰੀ ਆਏ ਸਨ। ਇਸ ਸਥਾਨ ਨੂੰ ਅੱਠਵੇਂ ਗੁਰੂ ਸਾਹਿਬ ਦੀ ਚਰਨ ਛੋਹ ਵੀ ਪ੍ਰਾਪਤ ਹੈ।
5. **ਗੁਰਦੁਆਰਾ ਚੁਬਾਰਾ ਸਾਹਿਬ, ਗੋਇੰਦਵਾਲ ਸਾਹਿਬ:** ਇਹ ਕਈ ਇਤਿਹਾਸਿਕ ਘਟਨਾਵਾਂ ਕਾਰਨ ਜਾਣਿਆ ਜਾਂਦਾ ਹੈ। ਇਹ ਗੁਰੂ ਅਮਰਦਾਸ ਜੀ ਦਾ ਨਿਵਾਸ ਸਥਾਨ ਰਿਹਾ ਹੈ, ਇੱਥੇ ਹੀ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਸੌਂਪੀ ਅਤੇ ਸੀ ਅਤੇ ਇੱਥੇ ਹੀ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਜੋਤੀ-ਜੋਤ ਸਮਾਏ ਸਨ।
6. **ਗੁਰਦੁਆਰਾ ਬਾਉਲੀ ਸਾਹਿਬ, ਗੋਇੰਦਵਾਲ ਸਾਹਿਬ:** ਇਹ ਪਹਿਲਾ ਸਿੱਖ ਧਾਰਮਿਕ ਸਥਾਨ ਸੀ ਜੋ 1616 ਈਸਵੀ ਵਿੱਚ ਗੁਰੂ ਅਮਰਦਾਸ ਜੀ ਦੀ ਦੇਖ ਰੇਖ ਹੇਠ ਬਣਿਆ। ਗੁਰੂ ਸਾਹਿਬ ਨੇ ਇਸ ਸਥਾਨ 'ਤੇ ਬਚਨ ਕੀਤਾ ਕਿ ਜੋ ਬਾਉਲੀ ਸਾਹਿਬ ਵਿਖੇ ਇਸ਼ਨਾਨ ਕਰਕੇ ਸੱਚੇ ਮਨ ਨਾਲ ਜਪੁ ਜੀ ਸਾਹਿਬ ਦੇ 84 ਪਾਠ ਕਰੇਗਾ ਉਸ ਦੀ ਮੁਕਤੀ ਹੋ ਜਾਵੇਗੀ। ਉਹ ਜਨਮ ਮਰਨ ਦੇ ਚੱਕਰ ਤੋਂ ਮੁਕਤ ਹੋ ਜਾਵੇਗਾ।
7. **ਗੁਰੂ ਕਾ ਮਹਿਲ, ਅੰਮ੍ਰਿਤਸਰ:** ਨਾਮ ਤੋਂ ਹੀ ਝਲਕਦਾ ਹੈ ਕਿ ਇਹ ਗੁਰੂਆਂ ਦਾ ਨਿਵਾਸ ਸਥਾਨ ਰਿਹਾ ਹੋਵੇਗਾ। 1573 ਈ: ਵਿੱਚ ਇਹ ਗੁਰੂ ਰਾਮਦਾਸ ਜੀ ਲਈ ਇੱਕ ਸੁੰਦਰ ਨਿਵਾਸ ਬਣਾਇਆ ਗਿਆ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਗੋਬਿੰਦ ਜੀ ਦੇ ਸਮੇਂ ਵਿੱਚ ਇਸ ਦਾ ਹੋਰ ਵੀ ਵਿਸਥਾਰ ਕੀਤਾ ਗਿਆ।
8. **ਗੁਰਦੁਆਰਾ ਤਰਨਤਾਰਨ ਸਾਹਿਬ, ਤਰਨਤਾਰਨ:** ਇਸ ਗੁਰਦੁਆਰੇ ਦੀ ਸਥਾਪਨਾ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਕੀਤੀ। ਇਸ ਗੁਰਦੁਆਰੇ ਦਾ ਸਰੋਵਰ ਸਭ ਗੁਰਦੁਆਰਿਆਂ ਨਾਲੋਂ ਵਿਸ਼ਾਲ ਹੈ।
9. **ਗੁਰਦੁਆਰਾ ਥੰਮ੍ਹ ਸਾਹਿਬ, ਕਰਤਾਰਪੁਰ:** ਜਦੋਂ ਗੁਰੂ ਨਾਨਕ ਦੇਵ ਜੀ ਇੱਥੇ ਆਏ ਸਨ, ਉਹ 9 ਮਹੀਨੇ 20 ਦਿਨ ਇੱਥੇ ਹੀ ਰਹੇ ਸਨ। ਗੁਰੂ ਹਰਗੋਬਿੰਦ ਜੀ ਆਪਣੇ ਪੁੱਤਰ ਬਾਬਾ ਗੁਰਦਿੱਤਾ ਦੀ ਬਰਾਤ ਬਟਾਲੇ ਲਿਜਾਂਦੇ ਸਮੇਂ ਇਸ ਸਥਾਨ 'ਤੇ ਰੁਕੇ ਸਨ।
10. **ਗੁਰਦੁਆਰਾ ਰਾਮਸਰ, ਅੰਮ੍ਰਿਤਸਰ:** ਇਹ ਉਹ ਸਥਾਨ ਹੈ ਜਿੱਥੇ 1603 ਈ: ਵਿੱਚ ਗੁਰੂ ਅਰਜਨ ਦੇਵ ਜੀ ਨੇ ਪੂਰਾ ਇੱਕ ਸਾਲ ਆਦਿ ਗ੍ਰੰਥ ਦੀ ਸੰਪਾਦਨਾ ਪੂਰੀ ਕਰਨ ਲਈ ਭਾਈ ਗੁਰਦਾਸ ਜੀ ਨਾਲ ਇਕਾਂਤ ਵਿੱਚ ਬਤੀਤ ਕੀਤਾ ਸੀ।
11. **ਗੁਰੂ ਕੀ ਵਡਾਲੀ, ਅੰਮ੍ਰਿਤਸਰ:** ਇਸ ਸਥਾਨ ਤੇ 14 ਜੂਨ, 1595 ਈ: ਨੂੰ ਗੁਰੂ ਹਰਗੋਬਿੰਦ ਸਾਹਿਬ ਨੇ ਪਿੰਡ ਵਡਾਲੀ ਵਿਖੇ ਅਵਤਾਰ ਧਾਰਿਆ। ਉਹਨਾਂ ਦੇ ਨਾਮ ਕਾਰਨ ਹੀ ਇਸ ਥਾਂ ਦਾ ਨਾਮ ਗੁਰੂ ਕੀ ਵਡਾਲੀ ਪਿਆ।

Scanned with CamScanner

12. **ਗੁਰਦੁਆਰਾ ਡਰੋਲੀ ਭਾਈ, ਫਿਰੋਜ਼ਪੁਰ:** ਇਸ ਥਾਂ ਤੇ ਬਾਬਾ ਗੁਰਦਿੱਤਾ ਜੀ ਦਾ ਜਨਮ ਹੋਇਆ ਸੀ ਅਤੇ ਉਹ ਇੱਕ ਮਹਾਨ ਸਿੱਖ ਸੰਤ ਹੋਏ ਸਨ।

13. **ਗੁਰਦੁਆਰਾ ਪਤਾਲਪੁਰੀ, ਕੀਰਤਪੁਰ ਸਾਹਿਬ:** ਇਸ ਸਥਾਨ ਤੇ 1644 ਈ: ਵਿੱਚ ਗੁਰੂ ਹਰਗੋਬਿੰਦ ਜੀ ਅਤੇ 1661 ਈ: ਵਿੱਚ ਗੁਰੂ ਹਰਰਾਏ ਜੀ ਦਾ ਅੰਤਿਮ ਸੰਸਕਾਰ ਕੀਤਾ ਗਿਆ। 1664 ਈ: ਵਿੱਚ ਗੁਰੂ ਹਰਕ੍ਰਿਸ਼ਨ ਸਿੰਘ ਜੀ ਦੀਆਂ ਅਸਥੀਆਂ ਦਿੱਲੀ ਤੋਂ ਲਿਆ ਕੇ ਇੱਥੇ ਹੀ ਜਲ-ਪ੍ਰਵਾਹ ਕੀਤੀਆਂ ਗਈਆਂ ਸਨ।

14. **ਗੁਰਦੁਆਰਾ ਬਾਬਾ ਬਕਾਲਾ, ਬਾਬਾ ਬਕਾਲਾ:** ਇਹ ਪਵਿੱਤਰ ਸਥਾਨ ਗੁਰੂ ਤੇਗ ਬਹਾਦੁਰ ਜੀ, ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਮਾਤਾ ਗੰਗਾ ਜੀ ਨਾਲ ਸੰਬੰਧਿਤ ਹੈ। ਇਸੇ ਥਾਂ 'ਤੇ ਗੁਰੂ ਹਰਕ੍ਰਿਸ਼ਨ ਜੀ ਨੇ ਸੰਕੇਤ ਕੀਤਾ ਸੀ ਕਿ ਅਗਲੇ ਗੁਰੂ ਸਾਹਿਬ ਬਾਬਾ ਬਕਾਲਾ ਵਿਖੇ ਹਨ।

15. **ਗੁਰਦੁਆਰਾ ਦੁਖਨਿਵਾਰਨ ਸਾਹਿਬ, ਪਟਿਆਲਾ:** ਇਸ ਥਾਂ ਨੂੰ ਗੁਰੂ ਤੇਗ ਬਹਾਦੁਰ ਜੀ ਦੀ ਚਰਨ ਛੋਹ ਪ੍ਰਾਪਤ ਹੈ। ਲਹਿਲ ਪਿੰਡ ਦੇ ਭਾਈ ਰਾਮ ਸਿੰਘ ਦੀ ਬੇਨਤੀ ਤੇ ਗੁਰੂ ਸਾਹਿਬ ਇੱਥੇ ਵਿਰਾਜੇ ਸਨ ਅਤੇ ਪਿੰਡ ਵਾਲਿਆਂ ਨੂੰ ਰੋਗ ਮੁਕਤ ਕਰਨ ਲਈ ਤਪ ਕੀਤਾ ਸੀ। ਜਿਸ ਥਾਂ ਬੈਠ ਕੇ ਗੁਰੂ ਜੀ ਨੇ ਰੋਗ-ਕੱਟੇ ਉਸ ਨੂੰ ਦੁੱਖ ਨਿਵਾਰਨ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਥੋਂ ਦਾ ਸਰੋਵਰ ਰੋਗੀਆਂ ਨੂੰ ਅਰੋਗ ਕਰਨ ਦੀ ਤਾਕਤ ਵਜੋਂ ਪ੍ਰਸਿੱਧ ਹੋ ਗਿਆ।

16. **ਗੁਰਦੁਆਰਾ ਕਤਲਗੜ੍ਹ ਸਾਹਿਬ, ਚਮਕੌਰ ਸਾਹਿਬ:** ਇਹ ਚਮਕੌਰ ਸਾਹਿਬ ਦਾ ਮੁੱਖ ਧਾਰਮਿਕ ਸਥਾਨ ਹੈ। ਇਸੇ ਥਾਂ 7 ਦਸੰਬਰ, 1704 ਈ: ਨੂੰ ਮੁਗਲਾਂ ਅਤੇ ਸਿੱਖਾਂ ਵਿਚਾਲੇ ਘਮਾਸਾਨ ਯੁੱਧ ਹੋਇਆ। ਜਿਸ ਵਿੱਚ ਦੋ ਵੱਡੇ ਸਾਹਿਬਜ਼ਾਦੇ ਅਤੇ ਪੰਜ ਪਿਆਰੇ ਵਿੱਚੋਂ ਤਿੰਨ ਸ਼ਹੀਦ ਹੋ ਗਏ।

17. **ਗੁਰਦੁਆਰਾ ਚਰਨ ਕੰਵਲ, ਮਾਛੀਵਾੜਾ:** ਇਹ ਉਹ ਥਾਂ ਹੈ ਜਿੱਥੇ ਗੁਰੂ ਗੋਬਿੰਦ ਸਿੰਘ, ਚਮਕੌਰ ਦੀ ਗੜ੍ਹੀ ਛੱਡਣ ਉਪਰੰਤ ਤਿੰਨ ਪਿਆਰਿਆਂ ਅਤੇ ਦੋ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਅਦ ਪਹੁੰਚੇ ਸਨ। ਦੂਜੇ ਦੋ ਪਿਆਰੇ ਭਾਈ ਧਰਮ ਸਿੰਘ ਜੀ ਅਤੇ ਭਾਈ ਦਯਾ ਸਿੰਘ ਜੀ ਗੁਰੂ ਜੀ ਨੂੰ ਇੱਥੇ ਹੀ ਆ ਕੇ ਮਿਲੇ ਸਨ।

18. **ਗੁਰਦੁਆਰਾ ਫਤਿਹਗੜ੍ਹ ਸਾਹਿਬ, ਫਤਿਹਗੜ੍ਹ:** ਇਹ ਗੁਰਦੁਆਰਾ 1710 ਈ: ਵਿੱਚ ਸਿੱਖਾਂ ਦੀ ਫਤਿਹਗੜ੍ਹ ਸਾਹਿਬ ਉੱਤੇ ਜਿੱਤ ਦਾ ਪ੍ਰਮਾਣ ਹੈ। ਇਸ ਜੰਗ ਵਿੱਚ ਬੰਦਾ ਸਿੰਘ ਬਹਾਦੁਰ ਨੇ ਸਿੱਖਾਂ ਦੀ ਅਗਵਾਈ ਕੀਤੀ ਸੀ। ਸਿੱਖਾਂ ਨੇ ਸ਼ਹਿਰ 'ਤੇ ਕਬਜ਼ਾ ਕਰ ਕੇ ਫਿਰੋਜ਼ ਸ਼ਾਹ ਤੁਗਲਕ ਦਾ ਬਣਾਇਆ ਕਿਲ੍ਹਾ ਢਹਿ-ਢੇਰੀ ਕਰ ਦਿੱਤਾ ਸੀ।

19. **ਗੁਰਦੁਆਰਾ ਟਿੱਬੀ ਸਾਹਿਬ, ਮੁਕਤਸਰ ਸਾਹਿਬ:** ਗੁਰੂ ਜੀ ਜੈਤੋ ਨੇੜਲੇ ਪਿੰਡ ਟਿੱਬੀ ਵਿੱਚ ਆ ਕੇ ਰੁਕੇ ਸਨ। ਉਹ ਇਥੇ ਹੋਰਨਾਂ ਸਿੱਖਾਂ ਨਾਲ ਤੀਰ ਅੰਦਾਜ਼ੀ ਦਾ ਅਭਿਆਸ ਕਰਦੇ ਸਨ। ਹਰ ਸਾਲ ਲੋਕ ਫੱਗਣ ਦੀ ਦੱਸ ਨੂੰ ਇੱਥੇ ਇਕੱਠੇ ਹੁੰਦੇ ਹਨ। ਉਹ ਇੱਥੇ ਉਹਨਾਂ ਸਿੱਖਾਂ ਨੂੰ ਸ਼ਰਧਾਂਜਲੀ ਅਰਪਣ ਕਰਦੇ ਹਨ ਜਿੰਨ੍ਹਾਂ ਨੇ ਜੈਤੋਂ ਮੋਰਚੇ ਵਿੱਚ ਸ਼ਹੀਦੀਆਂ ਪਾਈਆਂ ਸਨ।

20. **ਗੁਰਦੁਆਰਾ ਆਲਮਗੀਰ ਸਾਹਿਬ (ਮੰਜੀ ਸਾਹਿਬ), ਲੁਧਿਆਣਾ:** ਇੱਥੇ ਗੁਰੂ ਗੋਬਿੰਦ ਸਿੰਘ ਥੋੜੇ ਸਮੇਂ ਲਈ ਰੁਕੇ ਸਨ। ਮੰਨਿਆ ਜਾਂਦਾ ਹੈ ਕਿ ਉਹਨਾਂ ਨੇ ਇੱਥੇ ਆ ਕੇ ਇੱਕ ਤੀਰ ਜ਼ਮੀਨ ਵਿੱਚ ਗੱਡਿਆ ਸੀ, ਅਤੇ ਜਿਸ ਥਾਂ ਤੀਰ ਗੱਡਿਆ ਗਿਆ ਸੀ ਉਥੋਂ ਪਾਣੀ ਦਾ ਫੁਹਾਰਾ ਵੱਗ ਤੁਰਿਆ। ਹੁਣ ਉਸ ਥਾਂ ਨੂੰ 'ਤਿਰਸਰ' ਕਿਹਾ ਜਾਂਦਾ ਹੈ। ਇੱਥੇ ਉਹਨਾਂ ਦੇ ਭਗਤ ਨੇ ਉਹਨਾਂ ਨੂੰ ਘੋੜਾ ਵੀ ਭੇਟ ਕੀਤਾ ਸੀ।

21. **ਗੁਰਦੁਆਰਾ ਨਨਕਾਣਾ ਸਾਹਿਬ, ਸੰਗਰੂਰ:** ਇਸ ਥਾਂ ਤੇ ਗੁਰੂ ਨਾਨਕ ਦੇਵ ਜੀ, ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦੁਰ ਜੀ ਬਿਰਾਜੇ ਸਨ। ਗੁਰੂ ਹਰਗੋਬਿੰਦ ਸਾਹਿਬ ਨੇ ਇੱਥੇ ਹੀ ਕਰੀਰ ਦੇ ਪੇੜ ਨਾਲ ਆਪਣਾ ਘੋੜਾ ਬੰਨ੍ਹਿਆ ਸੀ।

Scanned with CamScanner

ਇਹ ਕਰੀਰ ਅੱਜ ਵੀ ਇੱਥੇ ਮੌਜੂਦ ਹੈ।

22. **ਗੁਰਦੁਆਰਾ ਸ੍ਰੀ ਅਕੋਈ ਸਾਹਿਬ, ਸੰਗਰੂਰ:** ਇਸ ਥਾਂ ਨੂੰ ਗੁਰੂ ਨਾਨਕ ਦੇਵ ਜੀ, ਗੁਰੂ ਹਰਗੋਬਿੰਦ ਸਿੰਘ ਜੀ ਦੀ ਅਤੇ ਗੁਰੂ ਤੇਗ ਬਹਾਦੁਰ ਜੀ ਦੀ ਚਰਨ ਛੋਹ ਪ੍ਰਾਪਤ ਹੈ।

23. **ਗੁਰਦੁਆਰਾ ਸ੍ਰੀ ਅਰੀਸਰ ਸਾਹਿਬ, ਬਰਨਾਲਾ:** 1605 ਈਸਵੀ ਵਿੱਚ ਗੁਰੂ ਤੇਗ ਬਹਾਦੁਰ ਜੀ ਇਥੋਂ ਦੇ ਪਿੰਡ ਹੰਢਿਆਇਆ ਵਿਖੇ ਵਿਰਾਜੇ ਸਨ। ਕਿਹਾ ਜਾਂਦਾ ਹੈ ਕਿ ਇਥੋਂ ਲੰਘਦਿਆਂ ਉਹਨਾਂ ਦਾ ਘੋੜਾ ਪਿੰਡ ਧਨੌਲਾ ਦੀ ਕਾਲੀ ਸੀਮਾ ਤੇ ਤੰਮਾਕੂ ਦੀ ਗੰਧ ਕਾਰਨ ਰੁੱਕ ਗਿਆ। ਉਸ ਸਮੇਂ ਇਸ ਥਾਂ (ਅਰੀਸਰ) ਵਿੱਚ ਤੰਬਾਕੂ ਉੱਗਿਆ ਹੋਇਆ ਸੀ।

24. **ਗੁਰਦੁਆਰਾ ਦਮਦਮਾ ਸਾਹਿਬ, ਤਲਵੰਡੀ ਸਾਬੋ:** ਇਹ ਖਾਲਸਾ ਪੰਥ ਦਾ ਪਵਿੱਤਰ ਤਖਤ ਹੈ। ਜਾਲਿਮ ਮੁਗਲਾਂ ਨਾਲ ਲੜਦੇ ਹੋਏ, ਗੁਰੂ ਗੋਬਿੰਦ ਸਿੰਘ ਜੀ 1705ਈ: ਵਿੱਚ ਇੱਥੇ ਆ ਪਹੁੰਚੇ ਸਨ। ਗੁਰੂ ਸਾਹਿਬ 16 ਮਹੀਨੇ ਇੱਥੇ ਰਹੇ ਸਨ। ਇਸੇ ਥਾਂ 'ਤੇ ਗੁਰੂ ਸਾਹਿਬ ਨੂੰ ਭਾਈ ਮਨੀ ਸਿੰਘ ਦੀ ਹੱਥ ਲਿਖਤ ਬੀੜ ਉਹਨਾਂ ਦੁਆਰਾ ਭੇਂਟ ਕੀਤੀ ਗਈ ਸੀ।

25. **ਗੁਰਦੁਆਰਾ ਸ੍ਰੀ ਲੱਖੀ ਜੰਗਲ ਸਾਹਿਬ, ਬਠਿੰਡਾ:** ਇੱਥੇ ਗੁਰੂ ਨਾਨਕ ਦੇਵ ਜੀ ਵਿਰਾਜੇ ਸਨ। ਇਥੇ ਉਹਨਾਂ ਨੇ ਜਪੁ ਜੀ ਸਾਹਿਬ ਦੇ ਇੱਕ ਲੱਖ ਪਾਠ ਪੂਰੇ ਕੀਤੇ ਸਨ। ਕਿਉਂਕਿ ਉਸ ਸਮੇਂ ਇੱਥੇ ਘਣਾ ਜੰਗਲ ਸੀ। ਗੁਰੂ ਜੀ ਦੀ ਫੇਰੀ ਕਾਰਨ ਇਸ ਥਾਂ ਦਾ ਨਾਂ ਲੱਖੀ ਜੰਗਲ ਪੈ ਗਿਆ। ਇਸ ਥਾਂ 'ਤੇ ਗੁਰੂ ਹਰਗੋਬਿੰਦ ਜੀ, ਗੁਰੂ ਹਰ ਰਾਏ ਜੀ ਅਤੇ ਗੁਰੂ ਹਰਗੋਬਿੰਦ ਸਾਹਿਬ ਵੀ ਵਿਰਾਜੇ ਸਨ।

26. **ਗੁਰਦੁਆਰਾ ਸ੍ਰੀ ਗੰਗਸਰ ਸਾਹਿਬ, ਜੈਤੋ:** ਇੱਥੇ ਗੁਰੂ ਜੀ ਨੇ ਇੱਕ ਤਲਾਬ ਵਿੱਚੋਂ ਇੱਕ ਕਲਸ਼ ਪ੍ਰਗਟ ਕੀਤਾ ਸੀ। ਜੋ ਜਾ ਕੇ ਗੰਗਾ ਦਰਿਆ ਵਿੱਚ ਮਿਲ ਗਿਆ। ਉਦੋਂ ਤੋਂ ਇਸ ਥਾਂ ਨੂੰ ਗੰਗਸਰ ਸਾਹਿਬ ਕਿਹਾ ਜਾਂਦਾ ਹੈ।

ਸਾਰਣੀ 12.8

ਪੰਜਾਬ ਦੇ ਪ੍ਰਸਿੱਧ ਗੁਰਦੁਆਰੇ

ਨਾਮ	ਸਥਾਨ	ਸਬੰਧਿਤ ਗੁਰੂ ਸਾਹਿਬਾਨ
ਗੁਰਦੁਆਰਾ ਕੰਧ ਸਾਹਿਬ	ਬਟਾਲਾ	ਗੁਰੂ ਨਾਨਕ ਦੇਵ ਜੀ
ਗੁਰਦੁਆਰਾ ਬੇਰ ਸਾਹਿਬ	ਸੁਲਤਾਨਪੁਰ ਲੋਧੀ	ਗੁਰੂ ਨਾਨਕ ਦੇਵ ਜੀ
ਗੁਰਦੁਆਰਾ ਡੇਰਾ ਬਾਬਾ ਨਾਨਕ	ਡੇਰਾ ਬਾਬਾ ਨਾਨਕ	ਗੁਰੂ ਨਾਨਕ ਦੇਵ ਜੀ
ਗੁਰਦੁਆਰਾ ਖੰਡੂਰ ਸਾਹਿਬ	ਖੰਡੂਰ ਸਾਹਿਬ	ਗੁਰੂ ਅੰਗਦ ਦੇਵ ਜੀ
ਗੁਰਦੁਆਰਾ ਚੁਬਾਰਾ ਸਾਹਿਬ	ਗੋਇੰਦਵਾਲ ਸਾਹਿਬ	ਗੁਰੂ ਅਮਰਦਾਸ ਜੀ
ਗੁਰਦੁਆਰਾ ਬਾਉਲੀ ਸਾਹਿਬ	ਗੋਇੰਦਵਾਲ ਸਾਹਿਬ	ਗੁਰੂ ਅਮਰਦਾਸ ਜੀ
ਗੁਰੂ ਕਾ ਮਹਿਲ	ਅੰਮ੍ਰਿਤਸਰ	ਗੁਰੂ ਰਾਮ ਦਾਸ ਜੀ
ਗੁਰਦੁਆਰਾ ਤਰਨ ਤਾਰਨ ਸਾਹਿਬ	ਤਰਨ ਤਾਰਨ	ਗੁਰੂ ਅਰਜਨ ਦੇਵ ਜੀ
ਗੁਰਦੁਆਰਾ ਥਮ ਸਾਹਿਬ	ਕਰਤਾਰਪੁਰ	ਗੁਰੂ ਨਾਨਕ ਦੇਵ ਜੀ
ਗੁਰਦੁਆਰਾ ਰਾਮਸਰ	ਅੰਮ੍ਰਿਤਸਰ	ਗੁਰੂ ਅਰਜਨ ਦੇਵ ਜੀ
ਗੁਰੂ ਕੀ ਵਡਾਲੀ	ਅੰਮ੍ਰਿਤਸਰ	ਗੁਰੂ ਹਰਗੋਬਿੰਦ ਜੀ
ਗੁਰਦੁਆਰਾ ਡਰੋਲੀ ਭਾਈ	ਫਿਰੋਜ਼ਪੁਰ	ਗੁਰੂ ਹਰਗੋਬਿੰਦ ਜੀ
ਗੁਰਦੁਆਰਾ ਪਤਾਲ ਪੁਰੀ	ਕਰਤਾਰਪੁਰ ਸਾਹਿਬ	ਗੁਰੂ ਹਰਗੋਬਿੰਦ ਜੀ
ਗੁਰਦੁਆਰਾ ਬਾਬਾ ਬਕਾਲਾ	ਬਾਬਾ ਬਕਾਲਾ	ਗੁਰੂ ਤੇਗ ਬਹਾਦਰ ਜੀ
ਗੁਰਦੁਆਰਾ ਦੁਖ ਨਿਵਾਰਨ ਸਾਹਿਬ	ਪਟਿਆਲਾ	ਗੁਰੂ ਤੇਗ ਬਹਾਦਰ ਜੀ

Scanned with CamScanner

ਗੁਰਦੁਆਰਾ ਅਕਾਲਬੁੰਗ ਸਾਹਿਬ	ਚਮਕੌਰ ਸਾਹਿਬ	[illegible]
ਗੁਰਦੁਆਰਾ ਚੰਡਾਲ ਚੌਕੜੀ	ਮਾਛੀਵਾੜਾ	[illegible]
ਗੁਰਦੁਆਰਾ ਫਤਿਹਗੜ੍ਹ ਸਾਹਿਬ	ਫਤਿਹਗੜ੍ਹ ਸਾਹਿਬ	[illegible]
ਗੁਰਦੁਆਰਾ ਟਿੱਬੀ ਸਾਹਿਬ	ਮੁਕਤਸਰ ਸਾਹਿਬ	[illegible]
ਗੁਰਦੁਆਰਾ ਆਲਮਗੀਰ ਸਾਹਿਬ	ਲੁਧਿਆਣਾ	[illegible]
ਗੁਰਦੁਆਰਾ ਨਾਨਕਿਆਣਾ ਸਾਹਿਬ	ਸੰਗਰੂਰ	[illegible]
ਗੁਰਦੁਆਰਾ ਸ੍ਰੀ ਅਕੋਈ ਸਾਹਿਬ	ਸੰਗਰੂਰ	[illegible]
ਗੁਰਦੁਆਰਾ ਅਰੀਸਰ ਸਾਹਿਬ	ਬਰਨਾਲਾ	[illegible]
ਗੁਰਦੁਆਰਾ ਸ੍ਰੀ ਦਮਦਮਾ ਸਾਹਿਬ	ਤਲਵੰਡੀ ਸਾਬੋ	[illegible]
ਗੁਰਦੁਆਰਾ ਲਖੀ ਜੰਗਲ ਸਾਹਿਬ	ਬਠਿੰਡਾ	[illegible]
ਗੁਰਦੁਆਰਾ ਸ੍ਰੀ ਗੰਗਸਰ ਸਾਹਿਬ	ਜੈਤੋ	[illegible]

12.11 ਪੰਜਾਬ ਦੇ ਪ੍ਰਸਿੱਧ ਮੰਦਰ:

ਚੰਡੀ ਮੰਦਰ, ਚੰਡੀਗੜ੍ਹ:

ਇਹ ਹਿੰਦੂ ਮੰਦਰ, ਚੰਡੀ ਮਾਤਾ ਦੀ ਯਾਦ ਵਿੱਚ ਚੰਡੀਗੜ੍ਹ ਨੇੜੇ ਬਣਿਆ ਹੋਇਆ ਹੈ। ਚੰਡੀ ਮਾਤਾ ਨੂੰ ਸ਼ਕਤੀ ਦੀ ਦੇਵੀ ਮੰਨਿਆ ਜਾਂਦਾ ਹੈ। ਇਹ ਮੰਦਰ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਦਿਲਕਸ਼ ਦਿਸ਼ਾ ਵਿੱਚ ਬਣਿਆ ਹੋਇਆ ਹੈ। ਇਸ ਮੰਦਰ ਵਿੱਚ ਕਈ ਹੋਰ ਦੇਵੀ-ਦੇਵਤਾਵਾਂ ਦੇ ਬੁੱਤ ਹਨ ਜਿਵੇਂ ਕਿ ਚੰਡੀ ਮਾਤਾ, ਰਾਧਾ-ਕ੍ਰਿਸ਼ਨ ਜੀ, ਹਨੂੰਮਾਨ ਜੀ, ਸ਼ਿਵ ਜੀ ਅਤੇ ਰਾਮ ਜੀ ਆਦਿ। ਨਵਰਾਤਿਆਂ ਵਿੱਚ ਇਸ ਮੰਦਿਰ ਨੂੰ ਖੂਬਸੂਰਤੀ ਨਾਲ ਸਜਾਇਆ ਜਾਂਦਾ ਹੈ। ਇਥੇ ਵਿਸ਼ੇਸ਼ ਪੂਜਾ ਦਾ ਆਯੋਜਨ ਵੀ ਕੀਤਾ ਜਾਂਦਾ ਹੈ।

ਰਾਮ ਤੀਰਥ, ਅੰਮ੍ਰਿਤਸਰ:

ਇਹ ਅੰਮ੍ਰਿਤਸਰ ਤੋਂ 11 ਕਿਲੋਮੀਟਰ ਦੱਖਣ ਵੱਲ ਚੁਗਾਵਾਂ ਸੜਕ 'ਤੇ ਹੈ। ਇਹ ਮੰਦਰ ਰਮਾਇਣ ਯੁੱਗ ਤੋਂ ਹੀ ਇਥੇ ਸੁਸ਼ੋਭਿਤ ਹੈ। ਇਹ ਰਿਸ਼ੀ ਬਾਲਮੀਕ ਜੀ ਦਾ ਨਿਵਾਸ ਸਥਾਨ ਸੀ। ਇਸ ਥਾਂ 'ਤੇ ਇੱਕ ਪੁਰਾਣਾ ਸਰੋਵਰ ਹੈ ਅਤੇ ਇਥੇ ਹੋਰ ਵੀ ਕਈ ਮੰਦਿਰ ਹਨ। ਇੱਥੇ ਇੱਕ ਕੁਟੀਆ ਵੀ ਮੌਜੂਦ ਹੈ, ਜਿੱਥੇ ਮਾਤਾ ਸੀਤਾ ਨੇ ਲਵ-ਕੁਸ਼ ਨੂੰ ਜਨਮ ਦਿੱਤਾ ਸੀ। ਇਥੇ ਰਿਸ਼ੀ ਬਾਲਮੀਕ ਦੀ ਕੁਟੀਆ ਹੈ ਅਤੇ ਉਹ ਖੂਹ ਜਿਸ ਦੀਆਂ ਪੌੜੀਆਂ 'ਤੇ ਸੀਤਾ ਜੀ ਇਸ਼ਨਾਨ ਕਰਿਆ ਕਰਦੇ ਸਨ, ਅੱਜ ਵੀ ਮੌਜੂਦ ਹੈ। ਚਿਰਕਾਲ ਤੋਂ ਨਵੰਬਰ ਦੀ ਪੂਰਨਮਾਸ਼ੀ ਨੂੰ ਹਰ ਸਾਲ ਇੱਥੇ 4 ਰੋਜ਼ਾ ਮੇਲਾ ਭਰਦਾ ਹੈ।

ਦੁਰਗਿਆਨਾ ਮੰਦਰ, ਅੰਮ੍ਰਿਤਸਰ:

ਅੰਮ੍ਰਿਤਸਰ ਦੇ ਲੋਹਗੜ੍ਹ ਗੇਟ ਨੇੜੇ ਇੱਕ ਛੋਟੀ ਝੀਲ ਨੇੜੇ ਇਹ ਮੰਦਰ ਸਥਿਤ ਹੈ। ਮੂਲ ਰੂਪ ਵਿੱਚ ਕਿਹਾ ਜਾਂਦਾ ਹੈ ਕਿ ਇਹ ਮੰਦਰ 16ਵੀਂ ਸਦੀ ਵਿੱਚ ਬਣਿਆ ਹੈ। ਪਰ 1921 ਵਿੱਚ ਇਸ ਦਾ ਹਰਿਮੰਦਰ ਸਾਹਿਬ ਦੇ ਨਕਸ਼ੇ 'ਤੇ, ਗੁਰੂ ਹਰਸਾਏ ਮੱਲ ਕਪੂਰ ਨੇ ਪੁਨਰ ਨਿਰਮਾਣ ਕਰਵਾਇਆ ਸੀ। ਕਈ ਵਾਰ ਇਸ ਨੂੰ ਇਸਦੇ ਚਾਂਦੀ ਦੇ ਮੀਨਾਕਾਰੀ ਵਾਲੇ ਵੱਡੇ ਦਰਵਾਜਿਆ ਕਾਰਨ ਚਾਂਦੀ ਦਾ ਮੰਦਰ ਵੀ ਕਿਹਾ ਜਾਂਦਾ ਹੈ। ਨਵੇਂ ਬਣੇ ਮੰਦਰ ਦਾ ਉਦਘਾਟਨ ਪੰਡਿਤ ਮਦਨ ਮੋਹਨ ਮਾਲਵੀਆ ਨੇ ਕੀਤਾ ਸੀ।

ਸ਼ਿਵ ਮੰਦਰ, ਗੁੜ ਮੰਡੀ, ਜਲੰਧਰ:

ਇਹ ਮੰਦਰ, ਗੁੜ ਮੰਡੀ ਦੇ ਭੀੜ-ਭੱੜਕੇ ਵਾਲੇ ਬਜ਼ਾਰ ਵਿੱਚ ਸਥਿਤ ਹੈ। ਇਸ ਮੰਦਰ ਵਿੱਚ ਮੁੱਖ ਤੌਰ 'ਤੇ ਸ਼ਿਵਜੀ ਦੀ ਮੂਰਤੀ ਹੈ। ਇਹ ਪੁਰਾਤਨ ਕਾਲ ਦੇ ਲੋਕਾਂ ਦੀ ਉੱਤਮ ਸ਼ਿਲਪਕਾਰੀ ਦਾ ਨਮੂਨਾ ਪੇਸ਼ ਕਰਦੀਹੈ। ਇਸ ਮੰਦਰ ਦਾ ਨਿਰਮਾਣ ਲੋਧੀ ਵੰਸ਼ ਦੇ ਮੁਸਲਮਾਨ 'ਨਵਾਬ' ਵੱਲੋਂ ਇਮਾਮ ਨਾਸਰ ਦੀ ਮਸਜਿਦ ਦੇ ਨੇੜੇ ਕਰਵਾਇਆ ਗਿਆ ਸੀ। ਇਹ ਸਦੀਆਂ ਪੁਰਾਣਾ ਮੰਦਰ, ਅੱਜ ਦੇ ਯੁੱਗ ਵਿੱਚ ਵੀ ਧਾਰਮਿਕ ਸ਼ਹਿਨਸ਼ੀਲਤਾ ਦੀ ਅਮਿੱਟ ਉਦਾਹਰਣ ਪੇਸ਼ ਕਰਦਾ ਹੈ। ਇਸ ਮੰਦਰ ਦੀ ਸ਼ਿਲਪਕਲਾ ਹਿੰਦੂ ਅਤੇ ਮੁਸਲਮਾਨ ਕਾਰੀਗਰੀ ਦਾ ਉੱਤਮ ਸੁਮੇਲ ਹੈ। ਮੰਦਰ ਦਾ ਮੁੱਖ ਦੁਆਰ ਮਸਜਿਦ ਦੇ ਦਰਵਾਜ਼ੇ ਵਰਗਾ ਬਣਾਇਆ ਗਿਆ ਹੈ। ਜਦੋਂ ਕਿ ਬਾਕੀ ਇਮਾਰਤ ਉਤਮ ਹਿੰਦੂ ਸ਼ਿਲਪਕਲਾ ਨੂੰ ਦਰਸਾਉਂਦੀ ਹੈ।

ਸੋਢਲ ਮੰਦਰ, ਜਲੰਧਰ:

ਇਹ ਮੰਦਰ ਜਲੰਧਰ ਦੇ ਸਭ ਤੋਂ ਪ੍ਰਸਿੱਧ ਮੰਦਰਾਂ ਵਿੱਚੋਂ ਇੱਕ ਹੈ। ਇਹ ਬਾਲ ਗੁਰੂ, ਬਾਬਾ ਸੋਢਲ ਨੂੰ ਸਮਰਪਿਤ ਹੈ। ਇੱਥੇ ਲੋਕ ਬਾਬਾ ਜੀ ਦਾ ਅਸ਼ੀਰਵਾਦ ਲੈਣ ਆਉਂਦੇ ਹਨ। ਅਜਿਹਾ ਮੰਨਿਆ ਜਾਂਦਾ ਹੈ ਕਿ ਉਹਨਾਂ ਕੋਲ ਅਲੌਕਿਕ ਸ਼ਕਤੀਆਂ ਸਨ। ਜੋ ਉਹਨਾਂ ਦੀ ਸੱਚੇ ਮਨੋਂ ਪੂਜਾ ਕਰਦਾ ਹੈ, ਬਾਬਾ ਜੀ ਉਸ ਦੀ ਝੋਲੀ ਖੁਸ਼ੀਆਂ ਨਾਲ ਭਰ ਦਿੰਦੇ ਹਨ। 'ਅਨੰਦ ਚਤੁਰਦਰਸ਼ੀ' ਦਾ ਤਿਉਹਾਰ ਹਰ ਸਾਲ ਸਤੰਬਰ ਦੀ ਪੂਰਨਮਾਸ਼ੀ ਨੂੰ ਇੱਥੇ ਹੀ ਮਨਾਇਆ ਜਾਂਦਾ ਹੈ। ਇਸ ਦਿਨ ਇੱਥੇ ਬਹੁਤ ਭਾਰੀ ਮੇਲਾ

Scanned with CamScanner

ਲੱਗਦਾ ਹੈ।

ਦੇਵੀ ਤਲਾਬ ਮੰਦਿਰ, ਜਲੰਧਰ:

ਪ੍ਰਸਿੱਧ ਦੇਵੀ ਤਲਾਬ ਮੰਦਰ, ਸ਼ਹਿਰ ਜਲੰਧਰ ਦੇ ਵਿੱਚ ਸਥਿਤ ਹੈ। ਇਹ ਜਲੰਧਰ ਦਾ ਸਭ ਤੋਂ ਪੁਰਾਣਾ, ਸ਼ਾਨਦਾਰ ਅਤੇ ਵਿਸ਼ਾਲ ਮੰਦਰ ਹੈ। ਜਿਸ ਵਿੱਚ ਪਿਰਾਮਿਡ ਆਕਾਰ ਦੀਆਂ ਬਣੀਆਂ 'ਗਰਭ ਗ੃ਹਿ' ਦੀਆਂ ਚੋਟੀਆਂ ਹਨ ਜੋ ਕਿ ਸੋਨੇ ਦੇ ਪੱਤਰਾਂ ਨਾਲ ਢੱਕੀਆਂ ਹੋਈਆਂ ਹਨ। ਇਸ ਮੰਦਰ ਦੇ ਚਾਰੇਪਾਸੇ ਪਵਿੱਤਰ ਸਰੋਵਰ ਹੈ। ਇਸਦੀ ਮੁੱਖ ਇਮਾਰਤ ਵਿੱਚ ਕਈ ਮੰਦਰ ਹਨ। ਇਸ ਦੇ ਕੇਂਦਰ ਵਿੱਚ ਇਕ ਮੁੱਖ ਮੰਦਰ ਹੈ, ਜਿਸਨੂੰ ਦੁਰਗਾ ਮਾਤਾ ਦਾ ਮੰਦਰ ਕਹਿੰਦੇ ਹਨ। 51 ਸ਼ਕਤੀਪੀਠਾਂ ਵਿੱਚੋਂ ਇਹ ਇੱਕ ਸ਼ਕਤੀਪੀਠ ਮੰਨਿਆ ਜਾਂਦਾ ਹੈ। ਜਿਸ ਨੂੰ 'ਤ੍ਰਿਪੁਮਾਲਿਨੀ' ਕਹਿੰਦੇ ਹਨ। ਇਸ ਤੋਂ ਅੱਗੇ ਸੂਰਜ ਮੰਦਰ ਹੈ, ਜੋ ਕਿ ਸ੍ਰੀ ਅਮਰਨਾਥ ਮੰਦਰ ਦਾ ਪ੍ਰਤਿ-ਰੂਪ ਹੈ। ਇਹ ਇੱਕ ਪਾਸੇ ਬਣਿਆ ਹੋਇਆ ਹੈ।

ਪਿਛਲੇ 125 ਸਾਲਾਂ ਤੋਂ ਇਥੇ ਹਰ ਸਾਲ 'ਹਰੀਵੱਲਭ ਸੰਗੀਤ ਸੰਮੇਲਨ' ਕਰਵਾਇਆ ਜਾਂਦਾ ਹੈ। ਉੱਤਰੀ ਭਾਰਤ ਵਿੱਚ ਸ਼ਾਸਤਰੀ ਸੰਗੀਤ ਦਾ ਇਹ ਸਭ ਤੋਂ ਵੱਡਾ ਅਤੇ ਪੁਰਾਣਾ ਸੰਮੇਲਨ ਹੈ।

ਪੰਚ ਮੰਦਰ, ਕਪੂਰਥਲਾ:

ਕਪੂਰਥਲਾ ਦਾ ਪੰਚ ਮੰਦਰ, ਪੰਜਾਬ ਦੀਆਂ ਪ੍ਰਸਿੱਧ ਥਾਵਾਂ ਵਿੱਚ ਇੱਕ ਹੈ। ਇਹ ਕਈ ਹਿੰਦੂ ਦੇਵੀ-ਦੇਵਤਿਆਂ ਦੀ ਯਾਦ ਨੂੰ ਸਮਰਪਿਤ ਹੈ। ਇਸ ਦਾ ਨਿਰਮਾਣ ਫਤਿਹ ਸਿੰਘ ਆਹੂਵਾਲੀਆ ਨੇ ਕਰਵਾਇਆ ਸੀ। ਇਹ ਸੁਨਿਹਰੀ ਯੁੱਗ ਵਿੱਚ ਹੁੰਦੀ ਉੱਤਮ ਸ਼ਿਲਪਕਾਰੀ ਦੀਆਂ ਯਾਦਾਂ ਸਮੇਟੀ ਬੈਠਾ ਹੈ।

ਚਿੱਟੇ ਰੰਗ ਦਾ ਪੰਚ ਮੰਦਰ ਪੂਰਨਮਾਸ਼ੀ ਦੀ ਰਾਤ ਨੂੰ ਦਿਲਕਸ਼ ਨਜ਼ਾਰਾ ਪੇਸ਼ ਕਰਦਾ ਹੈ। ਜਿਵੇਂ ਕਿ ਨਾਮ ਤੋਂ ਸਪੱਸ਼ਟ ਹੈ ਕਿ ਇਸ ਵਿੱਚ ਕਈ ਛੋਟੇ ਮੰਦਿਰ ਹਨ। ਇਹ ਵੱਖ-ਵੱਖ ਦੇਵੀ-ਦੇਵਤਿਆਂ ਨੂੰ ਸਮਰਪਿਤ ਹਨ। ਕੇਂਦਰ ਵਿੱਚ ਬਣਿਆ ਇਹ ਵਿਸ਼ਾਲ, ਪਵਿੱਤਰ ਸਥਾਨ, ਕਈ ਛੋਟੇ ਮੰਦਰਾਂ ਨਾਲ ਘਿਰਿਆ ਹੋਇਆ ਹੈ। ਇੱਕ ਧਾਰਮਿਕ ਸਥਾਨ ਹੋਣ ਦੇ ਨਾਲ-ਨਾਲ, ਇਹ ਪ੍ਰਾਚੀਨ ਸ਼ਿਲਪ ਵਿਗਿਆਨੀਆਂ ਲਈ ਪੁਰਾਤਨ ਰਵਾਇਤੀ ਸਮਾਜ ਦੀ ਸ਼ਿਲਪਕਲਾ ਅਤੇ ਦਸਤਕਾਰੀ ਦੇ ਗਿਆਨ ਦਾ ਮਹੱਤਵਪੂਰਨ ਸ੍ਰੋਤ ਹੈ।

ਕਾਲੀ ਮਾਤਾ ਜੀ ਮੰਦਰ, ਪਟਿਆਲਾ:

ਇਹ ਮੰਦਰ ਸਿੱਖ ਮਹਾਰਾਜਾ ਭੁਪਿੰਦਰਾ ਸਿੰਘ ਨੇ ਪਟਿਆਲਾ ਵਿਖੇ ਬਣਵਾਇਆ ਸੀ। ਉਹਨਾਂ ਨੇ ਇਸ ਮੰਦਰ ਦੀ ਉਸਾਰੀ ਦਾ ਸਾਰਾ ਖਰਚਾ ਉਠਾਇਆ ਸੀ। ਉਹਨਾ ਨੇ 1936 ਵਿੱਚ ਇਸ ਦੀ ਸਥਾਪਨਾ ਕਰਵਾਈ ਸੀ। ਉਹ ਇਸ ਮੰਦਰ ਦੀ ਉਸਾਰੀ ਲਈ ਬਹੁਤ ਉਤਾਵਲੇ ਸਨ। ਉਹਨਾਂ ਨੇ ਕਾਲੀ ਮਾਤਾ ਜੀ ਦੀ ਛੇ ਫੁੱਟ ਉੱਚੀ ਮੂਰਤੀ ਅਤੇ ਪਾਵਨ ਜੋਤੀ ਬੰਗਾਲ ਤੋਂ ਪਟਿਆਲਾ ਲਿਆਂਦੀ ਸੀ। ਆਪਣੀ ਵਿਲੱਖਣ ਦਿੱਖ ਕਾਰਨ ਇਸ ਮੰਦਰ ਨੂੰ ਰਾਸ਼ਟਰੀ ਧਰੋਹਰ ਐਲਾਨਿਆ ਗਿਆ। ਇਸ ਦੀ ਇਮਾਰਤ ਦੇ ਵਿਚਕਾਰ, ਰਾਜ ਰਾਜੇਸ਼ਵਰੀ ਦਾ ਪੁਰਾਣਾ ਮੰਦਰ ਵੀ ਹੈ। ਭਗਤ ਇੱਥੇ ਸਰ੍ਹੋਂ ਦਾ ਤੇਲ, ਦਾਲ, ਨਾਰੀਅਲ, ਚੂੜੀਆਂ ਅਤੇ ਚੁੰਨੀਆਂ ਦਾ ਚੜ੍ਹਾਵਾ ਚੜ੍ਹਾਉਂਦੇ ਹਨ।

ਭਗਵਤੀ ਮੰਦਰ, ਮਾਈਸਰ ਖਾਨਾ, ਬਠਿੰਡਾ:

ਇਹ ਮੰਦਰ 17ਵੀਂ ਸਦੀ ਦੌਰਾਨ ਬਣਾਇਆ ਗਿਆ ਸੀ। ਇਹ ਮੰਦਰ ਇੱਕ ਪਿੰਡ ਵਿੱਚ ਸਥਿਤ ਹੈ, ਜਿਸ ਦਾ ਨਾਂ ਖਾਨਾ ਹੈ। ਇਸ ਪਿੰਡ ਦੇ ਲੋਕ ਕਾਂਗੜਾ ਦੇ ਜਵਾਲਾਮੁਖੀ ਮੰਦਰ ਦੇ ਭਗਤ ਸਨ। ਇੱਕ ਵਾਰ ਜਦੋਂ ਇਸ ਪਿੰਡ ਦੇ ਕਮਲਾ ਭਗਤ ਅਤੇ ਕਾਲੀ ਨਾਥ, ਜਵਾਲਾ ਮੁਖੀ ਮੰਦਿਰ ਨੂੰ ਜਾਂ ਰਹੇ ਸਨ, ਤਾਂ ਦੇਵੀ ਨੇ ਉਹਨਾਂ ਨੂੰ ਜਵਾਲਾਮੁਖੀ ਮੰਦਰ ਤੋਂ ਲਗਭਗ 2 ਕਿਲੋਮੀਟਰ ਉਤੇ ਹੀ ਦਰਸ਼ਨ ਦਿੱਤੇ ਸਨ। ਦੇਵੀ ਨੇ ਉਹਨਾਂ ਨੂੰ ਆਸ਼ੀਰਵਾਦ ਦਿੱਤਾ ਸੀ ਅਤੇ ਕਮਲਾ ਭਗਤ ਨੂੰ ਕਿਹਾ ਕਿ ਹੁਣ ਉਸ ਨੂੰ

Scanned with CamScanner

ਸਦਾਲਾ ਮੁਖੀ ਮੰਦਰ ਆਉਣ ਦੀ ਲੋੜ ਨਹੀਂ। ਸੇਕਰ ਉਹ ਆਪਣੇ ਪਿੰਡ ਬੈਠ ਕੇ ਵੀ ਸਾਧਨਾ ਕਰੇਗਾ ਤਾਂ ਵੀ ਉਹੇ ਸਦਾਲਾਮੁਖੀ ਮੰਦਰ ਆਉਣ ਦੇ ਤੁਲ ਸਮਝੀ ਜਾਵੇਗੀ। ਉਦੋਂ ਤੋਂ ਹੀ ਇਸ ਥਾਂ ਉਤੇ ਦੋ ਵਾਰ ਧਾਰਮਿਕ ਮੇਲਾ ਲਗਦਾ ਹੈ।

ਸੂਰਜ ਕੁੰਡ ਮੰਦਰ, ਨੂਰਪੁਰ:

ਇਹ ਮੰਦਰ ਜ਼ਿਲ੍ਹਾ ਨੂਰਪੁਰ ਦੇ ਪੂਰਬ ਵੱਲੇ ਸਥਿਤ ਹੈ। ਇਹ ਇੱਕ ਵਿਸ਼ਾਲ ਸੂਰਜ ਮੰਦਰ ਹੈ। ਇਸ ਨੂੰ ਮੁਹੰਮਦ ਗਜ਼ਨਵੀ ਨੇ ਤਬਾਹ ਕਰ ਦਿੱਤਾ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਇਸ ਦੇ ਨੇੜੇ ਸਰਸਵਤੀ ਦਰਿਆ ਵਗਦਾ ਸੀ। ਆਸਟ੍ਰੇਲੀਆ ਨੇ ਆਪਣੀ ਕਿਤਾਬ 'ਕਿਤਾਬ-ਉਲ-ਹਿੰਦ' ਵਿੱਚ ਵੀ ਇਸ ਦਾ ਵਰਣਨ ਕੀਤਾ ਹੈ। ਸੂਰਜ ਕੁੰਡ ਦੇ ਚਾਰੇ ਪਾਸੇ ਚਾਰ ਦਰਵਾਜ਼ੇ ਬਣੇ ਹੋਏ ਹਨ। ਕੁੰਡ ਦੇ ਇੱਕ ਪਾਸੇ 'ਸਿਵ ਲਿੰਗ' ਦਰਿਆ ਹੋਇਆ ਹੈ। ਇਸ ਤੋਂ ਬਿਨਾਂ ਇੱਥੇ ਸੀਤਾ ਕੁੰਡ ਅਤੇ ਭਰਤ ਕੁੰਡ ਵੀ ਹਨ।

Scanned with CamScanner

12.12 ਪੰਜਾਬ ਦੇ ਕਿਲ੍ਹੇ, ਮਹਿਲ ਅਤੇ ਅਜਾਇਬ ਘਰ:

ਪੰਜਾਬ ਦੇ ਕਿਲ੍ਹੇ:

ਗੋਬਿੰਦਗੜ੍ਹ ਕਿਲ੍ਹਾ, ਅੰਮ੍ਰਿਤਸਰ:

ਇਹ ਇਤਿਹਾਸਕ ਫੌਜੀ ਕਿਲ੍ਹਾ ਅੰਮ੍ਰਿਤਸਰ ਸ਼ਹਿਰ ਦੇ ਵਿੱਚੋ ਵਿੱਚ ਸਥਿਤ ਹੈ। 1760 ਈ: ਵਿੱਚ ਭੰਗੀ ਮਿਸਲ ਦੇ ਸਾਸਕ ਇਸ ਨੂੰ 'ਫੁੱਲਰ ਸਿੰਘ ਕਿਲ੍ਹੇ' ਦੇ ਨਾਮ ਨਾਲ ਜਾਣਦੇ ਸਨ। 1805 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਭੰਗੀਆਂ ਦੀ ਹੋਰ ਅਤੇ ਕਿਲ੍ਹੇ ਉੱਪਰ ਕਬਜ਼ਾ ਕਰਨ ਉਪਰੰਤ ਇਸ ਨੂੰ ਨਵਾਂ ਨਾਮ ਦਿੱਤਾ ਸੀ। ਉਹਨਾਂ ਨੇ ਗੁਰੂ ਗੋਬਿੰਦ ਸਿੰਘ ਦੇ ਨਾਮ ਤੇ ਇਸ ਕਿਲ੍ਹੇ ਦਾ ਨਾਮ 'ਗੋਬਿੰਦਗੜ੍ਹ' ਰੱਖਿਆ ਸੀ।

ਇਸ ਕਿਲ੍ਹੇ ਵਿੱਚ ਟਿੱਕ ਟਕਸਾਲ, ਤੋਪਖਾਨਾ ਅਤੇ ਹੋਰ ਕਈ ਜਰੂਰੀ ਵਸਤੂਆਂ ਹਨ। ਇਸ ਕਿਲ੍ਹੇ ਦਾ ਪਹਿਲਾ ਗਵਰਨਰ ਸਰਦਾਰ ਸਮੀਰ ਸਿੰਘ ਸੀ। ਉਸ ਦੇ ਉਤਰਾਧਿਕਾਰੀ ਫ਼ਕੀਰ ਅਜੀਜੁਦੀਨ ਦੀ ਅਗਵਾਈ ਹੇਠ ਇਸ ਕਿਲ੍ਹੇ ਦਾ ਹੋਰ ਵਿਸਥਾਰ ਕੀਤਾ ਗਿਆ। ਭਾਰਤ ਦੀ ਆਜ਼ਾਦੀ ਮਗਰੋਂ ਭਾਰਤੀ ਫੌਜ ਨੇ ਇੱਥੇ ਆਪਣਾ ਆਧਾਰ ਬਣਾਇਆ। ਇਹ ਕਿਲ੍ਹਾ ਕਈ ਇਤਿਹਾਸਿਕ ਘਟਨਾਵਾਂ ਦਾ ਮੂਕ ਗਵਾਹ ਰਿਹਾ ਹੈ। ਬਰਤਾਨਵੀ ਸੈਨਾ ਦੇ ਜਨਰਲ ਉਡਵਾਇਰ ਨੇ ਇਸ ਕਿਲ੍ਹੇ ਵਿੱਚ ਹੀ ਦੰਡ ਘਰ ਬਣਾਇਆ ਸੀ। ਇਹ ਕਿਲ੍ਹਾ ਹੁਣ ਭਾਰਤੀ ਰੱਖਿਆ ਸੈਨਾ ਦੀ ਦੇਖ-ਰੇਖ ਵਿੱਚ ਹੈ।

ਬਠਿੰਡਾ ਕਿਲ੍ਹਾ:

ਇਹ ਭਾਰਤ ਵਿੱਚ ਦੇਖਣ ਵਾਲੀਆਂ ਥਾਵਾਂ ਵਿੱਚੋਂ ਇੱਕ ਹੈ। ਕਿਲ੍ਹਾ ਬਠਿੰਡਾ ਦਾ ਨਾਮ ਭੱਟੀ ਰਾਜਪੂਤਾਂ ਦੇ ਨਾਮ ਉਤੇ ਪਿਆ। ਇਹ ਭਾਰਤ ਦੇ ਉੱਤਰ ਪੱਛਮੀ ਭਾਗ ਵਿੱਚ, ਪੰਜਾਬ ਦੇ ਮਾਲਵਾ ਖੇਤਰ ਵਿੱਚ ਸਥਿਤ ਹੈ। ਭਾਰਤ ਦੀ ਪਹਿਲੀ ਔਰਤ ਸੁਲਤਾਨ ਰਜ਼ੀਆ ਨੂੰ ਇੱਥੇ ਹੀ ਨਜ਼ਰਬੰਦ ਕੀਤਾ ਗਿਆ ਸੀ।

ਇਹ ਰੇਤ ਦੇ ਸਮੁੰਦਰ ਵਿੱਚ ਜਹਾਜ਼ ਦੀ ਬਣਤਰ ਵਿੱਚ ਬਣਿਆ ਹੋਇਆ ਹੈ। ਇਸ ਦੀ ਉਸਾਰੀ ਲਈ ਵਰਤੀਆਂ ਇੱਟਾਂ ਤੁਗ਼ਲਕ ਯੁੱਗ ਜਿਸ ਦੌਰਾਨ ਕਨਿਸ਼ਕ ਭਾਰਤ 'ਤੇ ਰਾਜ ਕਰਦਾ ਸੀ, ਸਮੇਂ ਦੀਆਂ ਹਨ। 1754 ਈਸਵੀ ਵਿੱਚ ਇਸ ਤੇ ਮਹਾਰਾਜਾ ਆਲਾ ਸਿੰਘ ਦਾ ਕਬਜ਼ਾ ਹੋ ਗਿਆ। ਇਸ ਕਿਲ੍ਹੇ ਦੇ ਅੰਦਰ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ ਬਣਿਆ ਇੱਕ ਗੁਰਦੁਆਰਾ ਵੀ ਹੈ।

ਇਹ ਕਿਲ੍ਹਾ ਬਠਿੰਡਾ ਦੀ ਪੁਰਾਣੀ ਸ਼ਾਨ ਦੀ ਗਵਾਹੀ ਭਰਦਾ ਹੈ। ਇਸ ਦਾ ਸਿਹਰਾ ਰਾਜਾ ਬਿਨੇਪਾਲ ਨੂੰ ਜਾਂਦਾ ਹੈ। 15 ਏਕਤ ਜ਼ਮੀਨ 'ਤੇ ਉਸਰਿਆ ਇਹ ਕਿਲ੍ਹਾ 150 ਫੁੱਟ ਉੱਚਾ ਹੈ। ਇਸ ਦੀ ਭੂਗੋਲਿਕ ਸਥਿਤੀ ਨੇ ਬਠਿੰਡਾ ਨੂੰ ਰਾਜਸਥਾਨ 'ਚ ਦਾਖਲ ਹੋਣ ਦਾ ਰਾਹ ਬਣਾ ਦਿੱਤਾਹੈ। ਇਹ ਕਿਲ੍ਹਾ ਲੱਗਭੱਗ 39 ਮੀਟਰ ਉੱਚਾ ਅਤੇ 38 ਬੁਰਜੀਆਂ ਦਾ ਬਣਿਆ ਹੋਇਆ ਹੈ।

ਕਿਲ੍ਹਾ ਮੁਬਾਰਕ, ਫਰੀਦਕੋਟ ਕਿਲ੍ਹਾ:

ਫਰੀਦਕੋਟ ਕਿਲ੍ਹੇ ਦੀ ਵਿਸ਼ੇਸ਼ਤਾ ਇਹ ਹੈ ਕਿ ਸਾਰਾ ਕਿਲ੍ਹਾ ਨਾਨਕਸ਼ਾਹੀ ਇੱਟਾਂ ਦਾ ਬਣਿਆ ਹੋਇਆ ਹੈ। ਨਾਨਕਸ਼ਾਹੀ ਇੱਟਾਂ ਨੇ ਇਸ ਨੂੰ ਸ਼ਾਨਦਾਰ ਦਿੱਖ ਬਖਸ਼ਦੀਆਂ ਹਨ। ਬਾਹਰੀ ਸਜਾਵਟ ਵਿੱਚ ਯੂਰੋਪੀਅਨ ਪ੍ਰਭਾਵ ਦਿਖਦਾ ਹੈ ਪਰੰਤੂ ਅੰਦਰਲੀ ਬਨਾਵਟ ਅਤੇ ਸਜਾਵਟ ਰਾਜਸਥਾਨੀ ਦਿੱਖ ਪ੍ਰਦਾਨ ਕਰਦੀ ਹੈ।

ਇਸ ਕਿਲ੍ਹੇ ਦਾ ਇਤਿਹਾਸ 800 ਸਾਲ ਪੁਰਾਣਾ ਹੈ ਜਦੋਂ ਰਾਜਾ ਮੋਕਲਸੀ ਨੇ ਇੱਥੇ ਕਿਲ੍ਹਾ ਬਣਾਉਣ ਦਾ ਫੈਸਲਾ ਕੀਤਾ ਸੀ। ਉਹ ਸ਼ਹਿਰ, ਜਿਸ ਦੇ ਨੇੜੇ ਕਿਲ੍ਹਾ ਉਸਾਰਿਆ ਗਿਆ ਨੂੰ 'ਮੋਕੁਲਹਰ' ਦਾ ਨਾਮ ਦਿੱਤਾ ਗਿਆ। 1775 ਈ: ਵਿੱਚ ਰਾਜਾ ਹਮੀਰ ਸਿੰਘ ਨੇ ਇਸ ਦੀ ਪੁਨਰ ਉਸਾਰੀ ਕਰਵਾਈ। ਮਗਰੋਂ ਇਸ ਕਿਲ੍ਹੇ 'ਤੇ ਬਰਤਾਨਵੀ ਸਰਕਾਰ ਦਾ ਕਬਜ਼ਾ ਹੋ ਗਿਆ। ਇਸ ਕਿਲ੍ਹੇ ਦੀ ਸ਼ਿਲਪਕਾਰੀ ਉੱਤਮ ਦਰਜ਼ੇ ਦੀ ਹੈ। ਛੱਤ ਦੀ ਬਨਾਵਟ ਦੇ ਨਾਲ-ਨਾਲ ਇਹ ਕਿਲ੍ਹਾ ਆਪਣੇ ਸ਼ੀਸ਼ ਮਹੱਲ

Scanned with CamScanner

(ਜਿਸ ਵਿੱਚ ਸ਼ੀਸ਼ੇ ਦੀਆਂ ਟੁੱਕੜੀਆਂ ਦਾ ਪੱਚੀਦਾ ਕੰਮ ਕੀਤਾ ਗਿਆ ਹੈ) ਲਈ ਪ੍ਰਸਿੱਧ ਹੈ। ਸ਼ਾਹੀ ਘਰਾਣੇ ਦੇ ਲੋਕ ਸ਼ੀਸ਼ ਮਹੱਲ ਨੂੰ ਪ੍ਰਾਰਥਨਾ ਕਮਰੇ ਵਜੋਂ ਵਰਤਿਆ ਕਰਦੇ ਸਨ। ਦਰਬਾਰੀ ਹਾਲ ਜੋ ਕਿ ਮੁੱਖ ਇਮਾਰਤ ਦਾ ਹਿੱਸਾ ਹੈ, ਕਰੀਬਨ 34 ਫੁੱਟ ਚੌੜਾ, 90 ਫੁੱਟ ਲੰਮਾ ਅਤੇ 22 ਫੁੱਟ ਉੱਚਾ ਹੈ। ਸੰਗਮਰਮਰ ਦੇ ਫਰਸ਼ ਨਾਲ ਲੱਕੜੀ ਦੀ ਕਾਰੀਗਰੀ ਨਾ ਸਿਰਫ਼ ਇਸ ਨੂੰ ਰਾਜਸਥਾਨੀ ਦਿੱਖ ਪ੍ਰਦਾਨ ਕਰਦੀ ਹੈ, ਸਗੋਂ ਇਸ ਦੀ ਸ਼ਾਨ ਨੂੰ ਵੀ ਚੌਗੁਣਾ ਕਰਦੀ ਹੈ।

ਕਿਲ੍ਹਾ ਮੁਬਾਰਕ, ਪਟਿਆਲਾ:

ਇਹ ਕਿਲ੍ਹਾ 1764 ਈਸਵੀ ਵਿੱਚ ਮਹਾਰਾਜਾ ਆਲਾ ਸਿੰਘ ਨੇ ਬਣਵਾਇਆ ਸੀ। ਪਹਿਲਾਂ ਇਹ ਕੱਚੀ ਗੜ੍ਹੀ ਦੇ ਰੂਪ ਵਿੱਚ ਬਣਵਾਇਆ ਗਿਆ ਸੀ। ਮਹਾਰਾਜੇ ਨੇ ਸਰਹਿੰਦ ਦੀ ਜਿੱਤ ਮਗਰੋਂ ਇਸ ਨੂੰ ਪੱਕਾ ਕਰਵਾਇਆ ਸੀ। ਇਹ ਕਿਲ੍ਹਾ 10 ਏਕੜ ਜ਼ਮੀਨ 'ਤੇ ਸ਼ਹਿਰ ਦੇ ਕੇਂਦਰ ਵਿੱਚ ਬਣਿਆ ਹੋਇਆ ਹੈ।

ਇਸ ਦੇ ਦੋ ਮੁੱਖ ਭਾਗ ਹਨ, ਜਿੰਨ੍ਹਾਂ ਨੂੰ ਦੋ ਰਾਜਿਆਂ ਨੇ ਬਣਵਾਇਆ ਸੀ। ਇੱਕ ਭਾਗ 'ਕਿਲ੍ਹੇ ਅੰਦਰੂਨ' ਹੈ, ਜਿਸ ਨੂੰ ਮਹਾਰਾਜਾ ਆਲਾ ਸਿੰਘ ਨੇ ਬਣਵਾਇਆ ਸੀ। ਉੱਥੇ ਸ਼ਾਹੀ ਪਰਿਵਾਰ ਨਿਵਾਸ ਕਰਦਾ ਸੀ। ਇਹ ਕਿਲ੍ਹੇ ਦੇ ਅੰਦਰ ਮੁੱਖ ਥਾਂ ਹੈ। ਇੱਥੋਂ ਦੀ ਸ਼ਿਲਪਕਲਾ ਮੁਗ਼ਲ ਅਤੇ ਰਾਜਸਥਾਨੀ ਕਲਾਵਾਂ ਦਾ ਉੱਤਮ ਸੁਮੇਲ ਹੈ। ਕਿਲ੍ਹਾ ਅੰਦਰੂਨ ਵਿੱਚ ਕਮਰਿਆਂ ਦੇ ਵਰਾਂਡੇ ਬਣਾਏ ਹੋਏ ਹਨ ਅਤੇ ਹਰ ਸਮੂਹ ਦਾ ਵੱਖਰਾ ਨਾਮ ਹੈ।

ਮਹਿਲ ਦਾ ਦੂਜਾ ਭਾਗ 'ਕਿਲ੍ਹਾ ਮੁਬਾਰਕ' ਹੈ, ਜੋ ਕਿ ਕਿਲ੍ਹਾ ਅੰਦਰੂਨ ਅਤੇ ਚਾਰ ਦੀਵਾਰੀ ਦੇ ਵਿਚਕਾਰ ਸਥਿਤ ਹੈ। ਇਸ ਦੇ ਖੱਬੇ ਪਾਸੇ ਸੱਕਤਰੇਤ ਅਤੇ ਸੱਜੇ ਪਾਸੇ ਦਰਬਾਰ ਹਾਲ ਹੈ। ਦਰਬਾਰੀ ਹਾਲ ਨੂੰ ਹੁਣ ਛੋਟੇ ਅਜਾਇਬ ਘਰ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ ਜਿਸ ਵਿੱਚ ਦੁਰਲੱਭ ਹਥਿਆਰ ਰੱਖੇ ਗਏ ਹਨ ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਅਤੇ ਨੇਜ਼ਾ, ਨਾਦਿਰ ਸ਼ਾਹ ਦੀ ਤਲਵਾਰ ਜਿਸ ਨੂੰ 'ਸ਼ਿਕਾਰ ਗਾਹ' ਆਖਦੇ ਹਨ। ਇਸ ਭਾਗ ਦੀ ਉਸਾਰੀ ਮਹਾਰਾਜਾ ਕਰਮ ਸਿੰਘ ਨੇ ਕਰਵਾਈ ਸੀ।

ਕਿਲ੍ਹਾ ਕਈ ਭਾਗਾਂ ਵਿੱਚ ਵੰਡਿਆ ਹੋਇਆ ਹੈ ਜਿਵੇਂ ਜੇਲ੍ਹ ਵਾਲਾ ਮਹਿਲ, ਮੋਤੀ ਮਹਿਲ, ਸ਼ੀਸ਼ ਮਹੱਲ, ਰਾਜਮਾਤਾ ਦਾ ਮਹਿਲ, ਰੰਗ ਮਹਿਲ ਅਤੇ ਚੰਨ ਮਹਿਲ। ਮਨੋਰੰਜਨ ਲਈ ਵੀ ਵੱਖਰੇ ਭਾਗ ਬਣੇ ਹੋਏ ਹਨ ਜਿਵੇਂ ਪੁਤਲੀ ਘਰ ਅਤੇ ਬਾਗਘਰ। ਇਸ ਮਹਿਲ ਦੀ ਖ਼ਾਸੀਅਤ ਹੈ ਕਿ ਇਹ ਜ਼ਮੀਨੀ ਜਲਪ੍ਰਵਾਹ ਪ੍ਰਣਾਲੀ ਰਾਹੀਂ ਜੁੜਿਆ ਹੋਇਆ ਹੈ। ਇਸ ਦੇ ਕਮਰੇ ਇੱਕ ਸੁਰੰਗ ਨਾਲ ਜੁੜੇ ਹੋਏ ਹਨ। ਜੋ ਤਹਿਖਾਨੇ ਵਿੱਚੋਂ ਠੰਢੀ ਹਵਾ ਲੈ ਕੇ ਆਉਂਦੇ ਹਨ। ਇੱਥੇ ਬੇਸ਼ਕੀਮਤੀ ਫਾਨੂਸ ਲੱਗੇ ਹੋਏ ਹਨ ਜੋ ਕਿ ਬੋਹੀਮੀਆਂ ਤੋਂ ਆਏ ਕੱਚ ਨਾਲ ਬਣੇ ਹਨ ਅਤੇ ਤੇਜ਼ ਰੋਸ਼ਨੀ ਛੱਡਦੇ ਹਨ।

ਅਨੰਦਪੁਰ ਸਾਹਿਬ ਦਾ ਕਿਲ੍ਹਾ, ਰੂਪਨਗਰ:

ਅਨੰਦਪੁਰ ਸਾਹਿਬ ਵਿੱਚ ਪੰਜ ਕਿਲ੍ਹੇ ਹਨ। ਇਹ ਕਿਲ੍ਹੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸੁਰੱਖਿਆ ਦੇ ਮੱਦੇਨਜ਼ਰ ਬਣਵਾਏ ਸਨ।ਜੋ ਉਹਨਾਂ ਨੇ 25 ਸਾਲ ਅਨੰਦਪੁਰ ਸਾਹਿਬ ਵਿਖੇ ਹੀ ਬਿਤਾਏ ਸਨ।

ਸਿੱਖੀ ਦੇ ਵਧਦੇ ਪ੍ਰਭਾਵ ਕਾਰਨ ਕਈ ਪਹਾੜੀ ਰਾਜੇ ਅਤੇ ਮੁਗਲ ਆਪ ਦੇ ਵਿਰੋਧੀ ਬਣ ਗਏ ਸਨ। ਅਨੰਦਪੁਰ ਸਾਹਿਬ ਨੂੰ ਇਸ ਵਧਦੇ ਖਤਰੇ ਤੋਂ ਬਚਾਉਣ ਲਈ ਗੁਰੂ ਜੀ ਨੇ ਇੱਥੇ ਕਈ ਕਿਲ੍ਹੇ ਬਣਵਾਏ ਜਿੰਨ੍ਹਾਂ ਵਿੱਚ ਹੇਠ ਲਿਖੇ ਸ਼ਾਮਿਲ ਹਨ:

1. **ਕੇਸਗੜ੍ਹ ਸਾਹਿਬ ਦਾ ਕਿਲ੍ਹਾ:** ਇਹ ਕਿਲ੍ਹਾ ਮੁੱਖ ਰੂਪ ਵਿੱਚ 1699 ਈਸਵੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਬਣਵਾਇਆ ਸੀ। ਹੁਣ ਇਸ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਦਾ ਨਾਮ ਦਿੱਤਾ ਜਾਂਦਾ ਹੈ। ਇਸ ਦੀ ਉਸਾਰੀ 1689 ਈਸਵੀ ਵਿੱਚ ਸ਼ੁਰੂ ਹੋਈ ਅਤੇ ਇਸ ਨੂੰ ਪੂਰੀ ਹੋਣ ਵਿੱਚ 10 ਸਾਲ ਲੱਗੇ। ਇਸ ਪਹਾੜੀ 'ਤੇ ਗੁਰੂ ਸਾਹਿਬ ਕਾਨਫਰੰਸਾਂ ਕਰਿਆ ਕਰਦੇ ਸਨ। ਇੱਥੇ ਹੀ ਗੁਰੂ ਜੀ ਨੇ 1699 ਈਸਵੀ ਵਿੱਚ ਖਾਲਸਾ ਪੰਥ ਸਾਜਿਆ ਅਤੇ ਪਹਿਲੀ ਵਾਰ ਅੰਮ੍ਰਿਤ ਛਕਾਇਆ।
2. **ਲੋਹਗੜ੍ਹ ਦਾ ਕਿਲ੍ਹਾ (ਇਸਪਾਤੀ ਕਿਲ੍ਹਾ):** ਅਨੰਦਪੁਰ ਸਾਹਿਬ ਤੋਂ ਬਾਅਦ ਇਹ ਸਭ ਤੋਂ ਮਜ਼ਬੂਤ ਕਿਲ੍ਹਾ ਬਣਵਾਇਆ

Scanned with CamScanner

ਗਿਆ ਸੀ। ਇਹ ਸ਼ਹਿਰ ਦੇ ਦੱਖਣ ਵਿੱਚ ਹੈ। ਇੱਥੇ ਸ਼ਸਤਰ ਬਣਾਉਣ ਲਈ ਗੁਰੂ ਜੀ ਨੇ ਕਾਰਖਾਨਾ ਲਗਵਾਇਆ ਸੀ। ਇਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ 1.5 ਕਿਲੋਮੀਟਰ ਦੂਰ ਦੱਖਣ-ਪੱਛਮੀ ਦਿਸ਼ਾ ਵਿੱਚ ਹੈ। ਇਹ ਅਨੰਦਪੁਰ ਸਾਹਿਬ ਦੇ ਦਰਿਆ ਨਾਲ ਲੱਗਦੇ ਇਲਾਕੇ ਨੂੰ ਸੁਰੱਖਿਤ ਰੱਖਣ ਲਈ ਬਣਵਾਇਆ ਗਿਆ ਸੀ। ਇੱਥੇ ਹੀ ਭਾਈ ਬਚਿੱਤਰ ਸਿੰਘ ਨੇ ਸੰਨ 1700 ਵਿੱਚ ਪਹਾੜੀ ਰਾਜਿਆਂ ਵੱਲੋਂ ਸੁਰਾ ਪਿਲਾ ਕੇ ਭੇਜੇ ਹਾਥੀ ਦਾ ਮੂੰਹ ਮੋੜਿਆ ਸੀ ਜੋ ਉਹਨਾਂ ਨੇ ਕਿਲ੍ਹੇ ਦਾ ਮੁੱਖ ਦੁਆਰ ਤੋੜਨ ਲਈ ਭੇਜਿਆ ਸੀ।

3. **ਕਿਲ੍ਹਾ ਹੋਲਗੜ੍ਹ ਸਾਹਿਬ (ਰੰਗ ਮਹਿਲ):** ਅਗਮਗੜ੍ਹ ਜਾਂ ਹੋਲਗੜ੍ਹ ਉਹੀ ਕਿਲ੍ਹਾ ਹੈ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ 1701 ਬਸੰਤ ਵਿੱਚ ਹੋਲਾ ਮਹੱਲਾ ਮਨਾਉਣ ਦੀ ਰਵਾਇਤ ਸ਼ੁਰੂ ਕੀਤੀ। ਹੋਲੀ ਨੂੰ ਪਾਣੀ ਵਿੱਚ ਰੰਗ ਘੋਲ ਕੇ ਮਨਾਉਣ ਦੀ ਬਜਾਏ, ਗੁਰੂ ਜੀ ਨੇ ਇਸ ਦਿਨ ਉਹਨਾਂ ਨੂੰ ਆਪਣੀ ਯੁੱਧ ਕਲਾ ਦੇ ਜੌਹਰ ਦਿਖਾਉਣ ਦਾ ਅਵਸਰ ਦਿੱਤਾ। ਇਹ ਕਿਲ੍ਹਾ, ਚਰਨਗੜ੍ਹੀਆ ਨਦੀ ਦੇ ਉੱਤਰ ਦੱਖਣ ਦਿਸ਼ਾ ਵਿੱਚ ਲਗਭਗ ਡੇਢ ਕਿਲੋਮੀਟਰ ਦੀ ਦੂਰੀ ਤੇ ਹੈ। ਗੁਰੂ ਸਾਹਿਬ ਵੱਲੋਂ ਉਸਾਰਿਆ ਇਹ ਤੀਸਰਾ ਕਿਲ੍ਹਾ ਸੀ।

4. **ਕਿਲ੍ਹਾ ਅਨੰਦਗੜ੍ਹ ਸਾਹਿਬ:** ਇਸ ਕਿਲੇ ਦਾ ਨਿਰਮਾਣ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪਹਾੜੀ ਰਾਜਿਆਂ ਤੋਂ ਸਿੱਖਾਂ ਦੀ ਰੱਖਿਆ ਲਈ ਕਰਵਾਇਆ ਗਿਆ ਸੀ। ਕਿਲ੍ਹੇ ਦੇ ਅੰਦਰ ਗੁਰਦੁਆਰਾ ਸਾਹਿਬ ਹੈ ਜਿੱਥੇ ਪਵਿੱਤਰ ਬਾਓਲੀ ਸਾਹਿਬ ਹੈ। ਇਹ ਅਨੰਦਪੁਰ ਸਾਹਿਬ ਦੇ ਕੇਂਦਰ ਵਿੱਚ ਸਥਿਤ ਹੈ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਲਗਭਗ 800 ਮੀਟਰ ਦੀ ਦੂਰੀ 'ਤੇ ਹੈ।

5. **ਕਿਲ੍ਹਾ ਫਤਿਹਗੜ੍ਹ ਸਾਹਿਬ:** ਇਸ ਦਾ ਨਿਰਮਾਣ ਗੁਰੂ ਗੋਬਿੰਦ ਸਿੰਘ ਜੀ ਨੇ ਸਹੋਤਾ ਪਿੰਡ ਵਿੱਚ ਪੈਂਦੇ ਅਨੰਦਪੁਰ ਸਾਹਿਬ ਦੇ ਖੇਤਰ ਦੀ ਰੱਖਿਆ ਲਈ ਕੀਤਾ ਸੀ। ਜਦੋਂ ਇਸ ਕਿਲੇ ਦੀ ਉਸਾਰੀ ਹੋਈ ਉਦੋਂ ਸਾਹਿਬਜਾਦਾ ਫਤਿਹ ਸਿੰਘ ਦਾ ਜਨਮ ਹੋਇਆ ਸੀ। ਸੋ ਉਹਨਾਂ ਦੇ ਸਨਮਾਨ ਵਿੱਚ ਇਸ ਕਿਲ੍ਹੇ ਦਾ ਨਾਮ ਕਿਲ੍ਹਾ ਫਤਿਹਗੜ੍ਹ ਸਾਹਿਬ ਰੱਖਿਆ ਗਿਆ। ਇਹ ਅਨੰਦਪੁਰ ਸਾਹਿਬ ਤੋਂ ਬਾਹਰਵਾਰ ਉੱਤਰੀ ਦਿਸ਼ਾ ਵਿੱਚ ਹੈ। ਇਹ ਕਿਲ੍ਹਾ ਸਾਨੂੰ ਮੁਗਲਾਂ ਅਤੇ ਸਿੱਖਾਂ ਦਰਮਿਆਨ ਹੋਏ ਲੰਮੇ ਸੰਘਰਸ਼ ਦੀ ਯਾਦ ਦਿਵਾਉਂਦਾ ਹੈ।

6. **ਕਿਲ੍ਹਾ ਤਾਰਾਗੜ੍ਹ ਸਾਹਿਬ:** ਇਹ ਕਿਲ੍ਹਾ ਸ੍ਰੀ ਅਨੰਦਪੁਰ ਸਾਹਿਬ ਦੀ ਬਾਹਰੀ ਸੀਮਾ ਵਿੱਚ ਹੈ। ਇਹ ਅੱਗੇ ਵੱਧ ਰਹੀਆਂ ਮੁਗਲ ਫੌਜਾਂ ਨੂੰ ਰੋਕਣ ਲਈ ਬਣਾਇਆ ਗਿਆ ਸੀ। ਇਸ ਨੂੰ ਪਹਾੜੀ ਦੇ ਸ਼ਿਖਰ ਤੇ ਬਣਾਇਆ ਗਿਆ ਹੈ, ਤਾਂ ਜੋ ਮੁਗਲ ਫੌਜ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖੀ ਜਾ ਸਕੇ।

ਫਿਲੌਰ ਦਾ ਕਿਲ੍ਹਾ:

ਇਹ ਲੁਧਿਆਣਾ ਦਾ ਇਤਿਹਾਸਕ ਸਥਾਨ ਹੋਣ ਦੇ ਨਾਲ-ਨਾਲ ਹੁਣ ਪੁਲਿਸ ਅਕੈਡਮੀ ਵੀ ਹੈ। ਫਿਲੌਰ, ਲੁਧਿਆਣਾ ਤੋਂ 14 ਕਿਲੋਮੀਟਰ ਸਤਲੁਜ ਦਰਿਆ ਦੇ ਕੰਢੇ 'ਤੇ ਵਸਿਆ ਹੋਇਆ ਹੈ। ਇੱਕ ਸੰਘੇੜਾ ਜੱਟ 'ਫੂਲ' ਦੇ ਨਾਮ ਕਰਕੇ ਇਸ ਸ਼ਹਿਰ ਦਾ ਪੁਰਾਣਾ ਨਾਮ ਫੁੱਲਨਗਰ ਸੀ। ਮਹਾਰਾਜਾ ਰਣਜੀਤ ਸਿੰਘ ਦੇ ਹੁਕਮਾਂ ਨਾਲ ਇੱਥੇ ਇੱਕ ਵੱਡੀ ਫੌਜ ਤੈਨਾਤ ਕੀਤੀ ਗਈ ਸੀ। ਜਿਸ ਦੀ ਅਗਵਾਈ ਮਹਾਰਾਜਾ ਦੇ ਸੈਨਾਪਤੀ ਗਵਰਨਰ ਮੋਹਕਮ ਚੰਦ ਨੇ ਕੀਤੀ ਸੀ। ਮੋਹਕਮ ਚੰਦ ਨੇ ਇਟਲੀ ਦੇ ਸ਼ਿਲਪਕਾਰ ਦੀ ਮੱਦਦ ਨਾਲ ਇਸ ਕਿਲ੍ਹੇ ਦੀ ਰੂਪਰੇਖਾ ਤਿਆਰ ਕੀਤੀ ਸੀ। ਹੁਣ ਇੱਥੇ ਪੁਲਿਸ ਦਾ ਸਿਖਲਾਈ ਕੇਂਦਰ ਹੈ। 1894 ਈਸਵੀ ਤੋਂ ਸਥਾਪਿਤ ਉਂਗਲੀ ਚਿੰਨ੍ਹ ਕੇਂਦਰ ਅੱਜ ਵੀ ਇੱਥੇ ਮੌਜੂਦ ਹੈ।

ਕਿਲ੍ਹੇ ਦੇ ਮੁੱਖ ਦਰਵਾਜਿਆਂ ਨੂੰ ਮੁਗਲ ਸ਼ਹਿਰਾਂ, ਦਿੱਲੀ ਅਤੇ ਲਾਹੌਰ ਦੇ ਨਾਂ 'ਤੇ ਦਿੱਲੀ ਅਤੇ ਲਾਹੌਰ ਗੇਟ ਦਾ ਨਾਮ ਦਿੱਤਾ ਗਿਆ ਹੈ। ਕਿਲ੍ਹੇ ਦੇ ਚਾਰੇ ਪਾਸੇ ਚਾਰਦੀਵਾਰੀ ਹੈ। ਇਸ ਦੀ ਡਿਊਢੀ ਉੱਚੀ ਅਤੇ ਚੌੜੀ ਹੈ। ਮੁੱਖ ਦਰਵਾਜੇ ਲਾਲ ਅਤੇ ਸਫ਼ੈਦ ਰੰਗ ਨਾਲ ਰੋਗਨ ਕੀਤੇ ਗਏ ਹਨ।

Scanned with CamScanner

ਸ਼ਾਹਪੁਰ ਕੰਢੀ ਕਿਲ੍ਹਾ, ਪਠਾਨਕੋਟ:

ਹਿਮਾਲਿਆ ਦੀਆਂ ਚੋਟੀਆਂ ਦੇ ਪੈਰਾਂ ਵਿੱਚ ਵਸਿਆ ਇਹ ਕਿਲ੍ਹਾ 16ਵੀਂ ਸਦੀ ਵਿੱਚ ਬਣਾਇਆ ਗਿਆ ਸੀ। ਇਸ ਦਾ ਨਿਰਮਾਣ 1505 ਈਸਵੀਂ ਵਿੱਚ ਹੋਇਆ। ਮਹਾਨ ਮੁਗਲ ਸ਼ਾਸਕ ਸ਼ਾਹਜਹਾਨ ਦੇ ਨਾਂ 'ਤੇ ਇਸ ਕਿਲੇ ਦਾ ਨਾਮ ਸ਼ਾਹਪੁਰ ਪਿਆ ਸੀ। ਇੱਕ ਰਾਜਪੂਤ ਜਸਪਾਲ ਸਿੰਘ ਪਠਾਨੀਆ ਨੇ ਇਸ ਨੂੰ ਰਾਵੀ ਦੇ ਠਾਠਾਂ ਮਾਰਦੇ ਪਾਣੀ ਉਪਰ ਬਣਵਾਇਆ ਸੀ। ਇਸ ਦੀ ਉਸਾਰੀ ਦਾ ਮੁੱਖ ਮੰਤਵ ਨੂਰਪੁਰ ਅਤੇ ਕਾਂਗੜਾ ਖੇਤਰਾਂ ਵਿੱਚ ਆਪਣੀ ਪਕੜ ਮਜ਼ਬੂਤ ਰੱਖਣਾ ਸੀ। 1848 ਈਸਵੀਂ ਵਿੱਚ ਇਹ ਰਾਮ ਸਿੰਘ ਪਠਾਣੀਆਂ ਦਾ ਆਖਰੀ ਅਵਾਸ ਘਰ ਬਣਿਆ ਸੀ, ਜਦੋਂ ਉਹ ਬਰਤਾਨਵੀ ਸਰਕਾਰ ਦੀਆਂ ਧੱਕੇਸ਼ਾਹੀਆਂ ਵਿਰੁੱਧ ਅੰਦੋਲਨ ਕਰ ਰਹੇ ਸਨ। ਜੰਮੂ ਕਸ਼ਮੀਰ ਨੂੰ ਭਾਰਤ ਨਾਲ ਜੋੜਦਾ ਇਹ ਕਿਲ੍ਹਾ ਦਰਿਆ ਦਾ ਦਿਲਕਸ਼ ਦ੍ਰਿਸ਼ ਪੇਸ਼ ਕਰਦਾ ਹੈ।

ਸਰਾਏ ਲਸ਼ਖੇੜੀ ਖਾਨ (ਰੰਗ ਦੇ ਬਸੰਤੀ) ਕਿਲ੍ਹਾ, ਦੋਰਾਹਾ:

ਇਸ ਕਿਲ੍ਹੇ ਦਾ ਨਿਰਮਾਣ ਮੁਗਲ ਸੈਨਾ ਦੇ ਸੈਨਾਪਤੀ ਲਸ਼ਕਰ ਖਾਨ ਨੇ 1663 ਈਸਵੀ ਵਿੱਚ ਮੁਗਲ ਸ਼ਾਸਕ ਔਰੰਗਜੇਬ ਦੇ ਰਾਜ ਸਮੇਂ ਕਰਵਾਇਆ ਸੀ। ਇਹ ਕਿਲ੍ਹਾ ਦੋਰਾਹਾ ਸ਼ਹਿਰ ਤੋਂ ਦਿੱਲੀ ਸੜਕ 'ਤੇ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੇ ਪਿਛੇ ਬਣਿਆ ਹੋਇਆ ਹੈ। ਇਹ ਖੰਨੇ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਹੈ। ਵਿਸ਼ਾਲ ਖੇਤਾਂ ਦੇ ਕੇਂਦਰ ਵਿੱਚ ਬਣਿਆ ਇਹ ਕਿਲ੍ਹਾ ਆਕਰਸ਼ਕ ਨਜ਼ਾਰਾ ਪੇਸ਼ ਕਰਦਾ ਹੈ।

ਪੰਜਾਬ ਦੇ ਮਹਿਲ:

ਪੰਜਾਬ ਵਿੱਚ ਲਹਿਲਹਾਉਂਦੇ ਖੇਤ ਤੇ ਮਹਿਲ ਸ਼ਹਿਰਾਂ ਦੀ ਸ਼ਾਨੋਸ਼ੌਕਤ ਤੇ ਖੂਬਸੂਰਤੀ ਵਿੱਚ ਹੋਰ ਵੀ ਵਾਧਾ ਕਰਦੇ ਹਨ। ਪੰਜਾਬ ਦੇ ਮਹਿਲ ਇਸ ਦੇ ਸ਼ਾਨਾਮੱਤੇ ਇਤਿਹਾਸ ਦੀ ਕਹਾਣੀ ਸੁਣਾਉਂਦੇ ਹਨ। ਪੰਜਾਬ ਦੇ ਮੁੱਖ ਮਹਿਲਾਂ ਵਿੱਚੋਂ ਹੇਠ ਲਿਖੇ ਕੁਝ ਮਹਿਲ ਹਨ:

ਮਹਾਰਾਜਾ ਰਣਜੀਤ ਸਿੰਘ ਦਾ ਗਰਮ ਰੁੱਤ ਮਹਿਲ, ਅੰਮ੍ਰਿਤਸਰ:

ਲਾਹੌਰ ਦੇ ਦਰਬਾਰੀਆਂ ਫਕੀਰ ਅਜ਼ੀਜ਼-ਉਦ-ਦੀਨ, ਸਰਦਾਰ ਲਹਿਣਾ ਸਿੰਘ ਅਤੇ ਸਰਦਾਰ ਦੇਸਾ ਸਿੰਘ ਮਜੀਠੀਆ ਦੀ ਨਿਗਰਾਨੀ ਹੇਠ ਬਣੇ ਇਸ ਮਹਿਲ ਨੂੰ ਬਨਾਉਣ ਲਈ 1,25,000 ਨਾਨਕਸ਼ਾਹੀ (ਉਸ ਸਮੇਂ ਦੀ ਮੁਦਰਾ ਅਨੁਸਾਰ) ਖਰਚ ਹੋਏ। ਮਹਾਰਾਜਾ ਰਣਜੀਤ ਸਿੰਘ (1780-1838 ਈ:) ਦੀ ਸ਼ਾਨੋ-ਸ਼ੌਕਤ ਵਿੱਚ ਵਾਧਾ ਕਰਦਾ ਇਹ ਮਹਿਲ 84 ਏਕੜ ਜ਼ਮੀਨ 'ਤੇ ਬਣਿਆ ਹੋਇਆ ਹੈ। ਇੱਥੇ ਦੁਰਲੱਭ ਕਿਸਮ ਦੇ ਪੌਦੇ ਦਰੱਖਤ ਅਤੇ ਫੁੱਲ ਮਿਲਦੇ ਹਨ। 14 ਫੁੱਟ ਉੱਚੀ ਚਾਰਦੀਵਾਰੀ ਇਸ ਨੂੰ ਹੋਰ ਵੀ ਮਜ਼ਬੂਤ ਬਣਾਉਂਦੀ ਹੈ। ਇਸ ਮਹਿਲ ਦੇ ਆਲੇ ਦੁਆਲੇ ਖੂਬਸੂਰਤੀ ਨਾਲ ਬਣੇ ਕਮਰਿਆਂ ਦਾ ਸੰਗ੍ਰਿਹ ਮੌਜੂਦ ਹੈ। ਜਿੰਨ੍ਹਾਂ ਨੂੰ ਬਰਤਾਨਵੀ ਸਰਕਾਰ ਨੇ ਕਲੱਬਾਂ ਜਾਂ ਲਾਇਬ੍ਰੇਰੀਆਂ ਵਿੱਚ ਤਬਦੀਲ ਕਰ ਦਿੱਤਾ ਸੀ। ਲਾਂਘੇ ਵਾਲੀ ਦਿਊਰੀ ਜਿਸ ਨੂੰ ਦਰਸ਼ਨੀ ਦਿਊਰੀ ਆਖਦੇ ਹਨ, ਇਸ ਦੀ ਵਿਲਖਣ ਬਨਾਵਟ ਹੈ। ਇਸ ਦੇ ਵਿਰੋਧੀ ਸਿਰਿਆਂ 'ਤੇ ਦੋ ਮੰਜਲੇ ਮੀਨਾਰ ਖੜ੍ਹੇ ਹਨ। ਇਥੇ ਦੋ ਤਲਾਬ ਹਨ, ਇੱਕ ਮਹਿਲ ਨੂੰ ਜਲ ਸਪਲਾਈ ਨਾਲ ਜੋੜਦਾ ਹੈ ਜਿਸ ਵਿੱਚ ਫੁਹਾਰੇ ਲੱਗੇ ਹੋਏ ਹਨ ਅਤੇ ਦੂਜਾ ਹਵਾ ਪ੍ਰਤੀਕੂਲ ਕਰਨ ਵਾਲੀਆਂ ਪਾਈਪਾਂ ਨਾਲ ਬਾਹਰੋਂ ਬਾਹਰ ਜੁੜਿਆ ਹੋਇਆ ਹੈ। ਇਹੀ ਤਲਾਬ ਕਿਲ੍ਹੇ ਦੇ ਦੋ ਮੰਜ਼ਲੇ ਭਾਗ ਵਿੱਚ ਸਥਿਤ ਇਸ਼ਨਾਨ ਕਰਨ ਵਾਲੇ ਤਲਾਬਾਂ ਨਾਲ ਵੀ ਜੁੜਿਆ ਹੋਇਆ ਹੈ। ਹੁਣ ਵੀ ਪੁਰਾਤਨ ਸਮੇਂ ਦੀ ਚਿੱਤਰਕਾਰੀ ਅਤੇ ਸ਼ੀਸ਼ਿਆਂ ਦੀ ਖੂਬਸੂਰਤ ਸ਼ਿਲਪਕਲਾ ਇੱਥੇ ਦੇਖੀ ਜਾ ਸਕਦੀ ਹੈ।

Scanned with CamScanner

ਪਟਿਆਲੇ ਦਾ ਮੋਤੀ ਮਹਿਲ:

ਇਹ ਮਹਿਲ ਪਹਿਲਾ ਪਟਿਆਲਾ ਸ਼ਾਹੀ ਘਰਾਣੇ ਦਾ ਨਿਵਾਸ ਸਥਾਨ ਸੀ। ਰਹਿਣ ਵਾਲੀ ਥਾਂ ਨੂੰ ਹੀ 'ਕਿਲ੍ਹਾ ਅੰਦਰੂਨ' ਕਿਹਾ ਜਾਂਦਾ ਸੀ। ਇਸ ਵਿੱਚ ਮੌਜੂਦ ਕਮਰਿਆਂ ਨੂੰ ਵੱਖ-ਵੱਖ ਨਾਮ (ਜਿਵੇਂ ਜੇਲ੍ਹ ਵਾਲਾ ਮਹਿਲ ਜੋ ਕਿ ਸਾਹੀ ਬੰਦੀਆਂ ਲਈ ਸੀ, ਮੋਤੀ ਮਹਿਲ, ਸ਼ੀਸ਼ ਮਹਿਲ, ਰਾਜ ਮਾਤਾ ਦਾ ਮਹਿਲ, ਰੰਗਾਂ ਦਾ ਮਹਿਲ ਅਤੇ ਚੰਨ ਦਾ ਮਹਿਲ ਆਦਿ ਨਾਮ) ਦਿੱਤੇ ਹੋਏ ਸਨ। ਮਨੋਰੰਜਨ ਲਈ ਬਣੇ ਵਿਭਾਗਾਂ ਨੂੰ ਪੁਤਲੀ ਘਰ ਅਤੇ ਬਾਗ ਘਰ ਆਖਿਆ ਜਾਂਦਾ ਸੀ। ਇਹਨਾਂ ਥਾਵਾਂ 'ਤੇ ਬਹੁਤ ਸੁੰਦਰ ਤਰੀਕੇ ਨਾਲ ਰੰਗ ਕੀਤਾ ਗਿਆ ਹੈ। ਮਹਿਲ ਦੀ ਜਲਪ੍ਰਵਾਹ ਪ੍ਰਣਾਲੀ ਬੇਮਿਸਾਲ ਹੈ। ਤਹਿਖਾਨੇ ਵਿੱਚੋਂ ਆਉਂਦੀ ਹਵਾ ਜੋ ਸੁਰੰਗ ਰਾਹੀਂ ਕਮਰਿਆਂ ਨੂੰ ਜਾਂਦੀ ਹੈ ਬਹੁਤ ਹੀ ਵਿਲੱਖਣ ਹੈ। ਇੱਥੇ ਮੌਜੂਦ ਲੱਸੀਖਾਨਾ ਨੂੰ ਸ਼ਾਹੀ ਰਸੋਈ ਵੀ ਕਹਿੰਦੇ ਸਨ। ਇਹ ਲਗਭਗ ਹਰ ਤਬਕੇ ਦੇ 35,000 ਲੋਕਾਂ ਨੂੰ ਭੋਜਨ ਖਵਾਉਣ ਲਈ ਵਰਤੀ ਜਾਂਦੀ ਸੀ।

ਪਟਿਆਲੇ ਦਾ ਸ਼ੀਸ਼ ਮਹਿਲ:

ਇਹ ਮਹਿਲ ਮਹਾਰਾਜਾ ਨਰਿੰਦਰ ਸਿੰਘ (1845-1862) ਦੇ ਰਾਜ ਵਿੱਚ ਜੰਗਲਾਂ ਨਾਲ ਘਿਰੀ ਥਾਂ 'ਤੇ ਬਣਾਇਆ ਗਿਆ ਸੀ। ਇਸ ਵਿੱਚ ਬੇਮਿਸਾਲ ਬਾਗ, ਬਗੀਚੇ, ਫੁਹਾਰੇ ਅਤੇ ਇਕ ਬਨਾਵਟੀ ਝੀਲ ਵੀ ਹੈ ਜੋ ਕਿ ਬਨਾਸਰ ਘਰ ਨਾਲ ਜੋੜੀ ਗਈ ਹੈ। ਬਨਾਸਰ ਘਰ ਵਿੱਚ ਹਰ ਤਰ੍ਹਾਂ ਦੇ ਨਕਲੀ ਖਲ ਨਾਲ ਭਰੇ ਬਨਾਵਟੀ ਜੀਵ ਰੱਖੇ ਗਏ ਹਨ। ਉੱਤਰ ਅਤੇ ਦੱਖਣ ਵਿੱਚ ਦੋ ਘੰਟਾ ਘਰ ਹਨ। ਸੀਸ਼ ਮਹਿਲ ਲੱਛਮਣ ਝੂਲੇ ਵਰਗਾ ਹੈ, ਜੋ ਕਿ ਨਿਵਾਸ ਮਹਿਲ ਅਤੇ ਇੱਕ ਝੂਲਦੇ ਪੁਲ ਨਾਲ ਜੁੜਿਆ ਹੋਇਆ ਹੈ। ਤਿੰਨ ਮੰਜਲੀ ਇਮਾਰਤ ਦਾ ਕੁਝ ਭਾਗ ਚਮਕਦੇ ਸ਼ੀਸ਼ਿਆਂ ਨਾਲ ਜੁੜਿਆ ਹੋਇਆ ਹੈ। ਕਈ ਤਰ੍ਹਾਂ ਦੇ ਚਿੱਤਰ ਜੋ ਸਿੱਖ ਗੁਰੂਆਂ ਅਤੇ ਭਗਤ ਪੂਰਨ ਨਾਲ ਸਬੰਧਿਤ ਹਨ, ਕੰਧਾਂ ਉਪਰ ਲੱਗੇ ਹੋਏ ਹਨ। ਮਹਿਲ ਦੀ ਗੈਲਰੀ ਵਿੱਚ ਪਟਿਆਲੇ ਦੇ ਮਹਾਰਾਜਿਆਂ ਦੇ ਵਿਲੱਖਣ ਅਤੇ ਦੁਰਲੱਭ ਚਿੱਤਰ (ਤਾਂਬੇ ਅਤੇ ਪਿੱਤਲ ਦੀ ਦਸਤਾਕਾਰੀ ਅਤੇ ਹੋਰ ਸ਼ਿਲਪਕਲਾਵਾਂ ਨੂੰ ਪੇਸ਼ ਕਰਦੇ ਚਿੱਤਰ) ਲੱਗ ਹੋਏ ਹਨ। ਇਸ ਗੈਲਰੀ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਇਹ ਵਿਸ਼ਵ ਦੇ ਸਭ ਤੋਂ ਵੱਡੇ ਤਮਗੇ, ਸਾਜੇਸਮਾਨ ਅਤੇ ਕਈ ਦੇਸ਼ਾਂ ਦੀ ਵਿਦਸਥਾ ਸੰਬੰਧੀ ਦਸਤਾਵੇਜ਼ਾਂ ਦਾ ਵਿਸ਼ਾਲ ਭੰਡਾਰ ਪੇਸ਼ ਕਰਦੀ ਹੈ।

ਪੰਜਾਬ ਦੇ ਅਜਾਇਬ ਘਰ:

ਮਹਾਰਾਜਾ ਰਣਜੀਤ ਸਿੰਘ ਅਜਾਇਬ ਘਰ, ਅੰਮ੍ਰਿਤਸਰ:

ਇਸ ਅਜਾਇਬ ਘਰ ਵਿੱਚ ਕਈ ਸੁੰਦਰ, ਇਤਿਹਾਸਿਕ, ਤੇਲ ਦੀਆਂ ਪੇਟਿੰਗਾਂ, ਪੁਰਾਣੇ ਸਿੱਕੇ ਅਤੇ ਖੰਡਰ ਪਏ ਹਨ ਜੋ ਪੁਰਾਤਨ ਸਿੱਖ ਇਤਿਹਾਸ ਦਾ ਦ੍ਰਿਸ਼ਟਾਂਤ ਪੇਸ਼ ਕਰਦੇ ਹਨ। ਇਸ ਮਹਿਲ ਦਾ ਨਿਰਮਾਣ ਅਤੇ ਕਾਰਜ ਪ੍ਰਬੰਧ ਸਰਦਾਰ ਲਹਿਣਾ ਸਿੰਘ ਅਤੇ ਸਰਦਾਰ ਦੇਸਾ ਸਿੰਘ ਮਜੀਠੀਆ ਦੇ ਹੱਥਾਂ ਵਿੱਚ ਸੀ। ਇਸ ਦੇ ਬਾਗ ਵਿੱਚ ਦੁਰਲੱਭ ਰੁੱਖ ਅਤੇ ਪੌਦੇ ਹਨ। ਇਸਦੇ ਚਾਰੇ ਪਾਸੇ ਚਾਰਦੀਵਾਰੀ ਹੈ। ਇਸ ਮਹਿਲ ਵਿੱਚ ਕਈ ਸ਼ਾਨਦਾਰ ਇਮਾਰਤਾਂ ਹਨ। ਜਿੰਨ੍ਹਾਂ ਨੂੰ ਬਰਤਾਨਵੀ ਸਰਕਾਰ ਵੱਲੋਂ ਕਲੱਬਾਂ, ਲਾਇਬ੍ਰੇਰੀਆਂ ਜਾਂ ਘਾਹ ਦੇ ਮੈਦਾਨਾਂ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ।

ਸੰਘੋਲ ਅਜਾਇਬ ਘਰ, ਫਤਿਹਗੜ੍ਹ ਸਾਹਿਬ:

ਇਹ ਹੜੱਪਾ ਸੱਭਿਅਤਾ ਨਾਲ ਸਬੰਧਿਤ ਪੁਰਾਤਨ ਸਥਾਨ ਹੈ। ਇਸ ਦੀ ਦੇਖਰੇਖ ਭਾਰਤ ਦੇ ਪੁਰਾਤੱਤਵ ਵਿਗਿਆਨ ਵਿਭਾਗ ਅਧੀਨ ਹੈ। ਸੰਘੋਲ ਅਜਾਇਬ ਘਰ ਦੀ ਮੌਜੂਦਾ ਇਮਾਰਤ ਦਾ ਉਦਘਾਟਨ 10 ਅਪ੍ਰੈਲ, 1990 ਨੂੰ ਪੰਜਾਬ ਸਰਕਾਰ ਦੇ ਵੱਜੋਂ ਸੱਭਿਆਚਾਰਕ ਗਤੀਵਿਧੀਆਂ, ਪੁਰਾਤੱਤਵ ਵਿਗਿਆਨ ਅਤੇ ਅਜਾਇਬ ਘਰ ਵਿਭਾਗ ਦੀ ਇੱਕ ਇਕਾਈ ਵੱਜੋਂ ਕੀਤਾ ਗਿਆ ਸੀ। ਇਸ ਦੀ ਸਥਾਪਨਾ ਦਾ ਮੰਤਵ ਕੇਵਲ ਪੰਜਾਬ ਦੇ ਅਮੀਰ ਵਿਰਸੇ ਨੂੰ ਸੰਭਾਲਣਾ ਹੀ ਨਹੀਂ ਸੀ ਸਗੋਂ ਆਮ ਲੋਕਾਂ ਨੂੰ ਇਸ

Scanned with CamScanner

ਦੀ ਉਨਤੀ ਅਤੇ ਹੌਸਲਾ ਅਫ਼ਜਾਈ ਵਿੱਚ ਭਾਗੀਦਾਰ ਬਣਾਉਣਾ ਵੀ ਸੀ।

ਭੂਤਲ ਤੇ ਸਥਿਤ ਗੈਲਰੀ ਵਿਚ ਕਈ ਪੁਰਾਤਨ ਵਸਤੂਆਂ (ਜਿੰਨ੍ਹਾਂ ਵਿੱਚ ਪੱਥਰਾਂ ਦੀ ਸ਼ਿਲਪਕਲਾ ਵੀ ਸ਼ਾਮਿਲ ਹੈ) ਮਿਲਦੀਆਂ ਹਨ। ਇਸ ਅਜਾਇਬ ਘਰ ਵਿੱਚ ਮੌਰਿਆ, ਸ਼ੁੰਗਾ, ਗੁਪਤਾ ਅਤੇ ਮੁਸਲਿਮ ਯੁੱਗ ਨਾਲ ਸਬੰਧਿਤ ਕੱਚੀ ਮਿੱਟੀ ਦੀਆਂ ਵਸਤਾਂ (ਜੋ ਸੰਘੋਲ ਤੋਂ ਖੁਦਾਈ ਦੌਰਾਨ ਮਿਲੀਆਂ ਸਨ) ਵੀ ਪ੍ਰਦਰਸ਼ਿਤ ਹਨ। ਹੋਰ ਵਸਤਾਂ ਵਿੱਚ ਮੋਹਰਾਂ, ਸਿੱਕੇ, ਸਾਂਚੇ ਜੋ ਕਿ ਕੱਚੀ ਅਤੇ ਪੱਕੀ ਮਿੱਟੀ ਦੋਹਾਂ ਦੇ ਬਣੇ ਹੋਏ ਹਨ। ਇਹ ਵਸਤਾਂ ਪੱਥਰ, ਹਾਥੀ ਦੰਦ, ਲੋਹਾ ਜਾਂ ਤਾਂਬੇ ਤੋਂ ਵੀ ਬਣਿਆ ਹੋਈਆਂ ਹਨ। ਮੁੱਖ ਰੂਪ ਵਿਚ ਜ਼ਿਆਦਾਤਰ ਨਮੂਨੇ ਔਰਤਾਂ, ਪ੍ਰਾਕ੍ਰਿਤਿਕ ਦਰੱਖਤਾਂ, ਮਾਂ ਅਤੇ ਬੱਚਿਆਂ ਨਾਲ ਸਬੰਧਤ ਬਣੇ ਹੋਏ ਹਨ।

ਐਂਗਲੋ ਸਿੱਖ ਵਾਰ ਮੈਮੋਰੀਅਲ, ਫਿਰੋਜ਼ਪੁਰ:

ਪੰਜਾਬ ਸਰਕਾਰ ਨੇ ਇਹ ਅਜਾਇਬ ਘਰ ਉਹਨਾਂ ਬਹਾਦਰ ਪੰਜਾਬੀਆਂ ਦੀ ਯਾਦ ਵਿੱਚ ਬਣਵਾਇਆ ਹੋਇਆ ਜਿੰਨ੍ਹਾਂ ਨੇ ਮੁਦਕੀ, ਫਿਰੋਜ਼ਸ਼ਹਿਰ, ਸਭਰਾਓ ਅਤੇ ਚੇਲੀਆਵਾਲਾ ਦੀ ਮੁਗਲਾਂ ਵਿਰੁੱਧ ਲੜਾਈ ਵਿੱਚ ਆਪਣੀਆਂ ਜਾਨਾਂ ਵਾਰ ਦਿੱਤੀਆਂ ਸਨ।

ਰਾਜਸਥਾਨ ਨਦੀ ਅਤੇ ਸਰਹਿੰਦ ਫੀਡਰ ਦੇ ਨੇੜੇ ਇੱਕ ਤਿੰਨ ਮੰਜਲੀ ਇਮਾਰਤ ਉਸਾਰੀ ਗਈ ਹੈ। ਹੇਠਲੀ ਮੰਜਿਲ 'ਤੇ ਐਂਗਲੋ ਸਿੱਖ ਯੁੱਧਾਂ ਦੌਰਾਨ ਵਰਤੇ ਗਏ ਹਥਿਆਰ ਨੁਮਾਇਸ਼ ਲਈ ਰੱਖੇ ਗਏ ਹਨ। ਸ਼ਾਹ ਮੁਹੰਮਦ ਅਤੇ ਕੁਨਿੰਘਮ ਵਲੋਂ ਸਿੱਖਾਂ ਦੀ ਬਹਾਦਰੀ ਦੇ ਕੀਤੇ ਕਾਰਨਾਮਿਆਂ ਸਬੰਧੀ ਵਿਚਾਰ ਜਾਂ ਵਾਕ ਪਿੱਤਲ ਦੀਆਂ ਉਕਰੀਆਂ ਪੱਟੀਆਂ ਉਪਰ ਲਗਾਏ ਗਏ ਹਨ। ਹਾਲ ਵਿੱਚ ਮੁੱਦਕੀ, ਫਿਰੋਜ਼ਸ਼ਹਿਰ, ਸਭਰਾਓ ਅਤੇ ਚੇਲਿਆਂਵਾਲਾ ਵਿੱਚ ਹੋਈਆਂ ਲੜਾਈਆਂ ਦਾ ਬਿਰਤਾਂਤ ਦਿੰਦੇ ਚਿੱਤਰ ਲਗਾਏ ਹੋਏ ਹਨ।

ਸਰਕਾਰੀ ਅਜਾਇਬ ਘਰ, ਹੁਸ਼ਿਆਰਪੁਰ:

ਇਸ ਅਜਾਇਬ ਘਰ ਵਿੱਚ ਢੋਲਬਾਹਾ ਤੋਂ ਮਿਲੇ ਅਵਸ਼ੇਸ਼ ਅਤੇ ਹੋਰ ਦੁਰਲੱਭ ਵਸਤੂਆਂ ਨੁਮਾਇਸ਼ ਲਈ ਰੱਖੀਆਂ ਗਈਆਂ ਹਨ। ਇੱਥੇ ਪਰਦਰਸ਼ਿਤ ਵਸਤੂਆਂ ਪੱਥਰ ਯੁੱਗ ਸਮੇਂ ਦੀਆਂ ਹਨ।

ਪੇਂਡੂ ਅਜਾਇਬ ਘਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ:

ਇਹ ਅਜਾਇਬ ਘਰ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿੱਚ ਸਥਿਤ ਹੈ। ਇਹ ਯੂਨੀਵਰਸਿਟੀ 1962 ਈਸਵੀ ਵਿੱਚ ਸਥਾਪਿਤ ਹੋਈ। 26 ਅਪ੍ਰੈਲ 1974 ਈਸਵੀ ਨੂੰ ਇਥੇ ਪੇਂਡੂ ਅਜਾਇਬ ਘਰ ਦਾ ਉਦਘਾਟਨ ਸ੍ਰ. ਖੁਸ਼ਵੰਤ ਸਿੰਘ ਨੇ ਕੀਤਾ। ਇਸ ਦੀ ਬਣਤਰ ਬੜੀ ਦਿਲਕਸ਼ ਬਣਾਈ ਗਈ ਹੈ। ਲੱਗਭਗ 100 ਫੁੱਟ ਦਾ ਰਾਹ ਹੈ ਜਿਸ 'ਤੇ ਫੁਹਾਰੇ ਲੱਗੇ ਹੋਏ ਹਨ। ਇਹ ਰਾਹ ਵੱਡੇ ਅਜਾਇਬ ਘਰ ਦੇ ਸੁੰਦਰ ਦਰਵਾਜੇ ਨੂੰ ਜਾਂਦਾ ਹੈ।

ਅਜਾਇਬ ਘਰ ਨੂੰ ਦੋ ਭਾਗਾਂ ਵਿੱਚ ਵੰਡਿਆਂ ਹੈ। ਪਹਿਲੇ ਕਮਰੇ ਵਿੱਚ ਹੜੱਪਾ ਸੱਭਿਅਤਾ ਨਾਲ ਸਬੰਧਿਤ ਸਿੱਕੇ ਅਤੇ ਕਵਿਤਾਵਾਂ ਆਦਿ ਹਨ। ਇਸ ਮਗਰੋਂ ਇੱਕ ਖੁੱਲੀ ਰਸੋਈ ਹੈ ਜਿਸ ਵਿੱਚ ਪਿੰਡਾਂ ਵਿੱਚ ਵਰਤੀਆਂ ਜਾਣ ਵਾਲੀਆਂ ਵਸਤਾਂ ਜਿਵੇਂ ਚੁੱਲ੍ਹਾ, ਪੀੜੀ ਅਤੇ ਅੰਗੀਠੀ ਆਦਿ ਹਨ।

ਦੂਜੇ ਕਮਰੇ ਵਿੱਚ ਆਮ ਵਰਤੋਂ ਦੀਆਂ ਚੀਜਾਂ ਜਿਵੇਂ ਚਰਖਾ, ਕਣਕ ਇਕੱਠੇ ਕਰਨ ਵਾਲੇ ਢੋਲ ਅਤੇ ਟੋਰਕੀਆਂ ਆਦਿ ਹਨ। ਇੱਕ ਹੋਰ ਵਿਭਾਗ ਵਿੱਚ ਸੰਗੀਤ ਨਾਲ ਸਬੰਧਿਤ ਸਾਜ਼ ਜਿਵੇਂ ਢੋਲ, ਸਰੰਗੀ, ਤੂੰਬਾ, ਸਿਤਾਰ ਆਦਿ ਹਨ। ਪੰਜਾਬੀ ਮੁੰਡਿਆਂ ਅਤੇ ਕੁੜੀਆਂ ਦੇ ਰਵਾਇਤੀ ਪਹਿਰਾਵੇ, ਪੰਜਾਬੀ ਜੁੱਤੀ ਅਤੇ ਗਹਿਣਿਆਂ ਦੀ ਵੀ ਨੁਮਾਇਸ਼ ਲਗਾਈ ਗਈ ਹੈ।

ਖੇਡ ਅਜਾਇਬ ਘਰ, ਰਾਸ਼ਟਰੀ ਖੇਡ ਸੰਸਥਾਨ, ਪਟਿਆਲਾ:

ਇਸ ਵਿਲੱਖਣ ਨੁਮਾਇਸ਼ ਘਰ ਵਿੱਚ ਦੁਰਲੱਭ ਤਸਵੀਰਾਂ, ਮੈਡਲ (ਤਗਮੇ) ਅਤੇ ਭਾਰਤ ਦੇ ਮਹਾਨ ਖਿਡਾਰੀਆਂ ਦੀ ਖੇਡ

Scanned with CamScanner

ਸਮੱਗਰੀ ਪ੍ਰਦਰਸ਼ਿਤ ਹੈ। ਇਹ ਮੋਤੀਬਾਗ ਮਹਿਲ ਦੇ ਦਿਲਕਸ਼ ਦ੍ਰਿਸ਼ਾ ਵਿੱਚ ਮੌਜੂਦ ਹੈ।

ਗੁਰੂ ਤੇਗ ਬਹਾਦਰ ਅਜਾਇਬ ਘਰ, ਅਨੰਦਪੁਰ ਸਾਹਿਬ:

ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੀ 300 ਸਾਲਾ ਸਤਾਬਦੀ ਮੌਕੇ ਪੰਜਾਬ ਸਰਕਾਰ ਨੇ 1977 ਈਸਵੀ ਵਿੱਚ ਗੁਰੂ ਤੇਗ ਬਹਾਦਰ ਅਜਾਇਬ ਘਰ, ਅਨੰਦਪੁਰ ਸਾਹਿਬ ਵਿਖੇ ਬਣਾਉਣ ਦਾ ਪ੍ਰਸਤਾਵ ਬਣਾਇਆ ਸੀ। 1983 ਈਸਵੀ ਵਿੱਚ ਇਸ ਦਾ ਉਦਘਾਟਨ ਕੀਤਾ ਗਿਆ। ਇਸ ਅਜਾਇਬ ਘਰ ਦੇ ਨਿਰਮਾਣ ਲਈ ਗੁਰਦੁਆਰਾ ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਨਾਲ ਲੱਗਦੀ ਜ਼ਮੀਨ ਚੁਣੀ ਗਈ। ਸਿੱਖਾਂ ਦਾ ਗੌਰਵਮਈ ਇਤਿਹਾਸ ਜੋ ਸ਼ਹੀਦੀਆਂ ਅਤੇ ਸੰਘਰਸ਼ ਨਾਲ ਭਰਿਆ ਹੈ, ਇੱਥੇ ਪੰਜਾਬ ਦੇ ਪ੍ਰਸਿੱਧ ਕਲਾਕਾਰਾਂ – ਕਿਰਪਾਲ ਸਿੰਘ, ਜਸਵੰਤ ਸਿੰਘ ਅਤੇ ਦਵਿੰਦਰ ਸਿੰਘ ਦੁਆਰਾ ਬਣਾਏ ਗਏ ਤੇਲ ਚਿੱਤਰਾਂ ਰਾਹੀਂ ਦਰਸਾਇਆ ਗਿਆ ਹੈ।

ਖਾਲਸਾ ਵਿਰਾਸਤੀ ਯਾਦਗਾਰ ਕੰਪਲੈਕਸ (ਵਿਰਾਸਤ-ਏ-ਖਾਲਸਾ):

ਇਸ ਨੂੰ ਪਹਿਲਾਂ ਖਾਲਸਾ ਵਿਰਾਸਤੀ ਕੰਪਲੈਕਸ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਹ ਅਜਾਇਬ ਘਰ ਅਨੰਦਪੁਰ ਸਾਹਿਬ ਵਿਖੇ ਹੈ। ਇਹ ਅਜਾਇਬ ਘਰ ਖ਼ਾਲਸੇ ਦੇ 300 ਸਾਲਾ ਅਤੇ ਸਿੱਖ ਇਤਿਹਾਸ ਦੇ 500 ਸਾਲ ਪੂਰੇ ਹੋਣ ਦੀ ਯਾਦ ਵਿੱਚ ਬਣਵਾਇਆ ਗਿਆ। ਸਾਲ 1999 ਈਸਵੀ ਵਿੱਚ ਖਾਲਸੇ ਦੀ 300 ਸਾਲਾ ਸਤਾਬਦੀ ਮਨਾਈ ਗਈ। ਇਸ ਸੰਮੇਲਨ ਸਮੇਂ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਸ਼ਾਨਦਾਰ ਇਮਾਰਤ ਦੀ ਰੂਪ ਰੇਖਾ ਪੇਸ਼ ਕੀਤੀ ਸੀ। ਜਿਸ ਨੂੰ ਬਾਅਦ ਵਿੱਚ ਅਨੰਦਪੁਰ ਸਾਹਿਬ ਵਿਖੇ ਵਿਰਾਸਤ-ਏ-ਖ਼ਾਲਸਾ ਦਾ ਨਾਮ ਦਿੱਤਾ ਗਿਆ। ਇਹ ਅਜਾਇਬ ਘਰ ਖ਼ਾਲਸੇ ਦੇ ਇਤਿਹਾਸ ਅਤੇ ਵਿਰਸੇ ਦਾ ਅਮੀਰ ਤੇ ਵੱਡਮੁੱਲਾ ਭੰਡਾਰ ਹੈ। ਇਹ ਦਰਸ਼ਕਾਂ ਨੂੰ ਗੁਰੂ ਦੇ ਨਜ਼ਰੀਏ ਤੋਂ ਜਾਣੂੰ ਕਰਵਾਉਣ ਦੇ ਨਾਲ-ਨਾਲ ਮਨੁੱਖਤਾ ਪ੍ਰਤੀ ਉਹਨਾਂ ਦੇ ਸੰਦੇਸ਼ ਦਾ ਵੀ ਪ੍ਰਚਾਰ ਕਰਦਾ ਹੈ। ਰਵਾਇਤੀ ਸਿੱਖ ਸਥਾਨਾਂ ਦੇ ਗੁੰਬਦਾਂ ਤੋਂ ਹਟ ਕੇ ਇਸ ਅਜਾਇਬ ਘਰ ਵਿੱਚ ਉੱਤਮ ਕਿਸਮ ਦੇ ਸ਼ੀਸ਼ੇ ਛੱਤ 'ਤੇ ਲਗਾਏ ਗਏ ਹਨ ਜੋ ਸੂਰਜੀ ਪ੍ਰਕਾਸ਼ ਨੂੰ ਖਿਖੇਰਦੇ ਹਨ ਅਤੇ ਇਹਨਾਂ ਦੀ ਉਪਰਲੀ ਸਤਿਹ ਆਕਾਸ਼ ਵੱਲ ਨੂੰ ਹੈ। ਇਸਪਾਤ ਦੀ ਚਾਦਰ ਨਾਲ ਢੱਕੇ ਇਹ ਸਤਿਹ, ਸੂਰਜ ਦੀ ਰੋਸ਼ਨੀ ਨੂੰ ਗੁਰਦੁਆਰੇ ਅਤੇ ਕਿਲ੍ਹੇ ਵੱਲ ਨੂੰ ਅਵਤਰਿਤ ਕਰਦੀ ਹੈ। 13 ਸਾਲ ਦੇ ਨਿਰਮਾਣ ਕਾਰਜ ਮਗਰੋਂ 25 ਨਵੰਬਰ, 2011 ਨੂੰ ਇਸ ਦਾ ਉਦਘਾਟਨ ਕੀਤਾ ਗਿਆ ਸੀ। ਨਦੀ ਦੇ ਦੋਹੀ ਪਾਸੇ ਦੋ ਕੰਪਲੈਕਸ ਬਣਾਏ ਗਏ ਹਨ ਜੋ ਕਿ ਇੱਕ ਪੁੱਲ ਰਾਹੀਂ ਜੁੜੇ ਹੋਏ ਹਨ।

ਛੋਟੇ ਪੱਛਮੀ ਕੰਪਲੈਕਸ ਵਿੱਚ ਅੰਦਰ ਜਾਣ ਲਈ ਡਿਊਢੀ, 400 ਦਰਸ਼ਕਾਂ ਦੀ ਸਮੱਰਥਾ ਵਾਲਾ ਆਡੀਟੋਰੀਅਮ, ਦੋ ਮੰਜ਼ਲੀ ਖੋਜ ਅਤੇ ਹਵਾਲਾ ਲਾਇਬ੍ਰੇਰੀ ਅਤੇ ਨੁਮਾਇਸ਼ ਲਈ ਗੈਲਰੀਆਂ ਬਣੀਆਂ ਹੋਈਆਂ ਹਨ।

ਪੂਰਬੀ ਹਿੱਸੇ ਵਿੱਚ ਗੋਲ ਇਮਾਰਤ, ਨੁਮਾਇਸ਼ ਲਈ ਸਥਾਨ, ਗੈਲਰੀਆਂ ਦੇ ਦੋ ਸਮੂਹ, ਜੋ ਕਿ ਕਿਲੇ ਦੀ ਸ਼ਿਲਪਕਲਾ ਨੂੰ ਉਭਾਰਦੇ ਬਣੇ ਹੋਏ ਹਨ। ਇਹ ਆਸ ਪਾਸ ਦੇ ਢਲਾਣ ਵਾਲੇ ਖੇਤਰ ਵਿੱਚ ਇੱਕ ਸ਼ਾਨਦਾਰ ਆਕਾਰ ਬਣਾਉਂਦੇ ਹਨ। ਪੰਜ-ਪੰਜ ਦੇ ਸਮੂਹ ਵਿੱਚ ਬਣੀਆਂ ਗੈਲਰੀਆਂ, ਸਿੱਖਾਂ ਦੇ 5 ਨੈਤਿਕ ਗੁਣਾਂ ਨੂੰ ਦਰਸਾਉਂਦੀਆਂ ਹਨ। ਇਸ ਅਜਾਇਬ ਘਰ ਦੀ ਰੂਪ ਰੇਖਾ ਵਿਸ਼ਵ ਪ੍ਰਸਿੱਧ ਸ਼ਿਲਪਕਾਰ ਸ੍ਰੀ ਮੋਸ਼ੇ ਸੈਫ਼ਦੀ ਨੇ ਤਿਆਰ ਕੀਤੀ ਸੀ।

ਸਿੱਖ ਅਜਾਇਬ ਘਰ, ਮੋਹਾਲੀ:

ਸਿੱਖ ਅਜਾਇਬ ਘਰ, ਪੰਜਾਬ ਦੇ ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਪਿੰਡ ਬਲੋਂਗੀ ਵਿਖੇ ਸਥਿਤ ਹੈ। ਇਸ ਅਜਾਇਬ ਘਰ ਵਿੱਚ ਸਿੱਖ ਸੈਨਿਕਾਂ ਅਤੇ ਕਈ ਸਿੱਖ ਅਜ਼ਾਦੀ ਘੁਲਾਟੀਆਂ ਦੇ ਬੁੱਤ ਲਗਾਏ ਗਏ ਹਨ।

ਮਹਾਰਾਜਾ ਰਣਜੀਤ ਸਿੰਘ ਵਾਰ ਮੈਮੋਰੀਅਲ, ਲੁਧਿਆਣਾ:

ਪੰਜਾਬ ਦੇ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਪੰਜਾਬ ਸਰਕਾਰ ਨੇ ਆਜ਼ਾਦੀ ਤੋਂ ਪਹਿਲਾਂ ਤੋਂ ਲੈ ਕੇ ਹੁਣ ਤੱਕ

Scanned with CamScanner

ਪੰਜਾਬ ਦੇ ਆਜ਼ਾਦੀ ਸੰਗਰਾਮੀਆਂ ਵੱਲੋਂ ਦਿਖਾਏ ਜੋਹਰਾਂ ਦੀ ਯਾਦ ਵਿੱਚ ਇਹ ਅਜਾਇਬ ਘਰ ਬਣਵਾਇਆ ਸੀ। ਇਸ ਅਜਾਇਬ ਘਰ ਦਾ ਨਾਮ ਮਹਾਰਾਜਾ ਰਣਜੀਤ ਸਿੰਘ (ਜੋ ਸਿੱਖ ਰਾਜ ਦੇ ਮੋਢੀ ਹਨ) ਦੇ ਨਾਮ 'ਤੇ ਰੱਖਿਆ ਗਿਆ।

ਮਹਾਰਾਜਾ ਰਣਜੀਤ ਸਿੰਘ ਦੇ ਸ਼ਾਨਦਾਰ ਬੁੱਤ ਦੁਆਲੇ ਟੈਂਕ, ਲੜਾਕੂ ਹਵਾਈ ਜਹਾਜ ਅਤੇ ਕਈ ਹੋਰ ਹਵਾਈ ਯਾਨ ਬਣੇ ਹੋਏ ਹਨ। ਆਈ.ਐਨ.ਐਸ. ਵਿਕਰਾਂਤ ਦਾ ਵਿਸ਼ਾਲ ਮਾਡਲ (ਜੋ ਕਿ ਅਸਲ ਨਾਲ ਕਾਫੀ ਮੇਲ ਖਾਂਦਾ ਹੈ) ਵੀ ਇੱਥੇ ਰੱਖਿਆ ਗਿਆ ਹੈ।

ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਅਜਾਇਬ ਘਰ, ਖੱਟਕੜ ਕਲਾ:

ਇਹ ਅਜਾਇਬ ਘਰ ਪਿੰਡ ਖਟਕੜ ਕਲਾਂ ਵਿੱਚ ਮੌਜੂਦ ਹੈ। ਇਸ ਦਾ ਉਦਘਾਟਨ ਸ਼ਹੀਦ ਭਗਤ ਸਿੰਘ ਦੀ 50ਵੀ ਬਰਸੀ ਮੌਕੇ ਕੀਤਾ ਗਿਆ ਸੀ। ਇੱਥੇ ਉਹਨਾਂ ਦੀ ਅੱਧਜਲੀ ਦੇਹ ਦੀ ਰਾਖ ਦੇ ਅਵਸ਼ੇਸ਼ ਹਨ। ਲਹੂ ਨਾਲ ਭਿੱਜੀ ਰੇਤ ਅਤੇ ਖ਼ੂਨ ਨਾਲ ਲਬਪਰ ਉਹ ਅਖਬਾਰ ਪਿਆ ਹੈ ਜਿਸ ਵਿੱਚ ਉਹਨਾਂ ਦੀਆਂ ਅਸਥੀਆਂ ਲਪੇਟੀਆਂ ਹੋਈਆਂ ਸਨ। ਭਗਵਤ ਗੀਤਾ ਦੀ ਇੱਕ ਕਾਪੀ ਵੀ ਹੈ ਜਿਸ ਉਪਰ ਭਗਤ ਸਿੰਘ ਦੇ ਦਸਤਖ਼ਤ ਹਨ। ਇਥੇ ਉਹਨਾਂ ਦੀਆਂ ਰੋਜ਼ਾਨਾਂ ਵਰਤੀਆਂ ਜਾਣ ਵਾਲੀਆਂ ਨਿੱਜੀ ਵਰਤੋਂ ਦੀਆਂ ਕਈ ਵਸਤਾਂ ਰੱਖੀਆਂ ਗਈਆਂ ਹਨ। ਇੱਕ ਹੋਰ ਦਿਲਚਸਪ ਯਾਦਗਾਰ ਜੋ ਇੱਥੇ ਮੌਜੂਦ ਹੈ, ਉਹ ਹੈ, ਲਾਹੌਰ ਸਾਜ਼ਿਸ ਕੇਸ ਦੇ ਫੈਸਲੇ ਦੀ ਕਾਪੀ ਤੇ ਭਗਤ ਸਿੰਘ ਦੀ ਲਿਖਾਈ ਵਿੱਚ ਉੱਕਰੇ ਸ਼ਬਦ। ਇੱਥੇ ਉਹ ਕਲਮ ਵੀ ਹੈ ਜਿਸ ਦੀ ਵਰਤੋਂ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਫਾਂਸੀ ਦੀ ਸਜ਼ਾ ਕਲਮਬੰਦ ਕਰਨ ਲਈ ਕੀਤੀ ਗਈ ਸੀ।

Scanned with CamScanner

12.13 ਪੰਜਾਬ ਦੀਆਂ ਮਸੀਤਾਂ:

ਮਜ਼ਾਰ ਪੀਰ ਬਾਬਾ ਹਾਜੀ ਰਤਨ, ਬਠਿੰਡਾ:

ਬਠਿੰਡਾ ਦੀ ਇਹ ਮਸੀਤ ਪੰਜਾਬ ਦੇ ਸੱਭਿਆਚਾਰ ਦੇ ਵਿਲੱਖਣ ਰੂਪ ਪੇਸ਼ ਕਰਦੀ ਹੈ। ਪੀਰ ਬਾਬਾ ਹਾਜੀਰਤਨ ਨੇ ਮੱਕਾ ਵਿੱਚ ਆਪਣੇ ਆਪ ਨੂੰ ਭਾਰਤ ਦੇ ਧਾਰਮਿਕ ਪ੍ਰਤੀਨਿਧੀ ਦੇ ਰੂਪ ਵਿੱਚ ਪੇਸ਼ ਕੀਤਾ ਸੀ। ਮੂਲ ਰੂਪ ਵਿੱਚ ਬਾਬਾ ਜੀ ਇੱਕ ਹਿੰਦੂ ਕਵੀ ਰਤਨ ਚੰਦ ਸਨ। ਇਹ ਹੱਜ ਲਈ ਮੱਕੇ ਜਾਇਆ ਕਰਦੇ ਸਨ। ਇਹ ਸਮਾਜ ਤੋਂ ਫੈਰਾਰੀ ਹੋ ਗਏ ਸਨ। ਆਪ ਜੀ ਨੂੰ ਪਹਿਲੇ ਗੁਰੂ ਨਾਨਕ ਦੇਵ ਜੀ ਦੇ ਅਸ਼ੀਰਵਾਦ ਨਾਲ ਮੁਕਤੀ ਦੀ ਪ੍ਰਾਪਤੀ ਹੋਈ ਸੀ। ਮੱਕੇ ਦੀ ਫੇਰੀ ਤੋਂ ਬਾਅਦ ਜਦੋਂ ਬਾਬਾ ਜੀ ਭਾਰਤ ਪਹੁੰਚੇ ਸਨ, ਤਾਂ ਉਹਨਾਂ ਨੇ ਬਠਿੰਡਾ ਤਪ ਕੀਤਾ ਸੀ। 'ਹਾਜੀ ਰਤਨ' ਫੇਰੀ ਵਾਲੇ ਸਥਾਨ ਦੇ ਨੇੜੇ ਹੀ ਇੱਕ ਗੁਰਦੁਆਰਾ ਹੈ ਜਿੱਥੇ ਪੀਰ ਦੀ ਯਾਦ ਵਿੱਚ ਹਰ ਸਾਲ ਦਸੰਬਰ ਮਹੀਨੇ ਵਿੱਚ ਮੇਲਾ ਭਰਦਾ ਹੈ।

ਰੋਜ਼ਾ ਸਰੀਫ, ਸਰਹਿੰਦ:

ਇਹ ਸ਼ੇਖ ਅਹਿਮਦ ਫਾਰੂਕੀ ਸਰਹਿੰਦੀ (ਜਾਂ ਜਿੰਨ੍ਹਾਂ ਨੂੰ ਆਮ ਤੌਰ ਤੇ ਮੁਜਾਦਿਦ-ਅਲਫ਼-ਇਸਫ਼ਾਨੀ ਕਿਹਾ ਜਾਂਦਾ ਹੈ) ਦੀ ਦਰਗਾਹ ਹੈ ਜੋ ਸਰਹਿੰਦ ਬੱਸੀ ਪਠਾਣਾਂ ਸੜਕ 'ਤੇ ਗੁਰਦੁਆਰਾ ਫਤਿਹਗੜ੍ਹ ਸਾਹਿਬ ਦੇ ਉੱਤਰ ਵਿੱਚ ਸਥਿਤ ਹੈ। ਸ਼ੇਖ ਅਹਿਮਦ ਫਾਰੂਕੀ ਅਕਬਰ ਅਤੇ ਜਹਾਂਗੀਰ ਦੇ ਸ਼ਾਸਨ ਦੌਰਾਨ 1563 ਤੋਂ 1624 ਈਸਵੀ ਤੱਕ ਇੱਥੇ ਰਹੇ।

ਵਰਾਂਡੇ ਵਿੱਚ ਕਈ ਹੋਰ ਗੁੰਬਦ ਬਣੇ ਹੋਏ ਹਨ। ਇਹ ਸ਼ੇਖ ਅਹਿਮਦ ਫਾਰੂਕੀ ਦੇ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਸਬੰਧਿਤ ਹਨ। ਇਸ ਦੇ ਨੇੜੇ ਹੀ ਰਤੀ-ਉਦ-ਦੀਨ ਦੀ ਦਰਗਾਹ ਵੀ ਹੈ ਜੋ ਕਿ ਮੁਜਾਦਿਦ ਦੇ ਗੁਰੂ ਮੰਨੇ ਗਏ ਹਨ। ਮੁਜਾਦਿਦ ਦੇ ਪੁੱਤਰਾਂ, ਖਵਾਜਾ ਮੁਹੰਮਦ ਸਦੀਕ ਅਤੇ ਖਵਾਜਾ ਮੁਹੰਮਦ ਮਾਸੂਮ ਦੇ ਰੋਜ਼ੇ ਵੀ ਦਰਗਾਹ ਦੇ ਨੇੜੇ ਹੀ ਹਨ। ਇੱਥੇ ਇੱਕ ਵੱਡੀ ਮਸੀਤ ਬਣੀ ਹੋਈ ਹੈ ਜਿਸ ਅੰਦਰ ਇੱਕ ਤਹਿਖਾਨਾ ਅਤੇ ਸਰੋਵਰ ਵੀ ਹੈ। ਪ੍ਰਾਰਥਨਾ ਤੋਂ ਪਹਿਲਾਂ ਲੋਕ ਇਸ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ। ਇਸ ਦਰਗਾਹ ਨੂੰ ਭਾਰਤ ਸਰਕਾਰ ਵੱਲੋਂ ਇਤਿਹਾਸਕ ਯਾਦਗਾਰ ਐਲਾਨਿਆ ਗਿਆ ਹੈ। ਰੋਜ਼ਿਆ ਦੇ ਨੇੜੇ ਹੀ ਅਫ਼ਗਾਨੀ ਸ਼ਾਸਕ ਸ਼ਾਹ ਜਮਨ ਅਤੇ ਉਸ ਦੀ ਰਾਣੀ ਦੀ ਮਜ਼ਾਰ ਵੀ ਹੈ।

ਰੋਜ਼ਾ ਸ਼ਰੀਫ ਵਿਖੇ ਪਿਛਲੀਆਂ ਤਿੰਨ ਸ਼ਤਾਬਦੀਆਂ ਤੋਂ ਹਰ ਸਾਲ ਉਰਸ ਦਾ ਮੇਲਾ ਲੱਗਦਾ ਹੈ ਜੋ ਕਿ ਵਿਸ਼ਵ ਪ੍ਰਸਿੱਧ ਹੈ। ਇਹ ਮੇਲਾ ਮੁਜਾਦਿਦ ਦੀ ਬਰਸੀ ਮੌਕੇ ਲੱਗਦਾ ਹੈ।

ਅਕਸਾ ਮਸੀਤ, ਗੁਰਦਾਸਪੁਰ:

ਇਹ ਮਸੀਤ ਜ਼ਿਲ੍ਹਾ ਗੁਰਦਾਸਪੁਰ ਦੇ ਛੋਟੇ ਜਿਹੇ ਕਸਬੇ ਕਾਦੀਆਂ ਵਿਖੇ ਹੈ। ਇਹ ਇੱਕ ਧਾਰਮਿਕ ਜਾਂ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਦੇ ਜਨਮ ਸਥਲ ਵੱਜੋਂ ਵਿਸ਼ਵ ਭਰ ਵਿੱਚ ਪ੍ਰਸਿੱਧ ਹੈ। ਉਹਨਾ ਨੇ 19ਵੀਂ ਸਦੀ ਵਿੱਚ ਮੁਸਲਮਾਨ ਸੁਧਾਰ ਲਹਿਰ ਵੱਜੋਂ ਮੁਸਲਿਮ ਧਰਮ ਦੇ 'ਅਹਿਮਦੀਆ ਸੈਕਟ' ਦੀ ਸਥਾਪਨਾ ਕੀਤੀ। ਮਿਰਜਾ ਗੁਲਾਮ ਅਹਿਮਦ ਕਾਦੀਆਂ ਦੀਆਂ ਸਿੱਖਿਆਵਾਂ ਦੀ ਰੋਸ਼ਨੀ ਵਿੱਚ ਇਸ ਮਸੀਤ ਦਾ ਰੁਤਬਾ ਹੋਰ ਵੀ ਵੱਧ ਜਾਂਦਾ ਹੈ।

ਉਹਨਾਂ ਅਨੁਸਾਰ ਪਵਿੱਤਰ ਕੁਰਾਨ ਕਾਦੀਆਂ ਨੂੰ ਮੁਸਲਮਾਨਾਂ ਦੇ ਤਿੰਨ ਸਭ ਤੋਂ ਪਵਿੱਤਰ ਅਸਥਾਨਾਂ ਵਿੱਚੋਂ ਇੱਕ ਮੰਨਦਾ ਹੈ। ਆਪਣੀ ਇੱਕ ਪੁਸਤਕ ਵਿੱਚ ਉਹਨਾਂ ਬਿਆਨ ਕੀਤਾ ਹੈ ਕਿ ਜਿਸ ਮਸਜਿਦ-ਏ-ਅਕਸਾ ਤੋਂ ਪੈਗੰਬਰ ਮੁਹੰਮਦ ਨੂੰ ਸੁਰਗ ਦਾ ਰਾਹ ਮਿਲਿਆ ਸੀ ਅਸਲ ਵਿੱਚ ਉਹ ਕਾਦੀਆਂ ਦੀ ਮਸਜਿਦ-ਏ-ਅਕਸਾ ਹੀ ਹੈ।

ਮੂਰਿਸ਼ ਮਸੀਤ, ਕਪੂਰਥਲਾ:

ਪੰਜਾਬ ਦੇ ਕਪੂਰਥਲਾ ਵਿੱਚ ਬਣੀ ਇਸ ਮਸੀਤ ਦੀ ਰੂਪਰੇਖਾ ਮਰਾਕੇਸ਼ (ਮੋਰੱਕੋ) ਵਿੱਚ ਬਣੀ ਵਿਸ਼ਾਲ ਮਸੀਤ ਨਾਲ ਮੇਲ ਖਾਂਦੀ ਹੈ। ਕਪੂਰਥਲਾ ਦੇ ਆਖਰੀ ਸ਼ਾਸਕ ਮਹਾਰਾਜਾ ਜਗਤਜੀਤ ਸਿੰਘ ਨੇ ਇਸ ਨੂੰ ਬਣਵਾਇਆ ਸੀ। ਇਹ ਮਸੀਤ ਹੁਣ ਰਾਸ਼ਟਰੀ

Scanned with CamScanner

ਧਰੋਹਰ ਹੈ। ਇਸ ਦੀ ਦੇਖਰੇਖ ਭਾਰਤ ਦੇ ਪੁਰਾਤੱਤਵ ਵਿਗਿਆਨ ਕੇਂਦਰ ਦੇ ਅਧੀਨ ਹੈ। ਇਸ ਮਸੀਤ ਦੀ ਰੂਪ-ਰੇਖਾ ਫਰਾਂਸ ਦੇ ਸ਼ਿਲਪਕਾਰ ਮੋਨਸਿਊਰ.ਐਮ.ਮੈਨਟੋਕਸ ਨੇ ਤਿਆਰ ਕੀਤੀ ਸੀ। ਉਸੇ ਨੇ ਹੀ ਇਸ ਸ਼ਹਿਰ ਵਿਚਲੇ ਜਗਤਜੀਤ ਮਹਿਲ ਦਾ ਨਕਸ਼ਾ ਵੀ ਤਿਆਰ ਕੀਤਾ ਸੀ।

ਮੁਬਾਰਕ ਮਸੀਤ, ਕਾਦੀਆਂ:

ਇਸ ਨੂੰ 1882-83 ਵਿੱਚ ਮਿਰਜਾ ਗੁਲਾਮ ਅਹਿਮਦ ਕਾਦੀਆਂ ਵੱਲੋਂ ਸਥਾਪਿਤ ਕੀਤਾ ਗਿਆ ਸੀ। ਇਹ ਅਦਜਾਨੀ ਲਹਿਰ ਦੇ ਸਾਧਕਾਂ ਲਈ ਪੂਜਾ ਦਾ ਪਹਿਲਾ ਸਥਾਨ ਸੀ। ਲਗਭਗ 1903-1914 ਦੇ ਦਰਮਿਆਨ ਚਿੱਟਾ ਮੀਨਾਰ ਬਣਵਾਇਆ ਗਿਆ ਸੀ ਜੋ ਮਗਰੋਂ ਇਸ ਇਮਾਰਤ ਦਾ ਹੀ ਹਿੱਸਾ ਬਣਿਆ।

ਈਮਾਮ ਨਸੀਰ ਦੀ ਦਰਗਾਹ ਅਤੇ ਜਾਮਾ ਮਸਜਿਦ, ਜਲੰਧਰ:

ਇਹ ਮਸਜਿਦ ਲਗਭਗ 800 ਸਾਲ ਪੁਰਾਣੀ ਹੈ। ਇਸ ਮਸਜਿਦ ਦੇ ਵਿੱਚ ਹੀ ਇੱਕ ਦਰਗਾਹ ਬਣੀ ਹੈ। ਮੰਨਿਆ ਜਾਂਦਾ ਹੈ ਕਿ ਬਾਬਾ ਫਰੀਦ ਇੱਥੇ ਰਹੇ ਸਨ ਅਤੇ ਉਹਨਾਂ ਨੇ 40 ਦਿਨ ਇੱਥੇ ਤਪ ਕੀਤਾ ਸੀ। ਮਸੀਤ ਦੇ ਚਾਰੇ ਪਾਸੇ ਇੱਕ ਬਜ਼ਾਰ ਹੈ। ਇਸ ਮਸੀਤ ਦੀ ਇਮਾਰਤ ਚਾਰ ਚਿੱਟੇ ਮੀਨਾਰਾਂ 'ਤੇ ਖੜ੍ਹੀ ਹੈ।

ਇਮਾਮ ਨਸੀਰ ਮਸੀਤ ਦੇ ਦੂਜੇ ਪਾਸੇ ਜਾਮਾ ਮਸਜਿਦ ਹੈ। ਪੁਰਾਤੱਤਵ ਵਿਗਿਆਨਕਾਂ ਅਨੁਸਾਰ ਜਾਮਾ ਮਸਜਿਦ ਲੱਗਭਗ 400 ਸਾਲ ਪੁਰਾਣੀ ਹੈ।

ਖੈਰ-ਉੱਦ-ਦੀਨ ਮਸਜਿਦ, ਅੰਮ੍ਰਿਤਸਰ:

ਇਹ ਸੁੰਦਰ ਮਸੀਤ ਦਾ ਨਿਰਮਾਣ 1876 ਈਸਵੀ ਵਿੱਚ ਮੁਹੰਮਦ ਖੈਰੁਦੀਨ ਨੇ ਕਰਵਾਇਆ ਸੀ। ਇਸ ਮਸੀਤ ਦੀ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਵਿੱਚ ਬੜੀ ਦੇਣ ਹੈ। ਇਸੇ ਮਸੀਤ ਤੋਂ ਤੂਤੀ-ਏ-ਹਿੰਦ ਸ਼ਾਹ ਅਤਾਉਲਾਹ ਬੁਖਾਰੀ ਨੇ ਦੇਸ਼ ਵਾਸੀਆਂ ਨੂੰ ਬਰਤਾਨਵੀ ਸ਼ਾਸਕਾਂ ਖਿਲਾਫ ਜੰਗ ਲੜਨ ਦਾ ਸੱਦਾ ਦਿੱਤਾ ਸੀ। ਆਪਣੀ ਇਤਿਹਾਸਿਕ ਅਤੇ ਧਾਰਮਿਕ ਮਹੱਤਤਾ ਤੋਂ ਬਿਨ੍ਹਾਂ ਇੱਥੋਂ ਦੀ ਸ਼ਿਲਪਕਲਾ ਦੂਰੋਂ-ਦੂਰੋਂ ਦਰਸ਼ਕਾਂ ਨੂੰ ਆਕਰਸ਼ਿਕ ਕਰਦੀ ਹੈ।

ਗੁਰੂ ਦੀ ਮਸੀਤ, ਬਿਆਸ:

ਇਸ ਮਸੀਤ ਦਾ ਨਿਰਮਾਣ ਗੁਰੂ ਹਰਗੋਬਿੰਦ ਸਾਹਿਬ ਦੀ ਬੇਨਤੀ 'ਤੇ ਕੀਤਾ ਗਿਆ ਸੀ। ਇਹ ਬਿਆਸ ਦਰਿਆ ਦੇ ਕੰਢੇ ਤੇ ਹੈ। 1634 ਈਸਵੀ ਵਿੱਚ ਗੁਰੂ ਸਾਹਿਬ ਦੀ ਮੁਗਲਾਂ ਨਾਲ ਗਹਿਰੀ ਟੱਕਰ ਹੋਈ ਸੀ। ਮੁਗਲਾਂ ਨਾਲ ਵਧਦੇ ਵਿਰੋਧ ਦੇ ਮੱਦੇ-ਨਜ਼ਰ, ਸ਼ਹਿਰ ਦੀ ਸੁਰੱਖਿਆ ਲਈ ਸਿੱਖਾਂ ਨੇ ਇੱਕ ਗੁਰਦੁਆਰਾ ਬਣਾਇਆ ਸੀ। ਇਥੇ ਥਾਂ ਦੀ ਕਮੀ ਕਾਰਨ ਸ਼ਹਿਰ ਦੇ ਮੁਸਲਮਾਨਾਂ ਨੂੰ ਪ੍ਰਾਰਥਨਾ ਲਈ ਕੋਈ ਜ਼ਮੀਨ ਨਾ ਮਿਲੀ। ਸ਼ਹਿਰ ਵਿੱਚ ਮੁਸਲਮਾਨਾਂ ਦੀ ਗਿਣਤੀ ਵੀ ਘੱਟ ਸੀ। ਇਸ ਕਾਰਨ ਉਹ ਗੁਰੂ ਸਾਹਿਬ ਕੋਲ ਆਏ ਅਤੇ ਬੇਨਤੀ ਕੀਤੀ। ਗੁਰੂ ਜੀ ਨੇ ਸਿੱਖਾਂ ਨੂੰ ਮਸਜਿਦ ਬਣਾਉਣ ਦਾ ਹੁਕਮ ਦਿੱਤਾ, ਜੋ ਕਿ ਨਿਰਮਾਣ ਮਗਰੋਂ ਮੁਸਲਮਾਨਾਂ ਨੂੰ ਸੌਂਪ ਦਿੱਤੀ ਗਈ ਸੀ। ਇਸੇ ਕਾਰਨ ਇਸ ਨੂੰ ਗੁਰੂ ਕੀ ਮਸੀਤ ਕਹਿੰਦੇ ਹਨ।

ਚਿੱਲ੍ਹਾ ਬਾਬਾ ਸ਼ੇਖ ਫਰੀਦ, ਫਰੀਦਕੋਟ:

ਇਹ ਸਮਾਰਕ ਮਹਾਨ ਸੰਤ ਬਾਬਾ ਫਰੀਦ ਜੀ ਦੀ ਇੱਥੇ ਫੇਰੀ ਦੀ ਯਾਦ ਵਿੱਚ ਬਣੀ ਹੋਈ ਹੈ। ਬਾਬਾ ਸ਼ੇਖ ਫਰੀਦ ਸ਼ੱਕਰਗੰਜ ਪਕਪੱਤਨ, ਨੇੜੇ ਮੁਲਤਾਨ (ਪਾਕਿਸਤਾਨ) ਤੋਂ ਇੱਕ ਮਹਾਨ ਸੂਫੀ ਸੰਤ ਹੋਏ ਹਨ। ਹਾਂਸੀ ਅਤੇ ਦਿੱਲੀ ਤੋਂ ਮੁੜਦੇ ਹੋਏ ਸੰਤ ਜੀ ਕੁਝ ਅਰਸੇ ਲਈ ਇਥੇ ਆ ਕੇ ਰੁਕੇ ਸਨ। ਫਰੀਦਕੋਟ ਦਾ ਨਾਮ ਵੀ ਉਹਨਾਂ ਦੇ ਨਾਮ ਉਤੇ ਹੀ ਪਿਆ ਹੈ। ਉਹਨਾਂ ਦੀ ਪਵਿੱਤਰ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।

Scanned with CamScanner

12.14 ਪੰਜਾਬ ਦੇ ਪੁਰਾਤਨ ਸਥਲ:

ਆਪਣੇ ਬੇਜੋੜ ਅਤੇ ਸੰਘਰਸ਼ਮਈ ਪਿਛੋਕੜ ਕਾਰਨ ਪੰਜਾਬ ਦੀ ਵਿਰਾਸਤ ਦਾ ਵਧੇਰੇ ਭਾਗ ਜਾਂ ਤਾਂ ਤਬਾਹ ਹੋ ਗਿਆ ਜਾਂ ਜਮੀਨ ਹੇਠ ਦੱਬ ਗਿਆ।

ਰੂਪਨਗਰ:

ਰੂਪਨਗਰ ਵਿੱਚ ਦਰਿਆ ਸਤਲੁਜ ਦੇ ਕੰਢੇ ਤੇ, ਫੈਲੀ ਟਿੱਕ ਚੋਤੀ ਮਮਟੀ ਦੀ ਵਾਈ.ਡੀ. ਸਰਮਾ ਨੇ 1952-53 ਵਿੱਚ ਖੁਦਾਈ ਕੀਤੀ। ਰੂਪਨਗਰ ਵਿੱਚੋਂ ਮਿਲੇ ਹੜੱਪਾ ਸੱਭਿਅਤਾ ਦੇ ਅਵਸ਼ੇਸ਼ 2000 ਬੀ.ਸੀ. ਤੋਂ 1500 ਬੀ.ਸੀ. ਸਮੇਂ ਦੇ ਦੌਰਾਨ ਦੇ ਹਨ। ਇਸ ਵਿੱਚ ਕੁਝ ਮਿੱਟੀ ਦੇ ਬਰਤਨ, ਮੋਤੀ, ਵੰਗਾ ਅਤੇ ਮੋਹਰਾਂ ਦੇ ਨਾਲ-ਨਾਲ ਟਿੱਕ ਸ਼ਮਸਾਨ ਘਾਟ ਵੀ ਮਿਲਿਆ ਹੈ।

ਕੋਟਲਾ ਨਿਹੰਗ ਖਾਂ (ਜ਼ਿਲ੍ਹਾ ਰੂਪਨਗਰ):

ਜ਼ਿਲ੍ਹਾ ਰੂਪਨਗਰ ਵਿੱਚ ਕੋਟਲਾ ਨਿਹੰਗ ਖਾਂ ਵਿੱਚ ਇਹ ਪੁਰਾਤਨਯੁੱਗ ਸਥਲ 1929 ਵਿੱਚ ਖੋਜਿਆ ਗਿਆ।

ਧੀਰ ਮਾਜਰਾ (ਜ਼ਿਲ੍ਹਾ ਰੂਪ ਨਗਰ):

ਬਿਖੁਨ ਜਾਂ ਧੀਰ ਮਾਜਰਾ ਨਾਮ ਦਾ ਇਹ ਸਥਲ ਰੂਪਨਗਰ ਤੋਂ 8 ਕਿਲੋਮੀਟਰ ਉਤਰ-ਪੂਰਬ ਦਿਸ਼ਾ ਵੱਲ ਹੈ।

ਬਾਰਾ (ਜ਼ਿਲ੍ਹਾ ਰੂਪਨਗਰ):

ਰੂਪਨਗਰ ਤੋਂ 8 ਕਿਲੋਮੀਟਰ ਦੂਰ ਬਾਰਾ ਲਾਗੇ ਇੱਕ ਟਿਲੇ ਤੋਂ ਪੁਰਾਤਨ ਹੜੱਪਾ ਸੱਭਿਅਤਾ ਦੇ ਅਵਸ਼ੇਸ਼ ਮਿਲੇ ਹਨ।

ਰੋਹੀੜਾ (ਤਹਿਸੀਲ ਅਹਿਮਦਗੜ, ਜ਼ਿਲ੍ਹਾ ਸੰਗਰੂਰ):

ਅਹਿਮਦਗੜ ਤੋਂ 6 ਕਿਲੋਮੀਟਰ ਦੂਰ, ਇੱਕ ਟਿਲੇ ਤੇ ਦਰਿਆ ਸਤਲੁਜ ਦੀ ਢਲਾਨ ਦੇ ਨਾਲ-ਨਾਲ ਖੁਦਾਈ ਕੀਤੀ ਗਈ, ਜਿੱਥੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਘਰ ਕਾਫੀ ਵਿਸ਼ਾਲ ਹੋਇਆ ਕਰਦੇ ਸਨ ਅਤੇ 1:2:4 ਦੇ ਅਨੁਪਾਤ ਵਿੱਚ ਇੱਟਾਂ ਦੇ ਬਣੇ ਹੋਏ ਸਨ। ਇਸ ਥਾਂ ਤੋਂ ਲਾਖ ਦੇ ਮੋਤੀ ਅਤੇ ਮਾਲਾਵਾਂ ਆਦਿ ਬਰਾਮਦ ਹੋਏ ਹਨ।

ਸੰਘੋਲ (ਜ਼ਿਲ੍ਹਾ ਫਤਿਹਗੜ੍ਹ ਸਾਹਿਬ):

ਸੰਘੋਲ ਵਿੱਚ ਹੋਈਆਂ ਖੁਦਾਈਆਂ ਤੋਂ ਇਹ ਪਤਾ ਲੱਗਦਾ ਹੈ ਕਿ ਪੁਰਾਤਨ ਹੜੱਪਾ ਸੱਭਿਅਤਾ ਇੱਥੇ ਹੀ ਪ੍ਰਫੁੱਲਿਤ ਹੋਈ। ਲਾਖ ਦੀਆਂ ਬਣੀਆਂ ਕਈ ਮੂਰਤੀਆਂ ਵੀ ਇੱਥੋਂ ਬਰਾਮਦ ਕੀਤੀਆਂ ਗਈਆਂ। ਇੱਥੋਂ ਮਿਲੇ ਬਰਤਨ ਅਤੇ ਤਾਂਬੇ ਦੀਆਂ ਚੀਜ਼ਾਂ ਕਾਫੀ ਹੱਦ ਤੱਕ ਰੂਪਨਗਰ ਅਤੇ ਚੰਡੀਗੜ੍ਹ ਵਿੱਚੋਂ ਮਿਲੀਆਂ ਵਸਤਾਂ ਨਾਲ ਮੇਲ ਖਾਂਦੀਆਂ ਹਨ। ਜਿੱਥੋਂ ਪਤਾ ਲੱਗਦਾ ਹੈ ਕਿ ਦੋਹਾਂ ਥਾਵਾਂ ਤੇ ਇੱਕ ਹੀ ਕਿਸਮ ਦੀ ਸੱਭਿਅਤਾ ਹੋਂਦ ਵਿੱਚ ਸੀ।

ਦੋਲਬਾਹਾ, ਹੁਸ਼ਿਆਰਪੁਰ:

ਦੋਲਬਾਹਾ ਹੁਸ਼ਿਆਰਪੁਰ ਦਾ ਪੁਰਾਤਨ ਧਾਰਮਿਕ ਸ਼ਹਿਰ ਹੈ। ਇਸ ਵਿੱਚ ਹੋਈਆਂ ਖੁਦਾਈਆਂ ਤੋਂ ਪੱਥਰ ਯੁੱਗ ਦੇ ਕਾਲ ਦੌਰਾਨ ਵਰਤੀਆਂ ਜਾਣ ਵਾਲੀਆਂ ਵਸਤੂਆਂ ਇਸ ਤੱਥ ਦੀਆਂ ਗਵਾਹ ਹਨ ਕਿ 7ਵੀਂ ਅਤੇ 8ਵੀਂ ਪੂਰਵ ਈਸਾ ਦੌਰਾਨ ਸੱਭਿਆਤਾਵਾਂ ਆਪਣੇ ਵਿਕਾਸ ਵੱਲ ਨੂੰ ਵੱਧ ਰਹੀਆਂ ਸਨ। ਇਹ ਸਭ ਵਸਤੂਆਂ, ਹੁਸ਼ਿਆਰਪੁਰ ਵਿਖੇ ਸਥਿਤ ਇੱਕ ਅਜਾਇਬ ਘਰ ਵਿੱਚ ਪਈਆਂ ਹਨ।

ਸਨੇਤ (ਜ਼ਿਲ੍ਹਾ ਲੁਧਿਆਣਾ):

ਇਹ ਲੁਧਿਆਣਾ ਤੋਂ ਕਰੀਬਨ 6 ਕਿਲੋਮੀਟਰ ਦੀ ਦੂਰੀ ਤੇ ਹੈ। ਮੌਜੂਦਾ ਪਿੰਡ ਇੱਕ ਉੱਚੀ ਮਮਟੀ ਤੇ ਬਣਿਆ ਹੋਇਆ ਹੈ। ਜਦੋਂ ਸਿਕੰਦਰ 1878-79 ਵਿੱਚ ਇੱਥੇ ਆਇਆ, ਉਸ ਸਮੇਂ ਇਸ ਦੀ ਉਚਾਈ 1750×1200 ਫੁੱਟ ਸੀ। ਪੁਰਾਤਨ ਕਾਲ ਵਿੱਚ ਸਨੇਤ ਇੱਕ ਵੱਡਾ ਸ਼ਹਿਰ ਸੀ। ਇਸ ਥਾਂ ਤੋਂ ਬਹੁਤਾਤ ਵਿੱਚ ਮੁਹਰਾਂ, ਸਿੱਕੇ, ਸਿੱਕੇ ਬਣਾਉਣ ਵਾਲੇ ਸਾਂਚੇ, ਮਨੁੱਖ ਅਤੇ ਜੀਵਾਂ ਦੀਆਂ ਲਾਖ ਦੀਆਂ ਮੂਰਤੀਆਂ ਇਕੱਠੀਆਂ ਕੀਤੀਆਂ ਗਈਆਂ ਹਨ।

Scanned with CamScanner

ਪਾਠ 13

ਸ਼ਖਸੀਅਤਾਂ

13.1 ਇਤਿਹਾਸਿਕ ਸ਼ਖਸੀਅਤਾਂ:

ਭਾਈ ਮਹਾਰਾਜ ਸਿੰਘ (ਨਿਹਾਲ ਸਿੰਘ):

ਇਹਨਾਂ ਦਾ ਜਨਮ ਜਿਲ੍ਹਾ ਲੁਧਿਆਣਾ ਦੇ ਪਿੰਡ ਰੋਝੋਂ ਨੇੜੇ ਮਲੌਦ ਵਿਖੇ ਗਰੇਵਾਲ ਪਰਿਵਾਰ ਵਿੱਚ ਹੋਇਆ। ਇਹਨਾਂ ਦੇ ਮਾਤਾ ਪਿਤਾ ਨੇ ਇਹਨਾਂ ਦਾ ਨਾਂ ਨਿਹਾਲ ਸਿੰਘ ਰੱਖਿਆ। ਜਵਾਨ ਹੁੰਦੇ ਹੀ ਆਪ ਭਾਈ ਬੀਰ ਸਿੰਘ ਦੇ ਡੇਰੇ ਜੋ ਕਿ ਨੌਰੰਗਾਬਾਦ ਵਿਖੇ ਹੈ ਚਲੇ ਗਏ ਜਿੱਥੇ ਕਈ ਸਾਲ ਆਪ ਨੇ ਅਣਥੱਕ ਸੇਵਾ ਕੀਤੀ। ਉਹਨਾਂ ਭਾਈ ਬੀਰ ਸਿੰਘ ਹੋਥੋਂ ਅੰਮ੍ਰਿਤ ਛਕਿਆ ਅਤੇ ਆਪ ਨੂੰ ਭਗਵਾਨ ਸਿੰਘ ਦਾ ਨਾਮ ਦਿੱਤਾ ਗਿਆ। ਉਹ ਇੱਕ ਤਕੜੇ ਬੁਲਾਰੇ ਅਤੇ ਜੋਸ਼ੀਲੇ ਸਿੱਖ ਸੰਗਰਾਮੀ ਸਨ। ਆਪ ਪਹਿਲੇ ਸੁਤੰਤਰਤਾ ਘੁਲਾਟੀਏ ਸਨ ਜਿੰਨ੍ਹਾਂ ਨੇ 1847 ਵਿੱਚ ਪਹਿਲਾ (ਸੁਤੰਤਰਤਾ ਸੰਗ੍ਰਾਮ ਦੇ ਆਰੰਭ ਹੋਣ ਤੋਂ ਦਸ ਸਾਲ ਪਹਿਲਾਂ) ਬ੍ਰਿਟਿਸ਼ ਸਰਕਾਰ ਖਿਲਾਫ ਲੜਾਈ ਦਾ ਐਲਾਨ ਕੀਤਾ। ਮਹਾਰਾਜ ਸਿੰਘ ਦੇ ਜੀਵਨ ਕਾਲ ਵਿੱਚ ਉਸ ਸਮੇਂ ਅਚਨਚੇਤ ਤਬਦੀਲੀ ਆਈ, ਜਦੋਂ ਆਪ ਦਾ ਨਾਮ ਪਰੇਮਾ ਸਾਜਿਸ਼ ਕੇਸ ਤਹਿਤ ਆ ਗਿਆ। ਆਪ ਉਪਰ ਇੱਕ ਅੰਗਰੇਜ਼ ਹੈਨਰੀ ਲਾਰੰਸ ਅਤੇ ਲਾਹੌਰ ਦੇ ਇੱਕ ਹੋਰ ਅੰਗਰੇਜ਼ੀ ਸਰਕਾਰ ਦੇ ਸਹਾਇਕ ਅਫਸਰ ਨੂੰ ਮਾਰਨ ਦੇ ਦੋਸ਼ ਲੱਗੇ। ਭਾਈ ਮਹਾਰਾਜ ਸਿੰਘ ਨੂੰ ਜਦੋਂ ਇਹ ਪਤਾ ਲੱਗਾ ਕਿ ਦੀਵਾਨ ਮੂਲ ਚੰਦ ਨੇ ਅਪ੍ਰੈਲ, 1848 ਵਿੱਚ ਮੁਲਤਾਨ ਵਿੱਚ ਅੰਗਰੇਜ਼ਾਂ ਖਿਲਾਫ ਤਿੱਖਾ ਵਿਦਰੋਹ ਸ਼ੁਰੂ ਕੀਤਾ ਹੈ, ਤਾਂ ਆਪ ਨੇ ਆਪਣੀਆਂ ਸਰਗਰਮੀਆਂ ਹੋਰ ਵੀ ਵਧਾ ਦਿੱਤੀਆਂ। ਆਪ 400 ਘੋੜ ਸਵਾਰ ਸਿਪਾਹੀਆਂ ਨੂੰ ਨਾਲ ਲੈ ਕੇ ਮੂਲ ਚੰਦ ਨਾਲ ਮਿਲਣ ਲਈ ਮੁਲਤਾਨ ਵੱਲ ਨੂੰ ਚੱਲ ਪਏ। ਪਰ ਛੇਤੀ ਹੀ ਦੋਹਾਂ ਆਗੂਆਂ ਵਿੱਚ ਮਤਭੇਦ ਪੈਦਾ ਹੋ ਗਏ ਅਤੇ ਭਾਈ ਮਹਾਰਾਜ ਸਿੰਘ ਜੂਨ 1848 ਵਿੱਚ ਮੁਲਤਾਨ ਤੋਂ ਹਜ਼ਾਰਾ ਵੱਲ ਨੂੰ ਤੁਰ ਪਏ ਤਾਂ ਜੋ ਉਹ ਅੰਗਰੇਜ਼ੀ ਹਕੂਮਤ ਨੂੰ ਢਹਿ-ਢੇਰੀ ਕਰਨ ਲਈ ਛਤਰ ਸਿੰਘ ਅਟਾਰੀ ਵਾਲੇ ਦੀ ਸਹਾਇਤਾ ਲੈ ਸਕਣ। ਮਗਰੋਂ ਉਹਨਾਂ ਨੇ ਚੇਲੀਆਂ ਵਾਲਾ ਅਤੇ ਗੁਜਰਾਤ ਦੀ ਲੜਾਈ ਵਿੱਚ ਵੀ ਭਾਗ ਲਿਆ, ਪਰ ਜਦੋਂ ਰਾਜਾ ਸ਼ੇਰ ਸਿੰਘ ਨੇ 14 ਮਾਰਚ, 1849 ਨੂੰ ਰਾਵਲਪਿੰਡੀ ਵਿਖੇ ਬਰਤਾਨਵੀ ਸਰਕਾਰ ਨੂੰ ਆਤਮ ਸਮਰਪਣ ਕਰ ਦਿੱਤਾ, ਤਾਂ ਉਹਨਾਂ ਨੇ ਇਕੱਲੇ ਹੀ ਜੰਗ ਲੜਨ ਦਾ ਫੈਸਲਾ ਕੀਤਾ। ਉਹ ਜੰਮੂ ਭੱਜ ਗਏ ਅਤੇ ਦੇਵ ਬਟਾਲਾ ਨੂੰ ਆਪਣਾ ਗੁਪਤ ਸਦਰ ਮੁਕਾਮ ਬਣਾਇਆ। ਦਸੰਬਰ, 1849 ਵਿੱਚ ਉਹ ਹੁਸ਼ਿਆਰਪੁਰ ਚਲੇ ਗਏ ਅਤੇ ਇੱਥੇ ਸਿੱਖ ਰੈਜੀਮੈਂਟ ਦਾ ਦੌਰਾ ਕੀਤਾ ਤਾਂ ਜੋ ਉਹਨਾਂ ਦੀ ਲੋੜੀਂਦੀ ਮਦਦ ਕੀਤੀ ਜਾ ਸਕੇ। ਆਪ 29 ਦਸੰਬਰ, 1849 ਨੂੰ ਗ੍ਰਿਫਤਾਰ ਹੋ ਗਏ ਪਰ ਗ੍ਰਿਫਤਾਰੀ ਤੋਂ ਪਹਿਲਾਂ ਪੂਰੀ ਬਹਾਦਰੀ ਤੇ ਨਿਡਰਤਾ ਨਾਲ ਲੜਦੇ ਰਹੇ। ਆਪ ਨੂੰ ਸਿੰਘਾਪੁਰ ਦੀ ਆਊਰਮ ਜੇਲ੍ਹ ਵਿੱਚ ਨਜ਼ਰਬੰਦ ਕੀਤਾ ਗਿਆ ਜਿੱਥੇ 5 ਜੁਲਾਈ, 1856 ਨੂੰ ਆਪ ਚੱਲ ਵਸੇ।

ਸਰਦਾਰ ਅਜੀਤ ਸਿੰਘ (1881–1947):

ਆਪ ਦਾ ਜਨਮ ਜਿਲ੍ਹਾ ਜਲੰਧਰ (ਹੁਣ ਨਵਾਂ ਸ਼ਹਿਰ) ਦੇ ਪਿੰਡ ਖੱਟਕੜ ਕਲਾਂ ਵਿਖੇ ਅਰਜੁਨ ਸਿੰਘ ਅਤੇ ਜੈ ਕੌਰ ਦੇ ਘਰ ਹੋਇਆ। ਆਪ ਸਰਦਾਰ ਭਗਤ ਸਿੰਘ ਦੇ ਚਾਚਾ ਸਨ। ਬਰਤਾਨਵੀ ਸਰਕਾਰ ਨੂੰ ਸਖਤ ਹੱਥਾਂ ਨਾਲ ਲੈਣ ਵਾਲੇ ਪੰਜਾਬੀਆਂ

Scanned with CamScanner

ਕਿਉਂ ਆਪ ਮੋਰਚੀ ਸਨ। ਆਪ ਨੇ ਅੰਗਰੇਜ਼ੀ ਹਕੂਮਤ ਦੀਆਂ ਕੂਟਨੀਤੀਆਂ ਦਾ ਸਰੇਆਮ ਭਾਂਡਾ ਭੰਨਿਆ। ਬਚਪਨ ਵੇਂ ਹੀ ਆਪ ਨੇ ਆਪਣੇ ਦਾਦਾ ਜੀ ਵੱਲੋਂ ਜਵਾਨ ਅੰਗਰੇਜ਼ਾਂ ਨੂੰ ਸਲਾਮ ਕਰਨ ਦੀ ਕਿਰਿਆ ਤੇ ਸਵਾਲੀਆ ਚਿੰਨ ਲਗਾ ਦਿੱਤਾ ਸੀ। ਉਹ ਸੋਚਦੇ ਸਨ ਕਿ ਬਰਤਾਨਵੀ ਸਾਹਿਬ ਬੇਅਕਲ ਹਨ, ਤਾਂ ਹੀ ਉਹ ਬੱਚਿਆਂ ਜਿੰਨੀ ਪੰਜਾਬੀ ਵੀ ਨਹੀਂ ਸਿੱਖ ਸਕਦੇ। ਉਹਨਾਂ ਨੂੰ ਰਾਜਨੀਤਿਕ ਵਿਦਰੋਹੀ ਕਰਾਰ ਦਿੱਤਾ ਗਿਆ ਅਤੇ ਆਪ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਭਾਰਤ ਦੀਆਂ ਜੇਲ੍ਹਾਂ ਜਾਂ ਭਾਰਤ ਤੋਂ ਬਾਹਰ ਬਨਵਾਸ ਦੇ ਰੂਪ ਵਿੱਚ ਬਿਤਾਇਆ। 1907 ਵਿੱਚ ਆਪ ਨੂੰ ਲਾਲਾ ਲਾਜਪਤ ਰਾਏ ਨਾਲ ਬਰਮਾ ਦੀ ਮੈਂਡਲੇ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਉਥੋਂ ਛੁੱਟਣ ਮਗਰੋਂ ਆਪ ਈਰਾਨ ਚਲੇ ਗਏ। ਉਥੋਂ ਆਪ ਰੋਮ, ਜੈਨੇਵਾ, ਪੈਰਿਸ ਅਤੇ ਰੀਉ ਜਨੇਰੂ ਚਲੇ ਗਏ। 1918 ਵਿੱਚ ਆਪ ਸਾਨਫਰਾਂਸਿਸਕੋ ਵਿੱਚ ਗਦਰ ਪਾਰਟੀ ਦੇ ਸਪੰਰਕ ਵਿੱਚ ਆਏ। 1939 ਵਿੱਚ ਆਪ ਮੁੜ ਪਰਤ ਆਏ ਅਤੇ ਨੇਤਾਜੀ ਸੁਭਾਸ਼ ਚੰਦਰ ਬੋਸ ਦੇ ਇਟਲੀ ਵਾਲੇ ਮਿਸ਼ਨ ਵਿੱਚ ਉਹਨਾਂ ਦੀ ਭਰਪੂਰ ਮਦਦ ਕੀਤੀ। 1946 ਵਿੱਚ ਆਪ ਪੰਡਿਤ ਜਵਾਹਰ ਲਾਲ ਨਹਿਰੂ ਦੇ ਬੁਲਾਵੇ ਤੇ ਭਾਰਤ ਪਰਤ ਆਏ। ਦਿੱਲੀ ਵਿੱਚ ਕੁਝ ਸਮਾਂ ਬਿਤਾਉਣ ਮਗਰੋਂ ਆਪ ਡਲਹਾਊਜੀ ਚਲੇ ਗਏ। ਭਾਰਤ ਦੀ ਅਜ਼ਾਦੀ ਮਗਰੋਂ 15 ਅਗਸਤ, 1947 ਨੂੰ ਆਪ ਨੇ ਆਪਣਾ ਅਖੀਰੀ ਸਾਹ ਲਿਆ। ਆਪ ਦੇ ਅੰਤਮ ਸ਼ਬਦ ਸਨ, "ਸ਼ੁਕਰ ਹੈ ਰੱਬਾ, ਮੇਰਾ ਮੰਤਵ ਪੂਰਾ ਹੋਇਆ"।

ਲਾਲਾ ਲਾਜਪਤ ਰਾਏ (1865-1928):

ਆਪ ਭਾਰਤ ਦੇ ਸੁਤੰਤਰਤਾ ਸੰਗਰਾਮੀਆਂ ਵਿੱਚੋਂ ਪ੍ਰਮੁੱਖ ਸ਼ਖਸੀਅਤ ਸਨ। ਆਪ ਦਾ ਜਨਮ 28 ਜਨਵਰੀ 1865 ਨੂੰ ਢੁੱਡੀਕੇ ਪਿੰਡ ਦੇ ਅਗਰਵਾਲ ਪਰਿਵਾਰ ਵਿੱਚ ਹੋਇਆ। ਉਹ ਇੱਕ ਭਾਰਤੀ ਲੇਖਕ ਅਤੇ ਰਾਜਨੀਤਿਕ ਹਸਤੀ ਸਨ ਅਤੇ ਆਪ ਨੂੰ ਭਾਰਤੀ ਅਜ਼ਾਦੀ ਦੇ ਸੰਗ੍ਰਾਮ ਦੀਆਂ ਪ੍ਰਮੁੱਖ ਹਸਤੀਆਂ ਵਿੱਚ ਇੱਕ ਮੰਨਿਆ ਜਾਂਦਾ ਹੈ। ਆਪ ਨੂੰ ਆਮ ਤੌਰ ਤੇ 'ਪੰਜਾਬ ਕੇਸਰੀ' ਜਾਂ 'ਸ਼ੇਰ-ਏ-ਪੰਜਾਬ' ਦੇ ਨਾਮ ਨਾਲ ਜਾਇਆ ਜਾਂਦਾ ਹੈ। ਲਾਲ, ਬਾਲ, ਪਾਲ ਦੀ ਮਸ਼ਹੂਰ ਤਿਕੜੀ ਵਿੱਚ ਲਾਲ ਸ਼ਬਦ, ਲਾਲਾ ਲਾਜਪਤ ਰਾਏ ਦਾ ਹੀ ਹੈ। ਆਪ ਨੇ ਲਾਹੌਰ ਦੇ ਬਗਡਲਾਅ ਹਾਲ ਵਿੱਚ ਉਹਨਾਂ ਭਾਰਤੀਆਂ ਲਈ ਨੈਸ਼ਨਲ ਕਾਲਜ ਦੀ ਨੀਂਹ ਰੱਖੀ ਜੋ ਅੰਗਰੇਜ਼ੀ ਸੰਸਥਾਵਾਂ ਦਾ ਵਿਰੋਧ ਕਰ ਰਹੇ ਸਨ। ਇਸ ਕਾਲਜ ਵਿੱਚ ਭਾਰਤੀਆਂ ਨੂੰ ਮਿਆਰੀ ਸਿੱਖਿਆ ਦਿੱਤੀ ਜਾਂਦੀ ਸੀ। ਭਗਤ ਸਿੰਘ ਨੇ ਇਸੇ ਕਾਲਜ ਤੋਂ ਬੀ.ਏ. ਕੀਤੀ ਸੀ। ਲਾਲਾ ਲਾਜਪਤ ਰਾਏ ਅਤੇ ਸਰਦਾਰ ਅਜੀਤ ਸਿੰਘ ਨੇ ਪੰਜਾਬ ਕਲੋਨੀ ਐਕਟ ਦੇ ਵਿਰੁੱਧ ਵਿੱਚ ਇੱਕ ਤਕੜੀ ਬਗਾਵਤ ਕੀਤੀ ਸੀ। ਇਸੇ ਕਾਰਨ 1907 ਵਿੱਚ ਇਹਨਾਂ ਨੂੰ ਬਰਮਾ ਦੀ ਮੈਂਡਲੇ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਕੁਝ ਸਾਲਾਂ ਮਗਰੋਂ ਉਹ ਅਮਰੀਕਾ ਚਲੇ ਗਏ ਅਤੇ ਉਥੋਂ ਦੇ ਗਦਰੀਆਂ ਨਾਲ ਸਬੰਧ ਸਥਾਪਿਤ ਕੀਤੇ। 1920 ਵਿੱਚ ਉਹ ਭਾਰਤ ਮੁੜ ਆਏ ਅਤੇ ਆਪ ਨੂੰ ਅਗਲੇ ਸਾਲ ਲਈ ਭਾਰਤੀ ਰਾਸ਼ਟਰੀ ਕਾਂਗਰਸ ਦਾ ਮੁੱਖੀ ਚੁਣਿਆ ਗਿਆ। 1928 ਵਿੱਚ ਜਦੋਂ ਆਪ ਸਾਈਮਨ ਕਮਿਸ਼ਨ ਦੇ ਵਿਰੋਧ ਲਈ ਜੁੜੀ ਭੀੜ ਦੀ ਅਗਵਾਈ ਕਰ ਰਹੇ ਸਨ ਤਾਂ ਆਪ ਤੇ ਪੁਲਿਸ ਵੱਲੋਂ ਲਾਠੀ ਚਾਰਜ ਕੀਤਾ ਗਿਆ। ਜਖਮਾਂ ਦੀ ਤਾਬ ਨਾਂ ਸਹਿੰਦਿਆਂ 17 ਨਵੰਬਰ, 1928 ਨੂੰ ਆਪ ਚਲ ਵਸੇ।

ਬਾਬਾ ਸੋਹਨ ਸਿੰਘ ਭਕਨਾ (1870-1968):

ਉਹ ਇੱਕ ਭਾਰਤੀ ਸੰਗਰਾਮੀਏ ਅਤੇ ਗਦਰ ਪਾਰਟੀ ਦੇ ਮੋਢੀ ਸਨ। 1915 ਵਿੱਚ ਹੋਈ ਗਦਰ ਸਾਜ਼ਿਸ਼ ਵਿੱਚ ਵੀ ਆਪ ਦੀ ਅਹਿਮ ਭੂਮਿਕਾ ਰਹੀ ਹੈ।

ਲਾਹੌਰ ਸਾਜ਼ਿਸ਼ ਕੇਸ ਤਹਿਤ ਪੁੱਛ ਪੜਤਾਲ ਮਗਰੋਂ ਆਪ ਨੂੰ 16 ਸਾਲ ਦੀ ਜੇਲ੍ਹ ਹੋਈ ਅਤੇ 1930 ਵਿੱਚ ਆਪ ਨੂੰ ਰਿਹਾ ਕੀਤਾ ਗਿਆ। ਆਪ ਨੇ ਫਿਰ ਭਾਰਤੀ ਕਿਸਾਨ ਮਜਦੂਰ ਲਹਿਰ ਨਾਲ ਕੰਮ ਕੀਤਾ, ਨਾਲ ਹੀ ਆਪ ਨੇ ਆਪਣਾ ਕਾਫੀ ਸਮਾਂ ਕਿਸਾਨ ਸਭਾ ਅਤੇ ਭਾਰਤ ਦੀ ਕਮਿਊਨਿਸਟ ਪਾਰਟੀ ਨੂੰ ਦਿੱਤਾ।

Scanned with CamScanner

ਗਦਰੀਆਂ ਦਾ ਮੁੱਖ ਮੰਤਵ, ਭਾਰਤੀ ਫੌਜੀਆਂ ਨੂੰ ਵਿਦਰੋਹ ਕਰਨ ਲਈ ਹੱਲਾਸ਼ੇਰੀ ਦੇਣਾ ਸੀ। ਸੋਹਨ ਸਿੰਘ ਭਕਨਾ ਦੀ ਪ੍ਰਧਾਨਗੀ ਹੇਠ ਗਦਰ ਪਾਰਟੀ ਨੇ ਵਿਦਰੋਹ ਦੀ ਸਕੀਮ ਬਣਾਈ। ਕਾਮਾਗਾਟੂਮਾਰੂ ਦੀ ਹੋਈ ਘਟਨਾ ਕਾਰਨ, ਦੇਸ਼ ਵਿਆਪੀ ਰੋਹ ਨੇ ਗਦਰੀਆਂ ਦੇ ਇਰਾਦੇ ਹੋਰ ਵੀ ਪੱਕੇ ਕਰ ਦਿੱਤੇ ਅਤੇ ਗ਼ਦਰੀ ਆਗੂ ਸੋਹਨ ਸਿੰਘ, ਬਰਕਤਉਲ੍ਹਾਂ ਅਤੇ ਤਾਰਕਨਾਥ ਦਾਸ ਨੇ ਇਸ ਨੂੰ ਵਿਦਰੋਹ ਦਾ ਸਥਲ ਬਣਾਇਆ ਅਤੇ ਕਈ ਹੋਰ ਭਾਰਤੀਆਂ ਨੂੰ ਜੋ ਉੱਤਰੀ ਅਮਰੀਕਾ ਦੇ ਸਨ, ਨੂੰ ਆਪਣੀ ਪਾਰਟੀ ਵਿੱਚ ਸ਼ਾਮਿਲ ਕੀਤਾ। ਬਰਤਾਨਵੀ ਸਰਕਾਰ ਪਹਿਲਾਂ ਤੋਂ ਹੀ ਗ਼ਦਰੀਆਂ ਦੀ ਪੈੜ ਨੱਪ ਰਹੀ ਸੀ। ਅਕਤੂਬਰ, 1914 ਵਿੱਚ ਸੋਹਨ ਸਿੰਘ ਨੂੰ ਕਲਕੱਤੇ ਵਿਖੇ ਗ੍ਰਿਫਤਾਰ ਕਰ ਲਿਆ ਗਿਆ ਅਤੇ ਪੁੱਛ ਪੜਤਾਲ ਲਈ ਲੁਧਿਆਣਾ ਭੇਜਿਆ ਗਿਆ। ਮਗਰੋਂ ਉਹਨਾਂ ਨੂੰ ਮੁਲਤਾਨ ਦੀ ਸੈਂਟਰਲ ਜੇਲ੍ਹ ਵਿਖੇ ਭੇਜਿਆ ਗਿਆ ਅਤੇ ਫਿਰ ਆਪ ਤੇ ਲਾਹੌਰ ਦੀ ਸਾਜਿਸ਼ ਤਹਿਤ ਕੇਸ ਚੱਲਿਆ, ਜਿਸ ਵਿੱਚ ਆਪ ਦੀ ਜ਼ਮੀਨ ਜਾਇਦਾਦ ਜਬਤ ਕਰਕੇ ਆਪ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਮਗਰੋਂ ਅੰਡੇਮਾਨ ਵਿੱਚ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ।

ਬਾਬਾ ਗੁਰਦਿੱਤ ਸਿੰਘ (1860-1954):

1914 ਵਿੱਚ ਹੋਏ ਕਾਮਾਗਾਟਾਮਾਰੂ ਹਾਦਸੇ ਦੀ ਆਪ ਪ੍ਰਮੁੱਖ ਹਸਤੀ ਸਨ। ਕਾਮਾਗਾਟਾਮਾਰੂ ਹਾਦਸਾ ਕਨੇਡਾ ਅਤੇ ਅਮਰੀਕਾ ਵੱਲੋਂ ਏਸ਼ੀਅਨ ਮੂਲ ਦੇ ਲੋਕਾਂ ਨੂੰ ਆਪਣੇ ਦੇਸ਼ ਵਿੱਚ ਪਨਾਹ ਨਾ ਦੇਣ ਦੇ ਕਾਰਨਵਸ, ਵੀਹਵੀਂ ਸਦੀ ਦੇ ਇਤਿਹਾਸ ਦੀ ਮੁੱਖ ਘਟਨਾ ਬਣੀ। ਆਪ ਦਾ ਜਨਮ 1860 ਵਿੱਚ ਜਿਲ੍ਹਾ ਅੰਮ੍ਰਿਤਸਰ ਦੇ ਪਿੰਡ ਸਰਹਾਲੀ ਵਿਖੇ ਹੋਇਆ। 1914 ਵਿੱਚ ਆਪ ਨੇ ਇੱਕ ਜਪਾਨੀ ਬੇੜਾ ਕਾਮਾਗਾਟਾਮਾਰੂ ਕਨੇਡਾ ਜਾਣ ਲਈ ਕਿਰਾਏ ਤੇ ਲਿਆ, ਜੋ ਕਿ ਮਈ, 1914 ਨੂੰ ਵੈਂਕੂਵਰ ਪਹੁੰਚਿਆ। ਇਸ ਬੇੜੇ ਨੂੰ ਗੁਰੂ ਨਾਨਕ ਜਹਾਜ ਦਾ ਨਾਮ ਦਿੱਤਾ ਗਿਆ। ਇਸ ਵਿੱਚ ਸਵਾਰ 376 ਮੁਸਾਫਿਰਾਂ ਵਿੱਚੋਂ 351 ਸਿੱਖ ਅਤੇ 21 ਪੰਜਾਬੀ ਮੁਸਲਮਾਨ ਸਨ। 3 ਅਪ੍ਰੈਲ, 1914 ਨੂੰ ਇਹ ਬੇੜਾ ਹਾਂਗਕਾਂਗ ਤੋਂ ਵੈਂਕੂਵਰ ਰਵਾਨਾ ਹੋਇਆ। ਵਿਦੇਸ਼ੀਆਂ ਵੱਲੋਂ ਥਾਂ-ਥਾਂ ਕਠੋਰ ਮੁਸ਼ਕਿਲਾਂ ਖੜ੍ਹੀਆਂ ਕੀਤੀਆਂ ਗਈਆਂ ਅਤੇ ਇਸ ਬੇੜੇ ਦੇ ਮੁਸਾਫਿਰ ਹੁਣ ਪੱਕੇ ਰਾਸ਼ਟਰਵਾਦੀ ਬਣ ਗਏ ਸਨ। 22 ਮਈ, 1914 ਨੂੰ ਇਹ ਬੇੜਾ ਵੈਂਕੂਵਰ ਪਹੁੰਚਿਆ, ਜਿੱਥੇ ਇਸ ਨੂੰ ਰੁਕਣ ਨਾ ਦਿੱਤਾ ਗਿਆ ਅਤੇ ਰਾਤ ਨੂੰ ਪੁਲਿਸ ਪਾਰਟੀ ਵਲੋਂ ਇਸ ਤੇ ਹਮਲਾ ਕੀਤਾ ਗਿਆ। ਮੁਸਾਫਰਾਂ ਨੇ ਇਸ ਹਮਲੇ ਦਾ ਵਿਰੋਧ ਕੀਤਾ। ਇਸ ਘਟਨਾ ਕਾਰਨ ਕਨੇਡਾ ਵਿੱਚ ਵਸਦੇ ਭਾਰਤੀਆਂ ਦੇ ਮਨ ਵਿੱਚ ਰੋਸ ਪੈਦਾ ਹੋ ਗਿਆ। ਇਸੇ ਹਾਦਸੇ ਨੂੰ ਕਾਮਾਗਾਟਾਮਾਰੂ ਹਾਦਸੇ ਦਾ ਨਾਮ ਦਿੱਤਾ ਜਾਂਦਾ ਹੈ।

ਇੱਕ ਸਮਝੌਤੇ ਅਨੁਸਾਰ ਬੇੜਾ ਮੁੜ ਭਾਰਤ ਵੱਲ ਨੂੰ ਰਵਾਨਾ ਹੋਇਆ। 29 ਸਤੰਬਰ, 1914 ਨੂੰ ਇਹ ਕਲਕੱਤਾ ਪਹੁੰਚਿਆ। ਪਰ ਮੁਸਾਫਰਾਂ ਨੂੰ ਕਲਕੱਤਾ ਵੀ ਨਾ ਉਤਰਨ ਦਿੱਤਾ ਗਿਆ ਸਗੋਂ ਉਹਨਾਂ ਨੂੰ ਪੰਜਾਬ ਜਾਣ ਵਾਲੀ ਗੱਡੀ ਤੇ ਜਬਰੀ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਗਈ। ਯਾਤਰੀਆਂ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਕਈ ਯਾਤਰੀਆਂ ਨੂੰ ਮਾਰ ਦਿੱਤਾ ਗਿਆ ਅਤੇ ਕਈਆਂ ਨੇ ਭੱਜ ਕੇ ਜਾਨਾਂ ਬਚਾਈਆਂ।

ਬਾਬਾ ਖੜਗ ਸਿੰਘ (1868-1963):

ਇਹਨਾਂ ਦਾ ਜਨਮ ਸਿਆਲਕੋਟ (ਹੁਣ ਪਾਕਿਸਤਾਨ ਵਿੱਚ) ਵਿਖੇ ਹੋਇਆ। ਉਹ ਇੱਕ ਸਿੱਖ ਰਾਜਨੀਤਿਕ ਨੇਤਾ ਸਨ ਅਤੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਰੈਜੂਏਟ ਕਰਨ ਵਾਲੇ ਵਿਦਿਆਰਥੀਆਂ ਵਿੱਚ ਇੱਕ ਸਨ।

ਆਪ ਨੇ ਦਸਵੀਂ ਮਿਸ਼ਨ ਹਾਈ ਸਕੂਲ ਅਤੇ ਇੰਟਰ ਮੂਰੇ ਕਾਲਜ ਤੋਂ ਕੀਤੀ। ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਰੇਜੂਏਟ ਕਰਨ ਉਪਰੰਤ ਆਪ ਨੇ ਅਲਾਹਾਬਾਦ ਦੇ ਲਾਅ-ਕਾਲਜ ਵਿੱਚ ਦਾਖਲਾ ਲੈ ਲਿਆ। 3 ਸਾਲਾਂ ਮਗਰੋਂ 1915 ਵਿੱਚ, ਤਰਨਤਾਰਨ ਵਿਖੇ ਹੋ ਰਹੀ ਕਾਨਫਰੰਸ ਦੇ 8ਵੇਂ ਸ਼ੈਸਨ ਦੌਰਾਨ, ਆਪ ਹੀ ਮੁਖੀ ਰਹੇ ਅਤੇ ਆਪ ਨੇ ਕਾਨਫਰੰਸ ਵਿਖੇ ਪੈਦਲ ਪਹੁੰਚ ਕੇ ਛੇ ਘੋੜਿਆਂ 'ਤੇ ਸਵਾਰ ਹੋ ਕੇ ਆਉਣ ਦੀ ਰਵਾਇਤ ਨੂੰ ਤੋੜਿਆ ਅਤੇ ਸਭ ਨੂੰ ਅਚੰਭਿਤ ਕਰ ਦਿੱਤਾ। ਇਸੇ

Scanned with CamScanner

ਕਾਨਫਰੰਸ ਦੌਰਾਨ ਬ੍ਰਿਟਿਸ਼ ਦੀ ਪਹਿਲੇ ਵਿਸ਼ਵ ਯੁੱਧ ਦੌਰਾਨ ਜਿੱਤ ਦੀ ਮਨੋਕਾਮਨਾ ਕਰਦੇ ਮਤੇ ਦਾ ਵੀ ਆਪ ਨੇ ਵਿਰੋਧ ਕੀਤਾ।

1919 ਦੇ ਜਲ੍ਹਿਆਂਵਾਲੇ ਬਾਗ ਦੇ ਸਾਕੇ ਨੇ ਆਪ ਨੂੰ ਸਿੱਖ ਰਾਜਨੀਤੀ ਦੀ ਕੇਂਦਰੀ ਸ਼ਖਸੀਅਤ ਬਣਾ ਦਿੱਤਾ। 1920 ਵਿੱਚ ਲਾਹੌਰ ਵਿੱਚ ਹੋਏ ਕੇਂਦਰੀ ਸਿੱਖ ਲੀਗ ਦੇ ਇਤਿਹਾਸਿਕ ਸੈਸਨ ਦੀ ਪ੍ਰਧਾਨਗੀ ਆਪ ਨੇ ਕੀਤੀ ਅਤੇ ਸਿੱਖਾਂ ਨੂੰ ਨਾ ਮਿਲਵਰਤਨ ਲਹਿਰ ਵਿੱਚ ਭਾਗ ਲੈਣ ਪ੍ਰੇਰਿਤ ਕੀਤਾ ਅਤੇ ਅਗਵਾਈ ਕੀਤੀ। ਮਹਾਤਮਾ ਗਾਂਧੀ, ਅਲੀ ਬਰਾਦਰਾਂ ਅਤੇ ਡਾ. ਕਿਚਲੂ ਵੀ ਇਸ ਕਾਨਫਰੰਸ ਵਿੱਚ ਸ਼ਾਮਿਲ ਹੋਏ ਅਤੇ ਉਹਨਾਂ ਨੇ ਸਿੱਖਾਂ ਨੂੰ ਜੀ-ਜਾਨ ਨਾਲ ਕਾਂਗਰਸ ਦਾ ਸਾਥ ਦੇਣ ਦਾ ਹੋਕਾ ਦਿੱਤਾ। 1921 ਵਿੱਚ ਆਪ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੀਂਹ ਰੱਖਣ ਵਿੱਚ ਮੰਦਦ ਕੀਤੀ ਅਤੇ ਸਰਵਸੰਮਤੀ ਨਾਲ ਆਪ ਨੂੰ ਪ੍ਰਧਾਨ ਚੁਣਿਆ ਗਿਆ। ਮਗਰੋਂ ਵੀ ਆਪ ਕਈ ਸਾਲ ਇਸ ਸੰਸਥਾ ਦੇ ਪ੍ਰਧਾਨ ਰਹੇ।

1921-22 ਵਿੱਚ ਆਪਨੇ ਬਰਤਾਨਵੀ ਸਰਕਾਰ ਖਿਲਾਫ ਸਫਲਤਾਪੂਰਵਕ ਚਾਬੀਆਂ ਵਾਲਾ ਮੋਰਚਾ (ਨਵੰਬਰ 1921) ਲੜਾਇਆ। ਇਹ ਇੱਕ ਸਿੱਖ ਵਿਦਰੋਹ ਸੀ ਜਿਸ ਦਾ ਮੰਤਵ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਵਿੱਚ ਸਥਿਤ ਤੋਸ਼ੇਖਾਨੇ ਦੀਆਂ ਚਾਬੀਆਂ ਮੁੜ ਹਾਸਿਲ ਕਰਨਾ ਸੀ, ਜੋ ਕਿ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਆਪਣੇ ਕਬਜੇ ਵਿੱਚ ਲੈ ਲਈਆਂ ਸਨ। ਇਸ ਮੋਰਚੇ ਦੌਰਾਨ ਗ੍ਰਿਫਤਾਰ ਕੀਤੇ ਲੋਕਾਂ ਵਿੱਚੋਂ ਆਪ ਮੋਹਰੀ ਸਨ ਅਤੇ ਇਹ ਬਰਤਾਨਵੀ ਸਰਕਾਰ ਖਿਲਾਫ ਕੀਤੇ ਵਿਦਰੋਹਾਂ ਵਿੱਚ ਆਪ ਵੱਲੋਂ ਕੱਟੀਆਂ ਜੇਲ੍ਹਾਂ ਵਿੱਚੋਂ ਪਹਿਲੀ ਜੇਲ੍ਹ ਸੀ। ਆਪ ਦੀ ਗ੍ਰਿਫਤਾਰੀ ਨੇ ਲੋਕਾਂ ਅੰਦਰ ਬਰਤਾਨਵੀ ਸਰਕਾਰ ਖਿਲਾਫ ਰੋਸ ਲਹਿਰ ਪੈਦਾ ਕਰ ਦਿੱਤੀ ਸੀ।

ਸੈਫ਼ਉਦ-ਦੀਨ-ਕਿਚਲੂ (1888-1963):

ਉਹ ਇੱਕ ਭਾਰਤੀ ਸੁਤੰਤਰਤਾ ਸੰਗਰਾਮੀਏ ਅਤੇ ਭਾਰਤੀ ਮੁਸਲਿਮ ਰਾਸ਼ਟਰੀ ਨੇਤਾ ਹਨ। ਉਹਨਾਂ ਨੇ ਬੈਰਿਸਟਰੀ ਕੀਤੀ ਹੋਈ ਸੀ। ਭਾਰਤੀ ਰਾਸ਼ਟਰੀ ਕਾਂਗਰਸ ਦੇ ਰਾਜਨੀਤਿਕ ਹੋਣ ਦੇ ਨਾਤੇ, ਉਹ ਪਹਿਲਾਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੁਖੀ ਬਣੇ ਅਤੇ ਮਗਰੋਂ 1924 ਵਿੱਚ ਸਰਵ ਭਾਰਤੀ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਬਣੇ। ਆਪ ਨੇ ਮੁੱਖ ਤੌਰ ਤੇ ਪੰਜਾਬ ਵਿੱਚ ਰੌਲਟ ਐਕਟ ਲਾਗੂ ਹੋਣ ਮਗਰੋਂ ਹੋਏ ਵਿਰੋਧ (ਜੋ ਕਿ ਮਾਰਚ 1919 ਨੂੰ ਹੋਇਆ) ਵਿੱਚ ਭਾਗ ਲਿਆ। ਜਿਸ ਮਗਰੋਂ 10 ਅਪ੍ਰੈਲ ਨੂੰ ਆਪ ਨੂੰ ਅਤੇ ਡਾ. ਸੱਤਪਾਲ ਨੂੰ ਗੁਪਤ ਤਰੀਕੇ ਰਾਹੀਂ ਧਰਮਸ਼ਾਲਾ ਭੇਜ ਦਿੱਤਾ ਗਿਆ ਸੀ। ਇਹਨਾਂ ਦੀ ਗ੍ਰਿਫਤਾਰੀ ਦੇ ਵਿਰੋਧ ਵਿੱਚੋਂ ਹੋਈ ਰੈਲੀ ਹੀ ਮਗਰੋਂ 13 ਅਪ੍ਰੈਲ 1919 ਨੂੰ ਹੋਏ ਜਲ੍ਹਿਆਂਵਾਲੇ ਬਾਗ ਦੇ ਭਿਆਨਕ ਹਾਦਸੇ ਦਾ ਕਿਰਦਾਰ ਬਣੀ।

ਆਪ ਨੌਜਵਾਨ ਭਾਰਤ ਸਭਾ ਦੇ ਸੰਸਥਾਪਕ ਵੀ ਸਨ ਜਿਸ ਨੇ ਰਾਸ਼ਟਰੀ ਸੰਘਰਸ਼ ਲਈ ਸੈਂਕੜੇ ਅਤੇ ਹਜਾਰਾਂ ਰੈਲੀਆਂ ਅਤੇ ਵਿਦਰੋਹ ਕੀਤੇ। ਆਪ ਜਾਮੀਆ ਮਾਲੀਆ ਇਸਲਾਮੀਆ ਦੀ ਬਾਨੀ ਕਮੇਟੀ ਦੇ ਮੈਂਬਰ ਵੀ ਸਨ। 29 ਅਕਤੂਬਰ, 1920 ਦੀ ਬੈਠਕ ਮਗਰੋਂ ਇਸ ਕਮੇਟੀ ਨੇ ਜਾਮੀਆ ਮਾਲੀਆ ਯੂਨੀਵਰਸਿਟੀ ਦੀ ਨੀਂਹ ਰੱਖੀ ਸੀ।

ਕਰਤਾਰ ਸਿੰਘ ਸਰਾਭਾ (1896-1915):

ਆਪ ਇੱਕ ਪ੍ਰਸਿੱਧ ਭਾਰਤੀ ਵਿਦਰੋਹੀ ਸਨ, ਜਿੰਨ੍ਹਾਂ ਦਾ ਨਾਮ ਲਾਹੌਰ ਸਾਜਿਸ਼ ਕੇਸ ਵਿੱਚ ਲਿਆ ਜਾਂਦਾ ਹੈ। ਗ਼ਦਰ ਪਾਰਟੀ ਦੇ ਵੰਡੇ ਆਗੂ, ਕਰਤਾਰ ਸਿੰਘ ਸਰਾਭਾ ਨੂੰ ਨਵੰਬਰ, 1915 ਵਿੱਚ ਗ਼ਦਰ ਸਾਜਿਸ਼ ਕੇਸ (ਫਰਵਰੀ, 1915) ਤਹਿਤ ਲਾਹੌਰ ਵਿਖੇ ਮੌਤ ਦੀ ਸਜ਼ਾ ਦਿੱਤੀ ਗਈ।

ਨਵੰਬਰ, 1913 ਵਿੱਚ ਗਦਰ ਪਾਰਟੀ ਨੇ, 'ਗਦਰ' ਨਾਮ ਦਾ ਅਖਬਾਰ ਛਪਾਉਣਾ ਸ਼ੁਰੂ ਕੀਤਾ ਜੋ ਕਿ ਪੰਜਾਬੀ, ਹਿੰਦੀ, ਉਰਦੂ, ਬੰਗਾਲੀ, ਗੁਜਰਾਤੀ ਅਤੇ ਪੁਸ਼ਤੋ ਭਾਸ਼ਾਵਾਂ ਵਿੱਚ ਛਪਦਾ ਸੀ। ਕਰਤਾਰ ਸਿੰਘ ਨੇ ਇਸ ਅਖਬਾਰ ਦੇ ਪ੍ਰਕਾਸ਼ਨ ਵਿੱਚ

Scanned with CamScanner

ਅਹਿਮ ਭੂਮਿਕਾ ਨਿਭਾਈ। ਇਹ ਅਖਬਾਰ ਪੂਰੀ ਦੁਨੀਆ ਵਿੱਚ ਵਸਦੇ ਭਾਰਤੀਆਂ ਤੱਕ ਭੇਜਿਆ ਗਿਆ। ਇਸ ਅਖਬਾਰ ਦਾ ਮੰਤਵ ਬਰਤਾਨਵੀ ਰਾਜ ਦਾ ਕਾਲਾ ਚਿੱਠਾ ਸਾਰੀ ਦੁਨੀਆ ਵਿੱਚ ਖੋਲ੍ਹਣਾ ਸੀ ਅਤੇ ਨਾਲ ਹੀ ਉਹਨਾਂ ਨੇ ਭਾਰਤੀਆਂ ਨੂੰ ਯੁੱਧ ਸਿਖਲਾਈ ਅਤੇ ਹਥਿਆਰ ਅਤੇ ਬੰਬ ਬਨਾਉਣ ਦੀ ਸਿਖਲਾਈ ਵੀ ਦੇਣੀ ਆਰੰਭ ਕੀਤੀ।

ਕਰਤਾਰ ਸਿੰਘ ਸਰਾਭਾ ਸ਼ਹੀਦੀ ਦਾ ਸੰਕੇਤ ਬਣਕੇ ਹੋਰ ਬਹੁਤਿਆਂ ਲਈ ਬਹਾਦਰੀ ਅਤੇ ਕੁਰਬਾਨੀਆਂ ਦਾ ਮੁਜੱਸਮਾ ਬਣਿਆ। ਭਗਤ ਸਿੰਘ ਜੋ ਕਿ ਆਪ ਇੱਕ ਮਹਾਨ ਦੇਸ਼ ਭਗਤ ਹੋਏ ਹਨ, ਕਰਤਾਰ ਸਿੰਘ ਸਰਾਭਾ ਨੂੰ ਆਪਣਾ ਗੁਰੂ ਮੰਨਦੇ ਸਨ। ਪੰਜਾਬੀ ਨਾਵਲਕਾਰ ਨਾਨਕ ਸਿੰਘ ਨੇ ਕਰਤਾਰ ਸਿੰਘ ਸਰਾਭਾ ਦੀ ਜੀਵਨ ਗਾਥਾ ਉੱਤੇ ਇੱਕ ਨਾਵਲ 'ਇੱਕ ਮਿਆਨ ਦੋ ਤਲਵਾਰਾਂ' ਦੀ ਰਚਨਾ ਕੀਤੀ। ਕੇਸ ਦੇ ਦੌਰਾਨ ਜੱਜ ਵੀ ਆਪ ਦੀ ਤੀਖਣ ਬੁੱਧੀ ਤੋਂ ਬਹੁਤ ਪ੍ਰਭਾਵਿਤ ਹੋਇਆ। ਆਪ ਨੂੰ ਸਜਾ-ਏ-ਮੌਤ ਸੁਣਾ ਦਿੱਤੀ ਗਈ।

ਮਾਸਟਰ ਤਾਰਾ ਸਿੰਘ (1885-1967):

ਉਹ ਇੱਕ ਉੱਘੇ ਸਿੱਖ ਰਾਜਨੀਤਿਕ ਅਤੇ ਧਾਰਮਿਕ ਆਗੂ ਸਨ, ਜੋ ਕਿ ਵੀਹਵੀਂ ਸਦੀ ਦੇ ਪਹਿਲੇ ਅੱਧ ਵਿੱਚ ਬਹੁਤ ਪ੍ਰਸਿੱਧ ਹੋਏ। ਉਹਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਵਿੱਚ ਮੁੱਖ ਭੂਮਿਕਾ ਨਿਭਾਈ, ਸਿੱਖਾਂ ਨੂੰ ਰਾਜਨੈਤਿਕ ਤੌਰ ਤੇ ਇੱਕ ਝੰਡੇ ਹੇਠ ਲਿਆਂਦਾ ਅਤੇ ਉਹਨਾਂ ਦੀ ਮੰਗ, ਸਿੱਖ ਬਹੁਗਿਣਤੀ ਰਾਜ, ਪੰਜਾਬ ਦੀ ਸਥਾਪਨਾ ਦੀ ਅਗਵਾਈ ਕੀਤੀ।

ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੁਣੇ ਹੋਏ 175 ਮੈਂਬਰਾਂ ਵਿੱਚੋਂ ਅਹਿਮ ਮੈਂਬਰ ਸਨ। ਇਸੇ ਕਮੇਟੀ ਦੀ ਸਥਾਪਨਾ ਨੇ ਸਿੱਖ ਧਰਮ ਸੁਧਾਰ ਲਹਿਰ ਜੋ ਕਿ ਸਿੱਖਾਂ ਦੇ ਧਾਰਮਿਕ ਸਥਲਾਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਅਜ਼ਾਦ ਕਰਵਾਉਣ ਲਈ ਚਲਾਈ ਗਈ ਵਿਚ ਮੁੱਖ ਭੂਮਿਕਾ ਅਦਾ ਕੀਤੀ ਸੀ।

Scanned with CamScanner

13.2 ਰਾਜਨੀਤਿਕ ਸ਼ਖਸੀਅਤਾਂ:

ਪ੍ਰਤਾਪ ਸਿੰਘ ਕੈਰੋਂ (1901–1965):

ਉਹ ਪੰਜਾਬ ਰਾਜ (ਜਿਸ ਵਿੱਚ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸ਼ਾਮਿਲ ਹਨ) ਦੇ ਮੁੱਖ ਮੰਤਰੀ ਸਨ ਅਤੇ ਉਹਨਾਂ ਨੂੰ ਆਜ਼ਾਦੀ ਤੋਂ ਬਾਅਦ ਵਾਲੇ ਪੰਜਾਬ ਰਾਜ ਦੇ ਰਚੇਤਾ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਉਹ ਭਾਰਤ ਦੇ ਸੁਤੰਤਰਤਾ ਸੰਗਰਾਮੀਏ ਸਨ ਅਤੇ ਉਹਨਾਂ ਨੂੰ ਬ੍ਰਿਟਿਸ਼ ਸਰਕਾਰ ਵੱਲੋਂ ਦੋ ਵਾਰ ਜੇਲ੍ਹ ਭੇਜਿਆ ਗਿਆ। ਜਿੰਨ੍ਹਾਂ ਵਿੱਚ ਇੱਕ ਵਾਰ ਉਹਨਾਂ ਨੂੰ ਫਰਤਾਨਵੀ ਰਾਜ ਖਿਲਾਫ ਰੋਸ਼ ਪ੍ਰਦਰਸ਼ਨ ਦੇ ਗੁਨਾਹ ਕਾਰਨ 5 ਸਾਲ ਦੀ ਕੈਦ ਸੁਣਾਈ ਗਈ ਸੀ। ਉਹਨਾਂ ਦਾ ਰਾਜਨੈਤਿਕ ਅਕਸ ਅਤੇ ਵਿਚਾਰ, ਅੱਜ ਵੀ ਪੰਜਾਬ ਦੀ ਰਾਜਨੀਤੀ ਨੂੰ ਪ੍ਰਵਾਭਿਤ ਕਰਦੇ ਹਨ। ਉਹਨਾਂ ਨੂੰ 'ਅਜੋਕੇ ਪੰਜਾਬ ਦੀ ਰਾਜਨੀਤੀ ਦਾ ਪਿਤਾਮਾ' ਵੀ ਮੰਨਿਆ ਜਾਂਦਾ ਹੈ। ਉਹ ਦੂਰ ਦ੍ਰਿਸ਼ਟੀ ਵਾਲੀ ਸੋਚ ਦੇ ਸਾਧਕ ਸਨ। ਉਹਨਾਂ ਨੇ ਪੰਜਾਬ ਦੀ ਉਨਤੀ ਦੀ ਨੀਂਹ ਰੱਖੀ। ਆਪ ਨੇ ਹੀ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਜਿਸ ਨੇ ਹਰੀਕ੍ਰਾਂਤੀ ਲਿਆਉਣ ਵਿੱਚ ਵੱਡੀ ਭੂਮਿਕਾ ਨਿਭਾਈ। ਆਪ ਨੇ ਪੰਜਾਬ ਨੂੰ ਭਾਰਤ ਦੇ ਉਦਯੋਗਿਕ ਨਕਸ਼ੇ ਤੇ ਲਿਆ ਖੜ੍ਹਾ ਕੀਤਾ। ਚੰਡੀਗੜ੍ਹ ਦੀ ਸਥਾਪਨਾ ਅਤੇ ਉਦਯੋਗਿਕ ਨਗਰ ਫਰੀਦਾਬਾਦ (ਹੁਣ ਹਰਿਆਣਾ ਵਿੱਚ ਹੈ) ਵਸਾਉਣ ਵਿੱਚ ਆਪ ਦਾ ਬਹੁਤ ਵੱਡਾ ਯੋਗਦਾਨ ਹੈ। 1964 ਵਿੱਚ ਇਨਕੁਆਰੀ (ਪੁੱਛ ਪੜਤਾਲ) ਕਮਿਸ਼ਨ ਦੀ ਇੱਕ ਰਿਪੋਰਟ ਛਪੀ, ਜਿਸ ਵਿੱਚ ਆਪ ਤੇ ਕਈ ਦੋਸ਼ ਲਗਾਏ ਗਏ। ਕੂਟ ਰਾਜਨੀਤੀ ਦਾ ਸ਼ਿਕਾਰ ਹੋਏ ਪ੍ਰਤਾਪ ਸਿੰਘ ਕੈਰੋਂ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। 6 ਫਰਵੀਰੀ, 1965 ਨੂੰ ਜਦੋਂ ਉਹ ਆਪਣੀ ਕਾਰ ਰਾਹੀਂ ਦਿੱਲੀ ਤੋਂ ਅੰਮ੍ਰਿਤਸਰ ਜਾ ਰਹੇ ਸਨ ਤਾਂ ਸੁੱਚਾ ਸਿੰਘ ਨੇ ਆਪ ਨੂੰ ਮਾਰ ਦਿੱਤਾ। ਫਾਂਸੀ ਵਿੱਚ ਸੁੱਚਾ ਸਿੰਘ ਨੂੰ ਸਜਾਏ ਮੌਤ ਹੋਈ।

ਗਿਆਨੀ ਜੈਲ ਸਿੰਘ (1916–1994):

ਉਹ ਭਾਰਤੀ ਰਾਸ਼ਟਰੀ ਕਾਂਗਰਸ ਸੰਘ ਨਾਲ ਜੁੜੇ ਰਾਜਨੀਤਿਕ ਨੇਤਾ ਸਨ। ਉਹ ਪੰਜਾਬ ਦੇ ਮੁੱਖ ਮੰਤਰੀ ਵੀ ਰਹੇ ਅਤੇ ਭਾਰਤ ਦੇ ਸੱਤਵੇਂ ਰਾਸ਼ਟਰਪਤੀ ਵੀ ਬਣੇ। ਉਹਨਾਂ ਦਾ ਜਨਮ ਫਰੀਦਕੋਟ ਦੇ ਪਿੰਡ ਸਿਧੇਵਾ ਵਿਖੇ 5 ਮਈ, 1916 ਨੂੰ ਹੋਇਆ। ਆਪ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਗੁਰੂ ਗ੍ਰੰਥ ਸਾਹਿਬ ਬਾਰੇ ਗੂੜ ਗਿਆਨ ਲਿਆ ਤਾਂ ਹੀ ਆਪ ਨੂੰ 'ਗਿਆਨੀ' ਦੀ ਉਪਾਧੀ ਮਿਲੀ। 1972 ਵਿੱਚ ਆਪ ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਚੁਣੇ ਗਏ। ਉਹਨਾਂ ਰਾਜ ਦੇ ਅਜ਼ਾਦੀ ਘੁਲਾਟੀਆਂ ਲਈ ਆਜੀਵਨ ਪੈਨਸ਼ਨ ਸਕੀਮ ਸ਼ੁਰੂ ਕੀਤੀ। 1982 ਵਿੱਚ ਆਪ ਨੂੰ ਸਰਬਸੰਮਤੀ ਨਾਲ ਭਾਰਤ ਦਾ ਰਾਸ਼ਟਰਪਤੀ ਚੁਣਿਆ ਗਿਆ। ਆਪ ਨੇ 25 ਜੁਲਾਈ, 1982 ਨੂੰ ਸੁੰਹ ਚੁੱਕੀ। 29 ਨਵੰਬਰ, 1994 ਨੂੰ ਕੀਰਤਪੁਰ ਲਾਗੇ ਅਨੰਦਪੁਰ ਸਾਹਿਬ ਨੂੰ ਜਾਂਦੇ ਸਮੇਂ ਆਪ ਇੱਕ ਸੜਕ ਦੁਰਘਟਨਾ ਦਾ ਸ਼ਿਕਾਰ ਹੋ ਗਏ। 25 ਦਸੰਬਰ, 1994 ਨੂੰ ਚੰਡੀਗੜ੍ਹ ਦੇ ਪੋਸਟ ਗਰੈਜੂਏਟ ਕਾਲਜ ਵਿਖੇ ਆਪ ਦੀ ਮੌਤ ਹੋ ਗਈ ਅਤੇ ਪੁਰਾਣੀ ਦਿੱਲੀ ਦੇ ਰਾਜਘਾਟ ਯਾਦਗਾਰ ਵਿਖੇ ਆਪ ਦਾ ਅੰਤਿਮ ਸੰਸਕਾਰ ਕੀਤਾ ਗਿਆ।

ਇੰਦਰ ਕੁਮਾਰ ਗੁਜਰਾਲ (1919–2012):

ਉਹ ਭਾਰਤ ਦੇ 12ਵੇਂ ਪ੍ਰਧਾਨ ਮੰਤਰੀ ਰਹੇ। ਉਹ ਭਾਰਤ ਦੇ ਦੂਜੇ ਪ੍ਰਧਾਨ ਮੰਤਰੀ ਸਨ ਜੋ ਰਾਜ ਸਭਾ ਤੋਂ ਸਿੱਧਾ ਪ੍ਰਧਾਨ ਮੰਤਰੀ ਚੁਣੇ ਗਏ। ਇਸ ਤੋਂ ਪਹਿਲਾ ਐਚ.ਡੀ.ਦੇਵਗਉਡਾ ਇਸ ਤਰ੍ਹਾਂ ਨਾਲ ਚੁਣੇ ਗਏ ਸਨ। ਉਹਨਾਂ ਨੇ ਭਾਰਤ ਦੀ ਅਜ਼ਾਦੀ ਲਈ ਸੰਘਰਸ਼ ਕੀਤਾ ਅਤੇ ਭਾਰਤ ਛੱਡੋ ਅੰਦੋਲਨ ਦੌਰਾਨ 1942 ਵਿੱਚ ਜੇਲ ਵੀ ਗਏ। 1980 ਦੇ ਮੱਧ ਵਿੱਚ ਆਪ ਨੇ ਕਾਂਗਰਸ ਪਾਰਟੀ ਛੱਡ ਕੇ ਜਨਤਾ ਦਲ ਨੂੰ ਅਪਣਾ ਲਿਆ। ਇਹ ਦਲ ਇੱਕ ਤੀਜੀ ਪਾਰਟੀ ਸੀ ਜਿਸ ਵਿੱਚ ਕਈ ਸਮਾਜਵਾਦੀ ਸਿੱਖਿਆਵਾਂ ਅਤੇ ਧਾਰਮਿਕ ਸਿਧਾਂਤ ਸਨ। 1989 ਦੀਆਂ ਚੋਣਾਂ ਵਿੱਚ ਆਪ ਪੰਜਾਬ ਦੇ ਜਲੰਧਰ ਸੰਸਦੀ ਹਲਕੇ ਵਿੱਚੋਂ ਚੁਣੇ

Scanned with CamScanner

ਗਏ। ਵੀ.ਪੀ. ਸਿੰਘ ਦੀ ਸਰਕਾਰ ਵਿੱਚ ਆਪ ਨੇ ਬਤੌਰ ਵਿਦੇਸ਼ ਮੰਤਰੀ ਕੰਮ ਕੀਤਾ। ਉਹ ਆਪਣੇ ਗੁਜਰਾਲ ਸਿਧਾਂਤ ਕਾਰਨ ਕਾਫੀ ਪ੍ਰਸਿੱਧ ਹੋਏ, ਜਿਸ ਅਨੁਸਾਰ ਭਾਰਤ ਦੇ ਵਿਦੇਸ਼ਾਂ ਨਾਲ ਅਤੇ ਗੁਆਂਢੀ ਦੇਸ਼ਾਂ ਨਾਲ ਸਬੰਧ 5 ਸਿਧਾਂਤਾਂ ਤੇ ਅਧਾਰਿਤ ਹੋਵੇਗਾ। ਬਤੌਰ ਵਿਦੇਸ਼ ਮੰਤਰੀ ਅਤੇ ਫਿਰ ਪ੍ਰਧਾਨ ਮੰਤਰੀ ਉਹਨਾਂ ਨੇ ਇਹਨਾਂ ਸਿਧਾਂਤਾਂ ਅਨੁਸਾਰ ਹੀ ਕੰਮ ਕੀਤਾ। ਇਹ ਸਿਧਾਂਤ ਇਸੇ ਸੱਚਾਈ ਤੇ ਅਧਾਰਿਤ ਸੀ ਕਿ ਭਾਰਤ ਦੀ ਤਾਕਤ ਅਤੇ ਰੁਤਬਾ ਇਸ ਦੀ ਵਿਦੇਸ਼ੀ ਰਾਜਾਂ ਨਾਲ ਸਬੰਧਾਂ ਅਨੁਸਾਰ ਹੀ ਵਿਕਸਿਤ ਹੋਵੇਗੀ। ਸੋ ਗੁਜਰਾਲ ਦੇ ਸਿਧਾਂਤਾਂ ਨੇ ਗੁਆਂਢੀ ਰਾਜਾਂ ਨਾਲ ਦੋਸਤਾਨਾ ਅਤੇ ਨਿਰੋਗ ਰਿਸ਼ਤੇ ਰੱਖਣੇ ਅਤਿ ਜਰੂਰੀ ਹਨ।

ਹਰਚਰਨ ਸਿੰਘ ਬਰਾੜ (1922–2009):

ਉਹ 31 ਅਗਸਤ, 1995 ਤੋਂ 21 ਨਵੰਬਰ, 1996 ਤੱਕ ਮੁੱਖ ਮੰਤਰੀ ਰਹੇ। ਸ੍ਰ. ਬੇਅੰਤ ਸਿੰਘ ਦੀ ਮੌਤ ਮਗਰੋਂ ਉਹ ਮੁੱਖ ਮੰਤਰੀ ਬਣੇ। ਇਸ ਤੋਂ ਪਹਿਲਾਂ ਉਹ ਫਰਵਰੀ, 1977 ਤੋਂ ਸਤੰਬਰ, 1977 ਤੱਕ ਉੜੀਸਾ ਦੇ ਗਵਰਨਰ ਰਹਿ ਚੁੱਕੇ ਸਨ ਅਤੇ ਇਸ ਮਗਰੋਂ 1977 ਤੋਂ 1979 ਤੱਕ ਉਹ ਹਰਿਆਣਾ ਦੇ ਗਵਰਨਰ ਰਹੇ। 6 ਸਤੰਬਰ, 2009 ਨੂੰ ਲੰਬੀ ਬੀਮਾਰੀ ਤੋਂ ਬਾਅਦ ਚੰਡੀਗੜ੍ਹ ਵਿਖੇ ਉਹਨਾਂ ਦੀ ਮੌਤ ਹੋ ਗਈ। ਉਹ 86 ਵਰ੍ਹਿਆਂ ਦੇ ਸਨ।

ਡਾ. ਬਲਰਾਮ ਜਾਖੜ (1923–2016):

ਉਹ ਇੱਕ ਉੱਘੇ ਭਾਰਤੀ ਰਾਜਨੀਤਿਕ ਅਤੇ ਪਾਰਲੀਮੈਂਟਰੀ ਮੈਂਬਰ ਹੋਣ ਦੇ ਨਾਲ-ਨਾਲ ਮੱਧ ਪ੍ਰਦੇਸ਼ ਦੇ ਪੂਰਵ ਗਵਰਨਰ ਵੀ ਸਨ। ਉਹ ਜਾਖੜ ਗੋਤਰ ਦੇ ਜੱਟ ਪਰਿਵਾਰ ਵਿੱਚ ਪੰਚਕੋਸੀ ਪਿੰਡ, ਜ਼ਿਲ੍ਹਾ ਫਿਰੋਜ਼ਪੁਰ ਵਿੱਚ 23 ਅਗਸਤ, 1923 ਨੂੰ ਪੈਦਾ ਹੋਏ। ਇਹ ਜਨਮ ਸਥਾਨ ਹੁਣ ਅਬੋਹਰ ਜਿਲ੍ਹਾ ਫਾਜਿਲਕਾ ਵਿੱਚ ਪੈਂਦਾ ਹੈ। ਬਲਰਾਮ ਜਾਖੜ ਜੀ 1972 ਦੀਆਂ ਚੋਣਾਂ ਵਿੱਚ ਪੰਜਾਬ ਅਸੈਂਬਲੀ ਵਿੱਚ ਚੁਣੇ ਗਏ। 1977 ਵਿੱਚ ਆਪ ਦੀ ਮੁੜ ਚੋਣ ਹੋਈ ਅਤੇ ਆਪ ਵਿਰੋਧੀ ਧਿਰ ਤੇ ਆਗੂ ਬਣੇ। 1980 ਵਿੱਚ ਆਪ ਫਿਰੋਜ਼ਪੁਰ ਤੋਂ ਸੱਤਵੀਂ ਲੋਕ ਸਭਾ ਵਿੱਚ ਚੁਣੇ ਗਏ ਅਤੇ 1984 ਵਿੱਚ ਸਿਕਰ ਤੋਂ ਅੱਠਵੀਂ ਲੋਕ ਸਭਾ ਵਿੱਚ ਆਪ ਦੀ ਚੋਣ ਹੋਈ। 1980 ਤੋਂ 1989 ਤੱਕ ਆਪ ਲੋਕਸਭਾ ਦੇ ਸਪੀਕਰ ਰਹੇ। ਲੋਕ ਸਭਾ ਦੇ ਸਪੀਕਰ ਹੋਣ ਦੇ ਨਾਤੇ ਆਪ ਪਾਰਲੀਮਾਨੀ ਕਾਰਜਾਂ ਨੂੰ ਕੰਮਪਿਊਟਰੀਕਰਨ ਅਤੇ ਸਵੈਚਾਲਿਤ ਕਰਨ ਲਈ ਵੀ ਸਰਗਰਮ ਰਹੇ। ਉਹਨਾਂ ਨੇ ਪਾਰਲੀਮਾਨੀ ਲਾਇਬਰੇਰੀ, ਖੋਜ ਅਤੇ ਬਿਰਤਾਂਤ, ਪੱਤਰ ਵਿਹਾਰ ਅਤੇ ਸੂਚਨਾ ਸੇਵਾਵਾਂ ਨੂੰ ਹੋਰ ਪ੍ਰਫੁਲਿਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜੋ ਇਹ ਮੈਂਬਰਾਂ ਦੇ ਗਿਆਨ ਵਿੱਚ ਵਾਧੇ ਦਾ ਕਾਰਜ ਕਰ ਸਕਣ। ਪਾਰਲੀਮਾਨੀ ਅਜਾਇਬ ਘਰ ਦੀ ਸਥਾਪਨਾ ਇਹਨਾਂ ਦੀ ਹੀ ਦੇਣ ਹੈ। ਕਾਮਨਵੈਲਥ ਪਾਰਲੀਮਾਨੀ ਐਕਜੈਕਟਿਵ ਫੋਰਮ ਦੇ ਚੇਅਰਮੈਨ ਬਣਨ ਵਾਲੇ ਆਪ ਪਹਿਲੇ ਏਸ਼ੀਅਨ ਸਨ। 1991 ਵਿੱਚ ਆਪ ਕੇਂਦਰੀ ਖੇਤੀਬਾੜੀ ਮੰਤਰੀ ਬਣੇ। ਆਪ 30 ਜੂਨ, 2004 ਤੋਂ 30 ਮਈ, 2009 ਤੱਕ ਮੱਧ ਪ੍ਰਦੇਸ਼ ਦੇ ਗਵਰਨਰ ਵੀ ਰਹੇ। ਫਰਵਰੀ 2016 ਵਿੱਚ ਆਪ ਚੱਲ ਵਸੇ।

ਪੰਥ ਰਤਨ ਸ੍ਰੀ ਗੁਰਬਚਨ ਸਿੰਘ ਟੌਹੜਾ (1924–2004):

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੂਰਵ ਪ੍ਰਧਾਨ ਗੁਰਬਚਨ ਸਿੰਘ ਦਾ ਜਨਮ ਪੰਜਾਬ ਦੇ ਜਿਲ੍ਹਾ ਪਟਿਆਲਾ ਦੇ ਪਿੰਡ ਟੌਹੜਾ ਵਿਖੇ ਸਤੰਬਰ, 1924 ਨੂੰ ਹੋਇਆ। ਉਹਨਾਂ ਨੂੰ ਸ਼ੁਰੂ ਤੋਂ ਹੀ ਧਰਮ ਵਿੱਚ ਦਿਲਚਸਪੀ ਸੀ ਅਤੇ ਭਾਰਤ ਦੀ ਵੰਡ ਤੋਂ ਵੀ ਪਹਿਲਾਂ ਉਹ ਇੱਕ ਉੱਘੇ ਅਕਾਲੀ ਕਾਰਜਕਰਤਾ ਸਨ। 1 ਅਪ੍ਰੈਲ, 2004 ਨੂੰ ਦਿਲ ਦਾ ਦੌਰਾ ਪੈਣ ਕਾਰਨ ਆਪ ਦੀ ਮੌਤ ਹੋ ਗਈ। ਉਦੋਂ ਆਪ ਦੀ ਉਮਰ 79 ਸਾਲ ਸੀ। ਆਪ ਰਿਕਾਰਡ ਤੋੜ 27 ਸਾਲ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖੀ ਰਹੇ। ਆਪ 20ਵੀਂ ਸਦੀ ਦੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਅਤੇ ਚਰਚਿਤ ਨੇਤਾ ਸਨ। ਭਾਰਤ ਦੇ ਰਾਸ਼ਟਰਪਤੀ ਏ.ਪੀ. ਜੇ ਅਬਦੁੱਲ ਕਲਾਮ ਨੇ ਆਪ ਨੂੰ ਇੱਕ ਇਹੋ ਜਿਹਾ ਸਿੱਖ ਨੇਤਾ ਬਖਾਨਿਆ ਹੈ ਜੋ ਕਿ ਮੰਨੀ ਹੋਈ ਰਾਜਨੀਤਿਕ ਅਤੇ ਸਮਾਜਿਕ

Scanned with CamScanner

ਸ਼ਖਸੀਅਤ ਸੀ ਅਤੇ ਜਿਸ ਨੂੰ ਲੋਕ ਉਸ ਦੇ ਚੰਗੇ ਕਾਰਜਾਂ ਕਾਰਨ ਯਾਦ ਕਰਦੇ ਹਨ ਉਹਨਾਂ ਦੇ ਸਾਹਮਣੇ ਉਹਨਾਂ ਨੂੰ ਪ੍ਰਧਾਨ ਜੀ ਜਾਂ ਜਥੇਦਾਰ ਕਹਿ ਕੇ ਸੰਬੋਧਿਤ ਕਰਦੇ ਸਨ।

ਸੰਤ ਹਰਚੰਦ ਸਿੰਘ ਲੋਂਗੋਵਾਲ (1932-1985):

1980 ਵਿੱਚ ਪੰਜਾਬ 'ਚ ਉਭਰੇ ਖਾੜਕੂਵਾਦ ਦੌਰਾਨ ਆਪ ਅਕਾਲੀ ਦਲ ਦੇ ਪ੍ਰਧਾਨ ਸਨ। ਉਹਨਾਂ ਨੇ ਸਿੱਖ ਸਾਹਿਤ ਅਤੇ ਸਿਧਾਂਤ ਨੂੰ ਪੜ੍ਹਿਆ ਅਤੇ ਸਿੱਖ ਸੰਗੀਤ ਨੂੰ ਧਾਰਨ ਕੀਤਾ। ਉਹਨਾਂ ਦੇ ਅਧਿਆਪਕ ਵੀ ਅਕਾਲੀ ਲਹਿਰ ਨਾਲ ਜੁੜੇ ਹੋਣ ਕਾਰਨ, ਉਸੇ ਸਮੇਂ ਤੋਂ ਜਦੋਂ ਉਹ ਹਾਲੀਂ ਜਵਾਨ ਸਨ, ਉਹਨਾਂ ਵਿੱਚ ਰਾਜਨੀਤਿਕ ਕੁਦਰਤੀ ਨੇ ਜਨਮ ਲਿਆ। 1973 ਵਿੱਚ ਹਲੀਮੀ ਰੱਖਣ ਵਾਲੇ ਅਤੇ ਵਿਚਾਰਵਾਨ ਸੰਤ ਟੋਹੜਾ (ਜਦੋਂ ਉਹ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਸਨ) ਨੂੰ ਪ੍ਰਧਾਨਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਅਪਾਤ ਕਾਲੀਨ ਸਥਿਤੀ ਘੋਸਿਤ ਕਰਨ ਮਗਰੋਂ ਵਿਰੋਧੀ ਸਿੱਖ ਧਿਰ ਦੀ ਅਗਵਾਈ ਕਰਨ ਲਈ ਸੱਦਿਆ ਗਿਆ। ਇਸ ਪਿੱਛੋਂ ਉਹਨਾਂ ਨੇ ਸਮਾਜਿਕ ਜੀਵਨ ਤਿਆਗ ਦਿੱਤਾ। 1977 ਦੀਆਂ ਆਮ ਚੋਣਾਂ ਵਿੱਚ ਆਪ ਨੂੰ ਪੰਜਾਬ ਵਿਚਲੇ ਹਲਕਿਆਂ ਲਈ ਮਨੋਨੀਤ ਕੀਤਾ ਗਿਆ ਪਰ ਆਪ ਨੇ ਇਹ ਪ੍ਰਸਤਾਵ ਰੱਦ ਕਰ ਦਿੱਤਾ। ਇਸ ਨੇ ਆਪ ਦੇ ਰਾਜਨੀਤਿਕ ਅਕਸ਼ ਅਤੇ ਪ੍ਰਤਿਭਾ ਨੂੰ ਹੋਰ ਵੀ ਉਘਾੜਿਆ। ਸੰਤ ਲੋਂਗੋਵਾਲ ਦਿੱਲੀ ਵਿਖੇ ਪ੍ਰਧਾਨ ਮੰਤਰੀ ਨੂੰ ਮਿਲੇ ਅਤੇ 23 ਜੁਲਾਈ, 1985 ਨੂੰ ਗਿਆਰਾਂ ਨੁਕਤਿਆਂ ਦਾ ਇਕ ਮੈਮੋਰੰਡਮ ਪੇਸ਼ ਕੀਤਾ। ਜਿਸ ਵਿੱਚ ਉਹ ਸਾਰੇ ਮੁੱਦੇ ਦੱਸੇ ਗਏ ਜੋ ਅਕਾਲੀਆਂ ਨੇ ਆਪਣੇ ਪਹਿਲੇ ਮੰਗ-ਪੱਤਰ ਵਿੱਚ ਸ਼ਾਮਿਲ ਕੀਤੇ ਸਨ। ਪੰਜਾਬ ਸਮਝੌਤਾ (ਜਿਸ ਨੂੰ ਰਾਜੀਵ ਲੋਂਗੋਵਾਲ ਸਮਝੌਤਾ ਵੀ ਆਖਦੇ ਹਨ) ਕਰਨ ਦੇ ਇੱਕ ਮਹੀਨੇ ਤੋਂ ਵੀ ਘੱਟ ਅਰਸੇ ਵਿੱਚ 20 ਅਗਸਤ, 1985 ਨੂੰ ਪਿੰਡ ਜੋਧਪੁਰ (ਜੋ ਲੋਂਗੋਵਾਲ ਦੇ ਨੇੜੇ ਹੀ ਹੈ) ਵਿਖੇ ਗੋਲੀਆਂ ਮਾਰ ਕੇ ਆਪ ਦੀ ਹੱਤਿਆ ਕਰ ਦਿੱਤੀ ਗਈ। ਆਪ ਦੀ ਮੌਤ ਨਾਲ ਹੀ ਪੰਜਾਬ ਦੀ ਰਾਜਧਾਨੀ ਪੰਜਾਬ ਨੂੰ ਦੇਣ ਦੀ ਤਾਰੀਖ ਅਤੇ ਸੰਬੰਧਿਤ ਫੈਸਲੇ ਬੇਮਆਨੇ ਹੋ ਗਏ। ਛੇਤੀ ਹੀ ਇਸ ਸਮਝੌਤੇ ਦੀਆਂ ਸਤਰਾਂ ਅਤੇ ਭਰੋਸੇਯੋਗਤਾ ਮਿੱਟੀ ਵਿੱਚ ਮਿਲ ਗਈ।

ਬੇਅੰਤ ਸਿੰਘ (1922-1995):

ਉਹ ਭਾਰਤੀ ਰਾਸ਼ਟਰੀ ਕਾਂਗਰਸ ਦੇ ਰਾਜਨੈਤਿਕ ਅਤੇ 1992-95 ਵਿੱਚ ਪੰਜਾਬ ਦੇ ਮੁੱਖ ਮੰਤਰੀ ਵੀ ਰਹੇ। ਆਪ ਨੂੰ ਕੁਝ ਅਣਪਛਾਤੇ ਖਾਲਿਸਤਾਨੀ ਕਾਰਕੁੰਨਾ ਵੱਲੋਂ ਕਾਰਬੰਬ ਧਮਾਕੇ ਵਿੱਚ ਮਾਰ ਦਿੱਤਾ ਗਿਆ। ਉਹਨਾਂ ਨੇ ਅਜਿਹਾ ਖਾੜਕੂਵਾਦ ਦੌਰ ਦੌਰਾਨ ਹੋਏ ਮਨੁੱਖੀ ਅਧਿਕਾਰਾਂ ਦੇ ਘਾਣ ਦੇ ਹੱਕ ਵਿੱਚ ਰੋਹ ਦਿਖਾਉਣ ਲਈ ਕੀਤਾ ਸੀ। 1992 ਵਿੱਚ ਆਪ ਪੰਜਾਬ ਦੇ ਮੁੱਖ ਮੰਤਰੀ ਬਣੇ ਆਪ ਦੇ ਹੱਥ ਤਾਕਤ ਵਿੱਚ ਆਉਂਦਿਆਂ ਹੀ ਰਾਜ ਵਿਦਰੋਹ ਸ਼ੁਰੂ ਹੋ ਗਿਆ। ਆਪ ਦੀ ਅਗਵਾਈ ਹੇਠ ਹੀ ਪੰਜਾਬ ਪੁਲਿਸ ਨੇ ਬਹੁਤ ਸਾਰੇ ਖਾੜਕੂਆਂ ਨੂੰ ਮਾਰਮੁਕਾਇਆ ਜਿਸ ਕਾਰਨ ਕਈ ਥਾਵਾਂ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵੀ ਹੋਈ। 31 ਅਗਸਤ, 1995 ਨੂੰ ਚੰਡੀਗੜ੍ਹ ਦੀ ਸੱਕਤਰੇਤ ਵਿਖੇ ਆਪ ਨੂੰ ਇੱਕ ਬੰਬ ਧਮਾਕੇ ਰਾਹੀਂ ਮਾਰ ਦਿੱਤਾ ਗਿਆ। ਇਸ ਧਮਾਕੇ ਵਿੱਚ ਆਪ ਦੇ ਤਿੰਨ ਕਮਾਂਡਰਾਂ ਸਹਿਤ, 17 ਲੋਕਾਂ ਦੀਆਂ ਜਾਨਾਂ ਗਈਆਂ। 2012 ਵਿਚ ਚੰਡੀਗੜ੍ਹ ਅਦਾਲਤ ਨੇ ਬਲਵੰਤ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ। ਬਹੁਗਿਣਤੀ ਸਿੱਖਾਂ ਵੱਲੋਂ ਇਸ ਫੈਸਲੇ ਦਾ ਵਿਰੋਧ ਕੀਤਾ ਗਿਆ ਅਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ ਕਰਨ ਲਈ ਮੁਹਿੰਮ ਚਲਾਈ ਗਈ। 28 ਮਾਰਚ, 2012 ਨੂੰ ਭਾਰਤ ਨੇ ਰਾਜੋਆਣਾ ਦੀ ਫਾਂਸੀ ਤੇ ਰੋਕ ਲਗਾ ਦਿੱਤੀ। ਅਜਿਹਾ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੂੰ ਮਿਲ ਕੇ ਰਾਜੋਆਣਾ ਲਈ ਰਹਿਮ ਦੀ ਅਪੀਲ ਕਰਨ ਮਗਰੋਂ ਹੀ ਸੰਭਵ ਹੋਇਆ।

ਸੁਰਜੀਤ ਸਿੰਘ ਬਰਨਾਲਾ (1925 2017):

ਉਹ ਇੱਕ ਭਾਰਤੀ ਰਾਜਨੇਤਾ ਹੋਏ ਹਨ। ਆਪ 1985 ਤੋਂ 1987 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਭਾਰਤੀ ਰਾਜਨੀਤੀ

Scanned with CamScanner

ਵਿੱਚ ਆਪਣੇ ਕਾਰਜ ਕਾਲ ਦੌਰਾਨ ਉਹ ਤਮਿਲਨਾਡੂ, ਉਤਰਾਖੰਡ, ਆਂਧਰਾ ਪ੍ਰਦੇਸ਼, ਉੜੀਸਾ ਦੇ ਗਵਰਨਰ ਅਤੇ ਅੰਡੇਮਾਨ ਅਤੇ ਨਿਕੋਬਾਰ ਅਤੇ ਪੁਡੁੱਚਰੀ ਦੇ ਲੈਫਟੀਨੈਂਟ ਗਵਰਨਰ ਰਹੇ। ਉਹ ਦੋ ਵਾਰ ਕੇਂਦਰੀ ਕੈਬਨਿਟ ਮੰਤਰੀ ਤੇ ਉਪ ਰਾਸ਼ਟਰਪਤੀ ਲਈ ਯੋਗ ਉਮੀਦਵਾਰ ਵੀ ਰਹੇ। ਆਪ 2000 ਤੋਂ 2003 ਤੱਕ ਨਵੇਂ ਬਣੇ ਉਤਰਾਖੰਡ ਰਾਜ ਦੇ ਪਹਿਲੇ ਗਵਰਨਰ ਰਹੇ। ਡਾ. ਏ. ਆਰ. ਕਿਦਵਈ ਮਗਰੋਂ ਆਪ ਦੂਜੇ ਸਭ ਤੋਂ ਲੰਮੇ ਕਾਰਜਕਾਲ ਵਾਲੇ ਗਵਰਨਰ ਹਨ। ਆਪ ਲੰਮਾ ਸਮਾ ਬਿਮਾਰ ਰਹਿਣ ਤੋਂ ਬਾਅਦ 2017 ਵਿੱਚ ਚੱਲ ਵਸੇ।

ਪ੍ਰਕਾਸ਼ ਸਿੰਘ ਬਾਦਲ:

ਇਹ ਪੰਜਾਬ ਦੇ ਉੱਘੇ ਰਾਜਨੀਤਿਕ ਨੇਤਾ ਹਨ ਜਿੰਨ੍ਹਾਂ ਨੇ ਲੰਮੇ ਸਾਲ ਦੇ ਕਾਰਜ ਕਾਲ ਉਪਰੰਤ ਆਪਣੀ ਉਚ ਰਾਜਨੀਤਿਕ ਰੁਤਬਾ ਬਣਾਇਆ। ਉਹ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ: 1970 ਤੋਂ 1971 ਤੱਕ, 1977-1980 ਤੱਕ, 1997-2002 ਅਤੇ 2007 ਤੋਂ 2012 ਤੱਕ ਅਤੇ 2012 ਤੋਂ 2017 ਤੱਕ। ਆਪ ਦਾ ਰਾਜਨੀਤਿਕ ਸਫ਼ਰ 1947 ਵਿੱਚ ਸ਼ੁਰੂ ਹੋਇਆ ਅਤੇ 1957 ਵਿੱਚ ਆਪ ਨੂੰ ਪੰਜਾਬ ਵਿਧਾਨ ਸਭਾ ਲਈ ਚੁਣਿਆ ਗਿਆ। ਆਪ ਨੇ ਪੰਚਾਇਤੀ ਰਾਜ, ਪਸ਼ੂ ਪਾਲਣ, ਡੇਅਰੀ, ਮੱਛੀ ਪਾਲਣ ਅਤੇ ਕਈ ਹੋਰ ਸਮਾਜਿਕ ਭਲਾਈ ਸਕੀਮਾਂ ਵਿੱਚ ਬਤੌਰ ਮੰਤਰੀ ਕੰਮ ਕੀਤਾ। ਆਪ ਨੂੰ 2015 ਵਿੱਚ ਪਦੁਮ ਵਿਭੂਸ਼ਨ ਨਾਲ ਸਨਮਾਨਿਤ ਕੀਤਾ ਗਿਆ।

ਕੈਪਟਨ ਅਮਰਿੰਦਰ ਸਿੰਘ:

ਕੈਪਟਨ ਅਮਰਿੰਦਰ ਸਿੰਘ ਯਾਦਵਿੰਦਰ ਸਿੰਘ ਅਤੇ ਮੋਹਿੰਦਰ ਕੌਰ ਜੀ ਦੇ ਪੁੱਤਰ ਹਨ। ਆਪ ਦੇ ਪਿਤਾ ਯਾਦਵਿੰਦਰ ਸਿੰਘ ਪਟਿਆਲਾ ਦੇ ਪੂਰਵ ਮਹਾਰਾਜਾ ਸਨ। ਆਪ ਨੇ 16 ਮਾਰਚ 2017 ਨੂੰ ਪੰਜਾਬ ਦੇ 26ਵੇਂ ਮੁੱਖ ਮੰਤਰੀ ਵੱਜੋਂ ਸੌਂਹਾਂ ਚੁੱਕੀ। ਉਹ 2002 ਤੋਂ 2007 ਤੱਕ ਵੀ ਪੰਜਾਬ ਦੇ ਮੁੱਖ ਮੰਤਰੀ ਰਹੇ ਹਨ। ਆਪ ਨੇ 1963 ਤੋਂ 1966 ਤੱਕ ਭਾਰਤੀ ਫੋਜ਼ ਵਿੱਚ ਕੰਮ ਕੀਤਾ। ਆਪ 1980 ਵਿੱਚ ਕਾਂਗਰਸ ਪਾਰਟੀ ਵੱਲੋਂ ਤੋਂ ਲੋਕ ਸਭਾ ਮੈਂਬਰ ਚੁਣੇ ਗਏ। 1999 ਤੋਂ 2002 ਤੱਕ ਆਪ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਵੀ ਰਹੇ।

ਆਪ ਨੇ ਸਿੱਖ ਇਤਿਹਾਸ ਅਤੇ ਯੁੱਧਾਂ ਤੇ ਕਈ ਕਿਤਾਬਾਂ ਵੀ ਲਿਖਿਆਂ ਹਨ – ਆ ਰਿਜ਼ ਟੂ ਫਾਰ, ਲੈਸਟ ਵੀ ਫੋਰਗੈਟ, ਦੀ ਲਾਸਟ ਸਨਸੈੱਟ, ਦੀ ਸਿੱਖਜ਼ ਇਨ ਬ੍ਰਿਟੇਨ, ਦੀ ਬੈਟਲ ਆਫ ਸਾਰਾਗੜ੍ਹੀ ਆਦਿ।

Scanned with CamScanner

13.3 ਖੇਡ ਸ਼ਖਸੀਅਤਾਂ:

ਮਿਲਖਾ ਸਿੰਘ:

ਉਹ ਇੱਕ ਦੌੜਾਕ ਹਨ, ਜਿੰਨ੍ਹਾਂ ਨੇ ਭਾਰਤ ਨੂੰ 1960 ਦੀਆਂ ਰੋਮ ਗਰਮੀ ਦੀਆਂ ਉਲੰਪਿਕ ਖੇਡਾਂ 1964 ਦੀਆਂ ਟੋਕੀਓ ਦੀਆਂ ਗਰਮੀਆਂ ਦੀਆਂ ਉਲੰਪਿਕ ਖੇਡਾਂ ਵਿੱਚ ਭਾਰਤ ਦੀ ਪ੍ਰਤੀਨਿਧਤਾ ਕੀਤੀ। ਉਸ ਨੂੰ 'ਉਡਣਾ ਸਿੱਖ' ਦਾ ਨਾਮ ਦਿੱਤਾ ਜਾਂਦਾ ਹੈ। ਉਹਨਾਂ ਦਾ ਬੇਟਾ ਜੀਵ ਮਿਲਖਾ ਸਿੰਘ ਵੀ ਗੋਲਫ ਦਾ ਤਕੜਾ ਖਿਡਾਰੀ ਹੈ। 1960 ਦੀਆਂ ਰੋਮ ਦੀਆਂ ਹੋਣੀਆਂ ਉਲੰਪਿਕ ਖੇਡਾਂ ਵਿੱਚ ਉਹਨਾਂ ਨੇ ਆਪਣੀਆਂ ਸਾਰੀਆਂ 400 ਮੀਟਰ ਰੇਸਾਂ ਰਿਕਾਰਡ ਸਮੇਂ ਵਿੱਚ ਪੂਰੀਆਂ ਕਰ ਕੇ ਜਿੱਤੀਆਂ। ਫਾਈਨਲ ਮੁਕਾਬਲੇ ਵਿੱਚ ਵੀ ਉਹਨਾਂ ਨੇ ਬਹੁਤ ਜ਼ੋਰ ਨਾਲ ਸ਼ੁਰੂਆਤ ਕੀਤੀ ਪਰ ਆਪ ਚੌਥੇ ਸਥਾਨ ਤੇ ਰਹੇ।

ਬਿਸ਼ਨ ਸਿੰਘ ਬੇਦੀ:

ਉਹ ਪੂਰਵ ਭਾਰਤੀ ਕ੍ਰਿਕੇਟਰ ਸਨ ਜੋ ਕਿ ਮੁੱਖ ਰੂਪ ਵਿੱਚ ਖੱਬੇ ਹੱਥ ਦੇ ਬਾਊਲਰ ਹਨ। ਉਹਨਾਂ ਨੇ 1966 ਤੋਂ 1979 ਤੱਕ ਭਾਰਤ ਲਈ ਟੈਸਟ ਕ੍ਰਿਕੇਟ ਖੇਡਿਆ ਅਤੇ ਉਹ ਇੱਕ ਮਸ਼ਹੂਰ ਭਾਰਤੀ ਸਪਿਨ ਗੇਂਦਬਾਜ ਰਹੇ। ਉਹਨਾਂ ਨੇ 22 ਟੈਸਟ ਮੈਚਾਂ ਵਿੱਚ ਭਾਰਤੀ ਟੀਮ ਦੀ ਕਪਤਾਨੀ ਕੀਤੀ।

ਉਹਨਾਂ ਦੀ ਗੇਂਦਬਾਜੀ ਵਿੱਚ ਇੱਕ ਹੁਨਰ ਅਤੇ ਕਲਾ ਝਲਕਦੀ ਹੈ, ਉਹ ਗੇਂਦ ਉਛਾਲਣ ਅਤੇ ਟਿਸ ਦੇ ਘੁਮਾਵ ਦੀ ਗਤੀ ਵਿੱਚ ਤਬਦੀਲੀ ਲਿਆਉਣ ਵਿੱਚ ਮਾਹਿਰ ਸਨ। ਉਹਨਾਂ ਦਾ ਵੇਗ ਇੰਨਾਂ ਨਿਪੁੰਨ ਅਤੇ ਸੰਤੁਲਿਤ ਸੀ ਕਿ ਉਹ ਸਾਰਾ ਦਿਨ ਗੇਂਦਬਾਜੀ ਕਰ ਸਕਦੇ ਸਨ ਜੋ ਕਿ ਇੱਕ ਕਪਤਾਨ ਲਈ ਮਾਣ ਦੀ ਗੱਲ ਹੈ।

ਨਵਜੋਤ ਸਿੰਘ ਸਿੱਧੂ:

ਇਹ ਇੱਕ ਪੂਰਵ ਭਾਰਤੀ ਕ੍ਰਿਕੇਟਰ ਹਨ। ਇਹਨਾਂ ਦਾ ਜਨਮ ਪੰਜਾਬ ਦੇ ਮਾਲਵਾ ਇਲਾਕੇ ਵਿੱਚ ਪੈਂਦੇ ਪਟਿਆਲੇ ਜਿਲ੍ਹੇ ਵਿੱਚ ਹੋਇਆ। ਕ੍ਰਿਕੇਟ ਤੋਂ ਸੰਨਿਆਸ ਲੈਣ ਉਪਰੰਤ ਇਹਨਾਂ ਨੇ ਟੀ.ਵੀ. ਉਪਰ ਕਮੈਂਟਰੀ ਦਾ ਕੰਮ ਸ਼ੁਰੂ ਕਰ ਦਿੱਤਾ ਅਤੇ ਨਾਲ ਹੀ ਰਾਜਨੀਤੀ ਵਿੱਚ ਵੀ ਆ ਗਏ। 2004 ਦੀਆਂ ਚੋਣਾ ਵਿੱਚ ਆਪ, ਭਾਰਤੀ ਜਨਤਾ ਪਾਰਟੀ ਦੀ ਟਿਕਟ ਤੇ ਅੰਮ੍ਰਿਤਸਰ ਹਲਕੇ ਵਿੱਚੋਂ ਲੋਕ ਸਭਾ ਲਈ ਚੁਣੇ ਗਏ। 2009 ਵਿੱਚ ਆਪ ਅੰਮ੍ਰਿਤਸਰ ਤੋਂ ਕਾਰਜਕਾਰੀ ਮੈਂਬਰ ਪਾਰਲੀਮੈਂਟ ਬਣੇ। 2017 ਵਿੱਚ ਆਪ ਕਾਂਗਰਸ ਪਾਰਟੀ ਵੱਲੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣੇ।

ਹਰਭਜਨ ਸਿੰਘ:

ਆਪ ਦਾ ਜਨਮ 1980 ਵਿੱਚ ਜਲੰਧਰ ਵਿਖੇ ਹੋਇਆ ਅਤੇ ਆਪ ਨੂੰ ਪਿਆਰ ਨਾਲ 'ਭੱਜੀ' ਕਿਹਾ ਜਾਂਦਾ ਹੈ। ਅਜਿਹਾ ਆਪ ਦੇ ਹਰਮਨ ਪਿਆਰੇ ਕ੍ਰਿਕੇਟ ਖਿਡਾਰੀ ਹੋਣ ਕਰਕੇ ਹੈ। ਉਹਨਾਂ ਨੂੰ ਗੇਂਦਬਾਜੀ ਵਿੱਚ ਵਿਸ਼ੇਸ਼ ਮਹਾਰਤ ਹਾਸਿਲ ਹੈ ਅਤੇ ਇਹ ਆਪਣੇ 'ਦੂਸਰੇ' ਭਾਵ ਗੇਂਦ ਦੂਜੀ ਦਿਸ਼ਾ ਵੱਲ ਨੂੰ ਜਾਂਦੀ ਹੈ, ਕਰਕੇ ਜਾਣੇ ਜਾਂਦੇ ਹਨ।

2001 ਵਿੱਚ ਭਾਰਤ ਦੇ ਮੋਹਰੀ ਲੈੱਗ ਸਪਿਨਰ, ਅਨਿਲ ਕੁੰਬਲੇ ਦੇ ਜਖਮੀ ਹੋਣ ਮਗਰੋਂ ਜਦੋਂ ਭਾਰਤੀ ਕਪਤਾਨ ਗੌਰਵ ਗਾਂਗੁਲੀ ਨੇ ਉਹਨਾਂ ਨੂੰ ਬਾਰਡਰ ਗਾਵਸਕਰ ਟਰੋਫੀ ਟੀਮ ਲਈ ਟੀਮ ਵਿੱਚ ਸ਼ਾਮਿਲ ਕਰਨ ਲਈ ਬੁਲਾਇਆ ਤਾਂ ਹਰਭਜਨ ਸਿੰਘ ਦੀ ਖੇਡ ਨੂੰ ਇੱਕ ਨਵੀਂ ਦਿਸ਼ਾ ਮਿਲੀ। ਆਸਟ੍ਰੇਲੀਆ ਵਿਰੁੱਧ ਖੇਡੀ ਇਸ ਲੜੀ ਵਿੱਚ ਆਪ ਨੇ 32 ਵਿਕਟਾਂ ਇਕੱਲੇ ਹੀ ਹਾਸਿਲ ਕਰਕੇ ਟੀਮ ਵਿੱਚ ਆਪਣੀ ਵਿਸ਼ੇਸ਼ ਥਾਂ ਬਣਾਈ ਅਤੇ ਆਪ ਟੈਸਟ ਕ੍ਰਿਕੇਟ ਵਿੱਚ ਹੈਟਰਿਕ ਬਣਾਉਣ ਵਾਲੇ ਪਹਿਲੇ ਭਾਰਤੀ ਕ੍ਰਿਕੇਟਰ ਬਣੇ।

ਯੁਵਰਾਜ ਸਿੰਘ:

1981 ਵਿੱਚ ਪੈਦਾ ਹੋਏ ਇਹ ਭਾਰਤੀ ਕ੍ਰਿਕੇਟਰ ਭਾਰਤ ਦੇ ਤੇਜ਼ ਗੇਂਦਬਾਜ ਅਤੇ ਪੰਜਾਬੀ ਸਿਨੇਮਾ ਦੇ ਕਲਾਕਾਰ ਯੋਗਰਾਜ ਸਿੰਘ

Scanned with CamScanner

ਦੇ ਪੁੱਤਰ ਹਨ। ਉਹ ਭਾਰਤੀ ਕ੍ਰਿਕੇਟ ਟੀਮ ਦੇ 2000 ਤੋਂ (ਇੱਕ ਰੋਜ਼ਾ ਅੰਤਰ ਰਾਸ਼ਟਰੀ ਮੈਚ) ਮੈਂਬਰ ਹਨ ਅਤੇ 2003 ਵਿੱਚ ਉਹਨਾਂ ਨੇ ਆਪਣੀ ਪਹਿਲਾ ਟੈਸਟ ਮੈਚ ਖੇਡਿਆ। ਫੇਰ 2007 ਤੋਂ 2008 ਤੱਕ ਉਹ ਇੱਕ ਰੋਜ਼ਾਂ ਅੰਤਰ ਰਾਸ਼ਟਰੀ ਮੈਚਾਂ ਵਿੱਚ ਭਾਰਤੀ ਟੀਮ ਦੇ ਉਪਕਪਤਾਨ ਵੀ ਰਹੇ। 2007 ਦੇ ਵਿਸ਼ਵ ਟਵੰਟੀ-ਟਵੰਟੀ ਵਿੱਚ ਆਪ ਨੇ ਇੱਕ ਓਵਰ ਦੀਆਂ ਛੇ ਦੀਆਂ ਛੇ ਗੇਂਦਾਂ ਤੇ ਛੱਕੇ ਮਾਰੇ। ਅਜਿਹਾ ਉਹਨਾਂ ਨੇ ਇੰਗਲੈਂਡ ਵਿਰੁੱਧ ਖੇਡਦਿਆਂ ਸਟੂਅਰ ਬਰੋਡ ਦੀਆਂ ਗੇਂਦਾਂ ਵਿਰੁੱਧ ਕੀਤਾ ਅਤੇ ਇਹ ਕਰਾਮਾਤ ਕਿਸੇ ਵੀ ਤਰ੍ਹਾਂ ਦੇ ਕ੍ਰਿਕੇਟ ਮੈਚ ਵਿੱਚ ਹੁਣ ਤੱਕ ਕੇਵਲ ਤਿੰਨ ਵਾਰ ਹੋਈ ਹੈ ਅਤੇ ਅੰਤਰਰਾਸ਼ਟਰੀ ਮੈਚ ਵਿੱਚ ਕੀ ਅਜਿਹਾ ਕਦੀ ਨਹੀਂ ਹੋਇਆ। 2011 ਦੇ ਕ੍ਰਿਕੇਟ ਵਿਸ਼ਵ ਕੱਪ ਵਿੱਚ ਆਪ ਨੂੰ 'ਮੈਨ ਆਫ ਦ ਮੈਚ' ਦਿੱਤਾ ਗਿਆ ਅਤੇ 2007 ਦੇ ਵਿਸ਼ਵ ਟਵੰਟੀ-ਟਵੰਟੀ ਦੇ ਖਿਡਾਰੀਆਂ ਵਿੱਚੋਂ ਆਪ ਚੋਟੀ ਦੇ ਖਿਡਾਰੀ ਰਹੇ। ਇਹਨਾਂ ਦੋਹਾਂ ਹੀ ਮੈਚਾਂ ਵਿੱਚ ਭਾਰਤ ਦੀ ਜਿੱਤ ਹੋਈ ਸੀ।

ਅਜੀਤ ਪਾਲ ਸਿੰਘ:

ਇਹ ਪੰਜਾਬ ਦੇ ਸੰਸਾਰਪੁਰ ਤੋਂ ਭਾਰਤੀ ਹਾਕੀ ਖਿਡਾਰੀ ਹਨ। 1970 ਵਿੱਚ ਆਪ ਨੂੰ ਅਰਜੁਨਾ ਅਵਾਰਡ ਲਈ ਚੁਣਿਆ ਗਿਆ ਅਤੇ 1972 ਵਿੱਚ ਆਪ ਨੂੰ ਇਸ ਅਵਾਰਡ ਨਾਲ ਸਨਮਾਨਿਆ ਗਿਆ। ਇਹ ਕੇਂਦਰ ਵਿੱਚ ਅੱਧੀ/ਹਾਫ ਪੁਜੀਸ਼ਨ ਤੇ ਖੇਡਦੇ ਹਨ। 1975 ਵਿੱਚ ਹੋਏ ਹਾਕੀ ਵਿਸ਼ਵ ਕੱਪ ਵਿੱਚ ਇਹਨਾਂ ਨੇ ਭਾਰਤੀ ਟੀਮ ਦੀ ਕਪਤਾਨੀ ਕੀਤੀ। ਇਹ ਵਿਸ਼ਵ ਕੱਪ ਮਲੇਸੀਆ ਦੇ ਕੋਆਲਾਲੰਮਪੁਰ ਵਿਖੇ ਹੋਇਆ ਸੀ। 1968 ਤੋਂ 1976 ਤੱਕ ਤਿੰਨ ਉਲੰਪੀਅਨ ਮੈਚਾਂ ਵਿੱਚ ਇਹਨਾਂ ਨੇ ਭਾਰਤ ਦੀ ਪ੍ਰਤੀਨਿਧਤਾ ਕੀਤੀ ਅਤੇ ਪਹਿਲੀਆਂ ਦੋ ਉਲੰਪੀਅਨ ਖੇਡਾਂ ਵਿੱਚ ਕਾਂਸੀ ਦੇ ਤਗਮੇ ਵੀ ਜਿੱਤੇ। 2012 ਦੀਆਂ ਗਰਮੀਆਂ ਦੀਆਂ ਉਲੰਪਿਕ ਵਿੱਚ ਆਪ ਨੂੰ 'ਸੈਫ ਡੀ ਮਿਸ਼ਨ' ਲਈ ਨਾਮਜੱਦ ਕੀਤਾ ਗਿਆ। ਇਹ ਪਹਿਲੀ ਵਾਰ ਸੀ ਕਿ ਕਿਸੇ ਖਿਡਾਰੀ ਨੂੰ ਇਹ ਮੌਕਾ ਮਿਲਿਆ ਹੋਵੇ। ਇਸ ਤੋਂ ਪਹਿਲਾਂ ਇਹ ਮੌਕਾ ਕੇਵਲ ਰਾਜਨੈਤਿਕ ਨੇਤਾਵਾਂ ਜਾਂ ਪ੍ਰਬੰਧਕੀ ਆਗੂਆਂ ਨੂੰ ਹੀ ਮਿਲਦਾ ਰਿਹਾ ਹੈ ਪਰ ਗਰਦਨ ਤੇ ਭਿਆਨਕ ਦਰਦ ਕਾਰਨ ਉਹ ਇਸ ਮੌਕੇ ਦਾ ਲਾਭ ਨਾ ਉਠਾ ਸਕੇ।

ਗਗਨ ਅਜੀਤ ਸਿੰਘ:

ਇਹ ਪੰਜਾਬ ਦੇ ਪੂਰਵ ਹਾਕੀ ਖਿਡਾਰੀ ਹਨ। ਉਹ ਪ੍ਰਸਿੱਧ ਹਾਕੀ ਖਿਡਾਰੀ ਅਜੀਤ ਸਿੰਘ ਦੇ ਪੁੱਤਰ ਹਨ, ਜਿਸ ਨੇ ਸੂਨਿਚ ਉਲੰਪਿਕ ਖੇਡਾਂ 1972 ਅਤੇ ਮੋਨਟਰੀਅਲ ਉਲੰਪਿਕ ਖੇਡਾਂ 1976 ਵਿੱਚ ਭਾਰਤੀ ਹਾਕੀ ਟੀਮ ਦੀ ਪ੍ਰਤੀਨਿਧਤਾ ਕੀਤੀ। ਗਗਨ ਦੇ ਚਾਚਾ ਜੀ ਹਰਮੀਕ ਸਿੰਘ ਵੀ ਭਾਰਤੀ ਹਾਕੀ ਖਿਡਾਰੀ ਰਹੇ ਹਨ ਅਤੇ ਭਾਰਤੀ ਟੀਮ ਦੀ ਕਪਤਾਨੀ ਵੀ ਕੀਤੀ ਹੈ। ਉਸ ਨੇ ਬੜੀ ਛੋਟੀ ਉਮਰੇ ਹੀ ਖੇਡ ਵੀ ਸ਼ੁਰੂ ਕਰ ਦਿੱਤੀ ਸੀ ਅਤੇ ਜਲੰਧਰ ਦੇ ਖੇਡ ਕਾਲਜ ਅਤੇ 1995-96 ਵਿੱਚ ਦਿੱਲੀ ਦੀ ਏਅਰ ਇੰਡੀਆ ਹਾਕੀ, ਅਕਾਡਮੀ ਵਿੱਚੋਂ ਮਹਾਰਤ ਹਾਸਿਲ ਕੀਤੀ। ਮਗਰੋਂ ਉਹ ਪੰਜਾਬ ਪੁਲਿਸ ਵਿੱਚ ਭਰਤੀ ਹੋ ਗਏ ਅਤੇ ਐਸ.ਪੀ. ਰੁਤਬੇ ਤੇ ਹਨ।

- ਉਹਨਾਂ ਨੇ ਭਾਰਤੀ ਜੂਨੀਅਰ ਟੀਮ, ਜਿਸ ਨੇ ਜੂਨੀਅਰ ਵਿਸ਼ਵ ਕੱਪ 2001 ਜਿੱਤਿਆਂ ਦੀ ਕਪਤਾਨੀ ਕੀਤੀ।
- ਮਰਦ ਏਸ਼ੀਆਂ ਹਾਕੀ ਟੀਮ (ਮੰਡਿਆ, ਦੇ 2002 ਵਿੱਚ ਮੈਂਬਰ ਰਹੇ।
- 2002 ਵਿੱਚ ਅਰਜ਼ਨ ਅਵਾਰਡ ਨਾਲ ਸਨਮਾਨੇ ਗਏ।

ਪਰਗਟ ਸਿੰਘ:

ਉਹ ਪੂਰਵ ਭਾਰਤੀ ਹਾਕੀ ਖਿਡਾਰੀ ਹਨ। ਉਹ ਵਿਸ਼ਵ ਪੱਧਰ ਤੇ ਸਭ ਤੋਂ ਚੇਤੰਨ ਡਿਫੈਂਡਰ (ਰਖਵਾਲੇ) ਮੰਨੇ ਗਏ ਹਨ। 1992 ਵਿੱਚ ਬਾਰਸੀਲੋਨਾ ਉਲੰਪਿਕ ਖੇਡਾਂ ਵਿੱਚ ਆਪ ਨੇ ਭਾਰਤ ਦੀ ਮੁੰਡਿਆਂ ਦੀ ਹਾਕੀ ਟੀਮ ਦੀ ਕਪਤਾਨੀ ਕੀਤੀ। ਆਪ 1996 ਵਿੱਚ ਹੋਈ ਬਾਰਸੀਲੋਨਾ ਉਲੰਪਿਕ ਖੇਡਾਂ ਵਿੱਚ ਵੀ ਕਪਤਾਨ ਰਹੇ। ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਆਪ ਪੁਲਿਸ

Scanned with CamScanner

ਹੋਏ ਸਨ। ਆਪ ਹੁਣ ਜਲੰਧਰ ਛਾਉਣੀ ਤੋਂ ਕਾਂਗਰਸ ਵੱਲੋਂ ਮੈਂਬਰ ਪੰਜਾਬ ਵਿਧਾਨ ਸਭਾ ਹਨ।

ਜੀਵ ਮਿਲਖਾ ਸਿੰਘ:

ਇਹ ਇੱਕ ਪੇਸ਼ੇਵਰ ਭਾਰਤੀ ਗੋਲਫਰ ਹਨ, ਇਹ ਪਹਿਲੇ ਭਾਰਤੀ ਹਨ ਜੋ 1998 ਵਿੱਚ ਯੂਰਪੀਅਨ ਟੂਰ ਵਿੱਚ ਸ਼ਾਮਿਲ ਹੋਏ। ਇਸ ਟੂਰ ਵਿੱਚ ਆਪ ਨੇ 4 ਮੁਕਾਬਲੇ ਜਿੱਤੇ ਅਤੇ ਆਪਣੇ ਆਪ ਨੂੰ ਇੱਕ ਕਾਮਯਾਬ ਭਾਰਤੀ ਦੇ ਰੂਪ ਵਿੱਚ ਸਥਾਪਿਤ ਕੀਤਾ। ਆਪ ਵਿਸ਼ਵ ਪੱਧਰ ਤੇ ਚੋਟੀ ਦੇ ਖਿਡਾਰੀ ਹਨ ਵਿਸ਼ਵ ਦੇ ਚੋਟੀ ਦੇ 100 ਖਿਡਾਰੀਆਂ ਵਿੱਚ ਸ਼ਾਮਿਲ ਹਨ। ਇਹਨਾਂ ਦਾ ਜਨਮ ਚੰਡੀਗੜ੍ਹ ਵਿਖੇ ਉਲੰਪਿਕ ਦੌੜਾਕ ਮਿਲਖਾ ਸਿੰਘ ਅਤੇ ਨਿਰਮਲ ਕੌਰ ਜੋ ਕਿ ਭਾਰਤੀ ਵਾਲੀਬਾਲ ਟੀਮ (ਲੜਕੀਆਂ) ਦੀ ਕਪਤਾਨ ਰਹਿ ਚੁੱਕੀ ਹੈ, ਦੇ ਘਰ ਹੋਇਆ।

ਜੋਤੀ ਸਿੰਘ ਰੰਧਾਵਾ:

ਇਹ ਇੱਕ ਪੇਸ਼ੇਵਰ ਗੋਲਫਰ ਹਨ ਜੋ ਕਿ ਗੋਲਫ ਦੇ ਚੋਟੀ ਦੇ 100 ਖਿਡਾਰੀਆਂ ਵਿੱਚੋਂ ਹਨ। ਇਹ ਦਰਜਾਬੰਦੀ 2004 ਅਤੇ 2009 ਦਰਮਿਆਨ ਕਈ ਵਾਰ ਕੀਤੀ ਗਈ ਹੈ। ਰੰਧਾਵਾ 1994 ਵਿੱਚ ਪੇਸ਼ੇਵਰ ਖਿਡਾਰੀ ਬਣੇ। ਉਹਨਾਂ ਨੇ ਏਸ਼ੀਅਨ ਅਤੇ ਯੂਰਪੀਅਨ ਟੂਰਾਂ ਵਿੱਚ ਭਾਗ ਲਿਆ। ਆਪ ਦੇ ਯੂਰਪੀਅਨ ਟੂਰ ਦੀ ਸਭ ਤੋਂ ਉਤਮ ਖੇਡ 2004 ਜੋਨੀ ਵਾਕਰ ਕਲਾਸਿਕ ਤੇ ਦੂਜੇ ਦਰਜੇ ਤੇ ਹੈ।

ਅਭਿਨਵ ਸਿੰਘ ਬਿੰਦਰਾ:

ਇਹ ਭਾਰਤੀ ਨਿਸ਼ਾਨੇਬਾਜ਼ 10 ਮੀਟਰ ਦੀ ਹਵਾ ਰਾਇਫਲ ਮੁਕਾਬਲੇ ਵਿੱਚ ਵਿਸ਼ਵ ਅਤੇ ਉਲੰਪਿਕ ਵਿੱਚ ਚੈਂਪੀਅਨ ਰਹਿ ਚੁੱਕੇ ਹਨ। 2005 ਦੀਆਂ ਬੀਜਿੰਗ ਉਲੰਪਿਕ ਖੇਡਾਂ ਵਿੱਚ ਸੋਨ ਤਗਮਾ ਜਿੱਤਣ ਮਗਰੋਂ ਉਹ ਉਲੰਪਿਕ ਖੇਡਾਂ ਵਿੱਚ ਪਹਿਲਾ ਨਿੱਜੀ ਸੋਨ ਤਗਮਾ ਜਿੱਤਣ ਵਾਲੇ ਪਹਿਲੇ ਖਿਡਾਰੀ ਬਣੇ। 1980 ਵਿੱਚ ਮਰਦਾਂ ਦੀ ਹਾਕੀ ਟੀਮ ਵੱਲੋਂ ਤਗਮਾ ਜਿੱਤਣ ਮਗਰੋਂ ਇਹ ਪਹਿਲਾ ਗੋਲਡ ਮੈਡਲ ਸੀ ਜੋ ਭਾਰਤ ਨੇ ਜਿੱਤਿਆ। ਅਭਿਨਵ ਬਿੰਦਰਾ ਦਾ ਜਨਮ ਇੱਕ ਅਮੀਰ ਪੰਜਾਬੀ ਪਰਿਵਾਰ ਵਿੱਚ ਹੋਇਆ। ਉਹਨਾਂ ਨੇ ਆਪਣੀ ਮੁੱਢਲੀ ਪੜ੍ਹਾਈ ਸੇਂਟ ਸਟੀਫਨ ਸਕੂਲ, ਚੰਡੀਗੜ੍ਹ ਤੋਂ ਕੀਤੀ। ਉਹਨਾਂ ਦੇ ਮਾਤਾ ਪਿਤਾ ਨੇ ਘਰ ਅੰਦਰ ਹੀ ਉਹਨਾਂ ਲਈ ਇੱਕ ਸ਼ੂਟਿੰਗ ਰੇਂਜ ਬਣਵਾਈ ਜਿੱਥੇ ਉਹ ਅਭਿਆਨ ਕਰਿਆ ਕਰਦੇ ਸਨ।

ਪ੍ਰਭਜੋਤ ਸਿੰਘ:

ਪੰਜਾਬ ਦੇ ਇਹ ਹਾਕੀ ਖਿਡਾਰੀ, ਅਰਜੁਨ ਹਲੱਪਾ ਨਾਲ ਪਹਿਲੇ ਅੰਤਰਰਾਸ਼ਟਰੀ ਜੂਨੀਅਰ ਮੈਚ ਵਿੱਚ ਖੇਡੇ ਅਤੇ ਉਸੇ ਸਾਲ, ਬਾਰਸੀਲੋਨਾ ਵਿਖੇ ਹੋਏ ਚਾਰ ਦੇਸ਼ਾਂ ਦੇ ਕੱਪ ਵਿੱਚ ਭਾਰਤ ਦੀ ਸੀਨੀਅਰ ਟੀਮ ਦੀ ਪ੍ਰਤੀਨਿਧਤਾ ਕੀਤੀ। ਹੋਬਾਰਟ ਜੂਨੀਅਰ ਵਿਸ਼ਵ ਕੱਪ ਵਿੱਚ ਸੋਨ ਤਗਮਾ ਜਿੱਤਣ ਵਾਲੀ ਭਾਰਤੀ ਟੀਮ ਦੇ ਆਪ ਮੈਂਬਰ ਸਨ। ਆਪਣੇ ਲੰਮੇ ਕਾਰਜਕਾਲ ਵਿੱਚ ਉਹਨਾਂ ਨੇ ਸਾਰੇ ਮੁੱਖ ਐਫ.ਆਈ.ਐਚ. ਅਤੇ ਡੀ.ਐਚ.ਐਫ. ਟੂਰਨਾਮੈਂਟ ਜਿਵੇਂ ਉਲੰਪਿਕ ਵਿਸ਼ਵ ਕੱਪ, ਚੈਂਪੀਅਨ ਟਰਾਫੀ, ਏਸ਼ੀਅਨ ਖੇਡਾਂ ਅਤੇ ਏਸ਼ੀਆ ਕੱਪ ਵਿੱਚ ਹਿੱਸਾ ਲਿਆ। 2007 ਵਿੱਚ ਚੇਨਈ ਵਿੱਚ ਹੋਈ ਏਸ਼ੀਆ ਕੱਪ ਵਿੱਚ ਆਪ ਦੀ ਦਰਜਾਬੰਦੀ ਉੱਤਮ ਸੀ। ਹਾਲ ਹੀ ਵਿੱਚ ਵਿਸ਼ਵ ਹਾਕੀ ਲੜੀ ਦੇ ਉਦਘਾਟਨੀ ਸ਼ੈਸ਼ਨ ਦੌਰਾਨ ਖੇਡੇ ਗਏ ਮੈਚਾਂ ਵਿੱਚ ਆਪ ਨੇ ਸ਼ੇਰ-ਏ-ਪੰਜਾਬ ਟੀਮ ਦੀ ਅਗਵਾਈ ਕੀਤੀ ਸੀ।

Scanned with CamScanner

ਪਾਠ 14

ਪੀ.ਸੀ.ਐਸ ਮੁੱਢਲੀ ਪਰੀਖਿਆ, 2012 ਦਾ ਪ੍ਰਸ਼ਨ ਪੱਤਰ

14.1 ਪੀ.ਸੀ.ਐਸ ਪਰੀਖਿਆ ਦਾ ਪ੍ਰਸ਼ਨ ਪੱਤਰ (25-11-2012)

1. 2012 ਵਿੱਚ ਹੋਏ ਲੰਡਨ ਓਲੰਪਿਕ ਬਾਰੇ ਕਿਹੜਾ ਕਥਨ ਸਹੀ ਹੈ:
   ੳ) ਤਮਗਾ ਸੂਚੀ ਵਿੱਚ ਯੂ.ਐਸ.ਏ. ਸਭ ਤੋਂ ਉਪਰ, ਜਿਸ ਪਿਛੋਂ ਅਰਜਨਟਾਈਨਾ ਰਿਹਾ।
   ਅ) ਤਮਗਾ ਸੂਚੀ ਵਿੱਚ ਯੂ.ਐਸ.ਏ. ਸਭ ਤੋਂ ਉਪਰ, ਜਿਸ ਪਿਛੋਂ ਚੀਨ ਰਿਹਾ।
   ੲ) ਤਮਗਾ ਸੂਚੀ ਵਿੱਚ ਯੂ.ਐਸ.ਏ. ਸਭ ਤੋਂ ਉਪਰ, ਜਿਸ ਪਿਛੋਂ ਗ੍ਰੇਟ ਬ੍ਰਿਟੇਨ ਰਿਹਾ।
   ਸ) ਤਮਗਾ ਸੂਚੀ ਵਿੱਚ ਚੀਨ ਸਭ ਤੋਂ ਉਪਰ, ਜਿਸ ਪਿਛੋਂ ਯੂ.ਐਸ.ਏ. ਰਿਹਾ।
2. ਕਪਿਲ ਸਿਬਲ ਦੀ ਕੇਂਦਰੀ ਸਿੱਖਿਆ ਮੰਤਰੀ ਵਜੋਂ ਕੀ ਦੇਣ ਨਹੀਂ ਹੈ:
   ੳ) ਆਰ.ਟੀ.ਈ. ਐਕਟ ਪਾਸ ਕਰਵਾਉਣਾ
   ਅ) ਦਸਵੀਂ ਦੇ ਬੋਰਡ ਇਮਤਿਹਾਨ ਲਾਜ਼ਮੀ ਨਾ ਹੋਣਾ।
   ੲ) ਵਿਦੇਸ਼ੀ ਵਿੱਦਿਆ ਅਦਾਰਿਆਂ ਨੂੰ ਛੋਟ
   ਸ) ਅੰਕਾਂ ਦੀ ਥਾਂ ਗਰੇਡ ਦੇਣਾ
3. ਹੇਠ ਲਿਖੀਆਂ ਵਿੱਚੋਂ ਕਿਹੜਾ ਸਹੀ ਨਹੀਂ ਜੋੜਿਆਂ ਗਿਆ:
   ੳ) ਦੇਵ ਦੱਤ ਪਿਸੇਰੀਮਲ ਅਨੰਦ – ਦੇਵ ਅਨੰਦ
   ਅ) ਸ਼ਿਵਾਜੀ ਰਾਓ ਗਾਏਕਵਾੜ – ਰਜਨੀਕਾਂਤ
   ੲ) ਜਤਿੰਦਰ ਖੰਨਾ – ਰਾਜੇਸ਼ ਖੰਨਾ
   ਸ) ਆਮੀਰ ਹੁਸੈਨ ਖਾਨ – ਆਮੀਰ ਖਾਨ
4. ਪਿਛੇ ਆਏ ਪਾਕਿਸਤਾਨ ਦੇ ਵਿਦੇਸ਼ ਮੰਤਰੀ ਦਾ ਕੀ ਨਾਮ ਹੈ?
   ੳ) ਹਨੀ ਇਰਾਨੀ
   ਅ) ਹਿਨਾ ਰੱਬਾਨੀ ਖਰ
   ੲ) ਮੁਹੰਮਦ ਨਸ਼ੀਦ
   ਸ) ਉਪਰੋਕਤ ਵਿੱਚੋਂ ਕੋਈ ਨਹੀਂ
5. 'ਡੈਂਗੂ' ਕਿਸ ਨਾਲ ਫੈਲਦਾ ਹੈ:
   ੳ) ਐਨੋਫਲੀਜ਼ ਮੱਛਰ
   ਅ) ਆਈਡਸ ਆਗੁਪਤੀ ਮੱਛਰ
   ੲ) ਇੱਕ ਬੈਕਟੀਰੀਏ ਨਾਲ
   ਸ) ਮੌਸਮ ਦੇ ਬਦਲਾਓ ਨਾਲ
6. ਵਿਜੇ ਕੇਲਕਰ ਕਮੇਟੀ ਰਿਪੋਰਟ 2012 ਕਿਸ ਕਾਰਜ ਦਾ ਖਾਕਾ ਹੈ:
   ੳ) ਹਾਕੀ ਵਰਗੇ ਖੇਡਾਂ ਵਿੱਚ ਸੁਧਾਰ ਕਰਨ ਲਈ
   ਅ) ਪੂੰਜੀ ਸੰਗਠਿਤ ਕਰਨਾ
   ੲ) ਗਲੋਬਲ ਵਾਰਮਿੰਗ ਬੰਦ ਕਰਨਾ
   ਸ) ਉਪਰੋਕਤ ਵਿੱਚੋਂ ਕੋਈ ਨਹੀਂ
7. ਰਾਸ਼ਟਰੀ ਔਰਤਾਂ ਦੇ ਕਮਿਸ਼ਨ ਦੇ ਚੇਅਰਪਰਸਨ ਹਨ:
   ੳ) ਡਾ. ਗਿਰਜਾ ਵਿਆਸ
   ਅ) ਸ੍ਰੀਮਤੀ ਮਮਤਾ ਸ਼ਰਮਾ

Scanned with CamScanner

ੳ) ਇੰਡਿਆਨ ਐਕਸਿਸ ਬੈਂਕ
ਅ) ਪੰਜਾਬ ਨੈਸ਼ਨਲ ਬੈਂਕ
8. 14ਵਾਂ SAAF 2012 ਕਿਸਦੇ ਹੋਇਆ ਸੀ:
ੳ) ਨਵੀਂ ਦਿੱਲੀ
ਅ) ਢਾਕਾ
ੲ) ਇਸਲਾਮਾਬਾਦ
ਸ) ਕੋਲੰਬੋ
9. ਕੋਲੇ ਦੀ ਵੰਡ ਬਾਰੇ ਵਿਵਾਦ ਭਾਰਤ ਦੇ CAG ਦੀ ਖਰੜਾ ਰਿਪੋਰਟ ਕਾਹਦੇ ਸਾਹਮਣੇ ਆਇਆ:
ੳ) ਡਾ. ਐਸ.ਵਾਈ. ਕੁਰੈਸ਼ੀ
ਅ) ਸ੍ਰੀ ਵਿਨੋਦ ਰਾਏ
ੲ) ਸ੍ਰੀ ਟੀ.ਐਨ. ਸੇਸ਼ਨ
ਸ) ਸ੍ਰੀ ਆਰ.ਸ਼੍ਰੀਨਿਵਾਸਨ
10. 2011 ਦੀ ਜਨ ਗਣਨਾ ਅਨੁਸਾਰ ਭਾਰਤ ਵਿੱਚ ਸਾਖਰਤਾ ਦੀ ਦਰ ਹੈ:
ੳ) 65.38%
ਅ) 68.58%
ੲ) 82.04%
ਸ) 74.04%
11. ਸਟੈਮ ਸੈਲ ਉਪਰ ਖੋਜ਼ ਕਰਨ ਲਈ ਮੈਡੀਸਨ ਦਾ ਨੋਬਲ ਪੁਰਸਕਾਰ ਕਿਸ ਨੂੰ ਦਿੱਤਾ ਗਿਆ:
ੳ) ਜਾਹਨ ਗਾਰਡਨ
ਅ) ਸ਼ਿਨੀਆ ਯਾਮਾਨਾਕਾ
ੲ) ਉਪਰੋਕਤ ਦੋਵੇਂ
ਸ) ਉਪਰੋਕਤ ਵਿੱਚੋਂ ਕੋਈ ਨਹੀਂ
12. ਸੈਂਡੀ ਅਤੇ ਕਟਰੀਨਾ ਚੱਕਰਵਾਦ ਪਿਛੇ ਜਿਹੇ ਖਬਰਾਂ ਵਿੱਚ ਸਨ। ਚੱਕਰਵਾਦਾਂ ਨੂੰ ਨਾਮ ਕਿਉਂ ਦਿੱਤੇ ਜਾਂਦੇ ਹਨ:
ੳ) ਚਿਤਾਵਨੀਆਂ ਦੇਣ ਵੇਲੇ ਯਾਦ ਰੱਖਣ ਦੀ ਸੌਖ
ਅ) ਬਿਨਾਂ ਕਿਸੇ ਖਾਸ ਕਾਰਨ ਅਣਚਾਹਤ ਔਰਤਾਂ ਦੇ ਨਾਮ ਤੇ
ੲ) ਟਾਈਟੈਨਕ ਵਿੱਚ ਮਰੇ ਲੋਕਾਂ ਦੇ ਨਾਵਾਂ ਦੀ ਯਾਦ ਵਿੱਚ
ਸ) ਉਪਰੋਕਤ ਸਾਰੇ ਹੀ
13. ਕਿਰਿਕਿਰ ਦੇ ਸਮਾਜਕ ਸੁਰੱਖਿਆ ਕਾਨੂੰਨ ਨੂੰ ਕਿਸ ਖੇਤਰ ਦੇ ਸਮਾਨਤਾ ਕਰਦਾ ਕਿਹਾ ਜਾਂਦਾ ਹੈ?
ੳ) ਪੇਂਡੂ
ਅ) ਸ਼ਹਿਰੀ
ੲ) ਕੌਮੀ
ਸ) ਮਿਲਦਾ
14. ਕਿਸ ਦੇਸ਼ ਨੇ ਪਿਛੇ ਜਿਹੇ ਕੁਲ ਕੁਆਰ ਟੈਸਟ ਬੰਦ ਕਰਨ (CTBT) ਐਲਾਨਿਆ?
ੳ) ਭਾਰਤ
ਅ) ਦੱਖਣੀ ਕੋਰੀਆ
ੲ) ਇੰਡੋਨੇਸ਼ੀਆ
ਸ) ਉਪਰੋਕਤ ਕੋਈ ਵੀ ਨਹੀਂ
15. UNAIDS ਦੀ ਪਿਛੇ ਜਿਹੇ ਕਿਸ ਦੇਸ਼ ਨੂੰ ਐਡਜ਼ ਕਾਬਜ਼ ਦਾ ਸਭਤੋਂ ਵਧੇਰੇ ਸ਼ਿਕਾਰ ਕਹਿੰਦੀ ਹੈ?
ੳ) ਸਹਾਰਾ ਅਫਰੀਕੀ
ਅ) ਕੰਬੋਡੀਆ ਦੇਸ਼
ੲ) ਸਾਊਥ ਯਾਨ
ਸ) ਕਾਰਿਬਿਆਈ ਤਾਰੇ ਦੇਸ਼
16. ਪਿਛੇ ਹੋਈ ਮੰਤਰੀ ਮੰਡਲ ਦੀ ਵਿਸਤਾਰ ਦੀ ਚਰਚਾ ਵਿੱਚ ਹੇਠ ਲਿਖਿਆਂ ਨੂੰ ਕਾਬਜ਼ ਕੀਤੇ ਗਏ

ਮੰਤਰੀ ਦਾ ਨਾਂ	ਵਿਭਾਗ
A. ਐਮ.ਐਸ. ਅਹਲੂਵਾਲੀਆ	1. [illegible]
B. ਪਵਨ ਕੁਮਾਰ ਬੰਸਲ	2. [illegible]
C. ਐਮ.ਐਮ. ਪਲਮ ਰਾਜੂ	3. [illegible]
D. ਸਲਮਾਨ ਖੁਰਸ਼ੀਦ	4. [illegible]
	5. [illegible]

A B C D
ੳ) 2 5 3 1
ਅ) 4 1 5 2
ੲ) 4 5 1 2
ਸ) 4 5 1 3

17. ਯੋਜਨਾ ਕਮਿਸ਼ਨ ਦੇ ਵਾਤਾਵਰਣ ਕੁਤੀ ਸੂਚਕ (EPI) ਅਨੁਸਾਰ ਕਿਸ ਪ੍ਰਾਂਤ ਦੀ ਕਾਰਕੁਨਾਈ ਨੂੰ ਵਾਤਾਵਰਣ ਮਾਪਦੰਡਾ ਪੱਖੋਂ ਸਭ ਤੋਂ ਵਧੀਆ ਮੰਨਿਆ ਗਿਆ ਹੈ: